ਸ੍ਰੀ ਗੁਰੂ ਗੋਬਿੰਦ ਸਿੰਘ

ਸੰਪਾਦਕ
ਡਾ. ਸਰਬਜਿੰਦਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ੍ਰੀ ਗੁਰੂ ਗੋਬਿੰਦ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ

ਸੰਪਾਦਕ
ਡਾ. ਸਰਬਜਿੰਦਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

SRI GURU GOBIND SINGH *(Punjabi)*

Edited by
Dr. Sarbjinder Singh

ISBN 978-81-302-0277-8

2014
ਕਾਪੀਆਂ : 550
ਕੀਮਤ : 450.00

ਪ੍ਰੋ. ਏ. ਐਸ. ਚਾਵਲਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ
ਅਤੇ ਮੈਸਰਜ਼ ਵੈਸਟਰਨ ਪ੍ਰਿੰਟਰਜ਼ ਪਟਿਆਲਾ ਵਿਖੇ ਛਪੀ।

ਦੋ ਸ਼ਬਦ

ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੋਈ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ 'ਸ੍ਰੀ ਗੁਰੂ ਗੋਬਿੰਦ ਸਿੰਘ' ਪੁਸਤਕ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ (ਚਾਂਦਨੀ ਚੌਂਕ) ਖਾਲਸੇ ਦੀ ਸਿਰਜਣਾ (ਅਨੰਦਪੁਰ ਸਾਹਿਬ), ਦਮਦਮੀ ਬੀੜ ਦੀ ਸੰਪਾਦਨਾ (ਦਮਦਮਾ ਸਾਹਿਬ) ਅਤੇ ਗੁਰੂ ਮਾਨਿਓ ਗ੍ਰੰਥ (ਹਜ਼ੂਰ ਸਾਹਿਬ) ਤੱਕ ਦਾ ਸਮਾਂ ਬੜਾ ਮਹੱਤਵਪੂਰਨ ਹੈ। ਇਸ ਬਾਰੇ ਲੋੜੀਂਦਾ ਸਿੱਖ ਸਾਹਿਤ ਉਸ ਮਾਤਰਾ ਵਿੱਚ ਪ੍ਰਾਪਤ ਨਹੀਂ ਹੈ, ਜਿਸ ਮਾਤਰਾ ਵਿੱਚ ਪ੍ਰਾਪਤ ਹੋਣਾ ਚਾਹੀਦਾ ਹੈ। ਜੋ ਕੁਝ ਪ੍ਰਾਪਤ ਹੈ ਉਸ ਵਿੱਚ ਇਤਿਹਾਸਕਾਰਾਂ ਦਾ ਯੋਗਦਾਨ ਵੱਧ ਜਾਪਦਾ ਹੈ। ਇਸ ਵਾਸਤੇ ਇਸ ਸਮੇਂ ਬਾਰੇ ਬਹੁਪੱਖੀ ਅਕਾਦਮਿਕ ਯੋਗਦਾਨ ਦੀ ਲੋੜ ਹੈ। ਇਹ ਬਹੁਤ ਹੀ ਫਖ਼ਰ ਵਾਲੀ ਗੱਲ ਹੈ ਕਿ ਵਿਭਾਗ ਆਪਣੇ ਸਥਾਪਨਾ ਵਰ੍ਹੇ ਤੋਂ ਲੈ ਕੇ ਸਮਕਾਲ ਤੱਕ ਆਪਣੀਆਂ ਪ੍ਰਕਾਸ਼ਨਾਵਾਂ ਨਾਲ ਸੰਸਾਰੀ ਅਕਾਦਮਿਕਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

ਇਸ ਪਿਛੋਕੜ ਵਿੱਚ ਮੈਂ ਮਹਿਸੂਸ ਕਰਦਾ ਹਾਂ ਕਿ ਹਥਲੀ ਪੁਸਤਕ ਦੀ ਪ੍ਰਕਾਸ਼ਨਾ ਠੀਕ ਸਮੇਂ, ਠੀਕ ਪਾਸੇ ਚੁੱਕਿਆ ਹੋਇਆ ਅਕਾਦਮਿਕ ਕਦਮ ਸਾਬਿਤ ਹੋਵੇਗਾ। ਇਸ ਯਤਨ ਲਈ ਮੈਂ ਸੰਪਾਦਕ ਨੂੰ ਮੁਬਾਰਕ ਪੇਸ਼ ਕਰਦਾ ਹਾਂ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਡਾ. ਜਸਪਾਲ ਸਿੰਘ
ਵਾਈਸ-ਚਾਂਸਲਰ

ਸੰਪਾਦਕੀ

ਆਪਣੀ ਕੌਮ ਦੇ ਸਥਾਪਿਤ ਇਤਿਹਾਸਕ ਪ੍ਰਸੰਗਾਂ ਦੀ ਮਹਾਨਤਾ ਨੂੰ ਸਾਹਮਣੇ ਲਿਆਉਣਾ ਅਤੇ ਜਨ-ਸਧਾਰਨ ਦੀ ਚੇਤਨਾ ਦਾ ਹਿੱਸਾ ਬਨਾਉਣਾ ਜਾਗਦੀਆਂ ਕੌਮਾਂ ਦੀ ਨਿਸ਼ਾਨੀ ਹੁੰਦੀ ਹੈ ਅਤੇ ਇਸ ਭਾਵਨਾ ਵਿਚੋਂ ਵਿਰਾਸਤ ਦਾ ਫ਼ਖ਼ਰ ਵੀ ਉਜਾਗਰ ਹੁੰਦਾ ਹੈ। ਇਹ ਇਕ ਇਤਿਹਾਸਕ ਤਥ ਹੈ ਕਿ ਜਿਹੜੀਆਂ ਵੀ ਕੌਮਾਂ ਨੇ ਆਪਣੀ ਵਿਰਾਸਤ ਦੇ ਫ਼ਖ਼ਰ ਨੂੰ ਲੋਕ ਚੇਤਨਾ ਦਾ ਹਿੱਸਾ ਨਹੀਂ ਬਣਾਇਆ, ਉਹ ਕੌਮਾਂ ਅਤੇ ਧਰਮ ਦੁਨੀਆਂ ਦੇ ਨਕਸ਼ੇ ਤੋਂ ਹੌਲੀ-ਹੌਲੀ ਅਲੋਪ ਹੋ ਗਏ। ਇਸ ਲਈ ਆਪਣੇ ਧਰਮ ਅਤੇ ਸਭਿਆਚਾਰ ਦੇ ਜ਼ਰਖੇਜ਼ ਇਤਿਹਾਸਕ ਪ੍ਰਸੰਗਾਂ ਨੂੰ ਸਾਹਮਣੇ ਲਿਆਉਣ ਨਾਲ ਜਿਥੇ ਕੌਮੀਅਤਾਂ ਦਾ ਸਜਰਾ ਅਤੇ ਨਰੋਆ ਪ੍ਰਸੰਗ ਸਥਾਪਿਤ ਹੁੰਦਾ ਹੈ, ਉਥੇ ਸੰਸਾਰ ਦੀ ਬਿਹਤਰੀ ਲਈ ਇਹ ਮੀਲ ਪੱਥਰ ਵੀ ਸਾਬਤ ਹੁੰਦਾ ਹੈ।

ਸਿੱਖ ਧਰਮ ਦੁਨੀਆਂ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ। ਧਰਮਾਂ ਦੇ ਇਤਿਹਾਸਕ ਪ੍ਰਸੰਗ ਵਿਚ ਇਹ ਸਭ ਤੋਂ ਬਾਅਦ ਵਿਚ ਪੈਦਾ ਹੋਇਆ ਧਰਮ ਹੈ। ਇਸ ਧਰਮ ਦੇ ਸਮਕਾਲ ਵੇਲੇ ਅਧਿਆਤਮਿਕ ਅਤੇ ਨੈਤਿਕ ਪ੍ਰਸੰਗ ਸਮਾਪਤੀ 'ਤੇ ਸਨ ਤੇ ਲੋਕ ਲੀਹ ਕੁੱਟਣ ਵਾਂਗ ਪਤਿ ਵਿਹੂਣੀ ਜ਼ਿੰਦਗੀ ਨੂੰ ਆਪਣੇ ਕਰਮਾਂ ਦਾ ਫਲ ਸਮਝ ਕੇ ਜੀਅ ਰਹੇ ਸਨ। 'ਧਾਰਮਿਕ ਗਿਲਾਨਿ' ਆਪਣੇ ਸਿਖਰ 'ਤੇ ਸੀ, ਪਾਪ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ। ਲੋਕਾਈ ਧਰਮ ਗਿਆਨ ਨਾਲੋਂ ਟੁੱਟ ਚੁੱਕੀ ਸੀ ਅਤੇ ਅਗਿਆਨਤਾ ਦਾ ਹਨੇਰਾ ਚਾਰ ਚੁਫੇਰੇ ਫੈਲਿਆ ਹੋਇਆ ਸੀ। ਪੰਡਤ, ਕਾਜ਼ੀ ਅਤੇ ਮੁੱਲਾਂ ਅਧਿਆਤਮਿਕਤਾ ਦੇ ਰਖਵਾਲੇ ਨਾ ਰਹਿ ਕੇ ਦਿਖਾਵੇ ਵਾਲੇ ਧਰਮ ਦੇ ਮਜੌਰ ਹੋ ਗਏ ਸਨ। ਆਮ ਭਾਰਤੀ ਮਨੁੱਖ ਦੀ ਮਾਨਸਿਕਤਾ ਇਸ ਪੱਧਰ ਤੱਕ ਸ਼ੋਸ਼ਿਤ ਹੋ ਚੁੱਕੀ ਸੀ ਕਿ ਮਨੁੱਖ, ਮਨੁੱਖ ਹੋਣ ਦਾ ਅਹਿਸਾਸ ਹੀ ਭੁੱਲ ਚੁੱਕਾ ਸੀ।

ਸਿੱਖ ਧਰਮ ਦੇ ਬਾਨੀ ਨੇ ਉਪਰੋਕਤ ਦੇ ਵਿਰੁੱਧ 'ਦੈਵੀ ਲਲਕਾਰ' ਨਾਲ 'ਪਤਿ ਸੇਤੀ' ਜ਼ਿੰਦਗੀ ਜਿਊਣ ਦਾ ਨਿਵੇਕਲਾ ਸਿਧਾਂਤਕ ਪ੍ਰਸੰਗ ਸਥਾਪਿਤ ਕੀਤਾ, ਜੋ ਭਾਰਤੀ ਧਰਮ ਇਤਿਹਾਸ ਵਿੱਚ ਬਿਲਕੁਲ ਗੁੰਮ ਸੀ। ਜਨ ਸਧਾਰਨ ਨੂੰ ਪਤਿ ਸੇਤੀ ਜ਼ਿੰਦਗੀ ਜਿਊਣ ਦੇ ਦੱਸੇ ਇਸ ਸਿਧਾਂਤ ਨੇ ਜਿਥੇ ਉਸ ਵੇਲੇ ਦੇ ਨਸਲ ਭੇਦ ਵਿਚ ਉਲਝਬੇ ਭਾਰਤੀ ਸਮਾਜ ਲਈ ਇਕ ਚੁਣੌਤੀ ਖੜ੍ਹੀ ਕਰ ਦਿੱਤੀ ਸੀ, ਉਥੇ ਸਰਬੱਤ ਦੇ ਭਲੇ ਦਾ ਅਨੋਖਾ ਅਤੇ ਨਿਵੇਕਲਾ ਅਧਿਆਤਮਿਕ ਮਾਡਲ ਵੀ ਸਾਹਮਣੇ ਲੈ ਆਂਦਾ ਸੀ। ਉਹ ਮਾਡਲ ਸੀ 'ਰੱਬ ਇਕ', 'ਮਨੁੱਖ ਇਕ', 'ਸਮਾਜ ਇਕ'। ਛੋਟੇ ਵੱਡੇ ਜਾਂ ਉਚ ਨੀਚ ਦਾ ਫਰਕ ਜਨਮ ਨਾਲੋਂ ਤੋੜ ਕੇ ਬੁੱਧੀ ਨਾਲ ਜੋੜ ਦਿੱਤਾ ਸੀ। ਨਤੀਜੇ ਵਜੋਂ ਸਿੱਖ ਧਰਮ ਲੋਕ ਮਾਨਸਿਕਤਾ ਵਿਚ ਇਸ ਤਰ੍ਹਾਂ ਉਤਰਿਆ ਕਿ ਹੌਲੀ ਹੌਲੀ ਇਹ ਧਰਮ ਲੋਕ ਲਹਿਰ ਬਣ ਗਿਆ। ਲੋਕ ਲਹਿਰਾਂ ਹਮੇਸ਼ਾਂ ਹੀ ਸਮੇਂ ਦੀਆਂ ਹਕੂਮਤਾਂ ਦੀਆਂ ਨਜ਼ਰਾਂ ਵਿੱਚ ਰੜਕਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਲੋਕ ਲਹਿਰਾਂ ਦੇ ਨਾਇਕ ਬਾਗੀ ਰੂਪ ਵਜੋਂ ਮਾਨਤਾ ਪ੍ਰਾਪਤ ਕਰ ਲੈਂਦੇ ਹਨ। ਸਿੱਖ ਧਰਮ ਨਾਲ ਵੀ ਬਿਲਕੁਲ ਇਸ ਤਰ੍ਹਾਂ ਹੀ ਵਾਪਰਿਆ। ਸਿੱਖ ਧਰਮ ਦੇ ਲੋਕ ਧਰਮ ਵਿਚ ਬਦਲਦੇ ਸਰੂਪ ਨੂੰ ਵੇਖ ਬੌਣਧਾਰੀਆਂ ਨੂੰ ਆਪਣੇ ਸੁਪਨੇ ਖੁਰਦੇ ਦਿੱਸੇ ਅਤੇ ਉਨ੍ਹਾਂ ਨੂੰ ਇਸਦਾ ਇਕੋ ਇਕ ਰਸਤਾ ਸਿੱਖ ਧਰਮ ਨੂੰ ਖਤਮ ਕਰਨਾ ਦਿਸਿਆ। ਉਨ੍ਹਾਂ ਬੌਣਧਾਰੀਆਂ ਵਿਚ ਭਾਵੇਂ ਕਾਜ਼ੀ ਮੁੱਲਾਂ ਸਨ ਜਾਂ ਪੰਡਿਤ ਤੇ ਪ੍ਰੋਹਿਤ, ਭਾਵੇਂ ਸਮਕਾਲੀ ਰਾਜ ਸੀ ਜਾਂ ਸਮਕਾਲੀ ਧਾਰਮਿਕ ਸੰਪ੍ਰਦਾਵਾਂ ਪਰ ਸਿੱਖ ਧਰਮ ਦੇ ਵਿਗਾਸ ਅਤੇ ਵਿਕਾਸ ਸਾਹਮਣੇ ਉਪਰੋਕਤ ਵੇਲਾ ਵਿਹਾਅ ਚੁੱਕੇ ਬੌਣ-ਧਾਰੀ ਕਿਸੇ ਵੀ ਰੂਪ ਵਿਚ ਖੜ੍ਹ ਨਾ ਸਕੇ।

ਸਿੱਖ ਗੁਰੂ ਸਾਹਿਬਾਨਾਂ ਨੇ ਯੁੱਗ ਪੁਰਸ਼ਾਂ ਦੀ ਭੂਮਿਕਾ ਨਿਭਾਉਂਦੇ ਹੋਏ ਨਵੀਆਂ ਇਤਿਹਾਸਕ

ਸਥਾਪਤੀਆਂ ਕੀਤੀਆਂ। ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜਿਆ ਅਤੇ ਸਦੀਆਂ ਤੋਂ ਦਬੀ ਕੁਚਲੀ ਭਾਰਤ ਦੀ ਲੋਕਾਈ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਇਆ। 'ਮੜਕ ਨਾਲ ਤੁਰਨ' ਦੇ ਜੋ ਪੂਰਨੇ ਉਨ੍ਹਾਂ ਨੇ ਪਾਏ ਉਸ ਦਾ ਅਹਿਸਾਸ ਅਜ ਵੀ ਪੰਜਾਬ ਦੀ ਧਰਤੀ ਦੇ ਜ਼ਰੇ ਜ਼ਰੇ ਵਿਚ ਮੌਜੂਦ ਹੈ। ਸਿੱਖ ਧਰਮ ਬਾਨੀ ਦੁਆਰਾ ਸਥਾਪਿਤ ਕੀਤੇ ਗੁਰਮਿਤ ਸਿਧਾਂਤਾਂ ਦਾ ਅਮਲੀ ਧਰਾਤਲ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਸਥਾਪਿਤ ਕੀਤਾ। ਬੇਸ਼ਕ ਗੁਰਮਤਿ ਦੀ ਇਸੇ ਜੋਤਿ ਦੇ ਸਦੀਵੀ ਵਿਗਾਸ ਲਈ ਦੋ ਗੁਰੂ ਸਾਹਿਬਾਨਾਂ ਨੂੰ ਸ਼ਹਾਦਤਾਂ ਵੀ ਦੇਣੀਆਂ ਪਈਆਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਕਾਲ (1666 ਤੋਂ 1708) ਈ. ਕੁਲ 42 ਸਾਲ ਹੈ, ਪਰ ਪੈਗੰਬਰੀ ਅਜ਼ਮਤ ਦੀ ਪਰਖ ਕਾਲ ਦੀਆਂ ਸੀਮਾਵਾਂ ਵਿਚ ਕੀਤੀ ਹੀ ਨਹੀਂ ਜਾ ਸਕਦੀ। ਇਸ ਸਮੇਂ ਹੋਈ ਅਧਿਆਤਮਿਕ ਅਤੇ ਇਤਿਹਾਸਕ ਪ੍ਰਸੰਗ ਦੀ ਸਿਰਜਨਾ ਦਾ ਇਕ ਆਪਣਾ ਨਿਰਾਲਾ ਪ੍ਰਸੰਗ ਹੈ। ਨੌਂ ਸਾਲ ਦੀ ਉਮਰ ਵਿਚ ਪਿਤਾ ਨੂੰ 'ਦੂਸਰੇ ਦੇ ਸਚ' ਲਈ ਸ਼ਹਾਦਤ ਵਲ ਤੋਰ ਦੇਣਾ ਅਤੇ (1688 ਤੋਂ ਲੈ ਕੇ 1699) ਈ. ਪਹਾੜੀ ਰਾਜਿਆਂ ਅਤੇ ਮੁਗਲਈ ਸਲਤਨਤ ਦੀਆਂ ਦੰਭੀ ਚਾਲਾਂ ਦਾ ਜਵਾਬ ਦੇਣ ਲਈ ਜੰਗੇ ਮੈਦਾਨ ਵਿਚ ਉਤਰ ਕੇ ਭਾਰਤ ਦੀ ਪੀੜਿਤ ਲੋਕਾਈ ਨੂੰ ਇਹ ਅਹਿਸਾਸ ਕਰਵਾ ਦੇਣਾ ਕਿ ਆਪਣੀ ਪੱਗ ਦੀ ਰਾਖੀ ਖੁਦ ਹੀ ਕੀਤੀ ਜਾ ਸਕਦੀ ਹੈ, ਸਿੱਖ ਧਰਮ ਬਾਨੀ ਦੇ "ਜਉ ਤਉ ਪ੍ਰੇਮ ਖੇਲਣ ਕਾ ਚਾਉ" ਦੇ ਸਿਧਾਂਤਕ ਪ੍ਰਸੰਗ ਦਾ ਅਮਲੀ ਪ੍ਰਕਾਸ਼ਨ ਹੀ ਪ੍ਰਵਾਨ ਕੀਤਾ ਜਾ ਸਕਦਾ ਹੈ। 1699 ਈ. ਦੀ ਵਿਸਾਖੀ ਨੂੰ ਖਾਲਸੇ ਦੀ ਸਿਰਜਨਾ ਕਰਕੇ ਸਿੱਖ ਕੌਮੀਅਤ ਦੇ ਵਿਲੱਖਣ ਤੇ ਵਖਰੇ ਰੂਪ 'ਤੇ ਹਮੇਸ਼ਾਂ ਹਮੇਸ਼ਾਂ ਲਈ ਮੋਹਰ ਲਾ ਦਿੱਤੀ। ਖਾਲਸੇ ਦੇ ਪ੍ਰਕਾਸ਼ਵਾਨ ਸੂਰਜ ਨੇ ਜਿਥੇ ਆਪਣੇ ਪ੍ਰਚੰਡ ਅਤੇ ਪ੍ਰਜਵਲਿਤ ਗਿਆਨ ਰਾਹੀਂ ਸਮੁੱਚੀ ਲੋਕਾਈ ਅੰਦਰ ਨਵੀਂ ਰੂਹ ਫੂਕ ਦਿੱਤੀ ਉਥੇ ਇਕ ਨਵੀਂ ਲੋਅ ਅਤੇ ਇਕ ਨਵੇਂ ਯੁੱਗ ਦਾ ਆਰੰਭ ਵੀ ਕਰ ਦਿੱਤਾ ਸੀ। ਲੋਕਾਂ ਦੀ ਧਰਮ ਦੇ ਨਾਂ 'ਤੇ ਸ਼ੋਸ਼ਿਤ ਕੀਤੀ ਗਈ ਮਾਨਸਿਕਤਾ ਵਿਚੋਂ ਫੈਲੀ ਕਾਲੀ ਧੁੰਦ ਨੂੰ ਖਤਮ ਕਰ ਦਿੱਤਾ ਸੀ। ਖਾਲਸੇ ਦੀ ਸਾਜਨਾ ਨਾਲ ਲਤਾੜੀ ਹੋਈ ਜਨਤਾ ਵਿਚ ਮਨੋਬਲ ਭਰ ਕੇ ਉਨ੍ਹਾਂ ਦੇ ਹਿਰਦੇ ਵਿਚ ਆਜ਼ਾਦੀ ਦੀ ਜਵਾਲਾ ਤੇਜ਼ ਕਰ ਦਿੱਤੀ ਸੀ। ਇਉਂ ਸਦੀਆਂ ਲੰਘ ਜਾਣ ਪਿਛੋਂ ਇਸ ਧਰਤੀ ਦੇ ਸੁੱਤੇ ਨਸੀਬਾਂ ਉਤੇ 'ਬਾਰਸ਼ਿ ਰਹਿਮਤ' ਹੋਈ ਅਤੇ ਸ਼ੂਦਰ ਕਹਿ ਕੇ ਦੁਰਕਾਰੀ ਮਨੁੱਖਤਾ ਲਈ ਬਾਦਸ਼ਾਹਤ ਦੇ ਰਸਤੇ ਖੋਲ੍ਹ ਦਿੱਤੇ। ਇਸ ਇਤਿਹਾਸਕ ਪ੍ਰਸੰਗ ਦੇ ਦੀਦਾਰੇ ਭਾਈ ਰਤਨ ਸਿੰਘ ਦੀ ਰਚਨਾ ਵਿਚੋਂ ਇਸ ਤਰ੍ਹਾਂ ਹੁੰਦੇ ਹਨ :

ਸਤ ਸਨਾਤਿ ਔ ਬਾਰਹ ਜਾਤ।
ਜਾਨ ਨਹਿ ਰਾਜਨੀਤ ਕੀ ਬਾਤ।
ਜੱਟਬੂਟ ਕਹਿੰ ਜਿੰਹ ਜਗ ਮਾਂਹੀ।
ਬਣੀਏ ਬਕਾਲ ਕਿਰਾੜ ਖੱਤ੍ਰੀ ਸਦਾਈ।
ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ।
ਛੀਪੋ ਕਲਾਲ ਨੀਚਨ ਪੈ ਕ੍ਰਿਪਾ ਕੀਨੀ।
ਗੁੱਜਰ ਗੁਾਰ ਹੀਰ ਕਮਜਾਤ।
ਕੰਬੋਇ ਸੂਦਨ ਕੋਇ ਪੁਛੈ ਨ ਬਾਤ।
ਝੀਵਰ ਨਾਈ ਰੋੜੇ ਘੁਮਿਆਰ।
ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ
ਭੱਟ ਔ ਬਾਹਮਣ ਹੁਤੇ ਮੰਗਵਾਰ
ਬਹੁਰੂਪੀਏ ਲੁਬਾਣੇ ਔ ਘੁਮਿਆਰ
ਇਨ ਗਰੀਬਨ ਹਮ ਦਯੈ ਪਤਿਸਾਹੀ।
ਏਂ ਯਾਦ ਰਖੈਂ ਹਮਰੀ ਗੁਰਿਆਈ।

ਖਾਲਸੇ ਦੀ ਸਿਰਜਣਾ ਤੋਂ ਲੈ ਕੇ 1708 ਈਸਵੀ ਤਕ ਅਨੰਦਪੁਰ ਧਰਮ ਯੁੱਧਾਂ ਦਾ ਅਖਾੜਾ ਬਣਿਆ ਰਿਹਾ। ਗੁਰੂ ਸਾਹਿਬ ਨੇ ਆਪਣੇ ਸਾਜੇ ਖਾਲਸੇ ਨਾਲ ਦੁਸ਼ਟ ਦੋਖੀਆਂ ਦੇ ਖਾਤਮੇ ਅਤੇ ਧਰਮ ਦਾ ਰਾਜ ਸਥਾਪਿਤ ਕਰਨ ਲਈ ਹਿੰਦੂ ਰਾਜਿਆਂ ਅਤੇ ਮੁਗਲ ਹਕੂਮਤ ਨਾਲ ਸਖਤ ਟੱਕਰ ਲਈ। ਖਾਲਸੇ ਦੀ ਤਲਵਾਰ ਜ਼ੁਲਮ ਖਿਲਾਫ਼ ਉਠਦੀ ਸੀ ਨਾ ਕਿ ਕਿਸੇ ਧਰਮ, ਕੌਮ ਜਾਂ ਖਿਤੇ ਦੇ ਖਿਲਾਫ਼। ਇਸੇ ਕਰਕੇ ਹਰ ਧਰਮ ਦੇ ਇਨਸਾਫ ਪਸੰਦ ਯੋਧਿਆਂ ਨੇ ਗੁਰੂ ਜੀ ਦੀ ਤਰਫੋਂ ਜੂਝਦੇ ਹੋਏ ਸ਼ਹਾਦਤ ਦੇ ਜਾਮ ਪੀਤੇ ਜਿਨ੍ਹਾਂ ਵਿਚੋਂ ਪੀਰ ਬੁਧੂ ਸ਼ਾਹ ਅਤੇ ਖਵਾਜਾ ਅਬਦੁੱਲਾ ਜ਼ਿਕਰ ਯੋਗ ਹਨ। 1704 ਈ. ਤੋਂ ਲੈ ਕੇ 1708 ਈ. ਤਕ ਦੇ ਸਮੇਂ ਨੂੰ ਤੀਜੇ ਪੜਾਅ ਦੇ ਦੌਰ 'ਚ ਰੱਖ ਕੇ ਵੇਖਿਆ ਜਾ ਸਕਦਾ ਹੈ। ਇਸ ਸਮੇਂ ਦੌਰਾਨ ਆਨੰਦਪੁਰ ਦੀ ਧਰਤੀ ਤੋਂ ਵਿਦਾਈ ਹੋਈ, ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸ਼ਹਾਦਤ ਦਾ ਜਾਮ ਪੀ ਗਏ। ਚਮਕੌਰ ਅਤੇ ਖਿਦਰਾਣੇ ਦੀ ਧਰਤੀ 'ਤੇ ਵੱਡੇ ਸੰਗਰਾਮ ਰਚਾਏ ਗਏ। ਤਖਤ ਨੰਦੇੜ ਦੀ ਧਰਤੀ ਤੋਂ ਮਾਧੋ ਦਾਸ ਨਾਂ ਦੇ ਵਿਰੱਕਤ ਸਾਧੂ ਨੂੰ ਅੰਮ੍ਰਿਤ ਛਕਾ ਕੇ ਖਾਲਸੇ ਦੇ ਲੋਕ ਹਿਤਕਾਰੀ ਸਿਧਾਂਤਾਂ ਦੀ ਸਥਾਪਨਾ ਕਰਨ ਅਤੇ ਕਾਲੀਆਂ ਬਦਰੂਹਾਂ ਦੁਆਰਾ ਖੜੀਆਂ ਕੀਤੀਆਂ ਵੰਗਾਰਾਂ ਦੇ ਖਾਤਮੇ ਹਿਤ ਪੰਜਾਬ ਵੱਲ ਨੂੰ ਤੋਰ ਦਿੱਤਾ। ਆਪਣੀ ਅੰਤਮ ਯਾਤਰਾ ਤੋਂ ਪਹਿਲਾਂ ਆਦਿ ਗ੍ਰੰਥ ਨੂੰ ਗੁਰ ਗੱਦੀ ਦੇ, ਧਰਮ ਗ੍ਰੰਥਾਂ ਦੇ ਇਤਿਹਾਸ ਵਿਚ ਇਕ ਨਵੀਂ ਤੇ ਨਿਵੇਕਲੀ ਪਹਿਲ ਕਦਮੀ ਕਰਦਿਆਂ ਸ਼ਬਦ ਨੂੰ ਗੁਰੂ ਰੂਪ ਵਿਚ ਸਥਾਪਿਤ ਕਰ ਦਿੱਤਾ ਜਿਸ ਦਾ ਪ੍ਰਸੰਗ ਇਤਿਹਾਸ ਵਿਚ ਇਸ ਤਰ੍ਹਾਂ ਸੰਭਾਲਿਆ ਹੋਇਆ ਹੈ :

ਆਗਿਆ ਭਈ ਅਕਾਲ ਕੀ
ਤਬੈ ਚਲਾਯੋ ਪੰਥ।
ਸਭ ਸਿੱਖਨ ਕੋ ਹੁਕਮ ਹੈ
ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ
ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਬੋ ਚਹੇ
ਖੋਜ ਸਬਦ ਮੈਂ ਲੇਹ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ 'ਸ੍ਰੀ ਗੁਰੂ ਗੋਬਿੰਦ ਸਿੰਘ' ਪੁਸਤਕ ਇਸ ਆਸ ਨਾਲ ਪ੍ਰਕਾਸ਼ਤ ਕੀਤੀ ਜਾ ਰਹੀ ਹੈ ਕਿ ਦਸਮ ਪਾਤਸ਼ਾਹ ਹਜ਼ੂਰ ਦੇ ਸਮਕਾਲ ਅਤੇ ਉਨ੍ਹਾਂ ਦੁਆਰਾ ਸਥਾਪਿਤ ਨਿਵੇਕਲੇ ਅਧਿਆਤਮਿਕ ਤੇ ਇਤਿਹਾਸਕ ਪ੍ਰਸੰਗ ਨੂੰ ਸਮਝਣ ਅਤੇ ਸਮਝਾਉਣ ਵਿਚ ਕੰਮ ਆਵੇ। ਇਸ ਵਿੱਚ ਸ਼ਾਮਲ ਲੇਖਾਂ ਦੇ ਲੇਖਕਾਂ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ ਕਿਉਂਕਿ ਉਨ੍ਹਾਂ ਦੇ ਸਹਿਯੋਗ ਬਿਨਾਂ ਸਫ਼ਲ ਹੋਇਆ ਹੀ ਨਹੀਂ ਜਾ ਸਕਦਾ।

ਡਾ. ਸਰਬਜਿੰਦਰ ਸਿੰਘ
ਸੰਪਾਦਕ

ਤਤਕਰਾ

ਗੁਰੂ ਗੋਬਿੰਦ ਸਿੰਘ ਜੀ

*ਪ੍ਰਿੰਸੀਪਲ ਗਿਆਨੀ ਸੁਰਜੀਤ ਸਿੰਘ**

ਆਗਮਨ – ਜਗਤ ਗੁਰੂ, ਗੁਰੂ ਨਾਨਕ ਸਾਹਿਬ ਦੇ ਦਸਵੇਂ ਸਰੂਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ 22 ਦਸੰਬਰ, ਸੰਨ 1666 ਈ: ਨੂੰ ਪਟਨਾ ਸਾਹਿਬ, ਬਿਹਾਰ ਪ੍ਰਾਂਤ 'ਚ ਹੋਇਆ। ਅੱਜਕਲ੍ਹ ਇੱਥੇ ਗੁਰਦੁਆਰਾ ਦਰਬਾਰ ਸਾਹਿਬ, ਪਟਨਾ ਸਾਹਿਬ ਸੁਸ਼ੋਭਤ ਹੈ ਅਤੇ ਸਿੱਖ ਪੰਥ ਦੇ ਮੰਨੇ ਜਾ ਰਹੇ ਪੰਜ ਤਖ਼ਤਾਂ ਵਿਚੋਂ ਇਹ ਦੂਸਰਾ ਤਖ਼ਤ ਹੈ। ਆਪ ਨਾਵੇਂ ਸਤਿਗੁਰੂ, ਗੁਰੂ ਤੇਗ਼ ਬਹਾਦਰ ਜੀ ਦੀ ਇਕਲੌਤੀ ਸੰਤਾਨ ਸਨ। ਆਪ ਦੇ ਮਾਤਾ, ਮਾਤਾ ਗੁਜਰੀ ਜੀ ਸਨ। ਆਪ ਜੀ ਨੂੰ ਦਸਵੇਂ ਪਾਤਸ਼ਾਹ ਹੋਣ ਕਾਰਣ 'ਦਸਮੇਸ਼ ਪਿਤਾ' ਕਹਿਕੇ ਵੀ ਯਾਦ ਕੀਤਾ ਜਾਂਦਾ ਹੈ। ਆਪ ਹੱਥ 'ਚ ਬਾਜ਼ ਰੱਖਦੇ, ਸਿਰ 'ਤੇ ਕਲਗ਼ੀ ਸਜਾਉਂਦੇ, ਨੀਲੇ ਨਾਮਕ ਘੋੜੇ ਦੀ ਸਵਾਰੀ ਕਰਦੇ ਸਨ। ਇਨ੍ਹਾਂ ਕਾਰਨਾਂ ਕਰਕੇ ਆਪ ਨੂੰ 'ਬਾਜਾਂ ਵਾਲਾ ਸਤਿਗੁਰੂ', 'ਨੀਲੇ ਦੇ ਸ਼ਾਹ-ਅਸਵਾਰ' ਅਤੇ 'ਕਲਗੀ ਵਾਲਾ' ਪਾਤਸ਼ਾਹ ਆਦਿਕ ਭਿੰਨ-ਭਿੰਨ ਸਤਿਕਾਰ ਯੋਗ ਉਪਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਰਾਜਸੀ ਹਾਲਾਤ : ਆਪ ਦੇ ਆਗਮਨ ਸਮੇਂ ਭਾਰਤ 'ਚ ਔਰੰਗਜ਼ੇਬ ਦਾ ਸ਼ਾਸਨ ਸੀ ਅਤੇ ਹਕੂਮਤ ਦੇ ਜ਼ੁਲਮਾਂ ਦੀ ਅਸੀਮਤਾ ਸੀ। ਰਾਜਸੀ ਜ਼ੁਲਮਾਂ ਦਾ ਸਿੱਧਾ ਨਿਸ਼ਾਨਾ ਉਸ ਸਮੇਂ ਦੀ ਹਿੰਦੂ ਜੰਤਾ ਸੀ। ਹਿੰਦੂਆਂ ਵਿਚਕਾਰ ਆਤਮਗਿਲਾਨੀ ਭਰਨ ਵਾਲਾ 'ਜਜ਼ੀਆ ਟੈਕਸ', ਹਿੰਦੂਆਂ ਨੂੰ ਦੇਣਾ ਪੈਂਦਾ ਸੀ। ਇਹ ਟੈਕਸ ਬ੍ਰਾਹਮਣ ਵਰਗ ਉੱਪਰ ਲਾਗੂ ਨਹੀਂ ਸੀ ਹੁੰਦਾ। ਇਸੇ ਦਾ ਨਤੀਜਾ ਸੀ ਕਿ ਇਹ ਵਰਗ ਹਿੰਦੂਆਂ ਦਾ ਆਗੂ ਹੋਣ ਦੇ ਬਾਵਜੂਦ, ਆਪਣੇ ਆਪ 'ਚ ਹਕੂਮਤ ਦਾ ਹੀ ਹੱਥ-ਠੋਕਾ ਬਣਿਆ ਪਿਆ ਸੀ। ਕੇਵਲ ਢੰਗ ਦੂਜਾ ਸੀ, ਪਰ ਬ੍ਰਾਹਮਣ ਵੀ ਆਮ ਹਿੰਦੂਆਂ ਦੀ ਲੁੱਟ-ਖਸੁੱਟ 'ਚ ਕਿਸੇ ਤੋਂ ਪਿੱਛੇ ਨਹੀਂ ਸੀ। ਅਨੇਕਾਂ ਦੇਵੀ-ਦੇਵਤਿਆਂ ਦੀ ਪੂਜਾ-ਅਰਚਾ, ਵਰ-ਸਰਾਪ, ਸਗਨ-ਰੀਤਾਂ, ਵਹਿਮ-ਭਰਮ, ਜਹਾਲਤਾਂ-ਕਰੋਪੀਆਂ, ਟੂਣੇ-ਪਰਛਾਵਿਆਂ ਆਦਿ ਦਾ ਭਰਵਾਂ ਪ੍ਰਚਾਰ ਕਰਕੇ-ਰਾਜਸੀ ਜ਼ੁਲਮਾਂ ਕਾਰਨ ਪਹਿਲਾਂ ਤੋਂ ਨਿਰਬਲ ਹੋ ਚੁੱਕੇ ਹਿੰਦੂਆਂ ਨੂੰ ਆਪਣੀ ਇਸ ਲੁੱਟ ਖਸੁੱਟ ਨਾਲ ਹੋਰ ਵੀ ਨਿਰਬਲ ਕਰ ਰਿਹਾ ਸੀ। ਸਾਰੇ ਪਾਸੇ ਮੰਦਰਾਂ ਦੀ ਢਾਹੋ-ਢਾਹੀ ਚੱਲ ਰਹੀ ਸੀ। ਕਈ ਇਤਿਹਾਸਕ ਮੰਦਰ ਵੀ ਢਾਏ ਜਾ ਚੁੱਕੇ ਸਨ, ਨਵੇਂ ਮੰਦਰ ਬਣਾਉਣ 'ਤੇ ਪਾਬੰਦੀ ਸੀ। ਹਿੰਦੂ ਤਿਉਹਾਰਾਂ ਤੇ ਟੈਕਸ ਲੱਗਦੇ ਸਨ। ਮੰਦਰਾਂ 'ਚ ਸ਼ੰਖ ਪੂਰਨ, ਘੰਟੇ ਵਜਾਉਣ 'ਤੇ ਸੰਸਕ੍ਰਿਤ ਪੜ੍ਹਨ 'ਤੇ ਵੀ ਪਾਬੰਦੀ ਸੀ। ਘਰਾਂ 'ਚ ਪਾਣੀ ਦੀ ਸਪਲਾਈ ਗਊ ਦੇ ਤਾਜ਼ੇ ਬੱਛੜੇ ਦੀ ਖੱਲ ਰਾਹੀਂ ਪਹੁੰਚਾਈ ਜਾਂਦੀ ਸੀ। ਹਕੂਮਤ ਰਾਹੀਂ ਹਿੰਦੂਆਂ ਨੂੰ ਮੁਸਲਮਾਨ ਬਨਾਉਣਾ ਤਾਂ ਰੋਜ਼ ਦਾ ਕੰਮ ਸੀ। ਪ੍ਰਚਲਨ ਮੁਤਾਬਕ 'ਰੋਜ਼ਾਨਾ ਸਵਾ ਮਣ ਜੰਞੂ ਉਤਾਰਿਆ ਜਾਂਦਾ ਸੀ' ਧਰਮ ਤਬਦੀਲ ਕਰਕੇ ਜਾਂ ਕਤਲ ਕਰਕੇ। ਜਦ ਹਕੂਮਤ ਦੀ ਆਪਣੀ ਪਾਲਸੀ ਹੀ ਜ਼ੁਲਮ-ਅਤਿਆਚਾਰ ਵਾਲੀ ਹੋਵੇਗੀ ਤਾਂ ਜਣਾਂ-ਖਣਾਂ ਛੋਟਾ ਅਹਿਲਕਾਰ ਵੀ ਆਪਣੇ ਅਫ਼ਸਰਾਂ ਦੀ ਖੁਸ਼ਨੂਦੀ ਹਾਸਲ ਕਰਨ ਵਾਸਤੇ, ਵੱਡਾ ਜ਼ਾਲਮ ਬਣ ਜਾਂਦਾ ਹੈ। ਹਿੰਦੂ ਡੋਲੇ, ਜਾਇਦਾਦਾਂ ਦਿਨ ਦੀਵੀਂ ਲੁੱਟੀਆਂ ਜਾਂਦੀਆਂ ਪਰ ਕੋਈ ਪੁੱਛਣ ਵਾਲਾ ਨਹੀਂ ਸੀ।

ਜ਼ੁਲਮ ਕੇਵਲ ਹਿੰਦੂਆਂ ਉੱਪਰ ਹੀ ਕਿਉਂ ? – ਇਸ ਸਾਰੇ ਜ਼ੁਲਮ ਅੱਤਿਆਚਾਰ ਦੇ ਦੋ ਹੀ ਮੁੱਖ ਕਾਰਣ ਸਨ , (1) – ਮੁਸਲਮਾਨ ਮੂਲੋਂ ਹੀ ਇਕ ਅਲ੍ਹਾ – ਤਾਲਾ ਦੇ ਪ੍ਰਚਾਰੀ ਸਨ ਅਤੇ ਉਹ ਬੁੱਤ ਪ੍ਰਸਤਾਂ (ਮੂਰਤੀ ਪੂਜਕਾਂ) ਨੂੰ ਕਾਫ਼ਰ (ਨਾਸਤਕ) ਮੰਨਦੇ ਸਨ। ਉਨ੍ਹਾਂ ਨੂੰ ਮੁਸਲਮਾਨ ਬਨਾਉਣਾ ਜਾਂ ਖ਼ਤਮ ਕਰ ਦੇਣਾ, ਬੁੱਤ ਖਾਨਿਆ (ਮੰਦਰਾਂ) ਨੂੰ ਤੋੜ ਦੇਣਾ, ਅਲ੍ਹਾ ਤਾਲਾ ਦੀ ਵੱਡੀ ਇਬਾਦਤ (ਸੇਵਾ) 'ਤੇ ਪ੍ਰਸਤਸ਼ (ਪੂਜਾ) ਮੰਨਦੇ ਸਨ (2) – ਔਰੰਗਜ਼ੇਬ ਨੇ ਤਖ਼ਤ ਹਾਸਲ ਕਰਨ ਲਈ ਆਪਣੇ ਤਿੰਨਾਂ ਭਰਾਵਾਂ 'ਤੇ ਉਨ੍ਹਾਂ ਦੀਆਂ ਅਨੇਕਾਂ ਹਮਾਇਤੀ ਮੁਸਲਮਾਨ ਫ਼ੌਜਾਂ -ਅਫ਼ਸਰਾਂ ਨੂੰ ਕਤਲ ਕਰਵਾਇਆ ਸੀ। ਉਹਨੇ ਆਪਣੇ ਪਿਤਾ

---

* ਸਿੱਖ ਮਿਸ਼ਨਰੀ, ਦਿੱਲੀ

ਸ਼ਾਹਜਹਾਂ ਨੂੰ ਕੈਦ ਕਰਕੇ ਆਗਰੇ ਦੀ ਜੇਲ 'ਚ ਸੁੱਟਿਆ, ਜਿੱਥੇ ਉਸਦੀ ਮੌਤ ਹੋ ਗਈ। ਇਸ ਤਰ੍ਹਾਂ ਖ਼ੁਦ ਮੁਸਲਮਾਨਾਂ 'ਚ ਹੀ ਉਸਦੀ ਭਰਵੀਂ ਬਦਨਾਮੀ ਹੋ ਗਈ ਸੀ। ਅਪਣੀ ਸਾਖ ਨੂੰ ਮੁਸਲਮਾਨਾਂ 'ਚ ਪੱਕਾ ਕਰਨ ਵਾਸਤੇ ਅਤੇ ਆਪਣੇ ਰਾਜ-ਪਾਟ ਪ੍ਰਾਪਤੀ ਦਾ ਕਾਰਨ ਉਨ੍ਹਾਂ ਦੀ ਸੇਵਾ ਸਾਬਤ ਕਰਨ ਲਈ ਉਸ ਨੇ ਆਪਣੀ ਜ਼ੁਲਮ ਦੀ ਤਲਵਾਰ ਨੂੰ ਹਿੰਦੂਆਂ ਵੱਲ ਮੋੜਿਆ। ਵੱਧ ਤੋਂ ਵੱਧ ਦਹਿਸ਼ਤ ਪੈਦਾ ਕੀਤੀ। ਅੱਜ ਭਾਰਤ ਸਰਕਾਰ ਲਈ ਜੋ ਕਸ਼ਮੀਰ ਸਮੱਸਿਆ ਬਣੀ ਪਈ ਹੈ, ਭਾਰਤ 'ਚੋਂ ਹੀ ਜੋ ਪਾਕਿਸਤਾਨ ਬਣਿਆ ਹੈ- ਇਨ੍ਹਾਂ 'ਚ ਕਾਬਲ, ਕੰਧਾਰ ਤੋਂ ਆਏ ਮੁਸਲਮਾਨ ਨਹੀਂ ਬਲਕਿ ਉਸ ਵਕਤ ਦੇ ਧਰਮ ਤਬਦੀਲ ਹਿੰਦੂ ਪਰਿਵਾਰ ਹੀ ਹਨ। ਕਸ਼ਮੀਰ ਦੇ ਰਹਿ ਚੁੱਕੇ ਮੁੱਖ ਮੰਤਰੀ ਬਖ਼ਸ਼ੀ ਗੁਲਾਮ ਮੁਹੰਮਦ-ਆਖਿਰ 'ਬਖ਼ਸ਼ੀ' ਤਾਂ ਹੈ ਹੀ ਬ੍ਰਾਹਮਣ ਮਤ ਨਾਲ ਸੰਬੰਧਤ ਬਰਾਦਰੀ, ਇਸੇ ਤਰ੍ਹਾਂ ਹੋਰ ਅਨੇਕਾਂ ਬਰਾਦਰੀਆਂ। ਅਜਿਹੇ ਹਾਲਾਤਾਂ ਨੇ ਭਾਰਤ ਦੇ ਹਿੰਦੂਆਂ ਨੂੰ ਸਾਹਸੱਤ ਹੀਣੇ 'ਤੇ ਦਿਲਹਾਰੇ ਬਣਾ ਦਿੱਤਾ ਸੀ। ਹਰ ਇਕ ਜ਼ੁਲਮ ਨੂੰ ਕਿਸਮਤ ਮੰਨ ਲਿਆ ਜਾਂਦਾ, ਸਾਰੇ ਪਾਸੇ ਹਾਹਾਕਾਰ ਮੱਚੀ ਪਈ ਸੀ।

ਰਾਜਸੀ ਜ਼ੁਲਮਾਂ ਦਾ ਸੇਕ ਗੁਰੂ ਦਰਬਾਰ ਤੇ ਨਹੀਂ ਸੀ – ਖ਼ੂਬੀ ਇਹ ਕਿ ਜ਼ੁਲਮ ਦੀ ਇਸ ਹਨੇਰੀ ਦਾ ਗੁਰੂ ਦਰਬਾਰ ਤੇ ਉੱਕਾ ਸੇਕ ਨਹੀਂ ਸੀ। ਗੁਰੂ ਅਸਥਾਨ ਅੱਜ ਵੀ ਨਿੱਤ ਨਵੇਂ ਵੱਸ ਤੇ ਉਸਰ ਰਹੇ ਸਨ। ਆਪ ਦੇ ਪਿਤਾ, ਨੌਵੇਂ ਪਾਤਸ਼ਾਹ ਚਾਹੁੰਦੇ ਤਾਂ ਠਾਠ ਨਾਲ ਅਨੰਦਪੁਰ ਸਾਹਿਬ ਟਿੱਕੇ ਰਹਿ ਸਕਦੇ ਸਨ। ਪਰ ਮਾਨਵਤਾ ਦੇ ਸੱਚੇ ਦਰਦੀ-ਗੁਰੂ ਪਾਤਸ਼ਾਹ, ਰੱਬ ਦੇ ਬੰਦਿਆਂ ਤੇ ਹੋ ਰਹੇ ਜ਼ੁਲਮ 'ਚ ਕੇਵਲ ਤਮਾਸ਼ਬੀਨ ਬਣ ਕੇ ਨਹੀਂ ਸਨ ਰਹਿ ਸਕਦੇ। ਘਬਰਾਏ ਲੋਕਾਂ ਨੂੰ ਢਾਰਸ ਦੇਣ ਲਈ, ਗੁਰਬਾਣੀ ਦੇ ਛਿੱਟਿਆਂ ਨਾਲ ਉਨ੍ਹਾਂ ਅੰਦਰ ਨਿਡਰਤਾ ਭਰਣ ਤੇ ਸਿੱਖ ਧਰਮ ਦੇ ਉੱਚੇ ਸੁੱਚੇ ਪ੍ਰਚਾਰ ਲਈ ਨੌਵੇਂ ਪਾਤਸ਼ਾਹ, ਉਸ ਸਮੇਂ ਪੂਰਬ ਦੇਸ਼ ਦੇ ਦੌਰੇ 'ਤੇ ਸਨ।

ਦਸਮੇਸ਼ ਜੀ ਦਾ ਆਗਮਨ – ਇਸ ਦੌਰੇ ਦੌਰਾਨ ਪਿਤਾ ਗੁਰੂ ਜਦੋਂ ਪਟਨਾ ਪੁੱਜੇ ਤਾਂ ਘਰ 'ਚ ਚਿਰਾਗ਼ ਰੌਸ਼ਨ ਹੋਣ ਵਾਲਾ ਸੀ। 45 ਸਾਲਾਂ ਦੀ ਢੱਲਵੀਂ ਉਮਰ, ਅਨੰਦਕਾਰਜ ਨੂੰ ਬੱਤੀ (32) ਵਰ੍ਹੇ ਬੀਤ ਚੁੱਕੇ ਸਨ। ਅਜਿਹੇ ਸਮੇਂ ਪਿਤਾ ਦੇ ਮਨ 'ਚ ਕਿਹੋ ਜਿਹੇ ਵਲਵਲੇ ਹੋ ਸਕਦੇ ਸਨ? ਲੋਕੀ ਤਾਂ ਰੁਝੇਵੇਂ ਛੱਡ ਕੇ ਪਰਿਵਾਰ 'ਚ ਪੁੱਜ ਜਾਂਦੇ ਹਨ। ਕਮਾਲ ਦਾ ਜਿਗਰਾ, ਬੇਮਿਸਾਲ ਦਰਦ ਸੀ ਉਨ੍ਹਾਂ ਦੇ ਮਨ 'ਚ ਖ਼ਾਲਕ ਦੀ ਖ਼ੱਲਕਤ ਲਈ। ਨੌਵੇਂ ਗੁਰਦੇਵ ਪਰਿਵਾਰ ਨੂੰ ਪਟਨਾ ਵਿਖੇ ਗੁਰੂ ਕੇ ਸਿੱਖ, ਭਾਈ ਜੈਤੇ ਹਲਵਾਈ 'ਤੇ ਸੰਗਤਾਂ ਕੋਲ ਛੱਡ ਕੇ, ਆਪ ਢਾਕੇ ਨੂੰ ਚੱਲ ਪਏ। ਪਰਿਵਾਰ ਨੂੰ ਉਥੇ ਛੱਡਣ ਤੋਂ ਕੇਵਲ ਦੋ ਮਹੀਨਿਆਂ ਬਾਦ, ਆਪ ਦਾ ਜਨਮ, ਆਪਣੇ ਪਿਤਾ ਦੀ ਗ਼ੈਰ-ਹਾਜ਼ਰੀ 'ਚ ਹੋਇਆ।

ਗੁਰੂ ਪਿਤਾ ਨਾਲ ਪਹਿਲਾ ਮਿਲਾਪ – ਨੌਵੇਂ ਪਾਤਸ਼ਾਹ ਨੂੰ ਸਾਹਿਬਜ਼ਾਦੇ ਦੇ ਆਗਮਨ ਦੀ ਖ਼ਬਰ ਢਾਕੇ 'ਚ ਮਿਲੀ। ਕਿੰਨੀ ਸਹਿਕ 'ਤੇ ਵੱਲਵਲੇ ਹੋਣਗੇ ਅਪਣੇ ਲਾਡਲੇ ਨੂੰ ਵੇਖਣ ਲਈ। ਪਟਨੇ ਦੀਆਂ ਸੰਗਤਾਂ ਦੇ ਨਾਮ ਕੇਵਲ ਹੁਕਮਨਾਮਾ ਲਿਖ ਭੇਜਿਆ, ਆਪ ਫਿਰ ਵੀ ਨਹੀਂ ਪਰਤੇ। ਆਪ ਰਾਹੀਂ ਢਾਕੇ 'ਚ ਰੁਕਣ ਦਾ ਹੀ ਨਤੀਜਾ ਸੀ ਕਿ ਵੱਡਾ ਖ਼ੂਨ-ਖਰਾਬਾ ਟੱਲ ਗਿਆ। ਨੌਵੇਂ ਪਾਤਸ਼ਾਹ ਨੇ ਉਥੇ ਅਹੋਮੀ ਰਾਜਾ ਚੱਕਰਧਵੱਜ ਅਤੇ ਔਰੰਗਜ਼ੇਬ ਵੱਲੋਂ ਭੇਜੇ ਰਾਜਾ ਰਾਮ ਸਿੰਘ ਦੀਆਂ ਫੌਜਾਂ ਵਿਚਕਾਰ ਸੁਲਾਹ ਕਰਵਾਈ। ਇਹ ਸੁਲਾਹ ਆਪ ਤੋਂ ਬਿਨਾ ਅਸੰਭਵ ਸੀ। (ਗੁਰੂ) ਗੋਬਿੰਦ ਸਿੰਘ ਜੀ ਉਸ ਸਮੇਂ ਲਗਭਗ ਸਾਢੇ ਤਿੰਨ ਸਾਲ ਦੇ ਸਨ ਜਦੋਂ ਸੰਨ 1670 ਈ: ਨੂੰ ਪਿਤਾ ਗੁਰੂ ਨੇ ਆਪਣੇ ਹੋਣਹਾਰ ਨੂੰ ਪਹਿਲੀ ਵਾਰੀ ਆ ਕੇ ਵੇਖਿਆ। ਪੁੱਤਰ ਮੋਹ ਫਿਰ ਹਾਰ ਗਿਆ 'ਤੇ ਲੋਕਾਈ ਦਾ ਦਰਦ ਬਾਜ਼ੀ ਮਾਰ ਗਿਆ। ਗੁਰਦੇਵ ਰੁਕੇ ਨਹੀਂ, ਅਨੰਦਪੁਰ ਸਾਹਿਬ ਨੂੰ ਚੱਲ ਪਏ ਤੇ ਪਰਿਵਾਰ ਨੂੰ ਉਥੇ ਹੀ ਬੁਲਾ ਭੇਜਿਆ। ਦਸਮੇਸ਼ ਜੀ ਦੀ ਸ਼ਸਤਰ ਵਿਦਿਆ ਅਤੇ ਪੜ੍ਹਾਈ ਦਾ ਸਾਰਾ ਪ੍ਰਬੰਧ, ਆਉਣ ਵਾਲੇ ਸਮੇਂ ਦੀਆਂ ਲੋੜਾਂ ਨੂੰ ਮੁੱਖ ਰੱਖਕੇ, ਪਿਤਾ ਗੁਰੂ ਜੀ ਦੀ ਆਪਣੀ ਦੇਖ-ਰੇਖ 'ਚ ਹੋਇਆ।

ਪਟਨੇ ਤੋਂ ਕੂਚ – ਕਿੰਨਾ ਕਰੁਣਾਮਈ ਦ੍ਰਿਸ਼ ਹੋਵੇਗਾ ਜਦੋਂ ਬਾਲ ਗੁਰੂ ਨੇ ਪਟਨੇ ਨੂੰ ਛੱਡਿਆ ਹੋਵੇਗਾ ? ਗੁਰੂਦਰ ਅੰਦਰ ਲੋਕਾਈ ਲਈ ਬੇਅੰਤ ਦਰਦ ਨੇ ਪਟਨਾ ਵਾਸੀਆਂ ਦੀ ਸਾਰੀ ਹਮਦਰਦੀ ਨੂੰ ਆਪਣੇ ਵੱਲ ਖਿੱਚ ਰੱਖਿਆ ਸੀ। ਆਖ਼ਿਰ ਉਨ੍ਹਾਂ ਲਈ ਹੀ ਤਾਂ ਨੌਵੇਂ ਗੁਰਦੇਵ ਨੇ ਆਪਣੀ ਜ਼ਿੰਦਗੀ ਦਾ ਇੱਕ ਇੱਕ ਪਲ ਜ਼ੋਖਮ 'ਚ ਪਾਇਆ 'ਤੇ ਆਪਣੇ ਆਪ ਨੂੰ ਬੇ-ਅਰਾਮ ਕੀਤਾ ਹੋਇਆ ਸੀ। ਖ਼ੂਬੀ ਇਹ, ਕਿ ਇਹ ਸਭ ਉਨ੍ਹਾਂ ਲੋਕਾਂ ਲਈ, ਜਿਨ੍ਹਾਂ ਦੀ ਰਹਿਣੀ ਭਾਵ ਦੇਵੀ-ਦੇਵਤਿਆਂ ਦੀ ਪੂਜਾ-ਅਰਚਾ, ਤਿਲਕ,

ਜੰਜੂ, ਜਾਤ-ਵਰਣ, ਲਿੰਗ-ਭੇਦ, ਸਗਨ-ਰੀਤਾਂ, ਟੇਵੇ-ਮਹੂਰਤ ਆਦਿ ਬ੍ਰਾਹਮਣੀ ਪ੍ਰਭੂਸਤਾ ਵਿਚੋਂ ਕਿਸੇ ਇਕ ਵੀ ਵਿਸ਼ਵਾਸ ਨਾਲ ਗੁਰੂਦਰ ਕਦੇ ਸਹਿਮਤ ਨਹੀਂ ਸੀ। ਬਲਕਿ ਦਿਨ ਰਾਤ ਆਪ ਵੀ ਇਸੇ ਵਿਰੁੱਧ ਪ੍ਰਚਾਰ ਕਰ ਰਿਹਾ ਸੀ, ਪਰ ਜ਼ੁਲਮ ਤਾਂ ਹੋ ਰਿਹਾ ਸੀ ਰੱਬ ਦੇ ਬੰਦਿਆਂ ਤੇ। ਇੱਥੇ ਹੀ ਬੱਸ ਨਹੀਂ, ਬਾਲ ਦਸਮੇਸ਼ ਜੀ ਦੀ ਅਣੀ ਸ਼ਖ਼ਸੀਅਤ ਦੀ ਖਿੱਚ ਵੀ ਘੱਟ ਨਹੀਂ ਸੀ। ਇਲਾਕੇ 'ਚ ਹਾਣੀਆਂ ਦੇ ਸਰਦਾਰ ਹੁੰਦੇ ਸਨ। ਤੀਰ ਕਮਾਨ, ਫੌਜੀ ਕਵਾਇਦਾਂ ਆਦਿ ਸੂਰਮਿਆਂ ਜਰਨੈਲਾਂ ਵਾਲੇ ਕਰਤੱਬ ਹੀ ਆਪਜੀ ਦੀਆਂ ਨਿੱਤ ਦੀਆਂ ਖੇਡਾਂ ਸਨ। ਲੰਙਦੇ ਨਵਾਬਾਂ-ਅਫ਼ਸਰਾਂ ਦੇ ਮੂੰਹ ਚਿੜਾਣੇ 'ਤੇ ਬੱਚਿਆਂ 'ਚ ਬੀਰ ਰਸ ਭਰਨਾ, ਤੀਰਾਂ ਨਾਲ ਘੜੇ ਭੰਨ ਦੇਣੇ-ਪੰਡਤ ਸ਼ਿਵਦੱਤ ਤਾਂ ਨਿੱਤ ਹੀ, ਆਪ ਦੇ ਅੰਦਰੋਂ ਆਪਣੇ ਇਸ਼ਟ, ਸ੍ਰੀ ਰਾਮਚੰਦਰ ਦੇ ਦਰਸ਼ਨ ਕਰਦਾ 'ਤੇ ਮੱਥਾ ਟੇਕਦਾ ਸੀ। ਰਾਜਾ ਫਤਹਿ ਚੰਦ ਮੈਨੀ ਤੇ ਉਸ ਦੀ ਰਾਣੀ ਉਨ੍ਹਾਂ ਤੋਂ ਵਾਰੇ ਵਾਰੇ ਜਾਂਦੇ ਸਨ, ਅੱਜ ਵੀ ਮੈਨੀ ਸੰਗਤ ਇਸ ਦਾ ਸਬੂਤ ਪੇਸ਼ ਕਰ ਰਹੀ ਹੈ। ਇਹ ਕੁਝ ਇਸ਼ਾਰੇ ਹਨ ਦਸਮੇਸ਼ ਜੀ ਦੀ ਬਾਲ ਲੀਲ੍ਹਾ ਵਿਚੋਂ ਜੋ ਸਾਬਤ ਕਰਦੇ ਹਨ ਕਿ ਅਜਿਹੇ ਸਮੇਂ ਪਟਨੇ ਦੀਆਂ ਗਲੀਆਂ ਮੁਹੱਲੇ ਵੀ ਰੋ ਉੱਠੇ ਹੋਣਗੇ।

ਕਸ਼ਮੀਰੀ ਪੰਡਤਾਂ ਦੀ ਫਰਯਾਦ ਗੁਰੂ ਦਰ ਤੇ ਹੀ ਕਿਉਂ ? – ਉਸ ਸਮੇਂ ਦੇ ਰਾਜਸੀ ਹਾਲਾਤ ਅਤੇ ਹਿੰਦੂਆਂ ਉੱਪਰ ਹੋ ਰਹੇ ਜ਼ੁਲਮਾਂ ਦੀ ਸੰਕੇਤ ਮਾਤਰ ਤਸਵੀਰ ਆ ਚੁੱਕੀ ਹੈ। ਕਸ਼ਮੀਰ ਦੇ ਗਵਰਨਰ ਸ਼ੇਰ ਅਫਗਾਨ ਨੇ ਫ਼ਰਮਾਨ ਜਾਰੀ ਕੀਤਾ 'ਕਸ਼ਮੀਰ ਦੇ ਸਾਰੇ ਪੰਡਤ ਜਾਂ ਤਾਂ ਮੁਸਲਮਾਨ ਹੋ ਜਾਣ ਨਹੀਂ ਤਾਂ ਕਤਲ ਕਰ ਦਿੱਤੇ ਜਾਣਗੇ' ਕਸ਼ਮੀਰ ਦੇ ਪੰਡਤ, ਹਿੰਦੂਆਂ ਦਾ ਦਿਮਾਗ਼ ਮੰਨੇ ਜਾਂਦੇ ਸਨ। ਹਕੂਮਤ ਚਾਹੁੰਦੀ ਸੀ, ਜੇਕਰ ਇਨ੍ਹਾਂ ਨੂੰ ਖਤਮ ਕਰ ਦਿੱਤਾ ਜਾਵੇ ਤਾਂ ਰਹਿੰਦੇ ਖੂੰਹਦੇ ਹਿੰਦੂ ਉਨ੍ਹਾਂ ਲਈ ਮਸਲਾ ਨਹੀਂ ਰਹਿ ਜਾਣਗੇ। ਰਾਜਪੂਤ-ਮਰਹੱਟੇ ਤਾਂ ਪਹਿਲਾਂ ਹੀ ਦਬਾਏ ਜਾ ਚੁੱਕੇ ਸਨ। ਸਾਰੇ ਭਾਰਤ 'ਚ ਇਨ੍ਹਾਂ ਨੂੰ ਕੋਈ ਸਹਾਰਾ ਨਹੀਂ ਸੀ। ਉਹ ਜਾਣਦੇ ਸਨ ਕਿ ਇਨ੍ਹਾਂ ਹਾਲਾਤਾਂ 'ਚ ਜੇਕਰ ਕੋਈ ਸਹਾਈ ਹੋ ਸਕਦਾ ਸੀ ਤਾਂ ਉਹ ਕੇਵਲ ਗੁਰੂ ਦਰ ਹੀ ਸੀ। ਹਰ ਇਕ ਔਕੜ ਭੀੜਾ, ਮਹਾਮਾਰੀ ਸਮੇਂ ਕੇਵਲ ਗੁਰੂਦਰਬਾਰ ਹੀ ਅੱਗੇ ਆਉਂਦਾ 'ਤੇ ਆਪਣੇ ਆਪ ਨੂੰ ਖ਼ਤਰੇ 'ਚ ਪਾਉਂਦਾ ਸੀ। ਇਸੇ ਹਕੂਮਤ ਨਾਲ ਛੇਵੇਂ ਪਾਤਸ਼ਾਹ ਨੇ ਚਾਰ ਜੰਗਾਂ ਲੜੀਆਂ 'ਤੇ ਚਾਰੇ ਹੀ ਜਿੱਤੀਆਂ ਸਨ। ਸੱਤਵੇਂ ਪਾਤਸ਼ਾਹ ਨੇ ਇਸੇ ਹਕੂਮਤ ਦੇ ਜ਼ੁਲਮਾਂ ਵਿਰੁੱਧ, ਭਾਰਤ ਦੇ ਇਤਿਹਾਸ 'ਚ ਪਹਿਲੀ ਵਾਰੀ ਨਾ-ਮਿਲਵਰਤਣ ਲਹਿਰ ਚਲਾਈ 'ਤੇ ਨਿਭਾਈ ਵੀ। ਔਰੰਗਜ਼ੇਬ ਜਦੋਂ ਰਾਜ-ਪ੍ਰਾਪਤੀ ਲਈ ਆਪਣੀ ਹੀ ਮਾਂ ਜਾਏ ਭਰਾਵਾਂ ਨਾਲ ਖ਼ੂਨ ਰੇਜ਼ਾ ਜੰਗ ਲਈ ਅੱਗੇ ਵੱਧ ਰਿਹਾ ਸੀ ਤਾਂ ਸੱਤਵੇਂ ਪਾਤਸ਼ਾਹ ਨੇ ਆਪਣੀਆਂ ਫ਼ੌਜਾਂ ਨੂੰ ਅੱਗੇ ਕਰਕੇ, ਉਸ ਦਾ ਰਸਤਾ ਰੋਕਿਆ ਤੇ ਖ਼ੂਨ ਖਰਾਬੇ ਨੂੰ ਟਾਲਿਆ। ਗੁਰੂ ਦਰ ਅੰਦਰ ਕੁੱਟ-ਕੁੱਟ ਕੇ ਭਰੇ ਹੋਏ ਲੋਕਾਈ ਲਈ ਦਰਦ, ਹਿੰਮਤ ਅਤੇ ਦਲੇਰੀ ਤੋਂ ਸਾਰੇ ਵਾਕਿਫ ਸਨ।

ਬਾਲ ਦਸਮੇਸ਼ ਦੀ ਬੇ-ਮਿਸਾਲ ਦਲੇਰੀ – ਪੰਡਤ ਕ੍ਰਿਪਾ ਰਾਮ ਦੀ ਪ੍ਰਧਾਨਗੀ ਹੇਠ ਕਸ਼ਮੀਰ ਦੇ ਪੰਡਤਾਂ ਦਾ ਵਫ਼ਦ ਅਨੰਦਪੁਰ ਸਾਹਿਬ ਪੁੱਜਾ। ਆਪਣੇ ਦੁੱਖੜੇ ਸੁਣਾਏ ਅਤੇ ਫਰਯਾਦ ਕੀਤੀ। ਰਾਜ ਮੱਦ 'ਚ ਅੰਨ੍ਹੀ ਹਕੂਮਤ ਰਾਹੀਂ ਜਾਰੀ ਕੀਤੇ ਜਾ ਚੁੱਕੇ ਫਰਮਾਨ 'ਚ ਦਖਲ ਦੇਣਾ, ਬਲਦੀ ਅੱਗ 'ਚ ਛਾਲ ਮਾਰਨ ਤੇ ਤੁੱਲ ਸੀ। ਇੱਥੇ ਕਿਸੇ ਦ੍ਰਿੜ੍ਹ ਇਰਾਦੇ, ਮਰਦ ਸੂਰਮੇ, ਨਿਰਸਵਾਰਥ, ਪਰੋਪਕਾਰੀ, ਜਰਨੈਲ ਦੀ ਹੀ ਲੋੜ ਸੀ। ਉਹ ਸੂਰਮਾ, ਜਿਹੜਾ ਰਾਜ ਮੱਦ 'ਚ ਅੰਨੀ ਹੋ ਚੁੱਕੀ ਹਕੂਮਤ ਨੂੰ ਵੰਗਾਰੇ, ਸਮਝਾਏ-ਲੋੜ ਪਵੇ ਤਾਂ ਸ਼ਹੀਦੀ ਵੀ ਦੇ ਦੇਵੇ ਪਰ ਮਜ਼ਲੂਮਾਂ ਦੀ ਬਾਂਹ ਨਾ ਛੱਡੇ। ਇਹ ਕੰਮ ਹਰ ਕਿਸੇ ਦੇ ਵੱਸ ਦਾ ਨਹੀਂ ਸੀ। ਨੌਵੇਂ ਪਾਤਸ਼ਾਹ ਨੇ ਸ਼ਰਨ ਆਇਆਂ ਦੀ ਬਾਂਹ ਫ਼ੜਣ ਦਾ ਫ਼ੈਸਲਾ ਕਰ ਲਿਆ। ਨੌ ਸਾਲ ਦੇ ਬਾਲਕ ਦਸਮੇਸ਼ ਜੀ, ਪਿਤਾ ਗੁਰੂ ਦੇ ਫੈਸਲੇ ਤੋਂ ਘਬਰਾਏ ਨਹੀਂ । ਪਿਤਾ ਦੇ ਫ਼ੈਸਲੇ 'ਚ ਰੁਕਾਵਟ ਨਹੀਂ ਪਾਈ, ਬਲਕਿ ਸਹਿਮਤੀ ਪ੍ਰਗਟ ਕੀਤੀ।

ਗੁਰਗੱਦੀ ਦੀ ਪ੍ਰਾਪਤੀ – ਹਕੂਮਤ ਜਦੋਂ ਆਪਣੀ ਅੜੀ ਤੋਂ ਪਿੱਛੇ ਨਾ ਹਟੀ ਤਾਂ 11 ਨਵੰਬਰ, 1675 ਈ: ਨੂੰ ਨੌਵੇਂ ਪਾਤਸ਼ਾਹ ਨੇ ਅਸੀਮ ਦ੍ਰਿੜ੍ਹਤਾ ਦਾ ਸਬੂਤ ਦੇਂਦੇ ਹੋਏ, ਦਿੱਲੀ ਵਿਖੇ ਨਿਤਾਣੇ, ਮਜ਼ਲੂਮ ਹਿੰਦੂਆਂ 'ਤੇ ਹੋ ਰਹੇ ਜ਼ੁਲਮਾਂ 'ਤੇ ਠੱਲ੍ਹ ਪਾਉਣ ਲਈ ਆਪਣੀ ਕੁਰਬਾਨੀ ਦੇ ਦਿੱਤੀ। ਇਸ ਸਥਾਨ ਤੇ ਅੱਜਕਲ੍ਹ ਗੁਰਦੁਆਰਾ ਸੀਸ ਗੰਜ (ਦਿੱਲੀ) ਕਾਇਮ ਹੈ। ਸ਼ਹਾਦਤ ਤੋਂ ਪਹਿਲਾਂ ਨੌਵੇਂ ਪਾਤਸ਼ਾਹ ਨੇ ਆਪਣੇ ਨਾਲ ਆਏ ਪੰਜ ਸਿੱਖਾਂ ਵਿਚੋਂ ਭਾਈ ਗੁਰਦਿੱਤਾ ਜੀ ਰਾਹੀਂ ਗੁਰਗੱਦੀ ਦੀ ਜ਼ਿੰਮੇਵਾਰੀ ਆਪ ਜੀ ਨੂੰ

ਭਿੱਜਵਾ ਦਿੱਤੀ ਸੀ।

ਅਸੀਮ ਅਡੋਲਤਾ – ਨੌਵੇਂ ਪਾਤਸ਼ਾਹ ਦੀ ਸ਼ਹਾਦਤ ਉਪਰੰਤ, ਭਾਈ ਜੈਤਾ ਜੀ ਜਦੋਂ ਨੌਵੇਂ ਪਾਤਸ਼ਾਹ ਦਾ ਸੀਸ ਲੈ ਕੇ ਆਪ ਪਾਸ ਪੁੱਜੇ ਤਾਂ ਬੜੇ ਸਤਿਕਾਰ ਸਹਿਤ, ਪਿਤਾ ਗੁਰੂ ਦੇ ਸੀਸ ਦਾ ਸਸਕਾਰ, ਆਪਣੇ ਕਰ ਕਮਲਾਂ ਨਾਲ ਕੀਤਾ। ਗੁਰਗੱਦੀ ਪ੍ਰਾਪਤੀ ਉਪਰੰਤ ਇਹ ਆਪ ਦੀ ਅਡੋਲਤਾ ਦੀ ਅਸੀਮਤਾ ਸੀ। ਸਸਕਾਰ ਸਥਾਨ ਤੇ ਵੀ ਗੁਰਦੁਆਰਾ ਸੀਸ ਗੰਜ, ਅਨੰਦਪੁਰ ਸਾਹਿਬ ਕਾਇਮ ਹੈ।

ਜੁਆਨੀਆਂ ਅਤੇ ਸ਼ਸਤ੍ਰ ਗੁਰੂਦਰ ਦੀ ਭੇਟ – ਛੇਵੇਂ ਪਾਤਸ਼ਾਹ ਨੇ 2200 ਸ਼ਸਤ੍ਰਧਾਰੀ ਫੌਜ ਕਾਇਮ ਰੱਖਣ ਦਾ ਹੁਕਮ ਕੀਤਾ ਸੀ। ਦਸਮੇਸ਼ ਜੀ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਫੌਜਾਂ 'ਚ ਹੋਰ ਵਾਧਾ ਅਰੰਭ ਕਰ ਦਿੱਤਾ। ਹੁਕਮਨਾਮੇ ਭੇਜੇ ਕਿ ਗੁਰੂ ਦੀ ਭੇਟਾ ਲਈ ਘੋੜੇ ਤੇ ਸ਼ਸਤ੍ਰ ਆਦਿ ਹੀ ਲਿਆਂਦੇ ਜਾਣ। ਫੌਜ ਦੀ ਭਰਤੀ ਲਈ ਜੁਆਨੀਆਂ ਅਰਪਣ ਕੀਤੀਆਂ ਜਾਣ। ਸਢੌਰੇ ਦੇ ਪੀਰ ਬੁੱਧੂ ਸ਼ਾਹ ਨੇ ਆਪਣੇ 500 ਪਠਾਣਾਂ ਦਾ ਜੱਥਾ ਭੇਟ ਕੀਤਾ।

ਅਕ੍ਰਿਤਘਣ ਪਹਾੜੀ ਹਿੰਦੂ ਰਾਜੇ – ਪਹਾੜੀ ਹਿੰਦੂ ਰਾਜਿਆਂ ਉੱਪਰ ਗੁਰੂਦਰ ਦੇ ਭਾਰੀ ਅਹਿਸਾਨ ਹਨ। ਇਨ੍ਹਾਂ ਦੇ ਵੱਡਿਆਂ ਨੂੰ ਗਵਾਲੀਅਰ ਦੀ ਜੇਲ੍ਹ 'ਚੋਂ ਰਿਹਾਈ ਛੇਵੇਂ ਪਾਤਸ਼ਾਹ ਦੇ ਕਾਰਣ ਹੀ ਹੋਈ ਸੀ। ਫਿਰ ਵੀ ਇਹ ਅਕ੍ਰਿਤਘਣਤਾ ਤੋਂ ਬਾਜ਼ ਨਾ ਆਏ। ਇਨ੍ਹਾਂ ਨੂੰ ਦਿੱਕਤ ਸੀ ਕਿ ਗੁਰੂਦਰ ਦੀ ਅਗਵਾਈ ਕਾਰਨ ਲੋਕਾਈ 'ਚ ਜਾਗ੍ਰਤੀ ਕਿਉਂ ਆ ਰਹੀ ਸੀ? ਕੱਲ੍ਹ ਤੀਕ ਦੇ ਨਿਤਾਣੇ ਤੇ ਅਖੌਤੀ ਸੂਦਰਾਂ ਚੋਂ ਹੁਣ ਲੋਕੀਂ ਸ਼ਸਤ੍ਰਧਾਰੀ ਜੋਧੇ ਸੱਜ ਕੇ ਉੱਭਰ ਰਹੇ ਸਨ, ਇਸ 'ਚ ਉਨ੍ਹਾਂ ਦੀ ਹੇਠੀ ਸੀ। ਇਕ ਪੰਕਤ ਦੇ ਲੰਗਰ, ਇਕ ਸਰੋਵਰ ਦੇ ਸਾਂਝੇ ਇਸ਼ਨਾਨਾਂ 'ਤੇ ਸਾਂਝੀਆਂ ਸੰਗਤਾਂ ਨੂੰ ਦੇਖ-ਦੇਖ ਇਨ੍ਹਾਂ ਜਾਤ ਅਭਿਮਾਨਿਆਂ, ਛੂਤ-ਛਾਤ, ਵਰਣਵਾਦ ਦੇ ਸ਼ੈਦਾਈਆਂ ਨੂੰ ਗੁਰੂਦਰ ਤਾਂ ਪਹਿਲੇ ਜਾਮੇ ਤੋਂ ਹੀ ਹਜ਼ਮ ਨਹੀਂ ਸੀ ਹੋ ਰਿਹਾ। ਛੇਵੇਂ ਜਾਮੇ ਤੋਂ ਤਾਂ ਸਿੱਖ ਸ਼ਸਤ੍ਰਧਾਰੀ ਵੀ ਹੋ ਚੁੱਕੇ ਸਨ। ਉਨ੍ਹਾਂ ਅਨੁਸਾਰ, ਸ਼ਸਤ੍ਰਾਂ ਉੱਪਰ ਕੇਵਲ ਉਨ੍ਹਾਂ ਦਾ ਹੀ ਹੱਕ ਸੀ। ਉਨ੍ਹਾਂ ਮੁਤਾਬਕ ਇਸ ਪੱਖੋਂ ਗੁਰੂਦਰ ਦੀ ਤਾਕਤ ਅਜੇ ਜ਼ਿਆਦਾ ਨਹੀਂ ਸੀ ਅਤੇ ਕਿਸੇ ਵੀ ਬਹਾਨੇ ਇਨ੍ਹਾਂ ਨੂੰ ਕੁਚਲਿਆ ਜਾ ਸਕਦਾ ਸੀ। ਵੈਸੇ ਵੀ ਜੰਤਾ ਦੀ ਜਾਗ੍ਰਿਤੀ, ਰਾਜਸੀ ਲੁਟੇਰਿਆਂ ਨੂੰ ਕਦੇ ਨਹੀਂ ਭਾਉਂਦੀ। ਇਸ ਨਾਲ ਉਨ੍ਹਾਂ ਦੇ ਕਾਲੇ ਕਾਰਨਾਮੇ ਅਤੇ ਵਾਧੂ ਦੀਆਂ ਮੌਜਾਂ 'ਚ ਫ਼ਰਕ ਆ ਜਾਂਦਾ ਹੈ। ਪਹਾੜੀ ਹਿੰਦੂ ਰਾਜਿਆਂ ਨੇ ਅਪਣੇ ਆਕਾ-ਮੁਗ਼ਲ ਹਾਕਮਾਂ ਦੇ ਕੰਨ ਭਰੇ, ਉਨ੍ਹਾਂ ਨੂੰ ਚੁੱਕਿਆ "ਗੁਰੂਦਰਬਾਰ ਕਾਰਨ ਉਨ੍ਹਾਂ ਨੂੰ ਟੈਕਸ ਨਹੀਂ ਮਿਲਦੇ, ਉਹ ਸਰਕਾਰੀ ਮੁਆਮਲਾ ਕਿਵੇਂ ਦੇਣ ?" ਦੂਜੇ ਇਨ੍ਹਾਂ ਅਪਣਾ ਸਾੜਾ ਵੀ ਕੱਢਣਾ ਸੀ। ਇਨ੍ਹਾਂ ਨੂੰ ਇਹ ਵੀ ਭੁਲੇਖਾ ਸੀ ਕਿ ਉਹ ਸਿੱਖਾਂ ਨੂੰ ਕੁਚਲ ਜਾਂ ਦੂਬੇਲ ਤਾਂ ਜ਼ਰੂਰ ਹੀ ਬਣਾ ਲੈਣਗੇ।

ਪਾਉਂਟਾ ਸਾਹਿਬ ਦੀ ਸਥਾਪਨਾ ਅਤੇ ਸਾਹਿਤ ਰਚਨਾ – ਭੰਗਾਣੀ ਦਾ ਇਲਾਕਾ ਪਾਉਂਟਾ ਸਾਹਿਬ ਤੋਂ ਸੱਤ ਮੀਲ ਦੀ ਵਿੱਥ 'ਤੇ ਹੈ। ਜਮਨਾ ਕੰਢੇ ਪਾਉਂਟਾ ਸਾਹਿਬ ਦਾ ਰਮਣੀਕ ਸਥਾਨ ਦਸਮੇਸ਼ ਜੀ ਨੇ ਆਪ ਵਸਾਇਆ ਸੀ। ਮਹਾਨ ਸਾਹਿਤ ਪ੍ਰੇਮੀ ਗੁਰਦੇਵ ਇਸ ਨਿਵੇਕਲੇ ਸਥਾਨ ਤੇ ਸਾਹਿਤ ਰਚਨਾ ਕਰਦੇ 'ਤੇ ਕਰਵਾਉਂਦੇ। ਸਿੱਖਾਂ 'ਚ ਬੀਰ ਰਸ ਨੂੰ ਤੇਜ਼ੀ ਨਾਲ ਭਰਨ ਲਈ ਗੁਰਦੇਵ ਨੇ ਸੰਨ 1682 'ਚ ਇੱਕ ਬੜਾ ਭਾਰੀ ਨਗਾਰਾ ਬਣਵਾਇਆ ਜਿਸ ਨੂੰ 'ਰਣਜੀਤ ਨਗਾਰੇ' ਦਾ ਨਾਮ ਦਿੱਤਾ ਗਿਆ। ਜਦੋਂ ਇਸ ਨਗਾਰੇ 'ਤੇ ਚੋਟ ਵੱਜਦੀ ਤਾਂ ਵੱਡੇ-ਵੱਡੇ ਸੂਰਮੇ ਵੀ ਦਹਿਲ ਜਾਂਦੇ। ਆਪ ਦੇ ਦਰਬਾਰ 'ਚ 52 ਕਵੀ ਸਨ। ਨਿੱਤ ਨਵੀਆਂ ਰਚਨਾਵਾਂ ਰਾਹੀਂ ਸੰਗਤਾਂ 'ਚ ਬੀਰ ਰਸ ਭਰਿਆ ਜਾਂਦਾ। ਭਾਸ਼ਾ 'ਤੇ ਸਾਜ਼ਾ ਉੱਪਰ ਆਪ ਜੀ ਦੀ ਕਮਾਲ ਦੀ ਪਕੜ ਸੀ। ਗੁਰੂ ਜੀ ਪੰਜਾਬੀ, ਹਿੰਦੀ, ਫ਼ਾਰਸੀ, ਅਰਬੀ, ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ; ਇੱਥੋਂ ਤੀਕ ਭਾਸ਼ਾਵਾਂ ਦੇ ਮਿਲਾਪ ਤੋਂ ਲੋੜ ਅਨੁਸਾਰ ਨਵੀਂ ਤੋਂ ਨਵੀਂ ਸ਼ਬਦਾਵਲੀ ਨੂੰ ਜਨਮ ਦੇ ਦੇਂਦੇ। ਆਪ ਤਾਊਸ ਬੜਾ ਕਮਾਲ ਦਾ ਵਜਾਂਦੇ ਸਨ। ਪਾਉਂਟਾ ਸਾਹਿਬ ਦੇ ਇਸ ਸਥਾਨ 'ਤੇ ਹੀ ਆਪਜੀ ਨੇ ਬੇਅੰਤ ਸਾਹਿਤ ਦੀ ਰਚਨਾ ਕੀਤੀ ਤੇ ਕਰਵਾਈ ਵੀ। ਇਹ ਸਾਰਾ ਸਾਹਿਤ ਜਿਸ ਦਾ ਸੰਕਲਣ 'ਵਿਦਿਆ ਧਰ' ਜਾਂ 'ਵਿਦਿਆ ਸਾਗਰ' ਨਾਮਕ ਗ੍ਰੰਥ 'ਚ ਸੀ, ਅਨੰਦਪੁਰ ਸਾਹਿਬ ਛੱਡਣ ਉਪਰੰਤ ਸਰਸਾ ਦੀ ਭੇਂਟ ਹੋ ਗਿਆ ਜਾਂ ਦੁਸ਼ਮਣਾ ਨੇ ਸਾੜ ਦਿੱਤਾ। ਇਤਿਹਾਸਕਾਰਾਂ ਨੇ ਇਸ ਦਾ ਵਜ਼ਨ ਨੌ ਮਣ ਦੱਸਿਆ ਹੈ। ਪੰਥ ਪ੍ਰਵਾਣਤ ਬਾਣੀ ਜਾਪੁ ਸਾਹਿਬ, ਅਕਾਲ ਉਸਤੱਤ, 33 ਸਵੈਯੇ ਆਦਿ ਰਚਨਾਵਾਂ ਦਸਮੇਸ਼ ਜੀ ਰਾਹੀਂ ਪਾਉਂਟਾ ਸਾਹਿਬ ਦੇ ਰਮਣੀਕ ਸਥਾਨ 'ਤੇ ਹੀ ਰੱਚੀਆਂ ਮੰਨੀਆਂ ਜਾਂਦੀਆਂ ਹਨ।

ਭੰਗਾਣੀ ਦਾ ਯੁੱਧ – ਅੰਤ ਇਨ੍ਹਾਂ ਪਹਾੜੀ ਹਿੰਦੂ ਰਾਜਿਆਂ ਨੇ ਪੂਰੀ ਤਿਆਰੀ ਨਾਲ ਗੁਰੂ ਦਰਬਾਰ 'ਤੇ ਹਮਲਾ ਬੋਲ ਦਿੱਤਾ। ਇਹ ਜੰਗ 15 ਅਪ੍ਰੈਲ, 1687 ਨੂੰ ਹੋਈ। ਦੁਸ਼ਮਣ ਨੇ, ਪੀਰ ਬੁੱਧੂ ਸ਼ਾਹ ਵੱਲੋਂ ਭੇਜੇ 500 ਪਠਾਣਾਂ ਵਿਚੋਂ ਚਾਰ ਸੌ ਨੂੰ ਉਕਸਾ ਕੇ ਰਾਤੋ-ਰਾਤ ਆਪਣੇ ਨਾਲ ਮਿਲਾ ਲਿਆ। ਜਦੋਂ ਇਸ ਦਾ ਪਤਾ ਪੀਰ ਬੁੱਧੂ ਸ਼ਾਹ ਨੂੰ ਲੱਗਾ ਤਾਂ ਉਨ੍ਹੇ ਬੜੀ ਸ਼ਰਮਿੰਦਗੀ ਮਹਿਸੂਸ ਕੀਤੀ। ਉਹ ਆਪਣੇ ਚਾਰ ਸਪੁੱਤਰਾਂ, ਦੋ ਭਰਾਵਾਂ ਅਤੇ ਸੱਤ ਸੌ ਮੁਰੀਦਾਂ ਸਮੇਤ ਆ ਕੇ ਜੰਗ 'ਚ ਹਾਜ਼ਰ ਹੋ ਗਿਆ। ਭੰਗਾਣੀ ਦੇ ਸਥਾਨ 'ਤੇ ਘਮਾਸਾਨ ਯੁੱਧ ਹੋਇਆ। ਇਸ ਜੰਗ 'ਚ ਗੁਰਦੇਵ ਦੀ ਭੂਆਂ ਬੀਬੀ ਵੀਰੋ ਦੇ ਪੰਜ ਸਪੁੱਤਰਾਂ, ਮਾਮਾ ਕ੍ਰਿਪਾਲ ਚੰਦ ਅਤੇ ਉਦਾਸੀ ਮਹੰਤ ਕ੍ਰਿਪਾਲ ਦਾਸ ਨੇ ਵੀ ਹਿੱਸਾ ਲਿਆ। ਜੰਗ 'ਚ ਗੁਰਦੇਵ ਦੀ ਜਿੱਤ ਹੋਈ। ਇਹ ਆਪ ਦਾ ਪਹਿਲਾ ਯੁੱਧ ਸੀ। ਇਸ ਜੰਗ 'ਚ ਪੀਰ ਬੁੱਧੂ ਸ਼ਾਹ ਦੇ ਦੋ ਸਪੁੱਤਰ, ਇਕ ਭਰਾ, ਬੀਬੀ ਵੀਰੋ ਦੇ ਦੋ ਸਪੁੱਤਰ ਸੰਗੋ ਸ਼ਾਹ ਤੇ ਜੀਤ ਮਲ ਸ਼ਹੀਦ ਹੋ ਗਏ। ਪਹਾੜੀ ਰਾਜਿਆਂ ਵਿਚੋਂ ਤਿੰਨ ਰਾਜੇ ਵੀ ਮਾਰੇ ਗਏ। ਚੇਤੇ ਰਹੇ ! ਗੁਰੂ ਦਰਬਾਰ ਨਾ ਹੀ ਤਾਂ ਕਦੇ ਕਿਸੇ ਤੇ ਹਮਲਾਵਰ ਹੋਇਆ ਹੈ ਤੇ ਨਾ ਹੀ ਕਿਸੇ ਧਰਮ ਵਿਸ਼ੇਸ਼ ਦੇ ਹੱਕ ਜਾਂ ਵਿਰੋਧ 'ਚ ਲੜਿਆ ਹੈ। ਗੁਰੂਦਰ ਦੀ ਜੰਗ ਭਾਵੇਂ ਵਿਚਾਰਧਾਰਾ ਦੀ ਜੰਗ ਰਹੀ ਹੋਵੇ ਜਾਂ ਸ਼ਸਤ੍ਰਾਂ ਦੀ, ਉਹ ਜੰਗ ਸਦਾ ਜ਼ੁਲਮ-ਧੱਕੇ, ਪਾਖੰਡ ਦੇ ਵਿਰੁੱਧ ਅਤੇ ਦਲਿੱਤਾਂ, ਕੁੱਚਲਿਆਂ, ਮਜ਼ਲੂਮਾਂ ਦੇ ਹੱਕ 'ਚ ਹੀ ਸੀ। ਸੰਨ 1687 ਦੀ ਇਸ ਜੰਗ ਤੋਂ ਬਾਦ ਗੁਰਦੇਵ ਅਨੰਦਪੁਰ ਸਾਹਿਬ ਆ ਗਏ ਤੇ ਸੰਨ 1704 ਤੀਕ ਇੱਥੇ ਹੀ ਰਹੇ। ਇਸ ਦੌਰਾਨ ਹੀ ਸੰਨ 1688 'ਚ ਨੋਦੋਨ ਦੀ ਜੰਗ ਅਤੇ ਸੰਨ 1689 'ਚ ਹੁਸੈਨੀ ਯੁੱਧ ਹੋਇਆ। ਇਸੇ ਦੌਰਾਨ ਸੰਨ 1697 'ਚ ਭਾਈ ਨੰਦ ਲਾਲ ਆਪ ਦੀ ਸ਼ਰਣ 'ਚ ਆਏ ਉਪ੍ਰੰਤ ਸਿੱਖ ਸੱਜ ਕੇ ਨੰਦ ਲਾਲ ਤੋਂ ਨੰਦ ਲਾਲ ਸਿੰਘ ਬਣੇ।

ਚਰਣ ਪਾਹੁਲ ਤੋਂ ਖੰਡੇ ਦੀ ਪਾਹੁਲ – ਸਿੱਖ ਧਰਮ 'ਚ ਪ੍ਰਵੇਸ਼ ਲਈ 'ਚਰਣ ਪਾਹੁਲ' ਦਾ ਨਿਯਮ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਆਰੰਭ ਹੋਇਆ ਸੀ। ਇਸ ਦਾ ਢੰਗ, ਗੁਰੂ ਪਾਤਸ਼ਾਹ ਜਾਂ ਅਧਿਕਾਰੀ ਸੱਜਣਾਂ ਵਲੋਂ ਬਾਣੀ ਪੜ੍ਹ ਕੇ ਜਗਿਆਸੂ ਨੂੰ ਬਾਣੀ ਦੇ ਚਰਨਾਂ ਨਾਲ ਜੋੜਨਾ ਹੁੰਦਾ ਸੀ। ਚੇਤੇ ਰਹੇ ! ਪੈਰ (ਚਰਣ) ਧੁਆ ਕੇ ਪਿਲਾਉਣ ਵਾਲਾ ਅਸੁੱਭ ਤੇ ਦੂਸ਼ਤ ਤਰੀਕਾ ਗੁਰੂਦਰ ਨੇ ਕਦੇ ਵੀ ਪ੍ਰਵਾਨ ਨਹੀਂ ਸੀ ਕੀਤਾ। ਸਾਬਤ ਸੂਰਤ, ਸੰਪੂਰਣ ਕੇਸਾਧਾਰੀ ਰੱਬੀ ਸਰੂਪ 'ਚ ਰਹਿੰਦੇ ਹੋਏ, ਗੁਰਬਾਣੀ ਸਿੱਖਿਆ ਤੇ ਚੱਲਣ ਦਾ ਪ੍ਰਣ ਲੈਣਾ ਹੀ 'ਚਰਣ ਪਾਹੁਲ' ਦਾ ਮਕਸਦ ਹੁੰਦਾ ਸੀ। ਸੰਨ 1675 ਤੋਂ 1699 ਈ: ਤੀਕ ਦਸਮੇਸ਼ ਜੀ ਨੇ ਵੀ 24 ਸਾਲ 'ਚਰਣ ਪਾਹੁਲ' ਵਾਲਾ ਇਹੀ ਨਿਯਮ ਵਰਤਿਆ। ਸੰਨ 1699 ਈ: ਦੀ ਵਿਸਾਖੀ ਨੂੰ ਗੁਰਦੇਵ ਨੇ ਪਾਹੁਲ ਛਕਾਉਣ ਦਾ ਇਹ ਢੰਗ 'ਖੰਡੇ ਦੀ ਪਾਹੁਲ' 'ਚ ਬਦਲ ਦਿੱਤਾ, ਪਰ ਮੂਲ ਆਸ਼ਾ ਉਹੀ ਸੀ ਜਿਹੜਾ ਕਿ ਪਹਿਲੇ ਜਾਮੇ ਤੋਂ ਚੱਲਦਾ ਆ ਰਿਹਾ ਸੀ।

ਪੰਥ ਦੀ ਸਾਜਨਾ ਕੀਤੀ – ਬਾਣੀ ਦਾ ਖਜ਼ਾਨਾ ਤਿਆਰ ਹੋ ਚੁੱਕਾ ਸੀ। ਗੁਰੂ ਦਾ ਸਦੀਵੀ ਆਤਮਕ ਸਰੂਪ ਪਹਿਲਾਂ ਤੇ ਹੁਣ ਵੀ ਗੁਰਬਾਣੀ ਹੀ ਸੀ। ਅੱਗੇ ਦਾ ਕੰਮ ਤਾਂ ਕੇਵਲ ਗੁਰਬਾਣੀ ਤੋਂ ਪ੍ਰਗਟ ਹੋਣ ਵਾਲੀ 'ਜੁੱਗਤ' ਭਾਵ 'ਜੀਵਨ ਜਾਚ' ਨੂੰ ਵਰਤਾਉਣਾ ਸੀ। ਆਪ ਦਾ ਪ੍ਰੋਗ੍ਰਾਮ ਹੁਣ ਇਸ 'ਜੁੱਗਤ' ਵਰਤਾਉਣ ਵਾਲੀ ਜਿੰਮੇਵਾਰੀ ਨੂੰ ਪੰਥ ਪਾਸ ਬਦਲਣ ਦਾ ਸੀ। ਆਪ ਨੇ ਅਨੰਦਪੁਰ ਸਾਹਿਬ ਦੇ ਮੌਜੂਦਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ਤੇ ਵਿਸਾਖੀ ਸੰਨ 1699 ਈ: ਨੂੰ ਉਚੇਚਾ ਸਮਾਗਮ ਸੱਦਿਆ। ਗੁਰੂਦਰ ਤੇ ਵਿਸਾਖੀ ਦਾ ਸਾਲਾਨਾ ਜੋੜ-ਮੇਲ ਗੁਰੂ ਨਾਨਕ ਪਾਤਸ਼ਾਹ ਦੇ ਵਿਸਾਖ 'ਚ ਆਗਮਨ ਕਾਰਨ ਅਰੰਭ ਹੋ ਗਿਆ ਸੀ। ਇਸ ਸਮਾਗਮ ਲਈ ਦੂਰ-ਦੂਰ ਤੀਕ ਸੱਦਾ-ਪੱਤਰ ਭੇਜੇ ਗਏ। ਭਰੇ ਦੀਵਾਨ 'ਚ ਅਚਾਨਕ ਗੁਰਦੇਵ ਨੇ ਪੰਜ ਸਿਰਾਂ ਦੀ ਮੰਗ ਕਰ ਲਈ। ਇਸ ਦੇ ਲਈ ਪੰਜਾਂ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਛੇਵਾਂ ਸਿਰ ਪਾਤਸ਼ਾਹ ਨੇ ਮੰਗਿਆ ਹੀ ਨਹੀਂ ਸੀ ਇਸ ਲਈ ਉਸਦੀ ਲੋੜ ਹੀ ਨਹੀਂ ਪਈ। ਉਪ੍ਰੰਤ ਦਸਮੇਸ਼ ਜੀ ਨੇ 'ਖੰਡੇ ਦੀ ਪਾਹੁਲ' ਆਪ ਇਕੱਲਿਆਂ ਹੀ ਤਿਆਰ ਕੀਤੀ ਤੇ ਉਨ੍ਹਾਂ ਪੰਜਾਂ ਨੂੰ ਛਕਾਈ। ਇਸ ਤਰ੍ਹਾਂ 'ਖੰਡੇ ਦੀ ਪਾਹੁਲ' ਰਾਹੀਂ ਸਿੱਖ ਧਰਮ 'ਚ ਪ੍ਰਵੇਸ਼ ਦੇ ਢੰਗ ਦਾ ਅਰੰਭ ਕਰ ਦਿੱਤਾ। ਹੁਣ ਆਪ ਨੇ ਇਸ ਕਾਰਜ ਨੂੰ ਪੰਜ ਪਾਹੁਲ ਧਾਰੀਆਂ ਦੇ ਰੂਪ 'ਚ ਪੰਥ ਦੇ ਸਪੁਰਦ ਕਰ ਦਿੱਤਾ। ਇਸ ਦੇ ਲਈ ਵੀ ਗੁਰਦੇਵ ਨੇ ਉਨ੍ਹਾਂ ਪੰਜਾਂ ਅੱਗੇ ਮੱਥਾ ਟੇਕ ਕੇ ਸਭ ਤੋਂ ਪਹਿਲਾਂ ਉਨ੍ਹਾਂ ਤੋਂ ਆਪ ਪਾਹੁਲ ਲਈ। ਇਸੇ ਤਬਦੀਲੀ ਨੂੰ 'ਪੰਥ ਦੀ ਸਾਜਨਾ' ਭਾਵ ਇਸ ਦਿਨ ਤੋਂ ਸਿੱਖ ਧਰਮ 'ਚ ਪ੍ਰਵੇਸ਼ ਕਰਵਾਉਣ ਅਤੇ ਬਾਣੀ ਜੁਗਤ ਨੂੰ ਵਰਤਾਉਣ ਵਾਲੀ ਜਿੰਮੇਵਾਰੀ ਪੰਥ ਪਾਸ ਦੇ ਦਿੱਤੀ।

ਪੰਜਾਂ ਅੱਗੇ ਮੱਥਾ ਟੇਕਿਆ – ਇਸ ਤਰ੍ਹਾਂ ਪੰਜ ਸਿੱਖਾਂ ਦੀ ਚੋਣ ਕੀਤੀ ਅਤੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਉਨ੍ਹਾਂ ਨੂੰ 'ਪੰਜ ਪਿਆਰੇ' ਐਲਾਨਿਆ ਗਿਆ। ਫਿਰ ਦਸਮੇਸ਼ ਜੀ ਨੇ ਉਨ੍ਹਾਂ ਪੰਜਾਂ ਅੱਗੇ ਆਪਣਾ ਸਿਰ ਝੁਕਾ ਦਿੱਤਾ। ਆਖਿਰ ਇਹੀ ਢੰਗ ਤਾਂ ਪਹਿਲੇ ਜਾਮੇ ਤੋਂ ਹੀ ਚੱਲਦਾ ਆ ਰਿਹਾ ਸੀ। ਗੁਰੂ ਨਾਨਕ ਪਾਤਸ਼ਾਹ ਨੇ, ਗੁਰੂ ਅੰਗਦ ਸਾਹਿਬ ਅੱਗੇ ਮੱਥਾ ਟੇਕ ਕੇ ਗੁਰਗੱਦੀ ਦੀ ਸੌਂਪਣਾ ਕੀਤੀ ਸੀ। ਗੁਰੂ ਅੰਗਦ ਸਾਹਿਬ ਨੇ ਗੁਰੂ ਅਮਰਦਾਸ ਜੀ ਅੱਗੇ। ਠੀਕ ਇਸੇ ਤਰ੍ਹਾਂ ਇਸ ਚੱਲਦੇ ਆ ਰਹੇ ਨਿਯਮ ਅਨੁਸਾਰ ਅੱਜ ਇਨ੍ਹਾਂ ਪੰਜਾਂ ਅੱਗੇ ਸਿਰ ਝੁਕਾ ਕੇ ਗੁਰਦੇਵ ਨੇ ਜੁਗਤ ਵਰਤਾਉਣ ਵਾਲੀ ਸਰੀਰਕ ਜਿੰਮੇਵਾਰੀ ਸਮੁੱਚੇ ਤੌਰ ਤੇ ਪੰਜਾਂ ਨੂੰ ਸੌਂਪ ਦਿੱਤੀ। ਪਿਛਲੇਰੇ ਇਤਿਹਾਸ 'ਚ ਦਾਦੂ ਦੀ ਕਬਰ ਨੂੰ ਕਲਾਮ ਅਤੇ ਪੰਜਾਂ ਰਾਹੀਂ ਆਪ ਨੂੰ ਤਨਖਾਹੀਆਂ ਕਰਾਰ ਦੇਣਾ; ਪੰਜਾਂ ਰਾਹੀਂ ਦਸਮੇਸ਼ ਜੀ ਨੂੰ ਚਮਕੌਰ ਦੀ ਗੜ੍ਹੀ ਛੱਡਣ ਦਾ ਹੁਕਮ। ਪੰਜ ਪਿਆਰਿਆਂ ਰਾਹੀਂ ਸਰੀਰਕ ਰੂਪ 'ਚ ਪੰਥ ਅੰਦਰ ਗੁਰਬਾਣੀ ਜੁਗਤ ਨੂੰ ਵਰਤਾਉਣ ਦੇ ਵਾਰਿਸ ਕਰਾਰ ਦੇਣ ਦੇ ਸਪਸ਼ਟ ਸਬੂਤ ਹਨ।

ਪੰਜਾਂ ਪਾਸੋਂ ਦਸਮੇਸ਼ ਜੀ ਨੇ ਪਾਹੁਲ ਲਈ ? – ਅਗਲਾ ਹੁਕਮ, ਬਦਲੇ ਹੋਏ ਨਿਯਮਾਂ ਅਨੁਸਾਰ ਸਾਰਿਆਂ ਨੂੰ ਨਵੇਂ ਸਿਰਿਉਂ 'ਖੰਡੇ ਦੀ ਪਾਹੁਲ' ਲੈਣ ਦਾ ਸੀ। ਇਤਿਹਾਸਕਾਰਾਂ ਅਨੁਸਾਰ ਉਸ ਸਮੇਂ 80,000 ਪ੍ਰਾਣੀਆਂ ਨੇ ਪਹਿਲੀਆਂ ਪੰਕਤਾਂ 'ਚ 'ਖੰਡੇ ਦੀ ਪਾਹੁਲ' ਨੂੰ ਪ੍ਰਾਪਤ ਕੀਤਾ। ਇੱਥੇ ਦੋ ਗੱਲਾਂ ਵਿਸ਼ੇਸ਼ ਧਿਆਨ ਮੰਗਦੀਆਂ ਹਨ– (1) ਪਹਿਲੇ ਪੰਜ ਪਿਆਰਿਆਂ ਲਈ ਜੋ 'ਖੰਡੇ ਦੀ ਪਾਹੁਲ' ਦਾ ਬਾਟਾ ਤਿਆਰ ਹੋਇਆ ਜਾਂ ਪਹਿਲੇ ਪੰਜਾਂ ਨੂੰ ਛਕਾਇਆ ਵੀ ਤਾਂ ਉਹ ਦਸਮੇਸ਼ ਜੀ ਨੇ ਇੱਕਲਿਆਂ ਆਪ ਹੀ ਸਭ ਕੁਝ ਕੀਤਾ ਸੀ। ਕਿਉਂਕਿ ਆਪ ਪਹਿਲਾਂ ਤੋਂ ਹੀ ਕੇਵਲ 'ਪਾਹੁਲ ਪ੍ਰਾਪਤ' ਹੀ ਨਹੀਂ ਬਲਕਿ 'ਗੁਰੂ ਪਦ' ਨੂੰ ਵੀ ਪ੍ਰਾਪਤ ਸਨ। (2) ਹੁਣ ਜਦੋਂ ਬਦਲੇ ਹੋਏ ਨਿਯਮਾਂ ਅਨੁਸਾਰ ਸਾਰਿਆਂ ਨੂੰ ਨਵੇਂ ਸਿਰਿਉਂ ਪਾਹੁਲ ਲੈਣ ਦਾ ਹੁਕਮ ਕੀਤਾ ਤਾਂ ਪੰਜ ਪਿਆਰਿਆਂ ਸਾਹਮਣੇ ਸਭ ਤੋਂ ਪਹਿਲਾਂ ਪੇਸ਼ ਵੀ ਆਪਣੇ ਆਪ ਨੂੰ ਕੀਤਾ– ਆਖਿਰ ਕਿਉਂ ? ਦਰਅਸਲ ਆਪ ਨੇ ਸਾਬਤ ਕਰ ਦਿੱਤਾ ਕਿ ਸਿੱਖ ਧਰਮ 'ਚ ਪ੍ਰਵੇਸ਼ ਦਾ ਢੰਗ ਵਿਸਾਖੀ 1699 ਉਪ੍ਰੰਤ ਕੇਵਲ 'ਖੰਡੇ ਦੀ ਪਾਹੁਲ' ਹੀ ਹੈ, ਇਸ ਤੋਂ ਇਲਾਵਾ ਹੋਰ ਕੋਈ ਵੀ ਢੰਗ ਪ੍ਰਵਾਣ ਨਹੀਂ। ਆਪਣੇ ਆਪ ਤੋਂ ਸ਼ੁਰੂ ਕਰਕੇ ਇਹ ਵੀ ਸਾਬਤ ਕਰ ਦਿੱਤਾ ਕਿ 'ਚਰਣ ਪਾਹੁਲ' ਦਾ ਚੱਲਦਾ ਆ ਰਿਹਾ ਨਿਯਮ ਹੁਣ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਗਿਆ ਹੈ। ਇੰਨਾਂ ਹੀ ਨਹੀਂ ਉਸ ਸਮੇਂ ਆਪ ਨੇ ਸਿੱਖਾਂ ਦੇ ਨਾਵਾਂ ਵਿਚ ਵੀ ਤਬਦੀਲੀ ਕਰਕੇ ਸਭ ਤੋਂ ਪਹਿਲਾਂ ਆਪ 'ਗੋਬਿੰਦ ਰਾਏ' ਤੋਂ 'ਗੋਬਿੰਦ ਸਿੰਘ' ਹੋ ਗਏ ਅਤੇ ਸੰਪੂਰਣ ਪੰਥ ਵਾਸਤੇ ਵੀ ਹੁਣ ਇਹੀ ਹੁਕਮ ਸੀ।

'ਪੰਥ ਦੀ ਸਿਰਜਣਾ' ਜਾਂ 'ਖ਼ਾਲਸਾ ਸਾਜਨਾ' ? – 1699 ਦੇ ਪਾਹੁਲ ਸੰਚਾਰ ਸਮਾਗਮ ਨੂੰ ਇਤਿਹਾਸ 'ਚ 'ਖਾਲਸਾ ਸਾਜਨਾ ਦਿਵਸ' ਜਾਂ ਫਿਰ 'ਪੰਥ ਸਾਜਨਾ' ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਚੇਤੇ ਰਹੇ, ਪੰਥ ਨਿੱਤਨੇਮੀ, ਕੇਸਾਧਾਰੀ, ਕੰਘਾਧਾਰੀ ਇੱਥੋਂ ਤੀਕ ਕਿ ਕਛਹਿਰਾ ਧਾਰੀ ਵੀ ਪਹਿਲੇ ਜਾਮੇ ਤੋਂ ਹੀ ਸੀ। ਜੰਗਾਂ 'ਚ ਕੁੱਦਣ ਕਰਕੇ ਛੇਵੇਂ ਜਾਮੇ ਤੋਂ ਸ਼ਸਤ੍ਰਧਾਰੀ ਵੀ ਹੋ ਚੁੱਕਾ ਸੀ। ਬਾਣੀ ਗੁਰੂ ਦਾ ਸਿਧਾਂਤ ਵੀ ਪਹਿਲੇ ਜਾਮੇ ਤੋਂ ਹੀ ਚੱਲਦਾ ਆ ਰਿਹਾ ਸੀ। ਅੱਜ ਤਾਂ ਬਾਣੀ ਵਾਲੀ ਜੁਗਤ ਵਰਤਾਉਣ ਦੀ ਅਤੇ ਸਿੱਖ ਧਰਮ 'ਚ ਪ੍ਰਵੇਸ਼ ਕਰਵਾਉਣ ਦੀ ਜਿੰਮੇਵਾਰੀ ਵੀ ਪੱਕੇ ਤੌਰ ਤੇ ਪਾਹੁਲ ਪ੍ਰਾਪਤ ਪੰਜਾਂ ਦੇ ਰੂਪ 'ਚ ਪੰਥ ਦੇ ਹਵਾਲੇ ਕਰ ਦਿੱਤੀ ਗਈ। ਇਨ੍ਹਾਂ 'ਚ 'ਕੜਾ' ਜੋੜ ਕੇ ਪੰਜ ਕਕਾਰਾਂ ਨੂੰ ਵੀ ਨਿਯਮਤ ਕਰ ਦਿੱਤਾ। ਸਿੱਖਾਂ ਦੇ ਨਾਵਾਂ ਨਾਲ–ਸਿੰਘ ਤੇ ਕੌਰ–ਵਾਲੇ ਸ਼ਬਦ ਪੱਕੇ ਕਰਕੇ, ਪੰਥ ਨੂੰ ਇਕ ਪ੍ਰਵਾਰ ਦਾ ਰੂਪ ਦੇ ਦਿੱਤਾ ਤਾਕਿ ਜਾਤ ਗੋਤ ਵਾਲੀ ਪਹਿਚਾਣ ਦੀ ਲੋੜ ਵੀ ਮੁੱਕ ਜਾਵੇ। ਸਭ ਤੋਂ ਵੱਡੀ ਤਬਦੀਲੀ, 'ਪਾਹੁਲ ਛਕਾਉਣ' ਵਾਲੀ ਜਿੰਮੇਵਾਰੀ ਪੰਥ ਦੇ ਸਪੁਰਦ ਕਰ ਦੇਣਾ ਸੀ।

ਇਸ ਤਰ੍ਹਾਂ ਨੰਗੀ ਤਲਵਾਰ ਵਾਲੇ ਇਮਤਿਹਾਨ 'ਚ ਗੁਰੂ ਹੁਕਮਾਂ ਤੋਂ ਆਪਾ ਕੁਰਬਾਨ ਕਰਨ ਵਾਲੀ ਤਿਆਰੀ 'ਚ ਪੰਥ 100% ਨੰਬਰ ਲੈ ਕੇ ਪਾਸ ਹੋਇਆ ਤਾਂ ਸਿੱਖ ਨੂੰ ਪਾਤਸ਼ਾਹ ਨੇ ਪ੍ਰਸੰਨ ਹੋ ਕੇ 'ਖਾਲਸੇ' ਦੀ ਉਪਾਧੀ ਨਾਲ ਵੀ ਨਿਵਾਜਿਆ। ਸਿੱਖ ਨੂੰ ਨਵਾਂ ਬੋਲਾ ਬਖਸ਼ਿਆ– "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥" ਇਸੇ ਦਾ ਨਾਮ ਸੀ "ਪੰਥ ਦੀ ਜਾਂ ਖਾਲਸੇ ਦੀ ਸਾਜਨਾ"। ਸਾਡਾ ਧਰਮ ਅਥਵਾ ਪੰਥ ਤਾਂ ਪਹਿਲੇ ਜਾਮੇਂ ਤੋਂ ਹੀ ਪ੍ਰਗਟ ਕੀਤਾ ਜਾ ਚੁੱਕਾ ਸੀ ਅਤੇ ਇਹ 'ਪੰਥ' ਸੀ 'ਸਿੱਖ ਪੰਥ' ਅਥਵਾ 'ਸਿੱਖ ਧਰਮ'। ਸਾਡਾ ਧਰਮ ਅੱਜ ਵੀ ਸਿੱਖ ਹੈ ਅਤੇ ਰਵੇਗਾ ਵੀ 'ਸਿੱਖ'। 'ਪ੍ਰਗਟ ਕਰਨਾ' ਜਾਂ

'ਸਾਜਨਾ' , ਦੋਵੇਂ ਗੱਲਾਂ ਭਿੰਨ-ਭਿੰਨ ਹਨ। ਵਿਸਾਖੀ 1699 ਨੂੰ ਪੰਥ ਪ੍ਰਗਟ ਨਹੀਂ ਕੀਤਾ ਬਲਕਿ ਪੰਥ ਸਾਜਿਆ ਗਿਆ ਸੀ।

ਭੱਗਦੜ ਨਹੀਂ ਮੱਚੀ – ਕੁਝ ਇਤਿਹਾਸਕਾਰਾਂ ਦਾ ਇਹ ਪ੍ਰਚਾਰਣਾ ਕਿ ਸੰਨ 1699 ਦੀ ਵਿਸਾਖੀ ਨੂੰ ਸਿੱਖਾਂ ਦੇ ਸੀਸ ਮੰਗਣ ਤੇ ਸੰਗਤਾਂ 'ਚ ਸਨਾਟਾ ਛਾ ਗਿਆ, ਭੱਗਦੜ ਮੱਚ ਗਈ ; ਕੇਵਲ ਕਪੋਲ ਕਲਪਨਾ ਹੈ। ਸਿੱਖ ਤਾਂ ਪਹਿਲੇ ਜਾਮੇ ਤੋਂ ਹੀ ਪਾਹੁਲਧਾਰੀ ਸਨ। ਤਨ-ਮਨ-ਧਨ ਗੁਰੂ ਨੂੰ ਸੌਂਪਣ ਤੋਂ ਬਾਦ ਹੀ ਕਿਸੇ ਨੂੰ ਸਿੱਖੀ ਦੀ ਦਾਤ ਮਿਲਦੀ ਸੀ। ਛੇਵੇਂ ਪਾਤਸ਼ਾਹ ਨੇ ਚਾਰ ਜੰਗਾਂ ਲੜੀਆਂ। ਉਨ੍ਹਾਂ ਪਾਸ ਆਪਾ ਕੁਰਬਾਨ ਕਰਨ ਵਾਲੇ ਸਿੱਖਾਂ ਦੀ ਹੀ ਫ਼ੌਜ ਸੀ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਪਹਿਲਾਂ ਭਾਈ ਮਤੀਦਾਸ, ਦਿਆਲਾ ਤੇ ਭਾਈ ਸਤੀਦਾਸ ਦੀ ਸ਼ਹਾਦਤ, ਗੁਰੂ ਚਰਣਾਂ ਤੋਂ ਅਪਣਾ ਆਪ ਵਾਰਣ ਦੀ ਹੀ ਭਾਵਨਾ ਸੀ, ਇਹ ਸ਼ਹਾਦਤ ਕਿਸੇ ਸਰਕਾਰੀ ਹੁਕਮ 'ਚ ਨਹੀਂ ਸੀ। ਸੰਨ 1699 ਤੀਕ ਸਿੱਖਾਂ ਨੇ ਛੋਟੀਆਂ-ਵੱਡੀਆਂ ਲਗਭਗ 12 ਜੰਗਾਂ ਲੜੀਆਂ ਤੇ ਸਾਰੀਆਂ ਜਿੱਤੀਆਂ ਵੀ ਸਨ। ਗੁਰੂ ਕੇ ਸਿੱਖ ਤਾਂ ਹਰ ਪਲ ਗੁਰੂ ਦੇ ਹੁਕਮਾਂ ਤੋਂ ਕੁਰਬਾਣ ਹੋਣ ਵਾਲਿਆਂ ਦੀ ਕੱਤਾਰ 'ਚ ਖੜੇ ਰਹਿਣ ਵਾਲਿਆਂ ਦਾ ਹੀ ਨਾਮ ਸੀ। ਉਹ ਤਾਂ ਰਹਿੰਦੇ ਹੀ ਸ਼ਸਤ੍ਰਾਂ ਦੀ ਛਾਂ ਹੇਠ ਸਨ। ਆਪਣੇ ਗੁਰੂ ਦੇ ਹੁਕਮਾਂ ਤੋਂ ਰੋਮ-ਰੋਮ ਕੁਰਬਾਨ ਕਰਨ ਵਾਲੇ ਸਿੱਖਾਂ ਬਾਰੇ ਅਜਿਹਾ ਸੋਚਣਾ ਕਿ 'ਸੰਗਤਾਂ 'ਚ ਸਨਾਟਾ ਛਾ ਗਿਆ' ਜਾਂ 'ਭੱਗਦੜ ਮੱਚ ਗਈ', ਗੁਰੂ ਕੀਆਂ ਸੰਗਤਾਂ ਦੀ ਆਨ ਤੇ ਸ਼ਾਨ ਦੇ ਖਿਲਾਫ਼ ਹੈ। ਇਹ ਕੇਵਲ ਕਪੋਲ ਕਲਪਨਾ ਤੋਂ ਵੱਧ ਹੋਰ ਕੁਝ ਨਹੀਂ। ਇਹ ਤਾਂ ਪੂਰਨ ਗੁਰਦੇਵ ਵਲੋਂ ਦਸ ਜਾਮਿਆਂ 'ਚ 'ਆਪਾਂ ਵਾਰਣ' ਵਾਲੀ ਕਰਵਾਈ ਗਈ ਸੰਗਤਾਂ ਦੀ ਤਿਆਰੀ ਤੇ ਵੀ 'ਕਿੰਤੂ' ਕਰਨ ਦੀ ਬੇਅਦਬੀ ਕਰਨਾ ਹੈ।

ਵਿਸਾਖੀ 1699 ਖਾਲਸੇ ਦਾ ਜਨਮਦਿਨ ਨਹੀਂ – ਕੁਝ ਇਤਿਹਾਸਕਾਰਾਂ ਜਾਂ ਪ੍ਰਚਾਰਕਾਂ ਰਾਹੀਂ ਵਿਸਾਖੀ 1699 ਨੂੰ ਖਾਲਸੇ ਦਾ 'ਜਨਮ ਦਿਨ' ਜਾਂ 'ਖੰਡੇ ਦੀ ਪਾਹੁਲ' (ਅੰਮ੍ਰਿਤ ਛੱਕਣ) ਦਾ ਅਰੰਭ ਪ੍ਰਚਾਰਣਾ, ਵੱਡੀ ਭੁੱਲ ਹੈ। ਇਹ ਗੱਲ, ਸਿੱਖ ਧਰਮ ਦੇ ਪਿੱਛਲੇ 230 ਸਾਲਾਂ ਦੇ ਇਤਿਹਾਸ ਉੱਪਰ, ਸਿਆਹੀ ਫੇਰਣ ਤੁੱਲ ਹੈ। ਸਿੱਖ ਧਰਮ ਤਾਂ ਹੈ ਹੀ ਆਦਿ ਜੁਗਾਦੀ ਧਰਮ। ਗੁਰਬਾਣੀ ਦਾ ਫ਼ੈਸਲਾ ਹੈ 'ਜਿਸਦਾ ਜਨਮ ਹੈ ਉਸ ਦਾ ਮਰਨ ਵੀ ਅਵੱਸ਼ ਹੈ'। **ਸਿੱਖ ਧਰਮ ਦਾ ਨਾ ਜਨਮ ਹੈ ਤੇ ਨਾ ਹੀ ਮਰਨ।** ਹਾਂ ! ਮਨੁੱਖ ਮਾਤਰ ਦੇ ਇਸ ਮੂਲ ਧਰਮ ਨੂੰ ਸਿੱਖ ਦਾ ਨਾਮ ਬਖਸ਼ਿਆ ਗੁਰੂ ਨਾਨਕ ਪਾਤਸ਼ਾਹ ਨੇ। 'ਗੁਰਬਾਣੀ ਸਿਖਿਆ ਦੇ ਪਾਬੰਦ ਹੋਏ ਬਿਨਾ 'ਸਿੱਖ' ਵਾਲੀ ਅਵਸਥਾ ਦੀ ਪ੍ਰਾਪਤੀ ਹੀ ਸੰਭਵ ਨਹੀਂ"। ਦਰਅਸਲ **ਵਿਸਾਖੀ ਸੰਨ 1699 ਪੰਥ ਦਾ ਸਾਜਨਾ ਦਿਵਸ ਹੈ। ਇਸ ਦੇ ਅਰਥ ਹਨ ਇਸ ਦਿਨ 'ਬਾਣੀ ਦੀ ਜੁਗਤ' ਵਰਤਾਉਣ ਵਾਲੀ ਜਿੰਮੇਵਾਰੀ, ਪਾਹੁਲ ਪ੍ਰਾਪਤ ਪੰਜ ਪਿਆਰਿਆਂ ਦੇ ਰੂਪ 'ਚ ਪੰਥ ਦੇ ਸਪੁਰਦ ਕਰ ਦਿੱਤੀ ਗਈ।** 'ਸਿੱਖ', 'ਖਾਲਸਾ' ਜਾਂ 'ਸਿੰਘ', ਵੱਖ-ਵੱਖ ਸ਼ਬਦ ਨਹੀਂ। 'ਖਾਲਸਾ ਜੀਵਨ' ਤਾਂ ਸਿੱਖ ਵਾਸਤੇ ਪਹਿਲੇ ਜਾਮੇਂ ਤੋਂ ਹੀ ਨਿਸ਼ਚਤ ਕੀਤਾ ਗਿਆ ਸੀ। ਸੰਨ 1699 ਨੂੰ ਤਾਂ ਉਸੇ ਹੀ ਸਿੱਖ ਨੂੰ ਖਾਲਸੇ ਦੇ ਖਿਤਾਬ ਨਾਲ ਨਿਵਾਜਿਆ। ਇਸੇ ਤਰ੍ਹਾਂ ਸਿੱਖ ਵਾਸਤੇ ਹੀ 'ਸਿੰਘ' ਲਫ਼ਜ਼ ਵੀ ਉਸਦੇ ਨਾਵਾਂ 'ਚ ਤਬਦੀਲੀ ਕਾਰਨ ਪ੍ਰਚੱਲਤ ਹੋ ਗਿਆ। 'ਚਰਣ ਪਾਹੁਲ' ਦੇ ਰੂਪ 'ਚ ਪਾਹੁਲ ਦਾ ਨਿਯਮ ਵੀ ਹਰ ਇਕ ਸਿੱਖ ਵਾਸਤੇ ਪਹਿਲੇ ਜਾਮੇ ਤੋਂ ਹੀ ਜ਼ਰੂਰੀ ਸੀ। ਉਸੇ 'ਚਰਣ ਪਾਹੁਲ' ਦੇ ਬਦਲੇ ਹੋਏ ਢੰਗ ਦਾ ਨਾਮ ਸੀ 'ਖੰਡੇ ਦੀ ਪਾਹੁਲ' ਮਕਸਦ – ਆਸ਼ਾ ਉਹੀ ਸੀ; ਮਨੁੱਖ ਦੇ ਜੀਵਨ ਨੂੰ ਬਾਣੀ ਦੇ ਚਰਣਾਂ ਨਾਲ ਜੋੜਣਾਂ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣਾ – ਹਰ ਵਾਰੀ ਮੂੰਹ ਦੀ ਖਾਣ ਤੋਂ ਬਾਦ ਪਹਾੜੀ ਹਿੰਦੂ ਰਾਜਿਆਂ 'ਤੇ ਮੁਗ਼ਲ ਫੌਜਾਂ ਦੇ ਭਾਰੀ ਜਮਾਵੜੇ ਨੇ ਈ: ਸੰਨ 1704 'ਚ ਅਨੰਦਪੁਰ ਸਾਹਿਬ ਦੇ ਕਿਲੇ ਨੂੰ ਆਪਣੇ ਘੇਰੇ 'ਚ ਲੈ ਲਿਆ। ਛੇ ਮਹੀਨੇ ਘੇਰਾ ਪਾਈ ਰੱਖਿਆ। ਗੁਰੂ ਕੇ ਬਹਾਦੁਰ ਸੂਰਮਿਆਂ ਨੇ ਅੰਨ ਦੇ ਇੱਕ ਇੱਕ ਦਾਣੇ ਤੋਂ ਲਾਚਾਰ ਹੋ ਕੇ ਵੀ, ਗੁਰੂ ਪਿਤਾ ਦਾ ਸਾਥ ਨਹੀਂ ਛੱਡਿਆ। ਅੰਤ ਵੈਰੀਆਂ ਨੇ ਔਰੰਗਜ਼ੇਬ ਕੋਲ ਆਪਣੀ ਨੱਕ ਰੱਖਣ ਵਾਸਤੇ ਗਊ ਤੇ ਕੁਰਾਨ ਦੀਆਂ ਝੂਠੀਆਂ ਕਸਮਾਂ ਖਾਧੀਆਂ। ਤਰਲੇ ਕੱਢੇ- ਗੁਰਦੇਵ ਕਿਲ੍ਹਾ ਖ਼ਾਲੀ ਕਰ ਦੇਣ, ਉਹ ਕੁਝ ਨਹੀਂ ਕਹਿਣਗੇ। ਮਕਸਦ ਉਹੀ ਸੀ, ਪਾਤਸ਼ਾਹ ਨੂੰ ਧੋਖੇ ਨਾਲ ਬੰਦੀ ਬਨਾਉਣਾ ਜਾਂ ਸ਼ਹੀਦ ਕਰਨਾ। ਯੁੱਧ ਨੀਤੀ 'ਚ ਨਿਪੁੰਨ ਗੁਰਦੇਵ ਇਕ ਪਾਸੇ ਤਾਂ ਸਿੱਖਾਂ ਨੂੰ ਸਮਝਾਉਣਾ ਚਾਹੁੰਦੇ ਸਨ ਕਿ ਜੰਗ ਦੇ ਮੈਦਾਨ 'ਚ ਦੁਸ਼ਮਣ ਹਜ਼ਾਰਾਂ-ਲੱਖਾਂ ਕਸਮਾਂ ਖਾ ਲਵੇ, ਯਕੀਨ ਲਾਇਕ ਨਹੀਂ ਹੁੰਦਾ। ਦੂਜਾ-ਅਨੰਦਪੁਰ ਵਾਸੀਆਂ ਨੂੰ ਲੰਮੀ ਲੜਾਈ ਸਦਕਾ ਜਿਨ੍ਹਾਂ ਮੁਸ਼ਕਲਾਂ 'ਚੋਂ ਲੰਘਣਾ

ਪੈ ਰਿਹਾ ਸੀ, ਉਨ੍ਹਾਂ ਨੂੰ ਉਸ ਤੋਂ ਨਿਜਾਤ ਦੁਆਉਣੀ ਚਾਹੁੰਦੇ ਸਨ। ਅੰਤ ਗੁਰਦੇਵ ਨੇ ਕਿਲ੍ਹਾ ਖ਼ਾਲੀ ਕਰਨ ਦਾ ਫ਼ੈਸਲਾ ਕਰ ਲਿਆ।

ਸਰਸਾ ਦਾ ਜੰਗ ਅਤੇ ਪਰਿਵਾਰ ਵਿਛੋੜਾ – ਗੁਰਦੇਵ ਨੇ ਕਿਲ੍ਹੇ ਦਾ ਟੁੱਟਾ-ਭੁੱਟਾ ਸਾਮਾਨ, ਯੁੱਧ ਖੇਤਰ 'ਚ ਫੈਲੀਆਂ ਹੱਡੀਆਂ, ਜੁੱਤੀਆਂ, ਕੱਚਰਾ ਆਦਿ ਸੁੰਦਰ ਮੱਖਮਲੀ ਦੁਸ਼ਾਲਿਆਂ 'ਚ ਲਿਪਟਵਾ ਕੇ ਖੱਚਰਾਂ ਤੇ ਲੱਦਵਾ, ਸਾਰੇ ਸਾਮਾਨ ਨੂੰ ਅੱਗੇ-ਅੱਗੇ ਟੋਰ ਦਿੱਤਾ। ਦੁਸ਼ਮਣ ਨੇ ਕੀਮਤੀ ਮਾਲ ਜਾਣ ਕੇ, ਆਪਣੇ ਸਾਰੇ ਵਾਦੇ-ਸੌਂਹਾਂ ਛਿੱਕੇ ਤੇ ਟੰਗ, ਰਾਤ ਦੇ ਹਨੇਰੇ 'ਚ ਹਮਲਾ ਕਰ ਦਿੱਤਾ। ਗੁਰਦੇਵ ਸਿੱਖਾਂ ਨੂੰ ਇਹੀ ਤਾਂ ਸਮਝਾਉਣਾ ਚਾਹੁੰਦੇ ਸਨ। ਕਾਫ਼ਲਾ ਅੱਗੇ ਨਿਕਲ ਗਿਆ; ਦੁਸ਼ਮਣ ਨੇ ਰਾਤ ਦੇ ਹਨੇਰੇ 'ਚ ਆਪਣੀਆਂ ਹੀ ਫੌਜਾਂ ਨੂੰ ਮਰਵਾਇਆ। ਵੈਰੀ ਨੇ ਇੱਥੇ ਵੀ ਮੂੰਹ ਦੀ ਖਾਧੀ, ਨਾ ਹੀ ਗੁਰਦੇਵ ਨੂੰ ਬੰਦੀ ਬਣਾ ਸਕਿਆ ਤੇ ਨਾ ਹੀ ਸ਼ਹੀਦ ਕਰ ਸਕਿਆ, ਬਲਕਿ ਉਸਨੇ ਜੋ ਅਪਣਾ ਜਾਨੀ-ਮਾਲੀ ਨੁਕਸਾਨ ਉਠਾਇਆ ਤੇ ਸ਼ਰਮਿੰਦਗੀ ਉਠਾਈ, ਉਹ ਵਾਧੇ ਦੀ। ਸਰਸਾ ਨਦੀ ਪਾਰ ਕਰਦੇ ਸਮੇਂ ਦੁਸ਼ਮਣ ਨੇ ਫਿਰ ਹਮਲਾ ਬੋਲ ਦਿੱਤਾ। ਭਿਆਨਕ ਯੁੱਧ ਹੋਇਆ, ਬਰਸਾਤੀ ਨਦੀ ਕਾਰਣ ਉਸ ਵਕਤ ਨਦੀਂ 'ਚ ਵਹਿ ਗਏ ਜਾਂ ਵਿੱਛੜ ਗਏ। ਗੁਰੂ ਜੀ ਦਾ ਪਰਿਵਾਰ ਵੀ ਖੇਰੂੰ-ਖੇਰੂੰ ਹੋ ਕਿ ਤਿੰਨ ਹਿੱਸਿਆਂ 'ਚ ਵੰਡਿਆ ਗਿਆ। ਮਾਤਾ ਗੁਜਰੀ ਜੀ, ਛੋਟੇ ਦੋ ਸਾਹਿਬਜ਼ਾਦਿਆਂ ਨਾਲ ਅੱਡ ਹੋ ਗਏ। ਮਾਤਾ ਸੁੰਦਰ ਕੌਰ, ਭਾਈ ਮਨੀ ਸਿੰਘ ਜੀ ਨਾਲ ਭੇਸ ਬਦਲ ਕੇ ਦਿੱਲੀ ਨੂੰ ਨਿਕਲ ਗਏ। ਉਸੇ ਯਾਦ 'ਚ ਇੱਥੇ ਗੁਰਦੁਆਰਾ 'ਪ੍ਰਵਾਰ ਵਿਛੋੜਾ' ਮੌਜੂਦ ਹੈ। ਦੋ ਵੱਡੇ ਸਾਹਿਬਜ਼ਾਦੇ ਤੇ 40 ਫੱਟੜ ਸਿੱਖਾਂ ਨਾਲ ਗੁਰਦੇਵ ਨਦੀ ਪਾਰ ਕਰ, ਚਮਕੌਰ ਦੀ ਕੱਚੀ ਗੜ੍ਹੀ 'ਚ ਜਾ ਟਿੱਕੇ। ਇਹ ਗੜ੍ਹੀ ਗੁਰੂ ਕੇ ਸਿੱਖ ਭਾਈ ਬੁੱਧੀ ਚੰਦ ਦੀ ਸੀ। ਅਨੇਕਾਂ ਸਿੱਖ ਜੋ ਪਾਣੀ 'ਚ ਬਹਿ ਗਏ, ਪਰ ਜੀਵਤ ਬੱਚ ਗਏ, ਜਦੋਂ ਸੁਰਤ ਆਈ –ਤੱਦ ਤੀਕ ਖਬਰਾਂ ਸਨ ਕਿ ਗੁਰਦੇਵ ਚਮਕੌਰ ਦੀ ਗੜ੍ਹੀ 'ਚ ਸ਼ਹੀਦ ਹੋ ਚੁੱਕੇ ਹਨ। ਉਹ ਵੀ ਮਾਲਵੇ-ਮਾਝੇ ਆਪਣੇ ਘਰਾਂ ਨੂੰ ਮੁੜਨ ਲਈ ਮਜ਼ਬੂਰ ਹੋ ਗਏ।

ਚਮਕੌਰ ਦੀ ਬੇਮਿਸਾਲ, ਬੇਜੋੜ ਜੰਗ – ਇੱਧਰ ਦੁਸ਼ਮਣ ਨੇ ਚਮਕੌਰ ਦੀ ਗੜ੍ਹੀ ਨੂੰ ਘੇਰ ਲਿਆ। ਅੰਦਰ ਗੁਰੂ ਪਾਤਸ਼ਾਹ, ਦੋ ਵੱਡੇ ਸਾਹਿਬਜਾਦੇ ਅਤੇ ਭੁੱਖੇ ਜ਼ਖਮੀ ਕੇਵਲ ਚਾਲੀ ਸਿੰਘ; ਬਾਹਰ ਲੱਖਾਂ ਦਾ ਘੇਰਾ। ਦੁਨੀਆਂ ਦੇ ਇਤਿਹਾਸ 'ਚ ਇਹੋ ਜਿਹੀ ਬੇਜੋੜ ਜੰਗ ਦੀ ਕਿੱਧਰੇ ਮਿਸਾਲ ਨਹੀਂ ਮਿਲੇਗੀ। ਸਿੰਘਾਂ ਨੇ ਕਮਾਲ ਦੀ ਬਹਾਦੁਰੀ ਦਿਖਾਈ, ਕਿਸੇ ਨੇ ਦਿਲ ਨਹੀਂ ਹਾਰਿਆ, ਘੁੱਟਨੇ ਨਹੀਂ ਟੇਕੇ, ਦੁਸ਼ਮਣ ਅੱਗੇ ਸਮਰਪਣ ਨਹੀਂ ਕੀਤਾ। ਸਾਰਾ ਦਿਨ, ਛੋਟੇ-ਛੋਟੇ ਜਥਿਆਂ 'ਚ ਦੁਸ਼ਮਣ ਦੇ ਆਹੂ ਲਾਂਦੇ ਰਹੇ। ਇੱਥੇ ਦੋਵੇਂ ਵੱਡੇ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ ਪਰ ਗੁਰਦੇਵ ਨੇ ਇੱਕ ਅਥਰੂ ਨਹੀਂ ਕੇਰਿਆ। ਅੰਤ ਪੰਜ ਸਿੰਘਾਂ ਦੇ ਰੂਪ 'ਚ ਪੰਥ ਦੇ ਹੁਕਮ ਅੱਗੇ ਸਿਰ ਝੁਕਾਇਆ ਤੇ ਗੜ੍ਹੀ 'ਚੋਂ ਨਿਕਲ ਗਏ। ਉਹ ਵੀ ਚੋਰੀ ਨਹੀਂ ਨਿਕਲੇ, ਬਲਕਿ ਰਾਤ ਦੇ ਹਨੇਰੇ 'ਚ ਪਾਤਸ਼ਾਹ ਨੇ ਤਾੜੀ ਮਾਰ ਕੇ ਦੁਸ਼ਮਣ ਨੂੰ ਸੁਚੇਤ ਕੀਤਾ ਅਤੇ ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ –ਦੋ ਸਿੰਘਾਂ ਨਾਲ ਦੁਸ਼ਮਣ ਦੀਆਂ ਫੌਜਾਂ ਨੂੰ ਚੀਰਦੇ ਹੋਏ ਮਾਛੀਵਾੜੇ ਜਾ ਪੁੱਜੇ। ਦੁਸ਼ਮਣ ਦਾ ਨਿਸ਼ਾਨਾ ਤਾਂ ਗੁਰਦੇਵ ਨੂੰ ਜੀਵਤ ਪਕੜਣ ਜਾਂ ਸ਼ਹੀਦ ਕਰਨ ਦਾ ਸੀ ਪਰ ਇੱਥੇ ਵੀ ਉਸੇ ਤਰ੍ਹਾਂ ਹੀ ਮੂੰਹ ਦੀ ਖਾਧੀ। ਉਸ ਯਾਦ 'ਚ ਇਥੇ 'ਗੁਰਦੁਆਰਾ ਤਾੜੀ ਸਾਹਿਬ' ਮੌਜੂਦ ਹੈ।

ਜ਼ਫਰਨਾਮਾ – ਦੀਨਾ ਨਗਰ ਪੁੱਜ ਕੇ ਪਾਤਸ਼ਾਹ ਨੂੰ ਦੋ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਬਾਰੇ ਸਰਹੰਦ ਵਿਖੇ ਹੋਈ ਸ਼ਹਾਦਤ ਦੀ ਖ਼ਬਰ ਮਿਲੀ। ਗੁਰਦੇਵ ਨੇ ਇੱਥੋਂ ਔਰੰਗਜ਼ੇਬ ਨੂੰ ਫਾਰਸੀ 'ਚ 'ਜ਼ਫਰਨਾਮਾ' ਨਾਮਕ ਇਤਿਹਾਸਕ ਚਿੱਠੀ ਲਿਖੀ। 'ਜ਼ਫਰਨਾਮਾ' ਦੇ ਅਰਥ ਹਨ 'ਜਿੱਤ ਦੀ ਚਿੱਠੀ' ਚਿੱਠੀ ਨੂੰ ਪੜ੍ਹਣ ਮਗਰੋਂ ਜਦੋਂ ਔਰੰਗਜ਼ੇਬ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਉਹ ਮਰਨ ਤੀਕ ਇਸ ਆਤਮਗਿਲਾਨੀ ਤੋਂ ਨਹੀਂ ਉੱਭਰ ਸਕਿਆ। ਇਹੀ ਸੱਦਮਾ ਉਸਦੀ ਮੌਤ ਦਾ ਕਾਰਨ ਵੀ ਬਣਿਆ।

ਮੁਕਤਸਰ ਦੀ ਇਤਿਹਾਸਕ ਜੰਗ – ਉਪਰੰਤ ਗੁਰਦੇਵ ਮੌਜੂਦਾ ਮੁਕਤਸਰ ਦੇ ਸਥਾਨ ਤੇ ਪੁੱਜੇ, ਇਸ ਨੂੰ ਉਸ ਸਮੇਂ 'ਖੱਦਰਾਨੇ ਦੀ ਢਾਬ' ਕਰਕੇ ਜਾਣਿਆ ਜਾਂਦਾ ਸੀ। ਵੈਰੀ ਦੀਆਂ ਫੌਜਾਂ ਇਥੇ ਵੀ ਆਪ ਦਾ ਪਿੱਛਾ ਕਰ ਰਹੀਆਂ ਸਨ। ਇੱਥੇ ਫਿਰ ਭਿਆਨਕ ਅਤੇ ਅੰਤਮ ਜੰਗ ਹੋਈ। ਸਰਸਾ ਨਦੀਂ ਤੋਂ ਵਿਛੜੇ ਲਗਭਗ 40 ਸਿੰਘ ਭਾਈ ਮਹਾਂ ਸਿੰਘ ਅਤੇ ਮਾਤਾ ਭਾਗ ਕੌਰ ਦੀ ਕਮਾਨ ਹੇਠ ਮੁੜ ਜਥੇਬੰਦ ਹੋ ਕੇ ਤੇ ਨਵੀਂ ਕੁਮਕ ਲੈ ਕੇ ਰਾਮਿਆਣੇ ਦੇ ਸਥਾਨ ਤੇ ਗੁਰਦੇਵ ਨੂੰ ਅੱਗੋਂ ਹੋ ਕੇ ਆ ਮਿਲੇ ਸਨ। ਇਹੀ ਜਥਾ ਮੁਕਤਸਰ ਦੀ ਜੰਗ ਸਮੇਂ ਅੱਗੇ ਹੋ ਕੇ ਮੋਰਚਾਬੰਦ ਹੋਇਆ। ਗੁਰਦੇਵ ਢਾਬ ਤੇ ਖਲੋ ਕੇ ਆਪਣੀਆਂ ਫ਼ੌਜਾਂ ਦੀ ਕਮਾਨ ਕਰ

ਰਹੇ ਸਨ। ਜੰਗ 'ਚ ਫਤਹਿ ਫਿਰ ਗੁਰਦੇਵ ਦੀ ਹੀ ਹੋਈ, ਦੁਸ਼ਮਣ ਦੀਆਂ ਫੌਜਾਂ ਭਾਂਜ ਖਾ ਕੇ ਮੈਦਾਨ ਖ਼ਾਲੀ ਕਰ ਗਈਆਂ।

ਗੁਰਦੇਵ ਢਾਬ ਤੋਂ ਹੇਠਾਂ ਉਤਰੇ, ਭਾਈ ਮਹਾਂ ਸਿੰਘ ਤੇ ਮਾਤਾ ਭਾਗ ਕੌਰ ਅਜੇ ਜੀਵਤ ਸਨ। ਭਾਈ ਮਹਾਂ ਸਿੰਘ ਨੂੰ ਸਰਸਾ ਦੇ ਜੰਗ ਦੌਰਾਨ, ਪਾਤਸ਼ਾਹ ਤੋਂ ਵਿੱਛੜ ਜਾਣ ਦਾ ਮਲਾਲ ਸੀ। ਪਾਤਸ਼ਾਹ ਨੇ ਉਸ ਨੂੰ ਧੀਰਜ ਦਿੱਤੀ ਅਤੇ ਫ਼ੁਰਮਾਇਆ ਕਿ ਉਹ ਤਾਂ ਵਿੱਛੜ ਕੇ ਵੀ ਮਨ ਕਰਕੇ ਗੁਰੂ ਨਾਲ ਜੁੜੇ ਹੋਏ ਸਨ, ਗੁਰੂ ਤੋਂ ਟੁੱਟੇ ਨਹੀਂ ਸਨ। ਇਸੇ ਯਾਦ 'ਚ ਉਸ ਸਥਾਨ ਤੇ ਗੁਰਦੁਆਰਾ 'ਟੁੱਟੀ ਗੰਢੀ' ਅੱਜ ਵੀ ਮੌਜੂਦ ਹੈ। ਗੁਰਦੇਵ ਨੇ ਇੱਕ-ਇੱਕ ਸ਼ਹੀਦ ਸਿੱਖ ਦਾ ਮੁੱਖੜਾ ਆਪ ਸਾਫ਼ ਕੀਤਾ, ਪਿਆਰਿਆਂ ਅਤੇ 'ਮੇਰਾ ਪੰਜ ਹਜ਼ਾਰੀ', 'ਮੇਰਾ ਦੱਸ ਹਜ਼ਾਰੀ' ਆਦਿ ਦੇ ਖ਼ਿਤਾਬਾਂ ਨਾਲ ਨਿਵਾਜਿਆ। ਧਰਤੀ ਨੂੰ ਮੁਕਤਸਰ ਦਾ ਸੁੰਦਰ ਇਤਿਹਾਸਕ ਨਾਮ ਵੀ ਬਖ਼ਸ਼ਿਆ। ਜਿਸ ਸਥਾਨ 'ਤੇ ਸ਼ਹੀਦ ਸਿੱਖਾਂ ਦਾ ਸਸਕਾਰ ਕੀਤਾ ਗਿਆ, ਉਸ ਯਾਦ 'ਚ ਉਥੇ ਗੁਰਦੁਆਰਾ 'ਸ਼ਹੀਦ ਗੰਜ' ਮੌਜੂਦ ਹੈ।

ਆਦਿ ਬੀੜ ਦੀ ਸੰਪੂਰਨਤਾ – ਉਪਰੰਤ ਪਾਤਸ਼ਾਹ ਦਮਦਮਾ ਸਾਹਿਬ, ਸਾਬੋਕੀ ਤਲਵੰਡੀ ਜ਼ਿਲ੍ਹਾ ਬਠਿੰਡਾ ਪੁੱਜੇ। ਇਸ ਨੂੰ ਅਜ ਖਾਲਸੇ ਦਾ ਪੰਜਵਾਂ ਤਖ਼ਤ ਐਲਾਨਿਆ ਜਾ ਚੁੱਕਾ ਹੈ। ਸਿੱਖ ਇਤਿਹਾਸ ਅਨੁਸਾਰ ਇੱਥੇ ਗੁਰੂ ਸਾਹਿਬ ਨੇ ਆਦਿ ਬੀੜ 'ਚ ਨੌਵੇਂ ਪਾਤਸ਼ਾਹ ਦੀ ਬਾਣੀ ਭਾਈ ਮਨੀ ਸਿੰਘ ਤੋਂ ਆਪ ਦਰਜ ਕਰਵਾਕੇ ਬੀੜ ਨੂੰ ਸੰਪੂਰਨ ਕੀਤਾ। ਇੱਥੋਂ ਦੇ ਹੀ ਗੁਰੂਦਰ ਤੋਂ ਵਾਰੇ ਵਾਰੇ ਜਾਣ ਵਾਲੇ ਚੌਧਰੀ ਡੱਲਾ ਨੇ ਪਾਤਸ਼ਾਹ ਤੋਂ 'ਪਾਹੁਲ' ਪ੍ਰਾਪਤ ਕੀਤੀ ਤੇ ਉਸ ਨੂੰ ਭਾਈ ਡੱਲਾ ਸਿੰਘ ਬਣਾਇਆ। ਉਸ ਦੀ ਅੰਸ਼ ਹੁਣ ਤੀਕ ਪਾਹੁਲਧਾਰੀ ਹੈ। ਨਵੀਆਂ ਖੋਜਾਂ ਅਨੁਸਾਰ ਬੀੜ ਦੀ ਸੰਪੂਰਣਤਾ ਵਿਸਾਖੀ ਸੰਨ 1699 ਤੋਂ ਪਹਿਲਾਂ ਹੀ ਕਰਵਾਈ ਜਾ ਚੁੱਕੀ ਸੀ।

ਔਰੰਗਜ਼ੇਬ ਦੀ ਮੌਤ – 'ਜ਼ਫਰਨਾਮਾ' ਪੜ੍ਹਣ ਤੋਂ ਬਾਦ ਔਰੰਗਜ਼ੇਬ ਗੁਰੂ ਪਾਤਸ਼ਾਹ ਨੂੰ ਮਿਲਣ ਲਈ ਉਤਾਵਲਾ ਸੀ। ਗੁਰਦੇਵ ਸੰਨ 1706 ਈ: 'ਚ ਔਰੰਗਜ਼ੇਬ ਦੇ ਸੱਦੇ ਤੇ ਉਸਨੂੰ ਮਿਲਣ ਵਾਸਤੇ ਦੱਖਣ ਵੱਲ ਨੂੰ ਚੱਲ ਪਏ। ਮੁਲਾਕਾਤ ਤੋਂ ਪਹਿਲਾਂ ਹੀ ਔਰੰਗਜ਼ੇਬ ਦੀ ਔਰੰਗਾਬਾਦ ਦੇ ਸਥਾਨ ਤੇ ਮੌਤ ਹੋ ਗਈ। ਉਸਦੇ ਪੁੱਤਰ ਮੁਅਜ਼ਮ (ਬਾਦ 'ਚ ਬਹਾਦਰ ਸ਼ਾਹ) ਦੀ ਬੇਨਤੀ ਤੇ ਗੁਰਦੇਵ ਨੇ ਉਸਦੀ ਮਦਦ ਕੀਤੀ ਅਤੇ ਉਸਨੂੰ ਦਿੱਲੀ ਦੇ ਤਖਤ ਤੇ ਬਿਠਾਇਆ।

ਬੈਰਾਗੀ ਤੋਂ ਬੰਦਾ ਸਿੰਘ ਬਹਾਦੁਰ – ਬੰਦਾ ਸਿੰਘ ਬਹਾਦੁਰ ਦਾ ਜਨਮ, ਜੰਮੂ ਪੁਣਛ 'ਚ ਹੋਇਆ ਸੀ। ਇਸ ਦਾ ਪਹਿਲਾ ਨਾਮ ਲਛਮਣ ਦਾਸ ਤੇ ਹੁਣ ਮਾਧੋਦਾਸ ਬੈਰਾਗੀ ਸੀ। ਹੁਣ ਤੀਕ ਇਹ ਆਪਣੇ ਕਿੰਨੇ ਹੀ ਗੁਰੂ ਬਦਲ ਚੁੱਕਾ ਸੀ, ਪਰ ਕਿਸੇ ਤੋਂ ਵੀ ਇਹਦੀ ਤਸੱਲੀ ਨਾ ਹੋਈ। ਹੁਣ ਇਹ, ਰਿੱਧੀਆਂ-ਸਿੱਧੀਆਂ ਦੇ ਝਮੇਲੇ 'ਚ ਫੱਸ ਚੁੱਕਾ ਸੀ। ਆਮ ਲੋਕ ਇਹਦੇ ਸਰਾਪਾਂ-ਕਰੋਪੀਆਂ ਤੋਂ ਡਰੇ ਸਹਿਮੇ ਰਹਿੰਦੇ ਸਨ। ਗੁਰਦੇਵ ਉਹਨੂੰ, ਉਸਦੇ ਆਸ਼ਰਮ ਉੱਪਰ ਜਾ ਕੇ ਮਿਲੇ। ਉਸ ਸਮੇਂ ਇਹ ਅਪਣੇ ਆਸਰਮ 'ਚ ਨਹੀਂ ਸੀ, ਮਿਲਾਪ ਉਪਰੰਤ, ਉਹਦਾ ਜੀਵਨ ਬਦਲਿਆ। ਉਸਨੇ ਆਪਣੇ ਆਪ ਨੂੰ ਗੁਰੂ ਪਾਤਸ਼ਾਹ ਦੇ ਸਮਰਪਣ ਕਰ ਦਿੱਤਾ। ਗੁਰਦੇਵ ਰਾਹੀਂ ਉਸਦਾ ਨਾਂ ਪੁੱਛਣ 'ਤੇ ਕਹਿਣ ਲੱਗਾ 'ਪਾਤਸ਼ਾਹ ਮੈਂ ਹੁਣ ਤੁਹਾਡਾ ਹੀ ਬੰਦਾ ਹਾਂ'। ਗੁਰਦੇਵ ਨੇ ਉਹਨੂੰ ਪਾਹੁਲ ਬਖ਼ਸ਼ੀ, ਬੈਰਾਗੀ ਤੋਂ ਸਿੱਖ ਸਜਾਇਆ ਅਤੇ ਉਸਦਾ ਨਾਮ ਗੁਰਬਖ਼ਸ਼ ਸਿੰਘ ਰੱਖਿਆ। ਇਹੀ ਗੁਰਬਖਸ਼ ਸਿੰਘ ਬਾਅਦ 'ਚ ਬੰਦਾ ਸਿੰਘ ਬਹਾਦੁਰ' ਕਰਕੇ ਮਸ਼ਹੂਰ ਹੋਇਆ। ਪਾਤਸ਼ਾਹ ਨੇ ਉਸਨੂੰ ਪੰਜ ਪਿਆਰਿਆਂ ਦੀ ਕਮਾਨ ਹੇਠ ਪੰਥ ਦਾ ਜਰਨੈਲ ਥਾਪ ਕੇ ਪੰਜਾਬ ਵਲ ਤੋਰਿਆ। ਉਸ ਨੂੰ ਸੂਬਾ ਸਰਹਿੰਦ ਤੇ ਹੋਰ ਜ਼ਾਲਮਾਂ ਦੀ ਸੁਧਾਈ ਦਾ ਕੰਮ ਸੌਂਪਿਆ ਗਿਆ। ਗੁਰਦੇਵ ਨੇ ਉਹਦੀ ਕਮਾਨ ਹੇਠ ਕੰਮ ਕਰਨ ਲਈ ਸਿੰਘਾਂ ਨੂੰ ਹੁਕਮਨਾਮੇ ਭੇਜੇ। ਉਪਰੰਤ ਬੰਦੇ ਨੇ, ਜ਼ਾਲਮਾਂ ਨੂੰ ਸੋਧਿਆ, ਜਿੱਤਾਂ ਹਾਸਲ ਕੀਤੀਆਂ ਤੇ ਖਾਲਸਾ ਰਾਜ ਵੀ ਕਾਇਮ ਕੀਤਾ। ਬੰਦੀ ਹੋ ਜਾਣ ਤੋਂ ਬਾਦ ਜਿਸ ਸੂਰਮਗਤੀ ਨਾਲ ਸਿੱਖੀ ਸਿੱਦਕ ਨਿਭਾਉਂਦੇ, ਇਸ ਨੇ ਲਾਸਾਨੀ ਸ਼ਹਾਦਤ ਪ੍ਰਾਪਤ ਕੀਤੀ, ਉਹ ਇਕ ਵੱਖਰਾ ਇਤਿਹਾਸ ਹੈ।

ਗੁਰਗੱਦੀ ਸੌਂਪਣਾ ਅਤੇ ਜੋਤੀ ਜੋਤ ਸਮਾਉਣਾ – 18 ਅਗਸਤ, ਸੰਨ 1708 ਈ: ਨੂੰ ਸੂਬੇ ਸਰਹੰਦ ਵਜ਼ੀਦ ਖਾਂ ਦੇ ਭੇਜੇ ਦੋ ਪਠਾਨਾਂ ਨੇ ਗੁਰਦੇਵ ਤੇ ਧੋਖੇ ਨਾਲ ਛੁਰੇ ਦਾ ਵਾਰ ਕੀਤਾ। ਇਕ ਨੂੰ ਤਾਂ ਗੁਰਦੇਵ ਨੇ ਉਥੇ ਹੀ ਪਾਰ ਬੁਲਾ ਦਿੱਤਾ ਅਤੇ ਦੂਜੇ ਨੂੰ ਗੁਰੂ ਕੇ ਸਿੱਖਾਂ ਨੇ ਜਹਨਮ ਰਸੀਦ ਕਰਵਾ ਦਿੱਤਾ; ਜਿਰਾਹ (ਹਕਮੀ) ਨੇ ਜ਼ਖਮ ਸੀਅ ਦਿੱਤੇ। ਜ਼ਖਮ ਤਾਂ ਹਰੇ ਹੋ ਚੁੱਕੇ ਸਨ ਪਰ ਇੱਕ ਦਿਨ ਭਾਰੀ ਚਿੱਲਾ ਚੜ੍ਹਾਉਣ ਤੇ

ਜ਼ਖ਼ਮ ਫਿਰ ਖੁੱਲ੍ਹ ਗਏ। ਪਾਤਸ਼ਾਹ ਨੇ ਮਲ੍ਹਮ ਪੱਟੀ ਤੋਂ ਮਨ੍ਹਾ ਕਰ ਦਿੱਤਾ। ਹੁਕਮ ਕੀਤਾ ਕਿ ਸਾਨੂੰ ਅਕਾਲਪੁਰ ਦਾ ਸੱਦਾ ਆ ਚੁੱਕਾ ਹੈ।

ਅੰਤ 6 ਅਕਤੂਬਰ ਸੰਨ 1708- ਦੱਖਣ ਸ੍ਰੀ ਨਾਦੇੜ ਸਾਹਿਬ ਦੇ ਸਥਾਨ ਤੇ ਦਸਮੇਸ਼ ਜੀ ਨੇ ਇਕ ਵਿਸ਼ੇਸ਼ ਸਮਾਗਮ ਕੀਤਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰਿਆਂ ਨੂੰ ਖੜ੍ਹਾ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਮੱਥਾ ਟੇਕ ਦਿੱਤਾ। ਇਸ ਤਰ੍ਹਾਂ ਸ਼ਪਸ਼ਟ ਕਰ ਦਿੱਤਾ ਕਿ ਗੁਰਬਾਣੀ ਦਾ ਖਜ਼ਾਨਾ ਸੰਪੂਰਣ ਹੋ ਚੁੱਕਾ ਹੈ ਅਤੇ ਇਸ ਦਾ ਸਰੂਪ 'ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹਨ ਅਤੇ ਇਨ੍ਹਾਂ ਤੋਂ ਪ੍ਰਾਪਤ ਜੁਗਤ ਅਨੁਸਾਰ ਹੀ, ਪੰਜ ਪਿਆਰਿਆਂ ਨੇ ਪੰਥ ਦੀ ਅਗਵਾਈ ਕਰਨੀ ਹੈ। ਇਸ ਸਮੇਂ ਆਪਜੀ ਦਾ ਫੁਰਮਾਨ ਸੀ- **ਪੂਜਾ ਅਕਾਲਪੁਰਖ ਕੀ- ਪਰਚਾ ਸ਼ਬਦ ਕਾ - ਦੀਦਾਰ ਖ਼ਾਲਸੇ ਕਾ।**

ਬਾਣੀ ਦੇ ਗੁਰੂ ਹੋਣ ਵਾਲੀ ਗੱਲ ਤਾਂ ਪਹਿਲੇ ਜਾਮੇ ਤੋਂ ਹੀ ਸਪਸ਼ਟ ਕੀਤੀ ਜਾ ਰਹੀ ਸੀ। ਇਹ ਤਾਂ ਕੇਵਲ ਸਰੂਪ ਦੀ ਸੰਪੂਰਣਤਾ ਦਾ ਐਲਾਨ ਸੀ। ਸਪਸ਼ਟ ਕਰ ਦਿੱਤਾ ਕਿ 'ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅੰਦਰ ਦਰਜ ਬਾਣੀ ਹੀ ਸਿੱਖ ਸੰਗਤਾਂ ਵਾਸਤੇ ਗੁਰੂ ਹੈ ਉਸ ਤੋਂ ਅੱਗੇ ਪਿੱਛੇ ਨਹੀਂ ਹੋਣਾ (**ਪਰਚਾ ਸ਼ਬਦ ਕਾ**) । ਮਤਲਬ ਇਹ ਕਿ ਸਿੱਖ ਨੇ ਇਸ ਗ੍ਰੰਥ ਵਿਚਲੇ 'ਗੁਰਬਾਣੀ' ਦੇ ਗਿਆਨ ਤੋਂ ਬਾਹਰ ਕਿਸੇ ਨੂੰ 'ਗੁਰੂ' ਕਰਕੇ ਨਾ ਹੀ ਮੰਣਨਾ ਹੈ ਤੇ ਨਾ ਹੀ ਕਿਸੇ ਨੂੰ 'ਗੁਰੂ' ਤੁੱਲ ਜਾਣਨਾ ਹੈ।

ਜੋਤ ਗ੍ਰੰਥ ਵਿਚ, ਜੁਗਤ ਪੰਥ ਵਿਚ - "ਪੂਜਾ ਅਕਾਲ ਪੁਰਖ ਕੀ- ਪਰਚਾ ਸ਼ਬਦ ਕਾ- ਦੀਦਾਰ ਖਾਲਸੇ ਕਾ" ਇਸ ਦਾ ਮਤਲਬ ਹੈ ਕਿ 'ਗੁਰਬਾਣੀ' ਦੀ ਜੁਗਤ ਨੂੰ ਪੰਥ ਪ੍ਰਵਾਣਤ 'ਪੰਜ ਪਿਆਰਿਆਂ' ਨੇ ਇਨ੍ਹਾਂ ਤਿੰਨਾਂ ਵਾਕਾਂ ਦੇ ਦਾਇਰੇ 'ਚ ਰਹਿ ਕੇ ਹੀ ਵਰਤਾਉਣਾ ਹੈ। ਇਹੀ ਸੀ ਗੁਰਬਾਣੀ ਦੇ ਸੰਪੂਰਣ ਸਰੂਪ ਨੂੰ ਗੁਰਗੱਦੀ ਦੀ ਸੌਂਪਣਾ। ਇਹ ਕਹਿਣਾ ਕਿ ਸਰੀਰ ਵਾਲੀ ਗੱਲ ਹੀ ਖ਼ਤਮ ਕਰ ਦਿੱਤੀ, ਬਾਣੀ ਸਿਧਾਂਤ ਨਾਲ ਮੇਲ ਨਹੀਂ ਖਾਂਦੀ। ਫ਼ੈਸਲਾ ਹੈ **"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" (ਪੰ:966)** ਸੁਆਲ ਤਾਂ ਕੇਵਲ ਇੰਨਾ ਹੈ ਕਿ ਪੰਥ ਨੇ ਕਿਹੜਾ ਢੰਗ ਵਰਤਣਾ ਹੈ ਤਾਕਿ ਸਮੇਂ ਸਮੇਂ ਨਾਲ ਨਿਯਤ ਕੀਤੇ 'ਪੰਜ ਪਿਆਰੇ' **"ਪੂਜਾ ਅਕਾਲ ਪੁਰਖ ਕੀ- ਪਰਚਾ ਸ਼ਬਦ ਕਾ- ਦੀਦਾਰ ਖਾਲਸੇ ਕਾ"** ਵਾਲੀ ਆਪਣੀ ਸੀਮਾਂ 'ਚ ਰਹਿ ਕੇ ਕੰਮ ਕਰਨ। ਇਹ 'ਪੰਜ ਪਿਆਰੇ' ਕਦੇ ਵੀ ਸਦੀਵੀ ਜਾਂ ਕਿਸੇ ਆਹੁਦੇ ਨੂੰ ਮੁੱਖ ਰੱਖਕੇ ਪੰਥ ਉੱਪਰ ਨਹੀਂ ਥੋਪੇ ਜਾ ਸਕਦੇ। ਇਹ ਸਚਾਈ ਵੀ ਦਸਮੇਸ਼ ਜੀ ਨੇ ਆਪਣੇ ਜੀਵਨ ਕਾਲ 'ਚ ਹੀ ਪ੍ਰਗਟ ਕਰ ਦਿੱਤੀ ਸੀ। ਵਿਸਾਖੀ 1699, ਉਪਰੰਤ ਦਾਦੂ ਦੀ ਕਬਰ ਵਾਲੀ ਘਟਨਾ, ਚਮਕੌਰ ਦੇ ਸਾਕੇ ਸਮੇਂ, ਬਾਬਾ ਬੰਦਾ ਸਿੰਘ ਨੂੰ ਪੰਜਾਬ ਭੇਜਣ ਸਮੇਂ, ਨਾਦੇੜ ਸਾਹਿਬ ਦੀ ਅਜੋਕੀ ਘਟਨਾ-ਪੰਜ ਪਿਆਰੇ, ਹਰ ਸਮੇਂ ਭਿੰਨ-ਭਿੰਨ ਸਨ।

ਗੁਰਬਾਣੀ ਗੁਰੂ ਦੀ ਗੱਲ ਪਹਿਲੇ ਜਾਮੇ ਤੋਂ ਹੀ ਪੱਕੀ ਕੀਤੀ ਜਾ ਚੁੱਕੀ ਸੀ। ਉਸ ਗੁਰੂ ਰੂਪੀ ਸਦੀਵੀ ਜੋਤ ਤੋਂ ਪ੍ਰਗਟ ਹੋਣ ਵਾਲੀ ਜੁਗਤ ਭਾਵ 'ਜੀਵਨ ਜਾਚ' ਵੀ ਸਦੀਵੀ ਅਤੇ ਬਾਣੀ ਦੇ ਅੰਦਰ ਹੀ ਸੀ। ਜੁਗਤ ਘੜਣ ਵਾਲੀ ਗੱਲ ਵੀ ਦਸਮੇਸ਼ ਜੀ ਰਾਹੀਂ ਸੰਪੂਰਣ ਹੋ ਚੁੱਕੀ ਸੀ। ਜੁਗਤ ਵਰਤਾਉਣ ਦੀ ਸਰੀਰਕ ਜਿੰਮੇਵਾਰੀ ਵੀ ਵਿਸਾਖੀ 1699 ਤੀਕ ਦਸ ਸਰੂਪਾਂ ਰਾਹੀਂ ਪਾਤਸ਼ਾਹ ਨੇ ਆਪ ਵਰਤਾਈ ਅਤੇ ਉਸ ਦਿਨ ਤੋਂ ਇਹ ਸਰੀਰਕ ਜਿੰਮੇਵਾਰੀ ਵੀ ਪੰਥ ਨੂੰ ਸੌਂਪ ਦਿੱਤੀ ਗਈ ਸੀ। ਫ਼ੈਸਲਾ ਦਿੱਤਾ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਅਕਾਲਪੁਰਖ ਦਾ 'ਸ਼ਬਦ-ਬਾਣੀ' ਦੇ ਸ਼ੁੱਧ ਅਤੇ ਸੰਪੂਰਨ ਸਰੂਪ ਹਨ। ਗੁਰਬਾਣੀ ਭਾਵ 'ਗੁਰੂ ਗ੍ਰੰਥ ਸਾਹਿਬ' ਜੀ ਦੀ ਸਿੱਖਿਆ ਅਨੁਸਾਰ ਚਲੇ ਬਿਨਾਂ ਕੋਈ ਸਿੱਖ ਨਹੀਂ- ਇਹੀ ਹੈ **'ਜੋਤ ਗ੍ਰੰਥ ਵਿਚ ਅਤੇ ਜੁਗਤ ਪੰਥ ਵਿਚ'**।

ਜੁਗਤਿ ਬਨਾਉਣੀ ਅਤੇ ਜੁਗਤਿ ਵਰਤਾਉਣੀ - ਦਸਮੇਸ਼ ਜੀ ਦੀ ਜੀਵਨੀ ਤੋਂ, ਇਹ ਗੱਲ ਭਲੀ ਭਾਂਤ ਉਘੜ ਕੇ ਸਾਹਮਣੇ ਆਉਂਦੀ ਹੈ ਕਿ **'ਜੁਗਿਤ ਬਨਾਉਣੀ'** ਹੋਰ ਗੱਲ ਹੈ ਅਤੇ **'ਜੁਗਤਿ ਵਰਤਾਉਣੀ'** ਦੂਜੀ ਗੱਲ ਹੈ। **"ਜੋਤਿ ਓਹਾ ਜੁਗਤਿ ਸਾਇ" (ਪੰ: 966)** ਗੁਰਬਾਣੀ ਦੇ ਫੁਰਮਾਨ 6 ਅਕਤੂਬਰ ਸੰਨ 1708 ਵਾਲੀ ਇਤਿਹਾਸਕ ਘਟਨਾ ਜਦੋਂ ਪਾਤਸ਼ਾਹ ਨੇ ਗੁਰਬਾਣੀ ਦੇ ਸਰੂਪ 'ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਉੱਪਰ ਸੰਪੂਰਣਤਾ ਦੀ ਮੋਹਰ ਲਗਾ ਦਿੱਤੀ ਤਾਂ ਇਸ ਤਰ੍ਹਾਂ ਸਪਸ਼ਟ ਕਰ ਦਿੱਤਾ ਕਿ ਨਾ ਹੀ ਤਾਂ ਜੋਤ ਰੂਪ 'ਗੁਰੂ ਗ੍ਰੰਥ ਸਾਹਿਬ' ਜੀ ਦੀ ਬਾਣੀ 'ਚ ਹੁਣ ਕੋਈ ਵਾਧਾ-ਘਾਟਾ ਹੋ ਸਕਦਾ ਹੈ ਅਤੇ ਨਾ ਹੀ ਇਸ ਸਰੂਪ ਤੋਂ ਪ੍ਰਗਟ ਹੋਣ ਵਾਲੀ 'ਜੀਵਨ ਜੁਗਤ ਜਾਂ ਜੀਵਨ-ਜਾਚ' 'ਚ ਹੀ ਕਿਉਂਕਿ "ਜੋਤਿ

ਓਹਾ ਜੁਗਤਿ ਸਾਇ" ਦਾ ਫੁਰਮਾਨ ਇਸੇ ਦੀ ਉਗਾਹੀ ਭਰ ਰਿਹਾ ਹੈ। ਜੁਗਤ ਵਾਲੀ ਸਚਾਈ ਨੂੰ ਤਾਂ ਅਸੀਂ ਇਤਿਹਾਸ ਦੇ ਝਰੋਖੇ ਚੋਂ ਸਹਿਜੇ ਹੀ ਦੇਖ ਸਕਦੇ ਹਾਂ ਜਿਵੇਂ (1) ਵਿਸਾਖੀ ਸੰਨ 1699 ਤੀਕ ਸਿੱਖ ਧਰਮ 'ਚ ਪ੍ਰਵੇਸ਼ ਦਾ ਢੰਗ 'ਚਰਣ ਪਾਹੁਲ' ਸੀ, ਪਰ ਪੰਥ ਦੇ ਸਪੁਰਦ ਕਰਦੇ ਸਮੇਂ ਦਸਮੇਸ਼ ਜੀ ਨੇ ਇਸ ਨੂੰ 'ਖੰਡੇ ਦੀ ਪਾਹੁਲ' 'ਚ ਬਦਲ ਦਿੱਤਾ। ਹਾਲਾਂਕਿ ਮਤਲਬ ਉਹੀ ਰਿਹਾ ਪਰ 'ਖੰਡੇ ਦੀ ਪਾਹੁਲ' ਵਾਲਾ ਢੰਗ ਸਦੀਵੀ ਹੈ ਇਸ 'ਚ ਰਹਿੰਦੀ ਦੁਨੀਆ ਤੀਕ ਤਬਦੀਲੀ ਨਹੀਂ ਹੋ ਸਕਦੀ। (2) ਪਹਿਲਾਂ ਸਿੱਖ ਧਰਮ 'ਚ ਪ੍ਰਵੇਸ਼ ਉਪਰੰਤ ਨਾਵਾਂ 'ਚ ਤਬਦੀਲੀ ਨਹੀਂ ਸੀ ਹੁੰਦੀ। ਇਸ ਦੇ ਉਲਟ ਹੁਣ ਹਰ ਇੱਕ ਸਿੱਖ ਵੀਰ ਜਾਂ ਬੀਬੀ ਦੇ ਨਾਮ ਨਾਲੋਂ ਪੁਰਾਨੀ ਜਾਤ-ਗੋਤ ਵਾਲੀ ਪਹਿਚਾਣ ਖ਼ਤਮ ਕਰਕੇ ਸਿੰਘ ਤੇ ਕੌਰ ਵਾਲਾ ਸਰੂਪ ਬਖਸ਼ ਦਿੱਤਾ। ਗੁਰੂ ਕੇ ਸਿੱਖਾਂ ਦੇ ਨਾਵਾਂ ਦੇ ਨਾਲ ਤਬਦੀਲੀ ਹੁਣ ਸਦੀਵ ਕਾਲ ਵਾਸਤੇ ਹਨ।

ਦੇਖਣ ਦੀ ਗੱਲ ਹੈ ਕਿ ਇਨ੍ਹਾਂ ਦੋਨਾਂ ਤਬਦੀਲੀਆਂ ਦਾ ਸੰਬੰਧ ਪੰਥਕ ਜੁਗਤ ਨਾਲ ਹੈ ਅਤੇ ਇਸ ਦਾ ਹੱਕ ਵੀ ਕੇਵਲ ਦਸਾਂ ਸਰੂਪਾਂ ਨੂੰ ਹੀ ਸੀ, ਪਰ ਪੰਥ ਕੋਲ ਅਜੇਹਾ ਕੋਈ ਹੱਕ ਨਾ ਹੈ- ਨਾ ਕਦੇ ਹੋਵੇਗਾ ਹੀ। ਇੱਥੋਂ ਇਹ ਗੱਲ ਵੀ ਸਪਸ਼ਟ ਹੋ ਜਾਣੀ ਚਾਹੀਦੀ ਹੈ ਜਦੋਂ ਕਿ ਅਸੀਂ ਇਹ ਮੰਨ ਬੈਠਦੇ ਹਾਂ ਕਿ ਪੰਥ ਹੀ ਗੁਰੂ ਹੈ ਜਾਂ 'ਗੁਰੂ ਪੰਥ ਹੈ' ਤਾਂ ਇਹ ਦੋਵੇਂ ਗੱਲਾਂ ਸਿੱਖ ਸਿਧਾਂਤ ਨਾਲ ਮੇਲ ਨਹੀਂ ਖਾਂਦੀਆਂ। ਇਸਦੇ ਲਈ ਜਦੋਂ ਸਚਾਈ ਉਘੜ ਕੇ ਸਾਹਮਣੇ ਆਉਂਦੀ ਹੈ ਤਾਂ ਅਸਲ ਲਫ਼ਜ਼ ਸਾਬਤ ਹੁੰਦਾ ਹੈ 'ਗੁਰੂ ਕਾ ਪੰਥ'। ਸ਼ਾਇਦ ਵਕਤ ਦੀ ਦੌੜ ਨਾਲ ਅਸੀਂ ਇਸ ਵਿਚੋਂ 'ਕਾ' ਲਫ਼ਜ਼ ਹੀ ਵਿਸਾਰ ਬੈਠੇ ਤੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ 'ਗੁਰੂ ਪੰਥ'। ਦੂਜੇ ਲਫ਼ਜ਼ਾਂ 'ਚ ਜੇਕਰ ਸੱਚਮੁਚ 'ਪੰਥ' ਆਪ ਹੀ ਗੁਰੂ ਹੈ ਤਾਂ ਪੰਥ ਨੂੰ 'ਗੁਰੂ' ਦੀ ਲੋੜ ਹੀ ਕਿੱਥੇ ਰਹਿ ਜਾਂਦੀ ਹੈ, ਪਰ ਇਹ ਮੰਨ ਲੈਣਾ ਜਾਂ ਕਹਿਣਾ ਵੀ ਤਿੰਨ ਕਾਲ ਹੀ ਸੰਭਵ ਨਹੀਂ- ਗੁਰੂ ਤੋਂ ਬਿਨਾ ਤਾਂ ਪੰਥ ਦੀ ਹੋਂਦ ਹੀ ਕਿੱਥੇ ਰਹਿ ਗਈ।

ਸਮਝਣ ਦਾ ਵਿਸ਼ਾ ਹੈ ਕਿ ਗੁਰੂ ਤਾਂ ਸਰਬ ਸਮਰੱਥ ਹੈ, ਉਹ ਬਾਣੀ ਘੜ ਸਕਦਾ ਹੈ, ਦੂਜਿਆਂ ਦੀਆਂ ਰਚਨਾਵਾਂ ਨੂੰ ਪ੍ਰਵਾਨ ਕਰਕੇ ਆਪਣੀ ਬਰਾਬਰੀ ਵੀ ਦੇ ਸਕਦਾ ਹੈ, ਜਿਵੇਂ 15 ਭਗਤਾਂ, 11 ਭੱਟਾਂ ਤੇ ਤਿੰਨ ਸਿੱਖਾਂ ਦੀਆਂ ਰਚਨਾਵਾਂ 'ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ' ਚ ਦਰਜ ਹਨ। ਇਸੇ ਤਰ੍ਹਾਂ ਗੁਰੂ ਨਵੀਂ ਜੁਗਤ ਨੂੰ ਘੜ ਕੇ ਜਾਂ ਉਸ 'ਚ ਤਬਦੀਲੀ ਕਰਕੇ ਵੀ ਵਰਤਾ ਸਕਦਾ ਹੈ, ਪਰ ਪੰਥ ਇਹ ਦੋਵੇਂ ਕਾਰਜ ਨਹੀਂ ਕਰ ਸਕਦਾ, ਪੰਥ ਤਾਂ ਕੇਵਲ ਬਾਣੀ ਦੇ ਦਾਇਰੇ 'ਚ ਰਹਿਕੇ ਹੀ ਉਸ ਸਦੀਵੀ ਜੁਗਤ ਨੂੰ ਸਮੂਹਕ ਪੰਜ ਪਿਆਰਿਆਂ/ਦੇ ਰੂਪ 'ਚ ਵਰਤਾ ਸਕਦਾ ਹੈ। ਵੱਡੀ ਲੋੜ ਹੈ, ਪੰਥ ਅਤੇ ਗੁਰੂ ਵਾਲੇ ਇਸ ਮੁੱਢਲੇ ਫ਼ਰਕ ਨੂੰ ਭਲੀ-ਭਾਂਤ ਸਮਝਣ ਦੀ।

ਪੰਜ ਪਿਆਰਿਆਂ ਦੀ ਕਾਰਜ ਸੀਮਾਂ – ਸਮੇਂ- ਸਮੇਂ ਤੇ ਲੋੜ ਅਨੁਸਾਰ ਪੰਥ ਵਲੋਂ ਪ੍ਰਵਾਣਤ ਪੰਜ ਪਿਆਰਿਆਂ ਦੀ ਕਾਰਜ ਸੀਮਾਂ ਜਿਹੜੀ ਦਸਮੇਸ਼ ਜੀ ਨੇ ਪੱਕੀ ਕੀਤੀ, ਉਹ ਹੈ – **ਪੂਜਾ ਅਕਾਲ ਪੁਰਖੁ ਕੀ- ਪਰਚਾ ਸ਼ਬਦ ਕਾ- ਦੀਦਾਰ ਖਾਲਸੇ ਕਾ-** ਭਾਵ ਪੰਜ ਪਿਆਰੇ ਜਿਨ੍ਹਾਂ ਨੇ ਗੁਰਬਾਣੀ ਦੀ ਜੁਗਤ ਨੂੰ ਅੰਦਰ ਵਰਤਾਉਣਾ ਹੈ ਉਨ੍ਹਾਂ ਲਈ ਕਾਰਜ ਸੀਮਾਂ ਨੰਬਰਵਾਰ ਇਸ ਤਰ੍ਹਾਂ ਹੈ :

(ੳ) ਗੁਰਬਾਣੀ ਜੁਗਤ ਨੂੰ, ਕੇਵਲ ਅਕਾਲਪੁਰਖੁ ਦੇ ਭਯ 'ਚ ਰਹਿਕੇ ਹੀ ਵਰਤਾਉਣਾ ਹੈ। ਕਿਸੇ ਹੋਰ ਦੇ ਭਯ, ਚਾਪਲੂਸੀ, ਪੱਖਪਾਤ, ਧ੍ਰਿੰਦਕ ਅਧੀਨ ਹੋ ਕੇ ਜਾਂ ਕਿਸੇ ਸੁਆਰਥ ਵੱਸ ਨਹੀਂ। ਦਰਅਸਲ ਗੁਰਬਾਣੀ ਹੀ ਅਕਾਲਪੁਰਖੁ ਦਾ ਸ਼ੁੱਧ ਪ੍ਰਗਟਾਵਾ ਵੀ ਹੈ।

(ਅ) ਇਹਨਾਂ ਪੰਜਾਂ ਵਾਸਤੇ ਕੇਵਲ 'ਖੰਡੇ ਦੀ ਪਾਹੁਲ' ਦਾ ਧਾਰਨੀ ਹੋਣਾ ਹੀ ਕਾਫ਼ੀ ਨਹੀਂ, ਬਲਕਿ ਇਹ ਪੰਜ ਪਿਆਰੇ ਬਾਣੀ ਦੇ ਧੁਰੰਦਰ ਵਿਦਵਾਨ ਹੋਣੇ ਵੀ ਜ਼ਰੂਰੀ ਹਨ ਤਾਕਿ ਇਨ੍ਹਾਂ ਦਾ ਦਿੱਤਾ ਜਾਂ ਕੀਤਾ ਫੈਸਲਾ ਤੇ ਸੇਧ, ਬਾਣੀ ਵਿਚਾਰਧਾਰਾ ਤੋਂ ਬਾਹਰ ਨਾ ਜਾਂਦੀ ਹੋਵੇ।

(ੲ) ਇਹ ਪੰਜ ਪਿਆਰੇ ਨਿੱਜੀ ਜੀਵਨ ਅਤੇ ਸਰੂਪ ਭਾਵ ਦੋਹਾਂ ਪੱਖਾਂ ਤੋਂ ਦਿਦਾਰੀ ਹੋਣੇ ਜ਼ਰੂਰੀ ਹਨ। ਉਨ੍ਹਾਂ ਦਾ ਕੇਵਲ ਪੰਜ ਕਕਾਰੀ ਹੋਣਾ ਹੀ ਦੀਦਾਰੀ ਹੋਣਾ ਕਾਫ਼ੀ ਨਹੀਂ, ਇਨ੍ਹਾਂ ਸੱਜਣਾ ਦਾ ਅਪਣੇ ਨਿੱਤ ਦੇ ਜੀਵਨ 'ਚ ਵੀ ਬਾਣੀ ਅਨੁਸਾਰ ਵਿਚਰਦੇ ਹੋਣਾ ਜ਼ਰੂਰੀ ਹੈ। ਬਲਕਿ ਇਹ ਵੀ ਜ਼ਰੂਰੀ ਹੈ ਕਿ ਉਹ ਆਪ ਹੀ ਕਿਸੇ ਅਖੌਤੀ ਸੰਤ, ਸਾਧ, ਮਹਾਰਾਜ ਜਾਂ ਭਾਈ ਸਾਹਿਬ ਤੋਂ ਪ੍ਰਾਪਤ ਜੀਵਨ ਦਾਇਰੇ 'ਚ ਹੀ ਫਸੇ ਨਾ ਹੋਣ।

ਤਖਤ ਸ੍ਰੀ ਪਟਨਾ ਸਾਹਿਬ

*ਡਾ. ਸ਼ਮਸ਼ੇਰ ਸਿੰਘ**

ਇਤਿਹਾਸਕ ਪਿਛੋਕੜ

ਭਾਰਤ ਦੇ ਧਾਰਮਿਕ ਤੇ ਰਾਜਨੀਤਕ ਇਤਿਹਾਸ ਵਾਚਣ ਉਪਰੰਤ ਗਿਆਤ ਹੁੰਦਾ ਹੈ ਕਿ ਪਟਨਾ ਸ਼ਹਿਰ ਕਈ ਨਾਵਾਂ ਨਾਲ ਯਾਦ ਕੀਤੇ ਜਾਣ ਬਾਦ ਵਰਤਮਾਨ ਸਥਿਤੀ ਤਕ ਪਹੁੰਚਿਆ ਹੈ। ਇਸ ਦੇ ਪੁਰਾਣੇ ਨਾਮ ਪਾਲ ਪੋਖਰਾ, ਪਸ਼ਮਪੁਰ ਕੁਸ਼ਮਪੁਰ, ਕੁਸ਼ਾਮਾਵਤੀ ਮੋਰੀਆ ਨਗਰ ਅਤੇ ਪਾਟਲੀਪੁੱਤਰ ਆਦਿ ਸਨ, ਪਰੰਤੂ ਪਾਟਲੀਪੁੱਤਰ ਅਧਿਕਤਰ ਹਰਮਨ ਪਿਆਰਾ ਰਿਹਾ। ਮੁਗ਼ਲ ਬਾਦਸ਼ਾਹ ਦਾ ਇਸ ਸ਼ਹਿਰ ਤੇ ਕਬਜ਼ਾ ਹੋਣ ਉਪਰੰਤ ਇਸ ਦਾ ਨਾਮ ਅਜ਼ੀਮਾਬਾਦ ਵੀ ਰਿਹਾ ਤੇ ਕੁਝ ਹਿੱਸੇ ਨੂੰ ਕੂਚਾ ਫਾਰੂਕ-ਖਾਨ ਭੀ ਕਹਿੰਦੇ ਸਨ।

ਇਹ ਸ਼ਹਿਰ ਕਈ ਸਦੀਆਂ ਤਕ ਭਾਰਤ ਦਾ ਧਾਰਮਿਕ, ਸਾਹਿਤਕ ਅਤੇ ਰਾਜਨੀਤਕ ਕੇਂਦਰ ਰਿਹਾ। ਇਸ ਧਰਤੀ ਨੂੰ ਸੰਸਾਰ ਪ੍ਰਸਿੱਧ ਧਾਰਮਿਕ ਵਿਅਕਤੀਆਂ ਜਿਵੇਂ ਮਹਾਤਮਾ ਬੁੱਧ, ਗੁਰੂ ਨਾਨਕ, ਗੁਰੂ ਤੇਗ ਬਹਾਦਰ ਤੇ ਹੋਰ ਧਾਰਮਿਕ ਮਹਾਪੁਰਸ਼ਾਂ ਨੇ ਪਵਿੱਤਰ ਕੀਤਾ। ਜੈਨੀਆਂ ਦਾ ਤੀਸਰਾ ਮਹਾਨ ਸਮੇਲਨ ਇੱਥੇ ਹੋਇਆ ਜੋ ਆਪਸੀ ਜੈਨੀ ਵਾਰਤਾਲਾਪ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਜਿਸ ਵਿਚ ੨੦ ਹਜ਼ਾਰ ਜੈਨੀ ਇਕੱਠੇ ਹੋਏ, ਇਸ ਸਮੇਲਨ ਦਾ ਸਮਾਂ ਨੰਦ ਰਾਜਿਆਂ ਦੇ ਸਮੇਂ ਅਚਾਰੀਆਂ ਭਦਰਵਾਹੁ ਦੀ ਪ੍ਰਧਾਨਗੀ ਹੇਠ ਹੋਇਆ ਦੱਸਿਆ ਜਾਂਦਾ ਹੈ। ਦੂਸਰਾ ਸਮੇਲਨ ਇਸ ਧਰਤੀ ਤੇ ਬੋਧੀ ਭਿਕਸ਼ੂਆਂ ਦਾ ਪ੍ਰਸਿੱਧ ਹੈ ਜੋ ਮਹਾਰਾਜਾ ਅਸ਼ੋਕ ਦੇ ਰਾਜ ਸਮੇਂ ਉਨ੍ਹਾਂ ਦੀ ਪ੍ਰਧਾਨਗੀ ਹੇਠ ਹੋਇਆ ਤੇ ਇਸ ਸਮੇਲਨ ਤੋਂ ਬਾਦ ਸੰਸਾਰ ਭਰ ਵਿਚ ਬੁੱਧ ਮਤ ਦੇ ਸ਼ਾਂਤੀਦੂਤ ਭੇਜੇ ਗਏ।

ਸੰਸਾਰ ਦੇ ਮਹਾਨ ਅਰਥ ਸ਼ਾਸਤਰੀ ਕੌਟਲਯਾ ਨੇ ਆਪਣੇ ਅਰਥ ਸ਼ਾਸਤਰ ਦੀ ਰਚਨਾ ਇਸੇ ਪਵਿੱਤਰ ਧਰਤੀ ਤੇ ਕੀਤੀ ਅਤੇ ਸੰਸਾਰ ਪ੍ਰਸਿੱਧ ਵਿਆਕਰਣੀ ਪਾਨਿਨੀ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ 'ਅਸ਼ਟਾ ਅਧਿਆਈ' ਦੀ ਰਚਨਾ ਇਸੇ ਧਰਤੀ ਤੇ ਕੀਤੀ, ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਇਹ ਸ਼ਹਿਰ ਮਹਾਰਾਜਾ ਪਤਰਕ ਨੇ ਆਪਣੀ ਪਿਆਰੀ ਪਾਟਲ ਦੇ ਨਾਂ ਤੇ ਵਸਾਇਆ, ਦੂਸਰੀ ਦੰਦ ਕਥਾ ਜੋ 'ਭਵਿੱਖ ਪੁਰਾਣ' ਦੇ ਬ੍ਰਹਮ ਖੰਡ-ਚਿ ਆਉਂਦੀ ਹੈ ਦੇ ਅਨੁਸਾਰ ਇਸ ਸ਼ਹਿਰ ਦੀ ਸਥਾਪਨਾ ਕ੍ਰਿਸ਼ਨਾਗ ਦੇ ਪੁੱਤਰ ਮਹਾਵਲੀ ਪਾਲੀ (ਗਾਧ ਨਾਮੀ ਰਾਜੇ ਦੇ ਸਾਥੀ) ਨੇ ਆਪਣੀ ਪਿਆਰੀ ਪਟਲ ਦੇ ਨਾਮ ਤੇ ਕੀਤੀ।

ਮਹਾਤਮਾ ਬੁੱਧ ਦੇ ਸਮੇਂ (੬00 ਬੀ.ਸੀ.) ਪਾਟਲੀਪੁੱਤਰ ਇੱਕ ਪਿੰਡ (ਕਸਬਾ) ਸੀ ਜਿਸ ਦਾ ਉਲੇਖ ਮਹਾਰਿਸ਼ੀ ਪਾਤੰਜ਼ਲੀ ਨੇ ਆਪਣੇ ਮਾਹਾਭਾਸ਼ ਵਿਚ ਕੀਤਾ ਹੈ। ਰਾਜਾ ਆਜ਼ਾਦ ਸ਼ਤਰੂ ਜਿਸ ਦੀ ਰਾਜਧਾਨੀ ਰਾਜਗ੍ਰਹਿ ਸੀ ਜੋ ਦੁਸ਼ਮਣ ਲਿਹਿਵੀ ਰੀਪਬਲਕ ਦਾ ਮੁਕਾਬਲਾ ਕਰਨ ਦੇ ਲਈ ਯੋਗ ਨਾ ਹੋਣ ਕਾਰਨ, ਗੰਗਾ ਦੇ ਕਿਨਾਰੇ ਇਸ ਪਾਟਲੀਪੁੱਤਰਾ ਕਸਬੇ ਨੂੰ ਇਕ ਕਿਲੇ ਦੀ ਸ਼ਕਲ ਵਿਚ ਬਦਲਿਆਂ ਤੇ ਇਸ ਦੇ ਚਾਰ ਤਰਫ ਦੀਵਾਰ ਬਨਾਕੇ ਮਹਾਤਮਾ ਬੁੱਧ ਜੋ ਉਸ ਸਮੇਂ ਸ਼ਾਂਤੀ ਦਾ ਪੈਗੰਬਰ ਮੰਨਿਆ ਜਾਂਦਾ ਸੀ ਆਪਣੇ ਪਵਿੱਤਰ ਚਰਣ ਪਾਉਣ ਵਾਸਤੇ ਬੇਨਤੀ ਕੀਤੀ। ਮਹਾ ਪ੍ਰੀਨਿਰਵਾਣ ਦੇ ਕਥਨ ਅਨੁਸਾਰ ਮਹਾਤਮਾ ਬੁੱਧ ਕੁਸ਼ੀ ਨਗਰ ਜਾਂਦਿਆਂ ਇਥੇ ਠਹਿਰੇ। ਮਹਾਤਮਾ ਬੁੱਧ ਜੀ ਨੇ ਪਾਟਲੀਪੁੱਤਰ ਵਾਰੇ ਪੈਸ਼ੀਨਗੋਈ ਕਰਦਿਆਂ ਚੇਲੇ ਅਨੰਦ ਨੂੰ ਆਖਿਆ ਕਿ ਇਥੇ ਤਿੰਨ ਚੀਜ਼ਾਂ ; ਅਗਨੀ, ਪਾਣੀ ਤੇ ਆਪਸੀ ਫੁੱਟ ਦੇ ਬਰਾਬਰ ਭੈ ਰਹੇਗਾ। ਇਨਾਂ ਤਿੰਨ ਚੀਜ਼ਾਂ ਦੀ ਤਬਾਹੀ ਕਾਰਨ ਇਸ ਸ਼ਹਿਰ ਵਿਚ ਗਿਰਾਵਟ ਆਉਣ ਉਪਰੰਤ ਵੀ ਇੱਥੋ ਦੇ ਲੋਕ ਫਿਰ ਖੁਸ਼ਹਾਲ ਹੁੰਦੇ ਰਹਿਣਗੇ।

੩੨੦ ਬੀ.ਸੀ. ਪਾਟਲੀਪੁੱਤਰ ਨੰਦ ਰਾਜਿਆਂ ਦੇ ਰਾਜ ਦੀ ਰਾਜਧਾਨੀ ਸੀ, ਜੋ ਭਾਰਤ ਦੇ ਬਹੁਤ ਸਾਰੇ ਹਿੱਸੇ ਤੇ ਰਾਜ ਕਰਦੇ ਸਨ। ਮੋਰੀਆ ਦੇ ਰਾਜ ਸਮੇਂ ਸੋਲੋਕਸ ਨਿਕੋਟਰ ਦਾ ਰਾਜਦੂਤ ਮੈਗਥਨੀਜ਼ ਕਾਫੀ ਸਮਾਂ

---

*(ਰਿਟਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਇੱਥੇ ਚੰਦਰ ਗੁਪਤ ਦੇ ਰਾਜ ਵਿਚ ਠਹਿਰਿਆ, ਗੁਪਤ ਰਾਜਿਆਂ ਦੇ ਰਾਜਕਾਲ ਸਮੇਂ ਕਿਤੇ ਕਿਤੇ ਇਸ ਸ਼ਹਿਰ ਦਾ ਉਲੇਖ ਪਟਨਾ ਨਾਮ ਨਾਲ ਮਿਲਦਾ ਹੈ। ਚੀਨੀ ਯਾਤਰੂ ਹੀਨਯਾਨ ਤੇ ਫਾਹੀਯਾਨ ਇਥੇ ਆਏ। ਫਾਹੀਯਾਨ ਇੱਥੇ ਤਿੰਨ ਸਾਲ ਸੰਸਕ੍ਰਿਤ ਪੜ੍ਹਦਾ ਰਿਹਾ। ਮੈਗਥਨੀਜ਼ ਆਪਣੀ ਯਾਤਰਾ ਵਿਚ ਲਿਖਦਾ ਹੈ ਕਿ ਪਾਟਲੀਪੁੱਤਰ ਭਾਰਤ ਦਾ ਇੱਕ ਲੰਬਾ ਤੇ ਵੱਡਾ ਸ਼ਹਿਰ ਹੈ ਜੋ ਚਾਰੇ ਤਰਫ ਲੱਕੜ ਦੀ ਦੀਵਾਰ ਨਾਲ ਘਿਰਿਆ ਹੋਇਆ ਸੀ, ਇਸ ਦੇ ਚਾਰੇ ਤਰਫ ੩੬ ਫੁੱਟ ਚੌੜੀ ਤੇ ੧੫ ਫੁੱਟ ਡੂੰਘੀ ਖਾਈ ਸੀ ਤੇ ਇਸ ਦੇ ੬੪ ਦਰਵਾਜ਼ੇ ਸਨ। ਫਾਹੀਯਾਨ ਤੋਂ ੨00 ਸਾਲ ਬਾਦ ਇਸ ਸ਼ਹਿਰ ਦਾ ਪਤਣ ਸ਼ੁਰੂ ਹੋ ਗਿਆ। ਇਸ ਪਾਟਲੀਪੁੱਤਰਾਂ ਦੇ ਸ਼ਾਹੂਕਾਰ ਜਾਵਾ, ਸਮਾਟਰਾ ਤੇ ਬਾਲਦੀਪ ਤਕ ਜਾਂਦੇ ਸਨ। ੫੩0, ਈ: ਦੇ ਭੁਚਾਲ ਨੇ ਇਸ ਦਾ ਕਾਫੀ ਨੁਕਸਾਨ ਕੀਤਾ।

ਪਟਨਾ ਸ਼ਹਿਰ ਬਿਹਾਰ ਰਾਜ ਦੀ ਰਾਜਧਾਨੀ ਹੋਣ ਕਰਕੇ ਹੀ ਮਹਾਨ ਨਹੀਂ, ਸਗੋਂ ਇਸ ਦੀ ਮਹਾਨਤਾ ਇਸ ਦਾ ਪੁਰਾਤਨ ਤੇ ਇਤਿਹਾਸਕ ਪਿਛੋਕੜ ਹੋਣ ਕਰਕੇ ਭੀ ਹੈ। ਇਸ ਤੋਂ ਇਲਾਵਾ ਇਹ ਵਿਦਿਆ ਤੇ ਸਾਹਿਤ ਦਾ ਕੇਂਦਰ ਵੀ ਰਿਹਾ । ਇਹ ਸ਼ਹਿਰ ਆਪਣੀ ਸੁੰਦਰਤਾ ਤੇ ਕਲਾ ਕਰਕੇ ਮਸ਼ਹੂਰ ਸੀ। ਧਾਰਮਕ ਪੱਖ ਤੋਂ ਇਸ ਦੀ ਮਹਾਨਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੋ ਸਿੱਖ ਧਰਮ ਦੇ ਦਸਵੇਂ ਗੁਰੂ ਸਨ, ਦਾ ਜਨਮ ਅਸਥਾਨ ਹੋਣ ਕਰਕੇ ਹੈ। ਇਸ ਜਨਮ ਅਸਥਾਨ ਨੂੰ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦਾ ਦੂਸਰਾ ਤਖਤ (Pontific Seat of Authority) ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਇਸ ਸ਼ਹਿਰ ਦਾ ਨਾਂ ਪਟਨਾ ਹੀ ਸੀ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਤਮ ਕਥਾ (ਬਚਿੱਤਰ ਨਾਟਕ) ਵਿਚ ਇਸ ਦਾ ਵਰਨਣ ਕੀਤਾ ਹੈ।

ਮੁਰਿ ਪਿਤ ਪੂਰਬ ਕੀਯਸਿ ਪਯਾਨਾ
ਭਾਂਤ ਭਾਂਤ ਕੇ ਤੀਰਥ ਨਾਨਾ
ਜਬਹੀ ਜਾਤਿ ਤ੍ਰਿਬੇਣੀ ਭਏ
ਪੁੰਨ ਦਾਨ ਦਿਨ ਕਰਤ ਬਿਤਏ
ਤਹੀ ਪ੍ਰਕਾਸ਼ ਹਮਾਰਾ ਭਯੋ।
ਪਟਨਾ ਸਹਿਰ ਬਿਖੇ ਭਵ ਲਯੋ। (ਦਸਮ ਗ੍ਰੰਥ)

ਪਟਨਾ ਸ਼ਹਿਰ ਨੇ ਤਿੰਨ ਗੁਰੂ ਸਾਹਿਬਾਨ ਦੀ ਚਰਨ ਛੂਹ ਪ੍ਰਾਪਤ ਕੀਤੀ ਹੈ। ਸਭ ਤੋਂ ਪਹਿਲਾਂ ਇਸ ਧਰਤੀ ਨੂੰ ਗੁਰੂ ਨਾਨਕ ਦੇਵ ਜੀ (ਸਿੱਖ ਧਰਮ ਦੇ ਬਾਨੀ) ਨੇ ਆਪਣੀ ਪਹਿਲੀ ਯਾਤਰਾ ਸਮੇਂ, ਜਦੋਂ ਪੂਰਬ ਦਾ ਦੌਰਾ ਕੀਤਾ, ਪਵਿੱਤਰ ਕੀਤਾ। ਇਹ ਸਮਾਂ ੧੫੦੭ ਈ: ਦੇ ਲੱਗ ਭੱਗ ਦੱਸਿਆ ਜਾਂਦਾ ਹੈ। ਇਸ ਵਕਤ ਸਾਰਾ ਸ਼ਹਿਰ ਚਾਰ ਚੁਫੇਰਿਓ ਲੱਕੜ ਦੀ ਦੀਵਾਰ ਨਾਲ ਘਿਰਿਆ ਹੋਇਆ ਸੀ ਅਤੇ ਇਸ ਦੇ ੬੪ ਦਰਵਾਜੇ ਸਨ। ਗੁਰੂ ਨਾਨਕ ਦੇਵ ਜੀ ਪੱਛਮੀ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੋਏ ਅਤੇ ਭਗਤ ਜੈਤਾ ਮੱਲ ਜਿੱਥੇ ਹੁਣ ਗੁਰਦੁਆਰਾ ਗਾਏ ਘਾਟ ਹੈ ਨੂੰ ਤਾਰਿਆ ਅਤੇ ਇੱਥੋਂ ਹੀ ਮਰਦਾਨਾ ਇਕ ਕੀਮਤੀ ਹੀਰਾ ਲੈ ਕੇ ਪਟਨਾ ਸਿਟੀ ਵਿਖੇ ਕੱਪੜਾਂ ਦੁਕਾਨ, ਸਬਜ਼ੀ ਦੀ ਦੁਕਾਨ ਤੇ ਦਿਖਾਉਂਦਾ ਹੋਇਆ ਇਕ ਜ਼ੌਹਰੀ ਦੀ ਦੁਕਾਨ 'ਤੇ ਪਹੁੰਚਿਆ, ਜਿਸਦਾ ਨਾਂ 'ਸਾਲਸ ਰਾਏ' ਸੀ। ਇਹ ਕੀਮਤੀ ਹੀਰਾ ਸਾਲਸ ਰਾਏ ਨੇ ਆਪਣੇ ਨੌਕਰ ਅਧਰਕੇ ਰਾਹੀਂ ਦੇਖਿਆ ਅਤੇ ਇਸ ਦਾ ਦਰਸ਼ਨੀ ਮੁੱਲ ੧00/ ਰੁਪਿਆ ਦਿੱਤਾ, ਮਰਦਾਨਾ ਬੜਾ ਖੁਸ਼ ਹੋਇਆ ਜਦੋਂ ਗੁਰੂ ਨਾਨਕ ਨੇ ਮਰਦਾਨੇ ਨੂੰ ਕਿਹਾ ਕਿ ਹੀਰਾ ਜਾ ਪੈਸੇ ਵਾਪਸ ਕਰ ਆਓ। ਇਸ ਘਟਨਾ ਦੇ ਰਾਹੀਂ ਹੀ ਸਾਲਸ ਰਾਏ ਜੌਹਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣ ਕੇ ਆਪਣੇ ਘਰ ਨੂੰ ਸੰਗਤ ਬਣਾ ਦਿੱਤਾ। ਗੁਰੂ ਨਾਨਕ ਦੇਵ ਜੀ ਲੱਗਭੱਗ ਚਾਰ ਮਹੀਨੇ ਇੱਥੇ ਠਹਿਰੇ ਅਤੇ ਸਵੇਰੇ ਸ਼ਾਮ ਸੰਗਤ ਨੂੰ ਉਪਦੇਸ਼ ਕਰਦੇ ਸਨ। ਸਾਲਸ ਰਾਏ ਜੌਹਰੀ ਇਸ ਸੰਗਤ ਦਾ ਮੁਖੀ ਆਪਣੇ ਨੌਕਰ ਅਧਰਕੇ ਨੂੰ ਥਾਪਿਆ ਜੋ ਇਕ ਇਮਾਨਦਾਰ ਹੋਣ ਦੇ ਨਾਲ ਨਾਲ ਧਾਰਮਿਕ ਰੁਚੀਆਂ ਦਾ ਮਾਲਕ ਵੀ ਸੀ ਅਤੇ ਮਨੁੱਖੀ ਜੀਵਨ ਨੂੰ ਇਕ ਹੀਰੇ ਨਾਲ-ਤੁਲਨਾ ਦੇ ਕੇ ਕੀਮਤੀ ਦਰਸਾਇਆ। ਇਨ੍ਹਾਂ ਭਾਵਾਂ ਨੂੰ ਇਕ ਸ਼ਬਦ ਰਾਹੀਂ ਪ੍ਰਗਟ ਕੀਤਾ ਜੋ ਗੁਰੂ ਗ੍ਰੰਥ ਸਾਹਿਬ ਵਿਚ ਮਾਰੂ ਰਾਗ ਵਿਖੇ ਦਰਜ ਹੈ।

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ।
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀਂ ਰੇ।੧।

ਦਾਦਰ ਤੂ ਕਬਹਿ ਨ ਜਾਨਸਿ ਰੇ।
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ।੧। ਰਹਾਉ।

(ਪੰਨਾ ੯੯੦)

ਇਸ ਤੋਂ ਬਾਦ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਗੁਰੂ ਨਾਨਕ ਦੇਵ ਤੋਂ ਬਾਦ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਪੰਜਾਬ ਤੋਂ ਬਾਹਰ ਗੁਰੂ ਮਿਸ਼ਨ ਦਾ ਪ੍ਰਚਾਰ ਕੀਤਾ ਅਤੇ ਪੂਰਬ ਦੇ ਦੌਰੇ ਸਮੇਂ ਪਟਨੇ ਦੀ ਧਰਤੀ ਨੂੰ ਪਵਿੱਤਰ ਕੀਤਾ, ਇਸ ਸਮੇਂ ਇਨ੍ਹਾਂ ਦਾ ਪਰਿਵਾਰ ਮਾਤਾ ਨਾਨਕੀ ਜੀ, ਧਰਮ ਪਤਨੀ ਮਾਤਾ ਗੁਜਰੀ ਜੀ, ਮਾਤਾ ਗੁਜਰੀ ਦੇ ਭਰਾਤਾ, ਮਾਮਾ ਕ੍ਰਿਪਾਲ ਚੰਦ ਜੀ ਤੇ ਹੋਰ ਦਰਬਾਰੀ ਸਿੱਖ ਨਾਲ ਸਨ। ਗੁਰੂ ਤੇਗ਼ ਬਹਾਦਰ ਜੀ ਕੁਝ ਸਮਾਂ ਬੜੀ ਸੰਗਤ ਭਗਤ ਜੈਤਾ ਮੱਲ ਕੋਲ ਠਹਿਰੇ ਉਸ ਸਮੇਂ ਸਾਲਸ ਰਾਏ ਜੋਹਰੀ ਦੀ ਸੰਗਤ ਦਾ ਮੁਖੀ ਅਧਰਕੇ ਦਾ ਪੜਪੋਤਰਾ ਘਨਸ਼ਾਮ ਸੀ। ਘਨਸ਼ਾਮ ਨੂੰ ਪਤਾ ਲੱਗਣ ਤੇ ਗੁਰੂ ਜੀ ਨੂੰ ਪਰਿਵਾਰ ਸਮੇਤ ਗੁਰਦੁਆਰਾ ਗਾਏਘਾਟ ਤੋਂ ਇੱਕ ਜਲੂਸ ਦੀ ਸ਼ਕਲ ਵਿਚ ਸਾਲਸ ਰਾਏ ਜੌਹਰੀ ਦੀ ਸੰਗਤ (ਜਿੱਥੇ ਹੁਣ ਜਨਮ ਅਸਥਾਨ ਹੈ) ਲੈ ਕੇ ਆਏ।

ਗੁਰੂ ਜੀ ਪਰਿਵਾਰ ਨੂੰ ਇੱਥੇ ਛੱਡ ਕੇ ਆਪ ਪ੍ਰਚਾਰ ਹਿਤ ਬੰਗਾਲ, ਅਸਾਮ ਦਾ ਰੁੱਖ ਕੀਤਾ, ਪਰਿਵਾਰ ਨੂੰ ਇਥੇ ਛੱਡਣ ਦਾ ਮੰਤਵ ਇਹੀ ਸੀ ਕਿ ਮਾਤਾ ਗੁਜਰੀ ਜੀ ਗਰਭਵਤੀ ਸਨ। ਪਰਿਵਾਰ ਨੂੰ ਇੱਕ ਅੱਛੀ ਹਵੇਲੀ ਵਿਚ ਰੱਖਣ ਲਈ ਮੁੰਗੇਰ (ਬਿਹਾਰ) ਤੋਂ ਜਾ ਕੇ ਇੱਕ ਹੁਕਮਨਾਮਾ ਲਿਖਦਿਆਂ ਪਟਨੇ ਨੂੰ "ਗੁਰੂ ਕਾ ਘਰ" ਆਖਿਆ ਅਤੇ ਪਰਿਵਾਰ ਦੀ ਸੇਵਾ ਕੀਤੀ, ਦੀ ਘਾਲ ਥਾਇ ਪਈ, ਰੁਜ਼ਗਾਰ ਵਿਚ ਬਰਕਤ ਆਦਿ ਬਖਸ਼ਸ਼ਾਂ ਦਿੱਤੀਆਂ। ਇਹ ਹੁਕਮਨਾਮਾ ਪਾਠਕਾਂ ਦੇ ਗਿਆਤ ਹਿਤ ਅੱਗੇ ਦਿੱਤਾ ਹੈ।

ਗੁਰੂ ਤੇਗ਼ ਬਹਾਦਰ ਜੀ ਪ੍ਰਚਾਰ ਦੌਰੇ ਸੰਬੰਧ ਵਿਚ ਧੁਬੜੀ (ਆਸਾਮ) ਵਿਚ ਸਨ, ਜਦ ਪਟਨਾ ਸਾਹਿਬ ਵਿਖੇ ਗੋਬਿੰਦ ਰਾਏ ਦਾ ਜਨਮ (ਪ੍ਰਕਾਸ਼) ਪੋਹ ਸੁਦੀ ਸਤਮੀ ਸੰਮਤ ੧੭੨੩ ਮੁਤਾਬਕ ੨੨ ਦਸੰਬਰ ੧੬੬੬ ਈ: ਨੂੰ ਹੋਇਆ, ਇਹ ਖਬਰ ਜਦ ਗੁਰੂ ਜੀ ਨੂੰ ਪਹੁੰਚੀ ਤਦ ਬਹੁਤ ਖੁਸ਼ੀਆਂ ਮਨਾਈਆਂ ਗਈਆਂ ਤੇ ਦਾਨ-ਪੁੰਨ ਕੀਤਾ, ਦੀਪ ਮਾਲਾ ਕੀਤੀ ਗਈ। ਗੁਰੂ ਗੋਬਿੰਦ ਸਿੰਘ ਨੇ ਆਪਣੇ ਪ੍ਰਕਾਸ ਦਾ ਮੰਤਵ ਸਪਸ਼ਟ ਕੀਤਾ ਹੈ।

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਅਨ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ
ਦੁਸਟ ਸਭਨ ਕੋ ਮੂਲ ਉਪਾਰਨ *ਦਸਮ ਗ੍ਰੰਥ*

(ਗੁਰੂ) ਗੋਬਿੰਦ ਸਿੰਘ ਜੀ ਨੇ ਆਪਣੇ ਬਚਪਨ ਦੇ ਲਗਭਗ ਪੰਜ ਸਾਲ ਇੱਥੇ ਗੁਜਾਰੇ, ਆਪਣੀਆਂ ਨਿੱਕੀਆਂ-ਨਿੱਕੀਆਂ ਪੈੜਾਂ ਦੀ ਇਸ ਧਰਤੀ ਤੇ ਅਮਿੱਟ ਛਾਪ ਛੱਡ ਗਏ। ਜਿਹੜੀਆਂ ਸਮਾਂ ਪਾ ਕੇ ਇਤਿਹਾਸਕ ਯਾਦਗਾਰ ਹੋ ਨਿਬੜੀਆਂ। ਪਟਨੇ ਵਿਚ ਪੰਡਿਤ ਸ਼ਿਵਦਤ, ਨਵਾਬ ਰਹੀਮ ਬਖਸ਼ ਪੀਰ ਅਰੀਫੋਦੀਨ, ਸਈਅਦ ਭੀਖਨਸ਼ਾਹ, ਰਾਜਾ ਫਤਹਿਚੰਦ ਮੈਨੀ ਉਸ ਦੇ ਖਾਸ ਸ਼ਰਧਾਲੂਆਂ ਵਿਚੋਂ ਸਨ।

ਭਾਈ ਸੰਤੋਖ ਸਿੰਘ ਜੀ – 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ ਦੇ ਕਰਤਾ ਚੋਹਾਂ ਜੁੱਗਾਂ ਦਾ ਚਿੱਤਰ ਪੇਸ਼ ਕਰਦੇ ਹੋਏ ਲਿਖਦੇ ਹਨ ਕਿ ਸੱਚ ਦੀ ਹਮੇਸ਼ਾ ਪਾਪ ਨਾਲ ਟੱਕਰ ਰਹੀ ਹੈ, ਪ੍ਰੰਤੂ ਅਖੀਰ ਜਿੱਤ ਸੱਚ ਦੀ ਹੋਈ ਹੈ, ਸੁਰ ਅਤੇ ਅਸੁਰ ਸ਼ਕਤੀਆਂ ਦੇ ਸੰਘਰਸ਼ ਵਿਚ – ਪ੍ਰਭੂ ਦੈਵੀ ਸ਼ਕਤੀਆਂ ਰਾਹੀ ਪਾਪ ਦਾ ਨਾਸ ਕਰਵਾਇਆ ਅਤੇ ਕਲਜੁਗ ਵਿਚ ਗੁਰੂ ਸਾਹਿਬ ਦੇ ਰਖਿਅਕ ਮੰਨਿਆ ਹੈ।

ਸਤਿਜੁਗ ਬਾਵਨ ਸਰੂਪ ਹ੍ਵੈ ਨ ਉਪਜਤਿ
ਬਲ ਕਰ ਜਗਯ ਸਰਪਰਿ ਦੈਂਤ ਵਾਸਤੇ
ਭਜਨਿ ਸੰਤੋਖ ਸਿੰਘ ਤ੍ਰੇਤੇ ਜੇ ਨ ਰਾਮਚੰਦ

ਰਾਵਨ ਕੋ ਰਾਜ ਰਹੇ ਕੋਉ ਨਾ ਬਿਨਾਸਤੇ
ਦੁਆਪਰਿ ਮੈ ਸਯਾਮਘਨ ਹੋਤੇ ਨ ਕਰਤ ਕੋਨ
ਦੋਖੀਨ ਕੋ ਦੁਖ, ਸੁਖ ਸੰਤਨ ਕੇ ਵਾਸਤੇ
ਤੈਸੇ ਕਲੀ ਕਾਲ ਮਹਿ ਗੁਰੂ ਰੂਪ ਹੋਵਤਿ ਨ।
ਕੋਨ ਹਿੰਦੋਵਾਨੇ ਰਾਖ ਧਰਮ ਕੋ ਪ੍ਰਕਾਸ਼ਤੇ॥ (ਸ੍ਰੀ ਗੁਰ ਪ੍ਰਤਾਪ ਸੂਰਜ ਪੰਨਾ ੫੭੩੩)

ਇਸੇ ਪ੍ਰਕਾਰ ਵੇਦਾਂ ਤੇ ਪੁਰਾਣਾਂ ਦਾ ਨਾਮੋ ਨਿਸ਼ਾਨ ਮਿਟ ਜਾਣਾ ਸੀ ਜੇਕਰ ਮਿਹਰਾ ਦੀ ਸੂਰਤ, ਸੰਤ ਸਿਪਾਹੀ, ਸੂਰਬੀਰ ਗੁਰੂ ਗੋਬਿੰਦ ਸਿੰਘ ਨਾ ਹੁੰਦੇ। ਧਰਮ ਗ੍ਰੰਥਾਂ ਦੀ ਬੇਅਦਬੀ ਹੋਣੀ ਸੀ। ਭਾਵ ਕਿਸੇ ਧਰਮ ਗ੍ਰੰਥ ਦੇ ਪਾਠ- ਪਠਨ ਦਾ ਸਤਿਕਾਰ ਨਹੀਂ ਸੀ ਰਹਿਣਾ। ਧਰਮ (ਹਿੰਦੂ ਧਰਮ) ਖ਼ਤਮ ਹੋ ਜਾਣਾ ਸੀ। ਪਾਪ ਦਾ ਬੋਲ-ਬਾਲਾ ਵਧ ਜਾਣਾ ਸੀ। ਚਾਰੇ ਵਰਣ ਖਤਮ ਹੋ ਜਾਣੇ ਸਨ-

ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ
ਹੋਵਤੀ ਕੁਚੀਲਤਾ ਕਿਤਾਬਨ ਕੁਰਾਨ ਕੀ।
ਪਾਪ ਹੀ ਪ੍ਰਪਕ ਜਾਤੇ, ਧਰਮ ਧਸਕ ਜਾਤੇ, ਬਰਨ ਗਰਕ ਜਾਤੇ ਸਹਿਤ ਬਿਧਾਨ ਕੀ
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ, ਰੀਤ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ ਮੂਰਤ ਨਾ ਹੋਤੀ ਜਉਪੈ ਕਰਨਾ ਨਿਧਾਨ ਕੀ॥
(ਸ੍ਰੀ ਗੁਰ ਪ੍ਰਤਾਪ ਸੂਰਜ ੫੭੩੩)

ਇਸ ਪਵਿੱਤਰ ਜਨਮ ਅਸਥਾਨ ਦੀ ਇਮਾਰਤ ਦੀ ਪਹਿਲੀ ਵਾਰ ਸੇਵਾ ਲੋਕਲ ਰਾਜਾ ਫਤਹਿ ਚੰਦ ਮੈਨੀ ਨੇ ੧੭੨੨ ਸੰਮਤ ਵਿਚ ਕਰਵਾਈ ਜਦੋਂ ਗੁਰੂ ਜੀ ਦਾ ਪਰਿਵਾਰ ਇਸ ਅਸਥਾਨ ਤੇ ਆਇਆ।

ਤਖਤ ਪਟਨਾ ਸਾਹਿਬ ਵਿਦੇਸ਼ੀ ਯਾਤਰੂਆਂ ਦੀ ਨਿਗਾਹ ਵਿਚ

ਮੁੱਲਾ ਅਹਿਮਦ ਬਾਬਾਹਨੀ ੧੮ ਵੀਂ ਸਦੀ ਦੇ ਅਖੀਰ ਵਿਚ ਪਟਨਾ ਵਿਖੇ ਆਇਆ ਉਸਨੇ ਮੀਰਾਤ ਉਲ-ਅਹਿਬਾਲ ਜਹਾਨ-ਨੁਮਾ ਵਿਚ ਹਰਿਮੰਦਰ ਬਾਰੇ ਹੇਠ ਲਿਖੇ ਸ਼ਬਦ ਵਰਤੇ ਹਨ :-

"ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਤੇ ਉਸ ਦੇ ਸਰਧਾਲੂ ਸਿੱਖਾਂ ਨੇ ਇੱਕ ਸ਼ਾਨਦਾਰ ਯਾਦਗਾਰੀ ਇਮਾਰਤ ਉਸਾਰ ਦਿੱਤੀ ਹੈ, ਜਿਸਦਾ ਨਾਮ ਹਰਿਮੰਦਰ ਰੱਖਿਆ ਅਤੇ ਇਹ ਸਿੱਖਾਂ ਦੀ ਸ਼ਕਤੀ ਦਾ ਕੇਂਦਰ ਬਣ ਗਿਆ, ਜਿਸ ਨੂੰ 'ਸੰਗਤ' ਵੀ ਆਖਿਆ ਜਾਂਦਾ ਹੈ ਅਤੇ ਸਿੱਖਾਂ ਨੇ ਇਸ ਨੂੰ ਯਾਤਰਾ ਤੀਰਥ ਬਨਾ ਦਿੱਤਾ ਹੈ। ਇਹ ਸਿੱਖ ਕੌਮ ਲਈ ਬੜੀ ਸ਼ਰਧਾ ਤੇ ਸਤਿਕਾਰ ਦਾ ਚਿੰਨ ਹੈ।"

ਚਾਰਲਸ ਬਿਲਕਿਨ ਜੋ ੧ ਮਾਰਚ ੧੭੮੧ ਈ: ਨੂੰ ਇੱਥੇ ਆਇਆ, ਇਸ ਇਮਾਰਤ ਦੀ ਹੇਠ ਲਿਖੇ ਸ਼ਬਦਾਂ ਰਾਹੀਂ ਤਸਵੀਰ ਖਿੱਚੀ ਹੈ :

"ਇਹ ਸਾਰੀ ਇਮਾਰਤ ਲਗਭਗ 40 ਫੁੱਟ ਦੇ ਵਰਗਫਲ ਖੇਤਰ ਵਿਚ ਹੈ। ਜੋ ਧਰਤੀ ਦੀ ਸਤਹ ਤੇ ਛੇ ਸੱਤ ਪਾਉੜੀਆਂ ਉੱਚੀ ਹੈ। ਹਾਲ ਕਮਰਾ ਵਿਚਕਾਰ ਹੈ ਅਤੇ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਜੋ ਸਾਰਾ ਲੱਕੜੀ ਦਾ ਹੈ, ਪ੍ਰੰਤੂ ਬੜਾ ਸਾਫ ਸੁੱਥਰਾ ਹੈ। ਇਹ ਇਮਾਰਤ ਲੰਬਾਈ ਵਿਚ ਜ਼ਿਆਦਾ ਹੈ ਅਤੇ ਚੌੜਾਈ ਵਿਚ ਘੱਟ ਹੈ। ਸਾਰਾ ਫਰਸ਼ ਦਰੀਆਂ ਨਾਲ ਢੱਕਿਆ ਹੋਇਆ ਹੈ। ਛੇ ਸੱਤ ਮੰਜੀ ਸਾਹਿਬ ਦੀਵਾਰ ਦੇ ਕਿਨਾਰੇ ਰੱਖੇ ਹੋਏ ਹਨ। ਜਿੰਨਾਂ ਤੇ ਧਾਰਮਿਕ ਕਾਨੂੰਨ ਦੀਆਂ ਪੁਸਤਕਾਂ (ਗੁਰੂ ਗ੍ਰੰਥ ਸਾਹਿਬ) ਬਿਰਾਜਮਾਨ ਹਨ। ਦੀਵਾਰ ਦੇ ਨਾਲ ਯੂਰਪੀਨ ਸ਼ੀਸ਼ੇ ਮੁਸਲਮਾਨ ਸ਼ਹਿਜਾਦਿਆਂ ਅਤੇ ਹਿੰਦੂ ਦੇਵਤਿਆਂ ਦੀਆਂ ਤਸਵੀਰਾਂ ਲਟਕਾਈਆਂ ਹੋਈਆਂ ਹਨ। ਹਾਲ ਦੇ ਇਕ ਕਿਨਾਰੇ ਛੋਟਾ ਕਮਰਾ ਜੋ ਸੁਨਹਿਰੀ ਕੱਪੜੇ ਨਾਲ ਸਜਾਇਆ ਹੋਇਆ ਸੀ, ਜਿਸ ਵਿਚ ਇਕ ਲੋਹੇ ਦੀ ਢਾਲ ਵੱਡੀ ਕਿਰਪਾਨ ਤੇ ਇਕ ਮੋਰ ਦੇ ਪੰਖਾ ਦਾ ਚੋਰ ਰੱਖਿਆ ਹੋਇਆ ਸੀ ਜੋ ਚਾਂਦੀ ਦੀ ਹੱਥੀ ਵਿਚ ਮੜ੍ਹਿਆ ਹੋਇਆ ਸੀ। ਮੰਜੀ (ਪਾਲਕੀ ਗੁਰੂ ਗ੍ਰੰਥ ਸਾਹਿਬ) ਬੜੀ ਸਜਾਈ ਹੋਈ ਸੀ। ਇਸ ਦੇ ਉੱਪਰ ਸੁਨਿਹਰੀ ਹਾਰ ਪਾਏ ਗਏ ਸਨ। ਇਸ ਦੇ ਅੱਗੇ ਫੁੱਲਾਂ ਦੇ ਗੁਲਦਸਤੇ ਸਜਾਏ ਹੋਏ ਸਨ। ਇਨ੍ਹਾਂ ਦੇ ਅੱਗੇ ਤਿੰਨ ਗੋਲਕਾਂ ਜੋ ਤਾਂਬੇ ਦੀਆਂ ਮਾਲੂਮ ਹੁੰਦੀਆਂ ਹਨ ਦਾਨ ਲੈਣ ਲਈ ਰੱਖੀਆਂ ਸਨ। ਮੰਜੀ ਸਾਹਿਬ ਦੇ ਨਜ਼ਦੀਕ ਇਕ ਧਾਰਮਿਕ ਪੁਸਤਕ ਸਜਾਈ ਰੱਖੀ ਹੋਈ ਸੀ। ਜਿਸ ਵਿਚ ਕੁਝ ਬਾਣੀਆਂ ਰੋਜ਼ਾਨਾ ਪੜ੍ਹੀਆਂ ਜਾਂਦੀਆਂ ਸਨ। ਇਹ ਧਾਰਮਿਕ ਪੁਸਤਕ ਨੀਲੇ ਕੱਪੜੇ ਨਾਲ ਢੱਕੀ ਹੋਈ ਸੀ। ਜਿਸਤੇ ਕੁਝ ਗੁਰਬਾਣੀ ਦੇ ਸੁਨਿਹਰੀ ਅੱਖਰ ਲਿਖੇ ਹੋਏ ਸਨ।"

ਇਹ ਉਪਰੋਕਤ ਵਿਵਰਨ ਸਾਰਾ ਪੁਰਾਣੀ ਇਮਾਰਤ ਦਾ ਹੈ। ਇਸ ਇਮਾਰਤ ਦੀ ਦੂਸਰੀ ਵਾਰ ਸੇਵਾ ੧੮੩੭ ਈ: ਵਿਚ ਸ਼ੁਰੂ ਹੋਈ, ਜਿਹੜੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਕਾਰੀਗਰ ਤੇ ਮਾਇਆ ਭੇਜ ਕੇ ਕਰਵਾਈ। ਜਿਹੜੀ ੧੮੩੭ ਈ: ਵਿਚ ਸ਼ੁਰੂ ਹੋ ਕੇ ੧੮੩੯ ਵਿਚ ਸਮਾਪਤ ਹੋਈ ਸੀ। ਇਸ ਬਣਤਰ ਬਾਰੇ ਦਿੱਤੇ ਗਏ ਵਰਣਨ ਤੋਂ ਭਲੀਭਾਂਤ ਗਿਆਤ ਹੈ ਪ੍ਰੰਤੂ ਮਹਾਰਾਜਾ ਇਸ ਦੇ ਦਰਸ਼ਨ ਕਰਨ ਤੋਂ ਪਹਿਲਾਂ ਹੀ ਸੰਸਾਰ ਤੋਂ ਗੁਰੂ ਨੂੰ ਪਿਆਰਾ ਹੋ ਗਿਆ ਸੀ।

੧ੳ ਸਤਿਗੁਰ ਪ੍ਰਸਾਦਿ॥ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥ ਸੰਬਤ ੧੭੨੨ ਮਿਤੀ ਜੇਠ ਸੁਦੀ ੧ ਤਖਤ ਸ੍ਰੀ ਹਰਿਮੰਦਰ ਜੀ ਟਹਿਲ ਪਹਿਲੀ॥ ਟਹਲ ਦੂਸਰੀ ਬਰ ਸ੍ਰਕਾਰ ਰਣਜੀਤ ਸਿੰਘ ਬਹਾਦ੍ਰ ਦੀ ਰਾਹੀ ਭਾਈ ਗੁਰਮੁਖ ਸਿੰਘ ਗਿਆਨੀ ਦੀ ਦਸਤੀ ਭਾਈ ਸਿਯਾਮ ਸਿੰਘ ਜੀ ਰੂਪ ਸਿੰਘ ਰਾਜਾ ਸਮੰਤ ੧੮੯੮ ਮਿਤੀ ਚੇਤ ਸੁਦੀ ੧੩॥

ਨੋਟ : ਇਹ ਹੱਥ ਲਿਖਤ ਇਬਾਰਤ ਪੱਥਰ ਤੇ ਉਕਰੀ ਹੋਈ ਹੈ।

੧੭੩੪ ਈ: ਵਿਚ ਪਟਨਾ ਵਿਚ ਦੁਬਾਰਾ ਭੂਚਾਲ ਕਾਰਨ ਇਸ ਬਣੀ ਇਮਾਰਤ ਨੂੰ ਕੁਝ ਨੁਕਸਾਨ ਪਹੁੰਚਾ ਇਸ ਅਸਥਾਨ ਤੇ ਰਿਹਾਇਸ਼ ਵਾਲੀ ਇਮਾਰਤ ਨੂੰ ਫੂਲਕੀਆਂ ਸਟੇਟ ਦੇ ਰਾਜਿਆਂ ਵੱਲੋਂ ਬਨਾਉਣ ਦਾ ਜ਼ਿਕਰ ਆਉਂਦਾ ਹੈ ਅਤੇ ਨਾਲ ਲੱਗੇ ਪੱਥਰਾਂ 'ਤੇ ਇਸ ਦਾ ਸਬੂਤ ਮਿਲਦਾ ਹੈ।

ਗੁਰਦੁਆਰਾ ਦੀ ਇਮਾਰਤ ਨੂੰ ਫਿਰ ਤੋਂ ਬਨਾਉਣ ਲਈ ਸੰਗਤ ਵਿਚ ਉਤਸ਼ਾਹ ਪੈਦਾ ਹੋਣ ਤੇ ਸੰਤ ਮਹਾਤਮਾ, ਚੀਫ ਖਾਲਸਾ ਦੀਵਾਨ, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਲੰਗਰ ਦੀ ਇਮਾਰਤ ਵਾਲਾ ਹਿੱਸਾ ਬਣ ਗਿਆ ਸੀ ਤੇ ਫਿਰ ਜਨਮ ਅਸਥਾਨ ਵਰਤਾਨ ਇਮਾਰਤ ਵੱਲ ਧਿਆਨ ਦਿੱਤਾ ਸੀ।

੧੦ ਨਵੰਬਰ, ੧੯੫੪ ਈ: ਕਤਕ ਪੂਰਨਮਾਸ਼ੀ ਦੇ ਸ਼ੁਭ ਅਵਸਰ ਤੇ ਇਸ ਵਰਤਮਾਨ ਪੰਜ ਮੰਜਲੀ ਸ਼ਾਨਦਾਰ ਇਮਾਰਤ ਦੀ ਨੀਂਹ ਰੱਖੀ ਗਈ। ਇਸ ਮਹਾਨ ਕਾਰਜ ਦੇ ਸ਼ੁਰੂ ਕਰਨ ਦੀ ਦੇਰ ਸੀ, ਸਾਰੇ ਸਿੱਖ ਜਗਤ 'ਚੋਂ ਤਨ ਮਨ ਤੇ ਧਨ ਨਾਲ ਸੇਵਾ ਆਉਣੀ ਸ਼ੁਰੂ ਹੋ ਗਈ। ਕੱਲਕਤੇ ਦੀ ਸਾਧ ਸੰਗਤ ਨੇ ਚਾਲੀ ਹਜ਼ਾਰ ਇਕ ਰੁਪਏ ਦਾ ਡਰਾਫਟ ਪ੍ਰਧਾਨ ਸ੍ਰ: ਸੁਰਜੀਤ ਸਿੰਘ ਮਜੀਠੀਆ (ਡਿਪਟੀ ਡੀਫੈਂਸ ਮਨਿਸਟਰ) ਨੂੰ ਭੇਟ ਕੀਤਾ ਇਸੇ ਤਰ੍ਹਾਂ ਹੀ ਕਾਨਪੁਰ ਦੀ ਸੰਗਤ ਨੇ ਇੱਕੀ ਹਜ਼ਾਰ ਰੁਪਿਆ ਇਕੱਠਾ ਕਰਕੇ ਭੇਜਿਆ, ਪਟਨਾ ਅਤੇ ਬਿਹਾਰ ਦੀ ਸੰਗਤ ਨੇ ਵੀ ਇਸ ਵਿਚ ਕਾਫੀ ਰੁਪਿਆ ਇਕੱਠਾ ਕਰਕੇ ਸੇਵਾ ਕੀਤੀ ਅਤੇ ਬਾਕੀ ਸਾਰੇ ਹਿੰਦੁਸਤਾਨ ਚੋਂ ਮਾਇਆ ਇਕੱਠੀ ਹੋ ਕੇ ਆਈ ਅਤੇ ਇਸ ਤੇ ਖਰਚਾ ਲੱਗਭੱਗ ੨੦ ਲੱਖ ਹੋਇਆ ਸੀ। ਇਸਦੇ ਹਾਲ ਦੀ ਉਚਾਈ ੩੧ ਫ਼ੁੱਟ ਤੇ ਕੁਲ ਉੱਚਾਈ ੧੦੮ ਫ਼ੁੱਟ ਹੈ। ਇਸ ਮਹਾਨ ਕੁੰਭ ਵਿਚ ਸੰਤ ਨਿਸ਼ਚਲ ਸਿੰਘ ਜੀ ਜਮੁਨਾ ਨਗਰ ਤੇ ਸੰਤ ਬਾਬਾ ਕਰਤਾਰ ਸਿੰਘ ਜੀ ਸੁਲਤਾਨਪੁਰ ਲੋਧੀ (ਕਪੂਰਥਲਾ) ਨੇ ਹਰ ਪੱਖ ਤੋਂ ਅਣਗਿਣਤ ਸੇਵਾ ਕੀਤੀ। ਇਸ ਮਹਾਨ ਉਦਮ ਦਾ ਕਾਰਨ ਇਹ ਇਮਾਰਤ ਪੋਹ ਸੁਦੀ ਸਤਮੀ ੧੯੫੭ ਨੂੰ ਸੰਪੂਰਨ ਹੋਈ। ਇਸ ਦੇ ਹਾਲ ਕਮਰੇ ਦਾ ਉਦਘਾਟਨ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੇ ਇੱਕ ਲੱਖ ਰੁਪਿਆ ਦੇਣ ਉਪ੍ਰੰਤ ਕੀਤਾ।

ਇਸ ਇਮਾਰਤ ਦੇ ਥੱਲੇ ਭੋਰਾ ਹੈ ਗਰਾਊਂਡ ਫਲੋਰ ਜੋ ਜਨਮ ਅਸਥਾਨ ਹੈ ਤੇ ਆਦਿ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਗੁਰੂ ਮਹਾਰਾਜਾ ਦੇ ਸ਼ਸਤਰ, ਪਊੜੇ (ਗੁਰੂ ਗੋਬਿੰਦ ਸਿੰਘ ਤੇ ਗੁਰੂ ਤੇਗ਼ ਬਹਾਦਰ) ਦਸਮ ਪਾਤਸ਼ਾਹ ਦਾ ੩੦੦ ਵਰਸ਼ ਪੁਰਾਣਾ ਚੋਲਾ, ਆਦਿ ਵਸਤਾ ਸ਼ੋਭਨੀਕ ਹਨ। ਦੂਸਰੀ ਮੰਜਲ ਤੇ ਸਾਧ ਸੰਗਤ ਵਲੋਂ ਆਏ ਅਖੰਡ ਪਾਠਾਂ ਦੀ ਲੜੀ ਚਲਦੀ ਹੈ। ਤੀਸਰੀ ਮੰਜਲ ਤੇ ਅਜਾਇਬ ਘਰ ਹੈ। ਚੌਥੀ ਮੰਜਲ ਤੇ ਅੰਮ੍ਰਿਤਪਾਨ, ਆਨੰਦ ਕਾਰਜ ਆਦਿ ਦਾ ਇੰਤਜ਼ਾਮ ਹੈ। ਪੰਜਵੀ ਮੰਜਲ ਤੇ ਪੁਰਾਤਨ ਹੱਥ ਲਿਖਤ, ਪੱਥਰ ਦੇ ਛਾਪੇ ਦੀਆਂ ਬਿਰਧ ਬੀੜਾਂ ਦੀ ਸੰਭਾਲ ਹੈ।

ਪ੍ਰਬੰਧ

ਤਖਤ ਸ੍ਰੀ ਹਰਿਮੰਦਰ ਜੀ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਇਸ ਦਾ ਪ੍ਰਬੰਧ ਪਹਿਲਾਂ ਪਹਿਲ ਬੰਗਾਲ ਬੋਰਡ ਆਫ ਰੈਵੀਨਿਓ ਰੈਗੂਲੇਸ਼ਨ ਨੰ: ੧੯/੧੮੧੦ ਈ: ਅੰਗਰੇਜ਼ ਸਰਕਾਰ ਈਸਟ (ਇੰਡੀਆ ਕੰਪਨੀ) ਦੇ ਅਧੀਨ ਸੀ। ਰੀਲੀਜਸ ਇੰਡੋਮੈਂਟ ਐਕਟ ਨੰ: ੨੦-੧੮੬੩ ਦੇ ਅਧੀਨ ਮਿਤੀ ੧੧ ਮਾਰਚ ੧੮੬੫ ਨੂੰ ਇਹ ਹੱਕ ਹਕੂਕ ਮਹੰਤ ਗੰਡਾ ਸਿੰਘ ਨੂੰ ਟਰਾਂਸਫਰ ਕਰ ਦਿੱਤੇ ਗਏ ਐਕਟ ੧੮੬੩ ਦੀ ਧਾਰਾ ਚਾਰ ਦੇ ਅਧੀਨ

ਬੋਰਡ ਆਫ ਰੈਵੀਨਿਓ ਨੇ ਮਹੰਤ, ਮੈਨੇਜਰ ਤੇ ਟਰੱਸਟੀ ਦੀ ਨਿਯੁਕਤੀ ਦਾ ਅਧਿਕਾਰ ਜ਼ਿਲ੍ਹਾ ਜੱਜ ਪਟਨਾ ਨੂੰ ਦਿੱਤਾ, ਜਿਸ ਦਾ ਜ਼ਿਕਰ ਅਸੀਂ ਅੱਗੇ ਜਾ ਕੇ ਕਰਾਂਗੇ।

ਪਹਿਲਾਂ ਪਹਿਲ ਤਖਤ ਸਾਹਿਬ ਦਾ ਪ੍ਰਬੰਧ ਮਹੰਤਾਂ ਦੇ ਕਬਜ਼ੇ ਵਿਚ ਹੁੰਦਾ ਸੀ। ਜਿੰਨ੍ਹਾਂ ਦੇ ਅਧੀਨ ਅੰਦਰੂਨੀ ਸਾਰਾ ਕੰਮ ਚਲਾਉਣ ਲਈ, ਜ਼ਿਲ੍ਹਾ ਜੱਜ ਪਟਨਾ ਹੀ ਮੈਨੇਜਰ, ਗ੍ਰੰਥੀ ਸੇਵਾਦਾਰ ਆਦਿ ਦੀ ਨਿਯੁਕਤੀ ਕਰਦਾ ਸੀ। ਉਪਲਬਧ ਰਿਕਾਰਡ ਤੋਂ ਹੇਠ ਲਿਖੇ ਮਹੰਤਾਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਸਮੇਂ ਸਮੇਂ ਇਸ ਦੇ ਪ੍ਰਬੰਧ ਨੂੰ ਚਲਾਇਆ :

੧.	ਭਾਈ ਨਵਲ ਸਿੰਘ	੧੭੮੭ ਈ:
੨.	ਭਾਈ ਦਿਆਲ ਸਿੰਘ	੧੭੮੭ ਤੋਂ ੧੮੩੨ਈ:
੩.	ਭਾਈ ਸੁਖਾ ਸਿੰਘ	੧੮੩੨ ਤੋਂ ੧੮੬੧ ਈ:
੪.	ਭਾਈ ਦੀਦਾਰ ਸਿੰਘ	੧੮੬੧ ਤੋਂ ੧੮੬੫ ਈ:
੫.	ਭਾਈ ਗੰਡਾ ਸਿੰਘ	੧੮੬੫ ਤੋਂ ੧੮੭੫ ਈ:
੬.	ਭਾਈ ਧਰਮ ਸਿੰਘ	੧੮੭੫ ਤੋਂ ੧੮੮੨

ਭਾ: ਧਰਮ ਸਿੰਘ ਨੇ ਬੜਾ ਸਾਹਿਬ (ਹੱਥ ਲਿਖਤ ਮੂਲ ਮੰਤਰ ਸ੍ਰੀ ਗੁਰੂ ਗੋਬਿੰਦ ਸਿੰਘ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੀੜ) ਮਹਾਰਾਜ ਜੀਂਦ ਨੂੰ ਦੋ ਲੱਖ ਰੁਪਏ ਨੂੰ ਦੇਣੀ ਕਰ ਲਈ ਸੀ। ਸੰਗਤ ਨੇ ਜ਼ਿਲ੍ਹਾ ਜੱਜ ਨੂੰ ਮਿਲ ਕੇ ਇਸ ਤੇ ਰੋਕ ਲਗਵਾ ਦਿੱਤੀ। ਇਸ ਤੋਂ ਬਾਦ ਰਾਇ ਈਸ਼ਵਰੀ ਪ੍ਰਸਾਦਿ, ਬਲਾਕੀ ਲਾਲ, ਜੈ ਨਰਾਇਣ ਤੇ ਬਾਜਿਪਾਈ ਨੇ ਕੁਝ ਮਹੀਨਿਆਂ ਲਈ ਟਰਸਟੀ ਦੇ ਤੌਰ ਤੇ ਕੰਮ ਕੀਤਾ। ਇਸ ਤੋਂ ਬਾਦ ਹੇਠ ਲਿਖੇ ਮਹੰਤਾਂ ਦਾ ਫਿਰ ਕਬਜ਼ਾ ਰਿਹਾ :

੭.	ਬਾਬਾ ਸੁਮੇਰ ਸਿੰਘ	੧੮੮੨ ਤੋਂ ੧੯੦੩ ਈ:
੮.	ਬਾਬਾ ਦਲੀਪ ਸਿੰਘ	੧੯੦੩ ਤੋਂ ਸਿਰਫ ਛੇ ਮਹੀਨੇ ਲਈ
੯.	ਬਾਬਾ ਬਚਿੱਤ੍ਰ ਸਿੰਘ	੧੯੦੩ ਤੋਂ ੧੯੧੩ ਈ:
੧0.	ਬਾਬਾ ਮੁਕੰਦ ਸਿੰਘ	੧੯੧੩ ਤੋਂ ੧੯੩੦ ਈ:

ਮਈ ੧੯੩0 ਈ: ਵਿਚ ਅਖੀਰਲੇ ਮਹੰਤ ਬਾਬਾ ਮੁਕੰਦ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਉਪ੍ਰੰਤ ਜ਼ਿਲ੍ਹਾ ਜੱਜ ਪਟਨਾ ਨੇ ਕੇਸ ਨੰ: ੫੮ / ੧੮੩੦ ਦੇ ਅਧੀਨ ਆਰਜੀ ਤੌਰ ਤੇ ਗਿ: ਗੁਰਬਚਨ ਸਿੰਘ ਤੇ ਗਿ: ਗੁਰਮੁਖ ਸਿੰਘ ਸਾਂਝੇ ਤੌਰ ਤੇ ਮੈਨੇਜਰ ਨਿਯੁਕਤ ਕੀਤੇ। ਪੰਜ ਸਾਲ ਤਕ ਮੈਨੇਜਰ ਕੋਈ ਐਕਟ ਬਾਈ ਲਾਜ ਨਾ ਬਣਾ ਸਕੇ।

ਮੈਨੇਜਮੈਂਟ

ਜ਼ਿਲ੍ਹਾ ਜੱਜ ਨੇ ੧੯੩੬ ਈ: ਨੂੰ ਪੰਜ ਮੈਂਬਰਾਂ ਦੀ ਸੁਪਰਵਾਈਜ਼ਰੀ ਕਮੇਟੀ ਬਣਾਈ ਜੋ ੧੯੫੬ ਤੱਕ ਕੰਮ ਕਰਦੀ ਰਹੀ। ਜਿਸ ਦੇ ਅਖੀਰਲੇ ਮੈਂਬਰ ਸ੍ਰ: ਲਖਮੀਰ ਸਿੰਘ ਪ੍ਰਧਾਨ, ਸ੍ਰ: ਅਰਜਨ ਸਿੰਘ ਜਨਰਲ ਸਕੱਤਰ, ਸ੍ਰ: ਕਰਤਾਰ ਸਿੰਘ ਸੇਠੀ ਮੈਂਬਰ, ਸ੍ਰ: ਠਾਕਰ ਸਿੰਘ ਮੈਂਬਰ ਤੇ ਸ੍ਰ: ਬਚਨ ਸਿੰਘ ਮੈਂਬਰ ਸਨ। ਇਸੇ ਤਰ੍ਹਾਂ ਬਾਬਾ ਕਰਤਾਰ ਸਿੰਘ ਬੇਦੀ ਨੇ ੧੯੩0 ਈ: ਤੋਂ ੧੯੫੪ ਈ: ਤਕ ਸਰਬਰਾਹਕਾਰ ਦੇ ਤੌਰ ਤੇ ਕੰਮ ਕੀਤਾ। ਇਸ ਤੋਂ ਬਾਦ ਜ਼ਿਲਾ ਜੱਜ ਪਟਨਾ ਹੀ ਨਵੀਂ ਕਮੇਟੀ ਦੀ ਸਥਾਪਨਾ ਤਕ ਮਹੰਤਾਂ, ਮੈਨੇਜਰ ਤੇ ਟਰੱਸਟੀ ਦੀ ਨਿਯੁਕਤੀ ਕਰਨ ਦਾ ਅਧਿਕਾਰੀ ਰਿਹਾ।

੧੩ ਫਰਵਰੀ, ੧੯੩੬ ਨੂੰ ਆਖਰੀ ਸਰਬਰਾਹਕਾਰ ਬਾਬਾ ਕਰਤਾਰ ਸਿੰਘ ਬੇਦੀ ਦੀ ਸਹਾਇਤਾ ਲਈ ਤਖਤ ਪਟਨਾ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਲਈ ੧੫ ਮੈਂਬਰੀ ਕਮੇਟੀ ਬਣਾਈ ਜੋ ਬਾਦ ਵਿਚ ੧੪ ਮੈਂਬਰੀ ਰਹਿ ਗਈ ਜਿਸ ਵਿਚ ਪੰਜ ਮੈਂਬਰੀ ਸੁਪਰਵਾਈਜਰੀ ਕਮੇਟੀ ਸੀ ਇਸ ਦੀ ਮਿਆਦ ਤਿੰਨ ਸਾਲ ਹੁੰਦੀ ਸੀ, ੧੪ ਦਸੰਬਰ ੧੯੫੪ ਅਡੀਸ਼ਨਲ ਜ਼ਿਲ੍ਹਾ ਜੱਜ ਪਟਨਾ ਨੇ ਤਖਤ ਸਾਹਿਬ ਦੀ ਬੱਦ ਇੰਤਜਾਮੀ ਕਾਰਨ ਕਰਤਾਰ ਸਿੰਘ ਬੇਦੀ (ਸਰਬਰਾਹਕਾਰ) ਨੂੰ ਉਸਦੇ ਟਾਈਟਲ ਸੂਟ ਨੰ: ੩/੮,੧੯੪੩/੫੧ ਅਨੁਸਾਰ ਹਟਾ ਦਿੱਤਾ ਅਤੇ ੧੬ ਮਈ ੧੯੫੫ ਨੂੰ ਜ਼ਿਲ੍ਹਾ ਜੱਜ ਪਟਨਾ ਵਲੋਂ ਅੰਮ੍ਰਿਤਸਰ, ਕਲਕੱਤਾ ਅਤੇ ਪਟਨਾ ਦੇ ਪਤਵੰਤੇ ਸੱਜਣਾਂ ਨੂੰ ਇਕੱਠਾ ਕਰਨ ਲਈ ਤਾਰਾ ਦਿੱਤੀਆਂ ਗਈਆਂ। ਜ਼ਿਲ੍ਹਾ ਜੱਜ ਪਟਨਾ ਵਲੋਂ ਸਿੱਖ ਜਗਤ ਦੇ ਭਦਰ ਪੁਰਸ਼ਾਂ ਦੇ ਸੁਝਾਓ ਵੀ ੧ ਅਗਸਤ ੧੯੫੫ ਤਕ ਮੰਗੇ ਗਏ ਸਨ। ੧੬ ਅਗਸਤ, ੧੯੫੫

ਸਿੱਖ ਸੰਸਥਾਵਾਂ ਦੇ ਪ੍ਰਤਿਨਿਧੀਆਂ ਦੀ ਇਕ ਕਾਨਫਰੰਸ ਬੁਲਾਈ ਜਿਸ ਵਿਚ ੩੫ ਸਿੱਖ ਹਾਜ਼ਰ ਹੋਏ, ਸਾਰੇ ਹੀ ਇਸ ਫੈਸਲੇ ਤੇ ਪਹੁੰਚੇ ਕਿ ਅੱਗੇ ਤੋਂ ਕਮੇਟੀ ਬਣਾਈ ਜਾਣੀ ਚਾਹੀਦੀ ਹੈ। ਸਰਬਰਾਹਕਾਰ ਨਹੀਂ ਰਹਿਣੇ ਚਾਹੀਦੇ।

ਜ਼ਿਲ੍ਹਾ ਜੱਜ ਪਟਨਾ ੨੮ ਅਗਸਤ ੧੯੫੫ ਨੂੰ ਬਨਾਉਣ ਦਾ ਫੈਸਲਾ ਕੀਤਾ। ਜਿਸ ਵਿਚ ਪੰਦਰਾਂ ਮੈਂਬਰ ਹੋਣਗੇ, ਸਮਾਂ ਪੰਜ ਸਾਲ ਹੋਵੇਗਾ। ਇਸ ਕਮੇਟੀ ਦੀ ਪਹਿਲੀ ਇਕੱਤ੍ਰਤਾ ੨੯ ਜਨਵਰੀ, ੧੯੫੬ ਨੂੰ ਹੋਈ ੨੧, ੨੨ ਜੁਲਾਈ ੧੯੫੬ ਨੂੰ ਸੰਵਿਧਾਨ ਦੇ ਨਿਯਮਾਂ ਉਪਨਿਯਮਾਂ ਦਾ ਖਰੜਾ ਤਿਆਰ ਕੀਤਾ ਗਿਆ ਤੇ ਜ਼ਿਲ੍ਹਾ ਜੱਜ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ। ਉਸਦੀ ਕੁਝ ਤਰਮੀਮ ਕਰਕੇ ਆਪਣੇ ਪੱਤਰ ਨੰ:੨੮੮੫ ਮਿਤੀ ੧੬ ਮਈ, ੧੯੫੭ ਅਨੁਸਾਰ ਪ੍ਰਵਾਨਗੀ ਮਿਲਣ ਤੇ ਕਮੇਟੀ ਨੇ ਆਪਣਾ ਅਸਲੀ ਕਾਰਜ ਸ਼ੁਰੂ ਕੀਤਾ ਅਤੇ ਹੇਠ ਲਿਖੇ ਅਹੁਦੇਦਾਰ (ਆਨਰੇਰੀ) ਚੁਣੇ ਗਏ।

(੧) ਪ੍ਰਧਾਨ (੨) ਸੀਨੀਅਰ ਮੀਤ ਪ੍ਰਧਾਨ (੩) ਜੂਨੀਅਰ ਮੀਤ ਪ੍ਰਧਾਨ (੪) ਜਨਰਲ ਸਕੱਤਰ ਤੇ (੫) ਸਕੱਤਰ।

ਕਮੇਟੀ ਮੈਂਬਰ ਦੀ ਚੋਣ ਤੇ ਨਾਮਜਦਗੀ ਹੇਠ ਲਿਖੀਆਂ ਸੰਸਥਾਵਾਂ, ਹਲਕਿਆਂ ਚੋਂ ਹੁੰਦੀ ਰਹੀ ਹੈ :

੧.	ਦਿੱਲੀ ਗੁਰਦੁਆਰਾ ਬੋਰਡ ਦੇ ਸਿੱਖਾਂ ਦਾ ਪ੍ਰਤਿਨਿੱਧ ਮੈਂਬਰ	ਇੱਕ
੨.	ਸ਼੍ਰੋਮਣੀ ਗੁਰਦੁਆਰਾ ਪ੍ਰੰ: ਕਮੇਟੀ ਅੰਮ੍ਰਿਤਸਰ ਵਲੋਂ ਨਾਮਜ਼ਦ ਮੈਂਬਰ	ਇੱਕ
੩.	ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਲੋਂ ਨਾਮਜ਼ਦ ਮੈਂਬਰ	ਇੱਕ
੪.	ਯੂ.ਪੀ. ਸਿੱਖ ਪ੍ਰਤਿਨਿੱਧੀ ਬੋਰਡ ਲਖਨਊ ਦਾ ਨਾਮਜ਼ਦ ਮੈਂਬਰ	ਇੱਕ
੫.	ਉਤ੍ਰੀ (ਨਾਰਥ) ਬਿਹਾਰ ਦਾ ਸਿੰਘ ਸਭਾਵਾਂ ਦਾ ਮੈਂਬਰ (ਚੁਣਿਆ ਹੋਇਆ)	ਇੱਕ
੬.	ਦੱਖਣੀ (ਸਾਊਥ) ਬਿਹਾਰ ਦਾ ਸਿੰਘ ਸਭਾਵਾਂ ਦਾ ਮੈਂਬਰ (ਚੁਣਿਆ ਹੋਇਆ)	ਇੱਕ
੭.	ਸ੍ਰੀ ਗੁਰੂ ਸਿੰਘ ਸਭਾ ਕਲਕੱਤਾ ਦਾ ਨਾਮਜ਼ਦ ਮੈਂਬਰ	ਇੱਕ
੮.	ਸਨਾਤਨੀ ਸਿੱਖ ਸਭਾ ਪਟਨਾ ਸ਼ਹਿਰ ਵਲੋਂ ਨਾਮਜ਼ਦ ਮੈਂਬਰ	ਇੱਕ
੯.	ਪਟਨਾ ਜ਼ਿਲਾ ਸਿੱਖ ਸੰਗਤ ਦਾ ਪ੍ਰਤਿਨਿਧ ਚੋਣ ਹਲਕਾ ਨੰ: ੧	ਇੱਕ
੧੦.	ਪਟਨਾ ਜ਼ਿਲੇ ਦੇ ਸਿੱਖਾਂ ਦਾ ਪ੍ਰਤੀਨਿਧ ਮੈਂਬਰ ਚੋਣ ਹਲਕਾ ਨੰ: ੨	ਇੱਕ
੧੧.	ਪਟਨਾ ਜ਼ਿਲੇ ਦੇ ਸਿੱਖਾਂ ਦਾ ਪ੍ਰਤੀਨਿਧ ਮੈਂਬਰ ਚੋਣ ਹਲਕਾ ਨੰ: ੩	ਇੱਕ
੧੨.	ਡਿਸਟ੍ਰਿਕਟ ਜੱਜ ਪਟਨਾ ਵਲੋਂ ਨਾਮਜ਼ਦ ਮੈਂਬਰ	ਤਿੰਨ
੧੩.	੧੪ ਮੈਂਬਰ ਮਿਲ ਕਰ ਕੋਆਪਟਡ ਮੈਂਬਰ	ਇੱਕ
		ਪੰਦਰਾ

ਉਪ੍ਰੋਕਤ ਮੈਂਬਰ ਆਪਣੇ 'ਚੋਂ ਹੀ ਬਹੁਮਤ ਨਾਲ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਸਕੱਤਰ ਦੀ ਚੋਣ ਕਰਦੇ ਹਨ। ਇਸ ਕਮੇਟੀ ਦੀ ਮਿਆਦ ਪੰਜ ਸਾਲ ਦੀ ਹੁੰਦੀ ਹੈ, ਪ੍ਰੰਤੂ ਉਪ੍ਰੋਕਤ ਓਹਦੇਦਾਰ ਢਾਈ ਸਾਲ ਬਾਦ ਬਦਲ ਜਾਂਦੇ ਹਨ, ਇਹ ਸਾਰੇ ਓਹਦੇਦਾਰ ਆਨਰੇਰੀ ਕੰਮ ਕਰਦੇ ਹਨ।

ਇਸ ਪ੍ਰਬੰਧਕ ਕਮੇਟੀ ਦਾ ਸੰਵਿਧਾਨ ਤਖਤ ਪਟਨਾ ਸਾਹਿਬ ਤੋਂ ਇਲਾਵਾ ਹੇਠ ਲਿਖੇ ਗੁਰਦੁਆਰੇ ਜੋ ਕਮੇਟੀ ਦੇ ਅਧੀਨ ਹਨ ਤੇ ਵੀ ਲਾਗੂ ਹੁੰਦਾ ਹੈ।

੧. ਗੁਰਦੁਆਰਾ ਗਾਏ ਘਾਟ, ਪੁਲੀਸ ਸਟੇਸ਼ਨ ਆਲਮਗੰਜ (ਗੁਲਜਾਰ ਬਾਗ) ਪਟਨਾ- ੭

੨. ਗੁਰਦੁਆਰਾ ਗੋਬਿੰਦ ਘਾਟ, ਪੁਲੀਸ ਸਟੇਸ਼ਨ ਚੌਕ ਥਾਨਾ, ਪਟਨਾ ਸਾਹਿਬ।

੩. ਗੁਰਦੁਆਰਾ ਗੁਰੂ ਕਾ ਬਾਗ, ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦਾ ਬਾਗ, ਪੁਲੀਸ ਸਟੇਸ਼ਨ ਮਾਲ-ਸਲਾਮੀ ਪਟਨਾ ਸਾਹਿਬ।

੪. ਗੁਰਦੁਆਰਾ ਹਾਂਡੀ ਸਾਹਿਬ, ਦਾਨਾਪੁਰ, ਪਟਨਾ।

੫. ਗੁਰਦੁਆਰਾ ਸੁਨਾਰਟੋਲੀ, ਪੁਲੀਸ ਸਟੇਸ਼ਨ ਖਾਜੇਕਲਾ, ਪਟਨਾ ਸਾਹਿਬ।

੬. ਗੁਰਦੁਆਰਾ ਗੁਰੂ ਨਾਨਕ ਕੁੰਡ ਰਾਜਗੀਰ (ਨਾਲੰਦਾ)

੭. ਇਸ ਤੋਂ ਇਲਾਵਾ ਬਿਹਾਰ ਵਿਚ ਬਹੁਤ ਸਾਰੀਆਂ ਸੰਗਤਾਂ ਇਸ ਪ੍ਰਬੰਧ ਹੇਠ ਹਨ।

੮. ਨੋਟ: ਗੁਰਦੁਆਰਾ ਬਾਲ ਲੀਲਾ (ਮੈਨੀ ਸੰਗਤ) ਭਾਵੇਂ ਇਤਿਹਾਸਕ ਹੈ, ਪਰ ਨਿਰਮਲੇ ਸੰਤਾਂ ਦੇ ਅਧੀਨ ਹੈ।

ਗੁਰਦੁਆਰਾ ਗਾਏ ਘਾਟ

ਗੁਰਦੁਆਰਾ ਗਾਏ ਘਾਟ ਆਲਮਗਜ ਪਟਨਾ ਵਿਚ ਹੈ। ਸਭ ਤੋਂ ਪਹਿਲਾਂ ਇਸ ਧਰਤੀ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੇ ਪੂਰਬ ਦੇ ਦੌਰੇ ਸਮੇਂ ਪਵਿੱਤਰ ਕੀਤਾ, ਇਸ ਜਗ੍ਹਾ ਦਾ ਸੇਠ ਜੈਤਾ ਮਲ ਗੁਰੂ ਜੀ ਦਾ ਸਿੱਖ ਬਣਿਆ ਅਤੇ ਇਸ ਜਗ੍ਹਾ ਨੂੰ 'ਸੰਗਤ' ਆਖਿਆ ਜਾਣ ਲੱਗਾ ਜੋ ਬਾਦ ਵਿਚ 'ਬੜੀ ਸੰਗਤ' ਗਾਏ ਘਾਟ ਅਖਵਾਈ। ਇਸ ਤੋਂ ਪਿੱਛੋਂ ਗੁਰੂ ਤੇਗ ਬਹਾਦਰ ਜੀ ਨੇ ਪਰਿਵਾਰ ਸਮੇਤ ਇੱਥੇ ਚਰਨ ਪਾਏ ਅਤੇ ਕੁਝ ਸਮਾਂ ਇੱਥੇ ਬਿਰਾਜ ਕੇ ਸਾਲਸ ਰਾਏ ਜੌਹਰੀ ਦੇ ਘਰ (ਜਿਥੇ ਹੁਣ ਤਖਤ ਸ੍ਰੀ ਪਟਨਾ ਸਾਹਿਬ ਹੈ) ਨੂੰ ਪਵਿੱਤਰ ਕੀਤਾ। ਇਹ ਘਟਨਾ ੧੬੬੬ ਈ: ਦੀ ਹੈ। ਇਸ ਗੁਰਦੁਆਰਾ ਗਾਏ ਘਾਟ ਦੀ ਇਮਾਰਤ ਨੂੰ ਨਵੇਂ ਸਿਰਿਓਂ ਬਨਾਉਣ ਲਈ ਸੰਤ ਬਾਬਾ ਹਰਬੰਸ ਸਿੰਘ (ਦਿੱਲੀ) ਕਾਰ ਸੇਵਾ ਵਲੋਂ ਸੇਵਾ ਸ਼ੁਰੂ ਹੈ। ਇੱਥੇ ਮਰਦਾਨੇ ਦੀ ਰਬਾਬ ਅਤੇ ਗੁਰੂ ਤੇਗ ਬਹਾਦਰ ਦੇ ਪਰਿਵਾਰ ਦੀ ਚੱਕੀ ਤੇ ਦਰੱਖਤ (ਜਿਸ ਨਾਲ ਗੁਰੂ ਜੀ ਨੇ ਘੋੜਾ ਬੰਨਿਆ ਸੀ) ਅਤੇ ਥੰਮ ਸਾਹਿਬ ਦੇਖਣ ਯੋਗ ਹਨ।

ਗੁਰਦੁਆਰਾ ਗੋਬਿੰਦ ਘਾਟ

ਬਾਲ ਗੋਬਿੰਦ ਰਾਏ ਆਪਣੇ ਬਚਪਨ ਦੇ ਕੌਤਿਕਾਂ ਨਾਲ ਪਟਨੇ ਦੀ ਧਰਤੀ ਤੇ ਅਮਿਟ ਅਸਰ ਛੱਡ ਗਏ। ਗੋਬਿੰਦ ਘਾਟ ਵੀ ਇਨ੍ਹਾਂ ਕੌਤਿਕਾ ਦੀ ਇਕ ਅਭੁੱਲ ਯਾਦ ਹੈ। ਗੁਰੂ ਜੀ ਆਪਣੇ ਬਚਪਨ ਵਿਚ ਸਾਥੀਆਂ ਦੀਆਂ ਦੋ ਪਾਰਟੀਆਂ ਬਨਾ ਕੇ ਝੂਠ ਮੂਠ ਦੀ ਲੜਾਈ ਕਰਦੇ। ਕਿਲੇ ਬਨਾਉਂਦੇ ਉਨ੍ਹਾਂ ਨੂੰ ਫਤਹਿ ਕਰਨ ਦੇ ਤਰੀਕੇ ਦੱਸਦੇ, ਜਿੱਤੀ ਹੋਈ ਪਾਰਟੀ ਨੂੰ ਇਨਾਮ ਦਿੰਦੇ, ਇਸੇ ਗੋਬਿੰਦ ਘਾਟ ਤੇ ਪੰਡਿਤ ਸ਼ਿਵਦਤ ਨੂੰ ਸਦੀਵੀ ਮਾਨਸਕ ਸ਼ਾਂਤੀ ਪ੍ਰਦਾਨ ਕੀਤੀ। ਮੂਰਤੀ ਪੂਜਾ ਤੋਂ ਹਟਾ ਕੇ ਇਕ ਅਕਾਲ ਦੀ ਪੂਜਾ ਵਲ ਪ੍ਰੇਰਤ ਕੀਤਾ ਤੇ ਕੰਗਨ ਗੰਗਾ ਵਿਚ ਸੁੱਟ ਕੇ ਮਾਇਆ ਦਾ ਤਿਆਗ ਦੱਸਿਆ। ਇੱਥੇ ਇਕ ਛੋਟਾ ਸਾ ਗੁਰਦੁਆਰਾ ਹੈ, ਪ੍ਰੰਤੂ ਨਵੀਂ ਸਕੀਮ ਅਨੁਸਾਰ ਇਸ ਗੁਰਦੁਆਰੇ ਨੂੰ ਪਾਉਂਟਾ ਸਾਹਿਬ ਦੇ ਨਮੂਨੇ 'ਤੇ ਬਨਾਉਣ ਦਾ ਖ਼ਿਆਲ ਹੈ। ਇਸ ਗੋਬਿੰਦ ਘਾਟ ਤੋਂ ਗੁਰੂ ਸਾਹਿਬ ਦੇ ਬਚਪਨ ਦੇ ਕੌਤਕਾਂ ਦੀ ਯਾਦ ਤਾਜ਼ਾ ਹੁੰਦੀ ਹੈ।

ਗੁਰਦੁਆਰਾ ਬਾਲ ਲੀਲਾ

ਗੁਰਦੁਆਰਾ ਬਾਲ ਲੀਲਾ ਨੂੰ ਮੈਨੀ ਸੰਗਤ ਵੀ ਆਖਿਆ ਜਾਂਦਾ ਹੈ। ਇਹ ਵੀ ਗੁਰੂ ਜੀ ਦੇ ਬਚਪਨ ਦੇ ਕੌਤਿਕਾ ਨਾਲ ਸੰਬੰਧਤ ਹੈ। ਇਹ ਸਥਾਨ ਤਖਤ ਪਟਨਾ ਸਾਹਿਬ ਤੋਂ ਲੱਗਭੱਗ ਇਕ ਫਰਲਾਂਗ ਦੀ ਵਿਥ ਤੇ ਹੈ। ਫਤਹਿ ਚੰਦ ਮੈਨੀ ਲੋਕਲ ਦਾ ਇਕ ਰਾਜਾ ਸੀ ਉਸਦੇ ਘਰ ਕੋਈ ਔਲਾਦ ਨਹੀਂ ਸੀ ਜਦ ਗੁਰੂ ਜੀ ਬੱਚਿਆਂ ਨਾਲ ਉਥੇ ਖੇਡਣ ਜਾਂਦੇ ਤਦ ਰਾਣੀ ਮਨ ਵਿਚ ਚਿਤਵਦੀ ਅਤੇ ਅਰਦਾਸ ਕਰਦੀ ਕਿ ਗੁਰੂ ਵਰਗਾ ਲਾਲ ਉਸ ਦੇ ਘਰ ਜਨਮੇ। ਰਾਣੀ ਇਕ ਦਿਨ ਪ੍ਰਭੂ ਅੱਗੇ ਪੂਜਾ ਕਰ ਰਹੀ ਸੀ, ਤਾਂ ਗੁਰੂ ਜੀ ਉਸਦੀ ਗੋਦੀ ਵਿਚ ਜਾ ਬੈਠੇ ਅਤੇ ਉਸਨੂੰ 'ਮਾਂ' ਦੇ ਨਾਮ ਨਾਲ ਪੁਕਾਰਿਆ ਤਦ ਰਾਣੀ ਹੈਰਾਨ ਹੋਈ ਕਿ ਅਜ ਤਕ ਉਸਨੂੰ ਕਿਸੇ ਮਾਂ 'ਨਹੀ' ਪੁਕਾਰਿਆ ਗੁਰੂ ਜੀ ਦੇ ਮਾਤਾ ਕਹਿਣ ਤੇ ਰਾਣੀ ਨੂੰ ਮਾਨਸਿਕ ਤ੍ਰਿਪਤੀ ਹੋਈ ਅਤੇ ਧਰਮ ਦੀ ਮਾਤਾ ਅਖਵਾਈ। ਗੁਰੂ ਜੀ ਨੂੰ ਤੇ ਸਾਥੀ ਬੱਚਿਆਂ ਨੂੰ ਉਬਲੇ ਹੋਏ ਚਨੇ ਖਲਾਏ। ਇਹ ਗੁਰਦੁਆਰਾ ਤਖਤ ਸਾਹਿਬ ਦੇ ਇਤਿਹਾਸ ਨਾਲ ਸੰਬੰਧਤ ਹੁੰਦਾ ਹੋਇਆ ਵੀ ਤਖਤ ਸਾਹਿਬ ਦੀ ਕਮੇਟੀ ਅਧੀਨ ਨਹੀਂ ਹੈ। ਇਹ ਨਿਰਮਲੇ ਸੰਤਾਂ ਦੇ ਅਧੀਨ ਹੈ ਜੋ ਕਿ ਇਸ ਦੀ ਸੇਵਾ ਕਰਵਾ ਰਹੇ ਹਨ।

ਇੱਥੇ ਗੁਰੂ ਜੀ ਦੀ ਬਚਪਨ ਦੀ ਯਾਦ ਅਨੁਸਾਰ ਘੁੰਘਨੀਆਂ (ਉਬਲੇ ਹੋਏ ਚਨੇ) ਦਾ ਪ੍ਰਸਾਦ ਹੀ ਮਿਲਦਾ ਹੈ। ਇਸ ਗੁਰਦੁਆਰੇ ਵਿਚ ਹੇਠ ਲਿਖੀਆਂ ਚੀਜਾਂ ਦਰਸ਼ਨ ਯੋਗ ਹਨ।

(੧) ਖੀਨ ਖਾਬ ਦਾ ਜੂਤਾ ਜੋ ਗੁਰੂ ਜੀ ਬਾਲ ਅਵਸਥਾ ਵਿਚ ਪਹਿਨਿਆਂ ਕਰਦੇ ਸਨ।

(੨) ਕਰੌਂਡੇ ਦਾ ਦਰੱਖਤ ਜੋ ਬਾਰਾਂ ਮਹੀਨੇ ਫਲਦਾ ਹੈ। ਇਹ ਗੁਰੂ ਜੀ ਦੀ ਦਾਤਨ ਤੋਂ ਉਗਿਆ ਹੋਇਆ ਹੈ।

ਗੁਰਦੁਆਰਾ ਗੁਰੂ ਕਾ ਬਾਗ

ਇਹ ਗੁਰਦੁਆਰਾ ਤਖਤ ਪਟਨਾ ਸਾਹਿਬ ਤੋਂ ਲੱਗਭੱਗ ਦੋ ਮੀਲ ਪੂਰਬ ਵਲ ਹੈ। ਇਹ ਗੁਰੂ ਜੀ ਦੇ ਸਮੇਂ ਨਵਾਬ ਰਹੀਮ ਬਖ਼ਸ ਅਤੇ ਕਰੀਮ ਬਖਸ਼ (ਪਟਨਾ ਨਿਵਾਸੀ) ਦਾ ਸੁਕਿਆ ਹੋਇਆ ਬਾਗ ਸੀ। ਗੁਰੂ ਤੇਗ

ਬਹਾਦਰ ਸਾਹਿਬ ਦੀ ਅਸਾਮ ਤੋਂ ਵਾਪਸੀ ਸਮੇਂ ਇਸ ਬਾਗ ਵਿਚ ਓਤਾਰਾ ਕਰਨ ਕਾਰਨ ਇਹ ਬਾਗ ਹਰਾ ਭਰਾ ਹੋਇਆ। ਨਵਾਬ ਸਾਹਿਬ ਨੂੰ ਗੁਰੂ ਜੀ ਵਲੋਂ ਤਿੰਨ ਵਾਰ ਪੁੱਛਣ ਉਪਰੰਤ ਇਹ ਬਾਗ ਦਾਨ ਵਿਚ ਗੁਰੂ ਜੀ ਦੇ ਨਾਂ ਦੇਣਾ ਮੁਕਰਰ ਹੋਣ ਉਪਰੰਤ ਹੀ ਇਸ ਦੀ ਚਾਰ ਦੀਵਾਰੀ ਵੀ ਕਰਾਈ ਗਈ ਅਤੇ ਹੁਣ ਕਮੇਟੀ ਵਲੋਂ ਤੇ ਕਾਰ ਸੇਵਾ ਵਲੋਂ ਨਵੀਂ ਇਮਾਰਤ (ਗੁਰਦੁਆਰਾ ਅਤੇ ਰਿਹਾਇਸੀ ਕਮਰੇ) ਬਨਾਏ ਗਏ ਹਨ ਜਿਸ ਦਾ ਮੇਨ ਸੜਕ ਨਾਲ ਰੋਡ ਲਿੰਕ ਬਣ ਚੁੱਕਾ ਹੈ। ਇਸ ਬਾਗ ਅੰਦਰ, ਅੰਬ, ਅਮਰੂਦ, ਕੇਲੇ, ਨਿੰਬੂ ਆਦਿ ਦੇ ਬੂਟੇ ਹਨ। ਸਮੇਂ-ਸਮੇਂ ਇਥੇ ਸੰਗਤ ਵਲੋਂ ਹੋਰ ਪੌਦੇ ਲਗਾਏ ਜਾਂਦੇ ਹਨ। ਇਥੇ ਹੇਠ ਲਿਖੀਆਂ ਚੀਜ਼ਾਂ ਦਰਸ਼ਨ ਕਰਨ ਯੋਗ ਹਨ।

(੧) ਨਿੰਮ ਦਾ ਦਰਖਤ ਜੋ ਗੁਰੂ ਜੀ ਨੇ ਦਾਤਨ ਕਰਕੇ ਲਗਾਇਆ ਸੀ।

(੨) ਖੂਹ ਜਿਸ ਵਿਚੋਂ ਇਕ ਬੈਰਾਗਨ ਕੱਢ ਕੇ ਸਾਧੂ ਦਾ ਭਰਮ ਨਵਿਰਤ ਕੀਤਾ।

ਇੱਥੇ ਹਰ ਸਤਮੀ ਨੂੰ ਮੇਲਾ ਲੱਗਦਾ ਹੈ ਅਤੇ ਵਿਸਾਖ ਸੁਦੀ ਸਤਵੀਂ ਦਾ ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਸਤਮੀਆਂ ਦੇ ਇਸ਼ਨਾਨ ਕਰਨ ਨਾਲ ਮਨ ਇੱਛਤ ਫਲ ਮਿਲਦਾ ਹੈ।

ਗੁਰਦੁਆਰਾ ਹਾਂਡੀ ਸਾਹਿਬ, ਦਾਨਾਪੁਰ (ਪਟਨਾ)

ਗੁਰਦੁਆਰਾ ਹਾਂਡੀ ਸਾਹਿਬ ਭੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਕੌਤਕਾਂ ਵਿਚੋਂ ਇਕ ਪਵਿੱਤਰ ਯਾਦ ਹੈ, ਗੁਰੂ ਜੀ ਆਪਣੇ ਬਚਪਨ ਦੇ ਪੰਜ ਸਾਲ ਪਟਨਾ ਸਾਹਿਬ ਬਿਤਾ ਕੇ ਜਦ ਪੰਜਾਬ ਨੂੰ ਚਾਲੇ ਪਾਏ ਤਦ ਉਨ੍ਹਾਂ ਸੰਗਤਾਂ ਦੇ ਤਾਰਨ ਹਿੱਤ ਆਪਣੇ ਸਫਰ ਦਾ ਪਹਿਲਾਂ ਪੜਾਓ ਦਾਨਾਪੁਰ ਕੀਤਾ। ਇੱਥੇ ਇਕ ਬਿਰਧ ਮਾਈ ਜਿਸਦਾ ਨਾਮ ਜਮਨਾ ਦੇਵੀ ਲਿਖਿਆ ਹੈ ਆਪਣੇ ਛੋਟੇ ਜਿਹੇ ਪੁਰਾਣੇ ਘਰ ਨੂੰ ਪਵਿੱਤਰ ਕਰਨ ਹਿਤ ਗੁਰੂ ਜੀ ਦੇ ਆਉਣ ਦੀ ਖਬਰ ਤੇ ਖਿਚੜੀ ਬਨਾ ਯਾਦ ਕਰ ਰਹੀ ਸੀ ਕਿ ਬਾਲਾ ਪ੍ਰੀਤਮ ਗੋਬਿੰਦ ਰਾਏ ਮੇਰੀ ਰਿਧੀ ਖਿਚੜੀ ਖਾ ਕੇ ਮੇਰੇ ਘਰ ਨੂੰ ਪਵਿੱਤਰ ਕਰਨਗੇ। ਗੁਰੂ ਜੀ ਨੇ ਸੰਗਤ ਸਮੇਤ ਉਸ ਮਾਤਾ ਦੀ ਖਿਚੜੀ ਖਾਧੀ। ਸੰਗਤ ਜ਼ਿਆਦਾ ਹੋਣ ਕਰਕੇ ਮਾਤਾ ਜੀ ਘਬਰਾ ਗਏ, ਅਰਦਾਸ ਕੀਤੀ ਪ੍ਰੰਤੂ ਉਸ ਹਾਂਡੀ ਚੋਂ ਖਿਚੜੀ ਮੁੱਕੀ ਹੀ ਨਹੀਂ ਅਤੇ ਗੁਰੂ ਜੀ ਨੇ ਉਸ ਹਾਂਡੀ ਨੂੰ ਅਮਰਤਾ ਬਖਸ਼ੀ ਅੱਜ ਇਸ ਦਾ ਨਾਮ ਗੁਰਦੁਆਰਾ ਹਾਂਡੀ ਸਾਹਿਬ ਹੈ।

ਇਹ ਪਵਿੱਤਰ ਸਥਾਨ ਗੰਗਾ ਕਿਨਾਰੇ ਤਖਤ ਪਟਨਾ ਸਾਹਿਬ ਤੋਂ ਲੱਗਭੱਗ ੨੦ ਕਿਲੋਮੀਟਰ ਦੀ ਦੂਰੀ ਤੇ ਹੈ। ਗੰਗਾ ਦੇ ਕਿਨਾਰੇ ਹੋਣ ਕਰਕੇ ਕੁਦਰਤ ਵਲੋਂ ਰਮਣੀਕ ਜਗ੍ਹਾ ਹੈ। ਇਹ ਗੁਰਦੁਆਰਾ ਤਖਤ ਪਟਨਾ ਸਾਹਿਬ ਦੇ ਅਧੀਨ ਹੈ, ਇੱਥੇ ਹਰ ਸਾਲ ਪ੍ਰਬੰਧਕ ਕਮੇਟੀ ਵਲੋਂ ਸਾਲਾਨਾ ਉਤਸਵ ਮਨਾਇਆ ਜਾਂਦਾ ਹੈ। ਇਸ ਦੇ ਦਰਸ਼ਨ ਲਈ ਤਖਤ ਪਟਨਾ ਸਾਹਿਬ ਤੋਂ ਰੋਜ਼ਾਨਾ ਮਿੰਨੀ ਬਸ ਯਾਤਰੂਆਂ ਨੇ ਦਰਸ਼ਨ ਕਰਾਉਣ ਲਈ ਜਾਂਦੀ ਹੈ।

ਗੁਰਦੁਆਰਾ ਸੁਨਾਰ ਟੋਲੀ (ਖਾਜੇਕਲਾ) ਪਟਨਾ ਸਾਹਿਬ

ਇਹ ਗੁਰਦੁਆਰਾ ਖਾਜੇਕਲਾ (ਪਟਨਾ) ਵਿਚ ਪੈਂਦਾ ਹੈ। ਇਹ ਤਖਤ ਪਟਨਾ ਸਾਹਿਬ ਤੋਂ ਲੱਗ ਭੱਗ ਦੋ ਫਰਲਾਂਗ ਦੀ ਦੂਰੀ ਤੇ ਹੈ। ਇੱਥੇ ਇਕ ਛੋਟਾ ਗੁਰਦੁਆਰਾ ਹੈ ਅਤੇ ਤਖਤ ਪਟਨਾ ਸਾਹਿਬ ਵਲੋਂ ਇਕ ਗ੍ਰੰਥੀ ਸੇਵਾ ਕਰਦਾ ਹੈ। ਇਹ ਗੁਰਦੁਆਰਾ ਇਤਿਹਾਸਕ ਨਹੀਂ ਹੈ, ਪ੍ਰੰਤੂ ਕਿਸੇ ਦਾਨੀ ਸਜਨ ਵਲੋਂ ਦਾਨ ਕੀਤੀ ਜਗ੍ਹਾ 'ਤੇ ਬਨਾਇਆ ਹੈ। ਇਸ ਦੇ ਵੀ ਸੰਗਤਾਂ ਦਰਸ਼ਨ ਕਰਦੀਆਂ ਹਨ। ਇਸ ਤੋਂ ਇਲਾਵਾ ਬਿਹਾਰ ਵਿਚ ਕਈ ਪੁਰਾਣੀਆਂ ਸੰਗਤਾਂ ਇਸੇ ਪ੍ਰਬੰਧ ਅਧੀਨ ਹਨ।

ਤਖਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਮਨਾਏ ਜਾਂਦੇ ਗੁਰਪੁਰਬਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

੧. ਪ੍ਰਕਾਸ਼ ਦਿਵਸ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਪੋਹ ਸੁਦੀ ਸਤਮੀਂ।

੨. ਪ੍ਰਕਾਸ਼ ਦਿਵਸ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਕਤਕ ਪੂਰਨਮਾਸ਼ੀ।

੩. ਜਨਮ ਦਿਨ ਖਾਲਸਾ ਪੰਥ, ਵੈਸਾਖੀ (੧੩ ਅਪਰੈਲ)

੪. ਸ਼ਹੀਦੀ ਦਿਨ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਜੇਠ ਸੁਦੀ ਚੌਥ।

੫. ਦੀਪਮਾਲਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ।

੬. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤਿ ਜੋਤਿ ਸਮਾਉਣ ਦਾ ਦਿਨ।

੭. ਸ਼ਹੀਦੀ ਦਿਨ, ਸ੍ਰੀ ਗੁਰੂ ਤੇਗ਼ ਬਹਾਦਰ ਜੀ।
੮. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ (ਭਾਦਰੋਂ ਸੁਦੀ ਏਕਮ) ਗੁਰਦੁਆਰਾ ਗਾਏ ਘਾਟ।
੯. ਵੈਸਾਖ ਸੁਦੀ ਸਤਮੀਂ, ਗੁਰਦੁਆਰਾ ਗੁਰੂ ਕਾ ਬਾਗ ਵਿਖੇ।
੧੦. ਸਲਾਨਾ ਉਤਸਵ, ਗੁਰਦੁਆਰਾ ਹਾਂਡੀ ਸਾਹਿਬ।

ਇਸ ਪਵਿੱਤਰ ਅਸਥਾਨ ਤੇ ਹੇਠ ਲਿਖੀਆਂ ਇਤਿਹਾਸਕ ਵਸਤਾਂ ਦਰਸ਼ਨ ਕਰਨ ਯੋਗ ਹਨ :-

੧. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਜਿਸ ਨੂੰ 'ਬੜੇ ਸਾਹਿਬ' ਆਖਿਆ ਜਾਂਦਾ ਹੈ। ਇਸ ਦੇ ਆਦਿ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤੀਰ ਦੀ ਨੋਕ ਨਾਲ ਮੂਲ ਮੰਤ੍ਰ ਲਿਖਿਆ ਹੋਇਆ ਹੈ। ਇਸ ਦੇ ਦਰਸ਼ਨ ਗੁਰਪੁਰਬਾਂ, ਸੰਗਰਾਦ ਅਤੇ ਹੋਰ ਮਹਾਨ ਦਿਨਾਂ ਤੇ ਕਰਾਏ ਜਾਂਦੇ ਹਨ।
੨. **ਛਬੀ ਸਾਹਿਬ** :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਯੁਵਾ ਅਵਸਥਾ ਦਾ ਆਇਲ ਪੇਂਟ ਨਾਲ ਤਿਆਰ ਕੀਤਾ ਹੋਇਆ ਇੱਕੋ ਇਕ ਚਿੱਤਰ।
੩. **ਪੰਘੂੜਾ ਸਾਹਿਬ** – ਚਾਰ ਪਾਵਿਆ ਵਾਲਾ ਛੋਟਾ ਜਿਹਾ ਪੰਘੂੜਾ ਜਿਹੜਾ ਹੁਣ ਸੋਨੇ ਦੀਆਂ ਪਲੇਟਾਂ ਨਾਲ ਮੜਿਆ ਹੋਇਆ ਹੈ। ਜਿਸ ਉੱਪਰ ਗੁਰੂ ਜੀ ਬਚਪਨ ਵਿਚ ਬੈਠਿਆ ਕਰਦੇ ਸਨ।
੪. **ਛੋਟੀ "ਸੈਫ"** :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਤਲਵਾਰ, ਜੋ ਬਚਪਨ ਵਿਚ ਗਾਤਰੇ ਪਹਿਨਿਆਂ ਕਰਦੇ ਸਨ।
੫. ਗੁਰੂ ਜੀ ਦੇ ਬਚਪਨ ਦੇ **'ਚਾਰ ਤੀਰ'** ਜਿਨ੍ਹਾਂ ਨਾਲ ਗਾਗਰਾਂ ਵਿਚ ਛੇਦ ਕਰਿਆ ਕਰਦੇ ਸਨ।
੬. ਗੁਰੂ ਜੀ ਮਹਾਰਾਜ ਦੇ ਗੁਲੇਲੇ ਦੀ **'ਗੋਲੀ'** ਜਿਸ ਨਾਲ ਕੱਚੇ ਘੜੇ ਤੋੜਿਆ ਕਰਦੇ ਸਨ।
੭. ਗੁਰੂ ਮਹਾਰਾਜ ਦੀ ਇਕ ਲੋਹੇ ਦੀ ਛੋਟੀ ਚੱਕਰੀ ਜੋ ਕੇਸ਼ਾਂ ਵਿਚ ਸਜਾਇਆ ਕਰਦੇ ਸਨ।
੮. ਗੁਰੂ ਜੀ ਦਾ ਲੋਹੇ ਦਾ ਖੰਡਾ ਜੋ ਦੁਮਾਲੇ ਵਿਚ ਸਜਾਇਆ ਕਰਦੇ ਸਨ।
੯. ਗੁਰੂ ਜੀ ਦਾ ਇਕ ਛੋਟਾ **'ਬਾਘਨਖ ਖੰਜਰ'** ਜੋ ਕਮਰਕੱਸੇ ਵਿਚ ਸਜਾਇਆ ਕਰਦੇ ਸਨ।
੧੦. ਗੁਰੂ ਜੀ ਦਾ ਚੰਦਨ ਦੀ ਲੱਕੜ ਦਾ ਇਕ **'ਕੰਘਾ'** ਜੋ ਕੇਸ਼ਾਂ ਦੀ ਸਫ਼ਾਈ ਵਾਸਤੇ ਵਰਤਦੇ ਸਨ।
੧੧. ਗੁਰੂ ਜੀ ਦੇ ਲੋਹੇ ਦੇ ਦੋ ਚੱਕਰ ਜੋ ਦਸਤਾਰ ਵਿਚ ਸਜਾਇਆ ਕਰਦੇ ਸਨ।
੧੨. ਗੁਰੂ ਜੀ ਦੀਆਂ ਹਾਥੀ ਦੰਦ ਦੀ **'ਖੜਾਵਾਂ'** ਦਾ ਇਕ ਜੋੜਾ।
੧੩. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸੰਦਲ ਦੀ ਲੱਕੜੀਆਂ ਦੀਆਂ ਖੜਾਵਾਂ ਦਾ ਇਕ ਜੋੜਾ ।
੧੪. ਭਗਤ ਕਬੀਰ ਜੀ ਦੀ ਖੱਡੀ ਦੇ ਬੁਣਨ ਵਾਲੇ ਸੰਦ।
੧੫. ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸੁੰਦਰੀ ਜੀ ਦੇ ਹੁਕਮਨਾਮੇ ਤੇ ਲਿਖਤਾਂ ਦੀ ਸੰਚੀ।
੧੬. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ੩00 ਸਾਲ ਪੁਰਾਣਾ ਚੋਲਾ।
੧੭. ਮਾਤਾ ਗੁਜ਼ਰੀ ਜੀ ਦਾ ਖੂਹ।
੧੮. ਜਰਮਨ ਪ੍ਰੈਸ ਵਲੋਂ ਗੁਰੂ ਗ੍ਰੰਥ ਸਾਹਿਬ ਦੀ ੧੪੩0 ਪੰਨੇ ਦੀ ਇਕ ਇੰਚ ਸਾਈਜ਼ ਵਿਚ ਛਪੀ ਪਵਿੱਤਰ ਬੀੜ।
੧੯. ਨਿਸ਼ਾਨ ਸਾਹਿਬ ਦੀ ੮0 ਫੁੱਟ ਲੰਬੀ ਸਾਲ ਦੀ ਲੱਕੜੀ ਜੋ ਹੁਣ ਖ਼ਤਮ ਹੋ ਗਈ ਹੈ। ਇਹ ਮਹਾਰਾਜਾ ਨਿਪਾਲ ਵਲੋਂ ਦਿੱਤੀ ਗਈ ਸੀ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਸਥਾਪਨਾ ਤੇ ਪ੍ਰਕਾਸ਼ਨ

*ਡਾ. ਸਰਬਜਿੰਦਰ ਸਿੰਘ**

ਸੰਸਥਾਵਾਂ ਕਿਸੇ ਵੀ ਧਰਮ ਦਾ ਬਹੁਤ ਮਹੱਤਵਪੂਰਣ ਹਿੱਸਾ ਹੁੰਦੀਆਂ ਹਨ ਅਤੇ ਇਹ ਸੰਸਥਾਵਾਂ ਧਰਮ ਦੇ ਮੁੱਢਲੇ ਸਿਧਾਂਤਾਂ ਦਾ ਇਤਿਹਾਸਕ ਪ੍ਰਕਾਸ਼ਨ ਵੀ ਹੁੰਦੀਆਂ ਹਨ। ਧਾਰਮਿਕ ਸਿਧਾਂਤਾਂ ਨੂੰ ਅਮਲ ਵਿਚ ਸਾਹਮਣੇ ਲਿਆਉਣ ਲਈ ਮੁੱਖ ਭੂਮਿਕਾ ਤਾਂ ਵਿਅਕਤੀ ਵਿਸ਼ੇਸ਼ ਹੀ ਨਿਭਾਉਂਦਾ ਹੈ, ਪਰ ਵਿਅਕਤੀ ਵਾਸਤੇ ਵੀ ਧਾਰਮਿਕ ਸੰਸਥਾਵਾਂ ਦੀ ਭੂਮਿਕਾ ਧਰਮ ਦੀ ਸਿਧਾਂਤਕਤਾ ਨੂੰ ਅਮਲੀ ਰੂਪ ਵਿਚ ਸਾਹਮਣੇ ਲਿਆਉਣ ਲਈ ਸਭ ਤੋਂ ਮਹੱਤਵਪੂਰਣ ਸਾਧਨ ਹੀ ਸਾਬਤ ਹੁੰਦੀ ਹੈ। ਇਸ ਲਈ ਪ੍ਰਵਾਨਤ ਹੈ ਕਿ ਸਿਧਾਂਤਕ ਸਰਬਉੱਚਤਾ ਲਈ ਵੀ ਸੰਸਥਾਵਾਂ ਹੀ ਆਧਾਰ ਹੁੰਦੀਆਂ ਹਨ। ਵਿਅਕਤੀ ਵੀ ਸੰਸਥਾਵਾਂ ਰਾਹੀਂ ਵਿਵਹਾਰ ਕਰਦੇ ਹਨ। ਪਰ ਜੋ ਵਿਅਕਤੀ ਜਾਂ ਵਿਅਕਤੀ ਸਮੂਹ ਸੰਸਥਾਵਾਂ ਨੂੰ ਸਿਧਾਂਤਾਂ ਦਾ ਅਨੁਸਾਰੀ ਰੱਖਕੇ ਵਿਚਰਦਾ ਹੈ, ਉਹ ਹੀ ਸੰਗਤ ਦੇ ਪਿਆਰ ਤੇ ਸਤਿਕਾਰ ਦਾ ਹੱਕਦਾਰ ਬਣ ਸਕਦਾ ਹੈ, ਸਿੱਖ ਦ੍ਰਿਸ਼ਟੀਕੋਣ ਤੋਂ ਧਾਰਮਿਕ ਸੰਸਥਾਵਾਂ ਨੂੰ ਮੂਲ ਰੂਪ ਵਿਚ ਸੰਗਤ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ। ਇਨਾਂ ਨੂੰ ਬਾਅਦ ਵਿਚ ਗੁਰਦੁਆਰੇ ਦੀ ਸੰਗਿਆ ਦਿੱਤੀ ਗਈ ਸੀ। ਗੁਰਦੁਆਰੇ ਅਜਿਹੇ ਕੇਂਦਰ ਹਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਅਤੇ ਜਗਿਆਸੂ ਆਪਣੀ ਅਧਿਆਤਮਕ ਭੁੱਖ ਦੀ ਤ੍ਰਿਪਤੀ ਕਰਦੇ ਹਨ। ਇਹ ਪ੍ਰਸੰਗ 1604 ਈਸਵੀ ਤੋਂ ਸ਼ੁਰੂ ਹੋਇਆ, ਜਦੋਂ ਹਰਿਮੰਦਰ ਸਾਹਿਬ ਵਿਚ ਪੰਚਮ ਪਾਤਸ਼ਾਹ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਪ੍ਰਕਾਸ਼ ਕੀਤਾ ਸੀ। ਬਾਅਦ ਵਿਚ ਦਸ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਨਾਲ ਸੰਬੰਧਤ ਉਨਾਂ ਸਥਾਨਾਂ ਨੂੰ ਜਿੱਥੇ ਮਾਨਵ ਪ੍ਰੇਮ ਸਰਬਸਾਂਝੀਵਾਲਤਾ, ਅਣਖ, ਆਜ਼ਾਦੀ ਅਤੇ ਸਵੈਮਾਨ ਦਾ ਪਰਚਮ ਪ੍ਰਚੰਡ ਹੋਇਆ ਸੀ ਨੂੰ ਗੁਰਦੁਆਰੇ ਦੀ ਸੰਗਯਾ ਦਿੱਤੀ ਗਈ ਸੀ।

ਸਿੱਖ ਧਰਮ ਵਿੱਚ ਦੂਜਾ ਮਹੱਤਵਪੂਰਣ ਸਥਾਨ ਤਖਤ ਸੰਸਥਾਵਾਂ ਨੂੰ ਪ੍ਰਾਪਤ ਹੈ। ਤਖਤ ਸੰਸਥਾਵਾਂ ਨੂੰ ਸਿੱਖੀ ਦੇ ਸਦਾ ਜਾਗਦੇ ਕੇਂਦਰ ਆਖਿਆ ਜਾ ਸਕਦਾ ਹੈ। ਸਿੱਖ ਚਿੰਤਨ ਨਾਲ ਜੁੜੇ ਹੋਏ ਇਹ ਪੰਜ ਵਿਸ਼ੇਸ਼ ਤਖਤ ਹਨ, ਜਿਥੇ ਜੁੜ ਕੇ ਖਾਲਸਾ ਪੰਥ ਕਿਸੇ ਤਰ੍ਹਾਂ ਦੇ ਵੀ ਫੈਸਲੇ ਲੈ ਸਕਦਾ ਹੈ। ਤਖਤਾਂ ਦੇ ਇਸ ਪ੍ਰਸੰਗ ਬਾਰੇ ਗੁਰੂ ਗੋਬਿੰਦ ਸਿੰਘ ਜੀ ਦਮਦਮੇ ਸਾਹਿਬ ਤੋਂ ਮੁਕਾਮ ਕਰਨ ਵੇਲੇ ਸੰਕੇਤ ਕਰ ਗਏ ਸਨ। ਇਹ ਸੰਕੇਤ ਬਾਬਾ ਦੀਪ ਸਿੰਘ[1] ਦੇ ਹਵਾਲੇ ਨਾਲ ਸਿੱਖ ਇਤਿਹਾਸ ਵਿਚ ਸੰਭਾਲਿਆ ਪਿਆ ਹੈ ਕਿ ਤਖਤ ਗੁਰੂ ਦੇ ਹੁਕਮ ਵਿਚ ਹੀ ਪ੍ਰਗਟ ਹੋਏ ਹਨ :

ਇਨ੍ਹਾਂ ਵਿਚ ਸਭ ਤੋਂ ਪਹਿਲੀ ਸਥਾਪਨਾ ਅਕਾਲ ਤਖਤ ਦੀ ਹੋਈ ਸੀ। ਅਕਾਲ ਤਖਤ ਸਾਹਿਬ ਆਪਣੇ ਪ੍ਰਗਟ ਰੂਪ ਵਿਚ ਪ੍ਰਥਮ ਪ੍ਰਕਾਸ਼ਨ ਤੋਂ ਲੈ ਕੇ ਹੁਣ ਤਕ ਸਿੱਖੀ ਦੇ ਸਿਧਾਂਤਕ ਸਮੁੱਚ ਦਾ ਅਮਲ ਵਿਚ ਪ੍ਰਤੀਨਿਧਤਵ ਕਰਨ ਵਾਲਾ ਚੇਤਨਾ ਕੇਂਦਰ ਰਿਹਾ ਹੈ। ਸਿੱਖਾਂ ਦੇ ਕੇਂਦਰੀ ਅਸਥਾਨ 'ਤੇ ਹੋਣ ਕਰਕੇ ਅਕਾਲ ਤਖਤ ਸਾਹਿਬ ਦੀ ਵਿਲੱਖਣਤ ਨੂੰ ਸਥਾਪਿਤ ਕਰਨ ਦੇ ਅਵਸਰ ਅਕਸਰ ਪੈਦਾ ਹੁੰਦੇ ਰਹੇ ਹਨ। ਇਹ ਤਖਤ ਜਿੱਥੇ ਸਿੱਖ ਕੌਮ ਦੇ ਹਰ ਤਰ੍ਹਾਂ ਦੇ ਮਸਲਿਆ ਨਾਲ ਸਬੰਧਿਤ ਰਿਹਾ ਹੈ, ਉਥੇ ਬਾਕੀ ਦੇ ਚਾਰੇ ਤਖਤ ਇਸੇ ਦੀ ਅਗਵਾਈ ਵਿਚ ਹੀ ਕਾਰਜਸ਼ੀਲ ਰਹੇ। ਇਹ ਵੀ ਕਿਹਾ ਜਾ ਸਕਦਾ ਹੈ ਕਿ ਤਖਤ ਸਾਹਿਬ ਤਾਂ ਗੁਰਮਤਿ ਚਿੰਤਨ ਦਾ ਅਜਿਹਾ ਅਟੁੱਟ ਅਤੇ ਪ੍ਰਗਟ ਅੰਗ ਹਨ ਜਿਹੜੇ ਸਮੁੱਚੀ ਸਿੱਖ ਚੇਤਨਾ ਦੀ ਮੰਜ਼ਲ ਹੋ ਚੁੱਕੇ ਹਨ। ਇਨ੍ਹਾਂ ਦੀ ਸਾਜਣਾ ਤੇ ਸਿਰਜਣਾ ਗੁਰਮਤਿ ਚਿੰਤਨ ਦੇ ਅੰਤਰਗਤ ਉਸ ਦੈਵੀ ਸਕੀਮ ਦਾ ਭਾਗ ਹੈ ਜਿਸ ਅਧੀਨ 'ਧਰਮ ਚਲਾਵਨ ਸੰਤ ਉਬਾਰਨ' ਦਾ ਸੰਕਲਪੀ ਪ੍ਰਕਾਸ਼ਨ ਸਿੱਖ ਧਰਮ ਵਜੋਂ ਪ੍ਰਗਟ ਹੋਇਆ ਸੀ। ਇਸ ਤਰ੍ਹਾਂ ਤਖਤਾਂ ਦੀ ਸਥਾਪਨਾ ਸੰਪੂਰਨ ਰੂਪ ਵਿਚ ਗੁਰਮਤਿ ਚਿੰਤਨ ਦੀ ਅਨੁਸਾਰੀ ਹੀ ਹੈ। ਇਸ ਦਾ ਪ੍ਰਸੰਗਕ ਬਖਾਨ ਇਸ ਲਈ ਕੀਤਾ ਹੈ ਕਿ ਤਖਤ ਅਤੇ ਗੁਰਦੁਆਰੇ ਵਿਚ ਫ਼ਰਕ ਨਾ ਕਰ ਸਕਣ ਵਾਲਾ ਜਾਂ ਕੋਈ

*ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗੁਰਮਤਿ ਤੋਂ ਨਾਵਾਕਫ ਵਿਦਵਾਨ, ਇਹ ਸਿੱਟਾ ਨਾ ਕੱਢ ਲਵੇ ਕਿ ਸਿੱਖ ਤਖਤਾਂ ਦੀ ਸਥਾਪਨਾ ਕਿਸੇ ਵਕਤੀ ਪ੍ਰਭਾਵ ਦੀ ਪੈਦਾਵਾਰ ਦੇ ਰੂਪ ਵਿਚ ਸਾਹਮਣੇ ਆਈ ਸੀ। ਇਹ ਵੀ ਪ੍ਰਭਾਵ ਲਿਆ ਜਾ ਸਕਦਾ ਹੈ ਕਿ ਤਖਤਾਂ ਦੀ ਸਥਾਪਨਾ ਕਿਸੇ ਵਕਤੀ ਲੋੜਾਂ ਦੀ ਪੂਰਤੀ ਲਈ ਕੀਤੀ ਗਈ ਸੀ। ਇਹ ਦੋਵੇਂ ਗੱਲਾਂ ਸਿੱਖ ਚਿੰਤਨ ਦੀ ਰੋਸ਼ਨੀ ਵਿਚ ਠੀਕ ਨਹੀਂ ਹਨ ਕਿਉਂਕਿ ਤਖਤ ਕੇਵਲ ਮਾਤਰ ਪਵਿੱਤਰ ਧਾਰਮਿਕ ਕੇਂਦਰਾਂ ਦਾ ਨਾਮ ਹੀ ਹਨ, ਸਗੋਂ ਇਨ੍ਹਾਂ ਦਾ ਕਾਰਜ ਸਿੱਖ ਕੌਮੀਅਤ ਦੇ ਹਰ ਮਸਲੇ ਤੇ ਨਿਗਾਹ ਬਾਨੀ ਦੇ ਨਾਲ-ਨਾਲ ਸਿੱਖ ਸਵੈਮਾਨਤਾ ਦੀ ਸਥਾਪਨਾ ਵੀ ਹੈ।

ਤਖਤ ਸੰਸਥਾਵਾਂ ਦੀ ਸੰਖੇਪ ਵਿਚ ਸਿਧਾਂਤਕ ਪ੍ਰਸੰਗਕਤਾ ਵੇਖਣ ਉਪਰੰਤ ਇੱਥੇ ਤਖਤ ਸ੍ਰੀ ਕੇਸਗੜ੍ਹ ਦੀ ਸਥਾਪਨਾ ਅਤੇ ਉਸ ਦੇ ਇਤਿਹਾਸਕ ਪ੍ਰਸੰਗ ਨੂੰ ਵੇਖਣ ਦਾ ਯਤਨ ਕੀਤਾ ਜਾਣਾ ਹੈ। ਇਸ ਅਸਥਾਨ ਤੇ ਗੁਰੂ ਨਾਨਕ ਪਾਤਸ਼ਾਹ ਦੁਆਰਾ ਬੀਜੇ ਸਿੱਖੀ ਦੇ ਬੂਟੇ ਦਾ ਅੰਮ੍ਰਿਤ ਫਲ ਤਿਆਰ ਹੋਇਆ ਸੀ ਜਿਸ ਨੂੰ ਗੁਰਮਤਿ ਸਿਧਾਂਤ ਦਾ ਅਮਲੀ ਪ੍ਰਕਾਸ਼ਨ ਪ੍ਰਵਾਨ ਕੀਤਾ ਜਾਂਦਾ ਹੈ। ਇਸ ਅਗਾਧ ਨੂੰ ਸੰਸਥਾ ਰੂਪ ਵਿਚ ਪ੍ਰਗਟ ਕਰਨ ਲਈ ਅੰਮ੍ਰਿਤ ਸੰਸਥਾ ਸਥਾਪਤ ਕੀਤੀ ਗਈ ਸੀ ਅਤੇ ਨਾਲ ਹੀ ਸ੍ਰੀ ਕੇਸਗੜ੍ਹ ਸਾਹਿਬ ਸਿੱਖ ਤਖਤ ਵਜੋਂ ਪ੍ਰਗਟ ਕੀਤੇ ਗਏ ਸਨ। ਇਸ ਸੰਕਲਪ ਦੀ ਪੂਰਤੀ ਹਿਤ ਦਸਮ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਖਾਲਸਾ ਸਜਾ ਦਿੱਤਾ ਅਤੇ 'ਵਾਹਿਗੁਰੂ ਜੀ ਕੀ ਫਤਹਿ' ਦਾ ਸੰਦੇਸ਼ ਦੇ ਕੇ ਸਿੱਖ ਪੰਥ ਦੀ ਮਾਨਸਿਕਤਾ ਵਿਚ ਪੂਰੀ ਤਰ੍ਹਾਂ ਫਤਹਿ ਦਾ ਜਜ਼ਬਾ ਭਰ ਦਿੱਤਾ ਸੀ। ਖਾਲਸਾ ਨੂੰ ਅਕਾਲ ਪੁਰਖ ਦੀ ਫੌਜ ਦਾ ਰੁਤਬਾ ਦਿੱਤਾ ਅਤੇ ਕ੍ਰਿਪਾਨਧਾਰੀ ਹੋਣ ਨੂੰ ਖਾਲਸਾ ਰਹਿਤ ਦਾ ਜ਼ਰੂਰੀ ਅੰਗ ਬਣਾ ਦਿੱਤਾ ਸੀ। ਬਿੰਬ ਵਿਧਾਨ ਦੇ ਅੰਤਰਗਤ ਸਮਝਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪੀਰੀ ਅਤੇ ਮੀਰੀ ਦੀਆਂ ਦੋ ਰਵਾਇਤੀ ਤਲਵਾਰ ਦੀਆਂ ਪਿੱਠਾਂ ਜੋੜਕੇ ਬਣਾਏ ਗਏ ਖੰਡੇ ਨਾਲ ਅੰਮ੍ਰਿਤ ਤਿਆਰ ਕੀਤਾ ਗਿਆ ਸੀ। ਇਹ ਖੰਡਾ ਦੋ ਧਾਰਾ ਦਾ ਸੰਗਮ ਹੀ ਕਿਹਾ ਜਾ ਸਕਦਾ ਹੈ। ਖੰਡਾ ਤਾਂ ਇਕ ਚਿੰਨ ਹੈ ਜਿਸ ਦੀ ਇਕ ਧਾਰ ਗਿਆਨ ਦੇ ਪ੍ਰਕਾਸ਼ ਦਾ ਠਹਿਰਾਉ ਆਖੀ ਜਾ ਸਕਦੀ ਹੈ ਅਤੇ ਦੂਜੀ ਧਾਰ ਸ਼ਕਤੀ ਦਾ ਤੇਜ਼ ਠਹਿਰਾਉ ਕਹੀ ਜਾ ਸਕਦੀ ਹੈ। ਖੰਡਾ ਸੰਕੇਤ ਸਿੱਖੀ ਦੇ ਉਸ ਉਚੇ ਆਸ਼ੇ ਦਾ ਜਿਸ ਆਸ਼ੇ ਅਨੁਸਾਰ ਸ਼ਕਤੀ ਵਿਚ ਗਿਆਨ ਦੀ ਸ਼ਮੂਲੀਅਤ ਨਾਲ ਨਵੀਂ ਮਾਨਸਿਕਤਾ ਸਿਰਜੀ ਗਈ ਸੀ। ਗਿਆਨ ਵਿਚ ਇਸ ਚਿੰਨ ਰੂਪ ਸ਼ਕਤੀ ਨੂੰ ਜੋਤ ਸਰੂਪ ਦੀ ਇਕ ਪਰਤ ਆਖਿਆ ਜਾ ਸਕਦਾ ਹੈ।[2] ਇਸ ਤਰ੍ਹਾਂ ਚਿੰਨ੍ਹਾਤਮਕ ਵਿਧੀ ਨਾਲ ਧਰਮ ਦਾ ਗੂੜ ਰਹੱਸ ਆਪਣੇ ਖਾਲਸੇ ਨੂੰ ਦ੍ਰਿੜ ਕਰਾਇਆ ਕਿ ਧਰਮ ਨਿਭਾਉਣ ਲਈ ਇਕ ਪਾਸੇ ਅੰਤਰ ਆਤਮਾ ਵਿਚ ਗਿਆਨ ਦੀ ਖੜਗ ਖੜਕਾਉਣਾ ਲਾਜ਼ਮੀ ਹੈ ਕਿਉਂਕਿ ਇਸ ਨਾਲ ਅੰਦਰੋਂ ਪਾਪਾਂ ਤੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਮਨ ਨਿਰਭਉ ਅਤੇ ਨਿਰਵੈਰ ਹੋਣ ਦੇ ਰਾਹੇ ਪੈ ਜਾਂਦਾ ਹੈ। ਇਸ ਹਾਲਾਤ ਵਿਚ ਬੰਦਾ ਚੇਤੰਨ ਦੁੱਖ ਸਹਿਣ ਦੇ ਸੰਤਾਪ ਤੋਂ ਬਚ ਜਾਂਦਾ ਹੈ। ਇਹ ਸਥਿਤੀ ਜ਼ੁਲਮ ਵਿਰੁੱਧ ਜੂਝਣ ਦੀ ਮਾਨਸਿਕਤਾ ਵੀ ਆਖੀ ਜਾ ਸਕਦੀ ਹੈ। ਇਸ ਤਰ੍ਹਾਂ ਦੇ ਸੰਘਰਸ਼ ਨੂੰ ਹੀ ਧਰਮ ਯੁੱਧ ਦਾ ਨਾਂ ਦਿੱਤਾ ਗਿਆ ਸੀ ਰਣ ਵਿਚ ਜੂਝ ਮਰਨ ਦਾ ਚਾਉ ਖਾਲਸਾ ਪੰਥ ਦੇ ਹਿਰਦਿਆਂ ਵਿਚ ਭਰ ਦਿੱਤਾ ਗਿਆ ਸੀ ਅਤੇ ਖਾਲਸਾ ਸੁਤੰਤਰ ਅਤੇ ਸਵੈ-ਨਿਰਭਰ ਕੌਮ ਵਿਚ ਬਦਲ ਗਿਆ ਸੀ। ਇਸ ਦੇ ਸਿਧਾਂਤਕ ਆਧਾਰ ਅਤੇ ਅਮਲ ਨੂੰ ਤਖਤ ਕੇਸਗੜ੍ਹ ਸਾਹਿਬ ਦੇ ਇਤਿਹਾਸਕ ਪ੍ਰਸੰਗ ਵਿਚ ਵੇਖਣ ਦਾ ਯਤਨ ਕੀਤਾ ਜਾਵੇਗਾ।

ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ ਸਿੱਖ ਕੌਮ ਦਾ ਮਹੱਤਵਪੂਰਨ ਤਖਤ ਅਤੇ ਇਤਿਹਾਸਕ ਅਸਥਾਨ ਹੈ। ਇਸੇ ਧਰਤੀ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਿਰਜਣਾ ਕਰਕੇ ਸਿੱਖ ਧਰਮ ਦਾ ਲੋਕ-ਮੁਖੀ ਰੂਪ ਪ੍ਰਗਟ ਕੀਤਾ ਸੀ ਅਤੇ ਮਨੁੱਖਤਾ ਨੂੰ ਨਿਤ ਦੇ ਭੈਆਂ ਤੋਂ ਮੁਕਤ ਕਰਨ ਦੇ ਨਾਲ-ਨਾਲ ਹਰ ਤਰ੍ਹਾਂ ਦੇ ਜ਼ੁਲਮ, ਅਨਿਆਂ ਅਤੇ ਅਤਿਆਚਾਰ ਵਿਰੁੱਧ ਡੱਟਕੇ ਖਲੋਣ ਦੀ ਖਾਲਸਾ ਜੁਗਤਿ ਪ੍ਰਦਾਨ ਕੀਤੀ ਗਈ ਸੀ ਅਤੇ ਨਾਲ ਹੀ ਉਨਾਂ ਨੇ ਇਸ ਰਹੱਸ ਤੋਂ ਵੀ ਮਨੁੱਖਤਾ ਨੂੰ ਸੁਚੇਤ ਕਰਾਇਆ ਸੀ ਕਿ ਗੁਰ-ਸ਼ਬਦ ਦੁਆਰਾ ਆਪਾ ਭਾਵ ਨੂੰ ਮਾਰਕੇ, ਆਤਮਕ ਤੌਰ ਤੇ ਜੀਅ ਉਠਿਆ ਜਨ-ਸਮੂਹ ਹੀ ਖਾਲਸਾ ਹੈ। ਖਾਲਸੇ ਨੂੰ ਹੱਕ, ਸੱਚ ਲਈ ਜੂਝਦਿਆਂ ਹੋਇਆਂ ਜੇ ਆਪਾ ਵਾਰਨ ਦੀ ਲੋੜ ਵੀ ਪਵੇ ਤਾਂ ਵੀ ਪਿੱਛੇ ਨਹੀਂ ਹਟਦਾ। ਖਾਲਸਾ ਸਪਿਰਟ ਹੈ ਸੋ ਉਹ ਮਰਦਾ ਨਹੀਂ, ਸਗੋਂ ਗੁਰੂ ਸ਼ਬਦ ਵਿਚ ਹੀ ਸਮਾ ਕਿ ਅਨੰਦ ਪੁਰੀ ਦਾ ਵਾਸੀ ਹੋ ਜਾਂਦਾ ਹੈ।

ਆਨੰਦਪੁਰ ਸਾਹਿਬ ਦਾ ਪ੍ਰਸੰਗ ਸਥਾਪਨਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਰਾਹੀਂ ਹੁੰਦਾ ਹੈ। ਗੁਰੂ

ਪਾਤਸ਼ਾਹ ਗੁਰਗੱਦੀ ਧਾਰਨ ਕਰਨ ਉਪਰੰਤ ਕੀਰਤਪੁਰ ਸਾਹਿਬ ਆ ਗਏ। ਇਹ ਅਸਥਾਨ ਉਸ ਵੇਲੇ ਕਹਿਲੂਰ ਰਾਜ ਦੀ ਬਿਲਕੁਲ ਸੀਮਾ ਉੱਪਰ ਸਥਿਤ ਸੀ। ਇਸ ਨਗਰ ਨੂੰ ਛੇਵੇਂ ਗੁਰੂ ਸਾਹਿਬਾਨ ਨੇ ਵਸਾਇਆ ਸੀ। ਇਸ ਦਾ ਇਤਿਹਾਸਕ ਪ੍ਰਸੰਗ ਦਾ ਜ਼ਿਕਰ ਭੱਟ ਵਹੀ ਵਿਚ ਇਸ ਤਰ੍ਹਾਂ ਹੈ :

"ਗੁਰੂ ਹਰਿਗੋਬਿੰਦ ਮਹਲ ਛਟੇ ਨੇ ਬੇਟਾ ਗੁਰਦਿਤਾ ਜੀ ਕੋ ਨਗਰ ਜਊਬਲ ਭਾਈ ਹਰੀਏ ਬੜ੍ਹੰਗ ਕੇ ਘਰ ਭੇਜਾ, ਗੈਲ ਗੁਰੂ ਬਾਬਾ ਸ੍ਰੀ ਚੰਦ ਜੀ, ਆਏ ਕਮਲੀਏ ਅਲਮਸਤ ਕੋ ਸਾਥ ਲੈ ਕੇ , ਗੈਲ ਬਾਬਾ ਬੁੱਢਾ ਰਮਦਾਸ, ਸਿੰਘਾ ਪਰੋਹਤ ਖੇਮਾ ਚੰਦਨੀਆਂ ਆਯਾ। ਸਾਲ ਸੋਲਾ ਸੈ ਸਤਾਸੀਆ ਵੈਸਾਖ ਮਾਸ ਕੀ ਪੂਰਨਮਾ ਕੇ ਦਿਹੁੰ। ਗੁਰੂ ਬਾਬਾ (ਸ੍ਰੀ ਚੰਦ) ਜੀ ਕੇ ਪਾਵਨ ਹਾਥੋ ਸੇ ਪੋਹੜੀ ਗਾੜੀ, ਬਾਉਲੀ ਕਾ ਟੱਕ ਲਾਇਆ, ਨਾਉਂ ਕੀਰਤਪੁਰ ਰਾਖਾ।"[3]

ਗੁਰੂ ਹਰਿਗੋਬਿੰਦ ਨੇ 1644 ਤਕ ਇਸ ਅਸਥਾਨ ਤੇ ਸਿੱਖ ਧਰਮ ਦਾ ਪ੍ਰਚਾਰ ਅਤੇ ਪਾਸਾਰ ਕੀਤਾ। ਗੁਰੂ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਹਰਿ ਰਾਇ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਇਸੇ ਕੇਂਦਰ ਤੋਂ ਸਿੱਖ ਸੰਗਤਾਂ ਨੂੰ ਸੰਬੋਧਤ ਕੀਤਾ। 1664 ਈਸਵੀ ਨੂੰ ਅੱਠਵੇਂ ਪਾਤਸ਼ਾਹ ਜੋਤੀ ਜੋਤ ਸਮਾ ਗਏ। ਉਸ ਵੇਲੇ ਬਾਬਾ ਤੇਗ ਬਹਾਦਰ 'ਬਕਾਲੇ' ਵਿਚ ਰਹਿ ਰਹੇ ਸਨ। ਇੱਥੇ ਹੀ ਨੌਵੀਂ ਨਾਨਕ ਜੋਤਿ ਵਜੋਂ ਗੁਰਗੱਦੀ ਤੇ ਬਿਰਾਜਮਾਨ ਹੋਏ, ਪਰ ਮਾਝੇ ਵਿਚ ਪਸਰੇ ਗੁਰੂ ਡੰਮ ਦੇ ਦੰਭ ਨੂੰ ਹਾਲਾਤ ਅਨੁਕੂਲ ਨਾ ਸਮਝਦੇ ਹੋਏ। ਕੀਰਤਪੁਰ ਸਾਹਿਬ ਨੂੰ ਸਿੱਖੀ ਦਾ ਕੇਂਦਰ ਜਾਣ ਇਸ ਅਸਥਾਨ ਤੇ ਪਹੁੰਚ ਗਏ। ਕਹਿਲੂਰ ਵਿਚ ਉਸ ਵਕਤ ਰਾਜੇ ਦੀਪ ਸਿੰਘ ਦਾ ਰਾਜ ਸੀ, ਜਿਸ ਦੀ ਕੁਝ ਸਮੇਂ ਬਾਅਦ ਮੌਤ ਹੋ ਗਈ। ਰਾਜੇ ਦੀਪ ਸਿੰਘ ਦਾ ਨਾਬਾਲਗ ਬੇਟਾ ਭੀਮ ਚੰਦ ਰਾਜਗੱਦੀ ਤੇ ਬਿਠਾ ਦਿੱਤਾ ਗਿਆ ਅਤੇ ਉਸ ਦੇ ਚਾਚਾ ਨਾਨਕ ਚੰਦ ਮੁੱਖ ਵਜ਼ੀਰ ਬਣ ਗਿਆ। ਭੀਮ ਚੰਦ ਦੀ ਬਾਲ ਅਵਸਥਾ ਨੂੰ ਵੇਖਦੇ ਹੋਏ ਨਾਨਕ ਚੰਦ ਦੀ ਆਪ ਹੁਦਰਾਸ਼ਾਹੀ ਸ਼ੁਰੂ ਹੋ ਗਈ, ਜਿਸ ਨਾਲ ਪਰਜਾ ਅਤਿਅੰਤ ਦੁਖੀ ਹੋ ਗਈ। ਰਾਜਾ ਦੀਪ ਚੰਦ ਦੀ ਪਤਨੀ ਰਾਣੀ ਚੰਪਾ ਦੇਵੀ ਵੀ ਨਾਨਕ ਚੰਦ ਦੀਆਂ ਕਪਟੀ ਚਾਲਾਂ ਤੋਂ ਬੇਹੱਦ ਦੁਖੀ ਸੀ। ਇਸ ਸਥਿਤੀ ਵਿਚੋਂ ਨਿਕਲਣ ਲਈ ਉਸਨੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਕੁਝ ਦੇਰ ਕਹਿਲੂਰ ਰਾਜ ਵਿਚ ਆ ਕੇ ਉਨ੍ਹਾਂ ਨੂੰ ਨਿਹਾਲ ਕਰਨ। ਗੁਰੂ ਸਾਹਿਬ ਨੇ ਰਾਣੀ ਦੀ ਬੇਨਤੀ ਪ੍ਰਵਾਨ ਕੀਤੀ ਅਤੇ ਆਪਣੇ ਕੁਝ ਸਿੱਖਾਂ ਨਾਲ ਤਿੰਨ ਦਿਨ ਉਥੇ ਰਹੇ ਅਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕੀਤਾ। ਰਾਣੀ ਚੰਪਾ ਦੇਵੀ ਨੇ ਖ਼ੁਸ਼ ਹੋ ਕੇ ਤਿੰਨ ਪਿੰਡ ਲੋਧੀਪੁਰ, ਮੀਆਂਪੁਰ ਅਤੇ ਸ਼ਾਹੋਦਾ ਗੁਰੂ ਜੀ ਨੂੰ ਨਵਾਂ ਨਗਰ ਵਸਾਉਣ ਲਈ ਭੇਂਟ ਕੀਤੇ। ਇਸ ਪ੍ਰਸੰਗ ਨੂੰ ਭਟ ਵਹੀਂ ਵਿਚ ਇਸ ਤਰ੍ਹਾਂ ਅੰਕਤ ਕੀਤਾ ਹੈ :

"ਗੁਰੂ ਤੇਗ਼ ਬਹਾਦਰ ਜੀ ਮਹਲ ਨਾਮਾ ਬਾਸੀ ਕੀਰਤਪੁਰ ਪਰਗਨਾ ਕਹਿਲੂਰ ਬਿਲਾਸਪੁਰ ਆਏ, ਰਾਣੀ ਚੰਪਾ ਕੇ ਬੁਲਾਵੇ ਤੇ ਰਾਜਾ ਦੀਪ ਚੰਦ ਬੇਟਾ ਰਾਜਾ ਤਾਰਾ ਚੰਦ ਕੀ ਸਤਾਰਵੀਂ ਤੇ ਸਾਲ ਸਤਰੈ ਸੈ ਬਾਈਸ ਜੇਠ ਪਰਬਿਸੁਵੇ 15 ਮੰਗਲਵਾਰ ਕੇ ਦਿਹੁੰ ਗੈਲ ਮਾਤਾ ਨਾਨਕੀ ਜੀ ਆਏ ਮਾਤਾ ਗੁਰੂ ਤੇਗ਼ ਬਹਾਦਰ ਜੀ ਕੀ ਮਾਤਾ ਹਰ ਜੀ ਆਏ ਇਸਤਰੀ ਗੁਰੂ ਸੂਰਜ ਮਲ ਜੀ ਕੀ ਮਾਤਾ ਸੁਲੱਖਣੀ ਜੀ ਆਏ ਇਸਤਰੀ ਗੁਰੂ ਹਰਿ ਰਾਇ ਜੀ ਕੀ ਸਿਰੀ ਦੀਪ ਚੰਦ, ਨੰਦ ਚੰਦ ਆਏ ਬੇਟੇ (ਗੁਰੂ) ਸੂਰਜ ਮਲ ਜੀ ਕੇ ਦੀਵਾਨ ਦਰਘਾ ਮਲ ਆਇਆ, ਬੇਟਾ ਦਵਾਰਕਾ ਦਾਸ ਛਿਬਰ ਕਾ ਜੇਠਾ ਦਿਆਲ ਦਾਸ ਅਤੇ ਬੇਟੇ ਮਾਈਦਾਸ ਜਲਹਾਨੇ ਕਾ ਹੋਰ ਸਿੱਖ ਫਕੀਰ ਆਏ ਰਾਣੀ ਚੰਪਾ ਨੇ ਗੁਰੂ ਜੀ ਕਾ ਬੜਾ ਆਉ ਭਗਤ ਕੀਆਂ ਨਮਾਂ ਗ੍ਰਾਮ ਬਸਾਨੇ ਕੇ ਲੀਏ ਲੋਧੀਪੁਰ, ਮੀਆਂਪੁਰ ਸਹੋਦੇ ਗ੍ਰਾਮਾਂ ਦੀ ਭੂੰਇ ਦੀ, ਤਿੰਨ ਦਿਹੁੰ ਗੁਰੂ ਜੀ ਚੰਪਾ ਕੇ ਗ੍ਰਿਹਿ ਮੈ ਰਹਿ ਕੇ ਵਾਪਸ ਕੀਰਤਪੁਰ ਆਇ ਗਏ" [4]

ਪਰ ਗੁਰ ਬਿਲਾਸ ਰਚਿਤ ਸੁਖਾ ਸਿੰਘ, ਸੂਰਜ ਪ੍ਰਕਾਸ਼ ਗ੍ਰੰਥ ਅਤੇ ਜ਼ਿਲਾ ਗਜ਼ਟੀਅਰ ਹੁਸ਼ਿਆਰਪੁਰ ਵਿਚ ਇਹ ਥਾਂ ਗੁਰ ਪਾਤਸ਼ਾਹ ਦੁਆਰਾ ਮੁਖ ਖਰੀਦੀ ਦਰਸਾਈ ਹੈ :

ਆਨ ਬਸਾਯੋ ਚਕ ਤਬ। ਅਨੰਦਪੁਰ ਕੀ ਜਾਣ
ਜ਼ਰ ਖਰੀਦ ਜਗਾ ਲੈ ਆਨ। ਨਗਰ ਰਚਿਓ ਆਛੋ ਸੁਖਦਾਨ
ਮਾਤਾ ਜੀ ਕੇ ਇਸ ਮਨਿਧਾਨ। ਸਭ ਕਾਰਜ ਕੀਨੋ ਨਿਜ ਅਮਾਨ [5]

ਸੂਰਜ ਪ੍ਰਕਾਸ਼ ਵਿਚ ਅੰਕਤ ਹੈ :

ਜਰ ਖ੍ਰੀਦ ਕੇ ਪਟੇ ਲਿਖਾਏ

ਲੇ ਸਤਿਗੁਰ ਕਿਜ ਨਿਕਟਿ ਰਖਾਏ।[6]

ਜ਼ਿਲਾ ਗਜ਼ਟੀਅਰ ਹੁਸ਼ਿਆਰਪੁਰ ਵਿਚ ਦੋ ਪਿੰਡ ਮਾਖੋਵਾਰ ਅਤੇ ਮਾਥੂਰ ਗੁਰੂ ਤੇਗ਼ ਬਹਾਦਰ ਜੀ ਦੁਆਰਾ ਕਹਿਲੂਰ ਦੀ ਰਿਆਸਤ ਪਾਸੋਂ ਖ਼ਰੀਦੇ ਦਰਸਾਏ ਹਨ ਜਿੱਥੇ ਕਿ ਗੁਰੂ ਸਾਹਿਬ ਦੁਆਰਾ ਆਨੰਦਪੁਰ ਸਾਹਿਬ ਦੀ ਉਸਾਰੀ ਕੀਤੀ ਗਈ।[7]

ਜ਼ਮੀਨ ਦਾ ਪ੍ਰਬੰਧ ਹੋ ਜਾਣ ਉਪਰੰਤ 21 ਹਾੜ ਸੰਮਤ 1722 ਨੂੰ ਇੱਥੇ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਪਹਿਲੀ ਇਮਾਰਤ ਦੀ ਨੀਂਹ ਰੱਖਣ ਦੀ ਰਸਮ ਬਾਬਾ ਬੁੱਢਾ ਜੀ ਦੇ ਲੜਕੇ ਗੁਰਦਿਤਾ ਰੰਧਾਵਾ ਜੀ, ਦੁਆਰਾ ਨਿਭਾਈ ਗਈ ਅਤੇ ਇਸ ਨਗਰ ਦਾ ਨਾਮ 'ਚੱਕ ਨਾਨਕੀ' ਰੱਖਿਆ ਗਿਆ[8]। ਬਾਅਦ ਵਿਚ ਇਸ ਪਵਿੱਤਰ ਅਸਥਾਨ ਦਾ ਨਾਮ ਅਨੰਦਪੁਰ ਸਾਹਿਬ ਰੱਖਿਆ ਗਿਆ। ਅੱਜ ਵੀ ਮਹਿਕਮਾ ਮਾਲ ਦੇ ਰਿਕਾਰਡ ਵਿਚ ਇਸ ਦੇ ਦੋ ਹਿੱਸੇ। ਚੱਕ ਨਾਨਕੀ ਅਤੇ ਅਨੰਦਪੁਰ ਸਾਹਿਬ ਹੀ ਦਰਜ ਹਨ। ਸ਼ੁਰੂ ਵਿਚ ਗੁਰਦੁਆਰਾ, ਗੁਰੂ ਸਾਹਿਬ ਦੇ ਪਰਿਵਾਰ ਲਈ ਅਤੇ ਸਿੱਖ ਸੰਗਤਾਂ ਦੇ ਰਹਿਣ ਲਈ ਇਮਾਰਤਾਂ ਦੀ ਉਸਾਰੀ ਕਰਾਈ ਗਈ। ਉਸਾਰੀ ਦਾ ਉਲੇਖ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਦਰਜ ਹੈ :

ਸੁਨਿ ਕਾਰੀਗਨ ਲਗੇ ਉਸਾਰਨਿ॥ ਸੁੰਦਰ ਘਰ ਸਮੇਤ ਬਿਸਤਾਰਨਿ॥
ਇਕ ਧਰਮਸਾਲਾ ਬੜੀ ਬਨਾਈ॥ ਜਿਸ ਮਹਿ ਸੰਗਤ ਉਤਰਹਿ ਆਈ॥
ਰਾਖੇ ਦਰ ਅਨੇਕ ਚਹੁੰ ਓਰ॥ ਗੀਰਖਮ ਮਹਿ ਸਮੀਰ ਕੀ ਲੋਰ॥
ਇਸ ਦਰ ਕੇ ਕੌਤਿਕ ਬਨਵਾਏ॥ ਇਸ ਪਰਕਾਰੁ ਪੁਰਿ ਗੁਰੁ ਬਸਾਏ।[9]

ਹੁਣ ਗੁਰੂ ਰਾਮਦਾਸ ਜੀ ਵਾਂਗ ਹੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਸਿੱਖ ਸੇਵਕਾਂ, ਵਿਉਪਾਰੀ ਅਤੇ ਦੁਕਾਨਦਾਰਾਂ ਨੂੰ ਪ੍ਰੇਰਿਆ ਕਿ ਉਹ ਇਥੇ ਆ ਕੇ ਆਪਣੇ ਘਰ ਬਨਾਉਣ ਅਤੇ ਵਪਾਰ ਸ਼ੁਰੂ ਕਰਨ। ਗੁਰੂ ਪਾਤਸ਼ਾਹ ਦੇ ਹੁਕਮ ਨੂੰ ਸਿਰ ਮੱਥੇ ਪ੍ਰਵਾਨ ਕਰਦੇ ਸਿੱਖ ਸੰਗਤਾਂ ਅਨੰਦਪੁਰ ਦੀ ਧਰਤੀ ਵਲ ਵਹੀਰਾ ਘੱਤ ਕੇ ਪਹੁੰਚ ਗਈਆਂ ਅਤੇ ਇਨ੍ਹਾਂ ਵਿਚ ਹੀ ਇਹ ਉਜਾੜ ਥੇਹ ਗੁਰੂ ਸੰਗਤਾਂ ਅਤੇ ਗੁਰੂ ਨਾਦ ਦੇ ਇਲਾਹੀ ਅਲਾਪ ਦਾ ਹਿੱਸਾ ਹੋ ਕਿਸੇ ਬਚਿੱਤਰ ਨਾਟਕ ਦੀ ਖੇਡ ਲਈ ਤਿਆਰ ਹੋਣ ਲੱਗੀ। ਸੰਗਤਾਂ ਦੇ ਆਗਮਨ ਤੇ ਪੁਰੀ ਅਨੰਦ ਦੀ ਗਹਿਮਾ-ਗਹਿਮ ਦਾ ਚਿੱਤਰ ਭਾਈ ਸੰਤੋਖ ਸਿੰਘ ਰੂਪਮਾਨ ਕਰਦੇ ਲਿਖਦੇ ਹਨ :

ਸੁੰਦਰ ਸਦਨ ਸੁਧਾਰਿ ਕਰਿ ਬਸੇ ਗੁਰੂ ਮਹਾਰਾਜ
ਪਰਜਾ ਬਸ ਵਨਿ ਪੁਨਿ ਕਰੀਦੇ ਸਭਿ ਬਿਧਿਨ ਸਮਾਜ
ਨਿਤ ਪ੍ਰਤੀ ਸੰਗਤਿ ਆਇ ਨਵੀਨ।
ਡੇਰਾ ਪਰਹਿ ਬਨਜ ਹੁਇ ਪੀਨ।
ਬੇਸਨ ਆਦਿ ਦੁਕਾਨ ਬਨਾਈ।
ਗਨੀ ਗਰੀਬ ਬਸੇ ਸਮੁਦਾਈ।[10]

ਗੁਰੂ ਸਾਹਿਬ ਦੇ ਹੁਕਮਾਂ ਨੂੰ ਸਿਰ ਮੱਥੇ ਪ੍ਰਵਾਨ ਕਰਦੇ ਹੋਏ, ਸਿੱਖ ਸੰਗਤਾਂ ਨੇ ਇੱਥੇ ਕਾਰੋਬਾਰੀ ਵਸੀਲੇ ਸ਼ੁਰੂ ਕਰ ਦਿੱਤੇ ਅਤੇ ਬਹੁਤ ਜਲਦੀ ਇੱਥੇ ਪੂਰੀ ਤਰ੍ਹਾਂ ਚਹਿਲ ਪਹਿਲ ਹੋ ਗਈ। ਗੁਰੂ ਪਾਤਸ਼ਾਹ ਨੇ ਇਸ ਜਗ੍ਹਾ ਨੂੰ ਕੇਂਦਰੀ ਅਸਥਾਨ ਵਜੋਂ ਮਾਨਤਾ ਦੇ ਦਿੱਤੀ ਅਤੇ ਸਿੱਖ ਧਰਮ ਦਾ ਪ੍ਰਚਾਰ ਪੂਰੀ ਸਰਗਰਮੀ ਨਾਲ ਸ਼ੁਰੂ ਕਰ ਦਿੱਤਾ। ਕੁਝ ਸਮਾਂ ਇੱਥੇ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਹਿਤ ਵੱਖ-ਵੱਖ ਥਾਵਾਂ ਦੀਆਂ ਯਾਤਰਾਵਾਂ ਕਰਨ ਦਾ ਮਨ ਬਣਾਇਆ ਅਤੇ ਇਹ ਯਾਤਰਾਵਾਂ 1675 ਤਕ ਜਾਰੀ ਰਹੀਆਂ। ਇਸ ਤੋਂ ਬਾਅਦ ਆਪ ਨੇ ਪੱਕੇ ਤੌਰ ਤੇ ਇੱਥੇ ਰਹਿਣਾ ਸ਼ੁਰੂ ਕਰ ਦਿੱਤਾ। ਇਸੇ ਸਮੇਂ ਦੌਰਾਨ ਹੀ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਨੂੰ ਵੀ ਪਟਨਾ ਸਾਹਿਬ ਤੋਂ ਇਥੇ ਬੁਲਾ ਲਿਆ ਅਤੇ ਬਾਲ ਗੋਬਿੰਦ ਨੂੰ ਵਿੱਦਿਆ ਅਤੇ ਹਥਿਆਰਾਂ ਦੀ ਸਿੱਖਿਆ ਤਜਰਬੇਕਾਰ ਵਿਅਕਤੀਆਂ ਕੋਲੋਂ ਦਿਵਾਉਣੀ ਸ਼ੁਰੂ ਕਰ ਦਿੱਤੀ। ਬੰਸਾਵਲੀ ਨਾਮਾਂ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੋਇਆ ਹੈ :

ਸਤ ਸਾਲ ਕੀ ਅਵਸਥਾ ਹੋਤੀ ਭਈ।
ਤਬ ਪਾਰਸੀ ਲਿਖਣ ਦੀ ਸ਼ੌਕ ਪਈ।
ਪਾਰਸੀ ਲਿਖਣ ਪੜਨ ਸਿਖਣ ਸਾਹਿਬ ਲਗੇ।
ਉਹ ਸਿੱਖ ਮੁਨਸੀ ਬੈਠ ਰਹੇ ਚਰਨਾ ਅਗੇ।

ਏਕ ਸਾਲ ਮੇ ਪਾਰਸੀ ਸਿਖ ਲਈ।
ਕਰਨ ਕਾਰਨ ਪੁਰਖ ਆਹਾ ਸਭ ਮਈ।[11]

ਸ਼ਸਤਰ ਵਿਦਿਆ ਬਾਰੇ ਇਸ ਗ੍ਰੰਥ ਨੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ :

ਸੰਮਤ ਸਤਾਰਾ ਸੈ ਛਬੀ ਜਬ ਭਏ।
ਤਬ ਸਸਤ੍ਰ ਵਿਦਿਆ ਸਿਖਨ ਦਿਲ ਭਏ।
ਛੋਟੀ ਧਨੁਖ ਅਰੁ ਛੋਟੇ ਹੀ ਤੀਰ।
ਸੰਗ ਬਾਲਕ ਕੀ ਬਹੁਤੀ ਭੀੜ।
ਸਿਪਰ ਤਲਵਾਰ ਭੀ ਨਿਕੜੀ ਬਨਵਾਈ।
ਨਾਲੇ ਫੁਲਥੇ ਦੀ ਖੇਡ ਮਚਾਈ।
ਖਾਕਤੋਦੇ ਬਿੰਜਰ ਕਵਾਦੇ ਲੈਸਾ ਬਨਵਾਏ।
ਤੀਨ ਜਾਮ ਵਿਚ ਖੇਡ ਬਿਚਾਏ।[12]

ਇਧਰ ਅਨੰਦਪੁਰੀ ਦੀ ਰੌਣਕਾਂ ਵਧ ਰਹੀਆਂ ਸਨ, ਉੱਧਰ ਦਿੱਲੀ ਦੇ ਹੁਕਮਰਾਨ ਔਰੰਗਜ਼ੇਬ ਦੇ ਧਾਰਮਿਕ ਜਨੂੰਨ ਨੇ ਲੋਕਾਂ ਦਾ ਜੀਵਨ ਦੁਭਰ ਕਰਕੇ ਰੱਖ ਦਿੱਤਾ ਸੀ। ਉਹ ਹਿੰਦੋਸਤਾਨ ਦੀ ਧਰਤੀ ਨੂੰ ਪੂਰੀ ਤਰ੍ਹਾਂ ਇਸਲਾਮਕ ਧਰਤੀ ਬਨਾਉਣ ਉੱਪਰ ਤੁਲਿਆ ਹੋਇਆ ਸੀ। ਬੇਸ਼ਕ ਉਸ ਦੇ ਜ਼ੁਲਮ ਦਾ ਸ਼ਿਕਾਰ ਸਮੁੱਚੀ ਹਿੰਦੂ ਕੌਮ ਸੀ, ਪਰ ਕਸ਼ਮੀਰ ਵਿਚ ਉਸ ਦੇ ਹੁਕਮ ਨਾਲ ਸੂਬੇਦਾਰ ਇਫਤਖ਼ਾਰ ਨੇ ਹਰ ਤਰ੍ਹਾਂ ਦੀ ਰਾਜਨੀਤਿਕ ਨੈਤਿਕਤਾ ਨੂੰ ਤਲਾਂਜਲੀ ਦੇ ਕੇ ਜ਼ੁਲਮ ਦੀ ਹਨੇਰੀ ਝੁਲਾ ਦਿੱਤੀ ਸੀ ਅਤੇ ਇਸ ਜ਼ੁਲਮ ਦਾ ਸ਼ਿਕਾਰ ਸੀ ਭਾਰਤ ਦੀ ਹਿੰਦੂ ਜਨਤਾ। ਹਿੰਦੂ ਲੋਕ ਆਪਣਾ ਧਰਮ ਬਚਾਉਣ ਲਈ ਆਪਣੀ ਜਾਨ ਲੁਕਾਈ ਫਿਰਦੇ ਸਨ। ਬਚਾਅ ਦਾ ਕੋਈ ਰਸਤਾ ਨਾ ਵੇਖ ਕ੍ਰਿਪਾ ਰਾਮ ਨਾਂ ਦੇ ਇਕ ਪੰਡਤ ਜਿਸ ਦੇ ਪੁਰਖੇ ਸਿੱਖ ਧਰਮ ਨੂੰ ਸਮਰਪਤ ਹੋ ਚੁੱਕੇ ਸਨ ਦੀ ਅਗਵਾਈ ਵਿਚ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਮਈ 1675 ਈਸਵੀ ਨੂੰ ਅਨੰਦਪੁਰ ਦੀ ਧਰਤੀ ਤੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਪੇਸ਼ ਹੋਇਆ ਅਤੇ ਮੁਗਲਾਂ ਵਲੋਂ ਢਾਏ ਜਾ ਰਹੇ ਜ਼ੁਲਮਾਂ ਬਾਰੇ ਦਸਦਿਆਂ ਮਦਦ ਲਈ ਪ੍ਰਾਰਥਨਾ ਕੀਤੀ ਇਸ ਇਤਿਹਾਸਕ ਪ੍ਰਸੰਗ ਨੂੰ ਭੱਟ ਵਹੀਂ ਤਲੌਂਡਾ ਪਰਗਨਾ ਜੀਂਦ ਨੇ ਇਸ ਤਰ੍ਹਾਂ ਸੰਭਾਲਿਆ ਹੋਇਆ ਹੈ :

ਕਿਰਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਪੜਪੋਤਾ ਬਰੱਹਮ ਦਾਸ ਕਾ ਬੰਸ ਠਾਕਰ ਦਾਸ ਕਾ ਭਾਰਦਵਾਜੀ ਗੌਤਰਾ ਸਰਸੁਤ ਦੱਤ ਬਰਾਹਮਣ ਬਾਸੀ ਮਦਨ ਪਰਗਨਾ ਸਿਰੀ ਨਗਰ ਦੇਸ ਕਸ਼ਮੀਰ ਖੋੜਸ ਮੁਖੀ ਬਰਾਹਮਣੋ ਕਾ ਸੰਗ ਲੈ ਕੇ ਚਕ ਨਾਨਕੀ ਆਇਆ ਪਰਗਨਾ ਕਹਿਲੂਰ ਮੇ ਸੰਬਤ ਸਤਰੈ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸ਼ੀ ਕੇ ਦਿਹੁੰ ਗੁਰੂ ਤੇਗ ਬਹਾਦਰ ਮਹਿਲਾ ਨਾਮਾ ਨੇ ਇਕੋ ਧੀਰਜ ਦਈ।[13]

ਇਸੇ ਤਰ੍ਹਾਂ ਦਾ ਪ੍ਰਗਟਾ 'ਸ਼ਹੀਦ ਬਿਲਾਸ' ਵਿਚ ਕੀਤਾ ਮਿਲਦਾ ਹੈ :

ਹਾਥ ਜੋਰ ਕਹਯੋ ਕ੍ਰਿਪਾ ਰਾਮ।
ਦਤ ਬ੍ਰਾਹਮਣ ਮਦਨ ਗ੍ਰਾਮ।
ਹਮਰੋ ਬਲ ਅਬ ਰਹਯੋ ਨਾ ਕਾਈ।
ਹੇ ਗੁਰ ਤੇਗ਼ ਬਹਾਦਰ ਰਾਈ।
ਰਾਜ ਕੇ ਬੰਧਨ ਕਾਟਨ ਹਾਰੇ।
ਤਉ ਗੁਰ ਨਾਨਕ ਹੈ ਅਵਤਾਰੇ।
ਜਿਮ ਦਰੋਪਤੀ ਰਾਖੀ ਲਾਜ।
ਦੀਯੋ ਸਮਾਰ ਸੁਦਾਮੇ ਕਾਜ।
ਫਿਰਤ ਫਿਰਤ ਪ੍ਰਭ ਆਏ ਬਾਰੇ।
ਥਾਕ ਪਰੇ ਹਉਂ ਤਉਂ ਦਰਬਾਰੇ।
ਸੇਵਾ ਹਰੀ ਇਮ ਅਰਜ ਗੁਜਾਰੀ।
ਤੁਮ ਕਲਿਜੁਗ ਕੇ ਕ੍ਰਿਸ਼ਨ ਮੁਰਾਰੀ।[14]

ਗੁਰੂ ਸਾਹਿਬ ਨੇ ਉਨ੍ਹਾਂ ਦੀ ਫਰਿਆਦ ਸੁਣੀ ਤੇ ਬਹੁਤ ਗੰਭੀਰ ਮੁਦਰਾ ਵਿਚ ਹੋ ਗਏ। ਉਸ ਸਮੇਂ ਬਾਲ

ਗੋਬਿੰਦ ਉਥੇ ਆਏ ਅਤੇ ਗੁਰੂ ਜੀ ਨੂੰ ਚੁੱਪ ਬੈਠਣ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਉਪਰੋਕਤ ਕਥਾ ਨੂੰ ਬਿਆਨ ਕਰਦੇ ਕਿਹਾ ਕਿ ਇਨ੍ਹਾਂ ਦੇ ਦੁੱਖਾਂ ਦੇ ਹਲ ਲਈ ਕਿਸੇ ਯੋਧੇ ਮਹਾਂਪੁਰਸ਼ ਦੇ ਬਲੀਦਾਨ ਦੀ ਲੋੜ ਹੈ। ਬਾਲ ਗੋਬਿੰਦ ਨੇ ਕਿਹਾ ਕਿ ਇਸ ਪਵਿੱਤਰ ਅਤੇ ਸਰੇਸ਼ਠ ਕਾਰਜ ਲਈ ਤੁਹਾਡੇ ਤੋਂ ਵੱਡਾ ਮਹਾਂਪੁਰਸ਼ ਕੌਣ ਹੋ ਸਕਦਾ ਹੈ :

ਕਹਯੋ ਤਾਤ ਕੇ ਸ੍ਰੀ ਗੁਰ ਨੇ 'ਕਿਸ ਸੋਚਤ'
ਤਾਹਿ ਕਹਯੋ "ਧਰਭਾਰ ਅਪਾਰੀ।
ਸੋਢਨ ਮੈ ਸਿਰਤਾਜ ਕੋਈ
ਦਤ ਸੀਸ ਮਿਟੈ ਦੁਖ ਸੁਖਨ ਧਾਰੀ।
ਬੋਲਤ ਭੇ ਤਬ ਸ੍ਰੀ ਗੁਰ ਜੀ
ਸਿਰਤਾਜ ਤੁਮੈ ਸਮਕੋ ਬਪੁ ਧਾਰੀ [15]

ਬਾਲ ਗੋਬਿੰਦ ਦੇ ਇਹ ਸ਼ਬਦ ਸੁਣ ਕੇ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਦਾ ਪੁੱਤਰ ਹੁਣ ਸਿੱਖਾਂ ਦੀ ਅਗਵਾਈ ਕਰਨ ਦੇ ਯੋਗ ਹੈ। ਇਸ ਲਈ ਉਹਨਾਂ ਨੇ ਸ਼ਹਾਦਤ ਦੇਣ ਦਾ ਨਿਸ਼ਚਾ ਕੀਤਾ ਅਤੇ 11 ਨਵੰਬਰ, 1675 ਈਸਵੀ ਨੂੰ ਚਾਂਦਨੀ ਚੌਕ ਦਿੱਲੀ ਵਿਚ ਸਮੇਤ ਆਪਣੇ ਤਿੰਨ ਸਾਥੀਆਂ ਦੇ ਮਜਲੂਮਾਂ ਦੀ ਰੱਖਿਆ ਅਤੇ ਮੁਗ਼ਲ ਹਾਕਮਾਂ ਦੇ ਜ਼ੁਲਮਾਂ ਵਿਰੁੱਧ ਸ਼ਹਾਦਤ ਦੇ ਦਿੱਤੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਲਗਾਤਾਰ 9 ਸਾਲ ਆਨੰਦਪੁਰ ਰਹੇ ਅਤੇ ਧਾਰਮਿਕ ਸਰਗਰਮੀਆਂ ਜਾਰੀ ਰੱਖੀਆਂ। ਸਿੱਖ ਰਵਾਇਤਾਂ ਮੁਤਾਬਕ ਉਹ ਇਸ ਸਮੇਂ ਵਿਚ ਆਪਣੇ ਆਪ ਨੂੰ ਕਿਸੇ ਖਾਸ ਮਿਸ਼ਨ ਲਈ ਤਿਆਰ ਕਰਦੇ ਰਹੇ। ਹੁਣ ਉਨ੍ਹਾਂ ਨੇ ਧਾਰਮਿਕ ਕਾਰਜਾਂ ਦੇ ਨਾਲ-ਨਾਲ ਸਿੱਖਾਂ ਨੂੰ ਮਾਨਸਿਕ ਤੌਰ ਤੇ ਆਉਣ ਵਾਲੇ ਔਖੇ ਸਮੇਂ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਘੋੜ ਸਵਾਰੀ, ਤੀਰ ਚਲਾਉਣ ਅਤੇ ਤਲਵਾਰਾਂ ਦੀ ਸਿੱਖਿਆ ਦੇ ਨਾਲ-ਨਾਲ ਲੜਾਈ ਦੇ ਤਜਰਬੇ ਵੀ ਸ਼ੁਰੂ ਹੋ ਗਏ, ਇਕ ਵੱਡਾ ਨਗਾਰਾ ਬਣਾਇਆ ਗਿਆ ਜੋ ਸਵੇਰੇ ਸ਼ਾਮ ਵਜਾਇਆ ਜਾਣ ਲੱਗਾ।[16] ਆਨੰਦਪੁਰ ਵਿਚ ਗੁਰੂ ਸਾਹਿਬ ਦੀਆਂ ਜੰਗੀ ਕਾਰਵਾਈਆਂ ਨੂੰ ਕਹਿਲੂਰ ਦੇ ਰਾਜਾਂ ਨੇ ਵਿਰੋਧ ਵਿਚ ਵੇਖਿਆ ਜਿਸ ਕਾਰਣ ਝਗੜਾ ਅਨਿਵਾਰੀ ਹੋ ਗਿਆ ਸੀ, ਪਰ ਛੋਟੀ ਮੋਟੀ ਝੜਪ ਤੋਂ ਬਿਨਾਂ ਕੋਈ ਵੱਡਾ ਝਗੜਾ ਟਲਿਆ। ਗੁਰੂ ਪਾਤਸ਼ਾਹ ਖ਼ੁਦ ਵੀ ਭੀਮ ਚੰਦ ਵਰਗੇ ਨਾਲ ਬੇਲੋੜੇ ਯੁੱਧ ਵਿਚ ਉਲਝਣਾ ਨਹੀਂ ਚਾਹੁੰਦੇ ਸਨ। ਇਸ ਲਈ ਉਹ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਤੇ 'ਪਾਉਂਟਾ ਸਾਹਿਬ' ਚਲੇ ਗਏ। ਪਾਉਂਟਾ ਸਾਹਿਬ ਵਿਚ ਸਿੱਖਾਂ ਦੀ ਵੱਧਦੀ ਸ਼ਕਤੀ ਨੂੰ ਇਕ ਵਾਰ ਫਿਰ ਆਪਣੇ ਵਿਰੋਧ ਵਿਚ ਵੇਖਿਆ, ਜਿਸ ਕਾਰਣ 1688 ਈਸਵੀ ਨੂੰ ਭੰਗਾਣੀ ਦਾ ਯੁੱਧ ਹੋਇਆ, ਜਿਸ ਵਿਚ ਪਹਾੜੀ ਰਾਜਿਆ ਦੀ ਹਾਰ ਹੋਈ ਅਤੇ ਹੰਕਾਰੀ ਰਾਜੇ ਭੀਮ ਚੰਦ ਨੇ ਭੱਜਕੇ ਜਾਨ ਬਚਾਈ। ਇੱਥੋਂ ਸਿੱਧੇ ਗੁਰੂ ਪਾਤਸ਼ਾਹ ਆਨੰਦਪੁਰ ਆ ਗਏ। ਜਿੱਥੇ ਜਿੱਤ ਦੀ ਖ਼ੁਸ਼ੀ ਵਿਚ ਆਨੰਦਗੜ੍ਹ ਨਾਂ ਦਾ ਕਿਲਾ ਤਾਮੀਰ ਕਰਾਇਆ।

ਗੁਰੂ ਸਾਹਿਬ ਦੀ ਜਿੱਤ ਨੇ ਪਹਾੜੀ ਰਾਜਿਆਂ ਨੂੰ ਪ੍ਰਭਾਵਤ ਕੀਤਾ ਅਤੇ ਉਹ ਗੁਰੂ ਪਾਤਸ਼ਾਹ ਦੀ ਮਦਦ ਨਾਲ ਮੁਗ਼ਲਾਂ ਤੋਂ ਸੁਤੰਤਰ ਹੋਣ ਬਾਰੇ ਸੋਚਣ ਲੱਗੇ। ਗੁਰੂ ਪਾਤਸ਼ਾਹ ਨੇ ਹਾਂ ਪੱਖੀ ਹੁੰਗਾਰਾ ਦਿੱਤਾ। ਫਲਸਰੂਪ 1690 ਵਿਚ ਆਲਿਫ ਖਾਂ ਜਦੋਂ ਕਰ ਇਕੱਠਾ ਕਰਨ ਆਇਆ ਤਾਂ ਪਹਾੜੀ ਰਾਜੇ ਇਨਕਾਰੀ ਹੋ ਗਏ। ਨਦੌਣ ਦੇ ਅਸਥਾਨ ਤੇ ਯੁੱਧ ਵਿਚ ਗੁਰੂ ਪਾਤਸ਼ਾਹ ਦੀ ਅਗਵਾਈ ਵਿਚ ਲੜਿਆ, ਜਿੱਥੇ ਆਲਿਫ ਖਾਂ ਜਾਨ ਬਚਾ ਕੇ ਭੱਜ ਨਿਕਲਿਆ, ਪਰ ਹਾਰੇ ਹੋਏ ਜਰਨੈਲ ਕੋਲੋਂ ਪਹਾੜੀ ਰਾਜਿਆਂ ਨੇ ਮੁਆਫੀ ਮੰਗ ਲਈ ਤੇ ਕਰ ਦੇਣਾ ਮਨਜ਼ੂਰ ਕਰ ਲਿਆ। ਇਸ ਤੋਂ ਬਾਅਦ ਪਹਾੜੀ ਰਾਜਿਆਂ ਨੇ ਮੁਗ਼ਲ ਸਰਕਾਰ ਦੀ ਮਦਦ ਨਾਲ 1694, 96 ਅਤੇ 97 ਵਿਚ ਅਨੰਦਪੁਰ ਤੇ ਹਮਲੇ ਕੀਤੇ ਅਤੇ ਬੇਇਜਤੀ ਭਰੀ ਹਾਰ ਉਨਾਂ ਦੇ ਨਸੀਬ ਵਿਚ ਆਈ।

ਖਾਲਸੇ ਦੀ ਸਿਰਜਣਾ ਤੋਂ ਲੈ ਕੇ 1704 ਈਸਵੀ ਤਕ ਅਨੰਦਪੁਰ ਧਰਮ ਯੁੱਧਾਂ ਦਾ ਅਖਾੜਾ ਬਣਿਆ ਰਿਹਾ। ਗੁਰੂ ਸਾਹਿਬ ਨੇ ਆਪਣੇ ਸਾਜੇ ਖਾਲਸੇ ਨਾਲ ਕਾਲੀਆਂ ਬਦਰੂਹਾਂ ਦੇ ਖ਼ਾਤਮੇ ਅਤੇ ਮਾਨਵ ਸਨਮਾਨ ਦੀ ਬਹਾਲੀ ਹਿਤ ਸੋਸ਼ਿਤ ਤੇ ਸੁਤੰਤਰਤਾ ਦਾ ਪ੍ਰਸੰਗ ਸਿਰਜਣ ਲਈ ਹਿੰਦੂ ਰਾਜਿਆਂ ਅਤੇ ਮੁਗ਼ਲ ਹਕੂਮਤ ਨਾਲ ਸਖਤ ਟੱਕਰ ਲਈ। ਇਸ ਸਮੇਂ ਅਨੰਦਪੁਰ ਸਾਹਿਬ ਬਹੁਤ ਸੁੰਦਰ ਕਸਬੇ ਦਾ ਰੂਪ ਧਾਰ ਚੁੱਕਾ ਹੈ।

ਸ਼ਿਵਾਲਿਕ ਪਹਾੜੀਆਂ ਦੇ ਐਨ ਪੈਰਾਂ ਵਿਚ ਵਸੇ ਇਸ ਸ਼ਹਿਰ ਦੀ ਖੂਬਸੂਰਤੀ ਵੇਖਣ ਯੋਗ ਹੈ। ਹਰ ਸਾਲ ਖਾਲਸਾ ਸਾਜਨ ਦੇ ਦਿਨ ਨੂੰ ਹੋਲਾ ਮੁਹੱਲਾ ਦੇ ਰੂਪ ਵਿਚ ਮਨਾਉਣ ਲਈ ਇਸ ਧਰਤੀ ਤੇ ਲੱਖਾਂ ਦੀ ਗਿਣਤੀ ਵਿਚ ਦੂਰ-ਦੂਰ ਤੋਂ ਚਲਕੇ ਸਿੱਖ ਆਉਂਦੇ ਹਨ ਅਤੇ ਪੂਰੇ ਜੋਸ਼ੋ-ਖਰੋਸ਼ ਨਾਲ ਇਸ ਮੇਲੇ ਦਾ ਆਨੰਦ ਮਾਣਦੇ ਹਨ।

ਤਖਤ ਕੇਸਗੜ੍ਹ ਵਿਚ ਗੁਰੂ ਸਾਹਿਬ ਦੇ ਕੁਝ ਮਹੱਤਵਪੂਰਣ ਸ਼ਸਤਰ ਪੂਰੇ ਸਤਿਕਾਰ ਨਾਲ ਸੰਭਾਲ ਕੇ ਰੱਖੇ ਹੋਏ ਹਨ ਅਤੇ ਸੰਗਤ ਨੂੰ ਹਰ ਰੋਜ਼ ਇਨ੍ਹਾਂ ਦੇ ਦਰਸ਼ਨ ਕਰਾਏ ਜਾਂਦੇ ਹਨ। ਇਹ ਮਹੱਤਵਪੂਰਨ ਹਥਿਆਰ ਇਹ ਹਨ :

1. ਨਾਗਣੀ : ਇਸ ਨਾਗਣੀ ਦੀ ਲੰਬਾਈ 8 ਫੁੱਟ 9 ਇੰਚ ਹੈ।
2. ਭਾਲਾ : ਇਸ ਦੀ ਲੰਬਾਈ 8 ਫੁੱਟ ਤੋਂ ਥੋੜ੍ਹੀ ਘੱਟ ਹੈ। ਇਸ ਦਾ ਅਗਲਾ ਫਲ 2 ਫੁੱਟ 9 ਇੰਚ ਲੰਬਾ ਹੈ, ਵਿਚਕਾਰ ਲੱਕੜੀ ਦਾ ਲੰਬਾ ਦਸਤਾ ਹੈ।
3. ਸ਼ੈਫ : ਇਸ ਦੀ ਲੰਬਾਈ ਦਸਤੇ ਸਮੇਤ 4 ਫੁੱਟ 3 ਇੰਚ ਹੈ, ਚੌੜਾਈ ਦਸਤੇ ਪਾਸ ਤਿੰਨ ਇੰਚ ਫੇਰ ਵਿਚਕਾਰ ਦੋ ਇੰਚ, ਇਸ ਤਰ੍ਹਾਂ ਘਟਦੀ ਹੋਈ ਅੰਤ ਤਿੱਖੀ ਨੋਕ ਹੈ।
4. ਖੰਡਾ : ਇਸ ਖੰਡੇ ਦੀ ਲੰਬਾਈ 3 ਫੁੱਟ 3 ਇੰਚ ਹੈ ਇਸ ਖੰਡੇ ਨਾਲ ਸਿੱਖੀ ਪਰਖੀ ਸੀ ਜਦੋਂ ਪੰਜ ਪਿਆਰੇ ਚੁਣੇ ਗਏ ਸਨ।
5. ਕਟਾਰ : ਇਸ ਕਟਾਰ ਦੀ ਲੰਬਾਈ ਸਮੇਤ ਦੋ ਫੁੱਟ ਇਕ ਇੰਚ ਹੈ, ਇਸ ਦੇ ਦਸਤੇ ਉੱਪਰ ਹਾਥੀ ਸ਼ੇਰਾਂ ਦੀਆਂ ਤਸਵੀਰਾਂ ਚਿਤਰ ਕੀਤੀਆਂ ਹਨ।

ਅਨੰਦਪੁਰ ਦੀ ਧਰਤੀ ਤੋਂ ਗੁਰੂ ਪਾਤਸ਼ਾਹ ਨੇ ਸਮੂਹ ਸਿੱਖ ਨੂੰ ਹੁਕਮਨਾਮਾ ਜਾਰੀ ਕਰ 1699 ਦੀ ਵਿਸਾਖੀ ਅਨੰਦਪੁਰ ਮਨਾਉਣ ਲਈ ਕਿਹਾ। ਗੁਰੂ ਦੇ ਹੁਕਮ ਨੂੰ ਸਿਰ ਮੱਥੇ ਪਰਵਾਨ ਕਰਦੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਅਨੰਦਪੁਰ ਸਾਹਿਬ ਪਹੁੰਚੇ। ਕੇਸਗੜ੍ਹ ਸਾਹਿਬ ਦੀ ਧਰਤੀ ਤੇ ਦੀਵਾਨ ਸਜਾਏ। ਭਰੇ ਦੀਵਾਨ ਵਿਚ ਸਿਰ ਦੀ ਮੰਗ ਕੀਤੀ। ਇਹ ਮੰਗ ਪੰਜ ਵਾਰ ਦੁਹਰਾਈ ਗਈ ਅਤੇ ਹਰ ਮੰਗ ਤੇ ਨਾਨਕ ਸਿਧਾਂਤ ਨਾਲ ਇਕਸੁਰ ਹੋਏ ਪੂਰੇ ਸੂਰੇ ਸਿੱਖ ਭਾਈ ਦਇਆ ਰਾਮ (ਲਹੌਰ) ਭਾਈ ਧਰਮ ਚੰਦ (ਦਿੱਲੀ) ਮੁਹਕਮ ਚੰਦ (ਦਵਾਰਕਾ) ਸਾਹਿਬ ਚੰਦ (ਬਿਦਰ) ਅਤੇ ਹਿੰਮਤ ਚੰਦ (ਜਗਨਨਾਥਪੁਰੀ) ਨੇ ਆਪਣਾ ਸਿਰ ਗੁਰੂ ਨੂੰ ਭੇਟ ਕਰ ਦਿੱਤਾ। ਪੰਜਾ ਸਿੰਘਾਂ ਨੂੰ ਵਾਰੀ ਵਾਰੀ ਤੰਬੂ ਵਿਚ ਲੈ ਕੇ ਜਾਂਦੇ ਰਹੇ ਅਤੇ ਕੁਝ ਸਮੇਂ ਪਿੱਛੋ ਉਨਾਂ ਪੰਜਾਂ ਨੂੰ ਕੇਸਰੀ ਪੁਸ਼ਾਕਾਂ ਪਾ ਕੇ ਸੰਗਤ ਦੇ ਸਨਮੁਖ ਖੜਾ ਕਰ ਦਿੱਤਾ ਅਤੇ ਐਲਾਨ ਕੀਤਾ ਕਿ ਇਹ ਅੱਜ ਤੋਂ ਪੰਜ ਪਿਆਰੇ ਹੋ ਗਏ। ਗੁਰੂ ਸਾਹਿਬ ਨੇ ਵਿਸ਼ੇਸ਼ ਵਿਧੀ ਰਾਹੀਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ 'ਸਿੰਘ' ਸਜਾ ਦਿੱਤਾ। ਉਨਾਂ ਲਈ ਵਿਸ਼ੇਸ਼ ਕੇਸ, ਕੰਘਾ, ਕੜਾ, ਕਛਿਹਰ ਅਤੇ ਕਿਰਪਾਨ ਦੀ ਪੰਜ ਕਕਾਰੀ ਮਰਯਾਦਾ ਨਿਸ਼ਚਿਤ ਕਰਦਿਆਂ ਕਿਹਾ ਕਿ ਇਹ ਅੱਜ ਤੋਂ ਖਾਲਸਾ ਹੋਇਆ। ਇਹ ਖਾਲਸਾ 'ਅਕਾਲ ਪੁਰਖ' ਕੀ ਫੌਜ ਹੈ ਤੇ ਕੇਵਲ ਉਸ ਦਾ ਹੀ ਸਿਮਰਨ ਕਰੇਗੀ ਅਤੇ ਸ਼ੋਸਨਕਾਰੀਆਂ ਦੇ ਸਿਰ ਭੰਨਣਾ ਅਤੇ ਗਰੀਬ ਦੇ ਸਨਮਾਨ ਦੀ ਬਹਾਲੀ ਇਸ ਦਾ ਮੁੱਖ ਨਿਸ਼ਾਨਾ ਹੋਣਗੇ। ਪਰੰਤੂ ਇਸ ਸੰਬੰਧ ਵਿਚ ਅਤਿ ਮਹੱਤਵਪੂਰਨ ਘਟਨਾ ਉਸ ਸਮੇਂ ਵਾਪਰੀ ਜਦ ਗੁਰੂ ਜੀ ਆਪ ਪ੍ਰਾਰਥੀ ਦੇ ਰੂਪ ਵਿਚ ਖੜੇ ਹੋ ਗਏ ਅਤੇ ਹੱਥ ਜੋੜਕੇ ਪੰਜ ਪਿਆਰਿਆਂ ਨੂੰ ਬੇਨਤੀ ਕੀਤੀ ਕਿ ਮੈਨੂੰ ਵੀ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾਵੇ। ਇਸ ਤੇ ਪੰਜ ਪਿਆਰਿਆ ਅਸਚਰਜਤਾ ਦਾ ਕੋਈ ਅੰਤ ਨਾ ਰਿਹਾ ਕਿਉਂਕਿ ਉਹ ਉਸ ਵਿਅਕਤੀ ਦੀ ਅਜਿਹੀ ਪ੍ਰਾਥਨਾ ਪ੍ਰਤੀਨਿਧ ਸਮਝਦੇ ਸਨ[17] ਪੰਜਾਂ ਪਿਆਰਿਆਂ ਨੇ ਹੁਣ ਉਸੇ ਤਰ੍ਹਾਂ ਅੰਮ੍ਰਿਤ ਤਿਆਰ ਕੀਤਾ ਅਤੇ ਦਸਮ ਗੁਰੂ ਸਾਹਿਬ ਨੂੰ ਛਕਾਕੇ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣਾਇਆ। ਇਸ ਪ੍ਰਕਾਰ ਖਾਲਸੇ ਦੀ ਗੁਰੂ ਵਿਚ ਅਤੇ ਗੁਰੂ ਦੀ ਖਾਲਸੇ ਵਿਚ ਅਭਿੰਨਤਾ ਸਥਾਪਤ ਹੋ ਗਈ। ਗੁਰੂ ਪਾਤਸ਼ਾਹ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਅੰਮ੍ਰਿਤ ਛਕਿਆ ਅਤੇ ਸਿੱਖ ਆਪਣੇ ਵਿਚ ਇਕ ਨਵੀਂ ਪੈਦਾ ਹੋਈ ਰੂਹ ਲੈ ਕੇ ਆਪਣੇ ਘਰਾਂ ਨੂੰ ਮੁੜੇ। ਉਹ ਰੂਹ ਚਣਨ ਵਾਲੇ ਨਵੇ ਸੂਰਜ ਦੇ ਆਗਾਜ਼ ਦੀ ਪ੍ਰਤੀਕ ਸੀ। ਇਸ ਕ੍ਰਿਸ਼ਮੇ ਨਾਲ ਗੁਰੂ ਪਾਤਸ਼ਾਹ ਸਿੱਖਾਂ ਦੀ ਕਲਪਨਾ ਤੇ ਪੂਰੀ ਤਰ੍ਹਾਂ ਛਾ ਗਏ। ਹਰ ਸਿੱਖ ਬਣਨ ਲਈ ਕਾਹਲਾ ਪੈ ਰਿਹਾ ਸੀ ਤੇ ਉਸ ਦੇ ਮਨ ਵਿਚ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦਾ ਜੈਕਾਰਾ ਗੂੰਜ ਰਿਹਾ ਸੀ।

ਖਾਲਸੇ ਦੀ ਸਾਜਨਾ ਨੇ ਜਿੱਥੇ ਸਦੀਆਂ ਤੋਂ ਲਤਾੜੀ ਹੋਈ ਜਨਤਾ ਵਿਚ ਮਨੋਬਲ ਭਰਕੇ ਉਨ੍ਹਾਂ ਦੇ ਹਿਰਦੇ ਵਿਚ ਅਜ਼ਾਦੀ ਦੀ ਜਵਾਲਾ ਤੇਜ਼ ਕਰ ਦਿੱਤੀ, ਉਥੇ ਬਦਰੂਹਾਂ ਦੇ ਅੰਦਰ ਸਹਿਮ ਪੈਦਾ ਹੋ ਗਿਆ। ਉਨ੍ਹਾਂ ਨੂੰ ਆਪਣੇ ਰਾਜ ਖੁਸਦੇ ਪ੍ਰਤੀਤ ਹੁੰਦੇ। ਖਾਲਸੇ ਦੇ ਸਿਧਾਂਤ ਵੀ ਉਨ੍ਹਾਂ ਨੂੰ ਤੰਗ ਕਰਦੇ, ਮੂਰਤੀ ਪੂਜਨ ਤੇ ਜਾਤਪਾਤੀ ਪ੍ਰਬੰਧ ਉਨਾਂ ਦਾ ਧਾਰਮਿਕ ਧੁਰਾ ਸੀ। ਖਾਲਸਾ ਸਿਧਾਂਤ ਵਿਚ ਮੂਰਤੀ ਪੂਜਾ ਤੇ ਜਾਤਪਾਤ ਨੂੰ ਪੂਰਨ ਤੌਰ ਤੇ ਅਪ੍ਰਵਾਨ ਕਰ ਦਿੱਤਾ ਗਿਆ ਸੀ। ਦੇਵੀ ਪੂਜਕ ਗੁਰੂ ਪਾਤਸ਼ਾਹ ਵਿਰੁੱਧ ਸ਼ਕਾਇਤੀ ਰੂਪ ਵਿਚ ਦਿੱਲੀ ਪਾਤਸ਼ਾਹ ਦੇ ਤਲੇ ਚੱਟਣ ਲੱਗੇ। ਨਤੀਜੇ ਵਜੋਂ ਲੋਕ ਲਹਿਰ ਦਾ ਰੂਪ ਧਾਰਨ ਕਰ ਗਿਆ ਸਿੱਖ ਧਰਮ ਅਤੇ ਇਸਦੇ ਬਾਨੀ ਸਰਕਾਰ ਨੂੰ ਬਾਗੀ ਲੱਗਣ ਲੱਗੇ। 1701 ਈਸਵੀ ਤੋਂ ਲੈ ਕੇ 1704 ਈਸਵੀ ਤਕ ਦੋ ਧਿਰਾਵਾਂ ਦੇ ਸੰਬੰਧ ਨਿੱਤ ਜੰਗ ਦਾ ਮੈਦਾਨ ਸਨ। ਇਕ ਧਿਰ ਕੇਸਗੜ੍ਹ ਅਤੇ ਕੇਸਗੜ ਦੇ ਸਿਧਾਂਤ ਦੀ ਸੀ ਅਤੇ ਦੂਸਰੇ ਪਾਸੇ ਹਿੰਦੋਸਤਾਨ ਦੇ ਬੁਤ ਪੂਜਕ ਅਤੇ ਮੁਗਲਈ ਬੇਣ ਧਾਰੀ ਸੱਚ ਦੀ ਅਵਾਜ਼ ਨੂੰ ਅਤੇ ਚੜਦੇ ਸੂਰਜ ਦੁਆਲੇ ਕਾਲੇ ਕੰਬਲ ਕੱਜਣ ਲਈ ਹਰ ਕੋਝੀ ਚਾਲ ਚੱਲਦੇ ਰਹੇ, ਪਰ ਗੁਰੂ ਦੇ ਪੂਰੇ ਸੂਰੇ ਸਿੱਖ ਉਨਾਂ ਨੂੰ ਜੰਗੇ ਮੈਦਾਨ ਵਿਚ ਮੌਤ ਦੀ ਨੀਂਦ ਸਵਾ ਫਤਹਿ ਦੇ ਜੈਕਾਰੇ ਗੁਜਾਉਂਦੇ ਗੁਰੂ ਪਾਤਸ਼ਾਹ ਦੇ ਅੰਗ ਸੰਗ ਵਿਚਰਦੇ। 1704 ਈਸਵੀ ਨੂੰ ਦਿੱਲੀ ਸਰਕਾਰ ਨੇ ਆਪਣੀ ਸਾਰੀ ਤਾਕਤ ਗੁਰੂ ਪਾਤਸ਼ਾਹ ਵਿਰੁੱਧ ਝੋਕ ਦਿੱਤੀ ਉਨ੍ਹਾਂ ਦੇ ਨਾਲ ਗੁਲਾਮ ਜਹਿਨੀਅਤ ਦੇ ਮਾਲਕ ਪਹਾੜੀ ਰਾਜੇ ਵੀ ਖੜੇ ਸਨ। ਛੇ ਮਹੀਨੇ ਦੇ ਲੰਮੇ ਘੇਰੇ ਤੋਂ ਬਾਅਦ ਦਸੰਬਰ 1704 ਈ. ਨੂੰ ਗੁਰੂ ਪਾਤਸ਼ਾਹ ਨੇ ਕੇਸਗੜ੍ਹ ਸਾਹਿਬ ਦੇ ਅਸਥਾਨ ਨੂੰ ਛੱਡ ਦਿੱਤਾ। ਫਤਹਿ ਗੁਜਾਵੀ ਅਤੇ ਕਿਸੇ ਵੱਡੇ ਸੱਚ ਦੀ ਜਿਤ ਲਈ ਕਿਸੇ ਹੋਰ ਦੁਨੀਆਂ ਵਲ ਚਾਲੇ ਪਾ ਦਿੱਤੇ।

ਹਵਾਲੇ ਅਤੇ ਟਿੱਪਣੀਆਂ

1. ਰਤਨ ਸਿੰਘ ਭੰਗੂ : ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 75
2. ਤਾਰਨ ਸਿੰਘ (ਡਾ.) : ਸਿੱਖ ਧਰਮ ਵਿਚ ਮੀਰੀ ਤੇ ਪੀਰੀ ਦੀ ਪਰੰਪਰਾ, ਪੰਨਾ 85
3. ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਨਿਓ ਕਾ
4. ਭੱਟ ਵਹੀ ਪੂਰਬੀ ਦੱਖਣੀ, ਖਾਤਾ ਜਲਹਾਨਾ ਕਾ
5. ਸੁਖਾ ਸਿੰਘ : ਗੁਰ ਬਿਲਾਸ (ਹਿੰਦੀ), ਪੰਨਾ 15
6. ਸੰਤੋਖ ਸਿੰਘ ਭਾਈ : ਸੂਰਜ ਪ੍ਰਕਾਸ਼ ਗ੍ਰੰਥ, ਰਾਸ 11 ਅੰਸ਼ 28
7. ਹੁਸ਼ਿਆਰਪੁਰ ਜ਼ਿਲ੍ਹਾ ਗਜ਼ਟੀਅਰ (1904), ਪੰਨਾ 213
8. ਭੱਟ ਵਹੀ ਮੁਲਤਾਨੀ ਸਿੰਧੀ ਉਧਰਤਿ ਫੌਜਾ ਸਿੰਘ ਅਤੇ ਜੀ.ਐਸ. ਤਾਲਿਬ : ਗੁਰੂ ਤੇਗ ਬਹਾਦਰ ਮਾਰਟਾਇਰ ਐਂਡ ਟੀਚਰ ਪੰਨਾ 39

   "Mar 21, 1722 B.M. was fixed for foundation ceremony The foundation war laid on the mound for the Makhowal ceremoney was performed by Bahi Gurditta Randhawa and New Basti was named Chak Nanki.
9. ਸੰਤੋਖ ਸਿੰਘ ਭਾਈ : ਉਹੀ ਰਚਨਾ ਪੰਨਾ 408।
10. ਉਹੀ 4090
11. ਕੇਸ਼ਰ ਸਿੰਘ ਛਿੱਬਰ : ਬੰਸਾਵਲੀ ਨਾਮਾਂ ਦਸ਼ਾ ਪਾਤਸ਼ਾਹੀਆਂ ਕਾ
12. ਉਹੀ
13. ਭੱਟ ਵਹੀਂ ਤਲੋਂਡਾ ਪਰਗਨਾ ਜੀਂਦ
14. ਸੇਵਾ ਸਿੰਘ : ਸ਼ਹੀਦ ਬਿਲਾਸ ਪੰਨਾ 60
15. ਕੁਇਰ ਸਿੰਘ : ਗੁਰਬਿਲਾਸ ਪਾਤਸ਼ਾਹੀ ਦਸਾਂ ਪਾਤਸ਼ਾਹੀਆਂ ਕੀ
16. ਮੈਕਾਲਿਫ : ਸਿੱਖ ਰਿਲੀਜਨ ਪੰਨਾ 3
17. ਹਰਬੰਸ ਸਿੰਘ : ਦੀ ਸਿਟੀ ਆਫ਼ ਜੋਏ ਪੰਨਾ 3

ਮਾਨਵੀ ਉਥਾਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਯੋਗਦਾਨ

*ਡਾ. ਹਰਭਜਨ ਸਿੰਘ**

ਸ਼ਰਧਾਲੂ ਸਿੱਖਾਂ ਦੇ ਮਨ-ਮਸਤਿਕ ਵਿਚ ਕਈ ਵਾਰ ਇਹ ਪ੍ਰਸ਼ਨ ਕੌਤੂਹਲ ਪੈਦਾ ਕਰਦਾ ਹੈ ਕਿ ਦਸ ਪਾਤਸ਼ਾਹੀਆਂ ਵਿਚੋਂ ਪਹਿਲੀ ਅਤੇ ਦਸਵੀਂ ਪਾਤਸ਼ਾਹੀ ਨਾਲ ਸੰਬੰਧਿਤ ਪੁਰਬ ਜਿਸ ਉਤਸ਼ਾਹ ਨਾਲ ਮਨਾਏ ਜਾਂਦੇ ਹਨ, ਉਸ ਤਰ੍ਹਾਂ ਬਾਕੀ ਅੱਠ ਗੁਰੂ ਪਾਤਸ਼ਾਹਾਂ ਦੇ ਨਹੀਂ ਮਨਾਏ ਜਾਂਦੇ। ਮੇਰੀ ਸਮਝ ਹੈ ਕਿ ਪੁਰਬ ਮਨਾਣਾ ਉਸ ਕੌਮ ਦੀ ਰੂਪ-ਰੇਖਾ ਨੂੰ ਸੰਖਿਪਿਤ ਢੰਗ ਨਾਲ ਸਮਝਣ ਨਾਲ ਸੰਬੰਧਿਤ ਹੈ ਅਤੇ ਕਿਨ੍ਹਾਂ ਪਰਿਸਥਿਤੀਆਂ ਵਿਚ ਕਿਨ੍ਹਾਂ ਬੁਨਿਆਦੀ ਆਦਰਸ਼ਾਂ ਦੇ ਆਧਾਰ ਤੇ ਸੰਬੰਧਿਤ ਕੌਮ ਦਾ ਉਦਗਮ ਹੋਇਆ ਅਤੇ ਕਿਸ ਸ਼ੁਧ-ਸਰੂਪ ਵਿਚ ਉਹ ਸੰਪੂਰਣ ਵਿਕਾਸ ਨੂੰ ਪ੍ਰਾਪਤ ਹੋਈ, ਇਹ ਸੰਖਿਪਿਤ ਜਾਣਕਾਰੀ ਦੇ ਮੂਲ ਧੁਰੇ ਹਨ। ਗੁਰੂ ਨਾਨਕ ਸਾਹਿਬ ਜੀ ਸਿੱਖ ਧਰਮ ਦੇ ਸੰਸਥਾਪਕ ਸਨ ਅਤੇ ਉਨ੍ਹਾਂ ਦੇ ਮੂਲ-ਭੂਤ ਵਿਚਾਰਾਂ ਉੱਤੇ ਨਿਰਮਿਤ ਸੰਸਥਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਿਮ ਸਿਖਰ ਤਕ ਪਹੁੰਚਾਇਆ ਸੀ। ਇਨ੍ਹਾਂ ਸੰਸਥਾਵਾਂ ਦੇ ਵਿਕਾਸ ਦੀ ਸਮੁੱਚੀ ਕਹਾਣੀ ਧਰਮ-ਜਿਗਿਆਸੂ ਦੇ ਗਹਨ ਸਮੀਖਣ ਦਾ ਵਿਸ਼ਾ ਹੋ ਸਕਦੀ ਹੈ ਆਮ ਵਿਅਕਤੀ ਸੰਖੇਪ ਜਾਣਕਾਰੀ ਨਾਲ ਜੁੜਿਆ ਹੋਇਆ ਹੈ, ਇਸ ਕਰਕੇ ਦਸ ਪਾਤਸ਼ਾਹੀਆਂ ਦੀ ਪੂਰਣ ਇਕਰੂਪਤਾ ਦੇ ਹੁੰਦਿਆਂ ਵੀ ਪਹਿਲੇ ਤੇ ਦਸਵੇਂ ਪਾਤਸ਼ਾਹ ਵੱਲ ਵਿਸ਼ੇਸ਼ ਧਿਆਨ ਜਾਣਾ ਸੁਭਾਵਿਕ ਗੱਲ ਹੈ। ਅੱਜ ਜਦੋਂ ਸਮੁੱਚਾ ਸਿੱਖ-ਸੰਸਾਰ ਸਿੱਖ-ਪੰਥ ਦੀ ਸਰਵੁੱਚ ਸੰਸਥਾ 'ਖਾਲਸਾ' ਦੀ ਤੀਜੀ ਸ਼ਤਾਬਦੀ, ਆਪਣੇ ਸਮੂਹ ਸਾਧਨਾਂ ਨੂੰ ਸੰਚਿਤ ਕਰਕੇ, ਪੂਰੇ ਜੋਸ਼ ਨਾਲ ਮਨਾ ਰਿਹਾ ਹੈ ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਕੌਤਕਾਂ ਤੇ ਕੌਮੀ-ਧਿਆਨ ਦੀ ਏਕਾਗ੍ਰਤਾ ਅਤਿ ਪ੍ਰਾਸੰਗਿਕ ਕਰਮ ਜਾਪਦਾ ਹੈ।

ਭਾਈ ਗੁਰਦਾਸ ਦੂਜੇ ਨੇ ਦਸਮ ਸਾਹਿਬ ਦੀ ਅਦੁੱਤੀ ਸ਼ਖ਼ਸੀਅਤ ਦਾ ਵਰਣਨ ਕਰਦਿਆਂ ਲਿਖਿਆ ਹੈ,

"ਵਾਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।"[1] ਉਨ੍ਹਾਂ ਦੱਸਿਆ ਹੈ ਕਿ ਅਪਹੁੰਚ ਸ੍ਰੀ ਗੁਰੂ ਜੀ ਆਪਣੇ ਜੈਸੇ ਸੂਰਬੀਰ ਕੇਵਲ ਆਪ ਹੀ ਸਨ ਅਤੇ ਉਨ੍ਹਾਂ ਜਿਹਾ ਹੋਰ ਕੋਈ ਨਹੀਂ ਹੋਇਆ। ਧਰਮ ਦੇ ਨਿਰਪੱਖ ਵਿਦਿਆਰਥੀ ਨੂੰ ਭਾਈ ਜੀ ਦੇ ਇਹ ਵਿਚਾਰ ਸ਼ਾਇਦ ਸ਼ਰਧਾਲੂ ਸਿੱਖ ਦੀ ਅਤਿਕਥਨੀ ਲੱਗਦੇ ਹੋਣ, ਪਰ ਜੇ ਵਿਸ਼ਵ ਦੇ ਧਰਮਾਂ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਕੌਤਕਾਂ ਦਾ ਸ਼ਰਧਾ ਅਤੇ ਦਵੈਸ਼ ਦੋਹਾਂ ਤੋਂ ਮੁਕਤ ਹੋ ਕੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਪਰੋਕਤ ਕਥਨ ਇਕ ਅਟੱਲ ਸੱਚਾਈ ਪ੍ਰਤੀਤ ਹੋਵੇਗਾ। ਬਰਤਾਨੀਆ ਸਰਕਾਰ ਦੀ ਵਿਸਤ੍ਰਿਤ ਰਾਜ-ਸੱਤਾ ਬਾਰੇ ਇਹ ਕਹਾਵਤ ਪ੍ਰਚੱਲਿਤ ਸੀ ਕਿ ਉਨ੍ਹਾਂ ਦੇ ਰਾਜ-ਖੇਤਰ ਵਿਚ ਕਦੇ ਸੂਰਜ ਨਹੀਂ ਛਿਪਦਾ। ਦੁਨੀਆ ਦੀ ਇਸ ਮਹਾਂਸ਼ਕਤੀ ਦੇ ਪ੍ਰਧਾਨ-ਮੰਤ੍ਰੀ ਸਰ ਵਿਨਸਟਨ ਚਰਚਿਲ ਨੇ ਦੂਜੇ ਵਿਸ਼ਵ ਯੁੱਧ ਸਮੇਂ ੨੭ ਅਪ੍ਰੈਲ ੧੯੪੧ ਦੇ ਭਾਸ਼ਣ ਵਿਚ ਆਖਿਆ, "ਮੈਂ ਕਹਿਆ ਸੀ : ਸਾਨੂੰ ਹਥਿਆਰ ਦਿਓ, ਅੱਗੋਂ ਸਾਡਾ ਕੰਮ ਜਾਣੇ। ਬੜੀ ਪ੍ਰਸੰਨਤਾ ਦੀ ਗੱਲ ਹੈ ਕਿ ਅਮਰੀਕਨਾਂ ਨੇ ਸਾਡੀ ਮੰਗ ਉੱਤੇ ਫੁੱਲ ਚੜ੍ਹਾਏ ਹਨ। .... ਹੁਣ ਅਮਰੀਕਨਾਂ ਦਾ ਅਤੇ ਸਾਡਾ ਰਿਸ਼ਤਾ ਅਟੁੱਟ ਹੋ ਗਿਆ ਹੈ। ਮਾਸ ਕਦੀ ਨਹੁੰਆਂ ਤੋਂ ਵੱਖ ਨਹੀਂ ਹੋ ਸਕਦਾ।"[2] ੨੨ ਜੂਨ ੧੯੪੧ ਨੂੰ ਉਸ ਦਾ ਹੋਰ ਬਿਆਨ ਸੀ," (ਵਿਸ਼ਵ ਯੁੱਧ ਨੇ) ਤੀਜਾ ਮੋੜ ਉਸ ਸਮੇਂ ਲਿਆ ਜਦੋਂ ਅਮਰੀਕਾ ਦੇ ਪ੍ਰਧਾਨ ਅਤੇ ਕਾਂਗਰਸ ਨੇ ਸਾਡੀ ਸਹਾਇਤਾ ਲਈ ੨੦,000 ਲੱਖ ਪੌਂਡ ਦਾ ਬਿੱਲ ਪਾਸ ਕੀਤਾ।"[3] ਜਦੋਂ ਅਸੀਂ ਸਭ ਪਾਸਿਓਂ ਦੁਸ਼ਮਣਾਂ ਨਾਲ ਘਿਰੇ ਕਹਿਲੂਰ ਰਿਆਸਤ ਦੇ ਛੋਟੇ ਜਿਹੇ ਉਜੜੇ ਪਿੰਡ ਦੀ ਇਕ ਟੇਕਰੀ ਤੇ ਮੁੱਠੀ ਭਰ ਸਾਥੀਆਂ ਨਾਲ ਵੱਸਣ ਵਾਲੇ ਬਾਦਸ਼ਾਹ -ਦਰਵੇਸ਼ ਦੇ ਜੀਵਨ ਵੱਲ ਝਾਤੀ ਮਾਰਦੇ ਹਾਂ ਤਾਂ ਹੈਰਾਨ ਹੋ ਜਾਈਦਾ ਹੈ ਕਿ ਚਾਰ ਪੁੱਤਰਾਂ ਸਹਿਤ ਪਰਿਵਾਰ ਦੇ ਅਨੇਕਾਂ ਜੀਆਂ

*ਯੂਨੀਵਰਸਿਟੀ ਕੈਂਪਸ, ਦੇਹਰਾਦੂਨ

ਅਤੇ ਬਹੁਤ ਪਿਆਰੇ ਸੰਗੀਆਂ ਦੀ ਸ਼ਹਾਦਤ ਪਿੱਛੋਂ ਖਾਲੀ ਹੱਥ ਇਕੱਲੇ ਵਿਚਰਦਿਆਂ ਵੀ ਭਾਰਤ ਦੇ ਤਾਕਤਵਰ ਸਮਰਾਟ ਨੂੰ ਵੰਗਾਰ ਕੇ ਕਹਿੰਦੇ ਹਨ, "ਹੁਮਾ ਰਾ ਕਸੇ ਸਾਯ : ਆਯਦ ਬਜ਼ੇਰ। ਬਰੋ ਦਸਤ ਦਾਰਦ ਨ ਜ਼ਾਗੇ ਦਲੇਰ।'[4] ਭਾਵ ਜੋ ਕੋਈ ਹੁਮਾ[5] ਦੇ ਪਰਛਾਵੇਂ ਥੱਲੇ ਆ ਗਿਆ ਉਸ ਨੂੰ ਕਾਂ ਹੱਥ ਨਹੀਂ ਪਾ ਸਕਦਾ। ਉਹ ਅਸੀਮ ਆਤਮ-ਵਿਸ਼ਵਾਸ ਨਾਲ ਹੋਰ ਕਹਿੰਦੇ ਹਨ ਕਿ, "ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ ਅਜੇ ਤਾਂ ਕੁੰਡਲੀਦਾਰ ਭੁਝੰਗੀ (ਖ਼ਾਲਸਾ) ਬਾਕੀ ਹੈ।'[6] ਜਿਥੇ ਵਿਸ਼ਵ ਦੀਆਂ ਮਹਾਂਸ਼ਕਤੀਆਂ ਬਿਪਤਾ ਸਮੇਂ ਰਾਸ਼ਟਰੀ ਸਨਮਾਨ ਦੀ ਕੀਮਤ ਤੇ ਵੀ ਪਰਾਏ ਆਸਰਿਆਂ ਲਈ ਤਰਲੇ ਲੈਂਦੀਆਂ ਹਨ, ਉਥੇ ਸਾਹਿਬ ਦਸਮ ਪਾਤਸ਼ਾਹ 'ਇਕ ਬਿਨ ਦੂਸਰ ਸੋ ਨਾ ਚਿਨ੍ਹਾਰ' ਅਤੇ 'ਗੁਰੂ ਨਹੀਂ ਇਕੱਲਾ ਗੁਰੂ ਨਾਲ ਅੱਲਾਹ' ਦੇ ਦ੍ਰਿੜ ਵਿਸ਼ਵਾਸ ਨਾਲ ਇਕੋ ਮਾਲਿਕ ਦੇ ਆਸਰੇ ਰਹਿਣ ਦੀ ਪ੍ਰੇਰਨਾ ਦਿੰਦਿਆਂ ਲਿਖਦੇ ਹਨ, "ਕਮਾਲਿ ਕਰਾਮਾਤ ਕਾਇਮ ਕਰੀਮ। ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾਕੁਨ ਰਹੀਮ।"[7] ਪਰਾਈਆਂ ਸ਼ਕਤੀਆਂ ਆਸਰੇ ਸੂਰਬੀਰਤਾ ਦੇ ਵਿਸਤਾਰ ਵਿਚ ਉਨ੍ਹਾਂ ਦਾ ਰਤਾ ਭਰ ਵੀ ਵਿਸ਼ਵਾਸ ਨਹੀਂ ਸੀ, ਸਗੋਂ ਜਦੋਂ ਰਜ਼ਾ ਵਿਚ ਆਏ ਤਾਂ ਮਾਧੋ ਦਾਸ ਜਿਹੇ 'ਬੈਰਾਗੀ' ਨੂੰ ਅੱਖ ਦੇ ਫੋਰ ਵਿਚ ਸੰਸਾਰ ਦਾ ਮਹਾਨਤਮ ਬਹਾਦਰ ਥਾਪ ਦਿੱਤਾ, ਕਿਉਂਕਿ ਉਹ ਸੂਰਬੀਰਤਾ ਦੇ ਜਾਚਕ ਨਹੀਂ ਸੂਰਬੀਰਤਾ ਦੇ ਅਜਿਹੇ ਵਾਸਤਵਿਕ ਸੋਮੇ ਸਨ, ਜਿਨ੍ਹਾਂ ਦੇ ਸ਼ੀਰਖ਼ੋਰ ਪੁੱਤਰਾਂ ਨੂੰ ਵੀ ਦੁਨੀਆਂ ਦਾ ਕੋਈ ਭੈਅ ਅਤੇ ਲਾਲਚ ਸਿੱਖੀ ਸਿਦਕ ਤੋਂ ਥੋੜ੍ਹਾ ਜਿਤਨਾ ਦੂਰ ਨਹੀਂ ਸੀ ਕਰ ਸਕਿਆ। ਭਾਵੇਂ ਸੰਸਾਰ ਦੇ ਕਿਸੇ ਵੀ ਪੈਗ਼ੰਬਰ ਜਾਂ ਅਵਤਾਰ ਨੂੰ ਇਕ ਦੂਜੇ ਤੋਂ ਵੱਧ ਘੱਟ ਨਹੀਂ ਆਂਕਿਆ ਜਾ ਸਕਦਾ, ਕਿਉਂ ਜੁ ਹਰ ਮਹਾਨ ਪੁਰਸ਼ ਆਪਣੇ ਵਕਤ ਵਿਚ ਅਗੰਮੀ ਅਤੇ ਅਦੁੱਤੀ ਪੁਰਸ਼ ਹੁੰਦਾ ਹੈ, ਫਿਰ ਵੀ ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਧਰਮ ਦੇ ਮਨੁੱਖਵਾਦੀ ਆਦਰਸ਼ਾਂ ਵਾਸਤੇ ਇਤਨੀਆਂ ਕੁਰਬਾਨੀਆਂ ਕਿਸੇ ਹੋਰ ਮਹਾਨ ਪੁਰਸ਼ ਦੇ ਹਿੱਸੇ ਨਹੀਂ ਆਈਆਂ, ਜਿਤਨੀਆਂ ਦਸਮ ਗੁਰੂ ਸਾਹਿਬ ਜੀ ਦੇ। ਭਾਈ ਕਨ੍ਹਈਏ ਨੂੰ ਬਿਨਾਂ ਭੇਦ-ਭਾਵ ਸਭ ਦੀ ਸੇਵਾ ਕਰਨ ਦਾ ਸੰਦੇਸ਼ ਦੇ ਕੇ ਯੁੱਧ-ਭੂਮੀ ਵਿਚ ਸੰਘਰਸ਼ ਕਰਦਿਆਂ ਨਿਰਵੈਰ ਰਹਿਣ ਦੇ ਜੋ ਪੂਰਨੇ ਉਨ੍ਹਾਂ ਪਾਏ ਹਨ, ਉਹ ਇਕ ਵਿਲੱਖਣ ਕਿਸਮ ਦੀ ਲਾਸਾਨੀ 'ਵਰੀਆਮਤਾ' ਦਾ ਪ੍ਰਗਟਾਵਾ ਹੈ, ਜਿਸ ਤਕ ਕੋਈ ਹੋਰ ਵਰੀਆਮ ਨਾ ਪੁਜਿਆ ਹੈ ਨਾ ਹੀ ਪੁੱਜੇਗਾ। ਇਸ ਪੱਖੋਂ ਦੇਖਿਆਂ ਉਹ ਭਾਈ ਗੁਰਦਾਸ ਜੀ (ਦੂਜੇ) ਦੇ 'ਵਰੀਆਮ ਅਕੇਲਾ' ਕਥਨੀ ਅਨੁਰੂਪ ਨਿਸ਼ਚਿਤ ਤੌਰ ਤੇ ਸੂਰਬੀਰਤਾ ਦੀ ਸਰਵੁਚ-ਮੂਰਤੀ ਸਨ।

ਪਰ ਭਾਈ ਜੀ ਨੇ 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ' ਨੂੰ ਵੀਹ ਵਾਰ ਦੁਹਰਾ ਕੇ ਸਾਡਾ ਧਿਆਨ ਇਸ ਪਾਸੇ ਵੱਲ ਖਿੱਚਣ ਦਾ ਯਤਨ ਕੀਤਾ ਹੈ ਕਿ ਗੁਰੂ ਦੇ ਅਸੀਮ ਗੁਣਾਂ ਵਿਚੋਂ ਸਭ ਤੋਂ ਕੀਮਤੀ ਗੱਲ ਇਹ ਸੀ ਕਿ ਉਨ੍ਹਾਂ ਨੇ ਗੁਰੂ ਤੇ ਚੇਲੇ ਵਿਚਲੇ ਅੰਤਰ ਨੂੰ ਪੂਰਣ ਰੂਪ ਵਿਚ ਖ਼ਤਮ ਕਰਕੇ ਮਨੁੱਖਾ ਬਰਾਬਰੀ ਦਾ ਇਕ ਸਰਵੋਤਮ ਆਦਰਸ਼ ਕਾਇਮ ਕੀਤਾ ਅਤੇ ਉਨ੍ਹਾਂ ਦੇ ਜੀਵਨ ਦੀਆਂ ਸਮੂਹ ਪ੍ਰਾਪਤੀਆਂ ਦਾ ਸਾਰ ਜਾਂ ਸਿੱਖ ਧਰਮ ਦੀ ਸਭ ਤੋਂ ਅਨਮੋਲ ਵਸਤੂ ਸੰਪੂਰਨ-ਮਾਨਵੀ-ਬਰਾਬਰੀ ਅਤੇ ਇਕਸੁਰਤਾ ਹੀ ਹੈ। ਮਾਨਵ-ਸਮਾਨਤਾ ਦੇ ਕੁਝ ਮਹੱਤਵਪੂਰਣ ਅੰਗਾਂ ਨੂੰ ਸਿੱਖ ਧਰਮ ਦੇ ਪਰਿਪੇਖ ਵਿਚ ਸਮਝਣ ਤੋਂ ਪਹਿਲਾਂ ਇਹ ਸਮਝਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਕਿ ਸਿੱਖ ਧਰਮ 'ਖਾਲਸਾ' ਰੂਪ ਧਾਰਨ ਕਰਨ ਲਈ ਕਿਸ ਪ੍ਰਕਿਰਿਆ ਵਿਚੋਂ ਗੁਜ਼ਰਿਆ ਅਤੇ ਖਾਲਸਾ ਕਿਸ ਨੂੰ ਕਿਹਾ ਜਾਂਦਾ ਹੈ ? ਇਹ ਗੱਲ ਹੋਰ ਚੇਤੇ ਰਹਿਣੀ ਚਾਹੀਦੀ ਹੈ ਕਿ ਸਿੱਖ ਧਰਮ ਦੀ ਹਰ ਸੰਸਥਾ ਦਾ ਮੂਲ-ਆਧਾਰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਹੀ ਹੈ, ਇਸ ਕਰਕੇ ਹਰ ਸਿੱਖ ਸੰਸਥਾ ਦੀ ਬੁਨਿਆਦ ਉਨ੍ਹਾਂ ਦੇ ਜੀਵਨ ਅਤੇ ਬਾਣੀ ਵਿਚੋਂ ਲੱਭਣ ਲਈ ਅਸੀਂ ਮਜ਼ਬੂਰ ਹਾਂ।

ਧਰਮ, ਜਾਤੀ ਅਤੇ ਲਿੰਗਭੇਦ ਦੇ ਸਬਲ ਪ੍ਰਭਾਵ ਕਾਰਣ ਭਾਰਤ ਦੇ ਲੋਕਾਂ ਦੀ ਮੁੱਖ ਸਮੱਸਿਆ ਇਹ ਸੀ ਕਿ ਉਹ ਇਕ ਸਥਾਨ ਤੇ ਰਲਮਿਲ ਕੇ ਬੈਠਣ ਲਈ ਕਤਈ ਤਿਆਰ ਨਹੀਂ ਸਨ। ਗੁਰੂ ਨਾਨਕ ਦੇਵ ਜੀ ਨੇ ਦੂਰ ਦੇਸ਼ਾਂ ਦਾ ਭ੍ਰਮਣ ਕਰਦਿਆਂ ਆਪਣੇ ਸੰਪਰਕ ਵਿਚ ਆਏ ਸ਼ਰਧਾਲੂਆਂ ਨੂੰ ਅਜਿਹੀਆਂ ਧਰਮਸ਼ਾਲਾਵਾਂ ਬਨਾਉਣ ਜਾਂ ਸੰਗਤਾਂ ਕਾਇਮ ਕਰਨ ਲਈ ਪ੍ਰੇਰਿਤ ਕੀਤਾ, ਜਿਥੇ ਹਰ ਵਰਗ ਦੇ ਇਨਸਾਨ ਅਹੰ-ਭਾਵ ਦੀ ਜ਼ਹਿਰ ਤੋਂ ਮੁਕਤ ਹੋ ਕੇ ਭਰਾ-ਭਰਾ ਵਾਂਗ ਬੈਠ ਸਕਣ ਅਤੇ ਬਿਨਾਂ ਕਿਸੇ ਭੇਦ-ਭਾਵ ਦੇ ਹਰਿਕ ਇਨਸਾਨ ਵਿਚ ਵਿਆਪਕ ਇਕੋ ਅਨਮੋਲ ਦੈਵੀ-ਨੂਰ ਨੂੰ ਪ੍ਰਦੀਪਿਤ ਦੇਖ ਕੇ ਗੁਰੂ ਦੇ ਨਾਮ ਉਤੇ ਸਭ ਲੋੜਵੰਦਾਂ ਦੀ ਸੇਵਾ ਕਰਨ ਦਾ ਸੰਕਲਪ ਸੁਦ੍ਰਿੜ ਕਰ ਸਕਣ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਮਨੁੱਖਤਾ

ਨਾਲੋਂ ਟੁੱਟ ਕੇ ਇਕਾਂਤਵਾਸੀ ਸਾਧਨਾ ਕਰਨ ਨਾਲ ਇਨਸਾਨੀ ਮਨ ਵਿਚ 'ਹਉਮੈ' ਦਾ ਅਟੁਟ ਪ੍ਰਸਾਰ ਹੁੰਦਾ ਹੈ ਅਤੇ 'ਹਉਮੈ' ਹੀ ਸਮੂਹ ਮਾਨਵੀ ਕਮਜ਼ੋਰੀਆਂ ਦਾ ਮੂਲ -ਕਾਰਣ ਹੈ। 'ਹਉਮੈ' ਵਿਅਕਤੀ ਅਤੇ ਸਮਾਜ ਦੋਹਾਂ ਨੂੰ ਵਿਨਸ਼ਟ ਕਰਨ ਵਾਲਾ ਵਿਅਕਤੀਗਤ ਅਤੇ ਸਮਾਜਿਕ ਦੀਰਘ-ਰੋਗ ਹੈ। ਜਿਨ੍ਹਾਂ ਲੋਕਾਂ ਵਿਚ 'ਹਉਮੈ' ਭਾਵ ਵੱਧ ਜਾਂਦਾ ਹੈ, ਉਨ੍ਹਾਂ ਵਿਚ ਕੌਮੀ ਜ਼ਜ਼ਬੇ ਦੇ ਪ੍ਰਫੁੱਲਿਤ ਹੋਣ ਦੀਆਂ ਸੰਭਾਵਨਾਵਾਂ ਖੀਣ ਹੋ ਜਾਂਦੀਆਂ ਹਨ। ਇਸ ਦੇ ਉਲਟ ਸੰਗਠਨ ਦੇ ਅਨੁਸ਼ਾਸਨ ਦਾ ਅਨੁਸਰਣ ਕਰਦਿਆ ਸੰਗਤ ਰਾਹੀਂ ਸੇਵਾ ਅਤੇ ਸਿਮਰਨ ਕੀਤਿਆਂ ਮਨੁੱਖ ਅਹੰਕਾਰ ਤੋਂ ਮੁਕਤ ਹੋ ਕੇ ਨਿਮ੍ਰਤਾ ਅਤੇ ਨਿਰਮਾਨਤਾ ਵੱਲ ਰੁਚਿਤ ਹੁੰਦਾ ਹੈ, ਜਿਸ ਨਾਲ ਇਕ ਪਾਸੇ ਅਹੰ-ਮੁਕਤ ਜਿਗਿਆਸੂ ਦੀ ਅਧਿਆਤਮਿਕ ਉਸਾਰੀ ਹੁੰਦੀ ਹੈ ਅਤੇ ਦੂਜੇ ਪਾਸੇ ਹਉਮੈ-ਰਹਿਤ ਆਤਮਿਕ-ਬਲ ਕੌਮੀ ਸੰਗਠਨ ਨੂੰ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਇਕਾਂਤਵਾਸੀ ਧਿਆਨ-ਸਾਧਕ ਸਿੱਧ-ਯੋਗੀਆਂ ਦਾ ਜਨ-ਮਾਨਸ ਉੱਤੇ ਕਾਫ਼ੀ ਪ੍ਰਭਾਵ ਸੀ। ਸ੍ਰੀ ਗੁਰੂ ਜੀ ਦੀਆਂ ਜੀਵਨ ਸਾਖੀਆਂ ਅਤੇ ਬਾਣੀ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਜਿਸ ਢੰਗ ਨਾਲ ਸਿੱਧ ਯੋਗੀਆਂ ਨੇ ਲਾਮਬੰਦ ਹੋ ਕੇ ਹਰ ਹੀਲੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਸਾਰ ਨੂੰ ਰੋਕਣ ਦਾ ਯਤਨ ਕੀਤਾ, ਉਸ ਢੰਗ ਨਾਲ ਹੋਰ ਧਾਰਮਿਕ ਸੰਪ੍ਰਦਾਵਾਂ ਨੇ ਉਨ੍ਹਾਂ ਦੇ ਮੱਤ ਦਾ ਪਰਾਏ ਦੇਸ਼ਾਂ ਵਿਚ ਵੀ ਵਿਰੋਧ ਨਹੀਂ ਕੀਤਾ। ਇਹ ਟਕਰਾਅ ਸਿਰਫ਼ ਇਸ ਕਰਕੇ ਸੀ ਕਿ ਗੁਰੂ ਨਾਨਕ ਸਾਹਿਬ ਨੇ ਧਿਆਨ-ਸਾਧਕਾਂ ਦੇ ਇਕੱਲਵਾਦ ਦੇ ਵਿਪਰੀਤ ਸਰਵ-ਸਾਧਾਰਣ ਦੀ ਆਤਮਿਕ ਕਲਿਆਣ ਲਈ ਸੰਗਤੀ-ਧਰਮ ਦੀ ਸਥਾਪਨਾ ਦਾ ਨਿਸ਼ਾਨਾ ਸਾਹਮਣੇ ਰੱਖਿਆ ਸੀ। ਗੁਰੂ ਜੀ ਜਨਵਾਦੀ ਲਹਿਰ ਨਿਜ-ਕੇਂਦ੍ਰਿਤ ਅਹੰਕਾਰ-ਧਰਮੀਆਂ ਦੇ ਪਾਖੰਡਵਾਦ ਦਾ ਸਫ਼ਾਇਆ ਕਰਨ ਦੀਆਂ ਪੂਰੀਆਂ ਸੰਭਾਵਨਾਵਾਂ ਨਾਲ ਓਤ-ਪ੍ਰੋਤ ਸੀ, ਜਿਸ ਤੋਂ ਏਕਾਧਿਕਾਰ ਦੀ ਵਿਚਾਰਧਾਰਾ ਦੇ ਹਰ ਮੋਹਰੇ ਦਾ ਭੈਭੀਤ ਹੋਣਾ ਸੁਭਾਵਿਕ ਸੀ। ਗੁਰੂ ਜੀ ਦੇ ਮੱਤ ਅਨੁਸਾਰ ਗੁਰਮੁਖ ਉਹ ਹੈ, ਜੋ ਗ੍ਰਹਸਤ ਵਿਚ ਪਰਿਵਾਰ ਸਹਿਤ ਜੀਵਨ-ਮੁਕਤੀ ਲਈ ਯਤਨਸ਼ੀਲ ਹੋਵੇ।[8] ਗੁਰ-ਸੰਗਤ ਸਾਧਕਾਂ ਵਾਸਤੇ ਅੰਤਿਮ ਆਸਰਾ ਹੈ, ਗੁਰੂ ਜੀ ਦੀ ਦ੍ਰਿਸ਼ਟੀ ਵਿਚ ਇਹ ਸਰਬ ਵਿਚਾਰਾਂ ਦਾ ਸਾਰ ਹੈ।[9] ਕਰਤਾਰਪੁਰ ਵਿਖੇ ਸਥਾਪਿਤ ਧਰਮਸਾਲ ਸਤਸੰਗੀਆਂ ਵਾਸਤੇ ਸਚਖੰਡ ਦਾ ਧਰਤੀ ਉਤੇ ਅਵਤ੍ਰਣ ਸੀ।[10] ਇਸ ਨਿਸ਼ਚੈ ਦਾ ਕਾਰਣ ਇਹੀ ਹੋਵੇਗਾ ਕਿ ਸਿੱਖ ਧਰਮ ਵਿਚ ਭੇਦਭਾਵ-ਮੁਕਤ ਲੋਕਾਂ ਦੀ ਸਾਂਝੀਵਾਲਤਾ ਹੀ ਧਰਤੀ ਦਾ ਸਵਰਗ ਹੈ ਅਤੇ ਕਰਤਾਰਪੁਰ ਦੀ ਸੰਗਤ ਸਾਂਝੀਵਾਲਤਾ ਦਾ ਸਰਵੁਚ ਨਮੂਨਾ ਸੀ। ਗੁਰੂ ਗ੍ਰੰਥ ਬਾਣੀ ਵਿਚ ਸੰਗਤ ਨੂੰ ਗੁਰੂ-ਜੋਤਿ ਦੇ ਪ੍ਰਕਾਸ਼ ਦਾ ਉੱਤਮ ਮਾਧਿਅਮ ਅਤੇ ਪਰਮੇਸ਼ਰ ਦੀ ਪ੍ਰਾਪਤੀ ਦਾ ਸਰਵੋਤਮ ਸਾਧਨ ਦੱਸਿਆ ਹੈ। ਸੰਗਤ ਨਾਮ-ਪ੍ਰਕਾਸ਼ ਅਤੇ ਨਾਮ-ਸੰਚਾਰ ਦਾ ਸੋਮਾ ਹੈ। ਸਤਸੰਗਤ ਮਨੁੱਖਾ ਮਨ ਦਾ ਅੰਧਕਾਰ ਦੂਰ ਕਰਕੇ ਮਨ-ਬੁਧਿ ਨੂੰ ਪ੍ਰਕਾਸ਼ਨ ਦਾ ਵਸੀਲਾ ਹੈ। ਚੰਗੇ ਜੀਵਨ ਦੇ ਨਿਰਮਾਨ ਵਾਸਤੇ ਸਤਸੰਗਤ ਸਾਰੇ ਆਸਤਿਕ ਅਤੇ ਨਾਸਤਿਕ ਕਰਮਾਂ ਤੋਂ ਅਧਿਕ ਲਾਭਕਾਰੀ ਹੈ :

ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥
ਗੁਰ ਪਰਸਾਦੀ ਘਟਿ ਚਾਨਣਾ ਆਨੇਰੁ ਗਵਾਇਆ॥
ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ॥[11]
ਸਤਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ॥
ਹਰਿ ਨਾਮਾ ਹਰਿ ਮੀਠ ਲਗਾਨਾ ਗੁਰਿ ਕੀਏ ਸਬਦਿ ਨਿਹਾਲ॥[12]
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥[13]

ਸਤਸੰਗਤ ਦੀ ਉਪਮਾ ਵਿਚ ਭਾਈ ਨੰਦ ਲਾਲ ਜੀ ਕਹਿੰਦੇ ਹਨ, "ਅਸਾਂ ਹਰ ਥਾਂ ਰੱਬ ਦੇ ਨੂਰ ਨੂੰ ਮਹਾਂਪੁਰਖਾਂ ਦੀ ਸੰਗਤ ਵਿਚ ਜ਼ਜ਼ਬ ਹੁੰਦਿਆਂ ਦੇਖਿਆ ਹੈ।[14] ਭਾਈ ਮਨੀ ਸਿੰਘ ਜੀ ਦਾ ਕਥਨ ਹੈ," (ਗੁਰਮੁਖ) ਸਾਧ ਸੰਗਤ ਨੂੰ ਨਿਰੰਕਾਰ ਦਾ ਆਸਣ ਜਾਣਦੇ ਹਨ।"[੧੫] ਦਰਅਸਲ ਸਿੱਖ ਧਰਮ ਵਿਚ ਸੰਗਤ ਦੀ ਸੰਸਥਾ ਨੇ ਅੱਗੇ ਚੱਲ ਕੇ ਗੁਰੂ ਪਦ ਨੂੰ ਕੇਵਲ ਸਿਧਾਂਤਿਕ ਰੂਪ ਵਿਚ ਹੀ ਨਹੀਂ, ਬਲਕਿ ਕ੍ਰਿਆਤਮਕ ਪੱਧਰ ਤੇ ਵੀ ਗ੍ਰਹਿਣ ਕਰਨਾਂ ਸੀ, ਇਸ ਕਰਕੇ ਸੰਗਤ ਦੇ ਸਰਵੁੱਚ ਰੁਤਬੇ ਦਾ ਵਿਚਾਰ ਸ਼ੁਰੂ ਤੋਂ ਹੀ ਦ੍ਰਿੜ੍ਹ ਕਰਵਾਇਆ ਜਾ ਰਿਹਾ ਸੀ। ਭਾਈ ਗੁਰਦਾਸ ਜੀ ਦੇ ਸਮੇਂ ਤੱਕ 'ਗੁਰ ਚੇਲਾ ਚੇਲਾ ਗੁਰੂ' ਦਾ ਵਿਸ਼ਵਾਸ ਸਿੱਖ

ਵਿਚਾਰਧਾਰਾ ਦਾ ਇਕ ਅਹਿਮ, ਅਭਿੰਨ ਅਤੇ ਅਟੁੱਟ ਅੰਗ ਬਣ ਚੁੱਕਾ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ :

ਗੁਰ ਚੇਲਾ ਚੇਲਾ ਗੁਰੂ ਗੁਰ ਚੇਲੇ ਪਰਚਾ ਪਰਚਾਇਆ।।[16]
ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਉਪਾਇ ਸਮਾਇਆ।।[17]

ਗੁਰੂ ਚੇਲੇ ਦੀ ਇਹ ਅਭੇਦਤਾ ਗੁਰੂ ਨਾਨਕ ਅਤੇ ਗੁਰੂ ਅੰਗਦ ਜਾਂ ਇਸੇ ਤਰ੍ਹਾਂ ਹੋਰ ਗੁਰੂ-ਪੁਰਖਾਂ ਦੀ ਪ੍ਰਸਪਰ ਅਧਿਆਤਮਿਕ ਤਦਰੂਪਤਾ (ਅਭੇਦਤਾ) ਤਕ ਹੀ ਸੀਮਿਤ ਨਹੀਂ, ਸਗੋਂ ਗੁਰੂ, ਸੰਗਤ ਅਤੇ ਸਿੱਖ ਦੀ ਇਕਰੂਪਤਾ ਦੀ ਲਖਾਇਕ ਹੈ। ਛੇਵੇਂ ਪਾਤਸ਼ਾਹ ਦੇ ਸਮੇਂ 'ਮੁਹਸਿਨ ਫਾਨੀ' ਨੇ ਸੰਗਤ ਦੀ ਉੱਚਤਾ ਅੱਖੀਂ ਦੇਖ ਕੇ ਲਿਖਿਆ ਸੀ, "ਜਦੋਂ ਸਿੱਖ ਇਕੱਤ੍ਰ ਹੁੰਦੇ ਹਨ ਤਾਂ ਗੁਰੂ ਭੀ ਆਪਣੀ ਮਨੋ-ਕਾਮਨਾ ਦੀ ਪੂਰਤੀ ਲਈ ਸੰਗਤ ਨੂੰ ਅਰਦਾਸ ਕਰਨ ਹਿੱਤ ਬੇਨਤੀ ਕਰਦਾ ਹੈ। ਸਿੱਖਾਂ ਦਾ ਇਹ ਵਿਸ਼ਵਾਸ ਹੈ ਕਿ ਜਦੋਂ ਸੰਗਤ ਏਕਾਗ੍ਰ-ਚਿੱਤ ਹੋ ਕੇ ਕਿਸੇ ਕਾਰਜ ਲਈ ਅਰਦਾਸ ਕਰਦੀ ਹੈ ਤਾਂ ਉਸ ਕਾਰਜ ਦੀ ਪੂਰਤੀ ਹੋ ਜਾਂਦੀ ਹੈ।"[18] ਅਸਲ ਵਿਚ ਗੁਰੂ ਪਾਤਸ਼ਾਹ ਅਜਿਹੇ ਜਨ-ਤੰਤ੍ਰ ਦੀ ਉਸਾਰੀ ਕਰਨ ਲਈ ਕ੍ਰਿਤ-ਸੰਕਲਪ ਸਨ, ਜਿੱਥੇ ਸਿਰਾਂ ਦੀ ਗਿਣਤੀ ਨਾਲੋਂ ਗੁਣਾਂ ਦੀ ਗਿਣਤੀ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਵੇ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਗੁਣਵਾਨਾਂ ਨੂੰ ਸਮਾਜ ਦੀ ਅਗਵਾਈ ਲਈ ਆਮੰਤ੍ਰਿਤ ਕੀਤਾ ਜਾਵੇ ਨਾ ਕਿ ਗੁਣਹੀਨ ਵਿਅਕਤੀ ਜ਼ਿੰਮੇਵਾਰ ਪਦਵੀਆਂ ਨੂੰ ਸਿਆਸੀ ਹਥਕੰਡਿਆਂ ਨਾਲ ਹਥਿਆ ਲੈਣ।

ਸੰਗਤ ਰੂਪੀ ਸੰਸਥਾ, ਜਿਸ ਦੇ ਨਿਰੰਤਰ ਵਿਕਾਸ ਨੂੰ ਗੁਰੂ ਪਾਤਸ਼ਾਹਾਂ ਨੇ ਸੁਨਿਸ਼ਚਿਤ ਕਰਨ ਲਈ ਹਰ ਪ੍ਰਕਾਰ ਦੇ ਮਾਨਵੀ ਪ੍ਰਯਤਨ ਕੀਤੇ, ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿਚ ਉਸ ਸਮੇਂ ਆਪਣੇ ਸੰਪੂਰਣ ਵਿਕਸਿਤ ਰੂਪ ਨੂੰ ਪ੍ਰਾਪਤ ਹੋਈ, ਜਦੋਂ ੩੦ ਮਾਰਚ ੧੬੯੯ ਦੀ ਵੈਸਾਖੀ ਦੇ ਅਵਸਰ ਤੇ ਪੰਜ ਚੁਣੇ ਹੋਏ ਸਰਵੋਤਮ ਸਿੱਖਾਂ ਨੂੰ ਖੰਡੇ ਪਾਹੁਲ ਦੇ ਕੇ ਸੰਗਤ ਦੀ ਸੰਸਥਾ ਨੂੰ ਕਲਗ਼ੀ ਵਾਲੇ ਪ੍ਰੀਤਮ ਨੇ 'ਖਾਲਸੇ' ਵਿਚ ਪਰਿਵਰਤਿਤ ਕਰ ਦਿੱਤਾ। 'ਖਾਲਸਾ' ਸਾਜਣਾ ਅਸਲ ਵਿਚ ਕਿਸੇ ਨਵੇਂ ਪੰਥ ਨੂੰ ਜਨਮ ਦੇਣਾ ਨਹੀਂ, ਬਲਕਿ ਪਹਿਲਾਂ ਤੋਂ ਕਾਇਮ ਸੰਗਤ ਨੂੰ, ਜਿਸ ਨੂੰ 'ਨਾਨਕ ਪੰਥੀ', 'ਸਿੱਖ ਸੰਗਤ' ਆਦਿ ਕਹਿ ਲਿਆ ਜਾਂਦਾ ਸੀ, ਇਕ ਵਿਸ਼ਿਸ਼ਟ ਰੂਪ-ਰੇਖਾ ਦੇ ਕੇ ਨਵੀਨ ਭੂਮਿਕਾ ਪ੍ਰਦਾਨ ਕਰਨਾ ਸੀ ਜਾਂ ਇਹ ਕਹਿ ਲਈਏ ਕਿ ਉਹ ਸੰਗਤ ਰੂਪੀ ਸਿੱਖ ਸੰਗਠਨ ਜੋ ਪੁਰਾਣੀ ਵਿਵਸਥਾ ਅਧੀਨ ਮਸੰਦਾਂ ਦੇ ਸਹਿਯੋਗ ਨਾਲ ਚੱਲਦਾ ਸੀ, ਉਸ ਨੂੰ ਆਤਮ-ਨਿਰਭਰ ਅਤੇ ਸਵੈ-ਆਸ਼੍ਰਿਤ ਸੰਸਥਾ ਦਾ ਰੂਪ ਦੇਣਾ ਸੀ। ਭਾਈ ਗੁਰਦਾਸ ਦੂਜੇ ਦੀ ਪੰਕਤੀ 'ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ' ਇਹ ਗੱਲ ਸਪਸ਼ਟ ਕਰ ਦਿੰਦੀ ਹੈ ਕਿ ਗੁਰੂ ਨੇ 'ਸੰਗਤਿ' ਨੂੰ ਹੀ 'ਖਾਲਸੇ' ਦਾ ਰੂਪ ਦੇ ਦਿੱਤਾ ਸੀ। ਮਨਮੁਖ ਉਹ ਹੈ ਜੋ ਇਸ ਪਰਿਵਰਤਨ ਪਿੱਛੋਂ ਵੀ ਮਸੰਦਾਂ ਜਾਂ ਉਹੋ-ਜਿਹੇ ਹੋਰ ਮਹੰਤਾਂ ਅਧੀਨ ਪਰਾਸ਼੍ਰਿਤ ਸਿੱਖੀ ਦਾ ਅਨੁਸਰਣ ਕਰਦਾ ਹੈ ਅਤੇ ਗੁਰੂ ਦੇ ਪੰਚ-ਪ੍ਰਧਾਨੀ ਸੰਗਠਨ-ਪ੍ਰਬੰਧ ਨੂੰ ਦਿਲੋਂ ਪ੍ਰਵਾਨ ਨਹੀਂ ਕਰਦਾ।

ਲੇਖ ਦੇ ਇਸ ਪੜਾਅ ਤੇ 'ਖਾਲਸਾ' ਸ਼ਬਦ ਦੇ ਅਰਥ ਨੂੰ ਠੀਕ ਭਾਵ ਵਿਚ ਸਮਝ ਲੈਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ, ਕਿਉਂ ਜੁ ਸਿੱਖ ਧਰਮ ਦਾ ਪੰਚ-ਪ੍ਰਧਾਨੀ-ਵਿਧਾਨ ਤਾਂ ਹੀ ਸਮਝ ਆ ਸਕਦਾ ਹੈ, ਜੇ 'ਖਾਲਸਾ' ਸ਼ਬਦ ਨੂੰ ਸਿਧਾਂਤਿਕ ਅਤੇ ਇਤਿਹਾਸਿਕ ਪ੍ਰਸੰਗ ਵਿਚ ਠੀਕ ਸਮਝ ਲਿਆ ਜਾਵੇ। ਭਾਈ ਕਾਨ੍ਹ ਸਿੰਘ 'ਨਾਭਾ' ਨੇ 'ਖਾਲਸਾ' ਦੇ ਅਰਥ ਸ਼ੁੱਧ, ਨਿਰੋਲ, ਜੋ ਸੰਪਤੀ ਸਿੱਧੀ ਬਾਦਸ਼ਾਹ ਦੇ ਅਧੀਨ ਹੋਵੇ, ਅਕਾਲੀ ਧਰਮ ਧਾਰੀ, ਨਾਨਕ ਪੰਥੀ ਕੀਤੇ ਹਨ।[19] ਡਾ. ਮਾਨ ਸਿੰਘ ਨਿਰੰਕਾਰੀ ਕਹਿੰਦਾ ਹੈ ਕਿ 'ਖਾਲਸਾ' ਅਰਬੀ ਸ਼ਬਦ ਹੈ, ਜਿਸ ਦੇ ਅਰਥ ਹਨ: ਨਿਰੋਲ ਬਾਦਸ਼ਾਹ ਦੀ ਸੰਪਤੀ; ਜਿਵੇਂ ਕਿ ਡੇਹਰਾ ਖਾਲਸਾ, ਥੋਹਾ ਖਾਲਸਾ, ਚੌਹਾ ਖਾਲਸਾ ਆਦਿ, ਅਕਾਲੀ ਧਰਮ, ਗੁਰੂ ਨਾਨਕ ਪੰਥੀ ਅਤੇ ਬੰਧਨ ਮੁਕਤ[20] ਸਰੂਪ ਦਾਸ 'ਭੱਲੇ' ਅਨੁਸਾਰ 'ਖਾਲਸਾ' ਉਹ ਹੈ ਜੋ ਮਸੰਦ ਅਧੀਨ ਨਾ ਹੋ ਕੇ ਸਿੱਧਾ ਗੁਰੂ ਦੇ ਅਧੀਨ ਹੈ :

ਮੈ ਸਭ ਸੰਗਤ ਦਈ ਥੀ ਤੁਮ ਕੋ ਕਰ ਜਾਗੀਰ।।
ਅਬ ਖਾਲਸਾ ਭਇਆ ਮਿਟਾ ਦੁਖ ਭੀਰ।।
ਅਬ ਮਸੰਦ ਮੈ ਕੀਨੇ ਦੂਰ।। ਸਭ ਕੀਆ ਖਾਲਸਾ ਮਿਲੈ ਹਜ਼ੂਰ।।[21]

ਕਵਿ 'ਸੈਨਾਪਤਿ' ਹੋਰ ਲਿਖਾਰੀਆਂ ਨਾਲੋਂ ਬਹੁਤਾ ਸਪਸ਼ਟ ਕਹਿੰਦਾ ਹੈ :

ਭਏ ਖਾਲਸਾ ਸੋਇ ਛੋੜਿ ਮਸੰਦ ਹੈ। ਜੀ ਪ੍ਰਗਟ ਭਏ ਚਹੂ ਓਰ ਸੂਰਜ ਚੰਦ ਹੈ।[22]

ਉਹ ਇਸ ਵਿਸ਼ੇ ਉਤੇ ਕੋਈ ਸਾਧਾਰਣ ਟਿੱਪਣੀ ਨਹੀਂ ਕਰਦਾ, ਬਲਕਿ 'ਖਾਲਸਾ' ਸ਼ਬਦ ਦੇ ਅਰਥ ਨਿਰਧਾਰਿਤ ਕਰਨ ਦੀ ਸਮੱਸਿਆ ਦਾ ਸਮਾਧਾਨ ਪ੍ਰਸਤੁਤ ਕਰਦਾ ਨਜ਼ਰ ਆਉਂਦਾ ਹੈ। ਉਹ ਇਕ ਇਤਿਹਾਸਿਕ ਘਟਨਾ ਵੱਲ ਪਾਠਕਾਂ ਦਾ ਧਿਆਨ ਆਕ੍ਰਸ਼ਿਤ ਕਰਦਿਆਂ ਲਿਖਦਾ ਹੈ :

ਪਾਤਸ਼ਾਹ ਦਿੱਲੀ ਪਤਿ ਸੋਈ॥ ਕਹਤ ਖਾਲਸਾ ਤਾਂ ਕੋ ਕੋਈ॥
ਤੁਮੇ ਖਾਲਸਾ ਕਿਆ ਮਤਿ ਧਾਰਾ॥ ਸੋ ਬਿਧਿ ਕਹੀਐ ਸੋਚ ਵਿਚਾਰਾ॥
ਤਬ ਸਿਖਨ ਯਹ ਬਾਤ ਬਤਾਈ॥ ਸਤਿਗੁਰ ਪੁਰਖ ਮਹਾਂ ਸੁਖਦਾਈ॥
ਆਗੈ ਜਿਨ ਕੈ ਨਾਇਬ ਹੋਤੇ॥ ਨਾਵ ਮਸੰਦ ਸਗਲ ਥੇ ਜੇਤੇ॥
ਦੋਹਰਾ : ਸੋ ਸਤਿਗੁਰ ਕੀਏ ਦੂਰਿ ਸਬ ਪਰਮ ਜੋਤਿ ਨਿਜ ਧਾਰਿ॥
ਸਗਲ ਸਿਖ ਭਏ ਖਾਲਸਾ ਸੁਨੀਐ ਸਾਚ ਬਿਚਾਰਿ।[23]

'ਗੁਰ ਬਿਲਾਸ ਪਾਤਸ਼ਾਹੀ ੧੦' ਦਾ ਲਿਖਾਰੀ ਭਾਈ ਸੁੱਖਾ ਸਿੰਘ ਵੀ ਉਪਰੋਕਤ ਮੱਤ ਦੀ ਪੁਸ਼ਟੀ ਵਿਚ ਲਿਖਦਾ ਹੈ ;

ਜਹਾਂ ਤਹਾਂ ਸੰਗਤ ਗੁਰ ਪਯਾਰੀ॥ ਭਈ ਖਾਲਸਾ ਸਰਬ ਸੁ ਸਾਰੀ॥

ਮੌਜੂਦਾ ਸਮੇਂ ਵਿਚ 'ਖਾਲਸਾ' ਪਦ ਦੇ ਅਰਥ 'ਖਾਲਸ' ਸ਼ਬਦ ਤੋਂ ਸ਼ੁੱਧ, ਨਿਰੋਲ ਆਦਿ ਹੀ ਬਹੁ-ਪ੍ਰਚੱਲਿਤ ਹਨ, ਜਦੋਂ ਕਿ ਪਾਰੰਪਰਿਕ ਸਿੱਖ ਸਾਹਿਤ ਆਮ ਤੌਰ ਤੇ 'ਖਾਲਸੇ' ਤੋਂ ਭਾਵ ਲੈਂਦਾ ਹੈ 'ਉਹ ਸਿੱਖ ਜੋ ਮਸੰਦ ਆਦਿ ਦੀ ਵਿਚੋਲਗੀ ਬਿਨਾ ਗੁਰੂ ਦੇ ਸਿੱਧੇ ਸੰਪਰਕ ਵਿਚ ਹੋਵੇ'। ਜੇਕਰ ਇਸ ਦੇ ਅਰਥਾਂ ਨੂੰ ਧਾਰਮਿਕ ਸ਼ੁੱਧਤਾ ਨਾਲ ਸੰਬੰਧਿਤ ਕਰਨਾ ਹੋਵੇ ਤਾਂ ਇਸ ਦਾ ਇਹ ਭਾਵ ਹੋ ਸਕਦਾ ਹੈ ਕਿ ਉਹ ਸਿੱਖ ਜੋ ਗੁਰੂ ਪਾਤਸ਼ਾਹਾਂ ਦੀ ਨਿਰੰਤਰ ਅਗਵਾਈ ਵਿਚ ਸਿੱਖਿਅਤ ਹੋ ਰਿਹਾ ਸੀ, ਦਸਮ ਸਾਹਿਬ ਦੇ ਸਮੇਂ ਆਪਣੀ ਪੂਰਣ-ਸ਼ੁੱਧਤਾ ਨੂੰ ਜਾਂ ਆਦਰਸ਼ਕ -ਵਿਅਕਤਿਤਵ ਨੂੰ ਪ੍ਰਾਪਤ ਕਰ ਗਿਆ। ਪ੍ਰੰਤੂ ਇੱਥੇ ਸਮੱਸਿਆ ਇਹ ਰਹੇਗੀ ਕਿ ਕੀ ਖਾਲਸਾ ਸਾਜਣ ਪਿੱਛੋਂ 'ਸਿੱਖ' ਸ਼ਬਦ ਦੀ ਵਰਤੋਂ ਨਿਰਰਥਕ ਹੈ ? ਮੇਰਾ ਖਿਆਲ ਹੈ ਸਿੱਖ ਇਤਿਹਾਸ ਅਤੇ ਪਰੰਪਰਾ ਇਸ ਗੱਲ ਦੀ ਪ੍ਰਵਾਨਗੀ ਨਹੀਂ ਦਿੰਦੇ, ਖਾਲਸੇ ਦੀ ਸਾਜਨਾ ਉਪਰੰਤ ਵੀ ਸਿੱਖ ਸ਼ਬਦ ਦੀ ਵਰਤੋਂ ਪਹਿਲਾਂ ਵਾਂਗ ਹੀ ਰਹੀ ਹੈ ਅਤੇ ਖਾਲਸਾ ਧਰਮੀਆਂ ਦੀ ਵਿਸ਼ਵ-ਵਿਆਪੀ ਪਹਿਚਾਨ 'ਸਿੱਖ' ਹੀ ਸਥਾਪਿਤ ਹੋਈ ਹੈ। ਦੂਜੀ ਗੱਲ ਇਹ ਹੈ ਕਿ ਕੀ ਖਾਲਸੇ ਦੀ ਸਾਜਨਾਂ ਤੋਂ ਪਹਿਲਾਂ ਸਿੱਖ ਪੂਰਣ-ਸ਼ੁੱਧਤਾ ਤੋਂ ਵੰਚਿਤ ਸਨ ? ਇਹ ਕਥਨ ਵੀ ਅਨੁਚਿਤ ਹੈ, ਕਿਉਂ ਜੁ ਪਹਿਲੇ ਗੁਰੂ ਜੀ ਦੇ ਸਮੇਂ ਵਿਚ ਹੀ ਅਧਿਆਤਮਿਕ ਸ਼ੁੱਧਤਾ ਦੀਆਂ ਸਮੂਹ ਉਚਾਈਆਂ ਪ੍ਰਾਪਤ ਕਰ ਕੇ ਇਕ ਸਿੱਖ ਭਾਈ ਲਹਿਣਾ ਗੁਰੂ ਪਦਵੀ ਤੱਕ ਪੁੱਜ ਗਿਆ ਸੀ ਅਤੇ ਬਾਬਾ ਬੁੱਢਾ ਜਿਹੇ ਅਨੇਕਾਂ ਹੀ ਗੁਰਸਿੱਖਾਂ ਦੁਆਰਾ ਪੂਰਣ ਨਿਰਮਾਇਲ ਜੀਵਨ ਰਾਹੀਂ ਬ੍ਰਹਮ-ਅਭੇਦਤਾ ਤੇ ਅੰਤਿਮ ਲਕਸ਼ ਨੂੰ ਪ੍ਰਾਪਤ ਕਰਨ ਦਾ ਪ੍ਰਵਾਹ ਵੀ ਨਿਰੰਤਰ ਚੱਲਦਾ ਰਿਹਾ ਸੀ।

'ਖਾਲਸਾ' ਸ਼ਬਦ ਦੇ ਅਰਥ ਨਿਰੂਪਿਤ ਕਰਨ ਸੰਬੰਧੀ ਸਮੱਸਿਆ ਦਾ ਨਿਰਵਿਵਾਦ ਹੱਲ ਇਹ ਜਾਣ ਕੇ ਹੋ ਜਾਂਦਾ ਹੈ ਕਿ ਇਹ ਸ਼ਬਦ ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਗੁਰੂ ਸੰਗਤਾਂ ਲਈ ਵਰਤਿਆ ਗਿਆ ਹੈ। ਛੇਵੇਂ ਗੁਰੂ ਲਿਖਦੇ ਹਨ,... ਪੂਰਬ ਕੀ ਸੰਗਤਿ ਗੁਰੂ ਦਾ ਖਾਲਸਾ ਹੈਇ।[24] ਨੌਵੇਂ ਗੁਰੂ ਦੀ ਲਿਖਿਤ ਹੈ," .... ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ।'[25] ਇਨ੍ਹਾਂ ਲਿਖਤਾਂ ਤੋਂ ਸਪਸ਼ਟ ਸੰਕੇਤ ਮਿਲਦਾ ਹੈ ਕਿ ਜਿਸ ਸਥਾਨ ਤੇ ਸ੍ਰੀ ਗੁਰੂ ਜੀ ਨੇ ਮਸੰਦ ਨਹੀਂ ਸਨ ਥਾਪੇ ਜਾਂ ਜੋ ਸੰਗਤ ਵਿਚੋਲਗੀ-ਮੁਕਤ ਰੁਤਬਾ ਰੱਖਦੀ ਸੀ, ਉਸ ਨੂੰ ਗੁਰੂ ਘਰ ਵਿਚ 'ਖਾਲਸਾ' ਕਹਿਣ ਦੀ ਪਿਰਤ ਸੀ।

ਸਿੱਖ ਇਤਿਹਾਸਿਕ ਸੋਮਿਆਂ ਤੋਂ ਪਤਾ ਚੱਲਦਾ ਹੈ ਕਿ ਮਸੰਦਾਂ ਦਾ ਭ੍ਰਸ਼ਟ ਆਚਰਣ 'ਖਾਲਸੇ' ਦੀ ਸਾਜਨਾ ਦਾ ਤੁਰੰਤ ਕਾਰਣ ਬਣਿਆਂ। ਗੁਰੂ ਮਹਾਰਾਜ ਨੇ ਮਸੰਦ-ਪ੍ਰਥਾ ਦੀ ਸਥਾਪਨਾ ਸਿੱਖ ਸੰਗਠਨ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਕੀਤੀ ਸੀ। ਮਸੰਦ ਇਕ ਪਾਸੇ ਸੁਦੂਰ ਸਿੱਖ ਸੰਗਤਾਂ ਦਾ ਗੁਰੂ ਨਾਲ ਨਿਰੰਤਰ ਸੰਪਰਕ ਸੁਨਿਸ਼ਚਿਤ ਕਰਦੇ ਸਨ ਅਤੇ ਦੂਜੇ ਪਾਸੇ ਸੰਗਠਨ ਦੀ ਵਿਰਧੀ ਅਤੇ ਮਾਨਵਤਾ ਦੀ ਸੇਵਾ ਦੇ ਕਾਰਜਾਂ ਲਈ ਸਿੱਖ ਸੰਗਤਾਂ ਵਲੋਂ ਭੇਟ ਕੀਤੀ ਮਾਇਆ ਗੁਰੂ ਤੱਕ ਪਹੁੰਚਾਂਦੇ ਸਨ। ਅਸਲ ਵਿਚ ਉਹਨਾਂ ਨੂੰ ਗੁਰੂ ਨੇ ਪੁਰੋਹਿਤ ਪਰੰਪਰਾ ਦਾ ਅਨੁਸਰਣ ਕਰਨ ਵਾਲੇ ਗੁਰੂ ਦੇ ਏਕਾਧਿਕਾਰ-ਪ੍ਰਾਪਤ ਏਜੰਟ ਨਹੀਂ ਸੀ ਥਾਪਿਆ, ਸਗੋਂ ਗੁਰਮਤਿ ਦੇ ਨਿਸ਼ਕਾਮ ਪ੍ਰਚਾਰਕ ਬਣਾਇਆ ਸੀ, ਜੋ ਦਸਾਂ ਨੌਹਾਂ ਦੀ ਕਿਰਤ ਕਰਦਿਆਂ ਗੁਰਸਿਖੀ ਦੇ ਪ੍ਰਸਾਰ ਲਈ ਤਨ-ਦਿਲੀ ਨਾਲ ਕੰਮ ਕਰਦੇ ਸਨ। ਦਸਮ ਗੁਰੂ ਦੇ ਸਮੇਂ ਤੱਕ ਬਹੁਤੇ ਮਸੰਦ ਗੁਰੂ

ਅਧਿਕਾਰ ਨੂੰ ਚੁਨੌਤੀ ਦੇਣ ਅਤੇ ਗੁਰੂ ਸੰਗਤ ਨੂੰ ਤੁੱਛ ਜਾਣਨ ਵਾਲੇ ਪਾਪ-ਗ੍ਰਸਤ ਬੇਮੁਖਾਂ ਦਾ ਰੂਪ ਧਾਰ ਚੁੱਕੇ ਸਨ। ਉਹ ਏਕਾਧਿਕਾਰ ਦੀ ਵਿਪ੍ਰ-ਸੋਚ (ਬ੍ਰਾਹਮਣੀ-ਸੋਚ) ਦੇ ਧਾਰਨੀ ਅਤੇ ਪੂਜਾ ਦੇ ਧਨ ਨੂੰ ਬੇਈਮਾਨੀ ਨਾਲ ਸੰਗ੍ਰਹਿ ਕਰਨ ਵਾਲੇ 'ਬਿਪਰਨ ਕੀ ਰੀਤ' ਦੇ ਪਾਲਕ ਗੁਰ ਸੰਗਤ ਦੀ ਉੱਚਤਾ ਦਾ ਗੁਰੂ-ਵਿਚਾਰ ਸੰਗਤ ਤੱਕ ਕਿਵੇਂ ਪਹੁੰਚਾ ਸਕਦੇ ਸਨ? ਕਵਿ ਸੰਤੋਖ ਸਿੰਘ ਅਨੁਸਾਰ ਮਸੰਦਾਂ ਦਾ ਗੁਰੂ ਪ੍ਰਤੀ ਬੇਅਦਬ ਵਿਵਹਾਰ ਅਤੇ 'ਚੇਤੋ' ਮਸੰਦ ਦੀ ਚੋਰੀ ਪਕੜੇ ਜਾਣਾ ਆਦਿ ਘਟਨਾਵਾਂ ਤੋਂ ਪਿੱਛੋਂ ਗੁਰੂ ਸਾਹਿਬ ਨੇ ਫੈਸਲਾ ਕੀਤਾ ਕਿ "ਖੋਜਨ ਕਰਿ ਕੈ ਪੰਥ ਚਲਾਵਨਿ॥ ਅਜਬ ਖਾਲਸਾ ਕਰੌ ਉਪਾਵਨ।[26] ਅੰਮ੍ਰਿਤ ਛਕਾਉਣ ਪਿੱਛੋਂ ਗੁਰੂ ਜੀ ਨੇ ਸਭ ਤੋਂ ਪਹਿਲਾ ਉਪਦੇਸ਼ ਕੀਤਾ, "ਮੀਣੇ ਅਰੁ ਮਸੰਦ ਧਿਰਮਲੀਏ। ਕੁੜੀ ਮਾਰਿ ਰਮਰਈ ਨਾ ਮਿਲੀਏ।"[27] ਇੰਞ ਗੁਰੂ ਮਹਾਰਾਜ ਨੇ ਮਸੰਦਾਂ ਸਹਿਤ ਸਭ ਤਰ੍ਹਾਂ ਦੀ ਮਹੰਤਵਾਦੀ ਵਿਚੋਲਗੀ ਨੂੰ ਸਿੱਖ ਧਰਮ ਵਿਚ ਪੂਰੀ ਸਮਰੱਥਾ ਨਾਲ ਵਰਜਿਤ ਕਰ ਦਿੱਤਾ। 'ਖਾਲਸਾ ਕਾਲ ਪੁਰਖ ਕੀ ਫੌਜ॥ ਪ੍ਰਗਟਯੋ ਪਰਮਾਤਮ ਕੀ ਮੌਜ॥[੨੮] ਅਤੇ 'ਵਾਹਿਗੁਰੂ ਜੀ ਕਾ ਖਾਲਸਾ' ਆਦਿ ਗੁਰਵਾਕ ਵੀ ਇਸ ਸ਼ਬਦ ਦਾ ਸੰਬੰਧ ਖਾਲਸੇ ਦੀ ਆਜ਼ਾਦ ਹੋਂਦ ਨਾਲ ਸੰਬੰਧਿਤ ਕਰਨ ਵਾਲੇ ਪਾਸੇ ਰੁਚਿਤ ਹਨ। ਨਿਰਮਲਤਾ ਹਰ ਧਰਮ ਦੀ ਮੁੱਢਲੀ ਜ਼ਰੂਰਤ ਹੈ ਅਤੇ ਅਧਿਆਤਮਿਕ ਪਵਿੱਤ੍ਰਤਾ ਬਿਨਾ ਧਰਮ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ, ਪਰ ਜੇ ਖਾਲਸਾ ਸ਼ਬਦ ਨਿਰਮਲਤਾ ਦੇ ਭਾਵ ਵਿਚ ਹੁੰਦਾ ਤਾਂ ਸਿੱਖ ਧਰਮ ਦੀ ਕਿਸੇ ਹੋਰ ਸੰਪ੍ਰਦਾਇ ਨੂੰ 'ਨਿਰਮਲੇ' ਅਖਵਾਉਣ ਦੀ ਜ਼ਰੂਰਤ ਨਹੀਂ ਸੀ। ਵਾਸਤਵ ਵਿਚ 'ਖਾਲਸਾ' ਸੰਗਠਨ ਦਾ ਨਾਮ ਹੈ, ਸੰਗਠਨ ਦਾ ਗੁਣ ਨਹੀਂ। ਇਹ ਉਹ ਸੰਗਠਨ ਹੈ, ਜੋ ਗੁਰੂ (ਗ੍ਰੰਥ-ਪੰਥ) ਦੀ ਅਗਵਾਈ ਤੋਂ ਸਿਵਾ ਕਿਸੇ ਹੋਰ ਦਾ ਆਸਰਾ ਪ੍ਰਵਾਨ ਨਹੀਂ ਕਰਦਾ। 'ਖਾਲਸਾ' ਉਹ ਹੈ, ਜਿਸ ਨੂੰ ਖੰਡੇਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਨੇ ਆਪਣੇ ਬਰਾਬਰ ਕਰ ਲਿਆ ਹੈ। 'ਖਾਲਸਾ' ਸ਼ਬਦ ਮਾਨਵੀ ਬਰਾਬਰੀ, ਸਵਤੰਤ੍ਰਤਾ ਅਤੇ ਆਜ਼ਾਦੀ ਦਾ ਲਖਾਇਕ ਹੈ ਅਤੇ ਇਹ ਗੁਰ-ਲੋਕਵਾਦੀ ਸੋਚ ਉਸ ਨੂੰ ਸਰਵ-ਲੋਹ ਵਿਚੋਂ ਪ੍ਰਾਪਤ ਹੋਣ ਦਾ ਭਾਵ ਹੈ, ਕਿ ਉਹ ਇਸ ਵਿਚਾਰਧਾਰਾ ਤੇ ਫੌਲਾਦੀ ਮਜ਼ਬੂਤੀ ਨਾਲ ਪਹਿਰਾ ਦੇਣ ਵਾਸਤੇ ਕ੍ਰਿਤ-ਸੰਕਲਪ ਹੈ। ਉਹ ਰਾਜਨੀਤਿਕ ਤੌਰ ਤੇ ਪ੍ਰਾਧੀਨ ਹੋ ਕੇ ਗੁਲਾਮੀ ਵਾਲਾ ਜੀਵਨ ਜੀਣ ਵਿਚ ਵਿਸ਼ਵਾਸ ਨਹੀਂ ਰੱਖਦਾ, ਨਾ ਹੀ ਉਹ ਹੋਰਾਂ ਨੂੰ ਗੁਲਾਮ ਰੱਖਣ ਦੀ ਦੁਸ਼-ਪ੍ਰਵਿਰਤੀ ਦਾ ਆਪ ਸ਼ਿਕਾਰ ਹੋ ਸਕਦਾ ਹੈ, ਸਗੋਂ ਉਹ ਸਮੂਹ ਮਾਨਵਾਂ ਲਈ ਆਜ਼ਾਦੀ ਦੀ ਸਦਾ ਕਾਮਨਾ ਕਰਦਾ ਹੈ।

ਖਾਲਸਈ ਵਿਵਸਥਾ ਨੂੰ ਠੀਕ ਸਮਝਣ ਲਈ 'ਖਾਲਸੇ' ਦੀ ਗੁਰੁਤਾ ਨੂੰ ਸਮਝ ਲੈਣਾ ਵੀ ਆਵੱਸ਼ਕ ਹੈ। ਸਿੱਖ ਧਰਮ ਵਿਚ ਗੁਰੁਤਾ ਦੇ ਦੋ ਮੁੱਖ ਅੰਗ ਹਨ; ਜੋਤਿ ਅਤੇ ਜੁਗਤਿ। 'ਜੋਤਿ' ਗੁਰੂ ਸ਼ਬਦ ਹੈ ਅਤੇ ਗੁਰੁਤਾ ਦਾ ਇਹ ਅੰਗ ਸਦੀਵੀ ਤੌਰ ਤੇ ਗੁਰੂ ਗ੍ਰੰਥ ਸਾਹਿਬ ਕੋਲ ਹੈ। ਸ਼ਬਦ-ਜੋਤਿ ਨੂੰ ਮਾਨਵੀ ਹਿਰਦਿਆਂ ਤਕ ਪਹੁੰਚਾਣ ਵਾਸਤੇ ਜਿਸ ਸਫ਼ਲ ਵਿਧੀ ਦੀ ਜ਼ਰੂਰਤ ਹੈ, ਉਸ ਨੂੰ 'ਜੁਗਤਿ' ਦਾ ਨਾਮ ਦਿੱਤਾ ਗਿਆ ਹੈ। ਸਰਵ-ਗਿਆਨ ਦੇ ਮੂਲ ਸੋਮੇ 'ਗੁਰੂ' ਦੇ ਇਹ ਗੱਲ ਧਿਆਨ ਵਿਚ ਸੀ ਕਿ ਸਥੂਲ ਸੰਸਾਰ ਪਰਿਵਰਤਨਸ਼ੀਲ ਹੈ ਅਤੇ ਗਿਆਨ ਪ੍ਰਸਾਰਣ ਦੇ ਸਥੂਲ ਸਾਧਨ ਵੀ ਸਮੇਂ ਅਨੁਸਾਰ ਬਦਲ ਜਾਂਦੇ ਹਨ, ਇਸ ਕਾਰਨ ਉਨ੍ਹਾਂ ਨੇ ਬਦਲਣਹਾਰ 'ਜੁਗਤਿ' ਨੂੰ ਖਾਲਸਾ ਪੰਥ ਦੇ ਅਧੀਨ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿੱਛੋਂ ਗੁਰਿਆਈ ਨੂੰ ਦੋ ਸਪਸ਼ਟ ਭਾਗਾਂ ਵਿਚ ਵਿਭਾਜਿਤ ਕਰ ਦਿੱਤਾ। ਪਹਿਲੇ ਭਾਗ ਵਿਚ ਉਨ੍ਹਾਂ ਪੰਥ ਦੀ ਸੰਪੂਰਣਤਾ ਕਰਨ ਉਪਰੰਤ ਪੰਜ ਪਿਆਰਿਆਂ ਨੂੰ ਨਮਸਕਾਰ ਕਰਕੇ 'ਖਾਲਸਾ' ਪੰਥ ਨੂੰ ਗੁਰੂ ਜੁਗਤਿ ਦਾ ਵਾਰਿਸ ਘੋਸ਼ਿਤ ਕਰ ਦਿੱਤਾ। ਜਿਵੇਂ ਪਹਿਲੇ ਗੁਰੂ ਜੀ ਨੇ ਭਾਈ ਲਹਿਣ ਦੀ ਸਮਰੱਥਾ ਨੂੰ ਹਰ ਪਹਿਲੂ ਤੋਂ ਪਰਖ ਕੇ ਗੁਰਗੱਦੀ ਦਾ ਵਾਰਿਸ ਥਾਪਿਆ, ਇਸੇ ਤਰ੍ਹਾਂ ਦਸਮ ਸਾਹਿਬ ਨੇ ਸਿੱਖਾਂ ਦੀ ਪਰਖ ਕਰਕੇ ਗੁਰੁਤਾ ਖਾਲਸੇ ਨੂੰ ਦਿੱਤੀ।[29] ਅੰਤਰ ਸਿਰਫ਼ ਇਹ ਸੀ ਕਿ ਪਹਿਲੇ ਗੁਰੂ ਨੇ ਸਿੱਖ ਪਰਖੇ ਸਨ ਅਤੇ ਦਸਮ ਗੁਰੂ ਜੀ ਨੇ ਸਮੁੱਚੇ ਪੰਥ ਦੀ ਸਮਰੱਥਾ ਨੂੰ ਪੰਜਾਂ ਦੀ ਚੋਣ ਕਰਕੇ ਪਰਖਣ ਦਾ ਪ੍ਰਯੋਗ ਕੀਤਾ ਸੀ। ਪ੍ਰੀਖਿਆ ਲੈਣ ਉਪਰੰਤ ਉਹ ਇਸ ਨਤੀਜੇ ਤੇ ਪੁੱਜੇ ਸਨ ਕਿ ਜਿਸ ਜਮਾਤ ਵਿਚ ਪਰਿਪੂਰਣ ਪੰਚ ਵਿਦਮਾਨ ਹੋਣ, ਉਹ ਗੁਰੂ ਦਾ ਸਰੀਰੀ ਕਾਰਜ ਕਰਨ ਦੇ ਸਰਵ-ਭਾਂਤ ਸਮਰੱਥ ਹੋ ਸਕਦੀ ਹੈ।[30] ਗੁਰੂ ਨੇ ਪੰਥ-ਗੁਰੂ ਦੀ ਸਥਾਪਤੀ ਰਾਹੀਂ ਗੁਰੂ ਦੇ ਸਰੀਰੀ ਕਾਰਜ, ਜਿਨ੍ਹਾਂ ਨੂੰ ਸਮਾਂ ਅਤੇ ਸਥਾਨ ਪ੍ਰਭਾਵਿਤ ਕਰ ਸਕਦਾ ਹੈ, ਖਾਲਸੇ ਦੇ ਅਧੀਨ ਕਰ ਦਿੱਤੇ। ਦੂਜੇ ਭਾਗ ਵਿਚ ਉਨ੍ਹਾਂ ਨੇ ਨਿਰਗੁਣ ਰੂਪ ਧਾਰਨ ਕਰਨ ਤੋਂ ਪਹਿਲਾਂ ਅਕਤੂਬਰ ੧੭੦੮ ਵਿਚ ਗੁਰੁਤਾ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ। ਇਹ ਗੁਰੁਤਾ ਅਸਰੀਰੀ ਅਬਦਲ-ਪ੍ਰਕਾਸ਼ ਨਾਲ ਸੰਬੰਧ ਰੱਖਦੀ ਹੈ। ਗੁਰੂ ਖਾਲਸੇ

ਨੂੰ ਮਾਨਵੀ-ਬਰਾਬਰੀ ਦਾ ਜੋ ਆਧਾਰ ਸ੍ਰੀ ਗੁਰੂ ਸਾਹਿਬ ਤੋਂ ਵਿਰਾਸਤ ਵਿਚ ਪ੍ਰਾਪਤ ਹੋਇਆ ਹੈ ਅਤੇ ਜੋ ਸਮੁੱਚੀ ਮਾਨਵਤਾ ਲਈ ਇਕ ਅਨਮੋਲ ਖ਼ਜ਼ਾਨਾ ਹੈ, ਉਸ ਦੇ ਕੁਝ ਅੰਗਾਂ ਦਾ ਵਿਸ਼ਲੇਸ਼ਣ ਇਸ ਖੋਜ-ਪੱਤਰ ਦੀ ਪ੍ਰਮੁੱਖ-ਚੇਸ਼ਟਾ ਹੈ।

ਇੱਥੇ ਇਹ ਕਹਿ ਦੇਣਾ ਉਚਿੱਤ ਹੋਵੇਗਾ ਕਿ ਸਿੱਖ ਧਰਮ ਦਾ ਉਦਗਮ ਅਜਿਹੇ ਸਮੇਂ ਹੋਇਆ, ਜਦੋਂ ਸਮਸਤ ਪਰਿਸਥਿਤੀਆਂ ਮਾਨਵੀ-ਬਰਾਬਰੀ ਦੇ ਵਿਚਾਰ ਦੇ ਵਿਪਰੀਤ ਸਨ। ਦੇਵ ਅਤੇ ਅਦੇਵ ਜਾਂ ਕਾਫ਼ਿਰ ਅਤੇ ਮਲੇਛ ਸੰਸਕ੍ਰਿਤੀਆਂ ਦੇ ਝਗੜੇ ਚਰਮ-ਸੀਮਾ ਤੇ ਸਨ। ਦੇਵਵਾਣੀ ਅਤੇ ਮਲੇਛ ਭਾਸ਼ਾ ਦੀ ਰੂੜੀਵਾਦਤਾ ਨੇ ਦੋਹਾਂ ਪ੍ਰਮੁੱਖ ਸੰਸਕ੍ਰਿਤੀਆਂ ਵਿਚ ਨਾ ਭਰੀ ਜਾਣ ਵਾਲੀ ਖਾਈ ਨਿਰਮਿਤ ਕਰ ਦਿੱਤੀ ਸੀ। ਕਾਜ਼ੀ ਰੂਪ ਨਿਆਂਮੂਰਤੀਆਂ ਦੇ ਭ੍ਰਸ਼ਟ ਆਚਰਣ ਕਾਰਨ ਹਿੰਦੂ ਨੂੰ ਕੀ, ਭਲੇ ਮੁਸਲਮਾਨ ਨੂੰ ਵੀ ਨਿਆਂ ਮਿਲਨ ਦੀ ਕੋਈ ਉਮੀਦ ਨਹੀਂ ਸੀ ਹੋ ਸਕਦੀ। ਪੁਜਾਰੀਵਾਦ ਦੇ ਬੋਲਬਾਲੇ ਨੇ ਸਮਾਜ ਨੂੰ ਜਾਤੀ ਦੇ ਆਧਾਰ ਤੇ ਵਿਭਾਜਿਤ ਕੀਤਾ ਹੋਇਆ ਸੀ ਅਤੇ ਦੋਹਾਂ ਸੰਸਕ੍ਰਿਤੀਆਂ ਦੀ ਮਰਦ-ਪ੍ਰਧਾਨ ਕਰੂਰ ਵਿਵਸਥਾ ਨੇ ਇਸਤਰੀ ਨਾਲ ਅਮਾਨਵੀ ਵਿਵਹਾਰ ਦੀਆਂ ਸਾਰੀਆਂ ਸੀਮਾਵਾਂ ਪਾਰ ਕਰ ਲਈਆਂ ਸਨ। ਆਰਥਿਕ ਲੁੱਟ-ਖਸੁੱਟ, ਜ਼ੋਰ-ਜ਼ੁਲਮ ਅਤੇ ਸ਼ਹਿਨਸ਼ਾਹਾਂ ਦੀ ਧਾਰਮਿਕ ਕੱਟੜਤਾ ਨੇ ਜੀਵਨ ਦੇ ਹਰ ਖੇਤਰ ਵਿਚ ਅਸਮਾਨਤਾ ਦੇ ਪ੍ਰਸਾਰ ਦਾ ਵਾਤਾਵਰਣ ਬਣਾਇਆ ਹੋਇਆ ਸੀ। ਅਜਿਹੇ ਹਾਲਾਤ ਵਿਚੋਂ ਗੁਰੂ ਪਾਤਸ਼ਾਹਾਂ ਨੇ ਮਨੁੱਖੀ ਸਮਾਨਤਾ, ਸਮਾਜਿਕ ਨਿਆਂ, ਜਨਵਾਦਿਤਾ ਅਤੇ ਆਰਥਿਕ ਬਰਾਬਰੀ ਦਾ ਝੰਡਾ ਬੁਲੰਦ ਕਰਨ ਵਾਲੇ ਸਮਾਜ ਦਾ ਨਿਰਮਾਨ ਕਰਨ ਦਾ ਦੁਰਗਮ ਮਨੋਰਥ ਪੂਰਣ ਕਰਨਾ ਸੀ।

1. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਚ ਆਗਮਨ ਸਮੇਂ ਭਾਰਤ-ਭੂਮੀ ਤੇ ਮੁਸਲਮਾਨਾਂ ਦਾ ਸ਼ਾਸਨ ਸੀ ਅਤੇ ਹਿੰਦੂਆਂ ਨੂੰ ਗੁਲਾਮੀ ਦਾ ਦੁੱਖ ਭੋਗਣਾ ਪੈ ਰਿਹਾ ਸੀ, ਜਿਸ ਕਰਕੇ ਬਾਹਰੋਂ ਆਏ ਧਰਮ ਪ੍ਰਤੀ ਉਨ੍ਹਾਂ ਦੇ ਮਨਾਂ ਵਿਚ ਨਫ਼ਰਤ ਹੋਣਾ ਸੁਭਾਵਿਕ ਸੀ। ਦੂਜੇ ਪਾਸੇ ਸ਼ਾਸਕ ਵਰਗ ਸੱਤਾ ਦੇ ਨਸ਼ੇ ਵਿਚ ਹਿੰਦੂਆਂ ਨੂੰ ਹੀਨ-ਭਾਵਨਾ ਨਾਲ ਦੇਖਦਾ ਸੀ। ਹਿੰਦੂ ਅੰਦਰ-ਖਾਤੇ ਮੁਸਲਮਾਨਾਂ ਨੂੰ ਮਲੇਛ ਕਹਿੰਦਾ ਸੀ ਤਾਂ ਮੁਸਲਮਾਨ ਖੁਲ੍ਹੇਆਮ ਹਿੰਦੂਆਂ ਨੂੰ ਬੁੱਤਪੂਜ ਕਾਫ਼ਿਰ ਕਹਿਣ ਦੇ ਸਮਰੱਥ ਸੀ। ਦੋਵੇਂ ਇਕ ਦੂਜੇ ਦੇ ਰਹਿਣ-ਸਹਿਣ, ਪੂਜਾ-ਪੱਧਤੀ ਅਤੇ ਭਾਸ਼ਾ ਨੂੰ ਨਫ਼ਰਤ ਨਾਲ ਦੇਖਦੇ ਸਨ। ਇਹ ਵਿਵਾਦ ਇਤਨਾ ਪ੍ਰਚੰਡ ਸੀ ਕਿ ਗੁਰੂ ਨਾਨਕ ਦੇਵ ਜੀ ਜਦੋਂ ਮੱਕਾ ਗਏ ਤਾਂ ਉਨ੍ਹਾਂ ਨੂੰ ਉਥੇ ਵੀ ਪ੍ਰਸ਼ਨ ਕੀਤਾ ਗਿਆ ਕਿ ਹਿੰਦੂ ਅਤੇ ਮੁਸਲਮਾਨ ਧਰਮਾਂ ਵਿਚੋਂ ਕਿਹੜਾ ਉਤਮ ਹੈ ? ਗੁਰੂ ਨਾਨਕ ਦੇਵ ਜੀ ਜਦੋਂ ਦੈਵੀ-ਸੰਦੇਸ਼ ਪ੍ਰਾਪਤ ਵੇਈਂ ਨਦੀ ਤੋਂ ਬਾਹਰ ਆਏ ਤਾਂ ਉਨ੍ਹਾਂ ਦਾ ਪਹਿਲਾ ਉਪਦੇਸ਼ ਸੀ 'ਨਾ ਕੋਈ ਹਿੰਦੂ ਨਾ ਮੁਸਲਮਾਨ'। ਗੁਰੂ ਸਾਹਿਬ ਦੀ ਧਰਮ ਨਿਰਪੱਖਤਾ ਅਤੇ ਇਨਸਾਨੀਅਤ ਨਾਲ ਪਿਆਰ ਇਤਨਾ ਪ੍ਰਸਿੱਧ ਹੋਇਆ ਕਿ ਉਹ ਹਿੰਦੂ-ਮੁਸਲਮਾਨ ਦੋਹਾਂ ਦੇ ਸਾਂਝੇ ਗੁਰੂ-ਪੀਰ ਪ੍ਰਵਾਨ ਹੋ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰਬ-ਸਾਂਝਾ ਸਰੂਪ ਅਤੇ ਉਪਦੇਸ਼ ਇਸੇ ਪਰੰਪਰਾ ਨੂੰ ਸਦੀਵੀ ਕਰਨ ਵੱਲ ਇਕ ਹੋਰ ਸਾਰਥਕ ਯਤਨ ਸੀ। ਸਰਕਾਰ ਦੀ ਅਸਹਿਨਸ਼ੀਲਤਾ ਕਾਰਣ ਸ੍ਰੀ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਕਰਕੇ ਸਿੱਖਾਂ ਅਤੇ ਹਕੂਮਤ ਵਿਚ ਟਕਰਾਅ ਦਾ ਵਾਤਾਵਰਣ ਬਣ ਗਿਆ। ਭਾਵੇਂ ਸਿੱਖਾਂ ਉਤੇ ਜ਼ੁਲਮ ਕਰਨ ਵਾਲੇ ਸ਼ਾਸਕ ਮੁਸਲਮਾਨ ਹੋਣ ਦਾ ਦਾਅਵਾ ਕਰਦੇ ਸਨ, ਫਿਰ ਵੀ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਮਾਨਵੀ-ਬਰਾਬਰੀ ਦਾ ਵਿਚਾਰ ਕਦੇ ਵੀ ਨਾ ਤਿਆਗਣ ਦੀ ਸਿੱਖਿਆ ਦਿੱਤੀ। ਉਨ੍ਹਾਂ ਦਾ ਯਕੀਨ ਸੀ ਕਿ ਸ਼ਾਸਕ-ਵਰਗ ਇਸਲਾਮ ਦੀ ਵਾਸਤਵਿਕਤਾ ਤੋਂ ਬੇਮੁਖ ਹੈ ਅਤੇ ਉਨ੍ਹਾਂ ਦੀ ਬੇਮੁਖਤਾ ਲਈ ਸਾਰੇ ਮੁਸਲਮਾਨਾਂ ਨੂੰ ਦੋਸ਼ੀ ਨਹੀਂ ਮੰਨਿਆ ਜਾ ਸਕਦਾ ਜਾਂ ਇਸਲਾਮ ਧਰਮ ਨੂੰ ਮਾੜਾ ਨਹੀਂ ਕਿਹਾ ਜਾ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ ਨਿਰਪੱਖਤਾ ਪ੍ਰਤੀ ਵਚਨਬੱਧਤਾ ਦੀ ਦ੍ਰਿੜ੍ਹਤਾ ਦੇ ਆਧਾਰ ਤੇ ਹੀ ਕਿਹਾ ਜਾਂਦਾ ਹੈ ਕਿ ਪਟਨੇ ਵਿਚ ਜਦੋਂ ਉਹਨਾਂ ਦੀ ਆਯੂ ਕੁਝ ਮਹੀਨੇ ਹੀ ਸੀ ਤਾਂ ਪੀਰ ਸੱਯਦ ਭੀਖ ਸ਼ਾਹ ਦੀਆਂ ਦੋਹਾਂ ਕੁੱਜੀਆਂ ਤੇ ਹੱਥ ਰੱਖ ਕੇ ਉਨ੍ਹਾਂ ਆਪਣੀ ਸਾਂਝੀਵਾਲਤਾ ਦੀ ਪਛਾਣ ਕਰਾ ਦਿੱਤੀ ਸੀ। ਸਢੌਰੇ ਦੇ ਪੀਰ ਬਦਰੁਦੀਨ ਸ਼ਾਹ ਦਾ ਉਨ੍ਹਾਂ ਲਈ ਆਪਣੇ ਬੱਚਿਆਂ ਸਹਿਤ ਕੁਰਬਾਨੀ ਦੇਣਾ ਅਤੇ ਕਠਿਨ ਪਰਿਸਥਿਤੀਆਂ ਵਿਚ ਨਬੀ ਖਾਂ ਗਨੀ ਖਾਂ ਦਾ ਉਨ੍ਹਾਂ ਪ੍ਰਤੀ ਪ੍ਰਗਟ ਕੀਤਾ 'ਉਚ' ਦੇ ਪੀਰ ਵਾਲਾ ਸਤਿਕਾਰ ਇਹ ਸਾਬਤ ਕਰਦਾ ਹੈ ਕਿ ਸੱਚੇ ਮੁਸਲਮਾਨ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਗੁਰੂ-ਪੀਰ ਵਾਲੇ ਰੂਪ ਵਿਚ ਹੀ ਦੇਖਦੇ ਸਨ। ਉਨ੍ਹਾਂ ਆਪਣੀ ਬਾਣੀ ਵਿਚ ਰਾਜਾ ਤੇ ਭਿਖਾਰੀ, ਦੇਵ ਅਤੇ ਦਾਨਵ, ਵੈਦਿਕ ਅਤੇ

ਅਵੈਦਿਕ ਵਿਚਾਰ, ਯੋਧੇ ਅਤੇ ਗਿਆਨੀ, ਕਾਲੇ ਤੇ ਚਿੱਟੇ, ਜਤੀ ਅਤੇ ਕਾਮੀ, ਨਿਰਗੁਨੀ ਅਤੇ ਸਰਗੁਨੀ ਭਾਵ ਸਮਸਤ ਜੜ੍ਹ-ਚੇਤਨ ਵਿਚ ਇਕੋ ਇਲਾਹੀ ਨੂਰ ਦੀ ਪ੍ਰੋੜ੍ਹਤਾ ਕੀਤੀ ਹੈ। ਉਨ੍ਹਾਂ ਨੂੰ ਦੁਨੀਆਂ ਦੇ ਸਭ ਧਰਮਾਂ ਪਿੱਛੇ ਇਕੋ ਦੈਵੀ-ਸੱਤਾ ਦਾ ਪ੍ਰਯੋਜਨ ਦਿੱਸਦਾ ਹੈ :

ਕਹੂੰ ਜੱਛ ਗੰਧ੍ਰਬ ਉਰਗ ਕਹੂੰ ਬਿਦਿਆਧਰ,
ਕਹੂੰ ਭਏ ਕਿੰਨਰ ਪਿਸਾਚ ਕਹੂੰ ਪ੍ਰੇਤ ਹੋ।
ਕਹੂੰ ਹੁਇਕੈ ਹਿੰਦੂਆ, ਗਾਇਤ੍ਰੀ ਕੋ ਗੁਪਤ ਜਪਿਓ,
ਕਹੂੰ ਹੁਇਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ।
ਕਹੂੰ ਕੋਕ ਕਾਬ ਹੁਇਕੈ, ਪੁਰਾਨ ਕੋ ਪੜ੍ਹਤ,
ਮਤ ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ।
ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,
ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸੁਮੇਤ ਹੋ।[31]

ਉਹ ਕਹਿੰਦੇ ਸਨ ਵਿਭਿੰਨ ਸੰਸਕ੍ਰਿਤੀਆਂ ਅਤੇ ਦੇਸ਼ਾਂ ਦੇ ਲੋਕ ਇਕੋ ਦੈਵੀ ਆਗਿਆ ਵਿਚ ਹਨ :

ਬੰਗ ਕੇ ਬੰਗਾਲੀ, ਫਿਰੰਗ ਕੇ ਫਿਰੰਗਾਵਾਲੀ,
ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ।
ਰੋਹ ਕੇ ਰੁਹੇਲੇ, ਮਾਘ ਦੇਸ ਕੇ ਮਘੇਲੇ ਬੀਰ,
ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ।
ਗੋਖਾ ਗੁਨ ਗਾਵੈਂ, ਚੀਨ ਮਚੀਨ ਕੇ ਸੀਸ ਨਯਾਵੈ,
ਤਿਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ।
ਜਿਨੈ ਤੋਹਿ ਧਿਆਇਓ, ਤਿਨੈ ਪੂਰਨ ਪ੍ਰਤਾਪ ਪਾਇਓ,
ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ।[32]

ਉਨ੍ਹਾਂ ਦੀ ਦ੍ਰਿਸ਼ਟੀ ਵਿਚ ਜੋਗੀ, ਸੰਨਿਆਸੀ, ਬ੍ਰਹਮਚਾਰੀ, ਜਤੀ, ਹਿੰਦੂ, ਮੁਸਲਮਾਨ, ਸ਼ੀਆ, ਸੁੰਨੀ ਸਾਰੇ ਇਕੋ ਮਾਨਵ-ਜਾਤੀ ਦੇ ਨਿਆਰੇ ਅੰਗ ਹਨ। ਮੰਦਰ ਤੇ ਮਸਜਿਦ, ਪੂਜਾ ਤੇ ਨਮਾਜ ਦੀ ਇਕਰੂਪਤਾ ਹੈ ਅਤੇ ਹਿੰਦੂ ਮੁਸਲਮਾਨ ਤਾਂ ਅੱਗ ਦੇ ਵੱਖ-ਵੱਖ ਚਿੰਗਾੜਿਆਂ, ਧੂੜ ਦੇ ਕਿਣਕਿਆਂ, ਪਾਣੀ ਦੀਆਂ ਲਹਿਰਾਂ ਵਾਂਗ ਹਨ ਜੋ ਇਕੋ ਸੋਮੇ ਤੋਂ ਉਤਪੰਨ ਹੋ ਕੇ ਉਸੇ ਵਿਚ ਵਿਲੀਨ ਹੋ ਜਾਣਗੇ। ਅੱਲਾਹ ਤੇ ਈਸ਼ਵਰ, ਪੁਰਾਨ ਤੇ ਕੁਰਾਨ ਇਕ ਰੂਪ ਹਨ ਅਤੇ ਸਾਰੇ ਮਨੁੱਖ ਇਕੋ ਜਿਹੇ ਤੱਤਾਂ ਤੋਂ ਬਣੇ ਇਕੋ ਜਿਹੀ ਸਰੀਰਿਕ ਬਣਤਰ ਦੇ ਧਾਰਨੀ ਹਨ।[33]

2. ਭਾਵੇਂ ਸਮਾਜਿਕ ਨਾਬਰਾਬਰੀ ਕਿਸੇ ਨਾ ਕਿਸੇ ਰੂਪ ਵਿਚ ਵਿਸ਼ਵ ਦੇ ਹਰ ਖਿੱਤੇ ਵਿਚ ਵਿਦਮਾਨ ਰਹੀ ਹੈ ਅਤੇ ਸੰਪੂਰਣ ਬਰਾਬਰੀ ਦੀਆਂ ਆਦਰਸ਼ ਸੀਮਾਵਾਂ ਤੋਂ ਮਨੁੱਖ ਅਜੇ ਵੀ ਬਹੁਤ ਦੂਰ ਹੈ, ਫਿਰ ਵੀ ਭਾਰਤ ਦੇਸ਼ ਵਿਚ ਜਾਤੀ-ਪ੍ਰਬੰਧ ਅਧੀਨ ਮਨੁੱਖ ਨਾਲ ਜੋ ਧੱਕਾ ਕੀਤਾ ਗਿਆ, ਉਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਵੈਦਿਕ ਧਰਮ ਦੀ ਵਰਣ-ਵਿਵਸਥਾ ਦੀ ਅਮਾਨਵੀ ਪ੍ਰਭਾਵ ਸਰਵ-ਵਿਦਿਤ ਹੈ। ਹਿੰਦੂ ਧਰਮ ਦੇ ਸਰਵੋਤਮ ਅਥਵਾ ਪ੍ਰਾਥਮਿਕ ਧਰਮ-ਗ੍ਰੰਥ 'ਰਿਗ ਵੇਦ' ਵਿਚ ਵਰਣ-ਵਿਵਸਥਾ ਦੀ ਨੀਂਹ ਰੱਖਦਿਆਂ ਕਿਹਾ ਗਿਆ ਹੈ :

ਬ੍ਰਾਹਮਣੋਅਸਯ ਮੁਖਮਾਸੀਦ੍ਬਾਹੂ ਰਾਜਨ੍ਯ : ਕ੍ਰਤ :।
ਉਰੁਤਦਸਯ ਯਦ੍ਵੈਸ਼ਯ : ਪਦ੍ਭਯਾਂ ਸ਼ੂਦ੍ਰੋ ਅਜਾਯਤ ।।[34]

(ਬ੍ਰਾਹਮਣ ਉਸ ਦਾ ਮੁਖ ਹੈ, ਖੱਤਰੀ ਨੂੰ ਬਾਹਵਾਂ ਬਣਾਇਆ, ਉਸਦਾ ਜੋ ਉਰੁ-ਚੌੜਾ ਅਥਵਾ ਮੱਧ ਭਾਗ ਹੈ ਉਹ ਵੈਸ਼ ਹੋਇਆ ਅਤੇ ਪੈਰਾਂ ਤੋਂ ਸ਼ੂਦ੍ਰ ਉਤਪੰਨ ਹੋਇਆ।

ਬਹੁ-ਪ੍ਰਚੱਲਿਤ 'ਸ਼੍ਰੀ ਮਦ ਭਗਵਦ ਗੀਤਾ' ਇਸ ਧਰਮ-ਵਿਵਸਥਾ ਨੂੰ ਨਕਾਰਨ ਤੋਂ ਅਸਮੱਰਥ ਦਿੱਸਦੀ ਹੈ ਅਤੇ 'ਰਾਮ ਚਰਿਤ ਮਾਨਸ' ਤਕ ਇਸ ਦਾ ਨਿਰਬਾਧ ਪਾਸਾਰ ਹੈ। 'ਮਨੂ ਸਿਮ੍ਰਤੀ' ਦਾ ਵਿਵਹਾਰ ਨਿਮਾਣੇ ਦਲਿਤਾਂ ਪ੍ਰਤੀ ਅਮਾਨਵੀ ਹੈ।[35] ਭਾਰਤ ਵਿਚ ਉਪਜੀਆਂ ਅਵੈਦਿਕ ਪਰੰਪਰਾਵਾਂ ਇਸ ਧਰਮ-ਵਿਧਾਨ ਦਾ ਸਖ਼ਤ ਵਿਰੋਧ ਕਰਦੀਆਂ ਰਹੀਆਂ ਹਨ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਸਿੱਧਾਂ, ਬੁੱਧਾਂ, ਨਾਥਾਂ

ਅਤੇ ਯੋਗੀਆਂ ਨੇ ਆਪਣੇ-ਆਪਣੇ ਸਮੇਂ ਇਸ ਜਾਤਿ-ਵੰਡ ਦਾ ਵਿਰੋਧ ਕੀਤਾ, ਪਰ ਇਨ੍ਹਾਂ ਧਾਰਮਿਕ ਲਹਿਰਾਂ ਦੇ ਤਿਆਗਵਾਦੀ ਝੁਕਾਅ ਕਾਰਣ ਉਹ ਜਾਤਿ-ਵੰਡ ਵਿਰੁੱਧ ਨਿਰੰਤਰ ਸੰਘਰਸ਼ ਕਰਨ ਵਾਲੇ ਜੁਝਾਰੂ ਵੀਰਾਂ ਦੀ ਜਮਾਤ ਨਹੀਂ ਖੜੀ ਕਰ ਸਕੇ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੀਆਂ ਸਭ ਸਫਲਤਾਵਾਂ ਨੂੰ ਵਰਣ-ਸਮਰਥਕ ਸਨਾਤਨੀ ਮਤ ਮੌਕਾ ਮਿਲਦਿਆਂ ਹੀ ਨਾਕਾਮੀਆਂ ਵਿਚ ਬਦਲ ਦਿੰਦਾ ਰਿਹਾ ਹੈ। ਉੱਤਰ ਭਾਰਤ ਵਿਚ ਭਗਤੀ ਲਹਿਰ ਦੇ ਸੰਸਥਾਪਕ ਰਾਮਾਨੰਦ ਜੀ ਸ਼ੁਰੂ ਵਿਚ ਇਸ ਵਿਵਸਥਾ ਦਾ ਅਨੁਸਰਣ ਕਰਦੇ ਸਨ, ਪਰ ਉਨ੍ਹਾਂ ਦਾ ਸ਼ਿਸ਼ ਕਬੀਰ ਉਨ੍ਹਾਂ ਨੂੰ ਇਸ ਭਰਮ ਵਿਚੋਂ ਉਸੇ ਤਰ੍ਹਾਂ ਬਾਹਰ ਕੱਢ ਲਿਆਇਆ, ਜਿਵੇਂ ਕਾਮਰੂਪ ਦੀਆਂ ਤਾਂਤ੍ਰਿਕ ਕੌਲ-ਜੋਗਨੀਆਂ ਦੇ ਜਾਦੂ-ਜੰਜਾਲ ਵਿਚੋਂ ਗੋਰਖ ਨਾਥ ਆਪਣੇ ਗੁਰੂ ਮਤਸਯੇਂਦਰ ਨਾਥ ਨੂੰ ਕੱਢ ਲਿਆਇਆ ਸੀ। ਕਬੀਰ, ਨਾਮਦੇਵ, ਰਵਿਦਾਸ ਆਦਿ ਮਹਾਂਪੁਰਖ ਜਾਤਿ-ਪਾਤਿ ਵਿਰੁਧ ਆਵਾਜ਼ ਤਾਂ ਉਠਾ ਸਕੇ, ਜਾਤਿ-ਮੁਕਤ ਸੁਤੰਤਰ ਸਮਾਜ ਸਿਰਜਿਤ ਨਹੀਂ ਕਰ ਸਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ-ਸ਼ਾਸਤ੍ਰ ਦੇ ਇਸ ਮਾਨਵ-ਵਿਰੋਧੀ ਝੁਕਾਅ ਨੂੰ ਸਰਵਥਾ ਅਨੁਚਿਤ ਦੱਸਦਿਆਂ ਸਭ ਵਾਸਤੇ ਇਕੋ ਜਿਹੇ ਧਰਮ-ਵਿਧਾਨ[36] ਅਤੇ ਧਰਮ ਵਿਚ ਇਕਸਮਾਨ ਰੁਤਬੇ ਦੀ ਕਲਪਨਾ ਹੀ ਨਹੀਂ ਸੀ ਕੀਤੀ, ਸਗੋਂ ਇਸ ਵਿਚਾਰ ਨੂੰ ਸਦੀਵੀ ਗਤਿਮਾਨ ਰੱਖਣ ਵਾਲੇ ਇਕ ਨਿਵੇਕਲੇ ਸਮਾਜ ਨੂੰ ਆਪਣੇ ਸੁਦ੍ਰਿੜ੍ਹ ਪੈਰਾਂ ਤੇ ਖੜੋਣ ਜੋਗਾ ਵੀ ਕਰ ਦਿੱਤਾ ਸੀ। ਸਭ ਵਿਚ ਰੱਬੀ ਜੋਤਿ ਦੀ ਵਿਦਮਾਨਤਾ ਦੇ ਪਵਿੱਤਰ ਆਦਰਸ਼ ਨੂੰ ਸਮਾਜ ਵਿਚ ਸਜੀਵ ਕਰਦਿਆਂ ਉਨ੍ਹਾਂ ਐਲਾਨ ਕਰ ਦਿੱਤਾ ਕਿ ਉਹ ਅਤੇ ਉਨ੍ਹਾਂ ਦੇ ਸਿੱਖ ਉਤਮ, ਨੀਚ ਜਾਂ ਮੱਧ ਵਰਗ ਦੀਆਂ ਸਾਰੀਆਂ ਸੀਮਾਵਾਂ ਦਾ ਦ੍ਰਿੜ੍ਹਤਾ ਸਹਿਤ ਉਲੰਘਣ ਕਰਨ ਵਾਲੇ ਹਨ[37] । ਉਹ ਨਿਤਾਣੇ ਲੋਕ ਜੋ ਰੱਬ ਸੰਬੰਧੀ ਗੱਲਾਂ ਕਰਨ ਤੋਂ ਵੰਚਿਤ ਕੀਤੇ ਗਏ ਸਨ, ਗੁਰੂ ਨਾਨਕ ਨੇ ਰੱਬੀ ਬਖ਼ਸ਼ਿਸ਼ ਦੀ ਪ੍ਰਾਪਤੀ ਦਾ ਮਾਧਿਅਮ ਬਣਾ ਦਿੱਤੇ[38]। ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਉਹ ਧਰਮ ਪ੍ਰਚਾਰ ਦੀ ਸ਼ੁਰੂਆਤ ਕਰਦਿਆਂ ਹੀ ਸਰਵ-ਪ੍ਰਥਮ ਸਯਦਪੁਰ ਦੇ ਸ਼ੂਦ੍ਰ ਭਾਈ ਲਾਲੋ ਦੇ ਘਰ ਗਏ। ਘਰ ਹੀ ਨਹੀਂ ਗਏ ਸਗੋਂ ਖਾਣ-ਪੀਣ ਦੀ ਇਕ ਅਜਿਹੀ ਸਾਂਝ ਪਾਈ ਕਿ ਭਾਈ ਲਾਲੋ ਦਾ ਪ੍ਰਸੰਗ ਹੀ ਉਸਦੇ ਭੋਜਨ ਦੀ ਪਵਿੱਤ੍ਰਤਾ ਦੇ ਦੁਆਲੇ ਘੁੰਮ ਰਿਹਾ ਹੈ ਅਤੇ ਉਸ ਦੇ ਮੁਕਾਬਲੇ ਤੇ ਉੱਚ-ਵਰਗ ਦੇ ਭੋਜ ਵਿਚ ਮਨੁੱਖਾਂ-ਰਕਤ ਦੀ ਦੁਰਗੰਧਮਈ ਅਪਵਿੱਤ੍ਰਤਾ ਵੀ ਦਰਸਾ ਰਿਹਾ ਹੈ। ਉਨ੍ਹਾਂ ਨਾਲ ਜੀਵਨ ਭਰ ਸੰਗ ਨਿਭਾਣ ਵਾਲਾ ਮਰਦਾਨਾ ਸਮਾਜ ਦੇ ਤ੍ਰਿਸਕ੍ਰਿਤ ਨਿਮਨਕੋਟੀ ਵਿਅਕਤੀਆਂ ਵਿਚੋਂ ਹੀ ਸੀ।

ਗੁਰੂ ਨਾਨਕ ਦੇਵ ਜੀ ਦੁਆਰਾ ਰਾਵੀ ਕਿਨਾਰੇ ਵਸਾਇਆ ਗਿਆ 'ਕਰਤਾਰਪੁਰ' ਸਾਰੀ ਮਾਨਵ ਜਾਤਿ ਨੂੰ ਇਕ ਕਰਤਾਰ ਦੀ ਰਚਨਾ ਦਰਸਾਣ ਵਾਸਤੇ ਹੀ ਤਾਂ ਸਥਾਪਿਤ ਕੀਤਾ ਗਿਆ ਸੀ। ਪਰਾਏ ਹੱਕ ਤੇ ਪਲਣ ਵਾਲੇ ਸਮਾਜ ਦਾ ਬੋਝ ਵਿਹਲੜ ਵਿਅਕਤੀ ਰੱਬੀ ਨੂਰ ਦੀ ਸਰਵ-ਵਿਆਪਕਤਾ ਨਹੀਂ ਪਹਿਚਾਨ ਸਕਦੇ। 'ਕਰਤਾਰਪੁਰ' ਦੀ ਕਿਰਸਾਨੀ-ਕਰਣੀ ਕਿਰਤ ਅਤੇ ਕਿਰਤੀ ਨੂੰ ਸਨਮਾਨ ਦੀ ਬਹਾਲੀ ਦਾ ਸੰਦੇਸ਼ ਦਿੰਦੀ ਹੈ। ਗੁਰੂ ਨਾਨਕ ਸਾਹਿਬ ਦੇ ਪਿਤਾ ਚੰਗੇ ਵੱਸਦੇ-ਰਸਦੇ ਪਰਿਵਾਰ ਵਿਚੋਂ ਸਨ ਅਤੇ ਉਨ੍ਹਾਂ ਕੋਲ ਤਲਵੰਡੀ ਰਾਏ ਭੋਏ ਵਿਖੇ ਠੀਕ ਮਾਤ੍ਰਾ ਵਿਚ ਜ਼ਮੀਨ ਹੋਵੇਗੀ। ਇਹ ਗੱਲ ਮਹੱਤਵਪੂਰਣ ਹੈ ਕਿ ਗੁਰੂ ਜੀ ਖੇਤੀ ਕਰਨ ਵਾਸਤੇ ਇਸ ਪਿਤਾ-ਪੁਰਖੀ ਜ਼ਮੀਨ ਨੂੰ ਨਹੀਂ ਚੁਣਦੇ, ਕਿਉਂਜੁ ਉਥੇ ਉਨ੍ਹਾਂ ਦੀ ਹੈਸੀਅਤ ਜ਼ਿਮੀਂਦਾਰ ਵਾਲੀ ਹੋਣੀ ਸੀ ਅਤੇ ਉਨ੍ਹਾਂ ਦੀ ਅਭਿਲਾਸ਼ਾ ਜ਼ਿਮੀਂਦਾਰ ਹੋਣ ਦੀ ਨਹੀਂ ਸੀ, ਸਗੋਂ ਉਹ ਕਿਰਸਾਨ ਹੋ ਕੇ ਸੁੱਚੀ ਕਿਰਤ ਦੀ ਕਦਰ ਦਾ ਸੰਦੇਸ਼ ਦੇਣਾ ਚਾਹੁੰਦੇ ਸਨ। ਉਹ ਜਦੋਂ ਲਹਿਣੇ ਨੂੰ ਗੰਦੀ ਨਾਲੀ ਵਿਚ ਹੱਥ ਪਾਣ ਜਾਂ ਮਰੀ ਹੋਈ ਚੂਹੀ ਬਾਹਰ ਸੁੱਟਣ ਲਈ ਕਹਿੰਦੇ ਹਨ ਤਾਂ ਵਾਸਤਵ ਵਿਚ ਉਹ ਸਿਰਫ਼ ਲਹਿਣੇ ਦਾ ਗੁਰ-ਵਿਸ਼ਵਾਸ ਹੀ ਨਹੀਂ ਪਰਖ ਰਹੇ, ਸਗੋਂ ਉਹ ਦੇਖ ਰਹੇ ਹਨ ਕਿ ਲਹਿਣੇ ਦਾ ਮਨ ਕਿਸੇ ਕਿਰਤ ਪ੍ਰਤੀ ਘ੍ਰਿਣਾ ਤਾਂ ਨਹੀਂ ਰੱਖਦਾ, ਕਿਉਂਕਿ ਕਿਰਤ ਪ੍ਰਤੀ ਅਨਾਦਰ ਹੀ ਕਿਰਤੀ ਪ੍ਰਤੀ ਅਨੁਚਿਤ ਵਿਵਹਾਰ ਦਾ ਮੂਲ ਕਾਰਣ ਹੈ ਅਤੇ ਇਹ ਵਿਡੰਬਨਾ ਹੈ ਕਿ ਭਾਰਤ ਵਿਚ ਕਿਰਤੀ ਨੂੰ ਹੀ ਸ਼ੂਦਰ ਦਾ ਨੀਵਾਂ ਦਰਜਾ ਮਿਲਿਆ। ਗੁਰੂ ਮਹਾਰਾਜ ਨੇ ਆਪਣੇ ਜੀਵਨ ਵਿਚ ਅਜਿਹੇ ਸਮਾਜ ਦੀ ਨੀਂਹ ਰੱਖੀ ਜੋ ਸਹਿਜੇ ਹੀ ਵਿਕਾਸ ਕਰਦਿਆਂ ਇਸ ਅਵਸਥਾ ਨੂੰ ਪਾ ਸਕਿਆ ਕਿ ਵਿਭਿੰਨ ਜਾਤੀਆਂ ਦੇ ਹਜ਼ਾਰਾਂ ਸਾਲਾਂ ਤੋਂ ਨਿਖੇੜੇ ਲੋਕ ਇਤਨੀ ਸਾਂਝੀਵਾਲਤਾ ਦੇ ਵਿਸ਼ਵਾਸੀ ਬਣ ਗਏ ਕਿ ਇਕੋ ਬਰਤਨ ਵਿਚੋਂ ਮੂੰਹ ਲਗਾ ਕੇ ਛਕਣ ਨੂੰ ਅੰਮ੍ਰਿਤ ਛਕਣਾ ਕਹਿਣ ਲੱਗ ਪਏ। ਇਕੋ ਬਾਟੇ ਨੂੰ ਮੂੰਹ ਲਾਏ ਬਿਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਨਹੀਂ ਛਕਿਆ ਜਾ ਸਕਦਾ। ਪਹਾੜੀ ਰਾਜੇ ਗੁਰੂ ਦੇ ਪੰਥ ਵਿਚ ਆਉਣ ਲਈ ਤਾਂ ਤਿਆਰ ਸਨ, ਪਰ ਉਹ

ਇਕੋ ਬਾਟੇ ਨੂੰ ਮੂੰਹ ਲਾਣ ਲਈ ਤਿਆਰ ਨਹੀਂ ਸਨ। ਉਹਨਾਂ ਲਈ ਜਾਤਿ-ਅਭਿਮਾਨ ਤਿਆਗਣਾ ਅਸੰਭਵ ਸੀ ਅਤੇ ਗੁਰੂ ਸਾਹਿਬ ਦਾ ਪ੍ਰਯੋਜਨ ਹੀ 'ਨੀਚਹੁ ਊਚ ਕਰਨ' ਦਾ ਸੀ, ਇਸ ਕਰਕੇ ਉਹ ਅੰਮ੍ਰਿਤਮਈ ਸਮਾਜ ਦਾ ਅੰਗ ਬਣਨ ਦੀ ਪਾਤਰਤਾ ਹੀ ਨਹੀਂ ਰੱਖਦੇ ਸਨ। ਗੁਰੂ ਸਾਹਿਬ ਨੇ ਰਾਜਿਆਂ ਨੂੰ ਛੱਡ ਕੇ 'ਰੰਘਰੇਟੇ ਗੁਰੂ ਕੇ ਬੇਟੇ' ਕਹਿੰਦਿਆਂ ਨੀਵੇਂ ਕਹੇ ਜਾਂਦੇ ਲੋਕਾਂ ਦੀ ਕੇਵਲ ਬਾਂਹ ਫੜ੍ਹਨ ਦਾ ਨਹੀਂ ਸਗੋਂ ਉਨ੍ਹਾਂ ਨੂੰ ਨਿਸ਼ਚਿਤ ਤੌਰ ਤੇ ਸਿਰਦਾਰੀ ਦੇਣ ਦਾ ਸਪਸ਼ਟ ਐਲਾਨ ਕਰਦਿਆਂ ਆਖਿਆ :

ਸੱਤ ਸਨਾਤਿ ਔ ਬਾਰਹ ਜਾਤ। ਜਾਨ ਨਹਿ ਰਾਜਨੀਤ ਕੀ ਬਾਤ।
ਜਟੱ ਬੂਟ ਕਹਿ ਜਿੰਹ ਜਗ ਮਾਂਹੀਂ। ਬਾਣੀਏ ਬਕਾਲ ਕਿਰਾੜ ਖੱਤ੍ਰੀ ਸਦਾਈਂ।
ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ। ਛੀਪੇਂ ਕਲਾਲ ਨੀਚਨ ਪੈ ਕ੍ਰਿਪਾ ਕੀਨੀ।
ਗੁੱਜਰ ਗੁਆਰ (ਅ) ਹੀਰ ਕਮਜਾਤ। ਕੰਬੋਇ ਸੂਦਨ ਕੋਇ ਪੁਛੈ ਨ ਬਾਤ।
ਝੀਵਰ ਨਾਈ ਰੋੜੇ ਘੁਮਿਆਰ। ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ।
ਭੱਟ ਔ ਬਾਹਮਣ ਹੁਤੇ ਮੰਗਵਾਰ। ਬਹੁਰੂਪੀਏ ਲੁਬਾਣੇ ਔ ਘੁਮਿਆਰ।
ਇਨ ਗਰੀਬ ਸਿੰਘਨ ਕੌ ਦਯੈ ਪਤਿਸ਼ਾਹੀ। ਏ ਯਾਦ ਰਖੈਂ ਹਮਰੀ ਗੁਰਿਆਈ।[39]

ਦਰਅਸਲ ਭਾਰਤੀ ਜੀਵਨ ਦੇ ਸਾਰੇ ਅੰਮ੍ਰਿਤ-ਗੁਣ ਪੂਜਾਰੀ ਦੀ ਵਰਣ-ਵੰਡ ਨੇ ਲੁੱਟ ਲਏ ਸਨ ਅਤੇ ਜਾਤਿ-ਭੇਦ ਦੇ ਆਧਾਰ ਤੇ ਇਕ ਦੂਜੇ ਪ੍ਰਤੀ ਨਫ਼ਰਤ ਦਾ ਜ਼ਹਿਰ ਲੋਕਾਂ ਦੇ ਜੀਵਨ ਵਿਚ ਭਰ ਦਿੱਤਾ ਸੀ। ਜਦੋਂ ਗੁਰੂ ਨੇ ਇਹਨਾਂ ਨਫ਼ਰਤ ਦੀਆਂ ਦੀਵਾਰਾਂ ਨੂੰ ਤੋੜਨ ਵਾਲੇ 'ਖਾਲਸਾ' ਸਮਾਜ ਦੀ ਸਿਰਜਨਾ ਕਰ ਲਈ ਤਾਂ ਸਮਾਜਿਕ ਜੀਵਨ ਆਪ-ਮੁਹਾਰੇ ਅੰਮ੍ਰਿਤਮਈ ਹੋ ਗਿਆ ਅਤੇ ਫਿਰ ਇਸ ਜਾਤਿ-ਮੁਕਤ ਅੰਮ੍ਰਿਤਮਈ ਸਮਾਜ ਨੇ ਮਾਨਵੀ-ਜੀਵਨ ਦਾ ਅੰਮ੍ਰਿਤ ਲੁੱਟਣ ਵਾਲੀ ਵਰਗ-ਭੇਦ ਦੀ ਸਮਰਥਕ ਹਰ ਜ਼ਹਿਰ-ਜਮਾਤ ਦੇ ਵਿਰੁਧ ਸੰਘਰਸ਼ ਦਾ ਐਲਾਨ ਕਰ ਦਿੱਤਾ। 'ਖਾਲਸਾ' ਸਾਜਨਾ ਦੀ ਤੀਜੀ ਸ਼ਤਾਬਦੀ ਦੇ ਮੌਕੇ ਤੇ ਸਰਬੱਤ ਗੁਰੂ ਪਿਆਰਿਆਂ ਨੂੰ ਆਤਮ-ਮੰਥਨ ਕਰਨਾ ਚਾਹੀਦਾ ਹੈ ਕਿ ਗੁਰੂ ਦਾ ਪੰਥ ਭਾਰਤੀ ਸਮਾਜ ਵਿਚ ਵਰਣ-ਵੰਡ ਵਿਰੁਧ ਸੰਘਰਸ਼ ਕਰਨ ਵਾਲੀ ਸਭ ਤੋਂ ਤਕੜੀ ਜਮਾਤ ਦੇ ਰੂਪ ਵਿਚ ਤਾਂ ਵਿਦਿਤ ਹੈ, ਪਰ ਗੁਰੂ-ਕਾਲ ਪਿੱਛੋਂ ਉਹ ਬਹੁਤਾ ਚਿਰ ਵਰਣ-ਭੇਦ-ਪੀੜਿਤ ਲੋਕਾਂ ਨੂੰ ਸਿੱਖ ਧਰਮ ਵੱਲ ਖਿੱਚਣ ਵਿਚ ਅਸਫ਼ਲ ਕਿਉਂ ਰਿਹਾ ਹੈ ?

3. ਕੁਦਰਤੀ ਨਿਯਮਾਂ ਜਾਂ ਅਗਿਆਤ ਸਮੇਂ ਤੋਂ ਪੁਰਸ਼ ਦੇ ਸਵਾਰਥਮਈ ਪ੍ਰਭੁਤਵ ਕਾਰਣ ਇਸਤ੍ਰੀ ਸਾਰੀਰਿਕ ਸਮਰੱਥਾ ਵਿਚ ਪੁਰਖ ਨਾਲੋਂ ਦੁਰਬਲ ਰਹੀ ਹੈ ਅਤੇ ਉਸ ਦੀ ਇਸ ਕਮਜ਼ੋਰੀ ਦਾ ਪੁਰਖ ਸਮਾਜ ਨੇ ਅਨੁਚਿਤ ਲਾਭ ਉਠਾ ਕੇ ਉਸ ਦੀ ਸਥਿਤੀ ਨੂੰ ਸਦੀਆਂ ਤਕ ਨਰਕਮਈ ਬਣਾਈ ਰੱਖਿਆ ਹੈ। ਭਾਵੇਂ ਇਸਤ੍ਰੀ ਦੀ ਸਥਿਤੀ ਪੂਰੇ ਵਿਸ਼ਵ ਵਿਚ ਹੀ ਕਿਸੇ ਨਾ ਕਿਸੇ ਸਮੇਂ ਖ਼ਰਾਬ ਰਹੀ ਹੈ, ਪਰ ਹਿੰਦੁਸਤਾਨ ਜਿਹੇ ਵਰਗ-ਭੇਦ ਦੀਆਂ ਪ੍ਰਬਲ ਰੁਚੀਆਂ ਵਾਲੇ ਦੇਸ਼ਾਂ ਵਿਚ ਉਸ ਦੀ ਹਾਲਤ ਹੋਰ ਵੀ ਮੰਦੀ ਰਹਿਣੀ ਕੁਦਰਤੀ ਗੱਲ ਹੈ, ਕਿਉਂ ਜੁ ਵਿਸ਼ਵ ਦੇ ਇਸ ਖਿੱਤੇ ਵਿਚ ਤਿਆਗਵਾਦ ਅਤੇ ਪੁਜਾਰੀਵਾਦ ਦਾ ਬੋਲਬਾਲਾ ਰਿਹਾ ਹੈ ਅਤੇ ਇਨ੍ਹਾਂ ਦੋਹਾਂ ਧਿਰਾਂ ਦੀ ਪ੍ਰਧਾਨਤਾ ਇਸਤ੍ਰੀ ਦੇ ਹਿਤਾਂ ਦੀ ਸੁਰੱਖਿਅਤਾ ਦੇ ਵਿਰੁੱਧ ਹੈ। ਤਾਨਾਸ਼ਾਹੀ ਵਿਵਸਥਾ ਪੁਜਾਰੀਵਾਦ ਦੇ ਪਨਪਨ ਲਈ ਉਚਿਤ ਹੁੰਦੀ ਹੈ ਅਤੇ ਕਮਜ਼ੋਰ ਵਰਗਾਂ ਦੇ ਉਥਾਨ ਦੀ ਮਾਨਵਵਾਦੀ ਸੋਚ ਲਈ ਜਨਤਾਂਤ੍ਰਿਕ ਵਿਵਸਥਾ ਹੀ ਉਚਿਤ ਵਾਤਾਵਰਣ ਨਿਰਮਿਤ ਕਰ ਸਕਦੀ ਹੈ। ਭਾਰਤ ਵਿਚ ਸਨਾਤਨੀ ਪੁਜਾਰੀਵਾਦ ਦੇ ਪ੍ਰਭਾਵ ਕਰਕੇ ਪੁਰਖ ਨੇ ਇਸਤ੍ਰੀ ਨਾਲ ਉਪਭੋਗ ਦੀਆਂ ਵਸਤੂਆਂ ਨਾਲੋਂ ਵੀ ਬੁਰਾ ਵਿਵਹਾਰ ਕੀਤਾ। ਇਥੋਂ ਦੇ ਸਾਹਿਤਿਕ ਅਤੇ ਧਾਰਮਿਕ ਗ੍ਰੰਥਾਂ ਵਿਚ ਉਸ ਲਈ ਨਿਰਾਦਰੀ ਅਤੇ ਅਪਮਾਨ ਭਰੀਆਂ ਲਿਖਤਾਂ ਅੰਕਿਤ ਕਰ ਕੇ ਉਸਦੀ ਦੁਰਦਸ਼ਾ ਨੂੰ ਧਾਰਮਿਕ ਆਧਾਰ ਪ੍ਰਦਾਨ ਕੀਤਾ ਗਿਆ[40]। ਉਸ ਨੂੰ ਦੇਵਦਾਸੀ ਬਣਾ ਕੇ ਬੁਰੇ ਕੰਮਾਂ ਵਿਚ ਪਰਿਵਰਤ ਕਰਨ ਅਤੇ ਜਿਊਂਦਿਆਂ ਸਾੜ ਕੇ ਸਤੀ ਦਾ ਝੂਠਾ ਪਾਖੰਡਮਈ ਗੌਰਵ ਪ੍ਰਦਾਨ ਕਰਨ ਤੇ ਵੀ ਪੁਰਖ ਨੂੰ ਜੇ ਸੰਤੁਸ਼ਟੀ ਨਾ ਮਿਲਦੀ ਤਾਂ ਉਸ ਦੀ ਜੰਮਦਿਆਂ ਹੀ ਹੱਤਿਆ ਕਰਕੇ ਸਮਾਜਿਕ ਪ੍ਰਤਿਸ਼ਠਾ ਪ੍ਰਾਪਤੀ ਦੀ ਪੱਕੀ ਵਿਵਸਥਾ ਕਰ ਲਈ ਜਾਂਦੀ। ਵਿਦੇਸ਼ੀ ਹਮਲਾਵਰਾਂ ਵਾਸਤੇ ਉਹ ਲੁੱਟ ਦਾ ਮਾਲ ਸੀ, ਜਿਸ ਨਾਲ ਸਰੀਰਿਕ ਹਵਸ ਦੀ ਤ੍ਰਿਪਤੀ ਕਰਨ ਤੋਂ ਇਲਾਵਾ ਉਸ ਨੂੰ ਬੇਜ਼ੁਬਾਨ ਪਸ਼ੂਆਂ ਵਾਂਗ ਵੇਚ ਕੇ ਗੁਲਾਮਾਂ ਵਾਲੀ ਜ਼ਿੰਦਗੀ ਜੀਣ ਲਈ ਮਜ਼ਬੂਰ ਕੀਤਾ ਜਾਂਦਾ। ਸਮਾਜ ਦੇ ਇਸ ਅੱਧੇ ਮਹੱਤਵਪੂਰਣ ਅੰਗ ਦੀ ਬੁਰੇ ਦਿਨਾਂ ਵਿਚ ਪੁਰਖ-ਨਿਰਭਰਤਾ ਰੂਪ ਗੁਲਾਮੀ ਦੇ

ਚਿੰਨ੍ਹ ਨੂੰ ਅੱਜ ਵੀ ਭਾਰਤ ਦੇ ਅਗਾਂਹਵਧੂ ਲੋਕ ਰੱਖੜੀ ਦੀ ਸ਼ਕਲ ਵਿਚ ਗੁਟਾਂ ਤੇ ਸਜਾਣ ਵਿਚ ਮਾਨ ਹੀ ਮਹਿਸੂਸ ਨਹੀਂ ਕਰਦੇ, ਸਗੋਂ ਸੰਚਾਰ ਮਾਧਿਅਮਾਂ ਰਾਹੀਂ ਪ੍ਰਚਾਰਿਤ ਕਰਨ ਵਿਚ ਰਤਾ ਭਰ ਵੀ ਸ਼ਰਮ ਮਹਿਸੂਸ ਨਹੀਂ ਕਰਦੇ। ਮੇਰੀ ਮਾਨਤਾ ਹੈ ਕਿ ਰੱਖੜੀ ਇਸਤ੍ਰੀ ਵਾਸਤੇ ਪੁਰਖ-ਨਿਰਭਰਤਾ ਜਾਂ ਪੁਰਖ ਦੀ ਗੁਲਾਮੀ ਦਾ ਪ੍ਰਤੀਕ ਹੈ। ਭੈਣ-ਭਰਾ ਦੇ ਪਿਆਰ ਦੀ ਰੰਗਤ ਕੇਵਲ ਝੂਠ ਅਤੇ ਪਾਖੰਡ ਹੈ। ਸਿੱਖ ਧਰਮ ਤੋਂ ਪਹਿਲਾਂ ਵਿਸ਼ਵ ਦੇ ਵੱਡੇ ਧਰਮਾਂ ਨੇ ਇਸਤ੍ਰੀ ਦੀ ਸਥਿਤੀ ਸੁਧਾਰਨ ਲਈ ਯਤਨ ਤਾਂ ਕੀਤੇ, ਪਰ ਅਸਲੀਅਤ ਵਿਚ ਬੁਰਕੇ ਪਿਛੇ ਛਿਪੀ ਉਸ ਦੀ ਸਮੁੱਚੀ ਸਮਰੱਥਾ ਨੂੰ ਕੇਵਲ ਸਿੱਖ ਧਰਮ ਨੇ ਹੀ ਪ੍ਰਗਟ ਕੀਤਾ। ਉਹ ਧਾਰਮਿਕ ਰਹੁਰੀਤਾਂ ਤੋਂ ਵੰਚਿਤ ਸੀ ਜਾਂ ਫਿਰ ਪੁਰਖ ਨਾਲੋਂ ਅੱਧੀ ਹੈਸੀਅਤ ਤਕ ਸੀਮਿਤ ਸੀ। ਹਾਂ ਵੇਚਾਰੀ ਕਹਿ ਕੇ ਅੱਥਰੂ ਪੂੰਝਣ ਨਾਲ ਜੇ ਜੱਸ ਮਿਲਦਾ ਹੋਵੇ ਤਾਂ ਉਹ ਪ੍ਰਾਪਤ ਕਰ ਲੈਣ ਵਿਚ ਕਿਸੇ ਦਾ ਕੋਈ ਨੁਕਸਾਨ ਨਹੀਂ ਸੀ, ਕਿਉਂਜੁ ਹਿਙ ਫਟਕੜੀ ਲੱਗੇ ਬਿਨਾਂ ਜੇ ਰੰਗ ਚੋਖਾ ਆ ਜਾਵੇ ਤਾਂ ਕਿਸ ਨੂੰ ਅਣਸੁਖਾਵਾਂ ਲੱਗੇਗਾ ?

ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਕਬੀਰ ਬਾਣੀ ਰਾਹੀਂ ਐਲਾਨ ਕਰ ਦਿੱਤਾ ਕਿ ਜੋ ਧਰਮ ਇਸਤ੍ਰੀ ਦੇ ਅਧਿਕਾਰਾਂ ਦਾ ਹਨਨ ਕਰਦਾ ਹੋਵੇ ਉਸ ਨੂੰ ਧਾਰਨ ਕਰਨ ਦੀ ਕੋਈ ਉਚਿਤਤਾ ਨਹੀਂ।[41] ਸੰਪੂਰਣ ਮਾਨਵੀ-ਬਰਾਬਰੀ ਬਿਨਾ ਧਰਮ ਦੇ ਪ੍ਰਯੋਜਨ ਮੁਕਤ-ਸਮਾਜ ਸਿਰਜਨ ਲਈ ਅਧੂਰੇ ਹਨ ਅਤੇ ਹਰ ਅਧੂਰੇਪਨ ਨੂੰ ਹਟਾਣਾ ਹੀ ਪੂਰੇ ਗੁਰੂ ਦਾ ਅੰਤਿਮ-ਲਕਸ਼ ਹੈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੇ ਸਮੁਚਿਤ-ਉਥਾਨ ਦਾ ਕਾਰਜ ਆਰੰਭਿਆ ਤਾਂ ਉਨ੍ਹਾਂ ਕਿਸੇ ਵਰਗ-ਵਿਸ਼ੇਸ਼ ਨਾਲ ਸੰਬੰਧਿਤ ਇਸਤ੍ਰੀ ਦੀ ਹੀ ਸਥਿਤੀ ਸੁਧਾਰਨ ਦਾ ਯਤਨ ਨਹੀਂ ਕੀਤਾ, ਸਗੋਂ ਜਦੋਂ ਉਹ ਸੱਯਦਪੁਰ ਵਿਚ -ਬਾਬਰ ਦੇ ਸੈਨਿਕਾਂ ਹੱਥੋਂ ਹੋਏ ਕਤਲੇਆਮ ਦੀ ਗੱਲ ਕਰਦਿਆਂ ਇਸਤ੍ਰੀ ਦੀ ਸਥਿਤੀ ਦਾ ਵਰਣਨ ਕਰਦੇ ਹਨ ਤਾਂ ਉਹ ਹਿੰਦੂ, ਮੁਸਲਮਾਨ, ਭੱਟੀ ਅਤੇ ਠਾਕੁਰ ਭਾਵ ਸਭ ਵਰਗਾਂ ਦੀਆਂ ਇਸਤ੍ਰੀਆਂ ਦੀ ਬੇਪੱਤੀ ਤੇ ਅਫਸੋਸ ਪ੍ਰਗਟ ਕਰਦੇ ਹਨ[42]। ਇਹ ਦੁਹਰਾਉਣ ਦੀ ਲੋੜ ਨਹੀਂ ਕਿ ਗੁਰੂ ਸਾਹਿਬ ਜੀ ਨੇ ਕਿਹਾ ਕਿ ਰਾਜਿਆਂ ਦੀ ਜਨਮ-ਦਾਤੀ ਇਸਤ੍ਰੀ ਨਾਲ ਭੇਦ-ਭਾਵ ਵਾਲਾ ਵਿਵਹਾਰ ਅਨੁਚਿਤ ਹੈ।

'ਸਿੰਹਲਦੀਪ' ਵਿਖੇ ਜਦੋਂ ਰਾਜੇ ਸ਼ਿਵਨਾਭ ਵੱਲੋਂ ਵੇਸ਼ਵਾ ਵ੍ਰਿਤੀ ਵਿਚ ਲਿਪਾਇਮਾਨ ਸੁੰਦਰੀਆਂ ਗੁਰੂ ਨਾਨਕ ਸਾਹਿਬ ਦੀ ਚਾਰਿਤ੍ਰਿਕ ਪਰਖ ਲਈ ਉਨ੍ਹਾਂ ਪਾਸ ਭੇਜੀਆਂ ਗਈਆਂ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪਿਆਰ ਸਹਿਤ 'ਪੁਤ੍ਰੀਆਂ' ਕਹਿ ਕੇ ਇਸਤ੍ਰੀ ਸਤਿਕਾਰ ਨੂੰ ਨਵੀਨ ਬੁਲੰਦੀਆਂ ਪ੍ਰਦਾਨ ਕੀਤੀਆਂ। ਉਸ ਘਟਨਾ ਨਾਲ ਸੰਬੰਧਿਤ 'ਸ਼ਬਦ' ਵਿਚ ਗੁਰੂ ਜੀ ਨੇ ਵੇਸ਼ਵਾਵ੍ਰਿਤੀ ਲਈ ਸਮੁੱਚੀ ਸਮਾਜਿਕ ਵਿਵਸਥਾ ਨੂੰ ਜ਼ਿੰਮੇਵਾਰ ਠਹਿਰਾਂਦਿਆਂ ਦੱਸਿਆ ਹੈ ਕਿ ਅਨਿਯੰਤ੍ਰਿਤ ਆਸ਼ਾਵਾਂ ਕਾਰਨ ਮਨੁੱਖ ਕਊਏ ਵਾਂਗ ਹਰ ਬਰਤਨ ਵਿਚ ਚੁੰਝ ਮਾਰਨ ਦੀ ਭਟਕਣਾ ਵਿਚ ਹੈ ਅਤੇ ਧਨ ਦਾ ਲਾਲਚ ਜਾਂ ਆਰਥਿਕ ਮਜ਼ਬੂਰੀਆਂ ਇਸਤ੍ਰੀ ਨੂੰ ਵੇਸ਼ਵਾਵ੍ਰਿਤੀ ਦੀ ਦਯਨੀਯ ਸਥਿਤੀ ਵਿਚ ਪਹੁੰਚਾ ਦਿੰਦੀਆਂ ਹਨ। ਅਜਿਹੀ ਵਿਕ੍ਰਿਤ ਸਥਿਤੀ ਵਿਚੋਂ ਕੱਢਣ ਲਈ ਉਸ ਨੂੰ ਸਮਾਜ ਵੱਲੋਂ ਉਹੋ ਜਿਹੇ ਸਹਾਨੁਭੂਤੀ ਭਰੇ ਵਿਵਹਾਰ ਦੀ ਲੋੜ ਹੈ, ਜਿਹੋ ਜਿਹਾ ਵਿਵਹਾਰ ਅਸੀਂ ਸਾਰੇ ਆਪਣੀਆਂ ਪੁੱਤਰੀਆਂ ਪ੍ਰਤੀ ਚਾਹੁੰਦੇ ਹਾਂ[43]। ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਗੁਰੂ-ਮੁਖ ਤੋਂ ਸਤਿਕਾਰ ਨਾਲ ਨਿਕਲੇ 'ਪੁੱਤਰੀ' ਸ਼ਬਦ ਨੇ ਉਨ੍ਹਾਂ ਸੁੰਦਰੀਆਂ ਨੂੰ ਸਮਾਜ ਦੀਆਂ ਬੀਬੀਆਂ ਪੁੱਤਰੀਆਂ ਬਣਾ ਦਿੱਤਾ ਸੀ।

ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੀ ਸਥਿਤੀ ਸੁਧਾਰਨ ਹਿਤ ਜੋ ਵਿਚਾਰਧਾਰਾ ਦਿੱਤੀ, ਉਸੇ ਦਾ ਅਨੁਸਰਣ ਕਰਦਿਆਂ ਬਾਕੀ ਗੁਰੂ ਪਾਤਸ਼ਾਹਾਂ, ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਜੀ ਨੇ ਪੁਰਾਣੀ ਵਿਵਸਥਾ ਨੂੰ ਕ੍ਰਾਂਤੀਕਾਰੀ ਪਰਿਵਰਤਨਾਂ ਰਾਹੀਂ ਨਿਸ਼ਕ੍ਰਿਯ ਕਰ ਦਿੱਤਾ। ਦਸਮ ਗੁਰੂ ਦੇ ਖਾਲਸਾ ਸਾਜਨ ਤਕ ਸਿੱਖ ਧਰਮ ਨੇ ਜਿੱਥੇ ਸਦੀਆਂ ਤੋਂ ਕੁਚਲੇ ਗਏ ਨਿਤਾਣੇ ਪੁਰਖਾਂ ਨੂੰ ਸ਼ੇਰ ਜਿਹਾ ਬਲਸ਼ਾਲੀ ਹੋਣ ਦਾ ਸਵੈਮਾਨ ਸੰਭਾਲਣ ਯੋਗ ਬਣਾ ਦਿੱਤਾ ਸੀ, ਉਥੇ ਇਸਤ੍ਰੀ ਨੂੰ ਰਾਜਸਤਾ ਨਾਲ ਜੁੜੇ ਸ਼ਬਦ 'ਕੌਰ' (ਕੁੰਵਰਿ) ਨਾਲ ਸੰਬੋਧਿਤ ਕਰਕੇ ਉਸ ਦੇ ਸਮਾਜਿਕ ਮਹੱਤਵ ਨੂੰ ਅਸੀਮ ਉਚਾਈਆਂ ਬਖ਼ਸ਼ਿਸ਼ ਕੀਤੀਆਂ। ਗੁਰੂ ਅਮਰਦਾਸ ਜੀ ਨੇ ਇਸਤ੍ਰੀਆਂ ਨੂੰ ਪੀੜ੍ਹੀਆਂ ਤੇ ਸੁਸ਼ੋਭਿਤ ਕਰ ਕੇ ਧਰਮ ਪ੍ਰਚਾਰਕ ਥਾਪਦਿਆਂ ਨਾ ਸਿਰਫ਼ ਇਸਤ੍ਰੀ ਦੇ ਗੌਰਵ ਦੀ ਬਹਾਲੀ ਲਈ ਪ੍ਰਯਤਨ ਕੀਤਾ, ਸਗੋਂ ਪੁਜਾਰੀਵਾਦ ਦੀਆਂ ਸਮਰਥਕ ਉਨ੍ਹਾਂ ਸਮੂਹ ਸ਼ਕਤੀਆਂ ਵਿਰੁੱਧ ਵਿਦਰੋਹ ਜਾਗ੍ਰਿਤ ਕੀਤਾ, ਜੋ ਉਸ ਸਮੇਂ ਇਸਤ੍ਰੀ ਦੀ ਆਜ਼ਾਦੀ ਨੂੰ ਕੁਚਲਣ ਲਈ ਕ੍ਰਿਯਾਸ਼ੀਲ ਸਨ ਜਾਂ ਭਵਿੱਖ ਵਿਚ ਸਕ੍ਰਿਯ ਹੋ ਸਕਦੀਆਂ ਹਨ। ਗੁਰੂ ਸਾਹਿਬ ਦੇ ਇਨ੍ਹਾਂ ਯਤਨਾਂ ਕਰਕੇ ਇਸਤ੍ਰੀ ਨੇ ਸਵੈਮਾਨ ਦੀ

ਉਸ ਸਥਿਤੀ ਨੂੰ ਪ੍ਰਾਪਤ ਕੀਤਾ ਕਿ ਉਹ ਸਿੱਖ ਪੁਰਸ਼ਾਂ ਦੇ ਯੁੱਧ-ਭੂਮੀ ਤਿਆਗਣ ਤੇ ਗੁਰੂ ਸਾਹਿਬ ਵਾਸਤੇ ਪੁਰਸ਼ਾਂ ਤੋਂ ਅੱਗੇ ਹੋ ਕੇ ਲੜਨ ਲਈ ਤਿਆਰ ਹੋ ਗਈ ਸੀ। ਗੁਰੂ ਪਾਤਸ਼ਾਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਸਮੁੱਚੇ ਸਮਾਜ ਦੇ ਸਾਮੂਹਿਕ ਰੂਪਾਂਤ੍ਰਣ ਲਈ ਇਸਤ੍ਰੀ ਦੀ ਸਥਿਤੀ ਵਿਚ ਕ੍ਰਾਂਤੀਕਾਰੀ ਪਰਿਵਰਤਨ ਦੀ ਪਰਮ ਆਵੱਸ਼ਕਤਾ ਹੈ।

4. ਸਿੱਖ ਧਰਮ ਆਪਣੇ ਉਦਗਮ ਤੋਂ ਹੀ ਲੋਕਵਾਦੀ ਲਹਿਰ ਹੈ, ਇਸ ਕਰਕੇ ਸਿੱਖ ਜਥੇਬੰਦੀ ਇਕ-ਪੁਰਖ਼ੀ ਰਾਜ ਦੇ ਹਿਮਾਇਤੀ ਤਾਨਾਸ਼ਾਹ ਸ਼ਾਸਕਾਂ ਲਈ ਸਦਾ ਹੀ ਇਕ ਖ਼ਤਰਨਾਕ ਸੰਗਠਨ ਰਿਹਾ ਹੈ। ਲੋਕਤੰਤ੍ਰ ਕੇਵਲ ਵੋਟਾਂ ਦੀ ਬਹੁਗਿਣਤੀ ਉਤੇ ਆਧਾਰਿਤ ਰਾਜਸੀ ਵਿਵਸਥਾ ਨੂੰ ਹੀ ਨਹੀਂ ਕਿਹਾ ਜਾਣਾ ਚਾਹੀਦਾ, ਕਿਉਂਕਿ ਭਾਰਤ ਜਿਹੇ ਦੇਸ਼ਾਂ ਵਿਚ ਜਿੱਥੇ 'ਪਰਜਾ ਅੰਧੀ ਗਿਆਨ ਬਿਨ' ਦਾ ਸਿੱਖ ਮੁਹਾਵਰਾ ਪੂਰੀ ਤਰ੍ਹਾਂ ਢੁੱਕਦਾ ਹੈ, ਅਪਰਾਧੀ ਲੋਕ ਜਿਨ੍ਹਾਂ ਨੂੰ ਆਮ ਨਾਗਰਿਕ ਬਿਲਕੁਲ ਪਸੰਦ ਨਹੀਂ ਕਰਦਾ, ਵੋਟਾਂ ਦੇ ਲੋਕਰਾਜ ਕਾਰਣ ਲੋਕਹਿਤ ਨਾਲ ਹਰ ਤਰ੍ਹਾਂ ਦਾ ਖਿਲਵਾੜ ਕਰਨ ਦੇ ਸਮਰੱਥ ਹਨ। ਲੋਕਰਾਜ ਉਸ ਰਾਜਨੀਤਿਕ ਵਿਵਸਥਾ ਨੂੰ ਕਹਿਣਾ ਚਾਹੀਦਾ ਹੈ, ਜਿਸ ਰਾਜਸੀ-ਪ੍ਰਣਾਲੀ ਵਿਚ ਰਾਜ-ਸ਼ਕਤੀ ਮਨੁੱਖਤਾ ਪ੍ਰਤੀ ਸੇਵਾ ਭਾਵ ਰੱਖਣ ਵਾਲੇ ਅਜਿਹੇ ਗੁਣਵਾਨ ਵਿਅਕਤੀਆਂ ਦੇ ਹੱਥ ਵਿਚ ਹੋਵੇ, ਜੋ ਮਾਨਵੀ ਬਰਾਬਰੀ, ਸਮਾਜਿਕ ਨਿਆਇ ਅਤੇ ਸ਼ੋਸ਼ਣ-ਮੁਕਤ ਸੁਖਦ-ਸਮਾਜ ਦਾ ਨਿਰਮਾਨ ਕਰਨ ਦੀ ਸਮਰੱਥਾ ਰੱਖਦੇ ਹੋਣ ਅਤੇ ਰਾਸ਼ਟਰਵਾਦ ਦੀਆਂ ਸੌੜੀਆਂ ਸੀਮਾਵਾਂ ਦੀ ਤੁੱਛ ਸੋਚ ਦਾ ਪਰਿਤਿਆਗ ਕਰਕੇ ਸਮੁੱਚੀ ਮਾਨਵਤਾ ਦੇ ਉਥਾਨ ਪ੍ਰਤੀ ਵਚਨਬੱਧਤਾ ਰੱਖਦੇ ਹੋਣ। ਭਾਰਤ ਦੇ ਮੌਜੂਦਾ ਲੋਕਤੰਤ੍ਰ ਨਾਲੋਂ ਮਹਾਰਾਜਾ ਰਣਜੀਤ ਸਿੰਘ ਦਾ ਇਕ-ਪੁਰਖਾ ਰਾਜ ਵੀ ਵਧੀਆ ਜਨਤੰਤ੍ਰ ਸੀ, ਕਿਉਂ ਜੁ ਸਭ ਧਰਮਾਂ, ਜਾਤੀਆਂ ਅਤੇ ਵਰਗਾਂ ਦੇ ਲੋਕ ਰਾਜ-ਪ੍ਰਬੰਧ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸਨ। ੧੯੫੭ ਦੇ ਗਦਰ ਵਿਚ ਸਿੱਖਾਂ ਦੇ ਸ਼ਾਮਿਲ ਨਾ ਹੋਣ ਦੇ ਬਹੁਤ ਸਾਰੇ ਕਾਰਣ ਹਨ, ਪਰ ਇਕ ਕਾਰਣ ਇਹ ਵੀ ਹੈ ਕਿ ਸਿੱਖਾਂ ਨੂੰ ਮੁਗ਼ਲ ਸ਼ਹਿਨਸ਼ਾਹਾਂ ਦੀ ਤਾਨਾਸ਼ਾਹੀ ਅਤੇ ਸਨਾਤਨੀ ਸਮਾਜ ਦੇ ਵਰਗ-ਭੇਦ ਨਾਲੋਂ ਅੰਗਰੇਜ਼ੀ ਰਾਜ ਲੋਕ-ਤੰਤ੍ਰ ਦੇ ਜ਼ਿਆਦਾ ਨੇੜੇ ਲੱਗਿਆ ਸੀ। ਉਹ ਮੰਨੂ ਅਤੇ ਮੀਰ ਮੰਨੂ ਦੋਹਾਂ ਦੇ ਧੱਕੇ ਦੀ ਪੀੜਾ ਭੋਗ ਚੁੱਕੇ ਸਨ। ਤਾਨਾਸ਼ਾਹ ਮੁਗ਼ਲ ਸ਼ਾਸਕਾਂ ਅਤੇ ਉਨ੍ਹਾਂ ਦੇ ਸਮਰਥੱਕ ਅਲੋਕਤਾਂਤ੍ਰਿਕ ਜਾਤਿ-ਅਭਿਮਾਨੀ ਭਾਰਤੀਆਂ ਦਾ ਧੱਕਾ ਅਤੇ ਅਨਿਆਂ ਸਿੱਖਾਂ ਨੇ ਭੁਗਤਿਆ ਸੀ। ਅੱਜ ਵੀ ਆਜ਼ਾਦ ਭਾਰਤ ਵਿਚ ਸਭ ਵਰਗਾਂ ਦੇ ਨਾਗਰਿਕਾਂ ਦੀ ਜ਼ੁਬਾਨ ਤੇ ਸਰਕਾਰ ਅੰਗਰੇਜ਼ੀ ਦੇ ਨਿਆਂ ਦੇ ਸੋਹਿਲੇ ਅਤੇ ਮੁਗ਼ਲਾਂ ਦੇ ਜਬਰ ਦੀਆਂ ਕਹਾਣੀਆਂ ਸਿੱਖਾਂ ਦੇ ਅੰਗਰੇਜ਼ਾਂ ਨਾਲ ਸੰਬੰਧਾਂ ਦੀ ਉਚਿਤਤਾ ਨੂੰ ਪ੍ਰਮਾਣਿਤ ਕਰਦੇ ਜਾਪਦੇ ਹਨ। ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀਆਂ ਸਰਹੱਦਾਂ ਨੂੰ ਹਰ ਪਾਸਿਓਂ ਉਲੰਘ ਕੇ ਸਿੱਖ ਧਰਮ ਦੀ ਅੰਤਰਰਾਸ਼ਟਰੀ ਸੋਚ ਦੇ ਪੂਰਨੇ ਪਾਏ ਸਨ। ਉਨ੍ਹਾਂ ਦੀ ਸਿਫ਼ਤ ਸੀ ਕਿ ਜੇ ਵਿਦੇਸ਼ੀ ਬਾਬਰ ਭਾਰਤ ਵਿਚ ਸਥਾਪਿਤ ਸ਼ਾਸਕਾਂ ਨਾਲੋਂ ਚੰਗੇ ਗੁਣਾਂ ਵਾਲਾ ਸੀ, ਤਾਂ ਗੁਰੂ ਮਹਾਰਾਜ ਨੇ ਉਸਦਾ ਸਮਰਥਨ ਕੀਤਾ ਸੀ। ਜੇ ਅੰਗਰੇਜ਼ ਬਾਹਰੋਂ ਆ ਕੇ ਮੁਗ਼ਲ ਸ਼ਹਿਨਸ਼ਾਹੀ ਦਾ ਅੰਤ ਕਰਦੇ ਹਨ ਤਾਂ ਸਿੱਖਾਂ ਨੂੰ ਉਨ੍ਹਾਂ ਦਾ ਸਮਰਥਨ ਕਰਨ ਤੋਂ ਕੋਈ ਝਿਜਕ ਨਹੀਂ ਸੀ ਹੋਣੀ ਚਾਹੀਦੀ, ਆਖਿਰ ਉਸੇ ਸਾਮਰਾਜ ਦੇ ਖ਼ਾਤਮੇ ਲਈ ਉਨ੍ਹਾਂ ਨੂੰ ਬੇਹਿਸਾਬ ਖ਼ੂਨ ਡੋਲ੍ਹਣਾ ਪਿਆ ਸੀ। ਪਰ ਜਦੋਂ ਅੰਗ਼ਰੇਜ਼ਾਂ ਅਮਾਨਵੀ ਵਿਵਹਾਰ ਕੀਤਾ ਤਾਂ ਉਨ੍ਹਾਂ ਦੀ ਪ੍ਰਭੁਤਾ ਦੀ ਸਮੂਲ ਬਰਬਾਦੀ ਲਈ ਵੀ ਸਿੱਖ ਸਭ ਤੋਂ ਅੱਗੇ ਵਧ ਕੇ ਜੂਝਦੇ ਰਹੇ। ਸਪਸ਼ਟ ਹੈ ਕਿ ਕਿਸੇ ਵੀ ਰਾਜ-ਸ਼ਕਤੀ ਨਾਲ ਉਨ੍ਹਾਂ ਦੇ ਸੰਬੰਧਾਂ ਦਾ ਮੂਲ-ਆਧਾਰ ਜਨਵਾਦਿੱਤਾ ਹੈ।

ਰਾਜਸੀ ਜਾਂ ਧਾਰਮਿਕ ਮੁਖੀਆਂ ਦੀ ਚੋਣ ਵਿਚ ਸਿੱਖ ਧਰਮ ਗੁਣਾਂ ਦੀ ਪਰਖ ਨੂੰ ਪ੍ਰਮੁਖਤਾ ਦਿੰਦਾ ਹੈ, ਪਰ ਅਜਿਹੇ ਮੁਖੀ ਵਿਅਕਤੀਆਂ ਦੀ ਪਰਖ ਨੂੰ ਲੋਕ-ਸਮਰਥਨ ਪ੍ਰਾਪਤ ਹੋਵੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਸਹਿਤ ਕਈ ਅਨਿੰਨ ਸਿੱਖਾਂ ਦੀ ਲਗਾਤਾਰ ਹਰ ਪੱਖੋਂ ਸਘਨ ਪਰੀਖਿਆ ਕੀਤੀ ਅਤੇ ਆਖੀਰ ਵਿਚ ਜਦੋਂ ਲਹਿਣਾਂ ਜੀ ਸਫ਼ਲ ਹੋਏ ਤਾਂ ਸਭ ਸੰਗਤਾਂ ਦੀ ਅਸਿੱਧੀ ਪ੍ਰਵਾਨਗੀ ਉਨ੍ਹਾਂ ਦੇ ਨਾਲ ਸੀ, ਕਿਉਂਜੁ ਗੁਰੂ ਦੇ ਆਗਿਆਕਾਰ ਹੋਣ ਅਤੇ ਮਨੁੱਖਤਾ ਦੀ ਸੇਵਾ ਪ੍ਰਤੀ ਪੂਰਣ ਸਮਰਪਿਤ ਭਾਵ ਰੱਖਣ ਨੂੰ ਉਹ ਲੋਕਾਂ ਵਿਚ ਪ੍ਰਦਰਸ਼ਿਤ ਕਰ ਚੁੱਕੇ ਸਨ। ਦਸਵੇਂ ਪਾਤਸ਼ਾਹ ਨੇ ਜਦੋਂ ਕੌਮ ਦੀ ਅਗਵਾਈ ਲਈ ਪੰਜ ਪਿਆਰਿਆਂ ਦੀ ਚੋਣ ਕੀਤੀ ਤਾਂ ਵਿਧੀਵਤ ਲੋਕ-ਰਾਏ ਜਾਣਨ ਦਾ ਕੋਈ ਸਿੱਧਾ ਤਰੀਕਾ ਤਾਂ ਨਹੀਂ ਅਪਨਾਇਆ, ਫਿਰ ਭੀ ਸਿਰ ਭੇਟ ਕਰਨ ਨਾਲ ਲੋਕ-ਮਤ ਬਣ ਚੁੱਕਾ ਸੀ ਕਿ ਹਰਮਨ ਪਿਆਰਾ ਜਨ-

ਸੇਵਕ ਉਹੀ ਹੋ ਸਕਦਾ ਹੈ ਜੋ ਪਹਿਲਾਂ ਨਿਜ-ਸਵਾਰਥ ਇੱਥੋਂ ਤਕ ਮਾਰ ਲਵੇ ਕਿ ਜਨ-ਹਿਤ ਵਿਚ ਸਿਰ ਵਾਰਨ ਨੂੰ ਸੁਭਾਗ ਸਮਝਦਾ ਹੋਵੇ। ਇਹ ਗੱਲ ਵੀ ਧਿਆਨ ਦੇਣੀ ਵਾਲੀ ਹੈ ਕਿ ਪੰਜ ਸਿਰ ਵਾਰਨ ਵਾਲਿਆਂ ਨੂੰ ਗੁਰੂ ਸਾਹਿਬ ਨੇ 'ਪੰਜ ਪਿਆਰੇ' ਆਖਿਆ ਪਰ ਪੰਜ ਗੁਰੂ ਪਿਆਰੇ ਨਹੀਂ ਆਖਿਆ ਕਿਉਂ ਜੁ ਆਪਣੇ ਤਿਆਗ ਕਰਕੇ ਉਹ ਗੁਰੂ ਸਮੇਤ ਜਨ-ਸਮੂਹ ਦੇ ਪਿਆਰ ਬਣ ਚੁੱਕੇ ਸਨ। ਪਿਆਰੇ ਕਹਿਣ ਤੋਂ ਗੁਰੂ ਸਾਹਿਬ ਦਾ ਭਾਵ ਇਹੀ ਰਿਹਾ ਹੋਵੇਗਾ ਕਿ ਲੋਕਾਈ ਦੀ ਅਗਵਾਈ ਕਰਨ ਦੇ ਉਹ ਵਿਅਕਤੀ ਹੀ ਯੋਗ ਹੋ ਸਕਦੇ ਹਨ, ਜੋ ਆਪਣੇ ਨੇਕ ਗੁਣਾਂ ਕਰਕੇ ਜਨ-ਸਮੂਹ ਨੂੰ ਪਿਆਰੇ ਲੱਗਦੇ ਹੋਣ। ਗੁਰੂ ਦੇ ਪ੍ਰਜਾਤੰਤ੍ਰ ਵਿਚ ਆਗੂ ਦੀ ਚੋਣ ਕਰਨ ਵਾਲੇ ਵਿਅਕਤੀ ਦੀ ਆਪਣੀ ਵਚਨਬੱਧਤਾ ਅਤੇ ਸੂਝਬੂਝ ਉਚਪਾਏ ਦੀ ਹੋਵੇ ਇਸ ਨੂੰ ਸੁਨਿਸ਼ਚਿਤ ਕਰਨਾ ਜ਼ਰੂਰੀ ਹੈ। ਮੇਰਾ ਯਕੀਨ ਹੈ ਕਿ ਮੌਜੂਦਾ ਪ੍ਰਜਾਤੰਤ, ਜੋ ਨਾ ਸਿਰਫ਼ ਭ੍ਰਸ਼ਟ-ਆਚਰਣ ਨੂੰ ਪ੍ਰੋਤਸਾਹਿਤ ਕਰ ਰਿਹਾ ਹੈ, ਸਗੋਂ ਘੱਟ-ਗਿਣਤੀ ਕੌਮਾਂ ਦੀ ਆਵਾਜ਼ ਨੂੰ ਪੂਰੀ ਤਰ੍ਹਾਂ ਦਬਾ ਕੇ ਉਨ੍ਹਾਂ ਦੇ ਸਭਿਆਚਾਰ ਨੂੰ ਸਰਵ-ਭਾਂਤ ਨਸ਼ਟ ਕਰਨ ਦਾ ਸਾਧਨ ਰੂਪ ਬਣ ਗਿਆ ਹੈ, ਜਦੋਂ ਅਸਫਲ ਹੋ ਜਾਵੇਗਾ ਤਾਂ ਅਗਲਾ ਕਦਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਿਕਸਿਤ ਪੰਚ-ਪ੍ਰਧਾਨੀ ਲੋਕ-ਤੰਤ੍ਰ ਦੇ ਜ਼ਿਆਦਾ ਨੇੜੇ ਹੋਵੇਗਾ।

ਭਾਵੇਂ ਕੁਝ ਆਧੁਨਿਕ ਵਿਦਵਾਨਾਂ ਨੂੰ ਇਹ ਮਹਿਸੂਸ ਹੁੰਦਾ ਹੋਵੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਰਾਜਸਤਾ ਸੰਬੰਧੀ ਜੋ ਵਿਚਾਰ ਹਨ ਉਹ ਮੱਧਯੁਗੀਨ ਤਾਨਾਸ਼ਾਹੀ ਵਿਵਸਥਾ ਨਾਲ ਸੰਬੰਧਿਤ ਹਨ, ਪਰ ਧਿਆਨ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਕਿਸੇ ਪਿਤਾ ਪੁਰਖੀ ਸਥਾਈ ਤਾਨਾਸ਼ਾਹੀ ਦੀ ਪ੍ਰੋੜ੍ਹਤਾ ਨਹੀਂ ਕਰਦੇ, ਉਹ ਰਾਜ-ਗੱਦੀ ਉਤੇ ਉਸ ਪ੍ਰਜਾ ਸੇਵਕ ਨੂੰ ਦੇਖਣਾ ਚਾਹੁੰਦੇ ਹਨ, ਜੋ ਰਾਜ-ਵਿਵਸਥਾ ਦੇ ਪ੍ਰਜਾ ਪ੍ਰਤੀ ਫ਼ਰਜ਼ਾਂ ਨੂੰ ਪਹਿਚਾਨਦਾ ਹੋਵੇ। ਸ਼ਾਸਕ ਨਿਆਂਕਾਰੀ ਹੋਵੇ ਅਤੇ ਪ੍ਰਜਾ ਦੀ ਲੁੱਟਖਸੁੱਟ ਕਰਨ ਵਾਲਾ ਨਾ ਹੋਵੇ। ਕਿਰਤੀਆਂ ਤੇ ਜਬਰ ਨਾ ਕਰੇ, ਰਾਜ ਕਰਨ ਦੀ ਲਾਲਸਾ ਨਾਲੋਂ ਸੇਵਾ ਕਰਨ ਦੇ ਉਤਸ਼ਾਹ ਨੂੰ ਪ੍ਰਾਥਮਿਕਤਾ ਦਿੰਦਾ ਹੋਵੇ, ਬੁੱਧੀਮਾਨ ਹੋਵੇ, ਲੋਭੀ ਨਾ ਹੋਵੇ। ਅਮਾਨਵੀ ਵਿਵਹਾਰ ਕਰਨ ਵਾਲੇ ਰਾਜਿਆਂ ਨੂੰ ਗੁਰੂ ਜੀ ਕੁੱਤੇ ਜਾਂ ਖੂੰਖਾਰ ਜਾਨਵਰ ਕਹਿਣ ਤੋਂ ਸੰਕੋਚ ਨਹੀਂ ਕਰਦੇ। ਗੁਰੂ ਨਾਨਕ ਦੇਵ ਜੀ ਜਾਣਦੇ ਸਨ ਕਿ ਅਸਲ ਰਾਜਸਤਾ ਪ੍ਰਜਾ ਦੇ ਕੋਲ ਹੈ ਅਤੇ ਜੋ ਰਾਜਾ ਸੁਚੇਤ ਰਹਿ ਕੇ ਆਪਣੇ ਦਾਇਤਵ ਦੀ ਪੂਰਤੀ ਨਹੀਂ ਕਰਦਾ, ਪ੍ਰਜਾ ਉਸ ਨੂੰ ਰਾਜਗੱਦੀ ਤੋਂ ਵੰਚਿਤ ਕਰਕੇ ਸਜ਼ਾ ਵੀ ਦੇ ਸਕਦੀ ਹੈ[44]। ਬਾਬਰ, ਖੁਸਰੋ ਅਤੇ ਦਾਰਾ ਸ਼ਿਕੋਹ ਦਾ ਗੁਰੂ ਪਾਤਸ਼ਾਹਾਂ ਦੁਆਰਾ ਪ੍ਰਤੀਕਾਤਮਿਕ ਸਮਰਥਨ ਸਤਾ ਪ੍ਰਾਪਤੀ ਪੱਖੋਂ ਭਾਵੇਂ ਬਹੁਤ ਮਹੱਤਵ ਵਾਲਾ ਨਜ਼ਰ ਨਾ ਆਵੇ, ਪਰ ਇਹ ਸਮਰਥਨ ਸ਼ਾਸਕ ਦੀ ਸਥਾਪਨਾ ਵਿਚ ਪ੍ਰਜਾ ਦੀ ਰਾਏ ਨੂੰ ਸਥਾਨ ਦੇਣ ਵਾਸਤੇ ਲੋਕਾਂ ਨੂੰ ਉਤਸ਼ਾਹਿਤ ਕਰਨ ਪੱਖੋਂ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। 'ਸਰ ਥਾਮਸ' ਦਾ ਪੁਰੋਹਿਤ 'ਟੇਰੀ' ਜੋ ਖੁਸਰੋ ਨੂੰ ਕਈ ਵਾਰੀ ਮਿਲਿਆ ਸੀ ਲਿਖਦਾ ਹੈ, "ਉਹ ਇਕ ਅਤਿਅੰਤ ਸੁੰਦਰ ਸ਼ਖਸੀਅਤ ਦਾ ਮਾਲਕ ਤੇ ਉਤਮ ਚਾਲਚਲਣ ਦਾ ਸੱਜਣ ਸੀ। ਉਹ ਸਾਧਾਰਣ ਜਨਤਾ ਦਾ ਬਹੁਤ ਪਿਆਰਾ ਸੀ। ਉਹ ਸਭ ਦਾ ਪਿਆਰ ਤੇ ਖੁਸ਼ੀ ਸੀ।"[45] ਗੁਰੂ ਅਰਜਨ ਦੇਵ ਜੀ ਨੇ ਸੰਗਤ ਦੀ ਰਾਏ ਨੂੰ ਸਿਰਮੱਥੇ ਸਵੀਕਾਰ ਕਰਦਿਆਂ ਆਪਣੇ ਸਪੁੱਤਰ ਦਾ ਵਿਵਾਹਿਕ ਸੰਬੰਧ 'ਚੰਦੂ' ਦੇ ਪਰਿਵਾਰ ਨਾਲ ਜੋੜਨ ਤੋਂ ਇਨਕਾਰ ਕਰ ਦਿੱਤਾ। ਸੰਗਤ ਦੀ ਰਾਏ ਦਾ ਸਨਮਾਨ ਕਰਦਿਆਂ ਉਨ੍ਹਾਂ ਦੁਆਰਾ ਅਸਹਿ ਕਸ਼ਟ ਝੱਲਣੇ ਲੋਕ-ਰਾਏ ਪ੍ਰਤੀ ਉਨ੍ਹਾਂ ਦੇ ਆਦਰਭਾਵ ਨੂੰ ਪ੍ਰਦਰਸ਼ਿਤ ਕਰਦਾ ਹੈ। ਗੁਰੂ ਘਰ ਵਿਚ ਗੁਰੂ ਅਤੇ ਸੰਗਤ ਨੂੰ ਵੀਹ-ਇਕੀ ਦੀ ਲੋਕੋਕਤੀ ਰਾਹੀਂ ਪ੍ਰਗਟ ਕਰਨਾ ਅਤੇ ਸਾਧ-ਸੰਗਤ ਨੂੰ ਪਰਮਾਤਮਾ ਦਾ ਨਿਵਾਸ-ਸਥਾਨ ਕਹਿਕੇ 'ਖਾਲਕ ਖਲਕ ਮਹਿ' ਦੇ ਪੂਰਨਿਆਂ ਤੇ ਸਮਾਜ ਦੀ ਰਚਨਾ ਕਰਨੀ ਜਨਵਾਦੀ ਪਰੰਪਰਾਵਾਂ ਦੀ ਸਿਰਜਨਾ ਵੱਲ ਨਿਰੰਤਰ ਅੱਗੇ ਵਧਣਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣੇ ਆਪ ਨੂੰ ਖ਼ਾਲਸੇ ਵਿਚ ਅਭੇਦ ਕਰਨਾ ਅਤੇ ਕਿਲਾ ਆਨੰਦਗੜ੍ਹ ਅਥਵਾ ਚਮਕੌਰ ਦੀ ਗੜ੍ਹੀ ਛੱਡਣ ਵੇਲੇ ਜਾਂ ਦਾਦੂ ਦੀ ਸਮਾਧ ਉਤੇ ਅਤੇ ਬੰਦੇ ਨੂੰ ਗੁਰੂ ਬਖ਼ਸ਼ਿਸ਼ ਕ੍ਰਿਪਾਨ ਦੇਣ ਸਮੇਂ ਖਾਲਸੇ ਦੇ ਹੁਕਮਾਂ ਦਾ ਅਨੁਸਰਣ ਕਰਨ ਦੇ ਸਥਾਪਿਤ ਆਦਰਸ਼ਾਂ ਦੀ ਪੂਰਤੀ ਲਈ ਮੌਜੂਦਾ ਲੋਕਤੰਤ੍ਰ ਨੂੰ, ਜਿਸ ਤੇ ਅਸੀਂ ਬਹੁਤ ਮਾਨ ਕਰਦੇ ਹਾਂ, ਅਜੇ ਲੰਬਾ ਪੈਂਡਾ ਤੈਅ ਕਰਨਾ ਪੈਣਾ ਹੈ। ਇਸ ਲੋਕਤੰਤ੍ਰ ਨੇ ਅਜਿਹੇ ਲੋਕ ਸੇਵੀ ਮਨੁੱਖ ਨਹੀਂ ਘੜੇ, ਜੋ ਆਪਣੀ ਪ੍ਰਜਾ ਪ੍ਰਤੀ ਉਸ ਤਰ੍ਹਾਂ ਉੱਤਰਦਾਈ ਹੋਣ ਜਿਵੇਂ ਗੁਰੂ ਸਾਹਿਬ ਨੇ ਆਪਣੇ ਵਿਵਹਾਰ ਰਾਹੀਂ ਪ੍ਰਦਰਸ਼ਿਤ ਕੀਤਾ ਸੀ।

ਸਿੱਖਾਂ ਪ੍ਰਤੀ ਦਵੇਸ਼ ਭਾਵ ਤੋਂ ਪ੍ਰੇਰਿਤ ਹੋਣ ਦੇ ਬਾਵਜੂਦ ਸਰ ਗੋਕੁਲ ਚੰਦ ਨੇ ਸਿੱਖ ਧਰਮ ਦੇ ਪ੍ਰਜਾਤਾਂਤ੍ਰਿਕ ਸਰੂਪ ਅਤੇ ਸਰਬ-ਧਰਮ-ਸਦਭਾਵ ਦਾ ਕਈ ਸਥਾਨਾਂ ਤੇ ਸੁੰਦਰ ਉਲੇਖ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ 'ਬਹਾਦਰ' ਨੂੰ ਪੰਜ-ਪਿਆਰਿਆਂ ਦੀ ਆਗਿਆ ਵਿਚ ਕੰਮ ਕਰਨ ਦਾ ਆਦੇਸ਼ ਦਿੱਤਾ। ਬੰਦਾ ਸਿੰਘ ਦੁਆਰਾ ਆਰੰਭਿਆ ਅੰਦੋਲਨ ਗੁਲਾਮੀ ਦੇ ਸਭ ਬੰਧਨ ਤੋੜਕੇ ਸ਼ੋਸ਼ਣ -ਰਹਿਤ ਲੋਕ-ਰਾਜ ਸਥਾਪਿਤ ਕਰਨ ਲਈ ਵਚਨਬੱਧ ਸੀ, ਜਿਸ ਕਰਕੇ ਉਸ ਨੇ ਅੰਦੋਲਨ ਨੂੰ ਆਮ ਲੋਕਾਂ ਦਾ ਭਰਪੂਰ ਸਮਰਥਨ ਪ੍ਰਾਪਤ ਹੋਇਆ। ਉਸਦੀ ਅਗਵਾਈ ਵਿਚ ਥੋੜ੍ਹੇ ਜਿਹੇ ਸਮੇਂ ਲਈ ਜੋ ਸਿੱਖ ਰਾਜ ਸਥਾਪਿਤ ਹੋਇਆ, ਉਸ ਵਿਚ ਰਾਜ-ਸ਼ਕਤੀ ਦਾ ਪ੍ਰਤੀਕ 'ਸਿੱਕਾ' (currency) ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਚਲਾਇਆ ਗਿਆ, ਕਿਉਂ ਜੁ ਰਾਜ-ਸ਼ਕਤੀ ਵਿਚ ਵਿਅਕਤੀ-ਵਿਸ਼ੇਸ਼ ਦੇ ਬੇਲੋੜੇ ਅਲੋਕਤਾਂਤ੍ਰਿਕ ਪ੍ਰਭੁਤਵ ਦੀ ਸਥਾਪਤੀ ਵਿਰੁੱਧ ਗੁਰੂ ਜੀ ਨੇ ਬੰਦਾ ਸਿੰਘ ਨੂੰ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ। ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਬੰਦਾ ਸਿੰਘ ਨੇ ਪੰਜਾਬ ਵਿਚ ਮਹੱਤਵਪੂਰਣ ਸਥਾਨਾਂ ਤੇ ਕਬਜ਼ਾ ਕਰਕੇ ਸਿੱਖ ਰਾਜ ਦੀ ਸਥਾਪਨਾ ਕਰਦਿਆਂ 'ਮਹਾਰਾਜਾ' ਦਾ 'ਲਕਬ' ਧਾਰਣ ਨਹੀਂ ਕੀਤਾ। ਉਸ ਦੇ ਨਾਮ ਨਾਲ ਜਥੇਦਾਰ ਜਾਂ ਸਿਰਦਾਰ ਵਰਗੇ ਸ਼ਬਦਾਂ ਦੇ ਅਭਾਵ ਦੀ ਪਰੰਪਰਾ ਇਸ ਗੱਲ ਦੀ ਸੂਚਕ ਹੈ ਕਿ ਉਹ ਗੁਰੂ ਦਾ ਪ੍ਰਜਾ-ਸੇਵੀ ਬੰਦਾ ਸੀ, ਜਿਸ ਨੂੰ ਆਮ ਲੋਕਾਂ ਜਿਹਾ ਬੰਦਾ ਹੋਣ ਵਿਚ ਹੀ ਸੰਤੁਸ਼ਟੀ ਸੀ। ਬੰਦਾ ਸਿੰਘ ਦੀ ਪ੍ਰਭੁਤਾ ਸਮੇਂ ਜਾਗੀਰਦਾਰੀ ਪ੍ਰਥਾ ਦਾ ਖ਼ਾਤਮਾ ਅਤੇ ਖੇਤੀ ਯੋਗ ਧਰਤੀ ਉਤੇ ਕਿਰਤ ਕਰਨ ਵਾਲੇ ਕਿਸਾਨਾਂ ਦਾ ਹੱਕ ਬਹਾਲ ਕਰਨ ਦੇ ਯਤਨ ਸਿੱਖ ਧਰਮ ਦੇ ਲੋਕਤਾਂਤ੍ਰਿਕ ਲਹਿਰ ਹੋਣ ਦਾ ਸਾਬੂਤ ਹਨ। ਇਹ ਵੀ ਮਹੱਤਵਪੂਰਣ ਹੈ ਕਿ ਬੰਦਾ ਸਿੰਘ ਨੇ ੧੭੧੦ ਵਿਚ ਲੋਕਤਾਂਤ੍ਰਿਕ ਵਿਵਸਥਾ ਸਥਾਪਿਤ ਕੀਤੀ ਜਦੋਂ ਕਿ ਫਰਾਂਸ ਜਿਹੇ ਦੇਸ਼ਾਂ ਵਿਚ ਕਈ ਚਿਰ ਬਾਅਦ ਨੈਪੋਲੀਅਨ ਬੋਨਾਪਾਰਟ (ਜਨਮ ੧੫ ਅਗਸਤ ੧੭੬੯ ਮ੍ਰਿਤੂ ੫ ਮਈ ੧੮੨੧) ਦੇ ਸਮੇਂ ਵੀ ਜਦੋਂ ਇਕ ਔਰਤ ਨੂੰ ਰਾਜ ਦੀ ਵਿਸ਼ੇਸ਼ਤਾ ਬਾਰੇ ਪੁੱਛਿਆ ਤਾਂ ਉਸ ਉਤਰ ਦਿੱਤਾ ਕਿ, "ਇਸ ਵਿਚ ਨੈਪੋਲੀਅਨ ਹੀ ਨੈਪੋਲੀਅਨ ਹੈ"।

ਸੰਘਰਸ਼ ਕਰ ਰਹੇ ਸਿੱਖਾਂ ਦੀ ਸਾਂਝੀਵਾਲਤਾ, ਖਾਲਸੇ ਦੇ ਗੁਰਮਤੇ, ਕਪੂਰ ਸਿੰਘ ਜਿਹੇ ਸਾਦਗੀ ਵਾਲੇ ਪੰਥ ਸੇਵਕਾਂ ਦਾ ਸਨਮਾਨ ਅਤੇ ਸਾਰਿਆਂ ਨਾਲ ਇਕ ਸਮਾਨ ਵਰਤਾਅ ਵਿਸ਼ਵ ਨੂੰ ਸਫਲ ਲੋਕਰਾਜੀ ਵਰਤਾਰੇ ਦੇ ਮੁਢਲੇ ਸਬਕ ਦੇਣ ਦੇ ਸਮਰੱਥ ਸੀ। ਕੌਮ ਦੀ ਪ੍ਰਭੁਸਤਾ ਕੌਮ ਦੇ ਹੱਥ ਸੀ। ਮਿਸਲ-ਮੁਖੀ ਮਿਸਲ ਦਾ ਕੰਮ ਕਾਜ ਸਮੂਹ ਸਹਿਯੋਗੀਆਂ ਦੀ ਰਜ਼ਾਮੰਦੀ ਨਾਲ ਚਲਾਉਂਦੇ ਸਨ। ਸਿੱਖ ਆਪਣਾ ਸਿਰਦਾਰ ਆਪ ਚੁਣਦੇ ਸਨ ਅਤੇ ਕਈ ਵਾਰੀ ਅਯੋਗ ਹੱਕੀ ਵਾਰਿਸਾਂ ਨੂੰ ਛੱਡ ਕੇ ਕਿਸੇ ਹੋਰ ਯੋਗ ਵਿਅਕਤੀ ਨੂੰ ਸਿਰਦਾਰ ਨਿਯੁਕਤ ਕਰ ਦਿੰਦੇ ਸਨ। ਉਹ ਕਿਸੇ ਵੀ ਸਿਰਦਾਰ ਨੂੰ ਛੱਡਕੇ ਦੂਜੇ ਸਿਰਦਾਰ ਅਧੀਨ ਜਾਣ ਲਈ ਆਜ਼ਾਦ ਸਨ। ਇਸ ਲੋਕਤੰਤ੍ਰੀ ਵਿਚਾਰ ਦੀ ਬੁਨਿਆਦ ਇਤਨੀ ਸੁਦ੍ਰਿੜ ਸੀ ਕਿ ਮਿਸਲਮੁਖੀ ਪੁਰਸ਼ ਦੇ ਚਲਾਣੇ ਤੇ ਉਸ ਦੀ ਪਤਨੀ ਨੂੰ ਬੇਹਿਚਕ ਮੁਖੀ ਮੰਨ ਲਿਆ ਜਾਂਦਾ ਸੀ। ਮਿਸਲਾਂ ਦੇ ਰਾਜ ਸਮੇਂ ਕਿਸਾਨਾਂ ਅਤੇ ਵਪਾਰੀਆਂ ਤੇ ਯੁਕਤੀ-ਸੰਗਤ ਕਰ ਲਗਾਇਆ ਜਾਂਦਾ ਸੀ। ਨਿਆਂ-ਪ੍ਰਬੰਧ ਪੰਚਾਇਤਾਂ ਕੋਲ ਸੀ ਅਤੇ ਕੇਵਲ ਉਚ-ਚਰਿਤ੍ਰ ਵਾਲੇ ਵਿਅਕਤੀਆਂ ਨੂੰ ਹੀ ਪੰਚਾਇਤਾਂ ਦੇ ਪੰਚਾਂ ਵਜੋਂ ਨਿਯੁਕਤ ਕੀਤਾ ਜਾਂਦਾ ਸੀ। ਸਿੱਖ ਧਰਮ ਵਿਚ ਬਖ਼ਸ਼ਿੰਦ ਸੁਭਾਅ ਮਨੁੱਖ ਦੀ ਪੂਰਣ ਘਾੜਤ ਦਾ ਅਨਿਵਾਰਯ ਅੰਗ ਹੈ। ਇਸੇ ਪ੍ਰਭਾਵ ਕਰਕੇ ਮਿਸਲਾਂ ਦੇ ਪ੍ਰਬੰਧਕ ਅਪਰਾਧੀਆਂ ਨੂੰ ਸਜ਼ਾ ਦੇਣ ਵਿਚ ਉਦਾਰ-ਚਿਤ ਸਨ ਅਤੇ ਅਪਰਾਧ ਵਾਸਤੇ ਜ਼ਿੰਮੇਵਾਰੀ ਨਿਸ਼ਚਿਤ ਕਰਨਾ ਕਾਨੂੰਨ ਵਿਵਸਥਾ ਦਾ ਮਹੱਤਵਪੂਰਣ ਅੰਗ ਸੀ। ਮਿਸਾਲ ਲਈ ਜੇਕਰ ਕਿਸੇ ਚੁਰਾਏ ਗਏ ਪਸ਼ੂ ਦੇ ਪੈਰਾਂ ਦੇ ਨਿਸ਼ਾਨ ਕਿਸੇ ਪਿੰਡ ਦੀ ਹੱਦ ਵਿਚ ਜਾ ਕੇ ਲੁਪਤ ਹੋ ਜਾਂਦੇ ਤਾਂ ਉਸ ਪਿੰਡ ਦੇ ਜ਼ਿਮੀਦਾਰ ਦਾ ਇਹ ਕਰਤੱਵ ਸੀ ਕਿ ਉਹ ਪਸ਼ੂ ਸੰਬੰਧੀ ਅਧਿਕਾਰੀਆਂ ਨੂੰ ਸੰਤੁਸ਼ਟ ਕਰੇ। ਜਦੋਂ ਕਿ ਅਜੋਕੇ ਲੋਕਤੰਤ੍ਰ ਵਿਚ ਰਾਸ਼ਟਰੀ ਏਕਤਾ ਦੇ ਨਾਮ ਤੇ ਸਭਿਆਚਾਰਕ-ਏਕੀਕਰਣ ਦੇ ਅਲੋਕਤਾਂਤ੍ਰਿਕ ਪ੍ਰਯਤਨ ਜਾਰੀ ਹਨ, ਮਿਸਲਾਂ ਦੇ ਪ੍ਰਬੰਧਕ ਨਿਆਂ ਪ੍ਰਣਾਲੀ ਵਿਚ ਸਥਾਨਕ ਰਿਵਾਜਾਂ ਨੂੰ ਮਹੱਤਵ ਦੇ ਕੇ ਅਤੇ ਮੁਸਲਮਾਨਾਂ ਦਾ ਨਿਆਂ ਸ਼ਰੀਅਤ ਅਨੁਸਾਰ ਕਰਕੇ ਵਿਭਿੰਨ ਸੰਸਕ੍ਰਿਤੀਆਂ ਨੂੰ ਪ੍ਰਸਾਰ ਲਈ ਇਕੋ ਜਿਹੇ ਅਵਸਰ ਪ੍ਰਦਾਨ ਕਰਦੇ ਸਨ। ਉਨ੍ਹਾਂ ਪਰਿਸਥਿਤੀਆਂ ਵਿਚ ਜਦੋਂ ਕਿ ਮੁਸਲਮਾਨ ਹਾਕਮਾਂ ਨੇ ਸਿੱਖਾਂ ਉਤੇ ਅਸੀਮ ਜ਼ੁਲਮ ਕੀਤੇ ਸਨ, ਉਤਰਾਧਿਕਾਰ ਸੰਬੰਧੀ ਮੁਸਲਮਾਨ ਸਮੁਦਾਇ ਲਈ ਸ਼ਰ੍ਹਾ ਹੀ ਕਾਨੂੰਨ ਸੀ। ਕਤਲ ਦੇ ਕੇਸ ਰਿਸ਼ਤੇ ਰਾਹੀਂ ਸੰਬੰਧ ਜੋੜ ਕੇ ਜਾਂ ਜ਼ਮੀਨ ਅਥਵਾ ਨਕਦ ਜੁਰਮਾਨਾ ਦੇ ਕੇ ਨਿਪਟਾਣ ਦੇ ਯਤਨ

ਕੀਤੇ ਜਾਂਦੇ ਸਨ। ਇਹ ਪ੍ਰਬੰਧ ਜਿੱਥੇ ਉੱਚਪੱਧਰੀ ਲੋਕਤਾਂਤ੍ਰਿਕ ਪਰੰਪਰਾਵਾਂ ਸਥਾਪਿਤ ਕਰਦਾ ਦਿੱਸਦਾ ਹੈ, ਉਥੇ ਮਾਨਵਤਾਵਾਦੀ ਰੁਚੀਆਂ ਦੇ ਉਥਾਨ ਵੱਲ ਵੀ ਸੰਕੇਤ ਕਰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਇਕਪੁਰਖੀ ਰਾਜ ਨੂੰ ਭਾਵੇਂ ਲੋਕਤੰਤ੍ਰ ਨਾ ਵੀ ਕਿਹਾ ਜਾਵੇ, ਫਿਰ ਵੀ ਉਸ ਨੇ ਰਾਜ-ਪ੍ਰਬੰਧ ਆਪਣੇ ਜਾਂ ਆਪਣੇ ਖਾਨਦਾਨ ਅਥਵਾ ਆਪਣੀ ਮਿਸਲ ਦੇ ਨਾਮ ਤੇ ਨਹੀਂ ਚਲਾਇਆ, ਸਗੋਂ ਗੁਰੂ ਨਾਨਕ ਦੇ ਨਾਮ ਦਾ ਸਿੱਕਾ ਚਲਾ ਕੇ ਆਪਣੇ ਆਪ ਨੂੰ 'ਸਿੰਘ ਸਾਹਿਬ' ਅਤੇ ਰਾਜ ਸਤਾ ਨੂੰ 'ਸਰਕਾਰ ਖਾਲਸਾ' ਦੇ ਸੰਬੋਧਨ ਵਿਚ ਖ਼ੁਸ਼ੀ ਮਹਿਸੂਸ ਕੀਤੀ। ਗੁਰੂ ਪੰਥ ਦਾ ਸੇਵਕ ਦਰਸਾਣ ਵਾਸਤੇ ਉਹ ਲੱਕ ਦੁਆਲੇ ਕਮਰਕੱਸਾ ਬੰਨ੍ਹ ਕੇ ਰੱਖਦਾ ਸੀ ਅਤੇ ਗੁਰੂ ਪੰਥ ਦਾ 'ਕੂਕਰ' ਅਖਵਾਣ ਵਿਚ ਮਾਨ ਮਹਿਸੂਸ ਕਰਦਾ ਸੀ। ਖਾਲਸਈ ਮਰਯਾਦਾ ਦਾ ਹਨਨ ਕਰਨ ਦੇ ਦੋਸ਼ ਵਿਚ ਉਸਦਾ ਸਾਧਾਰਨ ਵਿਅਕਤੀ ਵਾਂਗ ਕੋੜੇ ਖਾਣ ਲਈ ਤਿਆਰ ਹੋ ਜਾਣਾ, ਉਸਦੇ ਪੰਥ ਦਾ ਸੇਵਕ ਹੋਣ ਦੀ ਅਮਰ ਗਵਾਹੀ ਹੈ। ਉਸ ਨੇ ਆਪਣੇ ਸਰਦਾਰਾਂ ਦੇ ਨਾਮ ਇਹੋ-ਜਿਹੇ ਫ਼ੁਰਮਾਨ ਵੀ ਜਾਰੀ ਕੀਤੇ ਜੋ ਸਰਕਾਰ ਦੇ ਹੁਕਮਾਂ ਨੂੰ ਲੋਕ ਹਿਤਾਂ ਦੀ ਕਸਵੱਟੀ ਤੇ ਪਰਖ ਕੇ ਉਨ੍ਹਾਂ ਦੇ ਅਮਲ ਤੇ ਨਿਯੰਤ੍ਰਣ ਰੱਖਣ ਦੀ ਆਗਿਆ ਦਿੰਦੇ ਸਨ। ਹਿੰਦੂਆਂ ਅਤੇ ਮੁਸਲਮਾਨਾਂ ਨਾਲ ਇਕੋ-ਜਿਹਾ ਵਿਵਹਾਰ ਅਤੇ ਲੋਕ ਰਾਏ ਦਾ ਸਨਮਾਨ ਉਸ ਦੇ ਰਾਜ-ਕਾਜ ਦੀਆਂ ਪ੍ਰਮੁਖ ਉਪਲਬਧੀਆਂ ਸਨ। ਉਸ ਦੀ ਸਰਕਾਰ ਭਾਵੇਂ ਲੋਕਾਂ ਰਾਹੀਂ ਚੁਣੀ ਹੋਈ ਨਹੀਂ ਸੀ, ਪਰ ਉਹ ਲੋਕਾਂ ਵਾਸਤੇ ਸੀ ਇਸ ਗੱਲ ਤੇ ਕਿਸੇ ਨੂੰ ਕੋਈ ਸੰਦੇਹ ਨਹੀਂ। ਸਿੰਘ ਸਭਾ ਲਹਿਰ ਨੇ ਖਾਲਸਈ ਲੋਕਤੰਤ੍ਰ ਦੀਆਂ ਪਰੰਪਰਾਵਾਂ ਨੂੰ ਅੱਗੇ ਵਧਾਉਣ ਦਾ ਯਤਨ ਕੀਤਾ ਅਤੇ ਅਕਾਲੀ ਲਹਿਰ ਆਪਣੇ ਅਸਲ ਸਰੂਪ ਵਿਚ ਧਾਰਮਿਕ ਮਸਲਿਆਂ ਵਿਚ ਮਹੰਤਾਂ ਦੀ ਤਾਨਾਸ਼ਾਹੀ ਵਿਰੁੱਧ ਇਕ ਜਮਹੂਰੀ ਸਿੱਖ-ਲਹਿਰ ਸੀ, ਜਿਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ ਭਾਰਤਭੂਮੀ ਤੇ ਆਪਣੀ ਕਿਸਮ ਦੀ ਇਕ ਵਿਲੱਖਣ ਲੋਕਤਾਂਤ੍ਰਿਕ ਧਾਰਮਿਕ ਜਥੇਬੰਦੀ ਨੂੰ ਹੋਂਦ ਵਿਚ ਲਿਆਉਣ ਲਈ ਬੇਮਿਸਾਲ ਸੰਘਰਸ਼ ਕੀਤਾ। ਸਿੱਖ ਧਰਮ ਦੀਆਂ ਇਨ੍ਹਾਂ ਲੋਕਤਾਂਤ੍ਰਿਕ ਪਰਵਿਰਤੀਆਂ ਦੇ ਪਿੱਛੇ ਗੁਰੂ ਨਾਨਕ ਦੇਵ ਜੀ ਦਾ 'ਪੰਚ ਪਰਵਾਣ ਪੰਚ ਪਰਧਾਨੁ' ਦਾ ਗੁਰਵਿਚਾਰ ਹੀ ਹਮੇਸ਼ਾ ਸਕ੍ਰਿਯ ਰਿਹਾ ਹੈ ਅਤੇ ਉਨ੍ਹਾਂ ਦੁਆਰਾ ਮਿੱਥੇ ਆਦਰਸ਼ਾਂ ਅਨੁਰੂਪ ਸੰਸਥਾ ਦੀ ਪੂਰਣਤਾ ਦਾ ਸ਼੍ਰੇਯ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਂਦਾ ਹੈ।

5. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਸਾਰ ਨਾਮ ਜਪਣਾ, ਵੰਡ ਛਕਣਾ ਅਤੇ ਧਰਮ ਦੀ ਕਿਰਤ ਕਰਨਾ ਹੈ। ਪਿਛਲੇ ਦੋਹਾਂ ਦਾ ਸੰਬੰਧ ਆਰਥਿਕਤਾ ਨਾਲ ਹੈ। ਧਰਮ ਦੀ ਕਿਰਤ ਅਤੇ ਵੰਡ ਛਕਣ ਦੀ ਬ੍ਰਿਤੀ ਨਾਲ ਸੰਸਾਰ ਵਿਚ ਆਰਥਿਕ ਅਸਮਾਨਤਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸ੍ਰੀ ਗੁਰੂ ਨਾਨਕ ਦੇਵ ਜੀ ਵੰਡ ਛਕਣ ਪ੍ਰਤੀ ਇਤਨੇ ਵਚਨਬੱਧ ਸਨ ਕਿ ਮੌਜੂਦਾ 'ਕੇਰਲ' ਰਾਜ ਵਿਚ ਵਿਚਰਦਿਆਂ ਇਕ ਤਿਲ ਵੰਡ ਕੇ ਛਕਣ ਲਈ ਉਨ੍ਹਾਂ ਇਸ ਨੂੰ ਕੂੰਡੀ ਵਿਚ ਘੋਟ ਕੇ ਵਰਤਾ ਦਿੱਤਾ। ਉਹ ਜਦੋਂ ਲਾਹੌਰ ਵਿਚ ਦੁਨੀ ਚੰਦ ਨੂੰ ਮਿਲੇ ਤਾਂ ਗੁਜ਼ਾਰਨ ਲਈ ਧਨ ਰੱਖਕੇ ਬਾਕੀ ਲੋੜਵੰਦਾਂ ਵਿਚ ਵੰਡਣ ਨੂੰ ਮੁਕਤਿ-ਮਾਰਗ ਲਈ ਜ਼ਰੂਰੀ ਦੱਸਿਆ। ਉਹ ਸ੍ਰਿਸ਼ਟੀ ਦੇ ਸਮੂਹ ਪਦਾਰਥ ਸਾਰੀ ਮਨੁੱਖਤਾ ਲਈ ਸਾਂਝੇ ਮੰਨਦੇ ਸਨ ਅਤੇ ਇਨ੍ਹਾਂ ਦੇ ਇਕਸਮਾਨ ਵਿਤਰਣ ਨੂੰ ਹੀ ਨਿਆਏ-ਸੰਗਤ ਜਾਣਦੇ ਸਨ। 'ਘਾਲਿ ਖਾਇ ਕਿਛੁ ਹਥਹੁ ਦੇਇ' ਦੇ ਸੁਨਹਿਰੀ ਅਸੂਲ ਦੀ ਸਥਾਪਨਾ ਕਰਦਿਆਂ ਉਨ੍ਹਾਂ ਇਹ ਚੇਤਾਵਨੀ ਦਿੱਤੀ ਕਿ ਪਰਾਏ ਹੱਕ ਤੇ ਪਲਣ ਵਾਲੇ ਮਨੁੱਖ ਪਰਮਾਤਮਾ ਦੇ ਨੇੜੇ ਕਦੇ ਨਹੀਂ ਪੁੱਜ ਸਕਦੇ।[46] ਗੁਰੂ ਸਾਹਿਬ ਦਾ ਮਤ ਸੀ ਕਿ ਇਸ ਧਰਤੀ ਉਤੇ ਸਾਰੇ ਜੀਵਾਂ ਦੇ ਗੁਜ਼ਾਰਨ ਲਈ ਭਰਪੂਰ ਪਦਾਰਥ ਹਨ, ਪਰ ਮਨੁੱਖ ਦੀ ਜਮ੍ਹਾਂ ਕਰਨ ਦੀ ਲਾਲਚੀ ਪ੍ਰਵਿਰਤੀ ਸੰਤੁਲਨ ਨੂੰ ਵਿਗਾੜਦੀ ਹੈ। ਜੇਕਰ ਮਨੁੱਖ ਗੰਭੀਰਤਾ ਸਹਿਤ ਵਿਸ਼ਲੇਸ਼ਣ ਕਰੇ ਤਾਂ ਉਹ ਇਸ ਨਤੀਜੇ ਤੇ ਪੁੱਜੇਗਾ ਕਿ ਜਿੱਥੇ ਜੀਵ ਹਨ ਉਥੇ ਪ੍ਰਤਿਪਾਲਣਾ ਦੇ ਸਾਧਨ ਵੀ ਹਨ।[47] ਜੀਵ ਖਾਂਦਿਆਂ ਥੱਕ ਜਾਂਦਾ ਭਾਵ ਬੁੱਢਾ ਹੋ ਜਾਂਦਾ ਹੈ, ਪਰ ਪਦਾਰਥਾਂ ਦੀ ਕੋਈ ਘਾਟ ਨਹੀਂ ਆਉਂਦੀ, ਇਹ ਪ੍ਰਕਿਰਿਆ ਨਿਰਬਾਧ ਚਲੀ ਆ ਰਹੀ ਹੈ।[48] ਸ੍ਰੀ ਗੁਰੂ ਅਮਰਦਾਸ ਜੀ ਦਾ ਲੰਗਰ ਦੇ ਬਰਤਨ ਹਰ ਰੋਜ਼ ਪਲਟ ਦੇਣ ਦਾ ਪ੍ਰਯੋਜਨ ਪਦਾਰਥ ਜਮ੍ਹਾਂ ਕਰਨ ਵਿਰੁੱਧ ਸਿਖਿਆ ਦੇਣਾ ਹੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਨੇ ਧਨ ਗੁਜ਼ਾਰਨ ਕਹਿ ਕੇ ਆਰਥਿਕ ਸਮਾਨਤਾ ਦਾ ਮਾਰਗ ਸੁਦ੍ਰਿੜ੍ਹ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਦੇਗ ਤੇਗ ਫਤਹਿ' ਦਾ ਵਿਸ਼ਵ-ਲਕਸ਼ ਨਿਸ਼ਚਿਤ ਕਰਦਿਆਂ ਇਹੋ ਸੰਦੇਸ਼ ਦੇਣ ਦਾ ਪ੍ਰਯਤਨ ਕੀਤਾ ਕਿ ਪੂਰੀ ਇਨਸਾਨੀਅਤ ਲਈ ਭੋਜਨ ਦਾ ਪ੍ਰਬੰਧ ਕਰਕੇ

ਮੁਕਤ-ਸਮਾਜ ਦੇ ਨਿਰਮਾਨ ਵਿਚ ਅੰਤਿਮ ਫਤਹਿ ਮਿਲ ਸਕਦੀ ਹੈ। 'ਦੇਗ' ਗੋਲਾਈ ਵਿਚ ਹੋਣ ਕਰਕੇ ਸਮੁੱਚੀ ਮਾਨਵਤਾ ਦੇ ਸਾਂਝੇ ਲੰਗਰ ਦਾ ਪ੍ਰਤੀਕ ਹੈ। 'ਦੇਗ' ਦਾ ਮੂੰਹ ਛੋਟਾ ਪਰ ਪੇਟ ਵੱਡਾ ਹੋਣਾ ਇਹ ਵਿਸ਼ਵਾਸ ਦਿਵਾਂਦਾ ਹੈ ਕਿ ਸਾਡੇ ਸੰਸਾਰ ਵਿਚ ਪਦਾਰਥ ਦੇਖਣ ਨੂੰ ਭਾਵੇਂ ਥੋੜ੍ਹੇ ਲੱਗਣ ਵਾਸਤਵਿਕਤਾ ਵਿਚ ਧਰਤੀ ਦੇ ਪੇਟ ਵਿਚ ਜੀਵਾਂ ਦੇ ਗੁਜ਼ਾਰਨ ਲਈ ਅਨੰਤ ਪਦਾਰਥ ਛਿਪੇ ਹੋਏ ਹਨ, ਲੋੜ ਹੈ ਤਾਂ ਕੇਵਲ ਪ੍ਰਤਿਪਾਲਣਾ ਸੰਬੰਧੀ ਵਿਸ਼ਵਸਤ ਹੋਣ ਦੀ। ਦੇਗ ਇਕ ਵਿਅਕਤੀ ਜਾਂ ਪਰਿਵਾਰ ਦੇ ਭੋਜਨ ਦੀ ਬੋਧਕ ਨਹੀਂ, ਸਗੋਂ ਇਹ ਸਰਬ-ਸਾਂਝੀ ਸਾਮੂਹਿਕ ਰਸੋਈ ਦਾ ਪ੍ਰਤੀਕ ਹੈ, ਜੋ ਧਨ ਦੀ ਬਰਾਬਰ ਵੰਡ ਨੂੰ ਦਰਸਾਣ ਲਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੇਗ ਦਾ ਜ਼ਿਕਰ ਕਰਦਿਆਂ ਲਿਖਿਆ ਹੈ :

ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥[49]

ਇਸ ਸਤਰ ਵਿਚ ਧਰਤੀ ਨੂੰ ਦੇਗ ਕਿਹਾ ਹੈ ਕਿ ਜਿਸ ਵਿਚ ਇਕੋ ਵਾਰੀ ਅਸੀਮ ਪਦਾਰਥ ਪਾ ਦਿੱਤੇ ਗਏ ਹਨ। ਇੰਞ ਦੇਗ਼ ਵਿਸ਼ਵ ਦੀ ਸਮੂਹ ਸਾਮੱਗਰੀ ਅਤੇ ਸਭ ਦੀ ਇਕੋ ਜਿਹੀ ਪਰਵਰਿਸ਼ ਦਾ ਪ੍ਰਤੀਕ ਹੈ ਅਤੇ ਦੇਗ਼ ਦੀ ਫਤਹਿ ਉਸ ਕਲਿਆਣਕਾਰੀ ਸਮਾਜ ਦਾ ਅੰਤਿਮ ਨਿਸ਼ਾਨਾ ਹੈ, ਜਿੱਥੇ ਨਾ ਕੋਈ ਭੁੱਖਾ ਹੋਵੇ ਅਤੇ ਨਾ ਹੀ ਜਮ੍ਹਾਂਖੋਰ। ਜਿੱਥੇ ਸਭ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹੋਣ। ਸੱਤੇ ਬਲਵੰਡ ਦੀ ਵਾਰ ਵਿਚ ਆਇਆ ਹੈ "ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।"[50] ਇਥੇ ਲੰਗਰ ਨੂੰ ਸਿਰਫ਼ ਭੋਜਨ ਵਿਤਰਣ ਨਾਲ ਸੰਬੰਧਿਤ ਨਹੀਂ ਕੀਤਾ, ਬਲਕਿ ਦੌਲਤ ਵੰਡਣ ਨੂੰ ਵੀ ਲੰਗਰ ਦਾ ਹਿੱਸਾ ਬਣਾ ਦਿੱਤਾ ਹੈ ਅਤੇ ਇਹ ਕਹਿ ਦਿੱਤਾ ਹੈ ਕਿ ਜਦੋਂ ਧਨ-ਭੋਜਨ ਆਦਿ ਸਮੂਹ ਪਦਾਰਥ ਸਾਰਿਆਂ ਨਾਲ ਸਾਂਝੇ ਕੀਤੇ ਜਾਣਗੇ ਤਾਂ (ਸਾਦਾ ਪਦਾਰਥਾਂ ਵਿਚੋਂ ਵੀ) ਆਪ ਮੁਹਾਰੇ ਇਨ੍ਹਾਂ ਵਿਚੋਂ ਅੰਮ੍ਰਿਤ ਦਾ ਸਵਾਦ ਆਉਣ ਲੱਗ ਪਵੇਗਾ। 'ਅਮਰਨਾਮਾ' ਵਿਚ ਲਿਖਿਆ ਹੈ ਕਿ ਇਕ ਵਿਅਕਤੀ ਕੋਲ ਜਦੋਂ ਹਰਿਦੁਆਰ ਜਾਣ ਲਈ ਸਫ਼ਰ ਖਰਚ ਨਹੀਂ ਸੀ ਤਾਂ ਉਹ 'ਕਰਤਾਰਪੁਰ' ਪੰਚਮ ਗੁਰੂ ਜੀ ਕੋਲ ਆਇਆ ਸੀ ਕਿਉਂਜੁ ਉਸ ਨੇ ਸੁਣਿਆ ਹੋਇਆ ਸੀ ਕਿ ਗੁਰੂ ਸਾਹਿਬ ਜ਼ਰੂਰਤਮੰਦਾਂ ਦੀ ਆਰਥਿਕ ਮਦਦ ਕਰਦੇ ਹਨ। ਪਰ ਇਕ ਗੱਲ ਸਮਝ ਲੈਣੀ ਜ਼ਰੂਰੀ ਹੈ ਕਿ ਜਿਥੇ ਹੋਰ ਧਰਮਾਂ ਨੇ ਦਾਨ ਦੇਣ ਤੇ ਜ਼ੋਰ ਦਿੱਤਾ ਹੈ, ਉਥੇ ਸਿੱਖ ਧਰਮ ਨੇ 'ਵੰਡ ਛਕਣ' ਦੇ ਆਦਰਸ਼ ਨੂੰ ਪ੍ਰਚਾਰਿਆ ਹੈ। ਦਾਨ ਦੇਣਾ ਆਰਥਿਕ ਅਸਮਾਨਤਾ ਦਾ ਬੋਧਕ ਹੈ, ਪਰ ਵੰਡ ਛਕਣਾ ਸਮਾਨਤਾ ਦਾ ਸੂਚਕ ਹੈ। ਇਸੇ ਅੰਤਰ ਕਰਕੇ ਸਿੱਖ ਧਰਮਾਰਥ ਦਿੱਤੇ ਆਰਥਿਕ ਸਹਿਯੋਗ ਨੂੰ 'ਦਸਵੰਧ' ਕਹਿੰਦੇ ਹਨ ਦਾਨ ਨਹੀਂ।

ਸ੍ਰੀ ਗੁਰੂ ਗੋਬਿੰਦ ਜੀ ਦੇ ਜੀਵਨ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਉਹ ਲੋਕ-ਭਲਾਈ ਅਤੇ ਧਰਮ-ਪ੍ਰਸਾਰ ਵਾਸਤੇ ਇਕੱਤਰ ਹੋਈ ਮਾਇਆ ਨੂੰ ਕਠਿਨ ਪਰਿਸਥਿਤੀਆਂ ਵਿਚ ਹੀ ਹੋਰ ਕਾਰਜਾਂ ਲਈ ਨਹੀਂ ਵਰਤਦੇ ਸਨ। ਆਨੰਦਪੁਰ ਦੇ ਘੇਰੇ ਸਮੇਂ ਜਦੋਂ ਕਠਿਨ ਹਾਲਾਤ ਵਿਚ ਸਿੱਖਾਂ ਨੇ ਇਕੱਤਰ ਧਨ-ਪਦਾਰਥ ਅਨਾਜ ਦੀ ਖ਼ਰੀਦ ਕਰਨ ਵਾਸਤੇ ਸਿੱਖਾਂ ਵਿਚ ਵੰਡ ਦੇਣ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਸਮਝਾਇਆ ਕਿ ਇਹ ਧਨ ਸਾਡੇ ਲਈ ਜ਼ਹਿਰ ਹੈ। ਸ੍ਰੀ ਗੁਰੂ ਸਾਹਿਬ ਧਨ ਦੀ ਕਾਣੀ ਵੰਡ ਦੇ ਇਤਨੇ ਵਿਰੁੱਧ ਸਨ ਕਿ ਕਿਹਾ ਜਾਂਦਾ ਹੈ, ਉਹ ਨਾਜ਼ਾਇਜ਼ ਤਰੀਕਿਆਂ ਨਾਲ ਧਨ-ਸੰਗ੍ਰਹਿ ਕਰਨ ਵਾਲਿਆਂ ਤੋਂ ਲੁੱਟ ਦਾ ਮਾਲ ਜਬਰੀ ਖੋਹਣ ਦੇ ਵੀ ਵਿਰੁੱਧ ਨਹੀਂ ਸਨ। ਇਹੀ ਕਾਰਣ ਸੀ ਕਿ ਬਾਬਾ ਬੰਦਾ ਸਿੰਘ ਦੇ ਕਾਲ ਤੋਂ ਸਿੱਖ ਰਾਜ ਦੀ ਸਥਾਪਤੀ ਤਕ ਲੁਟੇਰਿਆਂ ਅਤੇ ਸ਼ੋਸ਼ਣ ਕਰਨ ਵਾਲਿਆਂ ਤੋਂ ਧਨ ਲੁੱਟਣ ਨੂੰ ਸਿੱਖ ਗੁਰੂ ਦੀ ਸਿਖਿਆ ਦੇ ਅਨੁਰੂਪ ਧਰਮ ਦਾ ਕਾਰਜ ਹੀ ਮੰਨਦੇ ਸਨ। ਸਰਹਿੰਦ ਦੀ ਮੁਕੰਮਲ ਲੁੱਟ ਤੋਂ ਵਰਜਣ ਵਾਲੇ ਬਾਬਾ ਬੰਦਾ ਸਿੰਘ ਦੇ ਆਦੇਸ਼ ਨੂੰ ਪੰਥ ਵਿਰੋਧੀ ਕਾਰਜ ਕਿਹਾ ਗਿਆ।

6. ਮਨੁੱਖ ਦਾ ਇਹ ਅਹੰਕਾਰ ਹੈ ਕਿ ਉਹ ਆਪਣੀ ਭਾਸ਼ਾ ਨੂੰ ਸਰਵੋਤਮ ਹੀ ਨਹੀਂ ਸਮਝਦਾ, ਸਗੋਂ ਦੂਜੀਆਂ ਭਾਸ਼ਾਵਾਂ ਨੂੰ ਤੁੱਛ ਸਮਝਣ ਦੇ ਵਿਨਾਸ਼ਕਾਰੀ ਵਿਚਾਰਾਂ ਤੋਂ ਵੀ ਨਿਰਲੇਪ ਨਹੀਂ ਰਹਿ ਸਕਦਾ। ਅਮਰੀਕਾ ਅਤੇ ਬਰਤਾਨੀਆਂ ਦੇ ਲੋਕਾਂ ਦੀ ਆਪਣੀ-ਆਪਣੀ ਅੰਗਰੇਜ਼ੀ ਤੇ ਗੌਰਵ ਕਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਸੱਭਯ ਮਨੁੱਖ ਵੀ ਇਸ ਝੂਠੇ ਅਹੰ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੈ। ਸਿੱਖ ਧਰਮ ਦੇ ਉਦਗਮ ਸਮੇਂ ਹਿੰਦੂ ਅਤੇ ਮੁਸਲਮਾਨ ਇਕ ਦੂਜੇ ਦੀ ਭਾਸ਼ਾ ਪ੍ਰਤੀ ਨਫ਼ਰਤ ਭਾਵ ਰੱਖਦੇ ਸਨ। ਭਾਵੇਂ ਗੁਰੂ ਪਾਤਸ਼ਾਹ ਕਿਸੇ ਉਤੇ ਕੋਈ ਭਾਸ਼ਾ ਜਬਰੀ ਠੋਸੇ ਜਾਣ ਜਾਂ ਬੁਝਦਿਲ ਹੋ ਕੇ ਆਪਣੀ ਭਾਸ਼ਾ ਜਾਂ ਸੰਸਕ੍ਰਿਤੀ ਦੀ ਰਾਖੀ ਨਾ ਕਰਣ ਦੇ ਵਿਰੁੱਧ ਸਨ, ਫਿਰ ਵੀ ਉਹ ਕਿਸੇ ਭਾਸ਼ਾ ਵਿਸ਼ੇਸ਼ ਦੇ ਅੱਛੇ ਜਾਂ ਬੁਰੇ ਹੋਣ ਦੇ ਖ਼ਿਆਲ ਨੂੰ

ਮਾਨਵਤਾ-ਵਿਰੋਧੀ ਰੁਚੀਆਂ ਮੰਨਦੇ ਸਨ। ਸਾਰੇ ਗੁਰੂ ਪਾਤਸ਼ਾਹਾਂ ਦਾ ਇਹ ਵਿਚਾਰ ਰਿਹਾ ਹੈ ਕਿ ਭਾਸ਼ਾ ਮਨੁੱਖ ਨੂੰ ਮਨੁੱਖ ਨਾਲ ਜੋੜਨ ਵਾਸਤੇ ਹੈ ਨਾ ਕਿ ਤੋੜਨ ਵਾਸਤੇ। ਕਿਸੇ ਵੀ ਭਾਸ਼ਾ ਵਿਚ ਕੀਤੀ ਚੰਗੀ ਗੱਲ ਸਲਾਹੁਣਯੋਗ ਹੈ ਅਤੇ ਮੰਦੇ ਬੋਲ ਹਰ ਭਾਸ਼ਾ ਵਿਚ ਹੀ ਮੰਦੇ ਹਨ। ਕਿਸੇ ਖ਼ਾਸ ਭਾਸ਼ਾ ਦੀ ਪਵਿੱਤ੍ਰਤਾ ਨੂੰ ਉਹ ਪੂਰੀ ਤਰ੍ਹਾਂ ਅਪ੍ਰਵਾਨ ਕਰਦੇ ਸਨ। ਗੁਰੂ ਨਾਨਕ ਸਾਹਿਬ ਜਿਥੇ ਵੀ ਜਾਂਦੇ ਉਥੋਂ ਦੇ ਲੋਕਾਂ ਦੀ ਭਾਸ਼ਾ ਵਿਚ ਗੱਲ ਕਰਨ ਨੂੰ ਪ੍ਰਾਥਮਿਕਤਾ ਦਿੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਭਾਸ਼ਾਵਾਂ ਨੂੰ ਸਥਾਨ ਦੇ ਕੇ ਗੁਰੂ ਸਾਹਿਬ ਨੇ ਆਪਣੇ ਵਿਸ਼ਾਲ ਹਿਰਦੇ ਦਾ ਪਰਿਚੈ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਜਦੋਂ ਪੱਤ੍ਰ ਲਿਖਿਆ ਤਾਂ ਦੂਜੀ ਧਿਰ ਦੀ ਭਾਸ਼ਾ ਵਿਚ ਗੱਲਬਾਤ ਕਰਨ ਨੂੰ ਪਹਿਲ ਦਿੱਤੀ। ਗੁਰੂ ਜੀ ਜ਼ਫ਼ਰਨਾਮੇ ਵਿਚ ਸਿੱਖ ਗ੍ਰੰਥਾਂ ਦੀ ਨਹੀਂ ਫ਼ਿਰਦੌਸੀ ਦੀ ਮਿਸਾਲ ਦੇ ਕੇ ਇਸਲਾਮਿਕ ਸ਼ਬਦਾਵਲੀ ਵਿਚ ਗੱਲ ਕਰਦੇ ਹਨ। ਉਨ੍ਹਾਂ ਨੇ ਦਸਮ ਗ੍ਰੰਥ ਦੀ ਪ੍ਰਥਮ ਬਾਣੀ 'ਜਾਪੁ' ਵਿਚ ਇਸਲਾਮਿਕ ਸ਼ਬਦਾਵਲੀ ਅਤੇ ਭਾਰਤੀ ਸ਼ਬਦਾਵਲੀ ਨੂੰ ਇਸ ਤਰੀਕੇ ਨਾਲ ਮਿਲਾਇਆ ਹੈ, ਜਿਵੇਂ ਕਿ ਦੋ ਭਾਸ਼ਾਵਾਂ ਨਹੀਂ ਦੋ ਧਰਮਾਂ ਦੇ ਸਮੂਹ ਲੋਕਾਂ ਦਾ ਆਤਮਿਕ ਮਿਲਨ ਹੋ ਰਿਹਾ ਹੋਵੇ। ਵਿਭਿੰਨ ਭਾਸ਼ਾਵਾਂ ਦੀ ਸ਼ਬਦਾਵਲੀ ਤਾਂ ਹੋਰ ਲਿਖਾਰੀ ਵੀ ਵਰਤ ਲੈਂਦੇ ਹਨ, ਪਰ ਗੁਰੂ ਸਾਹਿਬ ਨੇ ਜਿਵੇਂ ਦੋਹਾਂ ਭਾਸ਼ਾਵਾਂ ਦਾ ਮਿਸ਼੍ਰਣ ਕਰਕੇ ਨਵੀਂ ਸ਼ਬਦਾਵਲੀ ਘੜੀ ਹੈ, ਉਹ ਆਪਣੇ-ਆਪ ਵਿਚ ਇਕ ਅਦੁਤੀ ਕਾਰਜ ਹੈ। ਇਕੋ ਸ਼ਬਦ ਦਾ ਅੱਧਾ ਭਾਗ ਇਕ ਭਾਸ਼ਾ ਦਾ ਅਤੇ ਅੱਧਾ ਭਾਗ ਦੂਜੀ ਭਾਸ਼ਾ ਦਾ ਵਰਤਣ ਦੇ ਉਦਾਰਚਿਤ ਕਾਰਜ ਵਿਚ ਪੂਰੀ ਮਨੁੱਖਤਾ ਨੂੰ ਇਕੋ ਗੁਰੂ-ਸੂਤ੍ਰ ਵਿਚ ਪਰੋਤੇ ਦੇਖਕੇ ਸਭ ਸ਼੍ਰੋਤਿਆਂ ਦੇ ਮਨ ਅਦਭੁਤ ਵਿਸਮਾਦੀ ਅਨੁਭੂਤੀ ਦਾ ਅੰਮ੍ਰਿਤ ਰਸ ਚੱਖ ਲੈਂਦੇ ਹਨ। ਇਹੋ ਅੰਮ੍ਰਿਤ ਹੀ ਤਾਂ ਸ੍ਰੋਤੇ ਨੂੰ ਅੰਮ੍ਰਿਤਧਾਰਨ ਦੀ ਅੰਤਿਮ ਮੰਜ਼ਿਲ ਤਕ ਲੈ ਜਾਂਦਾ ਹੈ। ਸਮਸਤੁਲ ਪ੍ਰਣਾਸੇ, ਸਮਸਤੁਲ ਪ੍ਰਣਾਮੇ, ਅਗੰਜੁਲ ਅਨਾਮੇ, ਰੁਜੂਉਲ ਨਿਧਾਨੈ, ਸਮਸਤੁਲ ਸਲਾਮ, ਸਮਸਤੁਲ ਕਲਾਮ, ਅਗੰਜੁਲ ਗਨੀਮ, ਸਮਸਤੁਲ ਜ਼ੁਬਾਂ, ਬਹਿਸ਼ਤੁਲ ਨਿਵਾਸ, ਹਮੇਸੁਲ ਰਵੰਨ, ਸਮਸਤੁਲ ਅਜ਼ੀਜ਼, ਹਮੇਸੁਲ ਅਭੇਖ ਤੋਂ ਇਲਾਵਾ ਅਨੇਕੁਲ, ਸਦੈਵੁਲ, ਪ੍ਰਿਥੀਉਲ, ਸਰਬੁਲ ਅਦੇਸੁਲ ਆਦਿ 'ਜਾਪੁ' ਬਾਣੀ ਦੇ ਸ਼ਬਦਾਂ ਦਾ ਪ੍ਰਮਾਣ ਮੇਰੇ ਵਿਚਾਰ ਦੀ ਪੁਸ਼ਟੀ ਲਈ ਕਾਫ਼ੀ ਹੈ। ਇੰਞ ਭਾਸ਼ਾਈ ਬਰਾਬਰੀ ਦਾ ਸੰਕਲਪ ਉਨ੍ਹਾਂ ਦੀ ਮਨੁੱਖਤਾ ਨੂੰ ਇਕ ਹੋਰ ਬਹੁਤ ਵੱਡੀ ਦੇਣ ਹੈ।

7. ਅਜੋਕਾ ਸਮਾਂ ਸ਼ਬਦ-ਸ਼ਕਤੀ ਦੇ ਪ੍ਰਸਾਰ ਦਾ ਸਮਾਂ ਹੈ ਅਤੇ ਮਾਨਵ ਨੇ ਜਿਤਨੀ ਪ੍ਰਗਤੀ ਸ਼ਬਦ-ਪ੍ਰਸਾਰ ਦੇ ਖੇਤਰ ਵਿਚ ਕੀਤੀ ਹੈ ਉਤਨੀ ਕਿਸੇ ਵੀ ਹੋਰ ਖੇਤਰ ਵਿਚ ਨਜ਼ਰ ਨਹੀਂ ਆਉਂਦੀ। ਅੱਜ ਦੇ ਸੱਭਯ ਸਮਾਜ ਹਰ ਮਸਲੇ ਦਾ ਹੱਲ ਗੱਲਬਾਤ ਰਾਹੀਂ ਕਰਨ ਤੇ ਜ਼ੋਰ ਦਿੰਦਾ ਹੈ। ਸ੍ਰੀ ਗੁਰੂ ਸਾਹਿਬ ਦੀ ਲਿਖਿਤ 'ਜ਼ਫ਼ਰਨਾਮੇ' ਨੂੰ ਆਮ ਤੌਰ ਤੇ ਗੁਰੂ ਜੀ ਦੀ ਚੜ੍ਹਦੀ ਕਲਾ ਪ੍ਰਗਟ ਕਰਨ ਵਾਲੀ ਰਚਨਾ ਕਹਿਕੇ ਇਸ ਦਾ ਸਰਵਪੱਖੀ ਵਿਸ਼ਲੇਸ਼ਣ ਕਰਨ ਦੀ ਸੰਭਾਵਨਾ ਵਲੋਂ ਉਨਮੁੱਖਤਾ ਧਾਰਨ ਕਰ ਲਈ ਜਾਂਦੀ ਹੈ, ਪਰ ਜੇ ਇਸ ਕ੍ਰਿਤੀ ਨੂੰ ਗੰਭੀਰਤਾ ਸਹਿਤ ਵਿਚਾਰਿਆ ਜਾਵੇ ਤਾਂ ਚੜ੍ਹਦੀ ਕਲਾ ਇਸ ਦਾ ਮੁੱਖ ਵਿਸ਼ਾ ਨਹੀਂ ਹੈ, ਕਿਉਂ ਜੁ ਸਰਵ-ਪ੍ਰਥਮ ਤਾਂ ਇਹ ਇਕ ਪੱਤ੍ਰ ਹੈ ਅਤੇ ਪੱਤ੍ਰ ਸਭ ਤੋਂ ਪਹਿਲਾਂ ਦੋ ਵਿਅਕਤੀਆਂ ਵਿਚਲਾ ਸੰਵਾਦ ਹੈ। ਹਕੂਮਤ ਅਤੇ ਗੁਰੂ ਸਾਹਿਬ ਵਿਚਾਲੇ ਗੱਲਬਾਤ ਚਲਾਉਣ ਲਈ ਸ਼ਹਿਨਸ਼ਾਹ ਦਾ ਸੰਦੇਸ਼ ਸੱਚੇ ਪਾਤਸ਼ਾਹ ਪਾਸ ਪੁੱਜਦਾ ਹੈ ਅਤੇ ਸੱਚੇ ਪਾਤਸ਼ਾਹ ਉਸ ਦਾ ਸਕਾਰਾਤਮਿਕ ਜਵਾਬ ਆਪਣੇ ਵਿਸ਼ਵਾਸੀ ਸਿੱਖਾਂ ਰਾਹੀਂ ਭੇਜਦੇ ਹਨ। ਦਰਅਸਲ ਗੁਰੂ ਦਾ ਇਹ ਪੱਤ੍ਰ ਰਾਜਨੀਤਿਕ ਪੱਧਰ ਤੇ ਗੱਲਬਾਤ ਕਰਨ ਲਈ ਖਾਲਸਾ ਪੰਥ ਵਾਸਤੇ ਸਦੀਵੀ ਦਿਸ਼ਾ ਨਿਰਧਾਰਿਤ ਕਰਨ ਵਾਲੀ ਕ੍ਰਿਤੀ ਹੈ।

ਅਸੀਂ ਉੱਪਰ ਕਹਿ ਆਏ ਹਾਂ ਕਿ ਆਧੁਨਿਕ ਯੁੱਗ ਵਿਚ ਅੰਤ੍ਰਰਾਸ਼ਟਰੀ ਪੱਧਰ ਤੇ ਹਰ ਸਮੱਸਿਆ ਦਾ ਸਮਾਧਾਨ ਕਰਨ ਹਿਤ ਸੰਵਾਦ ਨੂੰ ਹੀ ਇਕ ਸਫ਼ਲ ਸਾਧਨ ਸਵੀਕਾਰ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਜੀ ਨੇ ਸਦੀਆਂ ਪਹਿਲਾਂ ਹੀ 'ਸ਼ਬਦ' ਨੂੰ ਮਨੁੱਖ ਦੀ ਹਰ ਸਮੱਸਿਆ ਦਾ ਹੱਲ ਦੱਸਕੇ ਇਸ ਸਾਧਨ ਦੀ ਉੱਤਮਤਾ ਸਥਾਪਿਤ ਕਰ ਦਿੱਤੀ ਸੀ। ਸ੍ਰੀ ਬਾਬਾ ਨਾਨਕ ਜੀ ਨੇ 'ਸ਼ਬਦ ਜਿਤੀ ਸਿੱਧ ਮੰਡਲੀ' ਕਹਿਕੇ ਰਚਨਾਤਮਿਕ ਸੰਵਾਦ ਨੂੰ ਇਕ ਸਰਵੋਤਮ ਸ਼ਸਤ੍ਰ ਦੱਸਿਆ ਸੀ। ਕਠਿਨ ਹਾਲਾਤ ਵਿਚ ਜਦੋਂ ਕਦੇ ਕੌਮ ਸਾਹਮਣੇ ਇਹ ਸਮੱਸਿਆ ਆ ਜਾਵੇ ਕਿ ਵਿਰੋਧੀ ਧਿਰ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ ਜਾਂ ਨਹੀਂ ਤਾਂ ਗੁਰੂ ਜੀ ਦੀ ਰਚਨਾ ਜ਼ਫ਼ਰਨਾਮਾ ਚਾਨਣ ਮੁਨਾਰੇ ਦਾ ਕੰਮ ਕਰ ਸਕਦੀ ਹੈ। ਗਿਆਨੀ ਗਿਆਨ ਸਿੰਘ ਕਹਿੰਦੇ ਹਨ ਕਿ

ਇਕ ਦਿਨ ਭਾਈ ਮਾਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਜੇਕਰ ਔਰੰਗਜ਼ੇਬ ਦਾ ਬਧ ਕਰ ਦਿੱਤਾ ਜਾਵੇ ਤਾਂ ਤੁਰਕ ਸਾਮਰਾਜ ਦਾ ਆਪ ਹੀ ਵਿਨਾਸ਼ ਹੋ ਜਾਵੇਗਾ ਤਾਂ ਗੁਰੂ ਜੀ ਨੇ ਜੁਆਬ ਵਿਚ ਕਿਹਾ ਕਿ ਔਰੰਗੇ ਨੂੰ ਯੁੱਧ ਵਿਚ ਮਾਰਨਾ ਸੀ, ਪਰ ਉਸ ਦੇ ਦੱਖਣ ਵਿਚ ਦੂਰ ਚਲੇ ਜਾਣ ਕਰਕੇ ਨਹੀਂ ਮਾਰ ਸਕੇ। ਹੁਣ ਅਸੀਂ ਉਸ ਨੂੰ ਬਚਨ ਨਾਲ ਮਾਰਾਂਗੇ।[51] ਇਸ ਤੋਂ ਗੁਰੂ ਜੀ ਦਾ ਭਾਵ ਇਹੋ ਹੋਵੇਗਾ ਕਿ ਜਿਥੇ ਸ਼ਸਤ੍ਰ ਕਾਰਗਰ ਨਹੀਂ ਜਾਂ ਜੋ ਕੰਮ ਹਥਿਆਰਾਂ ਨਾਲ ਸੰਭਵ ਨਹੀਂ, ਉਹ ਵਚਨ ਜਾਂ ਸ਼ਬਦ ਜਾਂ ਸੰਵਾਦ ਰਾਹੀਂ ਹੋ ਸਕਦਾ ਹੈ। ਹਰ ਸਮੱਸਿਆ ਦਾ ਅੰਤਿਮ ਹੱਲ ਗੱਲਬਾਤ ਹੀ ਹੈ ਅਤੇ ਗੱਲਬਾਤ ਵੱਡੀ ਤੋਂ ਵੱਡੀ ਸ਼ਤ੍ਰਤਾ ਰੱਖਣ ਵਾਲੇ ਨਾਲ ਵੀ ਕੀਤੀ ਜਾ ਸਕਦੀ ਹੈ। ਸੰਵਾਦ ਵੀ ਜੇਕਰ ਸਿੱਧਾ ਬਿਨਾ ਵਿਚੋਲਗੀ ਹੋਵੇ ਤਾਂ ਨਤੀਜੇ ਬਹੁਤ ਚੰਗੇ ਹੋ ਸਕਦੇ ਹਨ, ਇਸ ਪਾਸੇ ਗੁਰੂ ਜੀ ਸੰਕੇਤ ਕਰਦੇ ਆਖਦੇ ਹਨ, "ਹੇ ਔਰੰਗਜੇਬ ! ਜੇ ਤੂੰ ਮੇਰੇ ਸਾਮ੍ਹਣੇ ਹੁੰਦਾ ਤਾਂ ਸਾਰੀ ਗੱਲ ਪੂਰੀ ਤਰ੍ਹਾਂ ਸੱਚੇ ਹਿਰਦੈ ਨਾਲ ਸਪਸ਼ਟ ਹੋ ਜਾਂਦੀ।"[52] ਗੁਰੂ ਸ਼ਬਦ ਨਾ ਸਿਰਫ਼ ਸਿੱਖ -ਸੇਵਕਾਂ ਦੇ ਆਂਤ੍ਰਿਕ ਸ਼ਤਰੂਆਂ ਕਾਮ ਕ੍ਰੋਧ ਇਤਯਾਦਿ ਦਾ ਨਾਸ਼ ਕਰਨ ਦੇ ਸਮਰੱਥ ਹੈ, ਬਲਕਿ ਜਦੋਂ ਇਹ 'ਜ਼ਫ਼ਰਨਾਮੇ' ਜਿਹੇ ਦਸਤਾਵੇਜ਼ਾਂ ਦਾ ਰੂਪ ਧਾਰਣ ਕਰਦਾ ਹੈ ਤਾਂ ਬਾਹਰੀ ਆਕਾਰਧਾਰੀ ਸ਼ਤਰੂਆਂ ਦੇ ਬੁਰੇ ਮਨਸੂਬੇ ਢਾਹ-ਢੇਰੀ ਕਰਕੇ ਉਨ੍ਹਾਂ ਨੂੰ ਔਰੰਗਜ਼ੇਬ ਵਾਂਗ ਆਤਮ-ਮੰਥਨ ਕਰਨ ਲਈ ਵੀ ਮਜ਼ਬੂਰ ਕਰ ਦਿੰਦਾ ਹੈ।

੪. ਨਿਰਸਤ੍ਰੀਕਰਣ ਵਿਸ਼ਵ ਸਮੁਦਾਇ ਸਾਹਮਣੇ ਅੱਜ ਇਕ ਅਹਿਮ ਮਸਲਾ ਹੈ। ਅਹਿੰਸਾ ਦੇ ਆਦਰਸ਼ ਨੂੰ ਠੀਕ ਭਾਵਨਾ ਵਿਚ ਨਾ ਸਮਝਣ ਵਾਲੇ ਕਈ ਵਿਚਾਰਕ 'ਖਾਲਸਾ' ਪੰਥ ਦੇ ਸ਼ਸਤ੍ਰਧਾਰੀ ਸਰੂਪ ਨੂੰ ਅਪ੍ਰਵਾਨ ਕਰਦੇ ਹਨ, ਹਾਲਾਂਕਿ ਸਿੱਖ ਧਰਮ ਦੇ ਜ਼ੁਲਮ ਵਿਰੁੱਧ ਕੀਤੇ ਸੰਘਰਸ਼ਾਂ ਨੇ ਜਿਸ ਤਰ੍ਹਾਂ ਹਿੰਸਕ ਸ਼ਕਤੀਆਂ ਦੇ ਨਾਪਾਕ ਇਰਾਦਿਆਂ ਦੀਆਂ ਸਫ਼ਾਂ ਲਪੇਟ ਦਿੱਤੀਆਂ ਉਹਨਾਂ ਗੌਰਵਮਈ ਪ੍ਰਾਪਤੀਆਂ ਨੂੰ ਇਸ ਸ਼੍ਰੇਣੀ ਦੇ ਵਿਦਵਾਨ ਜਾਣਦੇ ਹਨ। ਇਥੋਂ ਤਕ ਕਿ ਭਾਰਤ ਦੇ ਲੋਕਾਂ ਦੀ ਹਰ ਰਮਜ਼ ਦੇ ਵਾਕਿਫ਼ ਮਹਾਤਮਾ ਗਾਂਧੀ ਜੀ ਵਰਗੇ ਵਿਅਕਤੀ ਵੀ 'ਅਹਿੰਸਾ ਪਰਮੋ ਧਰਮੋ' ਦੇ ਅਸੰਤੁਲਿਤ ਵਿਸ਼ਵਾਸ ਕਾਰਣ ਗੁਰੂ ਦੇ ਸਸ਼ਤਰ ਸੰਘਰਸ਼ਾਂ ਕਾਰਣ ਉਨ੍ਹਾਂ ਦੇ ਵਿਅਕਤਿਤਵ ਨੂੰ ਸਮਝਣ ਵਿਚ ਭੁੱਲ ਕਰਦੇ ਰਹੇ ਹਨ। ਅਸਲ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 'ਦੇਗ ਤੇਗ ਫ਼ਤਹਿ' ਦੇ ਸੰਕਲਪ ਨੂੰ ਹੋਰ ਗੰਭੀਰਤਾ ਸਹਿਤ ਸਮਝਣ ਦੀ ਗੁੰਜ਼ਾਇਸ਼ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇਗ ਨੂੰ ਵਿਅਕਤੀਗਤ ਅਥਵਾ ਸਮਾਜਿਕ ਸੁਰੱਖਿਆ ਅਤੇ ਨਿਆਇ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਹ ਧਾਰਮਿਕ ਨਾਅਰਾ ਆਦਰਸ਼ਕ ਵਿਸ਼ਵ-ਵਿਵਸਥਾ ਸੰਬੰਧੀ ਉਨ੍ਹਾਂ ਦੇ ਨਜ਼ਰੀਏ ਦਾ ਸੂਚਕ ਹੈ ਅਤੇ ਇਸ ਨੂੰ 'ਖਾਲਸਾ' ਪੰਥ ਦੀਆਂ ਰਾਜਨੀਤਿਕ ਜਿੱਤਾਂ ਤਕ ਸੰਕੁਚਿਤ ਨਹੀਂ ਕੀਤਾ ਜਾ ਸਕਦਾ। 'ਦੇਗ਼ ਤੇਗ਼ ਫਤਹਿ' ਰਾਹੀਂ ਗੁਰੂ ਸਾਹਿਬ ਆਰਥਿਕ ਬਰਾਬਰੀ, ਸਮਾਜਿਕ ਸੁਰੱਖਿਆ ਅਤੇ ਸਭ ਲਈ ਨਿਆਂ ਦੇ ਉਚ-ਆਦਰਸ਼ ਨੂੰ ਮਾਨਵੀ-ਮੰਜ਼ਿਲ ਨਿਰਧਾਰਿਤ ਕਰਦੇ ਹਨ। ਤੇਗ ਦਾ ਵਰਤਾਰਾ ਸਭ ਲਈ ਇਕੋ ਜਿਹਾ ਹੈ ਅਤੇ ਤੇਗ ਜਾਂ ਸ਼ਕਤੀ ਰਾਹੀਂ ਹੀ ਨਿਆਂ ਦੀ ਬਹਾਲੀ ਹੋ ਸਕਦੀ ਹੈ। ਇੰਞ ਤੇਗ਼ ਸਮਾਜਿਕ ਨਿਆਂ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਕ੍ਰਿਸ਼ਨ ਅਵਤਾਰ' ਵਿਚ ਕਿਹਾ ਹੈ :-

ਦੇਗ ਤੇਗ ਜਗ ਮੈ ਦੋਊ ਚਲੈਂ। ਰਾਖੁ ਆਪਿ ਮੁਹਿ ਅਉਰ ਨ ਦਲੈਂ।[53]

ਇੱਥੇ ਉਹ ਤੇਗ ਦੇ ਪ੍ਰਯੋਗ ਨੂੰ ਸਪਸ਼ਟ ਤੌਰ ਤੇ ਰੱਖਿਆ ਨਾਲ ਜੋੜਦਿਆਂ ਕਹਿੰਦੇ ਹਨ ਕਿ ਤੇਗ਼ ਦਾ ਪ੍ਰਯੋਜਨ ਗ਼ਰੀਬਾਂ ਅਤੇ ਦਲਿਤਾਂ ਦੀ ਨਿਰਬਾਧ ਪੀੜਾ ਨੂੰ ਰੋਕਣ ਹਿੱਤ ਉਸ ਹਿੰਸਾ ਨੂੰ ਵਿਨਸ਼ਟ ਕਰਨਾ ਹੈ ਜੋ ਜਾਬਰਾਂ ਵੱਲੋਂ ਅਮਨ-ਪਸੰਦ ਲੋਕਾਂ ਤੇ ਕੀਤੀ ਜਾਂਦੀ ਹੈ। ਗੁਰੂ ਸਾਹਿਬ ਵਾਹਿਗੁਰੂ ਤੋਂ ਹਮਲਾ ਕਰਨ ਦੀ ਸ਼ਕਤੀ ਨਹੀਂ ਸੁਰੱਖਿਆ ਦਾ ਸੁਖਦ ਵਾਤਾਵਰਣ ਮੰਗਦਿਆਂ ਕਹਿੰਦੇ ਹਨ:

ਅਪੁਨਾ ਜਾਨਿ ਕਰੋ ਰਖਵਾਰ। ਬਾਂਹ ਗਹੇ ਕੀ ਲਾਜ ਬਿਚਾਰਿ।[54]

ਸ਼ਸਤ੍ਰ ਮਾਨਵਤਾ-ਵਿਰੋਧੀ ਦੁਸ਼ਟਤਾਈ ਦੇ ਖ਼ਾਤਮੇ ਅਤੇ ਜਰਵਾਣੇ ਦੇ ਭਕਸ਼ਣ ਲਈ ਹੈ :

ਦੀਨ ਬੰਧੁ ਦੁਸ਼ਟਨ ਕੇ ਹੰਤਾ।....

ਅਬ ਰੱਛਾ ਮੇਰੀ ਤੁਮ ਕਰੋ।। ਸਿੱਖ ਉਬਾਰਿ ਅਸਿੱਖ ਸੰਘਰੋ।।...

ਦੁਸ਼ਟ ਜਿਤੇ ਉਠਵਤ ਉਤਪਾਤਾ।। ਸਕਲ ਮਲੇਛ ਕਰੋ ਰਣਘਾਤਾ।।[55]

ਉਪਰੋਕਤ ਪੰਕਤੀਆਂ ਵਿਚ ਗੁਰੂ ਸਾਹਿਬ 'ਅਸਿੱਖ' ਸ਼ਬਦ ਗੈਰ-ਸਿੱਖ ਲਈ ਨਹੀਂ ਵਰਤ ਰਹੇ, ਸਗੋਂ ਉਨ੍ਹਾਂ ਜਾਹਿਲ ਮਨੁੱਖਾਂ ਲਈ ਵਰਤ ਰਹੇ ਹਨ, ਜੋ ਅਨੁਸ਼ਾਸਿਤ ਮਾਨਵੀ-ਵਿਵਹਾਰ ਦੀ ਸਿਖਿਆ ਦਾ

ਅਨੁਸਰਣ ਕਰਨ ਤੋਂ ਮੁਨਕਰ ਹੋ ਕੇ ਅਮਾਨਵੀ-ਵਿਵਹਾਰ ਰਾਹੀਂ ਜਬਰ-ਜ਼ੋਰ ਨੂੰ ਜੀਵਨ ਦਾ ਨਿਸ਼ਾਨਾ ਮਿਥ ਲੈਂਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਤੇਗ਼ ਜਦੋਂ ਸਭ ਦੇ ਆਤਮ ਸਨਮਾਨ, ਸੁਰੱਖਿਆ ਅਤੇ ਨਿਆਂ ਦੇ ਨਿਸ਼ਾਨੇ ਨੂੰ ਪ੍ਰਾਪਤ ਕਰ ਲਵੇਗੀ ਤਾਂ ਵਿਸ਼ਵ ਮਨੁੱਖਤਾਵਾਦ ਦੀ ਅੰਤਿਮ ਮੰਜ਼ਿਲ ਜਿੱਤ ਲਵੇਗਾ, ਇਹ ਤੇਗ਼ ਦੀ ਫ਼ਤਹਿ ਦਾ ਵਾਸਤਵਿਕ ਅਰਥ ਹੈ। ਸਿੱਖਾਂ ਦੇ ਨੌਵੇਂ ਗੁਰੂ ਸਾਹਿਬ ਦੀ ਸ਼ਹਾਦਤ ਸਪਸ਼ਟ ਸੰਕੇਤ ਦਿੰਦੀ ਹੈ ਕਿ ਤੇਗ਼ ਬਹਾਦਰ ਉਹ ਹੀ ਹੋ ਸਕਦਾ ਹੈ, ਜੋ ਮਾਨਵੀ ਸੁਤੰਤਰਤਾ, ਬਰਾਬਰੀ ਅਤੇ ਨਿਆਂ ਲਈ ਚਾਂਦਨੀ ਚੌਕ ਵਰਗੇ ਸਥਾਨ ਤੇ ਆਪ ਪੁੱਜ ਕੇ ਸੀਸ ਕਟਵਾਣ ਲਈ ਤੱਤਪਰ ਹੋਵੇ। ਸ਼ਸਤ੍ਰ ਚੁੱਕਣ ਤੋਂ ਪਹਿਲਾਂ ਮਾਨਵਤਾ ਦੇ ਉਥਾਨ ਲਈ 'ਮਰਣ ਕਬੂਲ' ਕਰਕੇ ਹੀ ਸਿੱਖ ਧਰਮ ਅਨੁਰੂਪ ਸੰਤ-ਸਿਪਾਹੀ ਬਣਿਆ ਜਾ ਸਕਦਾ ਹੈ।

ਸ੍ਰੀ ਗੁਰੂ ਜੀ ਦੇ ਵਕਤ ਬੰਦੂਕਾਂ, ਤੋਪਾਂ ਜਿਹੇ ਹੋਰ ਕਈ ਮਾਰੂ ਹਥਿਆਰ ਪ੍ਰਚੱਲਿਤ ਹੋ ਚੁੱਕੇ ਸਨ, ਪਰ ਉਨ੍ਹਾਂ ਦਾ ਕ੍ਰਿਪਾਨ ਨੂੰ ਚੁਣਨਾ ਹਥਿਆਰਾਂ ਦੇ ਅਪ੍ਰਸਾਰ ਦਾ ਪ੍ਰਤੀਕ ਹੈ। ਸਰੀਰ ਤੇ ਪਹਿਰਨ ਕਾਰਣ ਇਸਦੇ ਆਕਾਰ ਦਾ ਸੀਮਿਤ ਹੋਣਾਂ ਵੀ ਇਸ ਦੀ ਸੰਜਮਿਤ ਵਰਤੋਂ ਵੱਲ ਇਸ਼ਾਰਾ ਹੈ। ਕ੍ਰਿਪਾਨ ਨੂੰ ਅੰਗ-ਸੰਗ ਰੱਖਣਾਂ ਨਿਜੀ ਹਿਫ਼ਾਜ਼ਤ ਦਾ ਚਿਹਨ ਹੈ। ਮੌਜੂਦਾ ਨਿਰਸਤ੍ਰੀਕਰਣ ਲਹਿਰ ਵੀ ਹਥਿਆਰਾਂ ਦੇ ਗਾਂਧੀਵਾਦੀ ਸਰਵਨਾਸ਼ ਦੀ ਪ੍ਰੋੜ੍ਹਤਾ ਨਹੀਂ ਹਥਿਆਰਾਂ ਦੀ ਹੋੜ ਰੋਕਣ ਦਾ ਯਤਨ ਹੈ।

'ਜ਼ਫ਼ਰਨਾਮੇ' ਵਿਚ ਗੁਰੂ ਜੀ ਸਪਸ਼ਟ ਕਰਦੇ ਹਨ ਕਿ ਸਿੱਖਾਂ ਲਈ ਹਥਿਆਰਬੱਧ ਯੁੱਧ ਇਕ ਜਾਬਰ ਹਕੂਮਤ ਵੱਲੋਂ ਜਬਰੀ ਠੋਸੀ ਮਜ਼ਬੂਰੀ ਸੀ। ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨੂੰ ਵਾਰ-ਵਾਰ ਸੁਲਾਹ-ਸਫ਼ਾਈ ਲਈ ਨਿਮੰਤ੍ਰਿਤ ਕੀਤਾ, ਪਰ ਜਾਤਿ-ਅਭਿਮਾਨੀ ਵਰਗਭੇਦ-ਸਮਰਥਕ ਰਾਜੇ ਗ਼ਰੀਬਾਂ ਦੇ ਉਥਾਨ ਹਿਤ ਗੁਰੂ ਸਾਹਿਬ ਵੱਲੋਂ ਕੀਤੇ ਜਾ ਰਹੇ ਯਤਨਾਂ ਨੂੰ ਆਪਣੀ ਤੰਗਦਿਲ ਸਨਾਤਨੀ ਵਿਚਾਰਧਾਰਾ ਲਈ ਖ਼ਤਰਾ ਸਮਝਦੇ ਸਨ, ਜਿਸ ਕਰਕੇ ਉਨ੍ਹਾਂ ਹਕੂਮਤ ਨੂੰ ਗੁਰੂ ਸਾਹਿਬ ਵਿਰੁੱਧ ਲਗਾਤਾਰ ਉਕਸਾਹਟ ਦਿੱਤੀ ਅਤੇ ਗੁਰੂ ਦੀ ਵਿਚਾਰਧਾਰਾ ਨੂੰ ਵਿਨਸ਼ਟ ਕਰਨ ਦੇ ਸਕ੍ਰਿਯ ਯਤਨ ਕੀਤੇ। ਸੰਘਰਸ਼ ਨੂੰ ਟਾਲਣ ਵਾਸਤੇ ਗੁਰੂ ਜੀ ਨੇ ਕੁਰਾਨ ਦੀ ਸੌਂਹ ਦਾ ਭਰੋਸਾ ਕਰਕੇ ਵਿਨਾਸ਼ ਲੀਲ੍ਹਾ ਰੋਕਣ ਹਿੱਤ ਆਨੰਦਪੁਰ ਦਾ ਕਿਲਾ ਵੀ ਤਿਆਗ ਦਿੱਤਾ, ਪਰ ਸ਼ਾਹੀ ਲਸ਼ਕਰਾਂ ਨੇ ਬੇਵਿਸਾਹੀ ਕਰਕੇ ਹਮਲਾ ਕਰ ਦਿੱਤਾ। ਗੁਰੂ ਜੀ ਦਾ ਸਵੈ-ਰੱਖਿਆ ਹਿਤ ਹਥਿਆਰ ਚੁੱਕਣਾ ਮਾਨਵੀ-ਵਿਵਹਾਰ ਦੇ ਹਰ ਤਰ੍ਹਾਂ ਦੇ ਅਨੁਕੂਲ ਅਤੇ ਨਿਆਏ ਸੰਗਤ ਸੀ। ਗੁਰੂ ਜੀ ਇਸ ਮਜ਼ਬੂਰੀ ਦਾ ਸਪਸ਼ਟ ਉਲੇਖ ਕਰਦਿਆਂ ਲਿਖਦੇ ਹਨ, "ਮੈਨੂੰ ਮਜ਼ਬੂਰਨ ਜੰਗ ਵਿਚ ਆਉਣਾ ਪਿਆ ਅਤੇ ਤੀਰ ਕਮਾਨ ਆਦਿ ਸ਼ਸਤ੍ਰ-ਅਸਤ੍ਰ ਵਰਤਣੇ ਪਏ।[56] ਸੋ ਭਿਆਨਕ ਯੁੱਧਾਂ ਲਈ ਪਹਾੜੀ ਰਾਜਿਆਂ ਦੀ ਮਕਾਰੀ, ਸ਼ਹਿਨਸ਼ਾਹ ਔਰੰਗਜ਼ੇਬ ਦੀ ਜ਼ੋਰ-ਜ਼ੁਲਮ ਵਾਲੀ ਨੀਤੀ ਅਤੇ ਸ਼ਾਹੀ ਅਧਿਕਾਰੀਆਂ ਦਾ ਝੂਠਾ ਕਿਰਦਾਰ ਜ਼ਿੰਮੇਵਾਰ ਸੀ, ਨਾ ਕਿ ਗੁਰੂ ਸਾਹਿਬ ਦੀਆਂ ਯੁੱਧਮਈ ਰੁਚੀਆਂ।

ਗੁਰੂ ਜੀ ਸਸ਼ਤ੍ਰ ਸੰਘਰਸ਼ਾਂ ਦੀ ਸ਼ਲਾਘਾ ਨਹੀਂ ਕਰਦੇ, ਸਗੋਂ ਦੋਹਾਂ ਧਿਰਾਂ ਲਈ ਵਿਨਾਸ਼ਕਾਰੀ ਦੱਸਦਿਆਂ ਲਿਖਦੇ ਹਨ, "ਹਮਾਖ਼ਿਰ ਬਸੇ ਜ਼ਖ਼ਮਿ ਤੀਰੋ ਤੁਫ਼ੰਗ। ਦੋ ਸੂਏ ਬਸੇ ਕੁਸ਼ਤ : ਸ਼ੁਦ ਬੇਦਰੰਗ।"[57] (ਆਖ਼ਿਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ-ਖਾ ਥੋੜ੍ਹੇ ਚਿਰ ਵਿਚ ਹੀ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ।) ਧਰਤੀ ਦੇ ਸਿਰਦਾਰ ਮਨੁੱਖ ਦੇ ਅਨਮੋਲ ਜੀਵਨ ਦਾ ਯੁੱਧ ਵਿਚ ਹੋਇਆ ਅਨਾਦਰ ਦੇਖ ਕੇ ਉਹ ਕਹਿੰਦੇ ਹਨ, "ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ ਖੂੰਡੀਆਂ ਨਾਲ ਭਰਿਆ ਹੋਵੇ।"[58] ਮਾਨ-ਮੱਤੇ ਸ਼ਾਸਕ, ਕਿਸੇ ਨਿਯਮ-ਕਾਨੂੰਨ ਜਾਂ ਸੱਚ ਦੀ ਬਹਾਲੀ ਦੇ ਪ੍ਰਯੋਜਨ ਹਿਤ ਨਹੀਂ, ਸਿਰਫ਼ ਆਪਣੀ ਹਉਮੈ ਦੀ ਸੰਤੁਸ਼ਟੀ ਲਈ ਮਾਨਵਤਾ ਦਾ ਅਨਮੋਲ ਖ਼ੂਨ ਨਜ਼ਾਇਜ਼ ਡੋਲ੍ਹਣ ਨੂੰ ਇੱਕ ਖੇਡ ਹੀ ਸਮਝਦੇ ਹਨ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਪ੍ਰਜਾ ਰੱਖਿਅਕ ਦੀ ਪਦਵੀ ਤੇ ਸੁਸ਼ੋਭਿਤ ਸ਼ਹਿਨਸ਼ਾਹ ਵਾਸਤਵ ਵਿਚ ਪ੍ਰਜਾ-ਭੱਖਿਅਕ ਹੈ ਅਤੇ ਗੁਰੂ ਦੇ ਨਿਰਮਾਣ ਸੇਵਕ ਤਾਂ ਸਿਰਫ਼ ਪ੍ਰਜਾ-ਭਕਸ਼ਣ ਦੀ ਦੁਸ਼ਪ੍ਰਵਿਰਤੀ ਦਾ ਵਿਰੋਧ ਕਰਨ ਵਾਲੇ ਹਨ। ਇੰਞ ਇਹ ਮੰਨ ਲੈਣਾ ਉਚਿਤ ਨਹੀਂ ਹੈ ਕਿ ਗੁਰੂ ਸਾਹਿਬ ਕਿਸੇ ਪ੍ਰਕਾਰ ਦੇ ਹਿੰਸਕ ਜੀਵਨ ਨੂੰ ਉਤਸ਼ਾਹਿਤ ਕਰਨ ਦਾ ਪ੍ਰਯੋਜਨ ਰੱਖਦੇ ਸਨ ਬਲਕਿ ਉਹ ਸਿੱਖ ਨੂੰ ਇਕ ਅਜਿਹੇ ਅਨੁਸ਼ਾਸਿਤ ਸਿਪਾਹੀ ਦੇ ਰੂਪ ਵਿਚ ਦੇਖਣਾ ਚਾਹੁੰਦੇ ਸਨ ਜੋ ਸਾਧਾਰਣ ਲੋਕਾਂ ਦੀ ਹਿੰਸਕ ਮਨੁੱਖਾਂ ਤੋਂ ਰਖਵਾਲੀ ਕਰਨ ਦਾ ਬਲ ਅਤੇ ਤਿਆਗ ਦਾ ਜਜ਼ਬਾ ਰੱਖਦਾ ਹੋਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਰੇਪੁਰੇ ਸਿਪਾਹੀ ਜੀਵਨ ਨੂੰ ਵੀ ਅਧੂਰਾ ਮੰਨਦੇ ਸਨ ਅਤੇ ਉਨ੍ਹਾਂ ਸੰਤ-

ਸਿਪਾਹੀ ਵਾਲੇ ਅਜਿਹੇ ਪਰਿਪੂਰਣ ਜੀਵਨ ਦੀ ਕਲਪਨਾ ਕੀਤੀ ਸੀ, ਜੋ 'ਮੁਖ ਤੇ ਹਰਿ ਚਿਤ ਮਹਿ ਜੁਧ ਬਿਚਾਰੈ' ਦੇ ਆਦਰਸ਼ ਤੇ ਆਸ਼੍ਰਿਤ ਹੋਵੇ। ਉਨ੍ਹਾਂ ਨੇ ਕੇਵਲ ਸ਼ਸਤ੍ਰ ਚੁੱਕਣ ਦੀ ਵਕਾਲਤ ਨਹੀਂ ਕੀਤੀ, ਸਗੋਂ ਸ਼ਸਤ੍ਰ ਨੂੰ ਦੈਵੀ ਕ੍ਰਿਪਾ ਨਾਲ ਸੰਬੰਧਿਤ ਕਰਕੇ ਮੂਲ-ਸੰਕਲਪ ਨੂੰ ਹੀ ਬਦਲਣ ਦਾ ਯਤਨ ਕੀਤਾ। ਉਨ੍ਹਾਂ ਦੇ ਅਜਿਹੇ ਵਿਚਾਰ ਸੰਤੁਲਿਤ ਅਥਵਾ ਯੁਕਤੀ-ਸੰਗਤ ਨਿਰਸਤ੍ਰੀਕਰਣ ਵੱਲ ਇਕ ਗੰਭੀਰ ਕਦਮ ਸੀ।

9. ਸਿੱਖਾਂ ਲਈ ਇਹ ਵੀ ਦੁਵਿਧਾ ਦਾ ਵਿਸ਼ਾ ਹੈ ਕਿ ਉਹ ਦੇਸ਼ ਭਗਤੀ ਨੂੰ ਆਪਣੇ ਧਰਮ ਵਿਚ ਕਿਹੋ ਜਿਹਾ ਸਥਾਨ ਦਿੱਤਾ ਜਾਵੇ ? ਸਰ ਗੋਕਲ ਚੰਦ 'ਨਾਰੰਗ' ਨੇ ਆਜ਼ਾਦ ਭਾਰਤ ਵਿਚ ਸਿੱਖਾਂ ਦੇ ਭਵਿੱਖ ਦੀ ਚਰਚਾ ਕਰਦਿਆਂ ਲਿਖਿਆ ਹੈ ਕਿ ਦੇਸ਼-ਭਗਤੀ ਅਤੇ ਰਾਸ਼ਟਰਵਾਦ ਦੀਆਂ ਭਾਵਨਾਵਾਂ ਸਿੱਖ ਧਰਮ ਉਤੇ ਪ੍ਰਤੀਕੂਲ ਅਸਰ ਪਾਉਣਗੀਆਂ।[59] ਭਾਵੇਂ ਸਰ ਗੋਕਲ ਚੰਦ ਸਿੱਖਾਂ ਵਿਚ ਸੰਪ੍ਰਦਾਇਕ ਰੁਚੀਆਂ ਦੇ ਉਥਾਨ ਦੀ ਗੱਲ ਕਰਦਿਆਂ ਇਸ ਨਤੀਜੇ ਤੇ ਪਹੁੰਚਦਾ ਹੈ, ਪਰ ਇਹ ਸੱਚ ਹੈ ਕਿ ਸਿੱਖਾਂ ਦੀ ਮੁੱਖ ਧਾਰਾ ਰਾਸ਼ਟਰ ਨਾਲੋਂ ਧਰਮ ਪ੍ਰਾਥਮਿਕਤਾ ਦਿੰਦੀ ਹੈ ਅਤੇ ਸਿੱਖਾਂ ਦਾ ਸਮਨਵੈਵਾਦੀ ਵਰਗ ਰਾਜਨੀਤਿਕ ਲਾਭ ਹਿੱਤ ਸਿੱਖਾਂ ਸਾਹਮਣੇ ਤਾਂ ਧਰਮ ਨੂੰ ਹੀ ਸਰਵ-ਉੱਪਰ ਸਵੀਕਾਰ ਕਰਦਾ ਹੈ, ਪਰ ਹੋਰ ਲੋਕਾਂ ਸਾਹਮਣੇ ਦੇਸ਼ ਨੂੰ ਧਰਮ ਨਾਲੋਂ ਪਹਿਲ ਦਿੰਦਾ ਹੈ। ਮੇਰਾ ਵਿਚਾਰ ਹੈ ਕਿ ਸਿੱਖਾਂ ਦੀ ਇਸ ਸਥਿਤੀ ਦਾ ਕਾਰਣ ਇਹ ਨਹੀਂ ਕਿ ਉਹ ਸੰਪ੍ਰਦਾਇਕ ਭਾਵਨਾਵਾਂ ਤੋਂ ਪ੍ਰੇਰਿਤ ਹਨ, ਸਗੋਂ ਅਸਲ ਕਾਰਣ ਇਹ ਹੈ ਕਿ ਉਨ੍ਹਾਂ ਦੀ ਵਿਚਾਰਧਾਰਾ ਮਾਨਵਤਾਵਾਦ ਦੇ ਆਦਰਸ਼ਾਂ ਤੇ ਟਿਕੀ ਹੋਣ ਕਰਕੇ ਅੰਤਰਰਾਸ਼ਟਰੀ ਸਰੋਕਾਰਾਂ ਪ੍ਰਤੀ ਵਚਨਬੱਧ ਹੈ, ਜਿਸ ਕਰਕੇ ਉਹ ਜਿਸ ਦੇਸ਼ ਵਿਚ ਵੀ ਵੱਸਦੇ ਹਨ, ਆਪਣੀ ਮਾਤ੍ਰ-ਭੂਮੀ ਦੀ ਸੇਵਾ ਅਤੇ ਸੁਰੱਖਿਆ ਵਾਸਤੇ ਹੋਰ ਲੋਕਾਂ ਨਾਲੋਂ ਅੱਗੇ ਵਧਕੇ ਕੁਰਬਾਨੀਆਂ ਕਰਦੇ ਹਨ, ਪਰ ਜਿਹੋ-ਜਿਹਾ ਝੂਠਾ ਅਭਿਮਾਨ ਅਤੇ ਦੂਜੇ ਰਾਸ਼ਟਰਾਂ ਪ੍ਰਤੀ ਨਫ਼ਰਤ-ਭਾਵ ਰਾਸ਼ਟਰਵਾਦ ਦੀ ਸੰਕੀਰਣਤਾ ਉਤਪੰਨ ਕਰਦੀ ਹੈ, ਉਸ ਤੋਂ ਸਰਵਥਾ ਅਲੇਪ ਰਹਿਕੇ ਉਹ ਆਪਣੀ ਉਚੇਰੀ ਮਾਨਵਤਾਵਾਦੀ ਸੋਚ ਨੂੰ ਗੰਧਲਾ ਨਹੀਂ ਹੋਣ ਦਿੰਦੇ।

ਉਹ ਮਿੱਟੀ ਤੇ ਖਿੱਚੀਆਂ ਲਕੀਰਾਂ ਦੇ ਪੁਜਾਰੀ ਨਹੀਂ, ਸਗੋਂ ਸਾਰੇ ਸਮਿਆਂ ਵਿਚ ਸਮੂਹ ਪ੍ਰਿਥਵੀ ਤੇ ਵੱਸਦੇ ਮਨੁੱਖ ਦੇ ਸਿਰਜਨਹਾਰ 'ਅਕਾਲ ਪੁਰਖ' ਦੇ ਪੁਜਾਰੀ ਹਨ। ਉਨ੍ਹਾਂ ਦੇ ਪਹਿਲੇ ਗੁਰੂ ਨੇ ਆਪਣੇ ਮਿਸ਼ਨ ਨੂੰ ਕਿਸੇ ਦੇਸ਼ ਦੀਆਂ ਸੀਮਾਵਾਂ ਵਿਚ ਸੀਮਿਤ ਨਹੀਂ ਹੋਣ ਦਿੱਤਾ, ਬਲਕਿ ਭਾਰਤ ਦੀਆਂ ਸੀਮਾਵਾਂ ਨੂੰ ਹਰ ਤਰਫ਼ੋਂ ਉਲੰਘ ਕੇ ਚਾਰੇ ਦਿਸ਼ਾਵਾਂ ਵਿਚ ਵੱਸਦੇ ਮਨੁੱਖਾਂ ਤਕ ਯਥਾਸੰਭਵ ਪਹੁੰਚ ਕਰਕੇ ਆਪਣੇ ਮਨੁੱਖਵਾਦੀ ਅਥਵਾ ਅੰਤਰਰਾਸ਼ਟਰੀ ਪ੍ਰਯੋਜਨਾਂ ਦਾ ਪਰਿਚੈ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਤਕ ਸਭ ਗੁਰੂ ਪਾਤਸ਼ਾਹਾਂ ਨੇ ਸਮੁੱਚੀ ਮਾਨਵਤਾ ਦੇ ਉਥਾਨ ਪ੍ਰਤੀ ਆਪਣੀ ਪੁਸ਼ਟ ਵਚਨਬੱਧਤਾ ਦਾ ਸਬਲ ਪ੍ਰਗਟਾਵਾ ਕੀਤਾ[60]। ਲੋਧੀ ਖਾਨਦਾਨ ਦੇ ਮਾਨਵ-ਵਿਰੋਧੀ ਰਾਜਪ੍ਰਬੰਧ ਦਾ ਬ਼ਦਲ ਜੇ ਉਨ੍ਹਾਂ ਬਾਬਰ ਵਿਚ ਦੇਖਿਆ ਤਾਂ ਕੋਈ ਨਸਲੀ ਵਿਤਕਰਾ ਉਨ੍ਹਾਂ ਦੇ ਵਿਸ਼ਾਲ ਹਿਰਦੈ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ। ਜੇਕਰ ਲੋਧੀਆਂ ਨਾਲੋਂ ਬਾਬਰ ਯੋਗ ਪ੍ਰਬੰਧਕ ਹੋਵੇ ਤਾਂ ਗੁਰੂ ਨਾਨਕ ਜੀ ਨੂੰ ਦੇਸ਼ਾਂ ਦੀਆਂ ਹੱਦਬੰਦੀਆਂ ਬਾਬਰ ਪ੍ਰਤੀ ਸਫਲਤਾ ਦਾ ਆਸੀਸ ਦੇਣ ਤੋਂ ਨਹੀਂ ਰੋਕ ਸਕਦੀਆਂ ਸਨ। ਜਿਸ ਮਹਾਂਪੁਰਖ ਵਾਸਤੇ ਸਾਰਾ ਵਿਸ਼ਵ ਆਪਣਾ ਹੋਵੇ ਉਹ ਦੇਸੀ ਨਸਲ ਦੇ ਅਯੋਗ ਵਿਅਕਤੀਆਂ ਨੂੰ ਯੋਗ ਵਿਦੇਸ਼ੀਆਂ ਨਾਲੋਂ ਪ੍ਰਾਥਮਿਕਤਾ ਨਹੀਂ ਦੇ ਸਕਦਾ, ਸਗੋਂ ਉਸ ਵਾਸਤੇ ਦੇਸ਼ ਅਥਵਾ ਵਿਦੇਸ਼ ਦੇ ਵਿਵਾਦ ਹੀ ਨਹੀਂ ਅਜਿਹੇ ਮਾਨਵ ਵਿਰੋਧੀ ਵਿਭਾਜਨ ਦੇ ਖ਼ਿਆਲ ਵੀ ਨਿਰਮੂਲ ਹੁੰਦੇ ਹਨ। ਹਾਂ ਉਹ ਬਾਬਰ ਨੂੰ ਜਾਬਰ ਵਾਲਾ ਵਿਵਹਾਰ ਤਿਆਗ ਦੇਣ ਦਾ ਉਪਦੇਸ਼ ਦੇ ਕੇ ਉਸਦੀ ਚਰਿਤ੍ਰਸ਼ੁਧੀ ਲਈ ਆਸਵੰਦ ਸਨ।

ਹਵਾਲੇ ਅਤੇ ਟਿੱਪਣੀਆਂ :

1 ਪਉੜੀ ੧੭ ਸੱਤਰ ੧੭-੧੮

2 ਚਰਚਿਲ ਦੇ ਯੁੱਧ ਭਾਸ਼ਣ, ਪੰਨਾ ੫੯-੬੦

3 ਚਰਚਿਲ ਦੇ ਯੁੱਧ ਭਾਸ਼ਣ, ਪੰਨਾ ੬੩

4 ਜ਼ਫ਼ਰਨਾਮਾ, ਪਦ ੧੬

5 ਹੁਮਾ ਇਕ ਕਾਲਪਨਿਕ ਪੰਛੀ ਹੈ ਕਿਹਾ ਜਾਂਦਾ ਹੈ ਉਹ ਜਿਸ ਤੋਂ ਲੰਘ ਜਾਵੇ ਉਹ ਬਾਦਸ਼ਾਹ ਬਣ ਜਾਂਦਾ ਹੈ ।

6 ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ : ਚਾਰ । ਕਿ ਬਾਕੀ ਬਮਾਂਦਸਤ ਪੇਚੀਦ : ਮਾਰ । (ਜ਼ਫ਼ਰਨਾਮਾ, ਪਦ ੭੫)

7 ਜ਼ਫ਼ਰਨਾਮਾ, ਪਦ ੧

੮ ਗੁਰਮੁਖਿ ਅਕਥੁ ਕਥੈ ਬੀਚਾਰਿ॥ ਗੁਰਮੁਖਿ ਨਿਬਹੈ ਸਪਰਵਾਰਿ॥ (ਰਾਮਕਲੀ, ਸਿਧ ਗੋਸਟਿ, ਮਹਲਾ ੧, ਪੰਨਾ ੯੪੧)

9 ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਰਹਿ ਰਾਈ॥ (ਵਾਰਾਂ ਭਾਈ ਗੁਰਦਾਸ, ੧ :੪੨ : ੪)

10 ਧਰਮਸਾਲ ਕਰਤਾਰਪੁਰ ਸਾਧਸੰਗਤਿ ਸਚਖੰਡ ਵਸਾਇਆ॥ (ਵਾਰਾਂ ਭਾਈ ਗੁਰਦਾਸ, ੨੪: ੧:੬)

11 ਸਾਰੰਗ, ਵਾਰ ਮਹਲਾ ੪, ਪੰਨਾ ੧੨੪੪

12 ਪ੍ਰਭਾਤੀ, ਮਹਲਾ ੪, ਪੰਨਾ ੧੩੩੫

13 ਸੋਰਠਿ, ਮਹਲਾ ੫, ਪੰਨਾ ੬੪੨

14 ਹਰ ਕੁਜਾ ਦੀਦੇਮ ਅਨਵਾਰਿ ਖ਼ੁਦਾ, ਬਸਕਿ ਅਜ਼ ਸੁਹਬਤਿ ਬਜ਼ੁਰਗਾਂ ਸ਼ੁਦ ਜ਼ਜ਼ਬ । (ਭਾਈ ਨੰਦ ਲਾਲ ਗ੍ਰੰਥਾਵਲੀ, ਗ਼ਜ਼ਲ ੫)

15 ਸਿੱਖਾਂ ਦੀ ਭਗਤਮਾਲਾ, ਪੰਨਾ ੫੨

16 ਵਾਰਾਂ ਭਾਈ ਗੁਰਦਾਸ, ੨੪: ੫: ੪

17 ਵਾਰਾਂ ਭਾਈ ਗੁਰਦਾਸ, ੨੯: ੯: ੫

18 'Nanak Panthis' The Punjab past and present, Vol. I. Part I-II, p.70

19 ਮਹਾਨ ਕੋਸ਼

20 ਸਿੱਖ ਧਰਮ ਤੇ ਸਿਖੀ, ਪੰਨਾ ੭੬-੭੮

21 ਗੁਰੂ ਨਾਨਕ ਮਹਿਮਾ ਪ੍ਰਕਾਸ਼ (ਭਾਗ ਦੂਜਾ)- ਭਾਸ਼ਾ ਵਿਭਾਗ ਪੰਜਾਬ ੧੯੭0, ਪੰਨਾ ੮0੫

22 ਸ੍ਰੀ ਗੁਰ ਸੋਭਾ, ਪੰਜਾਬੀ ਯੂਨੀਵਰਸਿਟੀ ੧੯੭੧, ਪੰਨਾ ੨੬

23 ਸ੍ਰੀ ਗੁਰ ਸੋਭਾ, ਪੰਨਾ ੪੫

24 ਹੁਕਮਨਾਮੇ, ਪੰਜਾਬੀ ਯੂਨੀਵਰਸਿਟੀ ੧੯੬੭, (ਸੰਪਾਦਕ ਗੰਡਾ ਸਿੰਘ), ਪੰਨਾ ੬੫

25 ਉਹੀ, ਪੰਨਾ ੭੬

26 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ ੩, ਅੰਸੂ ੧੬, ਪਦ ੩੮

27 ਉਹੀ, ਰਿਤੁ ੩, ਅੰਸੁ ੧੯, ਪਦ ੩੫

28 ਸ੍ਰੀ ਸਰਬ ਲੋਹ ਗ੍ਰੰਥ, ਪੰਨਾ ੬੬੮

29 ਵਹੀ ਵਰਤਾਰੋ ਭੁਜੰਗਨ ਵਰਤਾਯੋ॥ ਆਪੇ ਗੁਰ ਚੇਲਾ ਕਹਿਵਾਯੋ॥ ਯਹੀ ਆਦਿ ਹੁਤ ਆਯੋ ਵਰਤਾਰਾ॥
ਜਿਮ ਨਾਨਕ ਗੁਰ ਅੰਗਦ ਧਾਰਾ।
(ਪ੍ਰਾਚੀਨ ਪੰਥ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ੧੯੮੪, ਪੰਨਾ ੭੮-੭੯

30 ਆਦਿ ਪੁਰਖ ਜਬ ਸਿਖੀ ਪਰਖੀ॥ ਬੀ ਸਬਿ ਸਿਖਨ ਕੀ ਮਤਿ ਧਰਖੀ॥ ਅੰਗਦ ਕਾਯਮ ਏਕ ਰਹਾਨਾ॥
ਤਿਹ ਪ੍ਰਤਾਪਾ ਸਿਖ ਬਢੇ ਮਹਾਨਾ॥ .... ਅਬਿ ਤੌਂ ਪੰਚ
ਸਿਦਕ ਯੁਤ ਨਿਕਸੇ॥ ਅਧਿਕ ਪੰਥ ਅਬਿ ਹੈ ਬਿਕਸੇ॥
(ਸ੍ਰੀ ਗੁਰੂ ਪੰਥ ਪ੍ਰਕਾਸ਼, ਕਿਰਪਾਲ ਸਿੰਘ ੧੯੭੩, ਪੋਥੀ ੩, ਪੰਨਾ ੧੫੬੭-੬੮)

31 ਅਕਾਲ ਉਸਤਤਿ, ੧ : ੧੨

32 ਅਕਾਲ ਉਸਤਤਿ, ੩: ੨੫੫

33 ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ, ਖਾਕ, ਬਾਦ, ਆਤਸ਼ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ, ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ।
(ਅਕਾਲ ਉਸਤਤਿ ੧੬:੮੬)

34 (ਰਿਗ, ੧0. ੯0. ੧੨)

35 (ੳ) ਬ੍ਰਾਹਮਣ ਦੇ ਨਾਲ ਇਕ ਆਸਣ ਤੇ ਬੈਠੇ ਹੋਏ ਸ਼ੂਦਰ ਦਾ ਲੱਕ ਗਰਮ ਲੋਹੇ ਨਾਲ ਦਾਗ਼ ਕੇ (ਰਾਜਾ ਉਸ ਨੂੰ) ਆਪਣੇ ਰਾਜ ਵਿਚੋਂ ਕੱਢ ਦੇਵੇ ਜਾਂ ਉਸ ਦੇ ਨਿਤੰਬ ਕਟਵਾ ਦੇਵੇ।
(ਮਨੂ ਸਮ੍ਰਿਤੀ, ਅਧਿਆਇ ੮, ਸਲੋਕ ੨੮੧)
(ਅ) ਰਾਜਾ ਬ੍ਰਾਹਮਣਾਂ ਨੂੰ ਉਪਦੇਸ਼ ਦੇਣ ਵਾਲੇ ਹੰਕਾਰੀ ਸ਼ੂਦਰਾਂ ਦੇ ਮੂੰਹ ਅਤੇ ਕੰਨਾ ਵਿਚ ਗਰਮ ਤੇਲ ਪਵਾ ਦੇਵੇ।
(ਮਨੂ ਸਮ੍ਰਿਤੀ ਅਧਿਆਏ ੮, ਸਲੋਕ ੨੭੨)
(ੲ) ਇਸਤਰੀ, ਪੁੱਤਰ ਅਤੇ ਦਾਸ ਇਨ੍ਹਾਂ ਤਿੰਨਾਂ ਨੂੰ ਸ਼ਾਸਤਰਾਂ ਅਨੁਸਾਰ ਗ਼ਰੀਬ ਕਿਹਾ ਗਿਆ ਹੈ। ਇਹ ਜੋ ਕੁਝ ਕਮਾਂਦੇ ਹਨ ਉਹ ਇਨ੍ਹਾਂ ਦੇ ਮਾਲਕਾਂ ਦਾ ਹੀ ਹੁੰਦਾ ਹੈ। (ਮਨੂ ਸਮ੍ਰਿਤੀ ਅਧਿਆਏ ੮, ਸਲੋਕ ੪੧੬)

(ਸ) ਬ੍ਰਾਹਮਣਾਂ ਦੀ ਸੇਵਾ ਕਰਨਾ ਹੀ ਸ਼ੂਦ੍ਰਾਂ ਦਾ ਮੁੱਖ ਕਰਮ ਕਿਹਾ ਗਿਆ ਹੈ। ਇਸ ਤੋਂ ਇਲਾਵਾ ਉਹ ਜੋ ਕੁਝ ਕਰਦਾ ਹੈ ਉਸਦਾ ਕੋਈ ਫਲ ਨਹੀਂ ਮਿਲਦਾ। (ਮਨੂ ਸਮ੍ਰਿਤੀ ਅਧਿਆਏ ੧0, ਸਲੋਕ ੧੨੩)

36 ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ।। ਖ੍ਯ੍ਯਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ।। ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ।।
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ।। (ਗੁਰੂ ਗ੍ਰੰਥ ਸਾਹਿਬ, ਪੰਨਾ ੧੩੫੩)

37 ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ।। (ਗੁਰੂ ਗ੍ਰੰਥ ਸਾਹਿਬ, ਪੰਨਾ ੫04)

38 ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।। ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।। ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।। (ਗੁਰੂ ਗ੍ਰੰਥ ਸਾਹਿਬ, ਪੰਨਾ ੧੫)

39 ਪ੍ਰਾਚੀਨ ਪੰਥ ਪ੍ਰਕਾਸ਼, ਪ੍ਰਸੰਗ 'ਖਾਲਸੋ ਹੋਵੈ ਖ਼ੁਦ ਖ਼ੁਦਾ'

40 ਕ. ਕਾਰਕਸ਼ਯੰ ਸਤਨਯੋ : ਦ੍ਰਿਸ਼ੋਸਤਰਲਤਾਲੀਕੰ ਮੁਖੇ ਦ੍ਰਿਸ਼ਯਤੇ ਕੌਟਿਲਯੰ ਕਚਸੰਚਯੇ ਪ੍ਰਵਚਨੇ ਮਾਂਦਯੰਤ੍ਰਿਕੇ ਸ੍ਥੂਲਤਾ।
ਭੀਰੁਤਵੰ ਹ੍ਰਿਦਯੇ ਸਦੈਵ ਕਥਿਤੰ ਮਾਯਾਪ੍ਰਯੋਗ : ਪ੍ਰਿਯੇ ਯਾਸਾਂ ਦੋਸ਼ਗਣੋ ਗੁਣਾ ਮ੍ਰਿਗਦ੍ਰਿਸ਼ਾਂ ਤਾ : ਕਿੰ ਨਰਾਣਾਂ ਪ੍ਰਿਯਾ : ।।
(ਸਤਨਾਂ ਵਿਚ ਕਠੋਰਤਾ, ਨੇਤ੍ਰਾਂ ਵਿਚ ਚੰਚਲਤਾ, ਮੁਖ ਵਿਚ ਅਸਤਯਤਾ, ਕੇਸ਼ਾਂ ਵਿਚ ਕੁਟਿਲਤਾ, ਵਾਣੀ ਵਿਚ ਮੰਦਤਾ, ਨਿਤੰਬਾਂ ਵਿਚ ਸਥੂਲਤਾ, ਹਿਰਦੈ ਵਿਚ ਡਰਪੋਕਤਾ, ਸਵਾਮੀ ਨਾਲ ਸਦਾ ਮਾਯਾ ਦਾ ਪ੍ਰਯੋਗ ਕਰਨਾ, ਇਸ ਤਰ੍ਹਾਂ ਜਿਨ੍ਹਾਂ ਮ੍ਰਿਗਲੋਚਨਾਵਾਂ ਦੇ ਸਮੂਹ ਦੋਸ਼ ਵੀ ਗੁਣਾਂ ਵਾਂਗ ਮੰਨੇ ਜਾਂਦੇ ਹਨ, ਉਹ ਕੀ ਕਦੇ ਮਨੁੱਖਾਂ ਦੀਆਂ ਪਿਆਰੀਆਂ ਹੋ ਸਕਦੀਆਂ ਹਨ ? ਭਾਵ ਕਦੇ ਨਹੀਂ ਹੋ ਸਕਦੀਆਂ।)
(ਪੰਚਤੰਤ੍ਰਮ, ਮਿਤ੍ਰ ਭੇਦ : ਸਲੋਕ ੨0੨)
ਖ. ਇਸਤਰੀ, ਪੁੱਤਰ ਅਤੇ ਦਾਸ ਇਨ੍ਹਾਂ ਤਿੰਨਾਂ ਨੂੰ ਸ਼ਾਸਤਰਾਂ ਅਨੁਸਾਰ ਗ਼ਰੀਬ ਕਿਹਾ ਗਿਆ ਹੈ। ਇਹ ਜੋ ਕੁਝ ਕਮਾਂਦੇ ਹਨ ਉਹ ਇਨ੍ਹਾਂ ਦੇ ਮਾਲਕਾਂ ਦਾ ਹੀ ਹੁੰਦਾ ਹੈ।
(ਮਨੂ ਸਮ੍ਰਿਤੀ, ਅਧਿਆਇ ੮, ਸਲੋਕ ੪੧੬)
ਗ. ਇਨ੍ਹਾਂ ਔਰਤਾਂ ਦੇ ਜਾਤ, ਕਰਮ ਆਦਿ ਸੰਸਕਾਰ ਵੇਦਾਂ ਦੇ ਮੰਤਰਾਂ ਨਾਲ ਨਹੀਂ ਹੁੰਦੇ। ਇਸ ਲਈ ਵੇਦ ਮੰਤ੍ਰਾਂ ਦਾ ਅਧਿਕਾਰ ਨਾ ਹੋਣ ਕਰਕੇ ਇਹ ਅਪਵਿੱਤਰ ਹੀ ਰਹਿੰਦੀਆਂ ਹਨ।
(ਮਨੂ ਸਮ੍ਰਿਤੀ, ਅਧਿਆਇ ੯, ਸਲੋਕ ੧੮)
ਘ. ਵੇਦਾਂ ਅਤੇ ਸ਼ਾਸਤਰਾਂ ਵਿਚ ਇਸਤਰੀ ਨੂੰ ਦੁਰਾਚਾਰੀ ਮੰਨਣ ਦੇ ਜੋ ਸਾਬੂਤ ਮਿਲਦੇ ਹਨ ਤੁਸੀਂ ਉਨ੍ਹਾਂ ਬਾਰੇ ਸੁਣੋ।
(ਮਨੂ ਸਮ੍ਰਿਤੀ, ਅਧਿਆਇ ੯, ਸਲੋਕ ੧੯)
ਙ. ਇਸਤਰੀ ਨੂੰ ਬਚਪਨ, ਜੁਆਨੀ ਅਤੇ ਬੁਢਾਪੇ ਵਿਚ ਕ੍ਰਮਵਾਰ ਪਿਤਾ, ਪਤੀ ਅਤੇ ਪੁੱਤਰ ਤੋਂ ਵੱਖਰਾ ਰਹਿਣ ਦੀ ਇੱਛਾ ਨਹੀਂ ਕਰਨੀ ਚਾਹੀਦੀ ਕਿਉਂਕਿ ਇਨ੍ਹਾਂ ਦੇ ਕੋਲ ਨਾ ਰਹਿਣ ਤੇ ਇਸਤਰੀ ਦੋਹਾਂ ਕੁਲਾਂ ਨੂੰ ਕਲੰਕਿਤ ਕਰਦੀ ਹੈ।
(ਮਨੂ ਸਮ੍ਰਿਤੀ, ਅਧਿਆਇ ੫, ਸਲੋਕ ੧੪੯)

41 ਸੁਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ।। ਅਰਧ ਸਰੀਰੀ ਨਾਰਿ ਨਾ ਛੋਡੈ ਤਾ ਤੇ ਹਿੰਦੂ ਹੀ ਰਹੀਐ।।
(ਗੁਰੂ ਗ੍ਰੰਥ ਸਾਹਿਬ, ਪੰਨਾ੪੭੭)

42 ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।। ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ।। ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ।।
(ਗੁਰੂ ਗ੍ਰੰਥ ਸਾਹਿਬ, ਪੰਨਾ ੪੧੭)

43 ਕਾਮਨਿ ਚਾਹੈ ਸੁੰਦਰਿ ਭੋਗੁ।। ਪਾਨ ਫੂਲ ਮੀਠੇ ਰਸ ਰੋਗ।। ਖੀਲੈ ਬਿਗਸੈ ਤੇਤੋ ਸੋਗ।। ਪ੍ਰਭ ਸਰਣਾਗਤਿ ਕੀਨਸਿ ਹੋਗ।। ੫।। ਕਾਪੜੁ ਪਹਿਰਸਿ ਅਧਿਕੁ ਸੀਗਾਰੁ।। ਮਾਟੀ ਫੂਲੀ ਰੂਪੁ ਬਿਕਾਰੁ।। ਆਸਾ ਮਨਸਾ ਬਾਂਧੋ ਬਾਰੁ।। ਨਾਮਾ ਬਿਨਾ ਸੂਨਾ ਘਰੁ ਬਾਰੁ।। ੬।। ਗਾਛਹੁ ਪੁਤ੍ਰੀ ਰਾਜ ਕੁਆਰਿ।। ਨਾਮੁ ਭਣਹੁ ਸਚੁ ਦੋਤੁ ਸਵਾਰਿ।।
(ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੭)

44 ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ।। ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ।।
(ਗੁਰੂ ਗ੍ਰੰਥ ਸਾਹਿਬ, ਪੰਨਾ ੯0੨)

45 ਭਾਰਤ ਦਾ ਬ੍ਰਿਹਿਤ ਇਤਿਹਾਸ, ਪੰਨਾ ੧੭੯, ਆਰ. ਸੀ. ਮਜੂਮਦਾਰ, ਐਚ.ਸੀ. ਰੇਅਚੌਧਰੀ, ਕੇ. ਕੇ. ਦੱਤ (ਪੰਜਾਬੀ ਯੂਨੀਵਰਸਿਟੀ)

46 ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ (ਗੁਰੂ ਗ੍ਰੰਥ ਸਾਹਿਬ, ਪੰਨਾ ੧੪੧)

47 ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥ (ਗੁਰੂ ਗ੍ਰੰਥ ਸਾਹਿਬ, ਪੰਨਾ ੭)

48 ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥(ਗੁਰੂ ਗ੍ਰੰਥ ਸਾਹਿਬ, ਪੰਨਾ ੨)

49 ਗੁਰੂ ਗ੍ਰੰਥ ਸਾਹਿਬ, ਪੰਨਾ ੧੧੯0

50 ਗੁਰੂ ਗ੍ਰੰਥ ਸਾਹਿਬ, ਪੰਨਾ ੯੬੭

51 ਤਵਾਰੀਖ਼ ਗੁਰੂ ਖਾਲਸਾ, ਭਾਗ ਪਹਿਲਾ, ਪ੍ਰਸੰਗ ਜ਼ਫ਼ਰਨਾਮਾ ਲਿਖਣਾ, ਨੰ. ੧੧੫

52 ਅਗਰ ਹਜ਼ਰਤੇ ਖ਼ੁਦ ਸਿਤਾਦਾ ਸ਼ਵਦ। ਬਜਾਨੋ ਦਿਲੋ ਕਾਰ ਵਾਜ਼ਿਹ ਸ਼ਵਦ। (ਜ਼ਫ਼ਰਨਾਮਾ, ਪਦ ੫੨)

53 ਕ੍ਰਿਸ਼ਨਾਵਤਾਰ, ਪਦ ੪੩੬

54 ਕ੍ਰਿਸ਼ਨਾਵਤਾਰ, ਪਦ ੪੩੫

55 ਕਬਯੋ ਬਾਚ ਬੇਨਤੀ॥ ਚੌਪਈ

56 ਬ-ਲਾਚਾਰਗੀ ਦਰਮਿਯਾਂ ਆਮਦਮ। ਬ-ਤਦਬੀਰਿ ਤੀਰੋ ਕਮਾਂ ਆਮਦਮ। (ਜ਼ਫ਼ਰਨਾਮਾ, ਪਦ ੨੧)

57 ਜ਼ਫ਼ਰਨਾਮਾ, ਪਦ ੩੬

58 ਸਰੋਪਾਇ ਅੰਬੋਹ ਚੰਦਾਂ ਸ਼ਦਹ। ਕਿ ਮੈਦਾਂ ਪੁਰ ਅਜ਼ ਗੂ ਓ ਚੌਗਾਂ ਸ਼ੁਦਹ। (ਜ਼ਫ਼ਰਨਾਮਾ, ਪਦ ੩੮)

59 ਸਿੱਖ ਮਤ ਦਾ ਪਰਿਵਰਤਨ, ਪੰਨਾ ੨੭੮ (ਪੰਜਾਬੀ ਯੂਨੀਵਰਸਿਟੀ, ਪਟਿਆਲਾ -੧੯੭੩)

60 ਫਰਾਸੀ ਫਿਰੰਗੀ ਫਰਾਸੀਸ ਕੇ ਦੁਰੰਗੀ ਮਕਰਾਨ ਕੈ ਮ੍ਰਿਦੰਗੀ ਤੇਰੇ ਗੀਤ ਗਾਈਅਤ ਹੈਂ।
ਭਖਰੀ ਕੰਧਾਰੀ ਗੋਰ ਗਖਰੀ ਗਰਦੇਜਾ ਚਾਰੀ ਪੌਨ ਕੇ ਅਹਾਰੀ ਤੇਰੋ ਨਾਮ ਧਿਆਈਅਤ ਹੈਂ।
ਪੂਰਬ ਪਲਾਊ ਕਾਮਰੂਪ ਔ ਕਮਾਊਂ ਸਰਬ ਠੌਰ ਮੈ ਬਿਰਾਜੈ ਜਹਾ ਜਹਾ ਜਾਈਅਤ ਹੈਂ।
ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ ਨਾਥ ਕੀਰਤ ਤਿਹਾਰੀ ਕੋ ਨ ਪਾਰ ਪਾਈਅਤ ਹੈਂ। (ਅਕਾਲ ਉਸਤਤਿ)

ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ – ਇਕ ਅਧਿਐਨ

*ਕਿਰਨਦੀਪ ਕੌਰ**

ਸ੍ਰੀ ਗੁਰੂ ਗੋਬਿੰਦ ਸਿੰਘ ਸਤਾਰ੍ਹਵੀਂ ਸਦੀ ਦੇ ਇਕ ਕ੍ਰਾਂਤੀਕਾਰੀ ਯੁਗ-ਪੁਰਸ਼ ਹੋਏ ਹਨ ਜਿਨ੍ਹਾਂ ਰੂਹਾਨੀ ਸਤਿਗੁਰੂ, ਸੁਤੰਤਰਤਾ-ਸੰਗ੍ਰਾਮੀਏ ਤੇ ਉਚੇ ਸੁੱਚੇ ਸਾਹਿਤਕਾਰ ਹੁੰਦਿਆਂ ਮਨੁੱਖੀ ਸੰਸਕ੍ਰਿਤੀ ਦੇ ਵਿਕਾਸ ਵਿਚ ਮਹਾਨ ਯੋਗਦਾਨ ਪਾਇਆ। ਉਨ੍ਹਾਂ ਦਾ ਚੜ੍ਹਦੀ ਕਲਾ ਵਾਲਾ ਸੁਹਜ-ਸੁਆਦ ਭਰਿਆ ਸੰਤ-ਸਿਪਾਹੀ ਜੀਵਨ ਤੇ ਬਲਵਾਨ ਸੁਰ ਵਾਲੀ ਜਲਾਲ ਭਰੀ ਬਾਣੀ ਅੱਜ ਵੀ ਸ਼ਕਤੀ ਪ੍ਰਦਾਨ ਕਰਨ ਦੇ ਸਮਰੱਥ ਹੈ।

ਗੁਰੂ ਨਾਨਕ ਸਾਹਿਬ ਨੇ ਜਿਸ ਰੂਹਾਨੀ ਸਲਤਨਤ ਦੀ ਬੁਨਿਆਦ ਰੱਖੀ ਭਾਵੇਂ ਉਸ ਦੇ ਸੰਚਾਲਕ ਨੂੰ ਪਹਿਲੇ ਪਹਿਲ 'ਗੁਰੂ' ਨਾਂ ਨਾਲ ਹੀ ਯਾਦ ਕੀਤਾ ਜਾਂਦਾ ਸੀ, ਪਰ ਹੌਲੀ-ਹੌਲੀ ਰਾਜ ਜੋਗ ਦੇ ਵਿਕਾਸ ਨਾਲ ਸਿੱਖਾਂ ਨੂੰ ਇਉਂ ਸਾਮਰਤੱਖ ਨਜ਼ਰ ਆਇਆ ਜਿਵੇਂ ਇਹ ਦੁਨਿਆਵੀ ਸਰਕਾਰ ਦੇ ਮੁਕਾਬਲੇ ਕੋਈ ਉਚੇਰੀ ਨਵੀਂ ਸਰਕਾਰ ਕਾਇਮ ਹੋ ਰਹੀ ਹੈ, ਇਸੇ ਕਰਕੇ ਉਹ ਗੁਰੂ ਸਾਹਿਬਾਨ ਲਈ 'ਸੱਚਾ ਪਾਤਸ਼ਾਹ' ਸ਼ਬਦ ਦਾ ਪ੍ਰਯੋਗ ਕਰਨ ਲੱਗੇ। ਇਸ ਵਾਤਾਵਰਣ ਵਿਚ ਜਦ ਗੁਰੂ ਸਾਹਿਬ ਨੂੰ 'ਸੱਚਾ ਪਾਤਸ਼ਾਹ' ਤੇ ਉਨ੍ਹਾਂ ਦੇ ਮੁਖੀ ਕਾਰਦਾਰਾਂ ਨੂੰ 'ਮਸਨਦਨਸ਼ੀਨ' ਯਾ ਮਸੰਦ ਕਿਹਾ ਜਾਂਦਾ ਹੋਵੇ ਤਾਂ ਸਿੱਖਾਂ ਲਈ ਸਤਿਗੁਰਾਂ ਦਾ ਬਚਨ 'ਸ਼ਾਹੀ ਫੁਰਮਾਨ' ਯਾ ਬਾਦਸ਼ਾਹੀ ਹੁਕਮ ਦਾ ਦਰਜਾ ਰੱਖਦਾ ਸੀ। ਇਹੋ ਕਾਰਨ ਹੈ ਕਿ ਸਮੇਂ-ਸਮੇਂ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਜੋ ਖਤ-ਪੱਤਰ ਲਿਖੇ ਉਹਨਾਂ ਨੂੰ ਸ਼ਰਧਾ ਤੇ ਸਤਿਕਾਰ ਨਾਲ 'ਹੁਕਮਨਾਮੇ' ਕਿਹਾ ਜਾਂਦਾ ਹੈ।

ਹੁਕਮਨਾਮਾ – ਹੁਕਮਨਾਮਾ ਫਾਰਸੀ ਮੂਲ ਦਾ ਸ਼ਬਦ ਹੈ ਜੋ ਜਿਉਂ ਦਾ ਤਿਉਂ ਹੀ ਪੰਜਾਬੀ ਭਾਸ਼ਾ ਵਿਚ ਆਉਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਹੁਕਮਨਾਮੇ' ਦੇ ਸ਼ਬਦੀ ਅਰਥ ਹਨ : 'ਆਗਿਆ ਪੱਤ੍ਰ, ਸ਼ਾਹੀ ਫੁਰਮਾਨ, ਸਤਿਗੁਰੂ ਦਾ ਆਗਿਆ ਪਤ੍ਰ'[1]। ਪ੍ਰੋ. ਹਰਬੰਸ ਸਿੰਘ, 'ਦਾ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ'[2] ਵਿਚ ਹੁਕਮਨਾਮੇ ਨੂੰ ਇਨ੍ਹਾਂ ਅਰਥਾਂ ਦੇ ਤੌਰ ਤੇ ਹੀ ਲੈਂਦੇ ਹਨ ਉਨ੍ਹਾਂ ਅਨੁਸਾਰ ਹੁਕਮਨਾਮਾ ਫਾਰਸੀ ਦੇ ਦੋ ਸ਼ਬਦਾਂ ਦਾ ਜੋੜ ਹੈ, 1. 'ਹੁਕਮ' ਭਾਵ ਆਗਿਆ ਅਤੇ 2. 'ਨਾਮਾ' ਭਾਵ ਪੱਤਰ ਅਰਥਾਤ ਉਹ ਪੱਤਰ ਜੋ ਸਿੱਖੀ ਰਵਾਇਤਾਂ ਅਨੁਸਾਰ ਗੁਰੂ ਸਾਹਿਬਾਨ ਵਲੋਂ ਦੇਸ਼ ਦੇ ਵੱਖ-ਵੱਖ ਭਾਗਾਂ ਦੇ ਸਿੱਖਾਂ ਜਾਂ ਸੰਗਤਾਂ ਪ੍ਰਤੀ ਲਿਖੇ ਗਏ ਹੋਣ।

ਇਸ ਤੋਂ ਸਪਸ਼ਟ ਹੈ ਕਿ ਹੁਕਮਨਾਮਾ ਅਜਿਹਾ ਆਗਿਆ ਪੱਤਰ ਹੈ ਜੋ ਗੁਰੂ ਸਾਹਿਬਾਨ ਦੁਆਰਾ ਕਿਸੇ ਖਾਸ ਵਿਅਕਤੀ ਜਾਂ ਕਿਸੇ ਖਾਸ ਇਲਾਕੇ ਦੀ ਸੰਗਤ ਦੇ ਨਾਮ ਲਿਖਿਆ ਹੁੰਦਾ ਸੀ, ਜਿਸ ਦੁਆਰਾ ਕੋਈ ਵਿਸ਼ੇਸ਼ ਸੂਚਨਾ, ਉਪਦੇਸ਼ ਜਾਂ ਹੁਕਮ ਭੇਜਿਆ ਜਾਂਦਾ ਸੀ। ਰੂਪ ਸਿੰਘ ਅਨੁਸਾਰ ਹੁਕਮਨਾਮਾ ਸ਼ਬਦ 'ਹੁਕਮ' ਤੇ 'ਨਾਮਾ' ਦਾ ਸੁਮੇਲ ਹੈ। ਹੁਕਮ ਦੇ ਅਰਥ-ਆਗਿਆ, ਫੁਰਮਾਨ, ਫਤਵਾ, ਪਰਵਾਨਾ, ਅਮਰ, ਸ਼ਬਦ ਆਦਿ ਕੀਤੇ ਮਿਲਦੇ ਹਨ ਅਤੇ ਨਾਮਾ ਦਾ ਅਰਥ ਹੈ – ਨਾਮਹ, ਖਤ, ਪੱਤਰ, ਚਿੱਠੀ, ਲਿਖਿਆ ਹੋਇਆ ਕਾਗਜ਼। ਇਸ ਤਰ੍ਹਾਂ ਹੁਕਮਨਾਮਾ ਉਹ ਕਾਗਜ਼ ਹੈ ਜਿਸ ਤੇ ਹੁਕਮ ਲਿਖਿਆ ਹੋਵੇ। ਆਮ ਬੋਲ ਚਾਲ ਦੀ ਭਾਸ਼ਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਹੁਕਮਨਾਮਾ ਉਹ ਲਿਖਤੀ ਆਦੇਸ਼ ਹੈ ਜਿਸ ਨੂੰ ਮੰਨਣਾ ਜ਼ਰੂਰੀ ਹੈ, ਜਿਸ ਦੇ ਲਿਖਤੀ ਸਰੂਪ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾ ਸਕੇ।[3]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਹੁਕਮਨਾਮਾ ਉਸ ਹੁਕਮ ਨੂੰ ਕਿਹਾ ਜਾਂਦਾ ਹੈ ਜਿਹੜਾ ਕਿਸੇ ਕੰਮ ਦੀ ਪੂਰਤੀ ਲਈ ਗੁਰੂ ਸਾਹਿਬਾਨ ਵਲੋਂ ਜਾਂ ਕਿਸੇ ਸਿੱਖ ਨੇਤਾ ਵਲੋਂ ਸਿੱਖ ਸੰਗਤਾਂ ਨੂੰ ਕੀਤਾ ਜਾਂਦਾ ਹੈ।

ਗੁਰੂ ਸਾਹਿਬਾਨ ਵਲੋਂ ਸਿੱਖ ਸੰਗਤਾਂ ਪ੍ਰਤੀ ਹੁਕਮਨਾਮੇ ਜਾਰੀ ਕਰਨ ਦੇ ਉਦੇਸ਼ :

1. ਗੁਰੂ ਨਿਮਿਤ ਰੱਖੀ ਗਈ ਦਸਵੰਧ ਦੀ ਰਕਮ ਗੁਰੂ ਘਰ ਪਹੁੰਚਾਉਣ ਸੰਬੰਧੀ।

---

*ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

2. ਧਰਮ ਪਰਚਾਰ ਹਿੱਤ
3. ਸਿੱਖਾਂ ਨੂੰ ਚੰਗੇ ਹਥਿਆਰਾਂ ਦੀ ਭੇਟਾ ਲਿਆਉਣ ਸੰਬੰਧੀ।
4. ਦੀਵਾਲੀ, ਵਿਸਾਖੀ, ਹੋਲਾ ਮਹੱਲਾ ਆਦਿ ਮਨੋਨੀਤ ਗੁਰਪੁਰਬਾਂ ਉੱਪਰ ਬਾਹਰਲੀਆਂ ਸਿੱਖ ਸੰਗਤਾਂ ਨੂੰ ਗੁਰੂ ਘਰ ਵਿਚ ਹਾਜ਼ਰ ਹੋਣ ਸੰਬੰਧੀ ਆਦੇਸ਼ ਜਾਰੀ ਕਰਨੇ।
5. ਸਿੱਖ ਸੰਗਤਾਂ ਪ੍ਰਤੀ ਆਪਣੀ ਖੁਸ਼ੀ ਦਾ ਪ੍ਰਗਟਾਵਾ
6. ਗੁਰੂ ਸਾਹਿਬ ਅਤੇ ਸਿੱਖ ਸੰਗਤਾਂ ਵਿਚਕਾਰ ਆਪਸੀ ਤਾਲਮੇਲ ਕਾਇਮ ਕਰਨ ਅਤੇ ਸਥਾਪਿਤ ਰੱਖਣ ਸੰਬੰਧੀ।
7. ਤੇ ਸਮੇਂ ਸਮੇਂ ਸਿਰ ਸਿੱਖ ਸੰਗਤਾਂ ਨੂੰ ਧਾਰਮਿਕ ਅਤੇ ਰਾਜਨੀਤਿਕ ਗਤੀਵਿਧੀਆਂ ਤੋਂ ਜਾਣੂ ਕਰਵਾਉਣਾ ਆਦਿ।

ਹੁਕਮਨਾਮਿਆਂ ਦੇ ਮਹੱਤਵ ਅਤੇ ਉਦੇਸ਼ ਬਾਰੇ ਡਾ. ਗੰਡਾ ਸਿੰਘ ਲਿਖਦੇ ਹਨ, ਹੁਕਮਨਾਮਿਆਂ ਦਾ ਆਮ ਉਦੇਸ਼ ਪ੍ਰਚਾਰ ਲਈ ਹਦਾਇਤਾਂ, ਗੁਰੂ ਦੇ ਲੰਗਰ ਲਈ ਕਾਰ ਭੇਟਾ ਦਾ ਗੁਰੂ ਜੀ ਦੇ ਮੁੱਖ ਅਸਥਾਨ ਪਰ ਪਹੁੰਚ ਦਾ ਪ੍ਰਬੰਧ, ਸਿੱਖ ਸੰਗਤਾਂ ਪਰ ਆਪਣੀ ਖੁਸ਼ੀ ਦੇ ਪ੍ਰਗਟਾਵੇ ਰਾਹੀਂ ਗੁਰੂ ਅਤੇ ਸੰਗਤਾਂ ਦਾ ਮੇਲ ਕਾਇਮ ਰੱਖਣਾ, ਸਿੱਖਾਂ ਵਿਚ ਆਪਸੀ ਮੇਲ ਕਾਇਮ ਰੱਖਣ ਦੇ ਹੁਕਮ, ਵੇਲੇ ਕੁਵੇਲੇ ਲੋੜੀਂਦੀਆਂ ਵਸਤਾਂ ਦੀ ਫੁਰਮਾਇਸ਼, ਬਾਹਰ ਗੁਰਪੁਰਬਾਂ ਲਈ ਸੰਗਤਾਂ ਨੂੰ ਉਤਸ਼ਾਹ, ਖਾਸ-ਖਾਸ ਮੌਕਿਆਂ ਪਰ ਸੰਗਤਾਂ ਨੂੰ ਗੁਰੂ ਦੀ ਹਜ਼ੂਰੀ ਵਿਚ ਆਉਣ ਲਈ ਸੱਦਾ, ਸੰਗਤਾਂ ਨੂੰ ਖਾਲਸਾ ਕਰਨ ਦੀ ਇਤਲਾਹ, ਮਸੰਦਾਂ ਦੀ ਪ੍ਰਥਾ ਬੰਦ ਕਰ ਦਿੱਤੇ ਜਾਣ ਅਤੇ ਉਨ੍ਹਾਂ ਦੀ ਵਿਚੋਲਗੀ ਹਟਾ ਦਿੱਤੇ ਜਾਣ ਬਾਬਤ ਬਾਹਰ ਦੀਆਂ ਸੰਗਤਾਂ ਨੂੰ ਖਬਰਾ ਪਹੁੰਚਾਉਣ ਆਦਿ ਸੀ'।[4]

ਹੁਕਮਨਾਮਿਆਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਹੁਕਮਨਾਮੇ ਗੁਰੂ ਸਾਹਿਬ ਦੇ ਖੁਦ ਹੱਥੀਂ ਲਿਖੇ ਹੋਏ ਨਹੀਂ। ਇਸ ਕਰਕੇ ਇਕ ਦੋ ਨੂੰ ਛੱਡ ਕੇ ਹਰ ਇਕ ਦਾ ਆਰੰਭ ਇਉਂ ਹੁੰਦਾ ਹੈ 'ਸ੍ਰੀ ਗੁਰੂ ਜੀਉ ਦੀ ਆਗਿਆ ਹੈ'। ਇਉਂ ਹੋ ਸਕਦਾ ਹੈ ਕਿ ਲਿਖਾਏ ਗੁਰੂ ਸਾਹਿਬ ਨੇ ਹੋਣ ਜਿਵੇਂ ਕਿ ਡਿਕਟੇਸ਼ਨ ਦਿੱਤੀ ਜਾਂਦੀ ਹੈ। ਲਿਖੇ ਜਾਣ ਉਪਰੰਤ ਗੁਰੂ ਸਾਹਿਬ ਖੁਦ ਉਸ ਪੱਤਰ ਨੂੰ ਦੇਖਦੇ ਸਨ ਅਤੇ ਸਹੀ ਯਾ ਨੀਸਾਨ ਪਾਉਣ ਲਗਿਆਂ ਪਾਸੇ ਤੇ ਜ਼ਰੂਰੀ ਗੱਲ ਨੂੰ ਦੁਹਰਾ ਵੀ ਦਿੰਦੇ ਸਨ, ਜਿਵੇਂ ਕਿ ਇਹਨਾਂ ਪੱਤਰਾਂ ਦੇ ਪਾਸੇ ਪਈਆਂ ਇਕ-ਇਕ ਦੋ-ਦੋ ਜਾਂ ਵਧ ਸਤਰਾਂ ਤੋਂ ਪਰਗਟ ਹੈ। ਭਾ. ਗੁਰਦਾਸ, ਭਾ. ਮੁਹਕਮ ਸਿੰਘ ਜੀ, ਭਾ. ਹੁਲਾਸ ਚੰਦ, ਭਾ. ਮੇਹਰ ਚੰਦ ਰੂਪੇ ਕੇ ਨਾਂ ਲਿਖੇ ਪੱਤਰਾਂ 'ਤੇ ਇਹ ਲਿਖਤ ਮੌਜੂਦ ਹੈ। ਪਟਨੇ ਵਾਸੀ ਭਾ. ਰਾਮ ਰਾਇ ਤੇ ਦਾਈ ਲਾਡੋ ਦੇ ਨਾਂ ਭੇਜਿਆ ਰੁੱਕਾ ਸਾਰੇ ਦਾ ਸਾਰਾ ਗੁਰੂ ਸਾਹਿਬ ਦੀ ਪਵਿੱਤਰ ਕਲਮ ਤੋਂ ਹੈ। ਇਹ ਪੱਤਰ ਗੁਰਦੁਆਰਾ ਮੈਣੀ ਸੰਗਤ ਵਿਚ ਪਈ ਇਕ ਪ੍ਰਾਚੀਨ ਬੀੜ ਵਿਚ ਚੇਪਿਆ ਹੋਇਆ ਹੈ। ਇਸਤੇ ਸੰਮਤ ਨਹੀਂ ਹੈ।[5]

ਲਿਖਾਰੀਆਂ ਪਾਸੋਂ ਹੁਕਮਨਾਮਾ ਲਿਖਵਾਉਣ ਵਾਲੇ ਗੁਰੂ ਸਾਹਿਬਾਨ ਅਤੇ ਦੂਸਰੀਆਂ ਸ਼ਖਸੀਅਤਾਂ ਨੇ ਆਪਣੇ ਆਸ਼ੇ ਅਨੁਸਾਰ ਕੁਝ ਕੁ ਸ਼ਬਦ ਲਿਖੇ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਨੀਸਾਨ ਸੰਕੇਤ ਸ਼ਬਦਾਂ ਵਿਚ ਲਿਖੇ। ਡਾ. ਗੰਡਾ ਸਿੰਘ[6] ਇਸ ਦਾ ਪ੍ਰਗਟਾਵਾ ਕਰਦੇ ਹੋਏ ਲਿਖਦੇ ਹਨ ਕਿ, "ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਪਰ ਨੀਸਾਨ ਜ਼ਰਾ ਕੁ ਵੱਖਰੇ ਢੰਗ ਦੇ ਹਨ। ਸਭ ਤੋਂ ਉਪਰ ਖੁੱਲੀ ਕਿਰਪਾਨ ਜਾਂ ਖੰਡੇ ਦਾ ਨਿਸ਼ਾਨ ਹੈ। ਟਾਵੇਂ ਟਾਵੇਂ ਥਾਈਂ ਦੋ ਕਿਰਪਾਨਾਂ ਦੇ ਵੀ ਨਿਸ਼ਾਨ ਹਨ। ਉਸ ਦੇ ਖੱਬੇ ਪਾਸੇ ਇਕ ਬਿੰਦੀ ਹੈ ਅਤੇ ਸੱਜੇ ਪਾਸੇ ਇਕ ਜਾਂ ਦੋ ਬਿੰਦੀਆਂ ਜਾਂ ਹਾਈਫਨ (..-) ਹਨ। ਇਸਦੇ ਤਲੇ ਦੋ ਲਕੀਰਾਂ ਹਨ। ਇਨ੍ਹਾਂ ਦੇ ਤਲੇ ਇਕ ਛੋਟਾ (੧) ਅਤੇ ਇਸ ਤੋਂ ਬਾਅਦ ਇਕ, ਦੋ, ਤਿੰਨ ਜਾਂ ਚਾਰ ਵਾਰ ਅੱਖਰ 'ਸ' ਹੁੰਦਾ ਹੈ। ਇਸ ਦੇ ਹੇਠਾਂ ਫਿਰ ਦੋ ਲਕੀਰਾਂ ਹੁੰਦੀਆਂ ਹਨ ਅਤੇ ਖੱਬੇ ਪਾਸੇ ਇਕ ਵੱਡਾ (੧) ਅਤੇ ਨੀਚੇ ਦੋ ਛੋਟੇ ਛੋਟੇ 'ਰ' ਅੱਖਰ ਹੁੰਦੇ ਹਨ ਅਤੇ ਉਹਨਾਂ ਤੋਂ ਬਾਅਦ ਇਕ ਬਿੰਦੀ, ਇਸ ਤਰ੍ਹਾਂ ਨਿਸ਼ਾਨ ਪੂਰਾ ਹੋ ਜਾਂਦਾ ਹੈ। ਇਸ ਤੋਂ ਨੀਚੇ ਫਿਰ ਦੋ ਲਕੀਰਾਂ ਪਾ ਕੇ ਆਪਣੀ ਫੁਰਮਾਇਸ਼ ਬਹੁਤ ਹੀ ਸੰਖੇਪ ਕਰਕੇ ਦਿੱਤੀ ਹੁੰਦੀ ਹੈ ਅਤੇ ਜੇ ਫੁਰਮਾਇਸ਼ ਲੰਬੀ ਹੋਵੇ ਤਾਂ ਇਕ ਸ਼ਬਦ ਲਈ ਇਕ ਅੱਖਰ ਹੀ ਲਿਖਿਆ ਹੋਇਆ ਹੁੰਦਾ ਹੈ। ਗੁਰੂ ਸਾਹਿਬ ਦੇ ਹਰੇਕ ਹੁਕਮਨਾਮੇ ਦੇ ਸਿਰ ਉਤੇ '੧ਓ ਸਤਿਗੁਰ' ਲਿਖਿਆ ਮਿਲਦਾ ਹੈ। ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਸ੍ਰੀ ਦਸ਼ਮੇਸ਼ ਜੀ ਦਾ ਵਿਸ਼ੇਸ਼ ਨਿਸ਼ਾਨ 0 – ਵੀ ਲਗਭਗ ਹਰ ਪੱਤਰ ਤੇ ਮੌਜੂਦ ਹੈ ਜਿਸਦਾ ਭਾਵ ਨਿਸ਼ਚਿਤ ਤੌਰ ਤੇ ਦੱਸਣਾ ਔਖਾ ਹੈ।[7]

ਇਹਨਾਂ ਹੁਕਮਨਾਮਿਆਂ ਉਤੇ ਨੰਬਰ ਵੀ ਲੱਗੇ ਹੋਏ ਹਨ ਕਿਸੇ ਤੇ ਇਕ ਤੇ ਕਿਸੇ ਤੇ ਦੋ ਯਾ ਤਿੰਨ ਵੀ। ਜਿਵੇਂ ਨੁਸ਼ਹਿਰੇ ਵਾਲੇ 1758 ਬਿ. ਦੇ ਹੁਕਮਨਾਮੇ ਤੇ 2144, 321 ਤੇ 1320 ਤਿੰਨ ਅੰਕ ਲੱਗੇ ਹੋਏ ਹਨ। ਇਸ ਤੋਂ ਪਰਗਟ ਹੈ ਕਿ ਗੁਰੂ ਦਰਬਾਰ ਦਾ ਦਫਤਰੀ ਕਾਰੋਬਾਰ ਬਾਕਾਇਦਾ ਮਰਯਾਦਾ-ਬੱਧ ਸੀ।

ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਮੁਖਵਾਕ ਬਾਣੀਆਂ ਦੇ ਮੁੱਢ ਵਿਚ 'ਸ੍ਰੀ ਵਾਹ ਗੁਰੂ ਜੀ ਦੇ ਫਤੇ' ਲਿਖਿਆ ਮਿਲਦਾ ਹੈ ਉਸੇ ਤਰ੍ਹਾਂ ਹੀ ਚੇਲੇ ਦੀ ਸੰਗਤ ਦੇ ਨਾਂ ਲਿਖੇ 1762 ਬਿ. ਦੇ ਪੱਤਰ ਵਿਚ 'ਵਾਹ ਗੁਰੂ ਜੀ ਕੀ ਫਤੇ' ਪਹਿਲੀ ਪ੍ਰਮਾਣਿਕ ਲਿਖਤ ਹੈ ਜਿਸ ਤੋਂ ਜ਼ਾਹਰ ਹੈ ਕਿ ਇਸ ਦੀ ਵਰਤੋਂ ਉਸ ਸਮੇਂ ਚਾਲੂ ਹੋ ਗਈ ਹੈ।

ਕੁਝ ਕੁ ਛੱਡ ਕੇ ਹਰ ਚਿੱਠੀ ਉੱਤੇ ਮਿਤੀ, ਸਾਲ ਤੇ ਨਾਲ ਸਤਰਾਂ ਦੀ ਗਿਣਤੀ ਵੀ ਦਿੱਤੀ ਹੋਈ ਹੈ ਤਾਂ ਕਿ ਉਸ ਵਿਚ ਕਿਸੇ ਤਰ੍ਹਾਂ ਵਾਧ ਘਾਟ ਦੀ ਗੁੰਜਾਇਸ਼ ਨਾ ਰਹੇ।

ਲਿੱਪੀ ਕਲਾ ਦੇ ਪੱਖੋਂ ਜਿੱਥੇ ਗੁਰੂ ਸਾਹਿਬ ਦੀ ਸ਼ਿਕਸਤਾ ਕਲਮ ਦੇ ਅੱਖਰ ਧਿਆਨ ਯੋਗ ਹਨ, ਉਥੇ ਭਿੰਨ-ਭਿੰਨ ਲਿਖਾਰੀਆਂ ਦੀ ਕਲਮੀ ਸ਼ੈਲੀ ਦਸਦੀ ਹੈ ਕਿ ਇਨ੍ਹਾਂ ਪੱਤਰਾਂ ਨੂੰ ਲਿਖਣ ਵਾਲੇ ਕਈ ਸਨ। ਕੁਝ ਹੁਕਮਨਾਮੇ ਇਕੋ ਲਿਖਾਰੀ ਦੇ ਵੀ ਹਨ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੰਪਾਦਿਤ ਹੁਕਮਨਾਮਿਆਂ ਦੀ ਗਿਣਤੀ ਵਿਚ ਵਿਦਵਾਨਾਂ ਵਿਚ ਮਤਭੇਦ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸੰਪਾਦਿਤ ਹੁਕਮਨਾਮਿਆਂ ਦਾ ਸੰਪਾਦਨ ਵੇਰਵਾ ਇਸ ਪ੍ਰਕਾਰ ਹੈ :

ਪ੍ਰੋ. ਪਿਆਰਾ ਸਿੰਘ ਪਦਮ	35
ਡਾ. ਗੰਡਾ ਸਿੰਘ	33
ਸ. ਸ਼ਮਸ਼ੇਰ ਸਿੰਘ ਅਸ਼ੋਕ	31
ਡਾ. ਬਲਵੰਤ ਸਿੰਘ ਢਿਲੋਂ	05
ਡਾ. ਮਦਨਜੀਤ ਕੌਰ	01

ਗੁਰੂ ਗੋਬਿੰਦ ਸਿੰਘ ਜੀ ਦੇ ਕੁਲ 51 ਹੁਕਮਨਾਮੇ ਉਪਲਬਧ ਹਨ ਜਿਨ੍ਹਾਂ ਵਿਚੋਂ 19 ਹੁਕਮਨਾਮੇ ਡਾ. ਗੰਡਾ ਸਿੰਘ, ਪਿਆਰਾ ਸਿੰਘ ਪਦਮ, ਅਤੇ ਸ. ਸਮਸ਼ੇਰ ਸਿੰਘ ਅਸ਼ੋਕ ਦੇ ਸਾਂਝੇ ਹਨ। ਇਨ੍ਹਾਂ ਤੋਂ ਉਪਰੰਤ 10 ਹੁਕਮਨਾਮੇ ਡਾ. ਗੰਡਾ ਸਿੰਘ ਅਤੇ ਪ੍ਰੋ. ਪਦਮ ਸਿੰਘ ਦੇ ਸਾਂਝੇ ਹਨ ਅਤੇ 02 ਹੁਕਮਨਾਮੇ ਸ. ਸ਼ਮਸ਼ੇਰ ਸਿੰਘ ਅਸ਼ੋਕ ਅਤੇ ਡਾ. ਗੰਡਾ ਸਿੰਘ ਦੇ ਸਾਂਝੇ ਹਨ, 01 ਹੁਕਮਨਾਮਾ ਪ੍ਰੋ. ਪਿਆਰਾ ਸਿੰਘ ਪਦਮ ਅਤੇ ਸ. ਸ਼ਮਸ਼ੇਰ ਸਿੰਘ ਅਸ਼ੋਕ ਦਾ ਸਾਂਝਾ ਹੈ। ਇਸ ਤੋਂ ਉਪਰੰਤ ਪ੍ਰੋ. ਪਿਆਰਾ ਸਿੰਘ ਪਦਮ ਦੇ 05 , ਸ. ਸ਼ਮਸ਼ੇਰ ਸਿੰਘ ਅਸ਼ੋਕ ਦੇ 06 , ਡਾ. ਗੰਡਾ ਸਿੰਘ ਦੇ 02, ਡਾ. ਢਿਲੋਂ[8] ਦੇ 05 ਹੁਕਮਨਾਮੇ ਅਤੇ ਡਾ. ਮਦਨਜੀਤ ਕੌਰ[9] ਦਾ ਇਕ ਹੁਕਮਨਾਮਾ ਵੱਖ ਵੱਖ ਹਨ।

1. ਪ੍ਰੋ. ਪਿਆਰਾ ਸਿੰਘ ਪਦਮ, ਡਾ. ਗੰਡਾ ਸਿੰਘ ਅਤੇ ਸ. ਸ਼ਮਸ਼ੇਰ ਸਿੰਘ ਵਲੋਂ ਸੰਪਾਦਿਤ ਹੁਕਮਨਾਮੇ (19)

(ਪ. 04 , ਗ. 36, ਅ.67)

ੴ ਸਤਿਗੁਰੂ

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਗੁਰਦਾਸ ਸਰਬਤ ਸੰਗਤ ਭਾਈ ਗੁਰਦਾਸ

ਸਰਬਤ ਸੰਗ
ਗੁਰੂ ਰਖੇਗਾ ਕਾਰ ਸੰਗਤ
ਲੈ ਆਵਣਾ ਜੋ ਸਿਖ
ਆਵਗੁ ਸੋ ਨਿਹਾਲੁ ਹੋਗੁ ੮੯

ਗੁਰੂ ਰਖੇਗਾ ਕਾਰ ਸੰਗਤ ਲੈ ਆਵਣਾ ਜੋ ਸਿਖਆਵਗੁ ਸੋ ਨਿਹਾਲੁ ਹੋਗੁ।

ਮਿਤੀ ਮਾਘ ਸੁਦੀ ੧ ਸੰਮਤ ੧੭੪੮

(੪) ਮੇਵੜੇ ਨੋ ਦੇਣੇ

(੨) ਦੀਵਾਲੀ ਕੋ

(੨) ਬਿਸੋਏ ਕੋ

2. (ਪ.05 , ਗ.41 ਅ. 68)

੧ੳ ਸਤਿਗੁਰੂ

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਗੁਰਦਾਸ ਸਰਬਤ ਸੰਗਤ
ਰਖੈਗਾ ਗੁਰੂ ਰਖੈਗਾ ੧ ਬੁਲਗਾਰ ਬੈਇਦਾਰ ਭੇਜਣੀ ਖੁਸੀ ਹੈ ਸੰਮਤ
੧੭੪੯ ਮਿਤੀ ਅਸੂ ਵਦੀ ੧੦॥
੨) ਮੇਵੜੇ ਨੋ

ਭਾਈ ਗੁਰਦਾਸ ਸੰਗਤ ਗੁਰੂ
ਰਖੈਗਾ ਬੇਇਦਾਰ ਭੇਜਣੀ
ਖੁਸ਼ੀ ਹੈ।

3. (ਪ.06 , ਗ.42 , ਅ.69)

ਇਹ ਹੁਕਮਨਾਮਾ ਭਾਈ ਸੰਗਤੀਏ ਦੇ ਨਾਮ ੧੭੫੦ ਬਿ. ਦਾ ਲਿਖਿਆ ਹੋਇਆ ਹੈ ਜਿਸ ਦਾ ਅਸਲ ਅਰੀਆ ਗੰਜ ਲਖਨਊ ਸੁਰੱਖਿਅਤ ਹੈ, ਇਸ ਦੀ ਸੂਚਨਾ ਪਹਿਲਾਂ ਸ.ਜੀ.ਬੀ. ਸਿੰਘ ਜੀ ਨੇ ਦਿੱਤੀ ਸੀ।[10]

੧ੳ ਸਤਿਗੁਰੂ

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਸੰਗਤੀਆ ਬਾਲਾ
ਸਰਬਤਿ ਸੰਗਤਿ ਗੁਰੂ ਰਖੈਗਾ, ਸੰਗਤਿ ਗੁਰੂ ਗੁਰੂ ਜਪਣਾ ਜਨਮ
ਸਉਰੇਗਾ ਕਾਰ ਲੈ ਕੇ ਸੰਗਤਿ ਬਿਸੋਏ ਨੋ ਦਰਸਨਿ ਆਵਣਾ ਜੋ ਸਿਖ
ਆਵੈਗੁ ਸੋ ਨਿਹਾਲ ਹੋਵਗੁ ੧ ਇਕ ਤੁਪਕ ਸਾਜ ਸੁਧਾ ਲੈ ਆਵਣਾ

ਇਕ ਤੁਪਕ ਭਾਈ
ਸੰਗਤੀਆ ਕਾਰ ਸੰਗਤ ਲੈ

ਮਿਤੀ ਫਗਣ ਸੁਦੀ ੫ ਸੰਮਤ ੧੭੫੦
੧) ਇਕ ਰੁਪਯਾ ਮੇਵੜੇ ਨੋ ਦੇਣਾ ਬਾਲੇ ਨੋ

4. (ਪ.07 , ਗ. 43 , ਅ. 72)

ਇਹ ਹੁਕਮਨਾਮਾ ਫੂਲਕੀਆ ਘਰਾਣੇ ਦੇ ਚੌਧਰੀ ਭਾਈ ਰਾਮਾ ਤੇ ਭਾਈ ਤਿਲੋਕਾ ਦੇ ਨਾਂ ਉਸ ਸਮੇਂ ਲਿਖਿਆ ਗਿਆ ਸੀ ਜਦੋਂ ਔਰੰਗਜ਼ੇਬ ਨੇ ਸਾਵਣ ੧੭੫੩ ਬਿ. ਵਿਚ ਤਾਕੀਦੀ ਹੁਕਮ ਦੇ ਕੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਪੰਜਾਬ ਵਲ ਘੱਲਿਆ ਸੀ ਤੇ ਗੁਰੂ ਸਾਹਿਬ ਵੀ ਇਹਤਯਾਤ ਵਜੋਂ ਸੁਰੱਖਿਆ ਦਾ ਪ੍ਰਬੰਧ ਕਰ ਰਹੇ ਸਨ ਇਸ ਦਾ ਅਸਲ ਪੱਤਰ ਮਹਾਰਾਜਾ ਪਟਿਆਲਾ ਦੇ ਘਰਾਣੇ ਪਾਸ ਹੈ।[11]

੧ੳ ਸਤਿਗੁਰੂ

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤਲੋਕਾ ਭਾਈ ਰਾਮਾ
ਸਰਬਤ ਸੰਗਤਿ ਗੁਰੂ ਰਖੈਗਾ ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ
ਮੇਰੀ ਤੇਰੇ ਉਪਰਿ ਬਹੁਤ ਖੁਸ਼ੀ ਹੈ। ਤੇਰਾ ਘਰੁ ਮੇਰਾ ਹੈ,
ਤੁਧ ਹੁਕਮ ਦੇਖਦਿਆਂ ਛੇੜੀ ਅਸਡੇ ਹਜੂਰਿ ਆਵਣਾ ਤੇਰਾ ਘਰੁ ਮੇਰਾ ਅਸੋ
ਅਸੋ ਤੁਧ ਸਿਤਾਬੀ ਹੁਕਮੁ ਦੇਖਦਿਆਂ ਹੀ ਆਵਣਾ ਤੁਸਾਂ ਅਸਵਾਰ
ਲੈ ਕੇ ਆਵਣਾ ਜ਼ਰੂਰ ਆਵਣਾ ਤੇਰੇ ਉਤੇ
ਅਸਾਡੀ ਭਾਰੀ ਮਿਹਰਵਾਨਗੀ
ਅਸੋ ਤੈ ਆਵਣਾ ੧ ਇਕ ਜੋੜਾ ਭੇਜਾ ਹੈ ਰਖਾਵਣਾ ਭਾਦੋਂ ੨
ਸਮੰਤ ੫੩

੧ੳ ਸਤਿਗੁਰੂ
ਭਾਈ ਰਾਮਾ ਭਾਈ ਤਲੋਕਾ
ਸੰਗਤ ਗੁਰੂ ਰਖੈਗਾ ਤੁਸਾਂ
ਅਸਵਾਰ ਲੈ ਕੇ
ਆਵਣਾ
ਜ਼ਰੂਰ ਆਵਣਾ
ਤੇਰੇ ਤੇ ਅਸਾਡੀ
ਭਾਰੀ ਮਿਹਰਵਾਨਗੀ ਹੈ ਤੁਸਾਂ
ਆਵਣਾ ੧ ਜੋੜਾ ਰਖਾਵਣਾ।

5. (ਪ. 08, ਗ. 44 , ਅ. 71)

ਇਸ ਪੱਤਰ ਦੀ ਅਸਲ ਕਾਪੀ ਪਿੰਡ ਭਾਈ ਰੂਪੇ ਜ਼ਿਲਾ ਬਠਿੰਡਾ ਵਿਚ ਸੰਬੰਧਤ ਘਰਾਣੇ ਪਾਸ ਹੈ।

੧ੳ ਸਤਿਗੁਰੂ

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ

੧ ਊਂਟ ਭੇਜਣਾ
ਸੁਖੀਆ ਗੁਰੂ ਰਖੈਗਾ
ਤੁਸਾਂ ਹਜੂਰਿ ਆਵਣਾ

ਸੁਖੀਆ ਸਰਬਤ ਸੰਗਤਿ ਰੂਪੇ ਕੀ ਗੁਰੂ ਰਖੈਗਾ ਸੰਗਤ
ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਅਸਵਾਰ
ਪਿਆਰੇ ਬੰਦੂਕੀ ਜਮੀਅਤਿ ਲੈ ਕੇ ਤੁਸਾਂ ਆਵਣਾ ਮੇਰੀ

੧ ਊਂਟ ਲੈ
ਆਵਣਾ ਤੁਸਾਂ
ਜ਼ਰੂਰ ਆਵਣਾ

ਘਰ ਤੁਸਾਡਾ ਹੈ — ਬਹੁਤ ਖੁਸ਼ੀ ਹੈ ਜੋ ਆਵਗੁ ਸੋ ਨਿਹਾਲ ਹੋਗੁ ਹੁਕਮੁ ਮੇਰੀ ਖੁਸੀ ਹੈ। ਸਤਰਾਂ ੧੦

ਦੇਖਦੇ ਹੀ ਸਿਤਾਬੀ ਆਵਣਾ ਗੁਰੂ, ਸੰਗਤ ਕੀ ਬਹੁੜੀ
ਕਰੇਗਾ ਗੁਰੂ ਸੰਗਤ ਕੇ ਸਭ ਮਨੋਰਥ ਪੂਰੇ ਕਰੇਗਾ
ਗੁਰੂ ਸੰਗਤ ਕੇ ਸਭ ਮਨੋਰਥ ਪੂਰੇ ਕਰੇਗਾ
ਸੰਗਤ ਨਿਹਾਲ ਹੋਈ।

..... (ਇਹ ਹਿੱਸਾ ਭਰਿਆ ਹੋਇਆ ਹੈ।)

6. ਇਹ ਪੱਤਰ ਮਿਹਰ ਚੰਦ ਰੁਪੇ ਕਿਆਂ ਦੇ ਨਾਮ ਹੈ।

(ਪ.09 , ਗ.33 , ਅ. 66)

੧ਓ ਸਤਿਗੁਰੂ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਮਿਹਰਚੰਦੁ ਤੁਸਾ ਆਵਣਾ ਰਹਣਾ ਨਾਹੀ ਤੇਰੇ ਪਰ ਮੇਰੀ ਬਹੁਤ ਖੁਸ਼ੀ ਹੈ ਤੇਰੀ ਹਰ ਤਰਹਿ ਦੀ ਮਹਾ ਵਜਤ ਮੇਰੇ ਸਿਰ ਹੈ ਤੂ ਮੇਰੇ ਸਿਰ ਨਾਲਿ ਹੈਂ।
.... (ਇਹ ਹਿੱਸਾ ਭਰਿਆ ਹੋਇਆ ਹੈ।)

ਭਾਈ ਮੇਹਰਚੰਦ ਤੁਮ ਆਵਣਾ ਰਹਣਾ ਨਾਹੀ ਤੇਰੇ ਪਰ ਮੇਰੀ ਬਹੁਤ ਖੁਸੀ ਹੈ, ਤੇਰੀ ਹਰ ਤਰਹਿ ਦੀ ਮੁਹਫਜਤਿ ਮੇਰੇ ਸਿਰ ਹੈ ਤੂੰ ਮੇਰੇ ਸਿਰ ਨਾਲਿ ਹੈਂ।

7. (ਪ.10, ਗ.46, ਅ.74)

ਇਸ ਹੁਕਮਨਾਮੇ ਦਾ ਅਸਲ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਪਿਆ ਹੈ ਇਹ ਹੁਕਮਨਾਮਾ ਮਾਛੀਵਾੜੇ ਦੀ ਸੰਗਤ ਦੇ ਨਾਮ ਹੈ।

੧ਓ ਸਤਿਗੁਰੂ ਜੀ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਕਲਿਆਣਰਾਇ ਸਰਬਤ ਸੰਗਤਿ
ਮਾਛੀਵਾੜੇ ਕੀ ਗੁਰੂ ਰਖੈਗਾ ਸੰਗਤਿ ਮੇਰਾ ਖ਼ਾਲਸਾ ਹੈ ਇਕਸੁ ਤੋਲੈ ਸੁਇਨੇ ਕਾ ਹੁਕਮ
ਲਿਖਿਆ ਹੈ ਦੇਖਦੇ ਸਿਤਾਬੀ ਹਜੂਰ ਭੇਜਣਾ ਜੋ ਗੁਰੂ ਕੇ ਨਵਿਤ ਕਾ ਹੋਵੈ ਗੋਲਕ ਦਸਵੰਦ
ਮਨੰਤ ਸੋ ਹਜੂਰ ਆਪ ਲੈ ਆਵਣਾ ਮਸੰਦਾ ਨੋ ਮੰਨਣਾ ਨਾਹੀ। ਗੁਰੂ, ਸੰਗਤਿ ਕੀ ਬਾਹੁੜੀ
ਕਰੈਗਾ ਮਨੋਰਥ ਪੂਰੇ ਹੋਵਹਿਗੇ॥
ਸੰਮਤੁ ੧੭੫੫। । ਮਿਤੀ ਚੇਤੋ ਚਉਂਦਾ॥੧੪॥ ਸਤਰਾਂ ਅਠ॥ ੮॥

8. (ਪ.11, ਗ.45, ਅ.73)

ਇਹ 1755 ਬਿ. ਦਾ ਪੱਤਰ ਔਰੰਗਜ਼ੇਬ ਦੇ ਪੋਤਰੇ, ਬਹਾਦਰਸ਼ਾਹ ਦੇ ਪੁੱਤਰ ਸ਼ਾਹ ਅਜ਼ੀਮੁਦੀਨ ਦੀ ਫੌਜੀ ਨੌਕਰੀ ਵਿਚ ਰਹਿਣ ਵਾਲੇ ਸਿੱਖਾਂ ਦੇ ਨਾਮ ਹੈ, ਜੋ ਬੜਾ ਅਹਿਮ ਹੈ।

੧ਓ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ ਭਾਈ ਮੁਹਕਮ ਸਿੰਘ ਜੀ
ਭਾਈ ਸਤੀਦਾਸ ਸਰਬਤ ਸੰਗਤ ਸ਼ਹਜ਼ਾਦੇ ਅਜ਼ੀਮ ਦੇ ਲਸ਼ਕਰ ਕੀ
ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਉਰੇਗਾ ੧00) ਸਉ ਤੋਲਾ
ਸੋਨਾ ਫਰਮਾਇਸ ਕਾ ਕਰਿ ਭੇਜਣਾ ਸਰਬਤ ਸੰਗਤਿ ਸ਼ਹਜ਼ਾਦੇ ਅਜ਼ੀਮ ਲਸਕਰ ਕੀ ਗੁਰੂ ਰਾਖੈਗਾ)
ਦੇ ਲਸਕਰਦੀ ਨੋ ਮੇਰਾ ਹੁਕਮੁ ਹੈ ਜੋ ਸਿਖ ਸੋਨੇ ਦੀ ਫਰਮਾਇਸਿ
ਦੇਗੁ ਸੋ ਨਿਹਾਲੁ ਹੋਗੁ ਗੁਰੂ ਤਿਸਕੀ ਬਾਹੁੜੀ ਕਰੇਗਾ। ਗੁਰੂ, ਸੰਗਤ
ਦੇ ਰੁਜ਼ਗਾਰ ਅੰਦਰ ਬਰਕਤ ਕਰੈਗਾ ਮੇਰੀ ਬਹੁਤ ਖੁਸੀ ਅਸੈ, ਸੰਗਤਿ
ਨਿਹਾਲੁ ਹੋਈ ਗੁਰੂ ਸੰਗਤਿ ਕੋ ਸਭ ਮਨੋਰਥ ਪੂਰੇ ਕਰੇਗਾ ਤੁਸਾਡਾ ਘਰੂ
ਮੇਰਾ ਅਸੈ, ਮਿਤੀ ਸਾਵਣੋ ੨੪ ਸੰਮਤ ੧੭੫੫॥ ਸਤਰਾਂ ੮।

੧ਓ ਭਾ. ਮੁਹਕਮ ਸਿੰਘ ਜੀ ਸਤੀਦਾਸ ਸਰਬਤਿ ਸੰਗਤ ਸ਼ਹਿਜਾਦੇ ਅਜੀਮਦੀਂ ਦ ਸਉ ਤੋਲਾ ਸੋਨਾ ਫਰਮਾਇਸ ਕਰ ਭੇਜਣਾ ਗੁਰੂ ਸਰਬਤ ਦੇ ਕਾਰਜ ਰਾਸ ਕਰੇਗਾ।

9. (ਪ.18, ਗ.48, ਅ.75)

ਨੁਸ਼ਹਿਰੇ ਦੀ ਸੰਗਤ ਦੇ ਨਾਮ ਗੁਰੂ ਦਸਮੇਸ ਜੀ ਦੇ ਤਿੰਨ ਪੱਤਰ ਮਿਲਦੇ ਹਨ ਜੋ ਉਕਤ ਪਿੰਡ ਵਿਚ

ਸ. ਠਾਕੁਰ ਸਿੰਘ ਪਾਸ ਹਨ। ਇਨ੍ਹਾਂ ਦੀ ਫੋਟੋ ਨਕਲ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਤੇ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਪ੍ਰਾਪਤ ਹੈ।

ੴ ਸਤਿਗੁਰੂ ਜੀ

ਮੇਰਾ ਖਾਲਸਾ ਹੈ ੧) ਭੇਜਣਾ
ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤ ਨਉਸਹਿਰੇ ਕੀ ਗੁਰੂ ੭੨੦
ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਸੰਗਤਿ ਦਿਵਾਲੀ ਨੋ ਦਰਸਨਿ ਆਵਣਾ
ਜੋ ਗੁਰੂ ਕੇ ਨਿਵਤ ਕਾ ਹੋਵੈ ਸੋ ਨਿਹਾਲੁ ਹੋਗੁ ਸੰਗਤਿ ਤੁਸੀਂ ਮੇਰਾ ਖਾਲਸਾ ਹੋ ਮੇਰੀ ਖੁਸੀ ਹੈ
੧) ਤੋਲਾ ਸੁਇਨਾ ਫੁਰਮਾਇਸ ਹੁੰਡੀ ਕਰਾਇ ਭੇਜਣੀ ਜੋ ਸਿਖ ਸੋਇਨੇ ਫਰਮਾਇਸ ਦੇ,
ਸੋ ਨਿਹਾਲ ਹੋਗੁ ਮੇਰੀ ਖੁਸੀ ਹੈ।
ਸੰਮਤ ੧੭੫੬ ਕਤਕੋ ੪।। ਸਤਰਾਂ ੮।

10. ੧੩੨੦ (ਪ.20, ਗ.58, ਅ.82)

ੴ ਸਤਿਗੁਰੂ ਜੀ ੩੨੧

੨੧੪੪

ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤ ਨਉਸ਼ਹਰੇ ਕੀ ਗੁਰੂ ਰੱਖੇਗਾ ਗੁਰੂ
ਗੁਰੂ ਜਪਣਾ ਜਨਮੁ ਸਉਰੈਗਾ ਸਰਬਤ ਸੰਗਤਿ ਮੇਰਾ ਖਾਲਸਾ ਹੈ। ੧) ਇਕ ਤੋਲਾ ਸੁਇਨਾ
ਫੁਰਮਾਇਸ ਹੁਕਮ ਦੇਖਦੇ ਹੀ ਸਿਤਾਬੀ ਹੁੰਡੀ ਕਰਾਇ ਭੇਜਣੀ ਜੋ ਇਹ ਫੁਰਮਾਇਸ ਲੋਚ ਕੇ
ਦੇਗੁ ਸੋ ਨਿਹਾਲੁ ਹੋਗੁ ਸੰਗਤ ਮਸੰਦ ਮਸੰਦੀਏ ਨਾਲਿ ਨਾਹੀ ਮਿਲਣਾ ਅਤੇ ਜੋ ਸਿਖ ਹਥਿਆਰ ਬੰਨ ਕੇ
ਦਰਸਨਿ ਆਵਗੁ ਸੋ ਨਿਹਾਲ ਹੋਗੁ ਉਸ ਸਿਖ ਦੀ ਗੁਰੂ ਲਾਗਿ ਰਹਗੁ। ਸੰਗਤਿ ਜੋ ਸਿਖ ਮਿਲੇ
ਸੋ ਮੇਲਿ ਲੈਣਾ ਹੋਰ ਦਿਗਤਿ ਕੋਈ ਨਾਹੀ ਕਰਣੀ, ਪਿਆਰ ਕਰਨਾ।
ਮਰੀ ਖੁਸੀ ਹੈ।
(ਸੰਮਤ ੧੭੫੮ ਮਿਤੀ ਫਾਗੋ।। ਗਿਆਰਾਂ ਸਤਰਾਂ ਦਸ ੧੦।।

(ਪ.21, ਗ.50, ਅ.78)

11. ਇਹ ਹੁਕਮਨਾਮਾ ਪੱਟਣ ਫਰੀਦ ਦੀ ਸੰਗਤ ਦੇ ਨਾਂ ਹੈ। ਦਸ਼ਮੇਸ਼ ਜੀ ਵਲੋਂ ਦੋ ਹੁਕਮਨਾਮੇ ਇੱਥੋਂ ਦੀ ਸੰਗਤ ਦੇ ਨਾਮ ਹਨ। ਇਹ ਇਕ ਪ੍ਰਾਚੀਨ ਬੀੜ ਵਿਚ ਚੇਪ ਕੇ ਸੰਭਾਲੇ ਹੋਏ ਸਨ ਜੋ ਬੀੜ ਹੁਣ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਹੈ।

ੴ ਸਤਿਗੁਰੂ ਜੀਉ

ਨੀਸਾਣ ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤ ਸੰਗਤ ਪਟਣ ਫਰੀਦ ਕੇ ਕੀ ਗੁਰੂ ੨ ਤਿਲੇਦਾਰ
੧੯।) ਸੰਗਤਿ ਗੁਰੂ ਗੁਰੂ ਜਪਣਾ ਜਨਮ ਸਉਰੈਗਾ ਡਿਉਢੁ ਤੋਲੇ ਸੋਨੇ ਕੀ ਫੁਰਮਾਇਸਿ ੧ ਸਾਦੀ
ਸੋ:ਭੇ. ਰੁਪਈਏ ਉਨੀ ਸਵਾ ੧੯।) ਸੰਤਖੇ ਸੇਵੜੇ ਹਥਿ ਮਿਤੀ ਮਾਹੋ ੬ ਸੰਮਤ ੧੭੫੬ ਹਜੂਰਿ
੬੦੮ ਪਹੁਤੇ ਖੁਸੀ ਹੋਈ ਨਿਹਾਲ ਹੋਏ ਸੰਗਤਿ ਮੇਰਾ ਖਾਲਸਾ ਹੈ ਗੁਰੂ ਕੇ ਨਿਵਤ ਕਾ ਹੋਵੈ ਸੋ
ਵਿਸੋਏ ਨੂੰ ਹਜੂਰਿ ਲੈ ਕੇ ਦਰਸਨਿ ਆਵਣਾ ਮੇਰੀ ਖੁਸੀ ਹੈ, ਆਵਗੁ ਸੋ ਨਿਹਾਲੁ ਹੋਗੁ ਹੋਰਸ ਕਿਸੇ
ਮਸੰਦ ਨੂੰ ਨਾਹੀ ਮੰਨਣਾ ੩ ਤ੍ਰੈ ਪਗਾਂ ਸਿਰਪਾਉ ਭੇਜੇ ਹੈਨਿ ਰਖਵਾਣੇ, ਸੰਗਤਿ ਗੁਰੂ ਪੂਰੇ ਕਰੇਗਾ।
ਮਿਤੀ ਫਾਗੋ ੪ ਸੰਮਤੁ ੧੭੫੬ ਸਤਰਾਂ ਦਸ ੧੦।।

(ਪ.22, ਗ.51, ਅ.81)

12. ਘਰਿ ਘਰਿ ਗੋਲਕ ਕਰਨੀ

ੴ ਸਤਿਗੁਰੂ ਜੀਉ

ਸਰਬਤਿ ਸੰਗਤ ਹਥਿਆਰ ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤ ਸੰਗਤਿ ਸੋ.ਭੇ.) ਗੁਰੂ ਕੇ ਨਮਿਤ
ਕਾ ਹੋਸੁ
ਬੰਧਿ ਕੇ ਹੋਲੀ ਨੋ ਦਰਸਨ ਪਟਣ ਫਰੀਦ ਕੀ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ ਕਿਸੇ ਨੋ ਨਾਹੀ
ਦੇਵਣਾ ਜ

ਆਵਣਾ ਨਿਹਾਲ ਹੋਏ। ਜਨਮ ਸਉਰੈਗਾ ਸਰਬਤਿ ਸੰਗਤਿ ਮੇਰਾ ਖਾਲਸਾ ਹੈ ਜੋ ਗੁਰੂ ਆਪ ਆਵਣਾ
ਸਤਰਾਂ ੧੧ ਕੇ ਨਵਿਤ ਕਾ ਹੋਵੈ ਸੋ ਕਿਸੈ ਮਸੰਦ ਨੋ ਨਾਹੀ ਦੇਵਣਾ ਤਾ ਹਜੂਰ ਲੈ ਆਵਣਾ ਅਰੁ

ਆਪਣੇ ਆਪਣੇ ਪਾਸ ਰਖਣਾ ਜੋ, ਸਿਖ ਆਵੈ ਹਜੂਰ ਆਪੇ ਹੀ ਲੈ ਆਵਣਾ ਜਿਸ ਦਾ ਆਵਣ ਹੋਵੈ ਨਾਹੀ ਤਿਸੁ ਆਪਣੇ ਹੀ ਪਾਸਿ ਰਖਣਾ ਜਾਂ ਗੁਰੂ ਕਾ ਹੁਕਮਨਾਮਾ ਆਵੈ ਤ ਹੁੰਡੀ ਕਰਾਇ ਕੈ ਭੇਜਣੀ ਮੇਰੀ ਖੁਸੀ ਹੈ

ਮਸੰਦ ਮਸੰਦੀਏ ਮਰਣੇ ਪਰਣੇ ਗੁਰੂ ਕੇ ਸਿਖ ਨਾਹੀ ਬੈਠਣਾ ਜੋ ਹੁਕਮ ਮਨਗੁ ਤਿਸਦੇ ਮਨੋਰਥ ਪੂਰੇ ਹੋਨਿਗੇ ਮੇਰੀ ਖੁਸੀ ਹੈ ਸਤਰਾਂ ੧੪।

੧) ਇਕ ਤੋਲਾ ਸੋਨਾ
ਫਰਮਾਇਸ ਲਿਖਿਆ ਹੈ ਸੰਗਤਿ ਹੁੰਡੀ ਕਰਾਇ ਕੈ ਭੇਜਣਾ
ਮੇਰੀ ਖੁਸੀ ਹੈ ਜੋ ਸਿਖ ਫਰਮਾਇਸ ਦੇਗੁ ਸੋ ਨਿਹਾਲ ਹੋਗੁ।
ਮਿਤੀ ਮੱਘਰੋ ੪ ਸੰਮਤੁ ੧੭੫੭ ਸਤਰਾਂ ੯।

13. ਇਕ ਹੁਕਮਨਾਮਾ ਪਟਨੇ ਹਰਿਮੰਦਰ ਸਾਹਿਬ ਪਿਆ ਹੈ। (ਪ.23, ਗ.53, ਅ.86)

ੴ ਸਤਿਗੁਰੂ ਜੀ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਸਰਬਤ ਸੰਗਤਿ
ਦਸੂਹੇ ਕੀ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਵਰੈ
ਸੰਗਤਿ ਮੇਰਾ ਖਾਲਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਵੈ ਸੋ
ਬਿਨੁ ਹੁਕਮ ਕਿਸੈ ਨੋ ਨਾਹੀ ਦੇਣਾ ਜੋ ਸਿਖੁ ਦਰਸਨਿ ਆਵੈ
ਸੋ ਆਪਣੇ ਨਾਲਿ ਲੈ ਆਵੈ ਜਿਸਦਾ ਆਵਣੁ ਨ ਹੋਵੈ ਜੋ ਗੁਰੂ
ਕਾ ਹੁਕਮੁ ਲੈ ਆਵੈ ਹੁੰਡੀ ਕਰਾਇ ਤਿਸਦੈ ਹਵਾਲੇ ਕਰਣੀ
ਫਰਮਾਇਸਿ ਸੋਨਾ ਤੋਲਾ ੧॥) ਭੇਢੁ ਲੋਚਿਕੈ ਦੇਣੀ
ਹੁਕਮੁ ਦੇਖਦੇ ਹੀ ਹੁੰਡੀ ਕਰਾਇ ਦੇਣੀ ਜੋ ਦੇਗੁ ਸੋ
ਨਿਹਾਲੁ ਹੋਗੁ ਮੇਰੀ ਖੁਸੀ ਹੈ ਸਮਤੁ ੧੭੫੭ ਮਘਰ ਮਿਤੀ ੪ ਸਤਰਾਂ ੭॥

(ਪ.24, ਗ.55, ਅ.86)

14. ਪ੍ਰੋ. ਪਦਮ ਲਿਖਦੇ ਹਨ ਕਿ ਇਹ ਪੱਤਰ ਗੁਰਦੁਆਰਾ ਨੀਚੀਬਾਗ (ਵੱਡੀ ਸੰਗਤ) ਬਨਾਰਸ ਤੋਂ 2 ਦਸੰਬਰ 1966 ਨੂੰ ਉਤਾਰਾ ਕਰਕੇ ਲਿਆਂਦਾ ਸੀ।[12]

੨੮੯੯ ੧੦੦) ਭੇ.

ੴ ਸਤਿਗੁਰੂ ਜੀਉ

ਗੁਰੂ ਕੇ ਨਵਿਤ ਕਾ ਹੋਰਸ ਕਿਸੀ ਨੋ ਨਾਹੀ ਦੇਣਾ ਜਾ ਆਪਿ ਆਵਣਾ ਆਪੇ ਹੀ ਲੈ ਆਵਣਾ ਅਰੁ ਮਸੰਦ ਮਸੰਦੀਏ ਦੇ ਮਰਣੇ ਪਰਣੇ ਗੁਰੂ ਕੇ ਸਿਖ ਨਾਹੀ ਜਾਣਾ ਜੋ ਜੋ ਹੁਕਮੁ ਮੰਨਗੁ ਤਿਸਕੇ ਮਨੋਰਥ ਪੂਰੇ ਹੋਨਿਗ ਮੇਰੀ ਖੁਸੀ ਹੈ। ਸਰਬਤ ਸੰਗਤਿ ਹੋਲੀ ਨੋ ਦਰਸਨਿ ਆਵਣਾ ਹਥਿਆਰ ਬੰਨਿਕੈ।

ਸਿਰੀ ਗੁਰੂ ਜੀ ਦੀ ਆਗਿਆ ਹੈ ਭਾਈ ਮਹਿਰਚੰਦੁ ਧਰਮਚੰਦੁ ਕਰਮਚੰਦੁ ਗੁਰੂ
ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ ਤੁਸੀਂ ਮੇਰਾ ਖਾਲਸਾ ਹੋ ਇਕ ਸਉ
ਇਕ ੧੦੧)
ਰੁਪਯਾ ਹਾਥੀ ਦੀ ਫਰਮਾਇਸਿ ਹੁਕਮ ਦੇਖਦੇ ਹੀ ਸਿਤਾਬੀ ਹੁੰਡੀ ਕਰਾਇ
ਭੇਜਣੀ ਅਰੁ ਹੋਰੁ
ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਆਪੇ ਲੈ ਆਵਣਾ ਹਥਿਆਰ ਬੰਨਿ ਕ
ਦਰਸਨਿ
ਆਵਗੁ ਸੋ ਨਿਹਾਲੁ ਹੋਗੁ ਉਸ ਦੀ ਘਾਲ ਥਾਇ ਪਵਗੁ ਗੁਰੂ ਨਾਲ ਰਹਗੁ
ਗੁਰੂ ਕੇ
ਨਵਤ
ਕਾ ਹੋਵੈ ਸੋ ਹੋਰਸ ਕਿਸੈ ਨੋ ਨਾਹੀ ਦੇਣਾ ਅਰੁ ਮਸੰਦ ਮਸੰਦੀਏ ਨਾਲਿ ਨਾਹੀ
ਮਿਲਣਾ ਨਾਹੀ
ਮੰਨਣਾ ਜੋ ਸਿਖੁ ਮਿਲੈ ਸੋ ਮੇਲਿ ਲੈਣਾ ਵਧੀਕ ਦਿਕਤਿ ਨਾਹੀ ਕਰਣੀ ਮੇਰਾ

ਬਹੁੜੀ ਹੋਗੁ। ਹੁਕਮੁ ਹੈ
ਸੰਗਤਿ ॥
ਸੰਮਤੁ ੧੭੫੮ ਸਤਰਾਂ ਅਠਿ ੮ ॥
ਮਿਤੀ ਫਾਗੋ ੧੦॥

(ਪ.26, ਗ.54, ਅ.84)

15. ਇਹ ਹੁਕਮਨਾਮਾ ਮਿਹਰ ਚੰਦ ਪੇਸ਼ਕਾਰ ਦੇ ਨਾਮ ਹੈ ਜੋ ਮੁਗਲ ਮੁਲਜ਼ਮਤ ਵਿਚ ਪੇਸ਼ਕਾਰ ਦੇ ਅਹੁਦੇ ਤੇ ਸੀ।

ੴ ਸਤਿਗੁਰੂ ਜੀਉ

ਸਿਰੀ ਗੁਰੂ ਜੀ ਕੀ ਆਗਿਆ ਹੈ ਭਾਈ ਮਿਹਰ ਚੰਦੁ ਪੇਸ਼ਕਾਰ ਖੁਫ਼ੀਏ ਨਵੀਸ ਕਾ ਮੇਰਾ ਖਾਲਸਾ ਹੈ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ ਰੁਪਯੇ ੨੫) ਪੰਜੀ ਫੁਰਮਾਇਸਿ ਲਿਖੀ ਹੈ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਖਸਮਾਨਾ ਹੋਗੁ ਬਾਹੁੜੀ ਹੋਵੈਗੀ। ਮਸੰਦ ਅਰੁ ਮਸੰਦੀਏ ਨੋ ਨਾ ਹੀ ਮਿਲਣਾ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹਜੂਰ ਪਹੁੰਚਾਵਣਾ ਨਿਹਾਲ ਹੋਵਉਗੇ ਜੋ ਸਿਖੁ ਮਿਲੈ ਸੋ ਮੇਲ ਲੈਵਣਾ ਮੇਰੀ ਖੁਸ਼ੀ ਹੈ ਦਿਕਤਿ ਨਾਹੀ ਕਰਣੀ ਅਰ ਹਥਿਆਰ ਬੰਨ ਕੈ ਦਰਸਨ ਆਵਣਾ ਜੋ ਸਿਖ ਦਰਸਨ ਆਵਗੁ ਤਿਸਦੀ ਘਾਲ ਥਾਇ ਪਵੈਗੀ।
(ਮਿਤੀ ਫਾਗੋ ੧੦ ਸੰਮਤੁ ੧੭੫੮ ਸਤਰਾਂ ੧੦।

ਜੋ ਕਿਛੁ ਗੁਰੂ ਕੇ ਨਮਿਤ ਕਾ ਹੋਵੈ ਸੋ ਹਜੂਰਿ ਹੁੰਡੀ ਕਰਾਇ ਭੇਜਣੀ
ਸਤਰਾਂ ੧੦

(ਪ.27, ਗ.56, ਅ.85)

16. ਇਸ ਦਾ ਅਸਲ ਸਿੰਘਾਂ ਵਾਲੀ ਗਲੀ, ਅਹੀਆ ਗੰਜ ਲਖਨਊ ਮੌਜੂਦ ਹੈ। ਇਨ੍ਹਾਂ ਦੇ ਵਡੇਰੇ ਕਿਸੇ ਸਮੇਂ ਗੁਰੂ ਕੇ ਮੁਖੀਏ ਕਰਦਾਰ ਸਨ।[13]

੪੦੯ ੫)) ਸੋ.ਭੇ.

ੴ ਸਤਿਗੁਰੂ ਜੀਉ

ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤ ਸੰਗਤ ਪਿਰਾਗ ਕੀ ਮੇਰਾ ਖਾਲਸਾ ਹੈ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ ੫)) ਪੰਜ ਤੋਲਾ ਸੋਨਾ ਫਰਮਾਇਸਿ ਲਿਖੀ ਹੈ ਸੰਗਤਿ ਹੁਕਮ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਖਸਮਾਨਾ ਹੋਗੁ ਬਾਹੁੜੀ ਹੋਵੈਗੀ। ਸੰਗਤਿ ਮਸੰਦ ਮਸੰਦੀਏ ਨੋ ਨਾਹੀ ਮਿਲਣਾ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹੋਰ ਕਿਸੈ ਨੋ ਨਾਹੀ ਦੇਣਾ ਹਜੂਰਿ ਪਹੁਚਾਵਣਾ ਜੋ ਸਿਖੁ ਮਿਲੈ ਸੋ ਮੇਲ ਲੈਵਣਾ ਦਿਕਤਿ ਨਾਹੀ ਕਰਣੀ ਮੇਰੀ ਖੁਸ਼ੀ ਹੈ ਆਪ ਵਿਚਿ ਪਿਆਰੁ ਕਰਣਾ ਸੰਗਤਿ ਹਥੀਆਰ ਬੰਨ ਕੇ ਦਰਸਨ ਆਵਣਾ ਜੋ ਸਿਖੁ ਦਰਸਨ ਆਵਗੁ ਸੋ ਨਿਹਾਲ ਹੋਗੁ ਮਿਤੀ ਫਾਗ ੧੦ ਸੰਮਤੁ ੫੮

੫)) ਪੰਜ ਰੁਪਏ ਮੇਵੜੇ ਨੌ ਦੇਣੇ ਸਤਰਾਂ ੮।

17. (ਪ.31, ਗ.61, ਅ.89)

ਇਹ ਚੋਹਲੇ ਦੀ ਸੰਗਤ ਦੇ ਨਾਮ ਆਗਿਆ ਪੱਤਰ ਹੈ। ਇਸ ਦੀ ਫੋਟੋ ਕਾਪੀ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਹੈ।

ੴ ਸਤਿਗੁਰੂ ਜੀਉ

ਸੰਗਤ ਤੁਸਾਂ ਹੁੰਡੀ ਕੋਟਾਂ ਉਪਰਿ ਕਰਾਇ ਭੇਜਣੀ ਕਿ ਆਦਮੀ ਨਾਲਿ ਕਰਿਣਾ।
੧ ਗੁਰੂ ੨੦
ਖਰਚਣ ਨੋ

ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤ ਸੰਗਤ ਚੋਲੇ ਕੀ ਮੇਰਾ ਖਾਲਸਾ ਹੈ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ ੧) ਇਕ ਤੋਲਾ ਸੁਇਨਾ ਤਿਸ ਕੇ ਰੁਪਏ 20) ਬੀਹ ਹਜੂਰ ਭੇਜਣੇ ਪੈਸੇ ਸਿਖਾਂ ਨੋ ਖਰਚਣ ਨੋ ਚਾਹੀਦੇ ਹੈਨ ਜੋ ਸਿਖ ਫੁਰਮਾਇਸਿ ਲੋਚ ਕੈ ਦੇਗੁ, ਸੋ ਨਿਹਾਲ ਹੋਗੁ। ਮਨੋਰਥ ਗੁਰੂ ਪੂਰੇ ਕਰੇਗਾ। ਸੰਗਤਿ ਮੇਰੀ ਕੋਠੜੀ ਹੈ, ਨਿਹਾਲ ਹੋਏ। ਸੰਮਤ ੧੭੬੮ ਮਿਤੀ ਚੇਤੋ ੬ ॥ ਸਤਰਾਂ ੧੧।

18. (ਪ.32, ਗ.62, ਅ.91)

ਦਮਦਮਾ ਸਾਹਿਬ ਦੇ ਮੁਕਾਮ ਤੋਂ ਸਮੂਹ ਬੈਰਾੜਾਂ ਦੇ ਨਾਂ ਇਹ ਪੱਤਰ ਉਦੋਂ ਜਾਰੀ ਕੀਤਾ ਗਿਆ ਸੀ ਜਦੋਂ ਗੁਰੂ ਸਾਹਿਬ ਦੱਖਣ ਵਲ ਤੁਰਨ ਲੱਗੇ ਸਨ। ਇਸ ਦਾ ਅਸਲ ਭਾਈ ਰੂਪੇ ਕਿਆਂ ਦੇ ਬੰਸ ਪਾਸ ਹੈ।[14]

ੴ ਸਿਰੀ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤ ਸੰਗਤ ਬੈਰਾੜਾਂ ਕੀ ਗੁਰੂ ਰਖੇਗਾ ਗੁਰੂ

ਗੁਰੂ ਜਪਣਾ ਜਨਮ ਸਉਰੈਗਾ ਫੁਰਮਾਇਸਿ ਹੁਕਮ ਦੇਖਦਿਆਂ ਭੇਜਣੀ ੧ ਬੈਲ ਹਛਾ ਇਕ ਭਾਈ ਬਿਰਾਜੁ ਸਿੰਘ, ੧ ਬੈਲ ਹਛਾ ਇਕ ਭਾਈ ਬੁਲਾਕੀ ਸਿੰਘ, ੧ ਬੈਲ ਹਛਾ ਇਕ ਭਾਈ ਬਾਜ ਸਿੰਘ, ੧ ਬੈਲ ਹਛਾ ਇਕ ਭਾਈ ਧਰਮ ਸਿੰਘ ਰੁਪੈ ਕਾ ਸਰਬਤ ਸੰਗਤਿ ਬੈਰਾੜਾਂ ਦੀ ਭਾਈ ਰੁਪੈ ਕੀ ਵਸਦੀ ਕੀ ਗੁਰੂ ਰਖੇਗਾ। ੪ ਬੈਲ ਚਾਰ ਹਛੇ ਬਹਿਲਾਂ ਨੋ ਭੇਜਣੇ ਹੁਕਮ ਦੇਖਦਿਆਂ ਮੇਰੀ ਤੁਸਾਂ ਉਪਰ ਖੁਸ਼ੀ ਹੈ। ਅਸਾਂ ਦਖਣ ਨੋ ਕੂਚੁ ਕੀਤਾ ਹੈ ਜਿਨ ਸਿਖ ਸਾਡੇ ਨਾਲਿ ਚਲਣਾ ਹੋਇ ਤਿਨਿ ਹੁਕਮ ਦੇਖਦਿਆਂ ਹਜ਼ੂਰਿ ਆਵਣਾ ਮੇਰੀ ਤੁਸਾਂ ਉਪਰਿ ਖੁਸੀ ਹੈ। ਤੁਸਾਡੀ ਗੁਰੂ ਜੀ ਤੁਸਾਡੀ ਰਖੈਗਾ।

ਸੰਮਤ ੧੭੬੩ ਮਿਤੀ ਕਤਕੋ 20॥ ਸਤਰਾਂ ੯।

19. (ਪ.35, ਗ.65, ਅ.92)

ਪ੍ਰੋ. ਪਦਮ ਲਿਖਦੇ ਹਨ ਕਿ ਇਹ ਹੁਕਮਨਾਮਾ ਅਸਾਂ ਬੜੀ ਸੰਗਤ ਨੀਚੀ ਬਾਗ ਬਨਾਰਸ ਤੋਂ ਨਕਲ ਕੀਤਾ ਸੀ।[15]

੪0) ਚਾਲੀਸ ਰੁਪਏ ਕਿਰਪਾ ਸਿੰਘ ਨੋ ਬਖਸੋ (ਗੁਰੂ ਜੀ ਦੀ ਲਿਖਤ)

ੴ ਸਤਿਗੁਰੂ

ਸਿਰੀ ਗੁਰੂ ਜੀ ਦੀ ਆਗਿਆ, ਹੈ ਸਰਬਤਿ ਸੰਗਤ ਬਨਾਰਸ ਕੀ, ਵਾਹੁ ਗੁਰੂ ੪0) ਚਾਲੀ ਰੁਪਏ
ਜੀ ਦਾ ਖਾਲਸਾ ਹੈ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ ੪0)
ਚਾਲੀਸ ਰੁਪਏ ਕਿਰਪਾ ਸਿੰਘ ਨੋ ਬਖਸੈ ਹਨਿ ਸੰਗਤ ਹੁਕਮ ਦੇਖਦੇ ਕਿਰਪਾ ਸਿੰਘ
ਦੇ ਡੇਰੇ ਦੇਣੇ ਢਿਲ ਨਾਹੀ ਕਰਣੀ ਤੁਸਾਡੇ ਮਨੋਰਥ ਪੂਰੇ ਹੋਨਗੇ ਨਿਹਾਲ ਹੋਏ।

ਮਿਤੀ ਫਗਣੋ ੬ ਸੰਮਤ ੧੭੬੪ ਸਤਰਾਂ ੭

II ਡਾ. ਗੰਡਾ ਸਿੰਘ ਅਤੇ ਪ੍ਰੋ. ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ ਹੁਕਮਨਾਮੇ :-

(ਪ: 1, ਗ: 37)

20. ਇਹ ਅਗਲੇ ਤਿੰਨ ਹੁਕਮਨਾਮੇ ਢਾਕੇ ਵਲ ਦੀ ਸੰਗਤ ਦੇ ਮੋਹਰੀ ਭਾਈ ਹੁਲਾਸ ਚੰਦ ਦੇ ਨਾਂ 1747 ਬਿ., 1748 ਬਿ. ਜੇਠ 5 ਤੇ ਇਕ ਮਿਤੀ ਰਹਿਤ ਪੱਤਰ ਅੱਗੋਂ ਪਿੱਛੋਂ ਦਾ ਹੈ।

ਗੁਰੂ ਸਾਹਿਬ ਦੀ ਕਲਮ ਤੋਂ

ਜੋ ਸਿਖ ਕਵਡੀ ਲਾਵੈਗਾ ਸੋ ਨਿਹਾਲ ਹੋਗੁ ਖਾਸੀ ਪਗਾਂ ਦੋ ਸਤ ਦੁਪਟੇ ਖਾਸਗੀ
ਲੈ ਆਵਣੀ ਕਪੜੇ ਦੀ ਫਰਮਾਇਸ ਦੇਗੁ ਤਿਸਦੇ ਰੁਜਗਾਰ ਵਿਚ ਭੇਜਣਾ ਪੰਜਾਹ ਮਹਾਵਤਾਂ ਨੂੰ
ਬਰਕਤ ਹੋਵੇਗੀ ਢਾਕੇ ਦੀ ਸੰਗਤ ਨਾਲ ਮੇਰਾ ਪਿਆਰ ਹੈ ਸਿਤਾਬ ਦੇਣੇ।
ਆਵਣਾ ਸੰਗਤ ਨਿਹਾਲ ਹੋਈ ਸੰਗਤੀਦ ਦੈ ਮੁਹ ਨਾਹੀ ਲਗਣਾ
ਸੰਗਤ ਦੇ ਰੁਜਗਾਰ ਵਿਚ ਗੁਰੂ ਬਰਕਤ ਕਰੈਗਾ ਸੰਗਤ ਨਿਹਾਲ ਹੋਈ
ਸੰਗਤ ਦੀ ਬਾਹੁੜੀ ਗੁਰੂ ਕਰੈਗਾ।

ੴ ਸਤਿਗੁਰ

ਭਾਈ ਹੁਲਾਸ ਚੰਦ, ਭਾਈ ਬਖਸੀਸ ਚੰਦ, ਭਾਈ ਮਿਹਰ ਚੰਦ, ਕਾਂਸ਼ੀ ਰਾਮ, ਲਾਲ ਚੰਦ, ਦਾਨੀ ਰਾਇ, ਬਾਬੂ ਰਾਇ, ਬਿੰਦਰਾਬਨ, ਮਹੇਸ ਦਾਸ ਸਰਬਤ ਸੰਗਤ ਢਾਕੇ ਕੀ, ਸੰਗਤ ਲਸ਼ਕਰ ਕੀ, ਚਟਗਾਂਵ ਕੀ, ਸੋਨਦੀਪ ਕੀ, ਸੰਗਤ ਮਿਲ੍ਹਟ ਕੀ, ਸਰਬਤ ਸੰਗਤ ਗੁਰੂ ਰਖੇਗਾ ਜਿਨ ਸਿਖ ਵਾਹਗੁਰੂ ਕੀਤਾ ਹੈ ਤਿਸਕੋ ਹੁਕਮ ਹੈ ਕਾਰ ਭੇਟ ਮੰਨਤ ਅਰਦਾਸ ਕਪੜਾ ਹਥੀਆਰ ਢਾਲ ਜੋ ਗੁਰੂ ਕੇ ਨਵਿਤ ਕੀ ਕਵਡੀ ਹੋਵੈ ਸੋ ਭਾਈ ਹੁਲਾਸਚੰਦ ਨੋ ਦੇਣੀ, ਹੋਰਸ ਨੋ ਨਾਹੀ ਦੇਣੀ ਸੰਗਤ ਮੇਰੇ ਹੁਕਮ ਦੇ ਨਾਲ ਕੰਮ ਹੈ ਭਾਈ ਹੁਲਾਸਚੰਦ। ਸੰਗਤ ਕਾਰ ਭੇਟ ਲੈ ਕੇ ਦੀਵਾਲੀ ਨੋ ਦਰਸਨ ਆਵਣਾ ਜੋ ਸਿਖ ਦਰਸਨ ਆਵਗੁ ਤਿਸਦੇ ਕਦਮ ਥਾਇ ਪਉਨਗੇ

ਭਾਈ ਗਿਰਧਰ ਲਾਲ ਪਾਸ ਗੁਰੂ ਦੈ ਗਇਆ ਹੈ ਭਾਈ ਮਿਹਰਚੰਦ। ਤੈ ਜੀ ਵਿਚ ਕਛੁ ਨਾਹੀ ਕਰਣਾ ਤੇਰੇ ਸਿਰ ਉਪਰਿ ਗੁਰੂ ਹੈ ਨਿਹਾਲ ਹੋਏ ਤੁਲਾ ਰਾਮ ਦਾ ਦੋਹਤਾ ਲੈ ਆਵਣਾ ਜੋ ਸਿਖ ਆਵਗੁ ਸੋ ਨਿਹਾਲ ਹੋਗੁ ਸੰਗਤ ਕੇ ਰੁਜਗਾਰ ਵਿਚ ਗੁਰੂ ਬਰਕਤ ਕਰੈਗਾ ਸੰਗਤ ਨਿਹਾਲ ਹੋਈ ਸੰਗਤ ਕੇ ਮਨੋਰਥ ਗੁਰੂ ਪੂਰੇ ਕਰੇਗਾ ਗਿਰਦਨਵਾਹੀ ਕੀ ਸੰਗਤ ਲੈ ਆਵਨੀ ਕਪੜਾ ਚੀਰੇ, ਢਾਲਾਂ ਲੈ ਕੇ ਆਵਣਾ ਸੰਗਤ ਨਿਹਾਲ ਹੋਈ।

ੴ ਸਿਰੀ ਸਤਿਗੁਰੂ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਈ ਹੁਲਾਸਚੰਦ, ਭਾਈ ਬਖਸ਼ੀਸ਼ ਚੰਦ, ਭਾਈ ਬੁਲਾਕੀਦਾਸ, ਸੇਵਕ, ਮਿਹਰ ਚੰਦ, ਕਾਂਸੀ ਰਾਮ, ਲਾਲ ਚੰਦ, ਦਾਨੀਰਾਇ, ਬਾਬੂ ਰਾਇ, ਮਹੇਸਦਾਸ, ਬਿੰਦਰਾਬਨ ਸਰਬਤ ਸੰਗਤ ਢਾਕੇ ਕੀ, ਸੰਗਤ ਲਸਕਰ ਕੀ, ਚਟਗਾਂਵ ਕੀ ਸੋਨਦੀਪ ਕੀ, ਸੰਗਤ ਸਿਲਹਟ ਕੀ ਸਰਬਤ ਸੰਗਤ ਗੁਰੂ ਰਖੈਗਾ ਜਿਨ ਸਿਖ ਵਾਹਗੁਰੂ ਕੀਤਾ ਤਿਸਨੋ ਹੁਕਮੁ ਹੈ ਕਾਰਭੇਟ, ਮਨਤ, ਅਰਦਾਸ, ਕਪੜਾ, ਹਥੀਆਰ, ਢਾਲ ਜੋ ਗੁਰੂ ਕੇ ਨਵਿਤ ਕੀ ਕਵਡੀ ਹੋਵੇ ਸੋ ਭਾਈ ਹੁਲਾਸਚੰਦ ਨੋ ਦੇਣੀ ਹੋਰਸੇ ਨੂੰ ਨਾਹੀਂ ਦੇਣੀ ਸੰਗਤ ਮੇਰੇ ਹੁਕਮ ਨਾਲ ਕੰਮੁ ਹੈ ਭਾਈ ਹੁਲਾਸਚੰਦ! ਹੁਲਾਸਚੰਦ ਸੰਗਤ ਕਾਰ ਭੇਟ ਲੈ ਕੇ ਦੀਵਾਲੀ ਨੋ ਦਰਸਨ ਆਵਣਾ ਜੋ ਸਿਖ ਦਰਸਨ ਆਵਗੁ ਤਿਸਦੇ ਕਦਮੁ ਥਾਇ ਪਉਨਗੇ ਭਾਈ ਗਿਰਧਰ ਲਾਲ ਗੁਰੂ ਪਾਸ ਗਇਆ ਹੈ ਭਾਈ ਮਿਹਰਚੰਦ! ਤੈਂ ਜੀ ਵਿਚ ਕੁਝ ਨਹੀਂ ਕਰਨਾ ਤੇਰੇ ਸਿਰ ਉਪਰ ਗੁਰੂ ਹੈ ਨਿਹਾਲ ਹੋਏ ਤੁਲਾਰਾਮ ਦਾ ਦੋਹਤਾ ਲੈ ਆਵਣਾ ਜੋ ਸਿਖ ਆਵਗੁ ਸੋ ਨਿਹਾਲ ਹੋਗੁ ਸੰਗਤ ਕੇ ਰੁਜਗਾਰ ਵਿਚ ਗੁਰੂ ਬਰਕਤ ਕਰੈਗਾ।

ਸੰਗਤ ਨਿਹਾਲੁ ਹੋਈ ਸੰਗਤ ਕੇ ਮਨੋਰਥ ਗੁਰੂ ਪੂਰੇ ਕਰੇਗਾ ਗਿਰਦ ਨਿਵਾਹੀ ਦੀ ਸੰਗਤ
ਲੈ ਆਵਣੀ, ਕਪੜਾ, ਢਾਲਾਂ ਲੈ ਕੇ ਆਵਣਾ ਸੰਗਤ ਨਿਹਾਲ ਹੋਈ ਜੋ ਸਿਖ ਕਵਡੀ ਲਾਵੈਗਾ

ਸੋ ਨਿਹਾਲ ਹੋਗੁ ਖਾਸੀ ਪੁਸਾਕ ਲੈ ਆਵਣੀ ਕਪੜੇ ਦੀ ਫਰਮਾਇਸ ਦੇਗੁ ਤਿਸਦੇ ਰੁਜਗਾਰ ਵਿਚ ਬਰਕਤ ਹੋਵੈਗੀ ਢਾਕੇ ਦੀ ਸੰਗਤ ਨਾਲ ਮੇਰਾ ਪਿਆਰ ਹੈ ਸਿਤਾਬ ਆਵਣਾ ਸੰਗਤ ਨਿਹਾਲ ਹੋਈ ਸੰਗਤੀਏ ਦੇ ਮੁਹਿ ਨਾਹੀ ਲਗਣਾ ਸੰਗਤ ਕੇ ਰੁਜਗਾਰ ਵਿਚ ਗੁਰੂ ਬਰਕਤ ਕਰੈਗਾ ਸੰਗਤ ਨਿਹਾਲ ਹੋਈ ਸੰਗਤ ਕੀ ਬਾਹੁੜੀ ਗੁਰੂ ਕਰੈਗਾ ਸੰਗਤ ਦੇ ਸਭ ਮਨੋਰਥ ਗੁਰੂ ਪੂਰੇ ਕਰੇਗਾ, ਖਸਮਾਨਾ ਹੋਵੇਗਾ ਖੁਸੀ ਹੋਈ।

21. (ਪ: 02, ਗ: 40)

ੴ ਗੁਰੂ ਸਤਿ

(ਗੁਰੂ ਜੀ ਦੀ ਕਲਮੋਂ)

ਯਹ ਹਮਾਰੀ ਰੀਝ ਦੀ ਫਰਮਾਇਸ ਹੈ ਸੰਗਤ ਕੋ ਹਮਾਰਾ ਹੁਕਮ ਹੈ ਜੋ ਯਹ
ਫਰਮਾਯਸ ਸਿਤਾਬ ਫਰਮਾਇਸ ਕਰ ਭੇਜਨੀ ਦੀਪਮਾਲਾ ਕੋ ਹਮਾਰੈ ਹਜੂਰ ਪਹੁਚੈ ਢਾਖਾ
ਹਮਾਰਾ ਘਰ ਹੈ ਸੰਗਤ ਕੇ ਰੁਜਗਾਰ ਮੈਂ ਗੁਰ ਬਰਕਤ ਕਰੈਗਾ।

ਭਾਈ ਹੁਲਾਸ ਚੰਦ, ਬਖਸੀਸ ਚੰਦ, ਮਿਹਰ ਚੰਦ, ਬੁਲਾਕੀ ਦਾਸ, ਸੇਵਕ ਦਾਸ, ਧਰਮ ਚੰਦ, ਕਾਂਸੀ ਰਾਮ, ਅਨੂਪ ਰਾਯ, ਦਾਨੀਰਾਯ, ਗੁਰਬਖਸ, ਲਾਲ ਚੰਦ, ਬਿੰਦਰਾਬਨ, ਗੁਲਾਲ ਚੰਦ, ਦਿਆਲ ਚੰਦ, ਪਾਤੀ ਰਾਮ, ਦਖਨੀ ਰਾਯ, ਹਰਦਿਆਲ, ਜੀਵਨ ਮਲ, ਪ੍ਰੀਤਮ ਦਾਸ, ਸੁਖਦੇਵ, ਲਾਲ ਮਨ, ਬਿਹਾਰੀ ਲਾਲ ਸਰਬਤ ਸੰਗਤ ਢਾਕੇ ਕੀ, ਲਸਕਰ ਕੀ, ਗਿਰਦ ਨਿਵਾਹੀ ਦੀ ਸਰਬ ਸੰਗਤ ਗੁਰੂ ਰਖੈਗਾ ਭਾਈ ਹੁਲਾਸ ਚੰਦ ਹਜੂਰ ਆਯਾ ਸੰਗਤ ਦਾ ਮੁਜਰਾ ਦੀਆਂ ਨਵ ਸੈ ਦੀ ਹੁੰਡੀ, ਅਠ ਚੀਰੇ ਕਪੜਾ, ਤੇਗੇ ਪਹੁੰਤੇ ਸੰਗਤ ਕਾ ਮੁਜਰਾ ਹੋਆ ਸੰਗਤਿ ਨਿਹਾਲ ਹੋਈ ਸੰਗਤਿ ਦੇ ਰੁਜਗਾਰ ਮੈਂ ਗੁਰੂ ਬਰਕਤ ਕਰੈਗਾ॥ ਸਰਬਤ ਸੰਗਤਿ ਕੋ ਹੁਕਮ ਹੈ ਜੋ ਸਲਾਂ ਸੈ ਦੇ ਚਾਲੀਸ ਚੀਰੇ ਮੁਕੈਸੀ ਸੁਨਹਿਰੀ॥ ਤੀਨ ਸੈ ਕੀ ਤੀਸ ਢਾਲੈ॥ ਸਉ ਕੀ ਦੋ ਢਾਲੈ ੧ ਸੈ ਨਾਗਾਜਾ ਭਾਗਾ ਏਹ ਸੰਗਤ ਨੇ ਫਰਮਾਇਸ ਏਕਠੇ ਹੋਇ ਕੈ ਕਰਣੀ ਜੋ ਸਿਖ ਫਰਮਾਯਸ ਮੈਂ ਰੁਪਯਾ ਮੁਹਰ ਡਾਲੈਗਾ ਤਿਸਕਾ ਗੁਰੂ ਕੀ ਦਰਗਾਹ ਮੈਂ ਥਾਇ ਪੜੈਗਾ ਸੰਗਤ ਕੇ ਰੁਜਗਾਰ ਮੈਂ ਗੁਰੂ ਬਰਕਤ ਕਰੈਗਾ ਢਾਕਾ ਹਮਾਰਾ ਘਰ ਹੈ ਇਹ ਫਰਮਾਇਸ ਸੰਗਤ ਨੋ ਏਕਠੇ ਹੋਇ ਕੈ ਦੀਵਾਲੀ ਕੋ ਹਮਾਰੇ ਹਜੂਰ ਭੇਜ ਦੇਣੀ ਬਹੁਤ ਢੀਲ ਕਾ ਕਾਮ ਨਾਹੀ ਯਹ ਕਾਮ ਸੰਗਤ ਨੇ ਇਕਠੇ ਹੋ ਕੇ ਕਰਣਾ ਜੋ ਇਸ ਫਰਮਾਇਸ ਮੈਂ ਹਮਾਰਾ ਸਿਖ ਬੈਠੇਗਾ ਤਿਸ ਕੋ ਗੁਰ ਪ੍ਰਸੰਨ ਰਖੇ ਪੂਰਾ ਕਰੈਗਾ ਉਸ ਸਿਖ ਕੋ ਜਮ ਕਾ ਭਉ ਨਾ ਬਿਆਪੈਗਾ

ੴ ਸਤਿਗੁਰੂ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਹੁਲਾਸ ਚੰਦ, ਬਖਸ਼ੀਸ਼ ਚੰਦ, ਮਿਹਰ ਚੰਦ, ਬੁਲਾਕੀ ਦਾਸ,

ਸੇਵਕ ਦਾਸ, ਮਿਹਰ ਚੰਦ, ਕਾਂਸੀ ਰਾਮ, ਅਨੂਪ ਰਾਏ, ਗੁਲਾਲ ਚੰਦ, ਦਾਨੀਰਾਇ, ਗੁਰਬਖਸ਼, ਬਿੰਦਰਾਬਨ, ਹਰ ਦਿਆਲ, ਜੀਵਨ ਮੱਲ, ਪ੍ਰੀਤਮ ਦਾਸ, ਸੁਖਦੇਵ, ਲਾਲ ਮਨ, ਬਿਹਾਰੀ ਲਾਲ, ਸਰਬਤ ਸੰਗਤਿ ਢਾਕੇ ਕੀ, ਲਸਕਰ ਕੀ, ਗਿਰਦ ਨਵਾਹੀ ਕੀ, ਸਰਬਤ ਸੰਗਤਿ ਗੁਰੂ ਰਖੈਗਾ ਭਾਈ ਹੁਲਾਸ ਚੰਦ ਹਜ਼ੂਰ ਆਇਆ ਸੰਗਤ ਕਾ ਮੁਜਰਾ ਕੀਆ ੯00) ਨਉ ਸੈ ਰੁਪਯੇ ਕੀ ਹੁੰਡੀ, ੮ ਆਠ ਚੀਰੇ, ਕਪੜੇ ਤੇਰੇ ਹਜ਼ੂਰ ਪਹੁੰਤੇ ਸੰਗਤ ਕਾ ਮੁਜਰਾ ਹੋਆ ਸੰਗਤ ਨਿਹਾਲ ਹੋਈ ਸੰਗਤ ਕੇ ਰੁਜਗਾਰ ਮੈ ਗੁਰੂ ਬਰਕਤਿ ਕਰੇਗਾ ਅਗੈ ਸਰਬਤਿ ਸੰਗਤਿ ਨੌ ਹੁਕਮ ਹੈ ਜੋ ੧੬00) ਸੋਲਾ ਸੈ ਕੇ ਚਾਲੀਸ ਚੀਰੇ ਮੁਕੈਸੀ ਸੁਨਹਿਰੀ ੩00) ਸੈ ਕੀ ੩0) ਤੀਸ ਢਾਲੈਂ ੧00) ਸਉ ਕੀ ੨ ਢਾਲੇ, ੧ ਇਕ ਸੈ ਨਾਗਾਜਾਭਾਗਾ ਏਹ ਸੰਗਤ ਨੇ ਫੁਰਮਾਇਸਿ ਏਕਠੇ ਹੋਇ ਕੈ ਕਰਣੀ।

ਜੋ ਸਿਖ ਫੁਰਮਾਇਸ ਮੈਂ ਰੁਪਯਾ ਮੁਹਰ ਡਾਲੇਗਾ ਤਿਸਕਾ ਗੁਰੂ ਕੀ ਦਰਗਾਹ ਮੈਂ ਥਾਇ ਪੜੈਗਾ ਸੰਗਤ ਕੇ ਰੁਜਗਾਰ ਮੈਂ ਗੁਰੂ ਬਰਕਤ ਕਰੈਗਾ ਢਾਕਾ ਹਮਾਰਾ ਘਰੁ ਹੈ ਏਹ ਫੁਰਮਾਇਸਿ ਸੰਗਤ ਨੇ ਏਕਠੇ ਹੋਇਕੈ ਦੀਵਾਲੀ ਨੌ ਹਮਾਰੇ ਹਜ਼ੂਰ ਭੇਜ ਦੇਣੀ ਬਹੁਤ ਢੀਲ ਕਾ ਕਾਮੁ ਨਾਹੀ ਏਹ ਕਾਮੁ ਸੰਗਤ ਨੇ ਏਕਠੇ ਹੋਇਕੇ ਕਰਨਾ ਜੋ ਇਸ ਫੁਰਮਾਇਸ ਮੈਂ ਹਮਾਰਾ ਸਿਖ ਬੈਠੇਗਾ ਤਿਸ ਕੇ ਗੁਰੂ ਸਭ ਮਨੋਰਥ ਪੂਰੇ ਕਰੈਗਾ ਉਸ ਸਿਖ ਕਉ ਜਮ ਕਾ ਭਉਨ ਬਿਆਪੈਗਾ ਇਹ ਹਮਾਰੀ ਰੀਝ ਕੀ ਫੁਰਮਾਇਸ ਹੈ ਸੰਗਤ ਕੋ ਹਮਾਰਾ ਹੁਕਮੁ ਹੈ ਜੋ ਇਹ ਫੁਰਮਾਇਸ ਸਿਤਾਬ ਫੁਰਮਾਇਸ ਕਰ ਭੇਜਣੀ ਦੀਪਮਾਲਾ ਕੋ ਹਮਾਰੇ ਹਜ਼ੂਰ ਪਹੁਕੇ ਢਾਕਾ ਸੰਗਤਿ ਕਾ ਖਸਮਾਨਾ ਹੋਵੈਗਾ। ਮਨੋਰਥ ਪੂਰੇ ਹੋਏ।

ਸੰਮਤ 1748 ਮਿਤੀ ਜੇਠ ਸੁਦੀ 5

22. (ਪ: 03, ਗ: 35)

ੴ ਸਤਿਗੁਰੂ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਹੁਲਾਸਚੰਦ, ਭਾਈ ਬਖਸ਼ੀਸ਼ ਚੰਦ, ਸਰਬਤ ਸੰਗਤ ਢਾਕੇ ਕੀ, ਸ਼ੰਗਤ ਚਟਗਾਂਵ ਕੀ, ਸੰਗਤ ਸੋਨਦੀਪ ਕੀ, ਸੰਗਤ ਸਿਲਹਟ ਕੀ ਸਰਬਤ ਸੰਗਤ ਗੁਰੂ ਰਖੈਗਾ ਹਛਾ ਹਾਥੀ ਜੰਗੀ ਭੇਜਣਾ ਅਵਲ, ਸੰਗਤ ਨਿਹਾਲ ਹੋਈ ਸੰਗਤ ਕੇ ਰੁਜ਼ਗਾਰ ਵਿਚ ਗੁਰੂ ਬਰਕਤ ਕਰੈਗਾ ਸੰਗਤ ਨਿਹਾਲ ਹੋਈ ਜੋ ਸਿਖ ਕਵਡੀ ਪਾਵੈਗਾ ਸੋ ਨਿਹਾਲ ਹੋਗੁ

ਸੰਗਤ ਕੀ ਗੁਰੂ ਬਾਹੁੜੀ ਕਰੈਗਾ।

(ਪ: 12, ਗ: 47)

23. ਇਹ ਹੁਕਮਨਾਮਾ ਭਾਈ ਬਹਿਲੋ ਦੇ ਖਾਨਦਾਨ ਵਿਚੋਂ ਹੋਏ ਭਾਈ ਗੁਰਦਾਸ ਦੇ ਪੋਤੇ, ਭਾਈ ਦੇਸਰਾਜ ਦੇ ਨਾਮ ਹੈ, ਜੋ ਮਸੰਦੀ ਫਰਜ਼ ਨਿਭਾਉਂਦਾ ਹੋਇਆ ਉੱਚਾ ਸੁੱਚਾ ਰਿਹਾ। ਇਸ ਦੀ ਅਸਲ ਕਾਪੀ ਪਿੰਡ ਫਫੜੇ ਭਾਈ ਕੇ, ਤਹਸੀਲ ਮਾਨਸਾ (ਜਿਲਾ ਬਠਿੰਡਾ) ਵਿਚ ਹੈ।

ੴ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ। ਭਾਈ ਦੇਸ ਰਾਜ ਸਰਬਤਿ ਸੰਗਤਿ	੧ ਗੁਰੂ ਜੀ
ਗੁਰਦਾਸ ਭਗਤੇ ਫਫੜੇ ਕਾ ਸਹਲੰਗੁ ਗੁਰੂ ਰਖੈਗਾ ਸੰਗਤਿ ਗੁਰੂ	ਭਾਈ ਦੇਸ ਰਾਜ ਨੌ
ਗੁਰੂ ਜਪਣਾ ਜਨਮ ਸਉਰੇਗਾ ਭਾਈ ਦੇਸਰਾਜ ਹਜ਼ੂਰ ਆਇਆ ਖੁਸੀ	ਸੰਗਤ ਕਾਰ ਦੇਣੀ
ਹੋਈ ਕਾਰ ਸੰਗਤ ਭਾਈ ਦੇਸਰਾਜ ਨੂੰ ਦੇਣੀ ਮੇਰੀ ਖੁਸੀ ਹੈ। ਨਿਹਾਲ	ਤੁਸਾਡਾ ਭਲਾ
ਹੋਏ ਮਿਤੀ ਵੈਸਾਖੋ ੨੭ ਸੰਮਤ ੧੭੫੬ ਸਤਰਾਂ ੫।	ਹੋਵੈਗਾ।

(ਪ : 28, ਗ: 57)

24. ਇਹ ਪੱਤਰ ਢਾਕੇ ਵਾਸੀ ਦੋ ਮੁਖੀ ਸਿੱਖਾਂ ਦੇ ਨਾਂ ਹਨ।

ੴ ਸਤਿ ਗੁਰੂ ਜੀ

ਸਿਰੀ ਗੁਰੂ ਜੀ ਦੀ ਆਗਿਆ ਹੈ। ਭਾਈ ਬਿੰਦ੍ਰਾਬਨ ਗੁਲਾਲ ਚੰਦ ਗੁਰੂ ਰਖੈਗਾ ਗੁਰੂ ਗੁਰੂ ਜਪਹ ਜਨਮ ਸਉਰੇਗਾ ਤੇਸੀਂ ਮੇਰਾ ਖਾਲਸਾ ਹੋ ੧੦੧) ਇਕ ਸਉ ਇਕੁ ਰੁਪਯਾ ਫੁਰਮਾਇਸਿ ਹੁਕਮੁ ਦੇਖਦੇ ਹੀ ਹੁੰਡੀ ਕਰਾਇ ਭੇਜਣੀ ਹੋਰੁ ਜੋ ਕਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹੋਰਸ ਕਿਸੇ ਨੌ ਨਾਹੀ ਦੇਣਾ ਆਪੇ ਲੈ ਆਵਣਾ ਜੋ ਦਰਸਨ ਹਥੀਆਰ ਬੰਨ ਕੇ ਦਰਸਨ ਆਵਗੁ ਸੋ ਨਿਹਾਲ ਹੋਗੁ।

ਉਸਦੀ ਗੁਰੂ ਨਾਲਿ ਰਹਗੁ ਅਰੁ ਮਸੰਦ ਮਸੰਦੀਏ ਨਾਲਿ ਨਹੀਂ ਮਿਲਣਾ ਨਾਂ ਹੀ ਮਨਣਾ ਜੋ ਸਿਖ ਮਿਲੈ

ਸੋ ਮੇਲ ਲੈਣਾ ਵਧੀਕੁ ਦਿਗਤਿ ਨਾਹੀ ਕਰਣੀ ਜੋ ਮਿਲੇ ਸੋ ਮੇਲਿ ਲੈਣਾ, ਮੇਰਾ ਹੁਕਮੁ ਹੈ ਸੰਗਤਿ ਨਿਹਾਲੁ ਹੋਗੁ ਸੰਮਤ ੧੭੫੮ ਮਿਤੀ ਫਾਗੋ ੧੦॥

(ਪ: 29, ਗ: 59)

25. ਇਹ ਭਾਈ ਰੂਪੇ ਦੇ ਘਰਾਣੇ ਵਲ ਸੰਬੋਧਨ ਕੀਤੇ ਗਏ ਹਨ।

੧ੳ ਸਤਿਗੁਰੂ ਜੀਉ

ਸਿਰੀ ਗੁਰੂ ਜੀਉ ਦੀ ਆਗਿਆ ਹੈ ਸਰਬਤ ਸੰਗਤ ਰੂਪੇਆਣੇ ਦੀ
ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ ਜਨਮ ਸਉਰੇਗਾ॥ ਸਰਬਤ
ਸੰਗਤਿ ਮੇਰਾ ਖਾਲਸਾ ਹੈ ੨)) ਦੁਇ ਤੋਲੇ ਸੋਨਾ ਫੁਰਮਾਇਸਿ ਲਿਖਾ
ਹੈ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਮੇਰੀ ਖੁਸੀ ਹੈ ਨਿਹਾਲ
ਹੋਏ ਮਸੰਦ ਮਸੰਦੀਏ ਨੋ ਨਾਹੀ ਮਿਲਣਾ ਜੋ ਮਿਲੈ ਸੋ ਮੇਲਾ ਲੈਣਾ
ਦਿਗਤੁ ਕਿਛੁ ਨਾਹੀ ਕਰਣੀ ਨਿਹਾਲ ਹੋਏ ਬਾਹੁੜੀ
ਹੋਗੁ .... ਸੰਮਤੁ ੧੭੫੮

ਹਥੀਆਰ ਪੰਜੇ
ਬੰਨ੍ਹ ਕੇ ਦਰਸ਼ਨ
ਆਵਣਾ ਨਿਹਾਲ
ਹੋਏ ਸੂਬਤ

26. (ਪ: 30, ਗ: 60)

੧ੳ ਸਤਿਗੁਰੂ ਜੀਉ

ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਸੁਖੀਆ, ਭਾਈ ਮੁਖੀਆ, ਭਾਈ ਧਰਮਾ ਸਰਬਤਿ ਸੰਗਤਿ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ। ਸਰਬਤ ਸੰਗਤਿ ਮੇਰਾ ਖਾਲਸਾ ਹੈ ਅਸਵਾਰ ਪਿਆਦੇ ਬੰਦੂਕਚੀ ਭਲੇ ਭਲੇ ਜੁਆਨ ਸਾਥਿ ਲੈ ਕੇ ਹਜੂਰਿ ਆਵਣਾ ਜੋ ਸਿਖੁ ਪੁਤੁ ਦਰਸਨ ਆਵੈਗਾ ਸੋ ਨਿਹਾਲ ਹੋਗੁ ਉਸਦਾ ਖਸਮਾਨਾ ਹੋਗੁ ਬਾਹੁੜੀ ਹੋਗਿ ਗੁਰੂ ਬਾਬਾ ਸਭੇ ਮਨੋਰਥ ਪੂਰੇ ਕਰੈਗਾ ਦਰਸਨ .....

ਸੰਮਤੁ ੧੭੬੧ ਮਿਤੀ....

27. (ਪ: 33, ਗ: 63)

੧ੳ ਸਤਿਗੁਰੂ ਜੀ

ਸੂਬਤਿ ਸੰਗਤ ਧਉਲ ਕੀ ਤੁਸੀ ਮੇਰਾ ਖਾਲਸਾ ਹੋ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਵਰੈਗਾ ਸਰਬ ਸੁਖ ਨਾਲ ਪਾਤਸਾਹ ਪਾਸਿ ਆਏ ਸਿਰੋਪਾਉ ਅਰੁ ਸਠਿ ਹਜ਼ਾਰ ਕੀ ਧੁਖਧਖੀ ਜਜੜਾਉ ਇਨਾਮੁ ਹੋਈ ਹੋਰ ਭੀ ਕੰਮ ਗੁਰੂ ਕਾ ਸਦਕਾ ਸਭ ਹੋਤੇ ਹੈਂ ਅਸੀਂ ਭੀ ਥੋੜ੍ਹੇ ਹੀ ਦਿਨਾਂ ਨੋਂ ਆਵਤੇ ਹਾਂ ਸੂਬਤਿ ਸੰਗਤਿ ਖਾਲਸੇ ਕੋ ਮੇਰਾ ਹੁਕਮ ਹੈ ਆਪਸ ਮੋ ਮੇਲ ਕਰਣਾ ਜਦਿ ਅਸੀਂ ਕਹਲੂਰ ਆਵਤੇ ਤਦਿ ਸੂਬਤਿ ਖਾਲਸੇ ਹਥੀਯਾਰ ਬਨਿ ਕੈ ਹਜੂਰਿ ਆਵਣਾ ਜੋ ਆਵੈਗਾ ਸੋ ਨਿਹਾਲੁ ਹੋਵੈਗੇ। ੨)) ਦੋਇ ਤੋਲੇ ਸੋਨਾ ਤਿਸ ਕੇ ਰੁਪਏ ੪੦) ਅਸਾਂ ਜਮਾਤਾਂ ਨੋਂ ਮਸ਼ੇਸਮਾਹੀ ਬਖਸ਼ੇ ਹੈਨਿ ਤੁਸਾਂ ਹੁਕਮ ਵੇਖਦਿਆਂ ਹੁੰਡੀ ਕਰਾਇ ਭੇਜਣੀ ਪੈਸੇ ਹੁੰਡੀ ਕਰਾਇ ਭੇਜਣੇ। ਮੇਵੜੇ ਨੋ ਤੁਰਤ ਭੇਜਣਾ ਜੇ ਮੇਵੜਾ ਢਿਲ ਕਰੇ ਤ ਸੰਗਤਿ ਵਿਚੋਂ ਕਢਿ ਦੇਣਾ

ਪੈਸੇ ਹੁੰਡੀ ਕਰਾਇ ਭੇਜਣ।

ਸੰਮਤੁ ੧੭੬੪ ਮਿਤੀ ਕਾਤਕੋ ੧ ਮਾ॥

(ਪ: 34, ਗ: 64)

28. ਇਸ ਦਾ ਅਸਲ ਭਾਈ ਬੰਨੋ ਦੇ ਘਰਾਣੇ ਪਾਸ ਪਿੰਡ ਖਾਰਾ ਮਾਂਗਟ ਜਿਲਾ ਗੁਜਰਾਤ ਸੀ ਜੋ ਹੁਣ ਯੂ.ਪੀ. ਵਿਚ ਆ ਵਸੇ ਹਨ।[16]

ਨਿਸ਼ਾਨ
੧) ਸੋ.ਭੇ.
੭੩

੧ੳ ਸਤਿ ਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤਿ ਧਉਲ ਖਾਰਾ ਦੀ ਗੁਰੂ ਰਖੈਗਾ ਸਭ ਮੇਰਾ ਖਾਲਸਾ ਹੈ ਗੁਰੂ ਗੁਰੂ ਜਪਣਾ ਜਨਮ ਸਉਰੈਗਾ ਸਰਬ ਸੁਖ ਨਾਲ ਪਾਤਸ਼ਾਹ ਪਾਸ ਆਏ ਸਿਰੋਪਾਉ ਅਠ ਸਠਿ ਹਜ਼ਾਰ ਰੁਪਏ ਕੀ ਧੁਖਧੁਖੀ ਇਨਾਮੁ ਪਾਈ ਹੋਰ ਭੀ ਸਭ ਕੰਮ ਗੁਰੂ ਕਾ ਸਦਕਾ ਸਭ ਹੋਤਾ ਹੈ ਅਸੀਂ ਭੀ ਥੋੜੇ ਹੀ

ਦਿਨਾਂ ਮੋ ਆਵਤੇ ਹਾਂ ਸੂਬਤਿ ਸੰਗਤਿ ਖਾਲਸੇ ਕੋ ਮੇਰਾ ਹੁਕਮ ਹੈ ਜੋ ਵਿਸੋਏ ਮੇਲ ਕਰਣਾ ਜਦਿ ਅਸੀਂ ਕਹਲੂਰ ਆਵਹਿ ਤਦ ਹਥਿਯਾਰ ਬੰਨਿ ਕੈ ਹਜੂਰਿ ਆਵਣਾ ਜੋ ਆਵੇਗਾ ਸੋ ਨਿਹਾਲ ਹੋਵੇਗਾ।੧) ਤੋਲਾ ਇਕ ਸੋਨਾ ਫੁਰਮਾਇਸ ਤਿਸ ਕੇ ਰੁਪਏ ਬੀਸ ਛਿਮਾਹੀ ਖਾਲਸੇ ਨੋ ਬਖਸੇ ਹਨਿ ਹੁਕਮ ਦੇਖਦੇ ਹੁੰਡੀ ਕਰ ਭੇਜਣੀ ਮੇਵੜੇ ਨੋ ਰਖਣਾ ਨਾਹੀ, ਜੇ ਮੇਵੜਾ ਰਹੇ ਤਾ ਖਰਚ ਦੇ ਕੈ ਹੋਰ ਕਿਸੇ ਕੋ ਆਪ ਹੀ ਭੇਜਣੇ ਹੁੰਡੀ ਕਰਾਇ ਕੇ।

(ਪ: 19, ਗ: 52)

29. ੧ਓ ਸਤਿ ਗੁਰੂ ਜੀਉ

ਸਿਰੀ ਗੁਰੂ ਜੀਉ ਕੀ ਆਗਿਆ ਹੈ ਸਰਬਤਿ ਸੰਗਤਿ ਨਉਸਹਰਾ ਘਰਿ ਘਰਿ
ਕੀ ਗੁਰੂ ਰਖੇਗਾ ਸੰਗਤਿ ਗੁਰੂ ਗੁਰੂ ਜਪਣਾ ਜਨਮ ਸਉਰੈਗਾ ਸੰਗਤਿ ਗੋਲਕ ਕਰਣੀ
ਮੇਰਾ ਖਾਲਸਾ ਹੈ ਜੋ ਗੁਰੂ ਕੇ ਨਵਿਤ ਦਾ ਹੋਇ ਸੋ ਆਪੋ ਆਪਣੇ
ਪਾਸਿ ਰਖਣਾ ਹੋਰ ਕਿਸੈ ਨੋ ਨਾਹੀ ਦੇਣਾ ਜਾਂ ਆਵਣਾ ਤਾ ਲੇਇ
ਆਵਣਾ ਜਿਸਦਾ ਨਾ ਹੋਵੈ ਆਵਣਾ, ਤਿਨ ਹੁਕਮੁ ਦੇਖਿਕੈ ਹੁੰਡੀ
ਕਰਾਇ ਭੇਜਣੀ ਆਪਣੀ ਅਰਦਾਸਿ ਲਿਖਿਕੈ ਹਜੂਰਿ ਭੇਜਣੀ
੧) ਤੋਲੇ ਇਕ ਸੋਨਾ ਫੁਰਮਾਇਸ ਹੁੰਡੀ ਕਰਾਇ ਭੇਜਣੀ ਜੋ ਸਿਖੁ
ਫੁਰਮਾਇਸਿ ਦੇਉਗੁ ਸੋ ਨਿਹਾਲੁ ਹੋਗੁ ਸੰਗਤਿ ਕੀ ਬਾਹੁੜੀ ਹੋਇਗੀ ਮੇਰੀ ਖੁਸ਼ੀ ਹੈ।
ਸੰਮਤੁ ੧੭੫੭ ਮਿਤੀ ਮਘਰੋ ੪ ਸਤਰਾਂ ੮

ਸਰਬਤਿ ਸੰਗਤ ਨੇ ਹੁਕਮੁ ਹੈ ਹੋਲੀ ਨੇ ਦਰਸਨਿ ਹਥਿਆਰ ਬੰਨਿਕੈ ਦਰਸਨਿ ਆਵਣਾ, ਖੁਸ਼ੀ ਹੈ ਗੁਰੂ ਕੇ ਨਵਿਤ ਕਾ ਹੋਰ ਕਿਸੈ ਨੋ ਨਾਹੀ ਦੇਵਣਾ ਜਾਂ ਆਪਿ ਹਜੂਰਿ ਆਵਣਾ ਤਾਂ ਆਪਿ ਹੀ ਲੈ ਆਵਣਾ ਮਸੰਦ ਮਸੰਦੀਏ ਦੇ ਮਰਣੇ ਪਰਣੇ ਨਾਹੀ ਬੈਠਣਾ ਸਿਖ ਗੁਰੂ ਕੇ ਜੋ ਹੁਕਮ ਮੰਨੇਗਾ ਸੋ ਨਿਹਾਲ ਹੋਗੁ ੧੩ ਸਤਰਾਂ।

III30. ਪ੍ਰੋ. ਪਿਆਰਾ ਸਿੰਘ ਪਦਮ ਅਤੇ ਸ. ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਸੰਪਾਦਿਤ ਹੁਕਮਨਾਮਾ :

(ਪ: 17, ਅ: 93)

ਇਹ ਹੁਕਮਨਾਮਾ ਭਾਈ ਧਨਰਾਜ ਮਹਤਾ ਸਿੰਧਵਾਸੀ ਦੇ ਨਾਮ ਹੈ।

੧ਓ ਸਤਿਗੁਰੂ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਧਨਰਾਜ ਸਰਬਤਿ ਸੰਗਤ ਗੁਰੂ ਰਖੇਗਾ ਕਾਰ ਸੰਗਤਿ ਲੈ ਕੇ ਅਨੰਦਪੁਰੇ ਆਵਣਾ, ਆਵਗੁ ਸੋ ਨਿਹਾਲ ਹੋਗੁ, ਦੁਇ ਸੰਜੋਏ ਟੋਪਾ ਸਮੇਤ ਲੈ ਆਵਣੇ। ਆਵਗੁ ਸੋ ਨਿਹਾਲੁ ਹੋਗੁ, ਖਸਮਾਨਾ ਹੈ।

IV

31. ਡਾ. ਗੰਡਾ ਸਿੰਘ ਅਤੇ ਸ. ਸਮਸ਼ੇਰ ਸਿੰਘ ਅਸ਼ੋਕ ਵਲੋਂ ਸੰਪਾਦਿਤ ਹੁਕਮਨਾਮਾ :-

(ਗ:39, ਅ: 64)

ਰਾਮਰਾਇ ਤੇ ਦਾਈ ਲਾਡੋ ਦੇ ਨਾਮ ਹੁਕਮਨਾਮੇ :
(ਗੁਰੂ ਜੀ ਦਾ ਲਿਖਿਆ ਹੋਇਆ)

੧ਓ ਸਤਿਗੁਰੂ

ਭਾਈ ਰਾਮਰਾਇ ਦਾਈ ਲਾਡੋ ਗੁਰੂ ਰਖੇਗਾ
ਦਰਬਾਰੀ ਸੋਭਾ ਚੰਦ ਹਜੂਰ ਪਹੁੰਚੇ ਮੇਰੀ ਖੁਸ਼ੀ ਹੈ।
ਨਿਹਾਲੁ ਹੋਏ

32. ਭਾਈ ਰੂਪੇ ਕਿਆਂ ਪ੍ਰਤੀ ਹੁਕਮਨਾਮਾ :

(ਗ: 34, ਅ: 65)

ਜਗਨੇ ਮਸੰਦਹ
ਤੁਸਾਂ ਚਰਣ ਦੇਣਾ
ਚੰਦਰ ਮੁਖ

੧ ਬਲਦ ਮਹੀਂ ਗਾਈਂ ਸਰਕਾਰ
੧ ਘੋੜੇ ਘੋੜੀਆਂ ਸਰਕਾਰ ਖਚਰ
੧ ਲਸਕਾਰ ਦੇ ਬਲਦ ਗਾਈਂ ਮਹੀਂ
੧ ਸਿੱਖਾਂ ਸਭਨਾਂ ਦੇ ਚਾਰਣੇ
੧ ਛੇੜ ਵਾਲਾਂ ਦੇ ਚਾਰਣੇ
੧ ਆਪ ਘੋੜੀਆਂ ਦੇ ਚਾਰਣੇ
੧ ਭਾੜੀਆਂ ਦਾ ਭਾੜਾ ਜੋ ਆਣ

V ਕੇਵਲ ਡਾ. ਗੰਡਾ ਸਿੰਘ ਵਲੋਂ ਸੰਪਾਦਿਤ ਹੁਕਮਨਾਮੇ :

33. ਰਾਮਦਾਸ ਉਗਰ ਸੈਨ ਪ੍ਰਤੀ ਹੁਕਮਨਾਮਾ :

(ਗ: 38)

ਗੁਰੂ ਮਤਿ

ਖੁਸ਼ੀ ਹੈ ਸੰਗਤਿ
ਸੇਵਾ ਕੀ ਵੇਲਾ ਹੈ

(ਗੁਰੂ ਜੀ ਦਾ ਲਿਖਿਆ ਹੋਇਆ ਹੁਕਮਨਾਮਾ)
ਰਮਦਾਸ ਉਗਰਸੈਨ ਭਾਈ ਲਾਲੁ ਚੰਦੁ ਸਰਬਤਿ ਸੰਗਤ
ਗੁਰੁ ਰਖੈਗਾ ਰਮਦਾਸ ਜੀ ਕਾਰ ਬਲਦ ਜੋੜੇ
ਤੁਸਾਂ ਮਾਤਾ ਜੀ ਪਾਸ ਮੁਜਰਾ ਕੀਤਾ ਸਭ ਹਜ਼ੂਰ
ਪਹੁੰਚਿਆ ਗੁਰੂ ਤੁਸਾਡੀ ਰਖੈਗਾ ਤੁਸਾਡਾ ਘਰ ਗੁਰੂ ਕਾ ਤੇ ਮੇਰੀ ਬਹੁਤ

34. ਸਾਰੰਗਦੇਉ ਦੀ ਸੰਗਤਿ ਪ੍ਰਤੀ ਹੁਕਮਨਾਮਾ :

(ਗ: 49)

ਕਤਕ ੪, ੧੭੫੬ ਬਿ.
ਮੁਤਾਬਿਕ ੫ ਅਕਤੂਬਰ ੧੬੯੯ ਈ.

(ਸੰਗਤਿ ਦੀਵਾਲੀ ਨੂੰ ਦਰਸਨਿ ਆਵਣਾ ....
ਤੁਸੀਂ ਮੇਰਾ ਖਾਲਸਾ ਹੋ
(ਲਿਖਾਰੀ ਦੀ ਲਿਖਤ)

੧ਓ ਸਤਿਗੁਰੂ ਪ੍ਰਸਾਦਿ

ਸ੍ਰੀ ਗੁਰੂ ਜੀ ਦੀ ਆਗਿਆ ਹੈ ਸ੍ਰਬਤਿ ਸੰਗਤ ਸਾਰੰਗਦੇਉ ਦੀ ਗੁਰੂ ਗੁਰੂ ਜਪਣਾ ਜਨਮਿ ਸਉਰੇਗਾ ਸੰਗਤਿ ਦੀਵਾਲੀ ਨੂੰ ਦਰਸਨਿ ਆਉਣਾ। ਜੋ ਗੁਰੂ ਕੇ ਨਵਿਤਿ ਕਾ ਹੋਵੈ ਸੋ ਆਪੇ ਹੀ ਲੈ ਆਉਣਾ ਹੋਰਸ ਕਿਸੇ ਨੂੰ ਨਾਹੀ ਦੇਣਾ ਜੋ ਸਿਖ ਆਉਗੁ ਸੋ ਨਿਹਾਲ ਹੋਇਗੋ। ਸੰਗਤਿ ਤੁਸੀ ਮੇਰਾ ਖਾਲਸਾ ਹੋਇ ਦੋਇ ਤੋਲੇ ਸੋਨਾ ਫੁਰਮਾਇਸ ਹੁੰਡੀ ਕਰਇਕੈ ਭੇਜ ਦੇਣੀ ਜੋ ਸਿਖ ਸੋਇਨੇ ਕੀ ਫੁਰਮਾਇਸ ਵਿਚ ਦੇਉਗੁ ਸੋ ਨਿਹਾਲ ਹੋਇਗੁ ਜੋ ਸਿਖ ਮੰਨਗੁ ਸੋ ਨਿਹਾਲੁ ਹੋਇਗੁ ਦੇਉਗੁ ਸੋ ਨਿਹਾਲ ਹੋਇਗੁ।।⊨।।⊨।।⊨।। ਸੰਮਤਿ ੧੭੫੬ ਸਤਾਰਾ ਸੈਇ ਛਪੰਜਾ ਮਿਤੀ ਕਤਕ ੪।। ਚਉਥਾ ।। ਸਤਾਰਾਂ ।।੯।।

VI ਕੇਵਲ ਪ੍ਰੋ. ਪਿਆਰਾ ਸਿੰਘ ਪਦਮ ਵਲੋਂ ਸੰਪਾਦਿਤ ਹੁਕਮਨਾਮੇ :

35. ਨੂਰ ਮਹਲ ਦੀ ਸੰਗਤ ਦੇ ਨਾਂ ਹੁਕਮਨਾਮਾ :

(ਪ: 13)

੧ਓ ਸਤਿ ਗੁਰੂ ਜੀ

ਲਿਖਾਰੀ ਹੱਥੋਂ) ੨੦ ਵੀਹ ਸ੍ਰੀ ਗੁਰੂ ਜੀ ਕੀ ਆਗਿਆ ਹੈ, ਸਰਬਤਿ ਸੰਗਤਿ ੧ ਗੁਰੂ ੧੨੦ ਰਾਜ ਮੋਮਜਾਮਾ
ਰਾਜ ਮੋਮਜਾਮਾ ਭੇਜਣਾ ਨੂਰਮਹਲ ਕੀ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ ੨੦ ਰਾਜੁ ਸੰਗਤ
ਨੂਰਮਹਲ ਨੋ
ਜਨਮ ਸਉਰੈ, ਸੰਗਤਿ ਕਾ ਭਲਾ ਹੋਵੈ, ਸਰਬਤ ੧੦੦ ਪਗ ਭੇਜੇ।

ਸੰਗਤਿ ਦੀਵਾਲੀ ਨੋ ਦਰਸਨਿ ਆਵਣਾ, ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਨਾਲ ਲੈ ਆਣਾ, ਹੋਰਸ ਕਿਸੇ ਨੂੰ ਦੇਣਾ ਨਾਹੀ ਸਰਬਤ ਸੰਗਤਿ ਮੇਰਾ ਖਾਲਸਾ ਹੈ, ਜੋ ਸਿਖੁ ਦਰਸਨਿ

ਆਵਗ ਸੋ ਨਿਹਾਲ ਹੋਗੁ, ਮੇਰੀ ਖੁਸ਼ੀ ਹੈ, ੧00 ਸਉ ਪਰਾ ਫੁਰਮਾਇਸ ਹਛੀਆਂ ਹੁਕਮ ਦੇਖਦੇ ਹੀ ਸੰਗਤ ਭੇਜ ਦੇਆ, ਸੰਗਤਿ ਮੇਰੀ ਕੋਠੜੀ ਹੈ, ਫਰਮਾਇਸ਼ ਲੋਚਿ ਕੈ ਦੇਣੀ, ਬਾਹੁੜੀ ਹੋਗਿ, ਕਿਰਤਿ ਵਿਚਿ ਬਰਕਤਿ ਹੋਗਿ। ਸੰਮਤਿ ੧੭੫੬ ਮਿਤੀ ਕਤਕੋ ੨੪

36. (ਪ: 14)

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਗੀਗਾ ਰਾਮ, ਮਾਨ ਸਿੰਘ, ਰਾਇ ਚੰਦ, ਦਮੋਦਰਦਾਸ, ਬਿਹਾਰੀ ਦਾਸ, ਚੈਨ ਰਾਇ, ਗੁਰਬਖਸ਼ -ਸਰਬਤ ਸੰਗਤ ਆਗਰੇ ਕੀ, ਗੁਰੂ ਰਖੇਗਾ, ਸੰਗਤ ਗੁਰੂ ਗੁਰੂ ਜਪਣਾ ਜਨਮ ਸਉਰੇ, ਸੰਗਤ ਕਾ ਭਲਾ ਹੋਵੈ। ੧ ਸੇਰ ਪਕੀ ਦਾਲਚੀਨੀ ੨ ਦੁਇ ਸੇਰ ਪਕੇ ਲੌਂਉਗ 11) ਅਧਉਣ ਮਿਰਚਾਂ ਪੱਕੀਆਂ ੧) ਮਣ ਪਕੀ ਵਿਸਾਰ ਖਰੀ ਹਛੀ, ਏਹੁ ਮਸਾਲਾ ਭੇਜਣਾ ਹੁਕਮੁ ਦੇਖਦੇ ਨਿਹਾਲੁ ਹੋਏ, ਸੰਗਤ ਕੀ ਗੁਰੂ ਬਾਹੁੜੀ ਕਰੈਗਾ, ਭਲਾ ਹੋਗੁ।

(ਪਾਸੇ ਉਤੇ ਗੁਰੂ ਸਾਹਿਬ ਦੀ ਆਪਣੀ ਕਲਮ ਤੋਂ ਨੋਟ ਹੈ)

੨ ਦੁਇ ਜੀਨ ਖਾਸੇ ਮੇਰੀ ਅਸਵਾਰੀ ਨੋ ਸਗਲਾਤੀ ਖਰੇ ਹਛੇ ਭੇਜਣੇ।

੮) ਰੁਪਯੇ ਮੇਵੜੇ ਨੋ ਦੇਣੇ, ੫0) ਕਰੋੜ ਅਛੇ ਅਬਲ ਭੇਜਣੇ।

37. ੧ਓ ਗੁਰੂ ਸਤਿ (ਪ:15)

ਭਾਈ ਸੂਰਜਾਈ, ਚਾਰ ਛੀਂਟ ਦੁਇ ਜਾਮੇ ਹਛੈ ਚਾਰ ਤਰਕਾਰ ਭੇਜਣੇ ਨਿਹਾਲ ਹੋਏ।

38. ੧ਓ ਸਤਿ ਗੁਰੂ ਜੀ (ਪ: 16)

ਸਿਰੀ ਗੁਰੂ ਜੀ ਦੀ ਆਗਿਆ ਹੈ, ਭਾਈ ਮੁਹਕਮ ਸਿੰਘ ਅਰਜਨ ਸਿੰਘੁ ਗੁਰੂ ਸਤਿ

ਗੁਰੂ ਰਖੇਗਾ ਸੰਗਤਿ ਗੁਰੂ ਗੁਰੂ ਜਪਣਾ ਜਨਮ ਸਉਰੇਗਾ, ਤੁਸੀ ਮੇਰਾ ਖਾਲਸਾ ਹੋ ੨0੧)

੨0੧) ਦੋ ਸੈ ਇਕੁ ਰੁਪਯਾ ਫੁਰਮਾਇਸਿ ਹਾਥੀ ਕੀ ਹੁਕਮੁ ਦੇਖਦੇ ਹੀ ਸਿਤਾਬੀ

ਹੁੰਡੀ ਕਰਾਇ ਭੇਜਣੀ ਹੋਰੁ ਜੋ ਕਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਆਪੇ ਲੈ ਆਵਣਾ,

ਹਥਿਆਰ ਬੰਨਿਕੇ ਦਰਸਨਿ ਆਵਣਾ, ਆਵਗੁ ਸੋ ਨਿਹਾਲ ਹੋਗੁ,

ਉਸਦੀ ਗੁਰੂ ਨਾਲਿ ਰਹਗੁ, ਅਰੁ ਮਸੰਦ ਮਸੰਦੀਏ ਨਾਲਿ ਨਾਹੀ ਮਿਲਣਾ ਨਾ ਹੀ ਮੰਨਣਾ, ਮੇਰਾ ਹੁਕਮੁ ਹੈ, ਜੋ ਸਿਖੁ ਮਿਲੈ ਸੋ ਮੇਲਿ ਲੈਣਾ, ਵਧੀਕੁ ਦਿਗਤਿ ਨਾਹੀ ਕਰਣੀ, ਮੇਰਾ ਹੁਕਮੁ ਹੈ।

ਸੰਮਤਿ ੧੭੫੮ ਮਿਤੀ ਫਾਗੋ ੧੦ ਸਤਰਾਂ ਅਠਿ ੮

39. ੧ਓ ਸਤਿਗੁਰੂ ਜੀ (ਪ: 25)

ਸਿਰੀ ਗੁਰੂ ਜੀ ਕੀ ਆਗਿਆ ਹੈ ਭਾਈ ਮਿਹਰਚੰਦ ਜਟੁ। ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵਰੇਗਾ ਤੂ ਮੇਰਾ ਖਾਲਸਾ ਹੈ ੧) ਇਕ ਤੋਲਾ ਸੋਨਾ ਫਰਮਾਇਸਿ ਲਿਖੀ ਹੈ ਹੁਕਮੁ ਦੇਖਦਿਆਂ ਸਿਤਾਬੀ ਹੁੰਡੀ ਕਰਾਇ ਕੈ ਭੇਜਿ ਦੇਵਣੀ ਗੁਰੂ ਭਲਾ ਕਰੈਗਾ ਮਸੰਦ ਅਰੁ ਮਸੰਦੀਏ ਨਾਲਿ ਮਿਲਾਪੁ ਨਾਹੀ ਕਰਣਾ ਹੋਰ ਵਧੀਕ ਦਿਕਤਿ ਨਾਹਿ ਕਰਣੀ ਪਿਆਰ ਕਰਣਾ ਜੋ ਸਿਖ ਮਿਲੈ ਸੋ ਮੇਲਿ ਲੈਣਾ ਜੋ ਸਿਖ ਹਥਿਆਰ ਬੰਧਿਕੈ ਦਰਸਨਿ ਆਵੈਗਾ ਸੋ ਨਿਹਾਲ ਹੋਗੁ, ਹੁਕਮੁ ਹੈ। ਕਾਰਿ ਭੇਟਿ ਅਰਦਾਸਿ ਗੋਲਕ ਮੰਨਤ ਦਸਵੰਧੁ ਜੋ ਕਿਛੁ ਗੁਰੂ ਕੇ ਨਿਮਿਤ ਕਾ ਹੋਵੈ ਸੋ ਹਜੂਰਿ ਲੈ ਆਵਣਾ ਹਰ ਕਿਸੇ ਨੋ ਨਾਹੀ ਦੇਵਣਾ ਆਪਿ ਲੈ ਆਵਣਾ ਖਸਮਾਨਾ ਹੋਗੁ ਖੁਸ਼ੀ ਹੋਗੁ।

ਮਿਤੀ ਫਾਗੋ ੧੦ ਦਸਵੈ ਸੰਮਤੁ ੧੭੫੮ ।ਅਠਵੰਜਾ। ਸਤਰਾਂ ।। ਦਸ

VII. ਕੇਵਲ ਸ. ਸਮਸ਼ੇਰ ਸਿੰਘ ਅਸ਼ੋਕ ਦੁਆਰਾ ਸੰਪਾਦਿਤ ਹੁਕਮਨਾਮੇ :

40. (ਅ: 70)

ਮਛਿਆਣੇ ਦੀ ਸੰਗਤਿ ਪ੍ਰਤੀ ਹੁਕਮਨਾਮਾ :

(ਗੁਰੂ ਜੀ ਦੇ ਨੀਸਾਣ)

ਜ ਸ ਹ

੧

11) ਸ ਹੀ

੧ ਸਿਖ ਸਿਖਣੀ

11)

(ਲਿਖਾਰੀ ਦੀ ਲਿਖਤ)

੧ੳ ਸਤਿਗੁਰੂ ਜੀ

ਸਿਰੀ ਗੁਰੂ ਜੀਉ ਕੀ ਆਗਿਆ ਹੈ ਸਰਬਤ
ਸੰਗਤ ਮਛਿਆਣੇ ਕੀ ਗੁਰੂ ਕੀਆ ਖੁਸ਼ੀ ਹੈ ਗੁਰੂ ਗੁਰੂ
ਜਪਣਾ ਜਨਮ ਸਵਰੈਗਾ ਸਰਬਤ ਸੰਗਤ ਨੂੰ ਮੇਰਾ ਹੁਕਮ ਹੈ
ਅਸੀ ਤੋਲੇਂ ਸੋਨਾ ਫੁਰਮਾਯਾ ਗੁਰੂ ਇਸ ਕਰਕੇ ਹੁੰਡੀ
ਕਰਾਇ ਭੇਜਣੀ ਸਰਬਤ੍ਰ ਖਾਲਸੇ ਨੂੰ ਮੇਰਾ ਹੁਕਮ ਹੈ
ਹਥਿਆਰ ਬੰਨ ਕੇ ਹਜ਼ੂਰ ਆਵਣਾ ਜੋ ਕੋ
ਆਵਗੁ ਤਿਸ ਕੇ ਮਨੋਰਥ ਪੂਰੇ ਹੋਣਗੇ ਮੇਰੀ ਖੁਸੀ ਹੈ
ਮਸੰਦ ਭਦਨੀ ਨਾਹੀਂ ਮੇਲਣਾ ਹੋਰ ਜੋ ਆਵੈ ਸੋ ਮੇਲ
ਲੈਣਾ ਦੁਐਤ ਕਿਸੇ ਨਾਲ ਨਾਹੀਂ ਕਰਣੀ ਪਿਆਰੁ
ਕਰਣਾ ਰਿਜ਼ਕ ਮਿਲੇਗਾ ਭਾਈ ਟਹਲ ਸਿੰਘ
ਮਤਧੀਰ ਜੋਗ ਮੇਰਾ ਖਾਲਸਾ ਮੰਨੇਗਾ ਰੁਪੈਆ ਮਾਯਾ
ਮੋਹਰ ਛਲਾ ਜੋ ਦੇਵੇਂਗਾ ਸੋ ਨਿਹਾਲ ਹੋਵੇਗਾ ਸੰਮਤ
ਸੰਮਤੁ ੧੭੫0 ਮਿਤੀ ਕਤਕ

41. ਭਾਈ ਮਿਹਰ ਚੰਦ ਜਟ ਦੇ ਨਾਮ ਹੁਕਮਨਾਮਾ : (ਅ: 83)

(ਗੁਰੂ ਜੀ ਦੇ ਨੀਸਾਣ)

੧ ਗੁਰੂ

੧) ਸ ਭੇ

੧ੳ ਸਤਿਗੁਰੂ ਜੀਉ

ਸਿਰੀ ਗੁਰੂ ਜੀ ਕੀ ਆਗਿਆ ਹੈ ਭਾਈ ਮਿਹਰ ਚੰਦ ਜਟੁ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵਰੈਗਾ ਤੂੰ (ਮੇਰਾ ਖਾਲਸਾ ਹੈ ੧)) ਇਕ ਤੋਲਾ ਸੋਨਾ ਫਰਮਾਇਸਿ ਲਿਖੀ ਹੈ ਹੁਕਮੁ ਦੇਖਦਿਆਂ ਸਿਤਾਬੀ ਹੁੰਡੀ ਕਰਾਇਕੈ ਭੇਜਿ ਦੇਵਣੀ ਗੁਰੂ ਭਲਾ ਕਰੇਗਾ ਮਸੰਦ ਅਰੁ ਮਸੰਦੀਏ ਨਾਲਿ ਮਿਲਾਪੁ ਨਾਹੀ ਕਰਣਾ ਹੋਰ ਵਧੀਕ ਦਿਕਤਿ ਨਾਹੀ ਕਰਣੀ ਪਿਆਰ ਕਰਣਾ ਜੋ ਸਿਖ ਮਿਲੈ ਸੋ ਮੇਲਿ ਲੈਣਾ ਜੋ ਸਿਖ ਹਥਿਆਰ ਬੰਧਿਕੈ ਦਰਸਨਿ ਆਵੈਗਾ ਸੋ ਨਿਹਾਲ ਹੋਗੁ, ਹੁਕਮੁ ਹੈ॥ ਕਾਰ ਭੇਟ ਅਰਦਾਸਿ ਗੋਲਕ ਮੰਨਤਿ ਦਸਵੰਧ ਜੋ ਕਿਛੁ ਗੁਰੂ ਕੇ ਨਿਮਿਤ ਕਾ ਹੋਵੈ ਸੋ ਹਜ਼ੂਰਿ ਲੈ ਆਵਣਾ ਹੋਰਿ ਕਿਸੇ ਨੋ ਨਾਹੀ ਦੇਵਣਾ ਆਪਿ ਲੈ ਆਵਣਾ ਖਸਮਾਨਾ ਹੋਗੁ ਖੁਸ਼ੀ ਹੋਗੁ।

ਮਿਤੀ ਫਾਗੋ ੧੦॥ ਦਸਵੈ ਸੰਮਤੁ ੧੭੫੮ ॥ ਅਠਵੰਜਾ। ਸਤਰਾਂ॥ ਦਸ ॥ ੧੦॥

42. ਭਾਈ ਸੁਭਾਗ ਸਿੰਘ ਪ੍ਰਤੀ ਹੁਕਮਨਾਮਾ : (ਅ: 87)

(ਗੁਰੂ ਜੀ ਦੇ ਨੀਸਾਣ)

੧ੳ ਸਤਿਗੁਰੂ

ਭਾਈ ਸੁਭਾਗ ਸਿੰਘ ਸਰਬਤਿ ਸੰਗਤਿ ਗੁਰੂ ਰਖੈਗਾ
ਕਾਰ ਸੰਗਤਿ ਲੈ ਕੇ ਬਸੋਏ ਨੋ ਆਵਣਾ
ਜੋ ਆਵੈਗਾ ਸੋ ਨਿਹਾਲਿ ਹੋਗੁ
ਸਰਬਤਿ ਸੰਗਤਿ ਨੋ ਹੁਕਮੁ ਹੈ ਕਾਰ ਫਰਮਾਇਸ
ਸੁਭਾਗ ਸਿੰਘ ਨੌ ਦੇਣੀ....... ॥

(ਲਿਖਾਰੀ ਦੀ ਲਿਖਤ)

ਹੁਕਮ ਹੋਇਆ ਜੋ ਸੰਤ ਸਿੰਘ ਤੁਰਕ ਦਾ ਦੇਸ ਚੜ ਮਾਰੋ ਗੰਜ ਸਹੀਦੀ
ਪਾਵਉ॥ ਤੁਰਾ ਬਖਸਿਆ ਆਪ ਹੀ ਸਿਰ ਮੁਕਟ ਬਣਾਇਆ॥ ਸਤਗੁਰੂ ਸੰਤ
ਸਿੰਘ ਨੂ ਦੇ ਕੇ ਬਾਹਰ ਨਿਕਲ ਸਿਧਾਇਆ॥ ਬਾਹੜ ਸਿੰਘ ਸਾਥ ਹੈ ਗੁਰੂ
ਜੀ ਕਾ ਖਿਜ਼ਮਤਗਾਰ ਹੈ ਉਹਿ ਸੰਗਿ ਸਿਧਾਇਆ ਖੁਸੀ ਹੋਈ
ਹੈ ਸਤਿਗੁਰੂ ਕੀ ਬਾਹੜ ਸਿੰਘ ਬੁਲਾਇਆ॥ ਜੋ ਹੈ ਬਾਹੜ ਸਿੰਘ
ਤੇਰੇ ਪਿਤਾ ਭੀ ਮੇਰੀ ਟੈਹਿਲ ਕੀਤੀ ਹੈ। ਅਰ ਮੇਰੇ ਬਦਲੇ ਸੀਸ ਦਿਤਾ
ਹੇਸੁ॥ ਅਰੁ ਤੈਭੀ ਮੇਰੀ ਭਲੇ ਵਖਤ ਕੰਮ ਆਇਆ ਹੈ॥ ਜੋ
ਸੰਤ ਸਿੰਘ ਕੀ...... ਨੋ ਮੰਨਣਾ ਸਰਬਤ ਖਾਲਸੇ
ਮੰਨਣਾ॥ ਜੋ ਇਸ ਨੂ ਮਨੇਗਾ ਸੋ ਤਿਸ ਪਰ ਮੇਰੀ ਬਹੁਤ ਖੁਸੀ ਹੋਵੇਗੀ॥
ਚਾਰ ਫਰਜ਼ੰਦ ਅਰੁ ਸੰਤ ਸਿੰਘ ਚਾਲੀ ਮੁਕਤੇ ਕੀਏ ਸੰਗ॥
ਚਮਕੌਰ ਅਰ ਸਿਰੰਦੀ ਬੈਠੇ ਹਮ॥ ਸੰਮਤ ੧੭੬੧ ਮਿਤੀ ਅਸੂ ਸੁਦੀ ੯
ਵਾਰ ਵਾਰ ਹੁਕਮ ਹੋਇਆ ਚਮਕੌਰ ਵਿਚ॥ ਇਸ ਹੁਕਮੁ ਕਾ ਦੀਦਾਰ ਕਰੇਗਾ
ਸੋ ਮੁਕਤ ਪਦਵੀ ਪਾਵੈਗਾ। ਗੁਰੂ ਜੀ ਕੇ ਬਚਨ ਹੈਨ ਗੁਰੂ
ਗੁਰੂ ਜਪਣਾ॥ ਗੁਰੂ ਜੀ ਕੀ ਖੁਸ਼ੀ ਹੋਈ ਹੈ ਬੋਲੋ ਜੀ ਵਾਹਗੁਰੂ ਜੀ ਸਤ ਹੈ

43. (ਅ: 88)

ਭਾਈ ਬਚਿਤਰ ਸਿੰਘ, ਭਾਈ ਉਦੈ ਸਿੰਘ ਆਦਿ ਦੇ ਨਾਮ ਹੁਕਮਨਾਮਾ :

੧ਓ ਸਤਿਗੁਰੂ ਪ੍ਰਸਾਦਿ॥

ਸ੍ਰੀ ਗੁਰੂ ਜੀ ਕੀ ਆਗਯਾ ਹੈ ਭਾਈ ਬਚਿਤ੍ ......
ਸਿੰਘ ਜੀ ਭਾਈ ਉਦੇ ਸਿੰਘ ਜੀ॥ ਭਾਈ ਸਰਬ ਸੁਖੁ ਹੋਗੁ ਸੰਗਤਿ
ਅਨਿਕ ਸਿੰਘ ਜੀ॥ ਭਾਈ ਅਜਬ ਸਿੰਘ ਜੀ॥ ਭਾਈ ਹੁਕਮ ਮੰਨਣਾ ...
ਅਜਾਇਬ ਸਿੰਘ ਜੀ॥ ਨਾਇਕ ਮਾਈਦਾਸੁ ਵੋਇ ... ...
ਮਨੀ ਸਿੰਘ ਵਾਹਗੁਰੂ ਧਰਮ ਰਖੇਗਾ॥ ਤੁਸੀ ਮੇਰੇ (ਨੀਸਾਣ ਪਾ:੧੦)
ਪੁਤ੍ ਫਰਜ਼ੰਦ ਖਾਨੇਜਾਦ ਹੋ ॥ ਤੁਸਾ ਉਪਰ ਮੇਰੀ
ਖੁਸੀ ਹੈ॥ ਸਭ ਵਰਤਾਰੇ ਕੇ ਤੁਸੀ ਮਹਿਰਮ ਹੋ
ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਯਾ ਰਛਿਆ
ਦਾ॥ ਜੋ ਅਸਾਂ ਨੂ ਦਹਿਗਾ॥ ਏਹਿ ਮੇਰੇ ਪੁਤ੍ ਫਰਜੰਦ
ਹੈਨਿ॥ ਸਿੱਖਾਂ ਪੁਤਾਂ ਦੀ ਸੇਵਾ ਦਾ ਵੇਲਾ ਹੈ॥
ਜੋ ਲੋਚ ਕੈ ਸੇਵਾ ਕਰੋਗੇ ਤੁਸਾਡੀ ਸੇਵਾ ਦਰਗਹਿ
ਥਾਈ ਪਵੈਗੀ॥ ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ।
ਸੰਮਤੁ ੧੭੬੧ ਮਿਤੀ ੧ ਕਤਕ

44. ਗਨੀ ਖਾਂ ਅਤੇ ਨਬੀ ਖਾਂ ਦੇ ਨਾਮ ਹੁਕਮਨਾਮਾ : (ਅ: 90)

(ਨੀਸਾਣ ਗੁਰੂ ਜੀ)

....

੧ਓ ਸਤਿਗੁਰੂ ਜੀਉ

ਸ੍ਰੀ ਵਾਹਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤਿ
ਉਪ੍ਰਿ ਮੇਰਾ ਹੁਕਮ ਹੈ ਗਨੀ ਖਾਂ ਓਰ ਨਬੀ ਖਾਨ
ਏਹ ਜੁ ਹੈਨਿ ਮੇਰੇ ਹੈਨਿ ਮੇਰੇ ਫਰਜ਼ੰਦਾ ਸੈ ਬਿਹਜ
ਹੈਨਿ ਮੇਰੇ ਕੰਮ ਆਏ ਹੈਨਿ ਜੋ ਸਿਖਿ
ਇਨਿ ਕੀ ਖਿਜ਼ਮਤਿ ਅੰਦਰ ਰੁਜੂ ਰਹੇਗਾ

ਸੋ ਨਿਹਾਲ ਹੋਗੁ ਉਨਾ ਉਪਰਿ ਮੇਰੀ ਖੁਸ਼ੀ ਹੋਗੁ
ਉਸਿ ਉਪਰ ਮੇਰਾ ਹਥੁ ਹੋਗੁ ਏਹ ਜੁ ਹੈਨਿ
ਸੋ ਮੇਰੇ ਹੈਨਿ ਜੋ ਸਿਖਿ ਇਨ ਕੀ ਸੇਵਾ ਕਰੇਗਾ
ਸੋ ਮੇਰੀ ਕਰੇਗਾ। ਸੰਮਤ ੧੭੬੨

45. ਪੂਰਬੀ ਪਟਣਾ ਦੀ ਸੰਗਤਿ ਪ੍ਰਤੀ ਹੁਕਮਨਾਮਾ : (ਅ: 94)

(ਗੁਰੂ ਜੀ ਦੀ ਲਿਖਤ)
੨) ਖਾਨ ਦੇਣੇ ਚਮਨ ਨੂ
(ਲਿਖਾਰੀ ਦੀ ਲਿਖਤ)

੧ਓ ਸਤਿਗੁਰੂ ਜੀ
ਸ੍ਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤ ਪੂਰਬੀ
ਪਟਨਾ ਕੀ ਵਾਹਗੁਰੂ ਜੀ ਕਾ ਖਾਲਸਾ ਹੈ
ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸੋਰੇਗਾ
ਰੁਪਏ ੨) ਦੇ ਖਾਨ ਚਮਨ ਤ੍ਰੀਗਰ ਨੋ ਭਖਸ਼ੇ
ਹਨ ਸੰਗਤ ਹੁਕਮੁ ਦੇਖਦੇ ਦੇਣੇ ਢਿਲ
ਨਾਹੀ ਕਰਣੀ ਸੰਗਤ ਦੇ ਮਨੋਰਥ ਪੂਰੇ ਹੋਨਗੇ
ਸੰਮਤੁ ੧੭੬੫ ਸਤਰਾਂ ੭ ਮਿਤੀ ਸਾਵਨ ੨੧

VIII ਡਾ. ਬਲਵੰਤ ਸਿੰਘ ਦੁਆਰਾ ਸੰਪਾਦਿਤ ਹੁਕਮਨਾਮੇ :

46. ਭਾਈ ਧਰਮ ਚੰਦ ਪ੍ਰਤੀ ਹੁਕਮਨਾਮਾ :

ਸ੍ਰੀ ਗੁਰੂ ਜੀ ਦੀ ਆਗਿਆ ਸਰਬਤ ਸੰਗਤ ਵਾਸੀ... ਮੇਰਾ ਖਾਲਸਾ ਹੈ।

ਸਤਵੀਂ ਪਾਤਸ਼ਾਹੀ ਦਾ ਦੀਵਾਨ ਦਰਗਹ ਮਲ ਤਿਸਦਾ ਪੁੱਤਰ ਧਰਮ ਚੰਦ ਛਿਬਰ ਖਜਾਨਚੀ ਸਾਹਿਬ ਦਸਵੀਂ ਪਾਤਸ਼ਾਹੀ ਦਾ ਹੈ। ਤਿਸ ਉਪਰ ਖੁਸੀ ਹੋਵੈ। ਆਪਣੇ ਦਸਤ ਮੁਬਾਰਕ ਹੁਕਮ ਨਾਮਾ ਲਿਖ ਮਿਲਿਆ ਜੋ ਧਰਮ ਚੰਦ ਨੂੰ ਮੰਨਣਾ। ਗੁਰੂ ਤੁਸਾਡਾ ਭਲਾ ਕਰੇਗਾ ਜੋ ਗੁਰੂ ਕਾ ਸਿਖ ਹੋਸੀ ਸੇਵਾ ਟਹਿਲ ਕਰਕੇ ਮੰਨੇਗਾ ਸੰਮਤੁ ੧੭੫੪ ਤੇਰਾਂ ਕਤਕ ਸਤਰਾਂ ੧0

47. ਭਾਈ ਜੋਧ ਰਾਮ ਛਿਬਰ ਪ੍ਰਤੀ ਹੁਕਮਨਾਮਾ :

ਸਤਿਗੁਰੂ ਜੀਉ
ਭਾਈ ਜੋਧਾ ਰਾਮ
ਨੂੰ ਹਜ਼ੂਰ ਭੇਜਣਾ

ਸ੍ਰੀ ਗੁਰੂ ਜੀ ਕੀ ਆਗਿਆ ਹੈ ਭਾਈ ਜੋਧਾ ਰਾਮ ਛਿਬਰ ਸਰਬਤ ਸੰਗਤ (ਕਰਿਆ ਕੇ)

ਸ੍ਰੀ ਗੁਰੂ ਰਖੈਗਾ ਗੁਰੂ ਗੁਰੂ ਜਪਨਾ ਜਨਮ ਸਵਰੇਗਾ ਧਰਮ ਚੰਦ ਦੇ ਪਰਿਵਾਰ ਉਪਰ ਮੇਰੀ ਖੁਸ਼ੀ ਹੈ। ਗੁਰਬਖਸ਼ ਸਿੰਘ ਨੂੰ ਹਜੂਰ ਭੇਜਨਾ ਬਹੁਤ ਖੁਸੀ ਹੋਗੁ। ਦੋ ਲਿਖਾਰੀ ਆਪਣੇ ਕਬੀਲੇ ਵਿਚੋਂ ਹੁਕਮ ਦੇਖਦਿਆਂ ਹਜੂਰ ਭਜਣੇ। ਤੁਹਾਡੇ ਮਨੋਰਥ ਗੁਰੂ ਪੂਰੇ ਕਰੇਗਾ। ਤੁਸੀ ਮੇਰੇ ਸਿਖ ਹੋ। ਤੁਸਾਡੇ ਉਪਰ ਮੇਰੀ ਖੁਸ਼ੀ ਹੈ।

ਮਿਤੀ ਭਾਦਰੋਂ ਬਾਰਵੀਂ ੧੨ ਸੰਮਤ ੧੭੫੬ ਸਤਰਾਂ ਬਾਰਾਂ ॥੧੨॥

48. ਧਰਮ ਚੰਦ ਛਿਬਰ ਦੇ ਨਾਮ ਹੁਕਮਨਾਮਾ :

ਸਤਿਗੁਰੂ ਜੀਉ
ਕਟਾਰ ਇਕ ਬਰਛਾ ਇਕ
ਭਾਈ ਧਰਮ ਚੰਦ ਫਰਮਾਇਸ ਭੇਜਨਾ
ਸਤਿਗੁਰੂ ਜੀ

ਸ੍ਰੀ ਗੁਰੂ ਜੀ ਦੀ ਆਗਿਆ ਹੈ ਭਾਈ ਧਰਮ ਚੰਦ ਛਿਬਰ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਵਰੇਗਾ। ਨਮੂਨਿਆ ਮੁਆਫਕ ਫਰਮਾਇਸ ਬਣਵਾਇ ਭੇਜਣੀ। ਆਪ ਸੰਗਤ ਦੇ ਨਾਲ ਆਵਣਾ ਗੁਰੂ ਦੇ ਕੰਮ ਵਿਚ ਸਾਵਧਾਨ ਰਹਣਾ। ਮੇਰੀ ਤੇਰੇ ਉਪਰ ਖੁਸੀ ਹੈ। ਸੰਗਤ ਕੀ ਗੁਰੂ ਬਾਹੁੜੀ ਕਰੇਗਾ। ਕੜਕ ਚੋਥੀ ੪

ਸੰਮਤੁ ੧੭੫੭ ਸਤਰਾਂ ੫

49. ਧਰਮ ਚੰਦ ਛਿਬਰ ਦੇ ਨਾਮ ਹੁਕਮਨਾਮਾ :

ਸਿਰੀ ਸਤਿਗੁਰੂ ਜੀਉ

ਇਕ ਹੁੰਡੀ

ਸਤਿਗੁਰੂ ਜੀ

ਸ੍ਰੀ ਗੁਰੂ ਜੀ ਦੀ ਆਗਿਆ ਹੈ ਭਾਈ ਧਰਮ ਚੰਦ ਛਿਬਰ ਗੁਰੂ ਰਖੈਗਾ ਗੁਰੂ ਗੁਰੂ ਜਪਨਾ ਜਨਮ ਸਵਰੇਗਾ ਸਰਬਤ ਸੰਗਤ ਮੇਰਾ ਖਾਲਸਾ ਹੈ। ਸੰਗਤ ਨੂੰ ਮੇਰਾ ਹੁਕਮ ਹੈ। ਹੁਕਮੁ ਵੇਖਦਿਆਂ ਹੀ ਹਥਿਆਰ ਬੰਨ ਕੇ ਹਜੂਰ ਆਵਨਾ ਜੋ ਸਿਖ ਆਵੇਗਾ ਸੋ ਨਿਹਾਲ ਹੋਗੁ। ਮੇਰੀ ਖੁਸੀ ਹੈ। ਸੰਗਤ ਇਕ ਤੋਲਾ ਸੋਨਾ ਫਰਮਾਇਸ ਕਰਦੀ ਹੈ। ਹੁੰਡੀ ਕਰਵਾ ਦੇਣੀ। ਜੋ ਸਿਖ ਲੋਚਿ ਕੇ ਦੇਗਿ ਤਿਸਦੇ ਕੰਮ ਗੁਰੂ ਕਰੇਗਾ। ਰਿਜ਼ਕ ਵਧੇਗਾ ਮਸੰਦ ਔਰ ਮਸੱਦੀਏ ਨਾਲ ਮਿਲਨਾ ਨਾਹੀ ਹੋਰ ਕੋਈ ਆਵੇ ਸੋ ਮੇਲ ਲੈਣਾ। ਦਿਕਤ ਕਿਸੇ ਨਾਲ ਨਾਹੀ ਕਰਨਾ। ਸਭਨਾ ਆਪਸ ਵਿਚ ਪਿਆਰ ਰਖਣਾ ਗੁਰੂ ਮਨੋਰਥ ਪੂਰੇ ਕਰੇਗਾ।

50 ਭਾਈ ਧਰਮ ਚੰਦ ਛਿਬਰ ਦੇ ਨਾਮ ਇਕ ਹੋਰ ਹੁਕਮਨਾਮਾ :

ਸਤਿਗੁਰੂ ਜੀ

ਸਰਬਤ ਸੰਗਤੇ ਸਭ

ਦੇਸ ਗੁਰੂ ਰਖੇਗਾ

ਧਰਮ ਚੰਦ ਛਿਬਰ ਦੇ ਪੁਤਰ

ਨੂੰ ਦੇਗ ਤਿਸਦੇ ਮਨੋਰਥ ਹੋਗੁ

ਸਤਿਗੁਰੂ ਜੀ

ਸ੍ਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤ ਸਭ ਦੇਸ ਦੀ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਵਰੇਗਾ ਸੰਗਤ ਦਾ ਭਲਾ ਹੋਗੁ॥ ਧਰਮ ਚੰਦ ਛਿਬਰ ਕਾਮਦਾਰ ਗੁਰੂ ਦੇ ਘਰ ਦਾ ਸੋ ਗੁਰੂ ਦੇ ਕੰਮ ਆਇਆ ਥਾ ਤਿਸ ਦੇ ਉਪਰ ਖੁਸੀ ਹੋਈ ਜੋ ਕੋਈ ਸਿਖ ਪਤੁ ਗੁਰਬਖਸ਼ ਸਿੰਘ ਛਿਬਰ ਬ੍ਰਾਹਮਣ ਨੂੰ ਦੇਗ ਸੋ ਗੁਰੂ ਕੇ ਲੰਗਰ ਪਾਵੇਗਾ ਸਰਬਤ ਸੰਗਤ ਉਪਰ ਹੁਕਮ ਹੈ ਗੁਰੂ ਕਾ ਧਰਮ ਚੰਦ ਦੇ ਪੁਤਰ ਪੋਤਰੇ ਦੀ ਟਹਲ ਕਰਨੀ ਸੰਗਤ ਕੀ ਗੁਰੂ ਬਾਹੁੜੀ ਕਰੇਗਾ ਸੰਗਤ ਨਿਹਾਲ ਹੋਇ। ਸੰਗਤ ਉਪਰ ਮੇਰੀ ਖੁਸੀ ਹੈ ਸੰਗਤ ਮੇਰਾ ਖਾਲਸਾ ਹੈ।

ਅਸੂ ਯਾਰਵੀਂ ੧੧ ਸੰਮਤੁ ੧੭੬੦ ਸਤਰਾਂ ੧੩

IX 51. ਨਿਮਨ ਇਕ ਹੁਕਮਨਾਮਾ ਮਦਨਜੀਤ ਕੌਰ ਨੇ ਸੰਪਾਦਿਤ ਕੀਤਾ :

ਮਨੀ ਰਾਮ ਪ੍ਰੋਹਤ ਪ੍ਰਤੀ ਹੁਕਮਨਾਮਾ :

੧ਓ ਵਾਹਗੁਰੂ ਜੀ

ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤਿ ਸੰਗਤ ਨੋ ਮੇਰਾ ਹੁਕਮੁ ਹੈ ਜੋ ਸਿਖ ਵਾਹਗੁਰੂ ਜੀ ਕਾ ਹੋਵੈ ਸੋ ਮਨੀ ਰਾਮ ਪ੍ਰੋਹਤੁ ਕੁਲ ਖੇਤਰ ਕਾ ਇਸ ਨੋ ਮੰਨਣ ਮੇਰੀ ਖੁਸੀ ਹੈ। ਇਹ ਗੁਰੂ ਜੀ ਕਾ ਪ੍ਰੋਹਤ ਹੈ ਸਰਬਤ ਸੰਗਤਿ ਕਾ ਪ੍ਰੋਹਤ ਹੈ ਜੋ ਸਿਖੁ ਮੰਨੇਗਾ ਸੋ ਨਿਹਾਲ ਹੋਵੈਗਾ ਜੀ

ਮਿਤੀ ਫਾਗੁ ਸੁਦੀ ਦੂਜਾ ੨ ਸੰਮਤੁ ੧੭੬੧ ਸਤਰਾਂ ਛਾਹ ੬

ਹੁਕਮਨਾਮਿਆਂ ਵਿਚ ਆਏ ਮੋਹਰੀ ਸਿਖਾਂ ਦੇ ਨਾਂ ਤੇ ਥਾਂ ਇਤਿਹਾਸਕ ਜਾਣਕਾਰੀ ਵਿਚ ਵਾਧਾ ਕਰਦੇ ਹਨ। ਹੁਕਮਨਾਮਿਆਂ ਦੁਆਰਾ ਅਸੀਂ 17ਵੀਂ 18ਵੀਂ ਸਦੀ ਦੇ ਗੁਰਮੁਖੀ ਅੱਖਰਾਂ ਦੀ ਬਣਤਰ ਦੇ ਵਿਕਾਸ-ਚਿੰਨ੍ਹਾਂ ਨੂੰ ਜਾਣ ਸਕਦੇ ਹਾਂ। ਇਨ੍ਹਾਂ ਵਿਚ ਪੰਜਾਬੀ ਖਤ-ਪੱਤਰ ਲਿਖਣ ਦੀ ਸ਼ੈਲੀ ਦਾ ਮੁਹਾਂਦਰਾ ਵੀ ਝਲਕਦਾ ਹੈ। ਇਸ ਤਰ੍ਹਾਂ ਹੁਕਮਨਾਮੇ ਵਡਮੁੱਲੀ ਜਾਣਕਾਰੀ ਦਾ ਸੋਮਾ ਹਨ।

ਵਿਸ਼ੇਸ਼ ਸਾਮਗੱਰੀ

1. ਗੰਡਾ ਸਿੰਘ (ਸੰਪਾ.) ਹੁਕਮਨਾਮੇ-ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਬਹਾਦਰ ਅਤੇ ਖਾਲਸਾ ਜੀ ਦੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1990
2 ਪਿਆਰਾ ਸਿੰਘ ਪਦਮ ਗੋਬਿੰਦ ਸਾਗਰ, ਕਲਮ ਮੰਦਿਰ ਪਟਿਆਲਾ, 1991
3. ਰੂਪ ਸਿੰਘ -ਹੁਕਮਨਾਮੇ ਆਦੇਸ਼ ਸੰਦੇਸ਼ -ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਬ੍ਰਦਰਜ਼ ਅੰਮ੍ਰਿਤਸਰ 2003

4. ਸ਼ਮਸ਼ੇਰ ਸਿੰਘ ਅਸ਼ੋਕ ਗੁਰੂ ਖਾਲਸੇ ਦੇ ਨੀਸਾਣ ਤੇ ਹੁਕਮਨਾਮੇ, ਸ਼੍ਰੋ. ਗੁ.ਪ੍ਰ.ਕਮੇਟੀ ਅੰਮ੍ਰਿਤਸਰ, 1967
5. Balwant Singh
6. Madanjit Kaur

ਹਵਾਲੇ ਅਤੇ ਟਿੱਪਣੀਆਂ

1. ਕਾਨ੍ਹ ਸਿੰਘ ਨਾਭਾ (ਭਾਈ), ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1990, ਪੰ. 278
2. Harbans Singh, The Encyclopaedia of Sikhism, 1998, P. 289
3. ਰੂਪ ਸਿੰਘ, ਹੁਕਮਨਾਮੇ ਆਦੇਸ਼ ਸੰਦੇਸ਼, ਸ੍ਰੀ ਅਕਾਲ ਤਖਤ ਸਾਹਿਬ, ਪੰ. 42
4. ਗੰਡਾ ਸਿੰਘ (ਸੰਪਾ.), ਹੁਕਮਨਾਮੇ-ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਬਹਾਦਰ ਅਤੇ ਖਾਲਸਾ ਜੀ ਦੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰ. 15
5. ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਕਲਮ ਮੰਦਿਰ, ਪਟਿਆਲਾ 1991 ਪੰ. 275
6. Balwant Singh Dhillon, 'Some un-known Hukamnamas of Guru Gobind Singh' The Punjab History Conference Proceedings XIII, Mar. 1979, P. 107
7. Madanjit Kaur, 'A Study of the Hukamnamas as source Material.

ਗੁਰੂ ਗੋਬਿੰਦ ਸਿੰਘ : ਸਿਪਾਹੀ ਅਤੇ ਸਿਧਾਂਤਕਾਰ

*ਰਮਿੰਦਰ ਜੀਤ ਕੌਰ**

ਇੱਕ ਪਰਮਾਤਮਾ ਨੂੰ ਮੰਨਣ ਵਾਲੇ ਦੁਨੀਆਂ ਦੇ ਧਰਮਾਂ ਵਿਚੋਂ ਸਿੱਖ ਧਰਮ ਸਭ ਤੋਂ ਨਵੀਨ ਅਤੇ ਸਭ ਤੋਂ ਪ੍ਰਭਾਵਸ਼ਾਲੀ ਧਰਮ ਹੈ। ਸਿੱਖ ਗੁਰੂ ਸਾਹਿਬਾਨ ਨੇ ਆਦਰਸ਼ ਮਨੁੱਖ ਦੀ ਕਲਪਨਾ ਗੁਰਮੁਖ, ਬ੍ਰਹਮਗਿਆਨੀ ਅਤੇ ਖਾਲਸੇ ਵਜੋਂ ਕਰਕੇ ਚਿੰਤਨ ਅਤੇ ਚੇਤਨਾ ਦੀ ਸ਼ਕਤੀਸ਼ਾਲੀ ਪਰੰਪਰਾ ਚਲਾਈ। ਸਮੁੱਚੀ ਕੌਮ ਦੀ ਮਾਨਸਿਕਤਾ ਨੂੰ ਮਜਬੂਤ ਕਰਨ ਲਈ ਹਰੇਕ ਗੁਰੂ ਨੇ ਕਈ ਉਪਰਾਲੇ ਕੀਤੇ ਅਤੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ 'ਬਾਬਰ ਬਾਣੀ' ਰਾਹੀਂ ਸਮਾਜਿਕ, ਧਾਰਮਿਕ, ਰਾਜਨੀਤਿਕ ਅਤਿਆਚਾਰਾਂ ਅਤੇ ਭਾਰਤੀ ਲੋਕਾਂ ਦੇ ਨਿੱਠਲੇਪਨ ਦੇ ਖਿਲਾਫ ਜੰਗ ਦਾ ਐਲਾਨ ਤਾਂ ਸੋਲਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਹੀ ਕਰ ਦਿੱਤਾ ਸੀ।

ਸਮਕਾਲੀ ਹਾਲਤਾਂ ਪ੍ਰਤੀ ਅਜਿਹੇ ਚਿੰਤਨ ਦੀ ਪ੍ਰਥਾ ਪਾਉਣ ਦਾ ਮੰਤਵ ਚਿਰਾਂ ਤੋਂ ਲਤਾੜੀਆਂ ਅਤੇ ਪੀੜਿਤ ਧਿਰਾਂ ਦਾ ਸਵੈ ਮਾਣ ਜਗਾਉਣਾ ਸੀ। ਲਗਭਗ ਢਾਈ ਸੌ ਸਾਲਾਂ ਦੇ ਪ੍ਰਯੋਗ ਨਾਲ ਬਾਣੀ ਅਤੇ ਵਿਹਾਰਕ ਜੀਵਨ ਰਾਹੀਂ ਗੁਰੂ ਸਾਹਿਬਾਨ ਨੇ ਮਾਨਵੀ ਚੇਤਨਾ ਨੂੰ ਸ਼ਬਦ ਨਾਲ ਜੋੜਿਆ। ਸਮੁੱਚੀ ਕੌਮ ਨੂੰ ਮਾਨਵਤਾ ਦੀ ਧਰਮ ਕਰਮ ਦੀ ਰਾਖੀ ਲਈ ਇੱਕ ਮੁੱਠ ਹੋਣ ਦੀ ਪ੍ਰੇਰਣਾ ਦੇਣਾ ਕੋਈ ਸੁਖਾਲਾ ਕੰਮ ਨਹੀਂ ਸੀ। ਸਿੱਖ ਗੁਰੂ ਸਾਹਿਬਾਨ ਨੇ ਤੱਤਕਾਲੀਨ ਲੋਕਾਈ ਦੀ ਕਮਜ਼ੋਰੀ ਨੂੰ ਸਮਝਿਆ ਕਿ ਕਿਵੇਂ ਵਿਚਾਰ ਅਤੇ ਅਮਲ ਦੀ ਇਕਸੁਰਤਾ ਵਿਚ ਕਮੀ ਇੱਕ ਪਰਮਾਤਮਾ ਦੀ ਸਿਰਜੀ ਹੋਈ ਸ੍ਰਿਸ਼ਟੀ ਨੂੰ ਇੱਕ ਹੋਣ ਦੇ ਰਾਹ ਵਿਚ ਰੋੜਾ ਅਟਕਾ ਰਹੀਂ ਹੈ। ਮੱਧਕਾਲ ਦੇ ਸੰਤਾ; ਫਕੀਰਾਂ, ਸੂਫੀਆਂ ਵੱਲੋਂ ਪਹਿਲਾਂ ਵੀ ਅਜਿਹੇ ਵੰਡ ਵਿਤਕਰੇ ਨੂੰ ਮਹਿਸੂਸ ਤਾਂ ਕੀਤਾ ਗਿਆ ਸੀ, ਪਰੰਤੂ ਕਿਸੇ ਅਮਲੀ ਢਾਂਚੇ ਦੀ ਅਣਹੋਂਦ ਕਾਰਨ ਉਨ੍ਹਾਂ ਦੀਆਂ ਕੋਸ਼ਿਸ਼ਾਂ ਬਹੁਤੀਆਂ ਅੱਗੇ ਨਾ ਵਧ ਸਕੀਆਂ।

ਸਿੱਖ ਗੁਰੂਆਂ ਵਲੋਂ ਧਰਮ ਅਤੇ ਰਾਜਨੀਤੀ ਦੇ ਮੇਲ ਨਾਲ ਉਪਜੀ ਇਕਸੁਰਤਾ ਦੀ ਤਾਕਤ ਨੇ ਏਸ਼ੀਆ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ। ਇੱਕ ਐਸਾ ਪੰਥ ਤਿਆਰ ਕੀਤਾ ਗਿਆ ਜਿਸ ਵਿਚ ਸ਼ਾਸਤਰ ਦੀ ਦਿਸ਼ਾ ਨਿਰਦੇਸ਼ਨ ਸ਼ਾਸਤਰ ਕਰ ਰਿਹਾ ਸੀ; ਵੰਡ ਵਿਤਕਰੇ ਤੋਂ ਉੱਪਰ ਉੱਠ ਕੇ ਸਿੱਖ ਧਰਮ ਨੇ ਮਨੁੱਖ ਨੂੰ ਬੁਨਿਆਦੀ ਇਕਾਈ ਵਜੋਂ ਪਰਮ ਸੱਤ ਦੇ ਅਜਿਹੇ ਅੰਸ਼ ਸਰੂਪ ਵਿਚ ਦੇਖਿਆ ਜਿਹੜਾ ਆਪਦੇ ਮੂਲ ਸੁਭਾਅ ਨੂੰ ਪਛਾਣ ਕੇ ਅਸਲ ਵਿਚ ਮੁੜ ਵਿਲੀਨ ਹੋਣ ਲਈ ਬੇਤਾਬ ਹੈ ਅਤੇ ਆਪਣੇ ਸ਼ੁਭਕਰਮਾਂ ਨਾਲ ਅਧਿਆਤਮ ਦੇ ਇਸ ਰਾਹ ਉੱਤੇ ਚੱਲ ਕੇ ਸਚਖੰਡ ਦੀ ਮੰਜ਼ਿਲ ਪਾ ਸਕਦਾ ਹੈ।

ਮਨ ਤੂ ਸਰੂਪ ਹੈ ਆਪਣਾ ਮੂਲ ਪਛਾਣ... [1]

ਗੁਰੂ ਗੋਬਿੰਦ ਸਿੰਘ ਵਲੋਂ ਖਾਲਸਾ ਸਿਰਜਣ ਵੇਲੇ ਊਚ ਨੀਚ ਦੇ ਭੇਦ ਮਿਟਾਉਣ ਲਈ ਨਾਈ, ਝਿਊਰ, ਜੱਟ, ਛੀਂਬਾ ਅਤੇ ਖੱਤਰੀ ਨੂੰ ਇਕ ਬਾਟੇ ਵਿਚ ਅੰਮ੍ਰਿਤਪਾਨ ਕਰਵਾਇਆ ਗਿਆ ਅਤੇ ਅਜਿਹੀ ਵਿਲੱਖਣ ਪੰਜ ਪ੍ਰਧਾਨੀ ਇਕਾਈ ਨੂੰ ਆਪਣਾ ਗੁਰੂ ਮੰਨ ਕੇ ਇਕ ਵਿਲੱਖਣ ਮਿਸਾਲ ਦਿੱਤੀ ਜਿਸਨੇ ਸਮੇਂ ਸਮੇਂ ਭਾਰਤ ਦੇ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ-ਇਤਿਹਾਸਕ ਪਰਿਪੇਖ ਵਿਚ ਅਨੂਠੇ ਮੋੜ ਲਿਆਂਦੇ। ਖਾਲਸੇ ਦੇ ਜਨਮ ਨਾਲ ਭਾਰਤ ਨੂੰ ਇੱਕ ਨਵੀਂ ਇਕਰੂਪਤਾ ਵਾਲਾ ਸੁਚੱਜਾ ਪ੍ਰਬੰਧਕੀ ਢਾਂਚਾ ਮਿਲਿਆ। ਖਾਲਸੇ ਨੇ ਪੁਰਾਣਾ ਕ੍ਰਿਤਨਾਸ਼, ਕੁਲਨਾਸ਼, ਧਰਮਨਾਸ਼ ਕਰਕੇ, ਸਭ ਜਾਤ-ਪਾਤ ਦੇ ਬੰਧਨਾਂ ਨੂੰ ਤੋੜ ਕੇ ਰੂੜੀਵਾਦੀ ਪਰੰਪਰਾਗਤ ਕੱਟੜਤਾ ਤੋਂ ਮੁਕਤੀ ਪ੍ਰਾਪਤ ਕੀਤੀ ਅਤੇ ਭਗਤੀ ਵਿਚੋਂ ਲੋੜ ਪੈਣ 'ਤੇ ਸ਼ਕਤੀ ਪੈਦਾ ਕੀਤੀ ਜਿਸ ਦੀ ਵਰਤੋਂ ਮੁੜ ਭਗਤੀ ਦੀ ਰੱਖਿਆ ਲਈ ਹੋਈ।[2] ਐਸੇ ਸਮਾਜ ਦੀ ਸਿਰਜਣਾ ਕੀਤੀ ਗਈ ਜਿਸ ਵਿੱਚ ਭਗਤੀ ਦੇ ਆਧਾਰ ਤੇ ਲੋਕ ਕਲਿਆਣ ਅਤੇ ਆਤਮ ਕਲਿਆਣ ਦਾ ਸਾਂਝਾ

---

* ਪੱਤਰ-ਵਿਹਾਰ ਸਿੱਖਿਆ ਵਿਭਾਗ (ਧਰਮ ਅਧਿਐਨ), ਪੰਜਾਬੀ ਯੂਨੀਵਰਸਿਟੀ, ਪਟਿਆਲਾ

ਟੀਚਾ ਮਿਥਿਆ ਗਿਆ।

ਭਾਰਤੀ ਇਤਿਹਾਸ ਵਿਚ ਸਿੱਖ ਧਰਮ ਤੋਂ ਪਹਿਲਾਂ ਭਗਤੀ ਅਤੇ ਭਗੌਤੀ ਦੇ ਸੁਮੇਲ ਦੀ ਅਜਿਹੀ ਕੋਈ ਉਦਾਹਰਣ ਨਹੀਂ ਸੀ; ਸੰਤ ਕੇਵਲ ਸੰਤ ਅਤੇ ਸਿਪਾਹੀ ਕੇਵਲ ਸਿਪਾਹੀ ਸਨ।[3] ਗੁਰੂ ਗੋਬਿੰਦ ਸਿੰਘ ਨੇ ਅਜਿਹੇ ਸਮੇਂ ਖਾਲਸੇ ਨੂੰ ਸ਼ਸਤ੍ਰਬੱਧ ਕੀਤਾ ਜਦੋਂ ਆਮ ਇਨਸਾਨ ਵਲੋਂ ਸ਼ਸ਼ਤਰ ਦੇ ਪ੍ਰਯੋਗ ਕਰਨ ਦਾ ਵਰਨਣ ਇਤਿਹਾਸ ਵਿਚ ਨਹੀਂ ਸੀ। ਸੰਤ ਸਿਪਾਹੀ ਦੇ ਇਸ ਸਰੂਪ ਨੇ ਮਿਸਲ ਕਾਲ ਤੱਕ ਪਹੁੰਚਦੇ 'ਖਾਲਸਾ ਰਾਜ' ਸਥਾਪਿਤ ਕਰ ਲਿਆ ਜਿਸ ਨੇ ਕਾਫ਼ੀ ਲੰਮੇ ਸਮੇਂ ਤੱਕ ਤਤਕਾਲੀਨ ਸ਼ਾਸ਼ਕਾਂ ਨੂੰ ਹੈਰਾਨੀ ਵਿਚ ਪਾਈ ਰੱਖਿਆ। ਸਿੱਖੀ ਦੇ ਵਿਸ਼ਵੀਕਰਨ ਦੀ ਯੋਜਨਾ ਤੇ ਕੰਮ ਕਰਦਿਆਂ ਸਿੱਖ ਗੁਰੂਆਂ ਅਤੇ ਸਿੱਖਾਂ ਨੂੰ ਅਣਗਿਣਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਪਰੰਤੂ ਸਹਿਜ, ਜੁਗਤ ਅਤੇ ਸਿਮਰਨ ਦੇ ਥੰਮਾਂ ਸਿਰ ਅਜਿਹੇ ਕੰਮ ਨੇਪਰੇ ਚੜ੍ਹੇ ਜਿਨ੍ਹਾਂ ਨਾਲ ਦੁਨੀਆਂ ਦੇ ਧਾਰਮਿਕ ਅਤੇ ਰਾਜਨੀਤਿਕ ਇਤਿਹਾਸ ਨੂੰ ਫ਼ਖਰ ਮਹਿਸੂਸ ਹੋ ਸਕਦਾ ਹੈ।

ਇਹ ਵਿਚਾਰ ਯੋਗ ਹੈ ਕਿ ਉਹ ਕਿਹੜੀ ਰਾਜਨੀਤੀ ਸੀ ਜਿਸ ਅਨੁਸਾਰ ਹਿੰਦੂ ਨੂੰ ਜਾਤੀ ਬੰਧਨ ਦਾ ਚਿੱਤ ਚੇਤਾ ਨਾ ਰਿਹਾ ਤੇ ਮੁਸਲਮਾਨ ਨੂੰ ਕੱਟੜ ਨਾ ਹੋ ਗੁਰੂ ਘਰ ਲਈ ਆਪਣੇ ਬੱਚੇ ਤੱਕ ਵਾਰਨ ਦੀ ਪ੍ਰੇਰਨਾ ਮਿਲੀ। ਵੰਡਾਂ ਨਾਲ ਭਰੀ ਸਮਾਜਿਕ ਵਿਵਸਥਾ ਤੋਂ ਉੱਪਰ ਉਠ ਕੇ ਦਸਮ ਪਿਤਾ ਨੇ ਕੇਵਲ ਦੋ ਹੀ ਸ਼੍ਰੇਣੀਆਂ ਵਿਚ ਮਨੁੱਖਤਾ ਨੂੰ ਵੇਖਿਆ। ਇੱਕ ਚੰਗੇ ਕਰਮ ਕਰਨ ਵਾਲੇ ਗੁਰਮੁਖ ਰੂਪੀ ਦੇਵਤੇ ਅਤੇ ਦੂਜੇ ਰਾਖਸ਼ੀ ਕਰਮ ਕਰਨ ਵਾਲੇ ਮਨਮੁਖ। ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਇਹ ਦੋਵੇਂ ਹੀ ਸ਼੍ਰੇਣੀਆਂ ਆਪਣੇ ਆਪਣੇ ਕਰਮਾਂ ਦੇ ਆਧਾਰ ਤੇ ਚੰਗੀਆਂ ਜਾਂ ਬੁਰੀਆਂ ਬਣ ਸਕਦੀਆਂ ਹਨ ਅਤੇ ਇਹ ਕੋਈ ਸਦੀਵੀ ਵੰਡ ਨਹੀਂ ਹੈ :-

ਸਾਧਕਰਮ ਜੋ ਪੁਰਖ ਕਮਾਵਹਿ॥ ਨਾਮ ਦੇਵਤਾ ਜਗਤ ਕਹਾਵੈ॥
ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ॥ ਨਾਮ ਅਸੁਰ ਤਿਨਕੋ ਸਭ ਧਰਹੀਂ ॥[4]

(ਦਸਮਗ੍ਰੰਥ, ਬਚਿੱਤ੍ਰ ਨਾਟਕ 2।15)

ਇਸ ਗੁਰਮੁਖੀ ਅਵਸਥਾ ਉੱਤੇ ਪਹੁੰਚਣ ਲਈ ਭਗਤੀ ਤੇ ਵੀ ਜ਼ੋਰ ਦਿੱਤਾ ਗਿਆ ਹੈ ਜੋ ਬਿਨ੍ਹਾ ਕਿਸੇ ਪਾਖੰਡ, ਅੰਧਵਿਸ਼ਵਾਸ, ਵਹਿਮ ਭਰਮ ਦੇ ਆਧਾਰ ਤੇ ਸੱਚੇ ਮਨ ਚਿੱਤ ਨਾਲ ਕੀਤੀ ਜਾਣੀ ਚਾਹੀਦੀ ਹੈ। ਦਸਮ ਗੁਰੂ ਕ੍ਰਿਤ ਜਾਪੁ ਸਾਹਿਬ, ਅਕਾਲ ਉਸਤਤਿ ਆਦਿ ਅਜਿਹੀਆਂ ਬਾਣੀਆਂ ਹਨ ਜੋ ਭਰਪੂਰ ਰੂਪ ਵਿਚ ਆਤਮਿਕ ਉਚਾਈ ਵੱਲ ਸੰਕੇਤ ਦੇਂਦੀਆਂ ਹਨ ਅਤੇ ਇਹਨਾਂ ਰਾਹੀਂ ਮਨ ਵਚਨ ਅਤੇ ਕਰਮ ਦੀ ਇਕਸੁਰਤਾ ਪ੍ਰਾਪਤ ਕਰਨ ਦੀ ਜੁਗਤਿ ਦਰਸਾਈ ਗਈ ਹੈ। ਪਰਮਾਤਮਾ ਦੇ ਅੰਸ਼ ਰੂਪੀ ਆਤਮਾ ਨੇ ਉਸਦੇ ਸੱਚ ਰੂਪ ਨੂੰ ਜੀਵਨ ਦਾ ਆਧਾਰ ਬਣਾਉਣਾ ਹੈ। ਜੀਭ ਨਾਲ ਉਚਾਰੇ ਜਾਣ ਵਾਲੇ ਉਸਦੇ ਨਾਮ ਤਾਂ ਉਸਦੇ ਕਿਰਤਮ ਨਾਮ ਹਨ ਅਤੇ ਕੇਵਲ ਸਤਿਨਾਮ ਹੀ ਸਦੀਵੀ ਹੈ :

ਕਿਰਤਮ ਨਾਮ ਕਥੈ ਤੇਰੀ ਜਿਹਬਾ॥ ਸਤਿਨਾਮ ਤੇਰਾ ਪਰਾ ਪੂਰਬਲਾ॥[5]

ਜਾਪੁ ਸਾਹਿਬ ਦੇ ਮੁੱਢ ਵਿਚ ਵੀ ਸੱਚ ਦੇ ਧਰਾਤਲ ਨੂੰ ਹੀ ਸਵੀਕਾਰਿਆ ਗਿਆ ਹੈ ਅਤੇ ਪਰਮ ਸੱਤਾ ਦੇ ਇੱਕ ਹੋਣ ਦੀ ਪੁਸ਼ਟੀ ਤੇ ਜ਼ੋਰ ਦਿੱਤਾ ਗਿਆ ਹੈ। ਜਿਵੇਂ ਜਪੁਜੀ ਵਿਚ ਪਰਮ ਸੱਤਾ ਨੂੰ ਸੱਚ ਰੂਪ ਕਿਹਾ ਗਿਆ ਹੈ : ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚ ਨਾਨਕ ਹੋਸੀ ਭੀ ਸਚੁ॥ ਏਸੇ ਤਰ੍ਹਾਂ ਹੀ ਜਾਪੁ ਸਾਹਿਬ ਵੀ ਇਸੇ ਸਿਧਾਂਤ ਦੀ ਪੁਸ਼ਟੀ ਕਰਦਾ ਹੈ। ਪਰਮਾਤਮਾ ਕਾਰਨ ਕੁਨਿੰਦ ਹੈ, ਸਰਬੰ ਕਰਤਾ ਹੈ, ਜਗ ਦਾ ਕਾਰਨ ਹੈ। ਉਹ ਪੁਰਖ ਸਾਰਿਆਂ ਵਿਚ ਰਮਿਆ ਹੋਇਆ ਹੈ; 'ਅਜੋਨਿ ਪੁਰਖ ਆਧਾਰ' ਹੈ ਅਤੇ 'ਅਕਾਲ ਪੁਰਖ ਆਦਸ' ਹੈ॥ ਅਕਾਲ ਉਸਤਤਿ ਵਿਚ ਵੀ ਦਰਜ ਹੈ– ਅਦ੍ਵੈ ਅਲਖ ਪੁਰਖੁ ਅਬਿਨਾਸੀ। ਆਦਿ ਪੁਰਖ ਅਦ੍ਵੈ ਅਬਿਕਾਰ॥

ਦਸਮ ਗ੍ਰੰਥ ਇੱਕ ਆਦਰਯੋਗ ਗ੍ਰੰਥ ਹੈ ਪਰੰਤੂ ਸਿੱਖ ਧਰਮ ਵਿਚ ਇਸ ਦੇ ਸਰੂਪ ਦੀ ਪ੍ਰਮਾਣੀਕਤਾ ਬਾਰੇ ਕੁਝ ਮਤਭੇਦ ਮੰਨੇ ਜਾਂਦੇ ਹਨ। ਇਸ ਵਿਚਲੀਆਂ ਭਗਤੀ ਮਈ ਰਚਨਾਵਾਂ ਤਾਂ ਗੁਰੂ ਗ੍ਰੰਥ ਸਾਹਿਬ ਵਿਚਲੀ ਵਿਚਾਰਧਾਰਾ ਦਾ ਹੀ ਵਿਕਾਸ ਹਨ ਪ੍ਰੰਤੂ ਕੁਝ ਲੋਕ ਮੰਨਦੇ ਹਨ ਕਿ ਸਮੁੱਚੀ ਬਾਣੀ ਅਜੇ ਨਿਰਪੱਖ ਪੜਚੋਲ ਦੀ ਮੁਥਾਜ ਹੈ।

ਗੁਰੂ ਸਾਹਿਬਾਨ ਦੇ ਸਚਿਆਰ ਮਨੁੱਖ ਨੇ ਬ੍ਰਹਮਗਿਆਨੀ ਅਤੇ ਅਖੀਰ ਖਾਲਸਾ ਬਣ ਕੇ ਸਧਾਰਣ

ਜਨਮਾਨਸ ਦੀ ਬਦ ਤੋਂ ਬਦਤਰ ਹੁੰਦੀ ਹਾਲਤ ਅਤੇ ਉਸਦੇ ਬੇਸਹਾਰਾ ਹੋਣ ਦੇ ਅਹਿਸਾਸ ਨੂੰ ਜੜੋਂ ਮੁਕਾ ਦਿੱਤਾ। ਮਨੁੱਖੀ ਸਰੀਰ ਨੂੰ ਸ਼ੁਭ ਕਰਮਾਂ ਦਾ ਸਾਧਨ ਅਤੇ ਧੀਰਜ ਦਾ ਘਰ ਬਣਾਉਣਾ ਚਾਹਿਆ ਤਾਂ ਕਿ ਬਿਬੇਕ ਬੁੱਧ ਦਾ ਦੀਵਾ ਜਗ੍ਹਾ ਕੇ ਉਸਦੇ ਵੰਡ ਵਖਰੇਵੇਂ ਦੇ ਪਾਏ ਹੋਏ ਕੂੜੇ ਨੂੰ ਗਿਆਨ ਦੇ ਝਾੜੂ ਨਾਲ ਹੂੰਝਿਆ ਜਾ ਸਕੇ।

ਧੰਨ ਜੀਉ ਤਹਿ ਕਉ ਜਗ ਮਹਿ ਮੁਖ ਤੇ ਹਰ ਚਿਤ ਮਹਿ ਜੁਧ ਬੀਚਾਰੈ॥
ਦੇਹ ਅਨਿਤ ਨ ਨਿਤ ਰਹੇ ਜਸ ਚੜੇ ਭਵ ਸਾਗਰ ਤਾਰੈ॥
ਧੀਰਜ ਨਾਮ ਬਨਾਏ ਇਹੇ ਤਨ ਬੁਧ ਸੋ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।[6]

(ਸ੍ਰੀ ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ, 2492)

ਸਿੱਖ ਧਰਮ ਵਿਚ ਜਗਤ ਨੂੰ ਮਿਥਿਆ, ਮਾਇਆ ਨਾ ਮੰਨ ਕੇ ਇਸ ਦੀਆਂ ਰਾਜਨੀਤਿਕ, ਸ਼ਮਾਜਿਕ ਅਤੇ ਅਧਿਆਤਮਕ ਤਿੰਨੇ ਜ਼ੁੰਮੇਵਾਰੀਆਂ ਨਿਭਾਉਣ ਤੇ ਜ਼ੋਰ ਦਿੰਦਾ ਹੈ। 'ਬਚਿੱਤ੍ਰ ਨਾਟਕ' ਵਿਚ ਗੁਰੂ ਸਾਹਿਬ ਆਪਣੇ ਜੀਵਨ ਦਾ ਉਦੇਸ਼ ਕੁਝ ਇਸ ਤਰ੍ਹਾਂ ਦੱਸਦੇ ਹਨ :

ਯਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਪਾਰਨਿ।[7]

(ਬਚਿੱਤ੍ਰ ਨਾਟਕ, 43)

ਅਸਲ ਵਿਚ ਗੁਰੂ ਗੋਬਿੰਦ ਸਿੰਘ ਨੇ ਆਪਣਾ ਸਮੁੱਚਾ ਜੀਵਨ ਇਸ ਜਗਤ ਅੰਦਰ ਧਰਮ (Righteousness) ਦੀ ਸਥਾਪਨਾ ਕਰਨ ਦੇ ਯਤਨ ਹਿੱਤ ਲਗਾ ਦਿੱਤਾ ਅਤੇ ਇਸ ਕਾਰਜ ਵਿਚ ਦ੍ਰਿੜਤਾ ਆਪਜੀ ਦੀ ਸ਼ਖਸੀਅਤ ਦਾ ਪ੍ਰਮੁਖ ਪਛਾਣ ਚਿੰਨ ਹੈ। ਬਚਪਨ ਵਿਚ ਹੀ ਪਿਤਾ ਨੂੰ ਕੁਰਬਾਨੀ ਦੇਣ ਲਈ ਭੇਜਣਾ ਦ੍ਰਿੜ ਸੁਭਾਅ ਦੀ ਮਿਸਾਲ ਹੈ। ਆਨੰਦਪੁਰ ਸਾਹਿਬ ਵਿਚ ਇੱਕ ਪਾਸੇ ਗੁਰੂ ਸੰਗਤਾਂ ਦੀ ਆਤਮਿਕ ਰਹਿਨੁਮਾਈ ਕਰਨੀ, ਦੂਜੇ ਪਾਸੇ ਰੱਖਿਆ ਹਿੱਤ ਕਿਲ੍ਹੇ ਉਸਾਰਨੇ, ਤੀਜੇ ਪਾਸੇ ਮਿਲਟਰੀ ਟਰੇਨਿੰਗ ਦੇਣੀ ਅਤੇ ਮਾਇਆ ਦਾ ਸੁਯੋਗ ਪ੍ਰਬੰਧ ਕਰਨਾ ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਦਾ ਹੀ ਕ੍ਰਿਸ਼ਮਾ ਹੋ ਸਕਦਾ ਸੀ।[8] ਡਾ: ਮਹਿੰਦਰ ਕੌਰ ਗਿੱਲ ਨੇ 'ਸਿੱਖ ਚਿੰਤਨ' ਵਿਚ ਸਪਸ਼ਟ ਕੀਤਾ ਹੈ ਕਿ ਜੇਕਰ ਕਿਸੇ ਵਿਅਕਤੀ ਵਿਚ ਪ੍ਰਤਿਭਾ ਦੇ ਨਾਲ ਨਾਲ ਦ੍ਰਿੜਤਾ ਨਾ ਹੋਵੇ ਤਾਂ ਉਹ ਵਿਅਕਤੀ ਕੋਈ ਸਮੂਰਤ ਬਿੰਬ ਨਹੀਂ ਸਿਰਜ ਸਕਦਾ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਮੁਖੀ ਪ੍ਰਤਿਭਾ ਤੇ ਦ੍ਰਿੜ ਸੁਭਾ ਦਾ ਕਮਾਲ ਸੀ ਉਹਨਾਂ ਨੇ ਸਿੱਖ ਕੌਮ ਨੂੰ ਇੱਕ ਵਿਸ਼ੇਸ਼ ਸਰੂਪ ਦਿੱਤਾ, ਖਾਸ ਜੀਵਨ ਜਾਚ ਦਿੱਤੀ, ਵਿਲੱਖਣ ਚਰਿੱਤਰ ਦਿੱਤਾ ਜਿਸ ਵਿਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਉਹਨਾਂ ਲੋਕਾਂ ਵਿਚ ਰਾਜਸੀ ਸੂਝ ਭਰੀ ਤੇ ਕੌਮ ਦਾ ਨਿਰਮਾਣ ਕਰਨ ਲਈ ਜ਼ੁਲਮ ਅੱਗੇ ਅਣਖ ਨਾਲ ਡਟ ਜਾਣ ਦਾ ਆਦੇਸ਼ ਦਿੱਤਾ। ਨੀਚਾਂ ਅਤੇ ਨਿਰਧਨਾਂ ਨੂੰ ਇਸ ਦੇਸ਼ ਦੀ ਸਰਦਾਰੀ ਹੀ ਨਹੀਂ ਪਾਤਸ਼ਾਹੀ (Kingship) ਦੇਣ ਦਾ ਵੀ ਐਲਾਨ ਕੀਤਾ :

ਇਨ ਗਰੀਬ ਸਿੱਖਨ ਕੋ ਦਯੋ ਪਾਤਸ਼ਾਹੀ,
ਇਹ ਯਾਦ ਰਖੈਂ ਹਮਰੀ ਗੁਰਿਆਈ।[9]

ਦ੍ਰਿੜ ਨਿਸ਼ਚੈ ਨਾਲ ਚਿੜੀਆਂ ਨੂੰ ਬਾਜ ਬਣਾਉਣ ਦਾ ਦਾਅਵਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ ਅਤੇ ਐਲਾਨ ਕੀਤਾ ਸੀ ਕਿ ਇਹਨਾਂ ਨਿਤਾਣਿਆਂ ਵਿਚ ਜੁਅੱਰਤ ਤੇ ਚੜ੍ਹਦੀ ਕਲਾ ਭਰਨ ਦੇ ਬਾਅਦ ਹੀ ਗੋਬਿੰਦ ਸਿੰਘ ਕਹਿਲਾਉਣ ਦਾ ਹੱਕਦਾਰ ਹੋਵਾਂਗਾ।

ਚਿੜੀਅਨ ਸੇ ਜਬ ਬਾਜ਼ ਤੁੜਾਊਂ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ।[10]

ਇਹ ਅਸੰਭਵ ਕੰਮ ਕਰਨ ਲਈ ਖੜਗਧਾਰੀ ਗੁਰੂ ਦੇਵ ਗੁਰੂ ਗੋਬਿੰਦ ਸਿੰਘ ਨੇ ਪਰਮਾਤਮਾ ਕੋਲੋਂ ਸ਼ਰਨ ਮੰਗ ਕੇ ਇਕ ਹੋਰ ਨਵੇਕਲੀ ਤੋਰ ਤੋਰੀ–

ਖੜਗਕੇਤ ਮੈ ਸਰਨਿ ਤਿਹਾਰੀ
ਆਪ ਹਾਥੁ ਦੈ ਲੇਹੁ ਉਬਾਰੀ॥
ਸਰਬ ਠੌਰ ਮੋ ਹੋਹੁ ਸਹਾਈ

ਦੁਸਟ ਦੋਖ ਤੇ ਲੇਹੁ ਬਚਾਈ॥[11]

ਜਿਸ ਤਰ੍ਹਾਂ ਦੀ ਦੀਰਘ ਸਮੱਸਿਆ ਸੀ ਉਸਨੂੰ ਨਜਿੱਠਣ ਲਈ ਉਸ ਤੋਂ ਵੀ ਵੱਧ ਹੌਸਲੇ ਅਤੇ ਸਿਆਣੀ ਨੀਤੀ ਦੀ ਲੋੜ ਸੀ ਜੋ ਕੇਵਲ ਅਤੇ ਕੇਵਲ ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਹੀ ਪੂਰਾ ਕਰ ਸਕਦੀ ਸੀ।

ਅੱਜ ਹਰ ਕੋਈ ਮਨ ਦੀ ਸ਼ਾਂਤੀ ਚਾਹੁੰਦਾ ਹੈ ਅਤੇ ਦੁਨੀਆਂ ਨੇ ਇਸ ਸ਼ਾਂਤੀ ਦੀ ਭਾਲ ਵਿਚ ਪਰਮਾਣੂ ਊਰਜਾ ਜਿਹੀਆਂ ਖ਼ਤਰਨਾਕ ਤਕਨੀਕਾਂ ਨਾਲ ਬਣੇ ਹਥਿਆਰ ਵੀ ਅਜ਼ਮਾ ਲਏ ਪਰ ਅਸੁਰੱਖਿਆ ਦੀ ਭਾਵਨਾ ਉਸਨੂੰ ਅੱਜ ਵੀ ਘੇਰੀ ਖਲੋਤੀ ਹੈ। ਅਸੁਰੱਖਿਅਤ ਮਨੁੱਖ ਨੇ ਹਥਿਆਰਾਂ ਦੀ ਛਾਂ ਥੱਲੇ ਸੁਰੱਖਿਆ ਖੋਜੀ ਅਤੇ ਦੇਸ਼ਾਂ ਨੇ ਇੱਕ ਦੂਜੇ ਤੋਂ ਵੱਧ ਖਤਰਨਾਕ ਅਤੇ ਮਾਰੂ ਹਥਿਆਰਾਂ ਲਈ ਦੌੜਾਂ ਤੇਜ਼ ਕਰ ਦਿੱਤੀਆਂ। ਸ਼ਾਂਤੀ ਦੀ ਪ੍ਰਾਪਤੀ ਅਸੰਭਵ ਹੋ ਗਈ ਅਤੇ ਪਰਮਾਣੂ ਊਰਜਾ ਦੇ ਵਿਕੀਰਣ (radiation) ਨੇ ਜਿੱਥੇ ਭਿਅੰਕਰ ਬੀਮਾਰੀਆਂ ਫੈਲਾਈਆਂ ਹਨ, ਵਿਅਕਤੀ ਨੂੰ ਮਨੁੱਖ ਤੋਂ ਬੇਜਾਨ ਮਸ਼ੀਨ ਬਣਾ ਦਿੱਤਾ ਹੈ, ਉਥੇ ਨਾਲ ਹੀ ਨਾਲ ਸਰਬੱਤ ਦੇ ਭਲੇ ਦੀ ਆਸ ਨੂੰ ਵੀ ਮੱਧਮ ਕਰ ਦਿੱਤਾ ਹੈ ਅਤੇ ਵਿਅਕਤੀ ਨੂੰ ਇੰਨ੍ਹਾਂ ਪਦਾਰਥਵਾਦੀ ਬਣਾ ਦਿੱਤਾ ਹੈ ਕਿ ਉਸ ਦੇ ਹਿਰਦੇ ਦਾ ਰਹਿਮ, ਪਿਆਰ, ਭਾਈਚਾਰਾ ਤਾਂ ਜਿਵੇਂ ਖੰਭ ਲਾ ਕੇ ਉੱਡ ਗਿਆ ਹੈ। ਭਾਰਤ ਵਿਚ ਜੇਕਰ ਜਾਤ-ਪਾਤ ਅਤੇ ਵਰਣ ਵਿਵਸਥਾ ਕਾਰਨ ਊਚ ਨੀਚ ਦੀ ਭਾਵਨਾ ਵੱਧਦੀ ਗਈ ਹੈ ਤਾਂ ਪੱਛਮੀ ਦੇਸ਼ ਵੀ ਅਮੀਰ ਗਰੀਬ ਦੇਸ਼ ਰੂਪੀ ਰੋਗ ਤੋਂ ਪੀੜਿਤ ਹਨ ਅਤੇ ਅਮੀਰ ਦੇਸ਼ ਛੋਟੇ ਦੇਸ਼ਾਂ ਨੂੰ ਉਸੇ ਹੀ ਤਰ੍ਹਾਂ ਖਾਈ ਜਾ ਰਹੇ ਹਨ ਜਿਵੇਂ ਵੱਡੀਆਂ ਮੱਛੀਆਂ ਛੋਟੀਆਂ ਮੱਛੀਆਂ ਨੂੰ ਖਾ ਜਾਂਦੀਆਂ ਹਨ। ਧਨ ਅਤੇ ਸਾਧਨਾਂ ਦੇ ਰੋਅਬ ਥੱਲੇ ਗਰੀਬ ਅਤੇ ਪੱਛੜੇ ਮੁਲਕਾਂ ਦੇ ਕੁਦਰਤੀ ਸੋਮਿਆਂ ਨੂੰ ਲੁੱਟਿਆ ਖਸੁਟਿਆ ਜਾ ਰਿਹਾ ਹੈ ਅਤੇ ਗਰੀਬ ਦੇਸ਼ ਹੋਰ ਗਰੀਬ ਅਤੇ ਅਛੂਤ ਬਣਦੇ ਜਾ ਰਹੇ ਹਨ। ਜਦੋਂ ਤਕ ਵਿਅਕਤੀ ਅਧਿਆਤਮ ਨੂੰ ਨਹੀਂ ਅਪਨਾਉਂਦਾ ਆਪਣੇ ਅੰਦਰ ਝਾਤੀ ਮਾਰਨ ਦੀ ਹਿੰਮਤ ਨਹੀਂ ਪੈਦਾ ਕਰਦਾ ਉਦੋਂ ਤੱਕ ਨਿੱਤ ਵਧਦੀਆਂ ਕਾਮਨਾਵਾਂ ਖ਼ਤਮ ਨਹੀਂ ਹੋ ਸਕਦੀਆਂ ਅਤੇ ਮਨੁੱਖ ਨੂੰ ਸ਼ਾਂਤੀ ਨਸੀਬ ਨਹੀਂ ਹੋ ਸਕਦੀ। ਵਿਅਕਤੀ ਨੂੰ ਸੁੱਖ ਸ਼ਾਂਤੀ ਲਈ ਆਪਣੀ ਪੁਰਾਣੀ ਵਿਰਾਸਤ ਨੂੰ ਘੋਖਣਾ ਪੜਚੋਲਣਾ ਪਵੇਗਾ ਅਤੇ ਆਪਣੇ ਜੀਵਨ ਵਿਚ ਸਰਲਤਾ ਨਿਸ਼ਕਪਟਤਾ ਅਤੇ ਮਨ ਵਚਨ ਕਰਮ ਵਿਚ ਇਕਸੁਰਤਾ ਲਿਆਉਣੀ ਪਵੇਗੀ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਲੋਕਾਂ ਨੂੰ ਇਸ ਮਾਰਗ ਵੱਲ ਵਧਣ ਲਈ ਪ੍ਰੇਰਿਤ ਕੀਤਾ ਅਤੇ ਆਪਣੇ ਅਣਥਕ ਯਤਨਾ ਸਦਕਾ ਸਾਰਥਕ ਸਿੱਟੇ ਸਾਮ੍ਹਣੇ ਲਿਆਂਦੇ।

ਅੱਜ ਲੋੜ ਹੈ ਸਿੱਖ ਕੌਮ ਨੂੰ ਆਪਣੇ ਆਪ ਨੂੰ ਘੋਖਣ ਅਤੇ ਪੜਚੋਲਣ ਦੀ ਕਿ ਏਡਾ ਦ੍ਰਿੜ ਪ੍ਰਣ ਅਤੇ ਸੰਚਾਲਕ ਸ਼ਕਤੀ (Motivation Force) ਦੇ ਪਿੱਛੇ ਚੱਲ ਰਹੇ ਸਿਧਾਂਤ ਨੂੰ ਕੀ ਸਹੀ ਅਰਥਾਂ ਵਿਚ ਸਮਝਿਆ ਅਤੇ ਸਮਝਾਇਆ ਜਾ ਰਿਹਾ ਹੈ ? ਕੀ ਵਿਸ਼ਾਲ ਕੌਮਾਂਤਰੀ ਅਰਥਾਂ ਭਰਪੂਰ ਸਿੱਖੀ ਸੰਕੀਰਣਤਾ ਦੇ ਦੌਰ ਵਿਚੋਂ ਤਾਂ ਨਹੀਂ ਗੁਜ਼ਰ ਰਹੀ ?

ਜੇਕਰ ਸਿੱਖ ਸਮਾਜ ਗੁਰਮਤਿ ਦੇ ਮੂਲ ਸਿਧਾਂਤਾਂ ਨੂੰ ਸਮਝ ਕੇ ਆਪਣੀ ਕਥਨੀ ਅਤੇ ਕਰਨੀ ਵਿਚ ਇਕਸੁਰਤਾ ਪੈਦਾ ਕਰ ਸਕੇ, ਜੇਕਰ ਆਪਣੇ ਗੁਰੂਆਂ ਵਲੋਂ ਦਿੱਤੇ ਗਏ ਅਧਿਆਤਮ ਦੇ ਸੋਮੇ ਨੂੰ ਸਹੀ ਅਰਥਾਂ ਵਿਚ ਅਪਣਾ ਲਵੇ ਤਾਂ ਸਿੱਖ ਧਰਮ ਲੋਕਤੰਤਰੀ ਸੋਚ ਦੀ ਸਹੀ ਹਾਮੀ ਭਰਨ ਵਾਲਾ ਦੁਨੀਆਂ ਦਾ ਨਿਵੇਕਲਾ ਧਰਮ ਹੋ ਨਿੱਬੜੇਗਾ। ਗੁਰਮਤਾ ਅਤੇ ਸਰਬੱਤ ਖਾਲਸਾ ਵਰਗੀਆਂ ਲੋਕਤੰਤਰੀ ਸੰਸਥਾਵਾਂ ਕੈਸਾ ਅਨੂਠਾ ਯੋਗਦਾਨ ਪਾ ਸਕਦੀਆਂ ਹਨ, ਇਸ ਦੀ ਮਿਸਾਲ ਮਿਸਲ ਕਾਲ ਦੌਰਾਨ ਖਾਲਸੇ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਤੋਂ ਪ੍ਰਤੱਖ ਜਾਹਿਰ ਹੈ। ਸਰਬੱਤ ਦੇ ਭਲੇ ਖਾਤਰ ਜਾਤ ਅਭਿਮਾਨ ਅਤੇ ਵਰਗ ਵੇਰਵੇ ਨਿਰਮੂਲ ਕਰਨੇ ਪੈਣਗੇ। ਸਿੱਖ ਸਮਾਜ ਵਿਚਲੀਆਂ ਪੁਰਾਤਨ ਰਿਵਾਇਤਾਂ ਤੋਂ ਪ੍ਰੇਰਣਾ ਲੈਣੀ ਪਵੇਗੀ ਤਾਂ ਜੋ ਸਿੱਖ ਗੁਰੂਆਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਜਾ ਸਕੇ।

ਹਵਾਲੇ ਅਤੇ ਟਿੱਪਣੀਆਂ

1) ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 441
2) ਸੰਪਾ : ਮੋਹਨ ਸਿੰਘ 'ਰਤਨ' ਖਾਲਸਾ ਮੇਰੋ ਰੂਪ ਹੈ ਪੰਨਾ -9
3) ਜੋਧ ਸਿੰਘ ਡਾ. ਸਿੱਖ ਭਗਤੀ ਸਰੂਪ ਤੇ ਆਧਾਰ ਪੰਨਾ 88
4) ਦਸਮਗ੍ਰੰਥ, ਬਚਿਤ੍ਰ ਨਾਟਕ 2.15

5) ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1083
6) ਸ੍ਰੀ ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ ਪੰਨਾ 2492
7) ਸ੍ਰੀ ਦਸਮ ਗ੍ਰੰਥ ਬਚਿਤ੍ਰ ਨਾਟਕ ਪੰਨਾ 43
8) ਮਹਿੰਦਰ ਕੌਰ ਗਿੱਲ, ਸਿੱਖ ਚਿੰਤਨ ਪੰਨਾ 62
9)-10) ਭੰਗੂ, ਭਾਈ ਰਤਨ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼, ਬੰਦ ਨੰ: ੨੫ ਪੰਨਾ 42
11) ਸ੍ਰੀ ਦਸਮ ਗ੍ਰੰਥ, ਬੇਨਤੀ ਚੌਪਈ

ਸੰਦੇਸ਼ ਗੁਰੂ ਗੋਬਿੰਦ ਸਿੰਘ

*ਡਾ. ਅਬਨੀਸ਼ ਕੌਰ**

ਦਸ ਗੁਰੂ ਸਾਹਿਬਾਨ ਦਾ ਸਮਾਂ 1469-1708 ਤੱਕ ਹੈ। ਸਿੱਖ ਧਰਮ ਦੇ ਦਸਵੇਂ ਅਤੇ ਅੰਤਿਮ ਦੇਹਧਾਰੀ ਗੁਰੂ ਗੋਬਿੰਦ ਸਿੰਘ (1666-1708) ਜੀ ਸਨ। ਗੁਰੂ ਨਾਨਕ ਦੁਆਰਾ ਵਰਸੋਇਆ ਸਿੱਖ ਧਰਮ ਦਸ ਗੁਰੂ ਸਾਹਿਬਾਨ ਦੀ ਛਤਰ ਛਾਇਆ ਹੇਠ ਨਿਰੰਤਰ ਵਧ ਫੁੱਲ ਰਿਹਾ ਸੀ। ਜਿਸ ਵਿਚਾਰ ਨੂੰ ਪਹਿਲੇ ਗੁਰੂ ਨੇ ਆਪਣੀ ਬਾਣੀ ਵਿਚ ਸ਼ਾਮਿਲ ਕੀਤਾ, ਉਸੇ ਨੂੰ ਦਸਵੇਂ ਗੁਰੂ ਨੇ ਅਮਲੀ ਰੂਪ ਦਿੱਤਾ ਪਰਵਾਨ ਕੀਤਾ ਜਾਂਦਾ ਹੈ। ਸਾਰੇ ਗੁਰੂ ਸਾਹਿਬਾਨ ਦੀ ਆਪਣੇ-ਆਪਣੇ ਪ੍ਰਸੰਗ ਵਿਚ ਅਦੁੱਤੀ ਦੇਣ ਹੈ, ਪਰ ਜਿੱਥੋਂ ਤੱਕ ਗੁਰੂ ਗੋਬਿੰਦ ਸਿੰਘ ਜੀ ਦੀ ਗੱਲ ਹੈ, ਉਨ੍ਹਾਂ ਨੇ ਸਿੱਖ ਕੌਮ ਅੰਦਰ ਇਕ ਵੱਖਰਾ ਤੇ ਨਿਵੇਕਲਾ ਜਲੌਅ ਭਰ ਦਿੱਤਾ ਸੀ। ਜਿਸ ਰਸਤੇ ਤੇ ਆਪ ਤੁਰ ਰਹੇ ਸੀ ਉਸੇ ਰਸਤੇ ਤੇ ਕੌਮ ਨੂੰ ਤੁਰਨ ਲਈ ਤਿਆਰ ਕੀਤਾ ਗਿਆ ਸੀ ਅਤੇ ਪਰਖ ਲਈ ਇਹ ਹੁਕਮ ਕਰ ਦਿੱਤਾ ਸੀ :

ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਓ ਮੈ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ। ਮੈ ਨ ਕਰਉ ਇਨ ਕੀ ਪਰਤੀਤ॥

ਖਾਲਸੇ ਦਾ ਅਸਲ ਰੰਗ ਉਹ ਕੌਮੀਅਤ ਹੈ, ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ ਅਤੇ ਉਸ ਤੇ ਖਾਲਸਾ- ਮਹਿਲ ਬਾਕੀ ਨੌਂ ਗੁਰੂਆਂ ਨੇ ਉਸਾਰਿਆ ਸੀ। ਇਸ ਮਾਰਗ ਤੇ ਚੱਲਦੇ ਜਾਣ ਦਾ ਗੁਰੂ ਹੁਕਮ ਬਾਣੀ ਵਿਚ ਪ੍ਰਾਪਤ ਹੈ। ਜਦੋਂ ਕੋਈ ਚੱਲਣੋਂ ਰੁਕ ਜਾਂਦਾ ਹੈ ਤਾਂ ਉਹ ਖੜੌਤ ਦਾ ਸ਼ਿਕਾਰ ਹੋ ਜਾਂਦਾ ਹੈ। ਅਗਾਂਹ ਨੂੰ ਚੱਲਣ ਵਾਲਿਆਂ ਵਿਚੋਂ ਇਸ ਤਰ੍ਹਾਂ ਵਿਛੜੇ ਹੋਏ ਫਿਰ ਉਹਨਾਂ ਹੀ ਹਾਲਤਾਂ ਦੇ ਸ਼ਿਕਾਰ ਹੋ ਜਾਂਦੇ ਹਨ, ਜਿਹਨਾਂ ਵਿਚੋਂ ਗੁਰੂ ਸਾਹਿਬ ਨੇ ਕੱਢ ਕੇ "ਗੁਰੂ ਸੰਗਤ ਕੀਨੀ ਖਾਲਸਾ" ਦੇ ਰਾਹ ਪਾਇਆ ਸੀ।

ਬਚਪਨ ਤੋਂ ਹੀ ਗੁਰੂ ਸਾਹਿਬ ਦਾ ਜੀਵਨ ਸੰਘਰਸ਼ਮਈ ਰਿਹਾ ਹੈ ਬਹੁਤ ਸਾਰੀਆਂ ਸਾਖੀਆਂ ਉਹਨਾਂ ਦੇ ਬਚਪਨ ਨਾਲ ਜੁੜੀਆਂ ਹੋਈਆਂ ਹਨ। ਉਹਨਾਂ ਦੇ ਜਨਮ ਵੇਲੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਉਨ੍ਹਾਂ ਕੋਲ ਨਹੀਂ ਸੀ। ਪਰ ਗੁਰੂ ਘਰ ਦੀ ਸੋਭਾ ਨੂੰ ਵੇਖਦਿਆਂ ਉਸ ਸਮੇਂ ਦੇ ਮਹਾਪੁਰਸ਼ਾਂ ਦੀ ਦਿਲਚਸਪੀ ਇਹ ਜਾਨਣ ਵਿਚ ਸੀ ਕਿ ਗੁਰ-ਸੰਤਾਨ ਦੀ ਸਿੱਖੀ-ਸੇਵਾ ਵਾਸਤੇ ਕੀ ਭੂਮਿਕਾ ਹੋ ਸਕਦੀ ਹੈ ? ਮੁਸਲਮਾਨ ਫਕੀਰ ਨੇ ਜਦੋਂ ਇਹ ਜਾਨਣਾ ਚਾਹਿਆ ਸੀ ਕਿ ਹਿੰਦੂਆਂ ਤੇ ਮੁਸਲਮਾਨਾਂ ਵਿਚੋਂ ਇਹ ਬਾਲਕ ਕਿਸ ਨਾਲ ਹੋਵੇਗਾ ? ਤਾਂ ਬਾਲ-ਗੋਬਿੰਦ ਨੇ ਦੋਹਾਂ ਨੂੰ ਨਕਾਰ ਦਿੱਤਾ ਸੀ। ਇਸ ਸੰਕੇਤ ਨੂੰ ਲੈਕੇ ਇਹ ਭਾਵਨਾ ਸਿੱਖ ਸਾਹਿਤ ਵਿਚ ਪ੍ਰਗਟ ਹੋ ਚੁੱਕੀ ਹੈ ਕਿ ਬਾਲ-ਗੋਬਿੰਦ ਤੀਸਰਾ -ਪੰਥ ਵੱਲ ਇਸ਼ਾਰਾ ਕਰ ਰਹੇ ਸਨ। ਇਹ ਠੀਕ ਹੈ ਕਿ ਵੱਡੀਆਂ ਘਟਨਾਵਾਂ ਨੂੰ ਆਮ ਆਦਮੀ ਦੀ ਸਮਝ ਗੋਚਰਾ ਬਣਾਉਣ ਲਈ ਕਥਾ ਕਹਾਣੀਆਂ ਸ਼ੁਰੂ ਹੋ ਜਾਂਦੀਆਂ ਹਨ, ਪਰ ਇਸ ਤੋਂ ਇਹ ਗੱਲ ਤਾਂ ਸਪਸ਼ਟ ਹੀ ਹੈ ਕਿ ਦਸਮ-ਪਾਤਸ਼ਾਹ ਦੇ ਬਚਪਨ ਨਾਲ ਜੁੜੀਆਂ ਕਥਾ-ਕਹਾਣੀਆਂ ਉਹਨਾਂ ਨੂੰ ਖਾਸ ਮਿਸ਼ਨ, ਜੋ ਪਿੱਛੋਂ ਖਾਲਸਾ ਮਿਸ਼ਨ ਵਜੋਂ ਸਾਹਮਣੇ ਆਇਆ ਨਾਲ ਜੋੜ ਕੇ ਜ਼ਰੂਰ ਵੇਖਦੀਆਂ ਹਨ।

ਨੌ ਸਾਲ ਦੀ ਉਮਰ ਵਿਚ ਪਿਤਾ ਦੀ ਸ਼ਹਾਦਤ ਮਗਰੋਂ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਸਿੱਖ ਧਰਮ ਪ੍ਰਤਿ ਆਪਣੀ ਜਿੰਮੇਵਾਰੀ ਨੂੰ ਜਿਸ ਤਰ੍ਹਾਂ ਨਿਭਾਇਆ ਉਹ ਕਿਸੇ ਕ੍ਰਿਸ਼ਮੇ ਨਾਲੋਂ ਘੱਟ ਨਹੀਂ ਹੈ। ਨਵੀਂ ਸ਼ਕਤੀ ਤੇ ਪ੍ਰੇਰਨਾ ਇਸ ਧਰਮ ਦੇ ਲੋਕਾਂ ਨੂੰ ਦਿੱਤੀ ਅਤੇ ਇਕ ਕੌਮ ਵਜੋਂ ਪ੍ਰਗਟ ਕੀਤਾ। ਆਪਣੀ ਪਰਿਵਾਰਕ, ਸਮਾਜਿਕ, ਧਾਰਮਿਕ ਜਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਉਨ੍ਹਾਂ ਨੇ ਸਾਹਿਤਕ ਖੇਤਰ ਵਿਚ ਵੀ ਵੱਡਾ ਯੋਗਦਾਨ ਦਿੱਤਾ। ਸਾਰੇ ਖੇਤਰਾਂ ਵਿਚ ਸੰਤੁਲਿਤ ਢੰਗ ਨਾਲ ਵਿਚਰਨਾ ਗੁਰੂ ਜੀ ਦੀ ਅਦੁੱਤੀ ਦੇਣ ਹੈ। ਇਹ ਸਿੱਖੀ ਦੇ ਗ੍ਰਿਹਸਤ-ਪ੍ਰਧਾਨ ਰੰਗ ਨੂੰ ਹੋਰ ਵੀ ਭਰਪੂਰ ਕਰਨਾ ਸੀ। ਇਸ ਨੂੰ ਪਹਿਲਾਂ ਭਗਤੀ ਤੇ

*ਪੱਤਰ ਵਿਹਾਰ ਸਿੱਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ਼ਕਤੀ ਵਜੋਂ ਜਾਣਿਆ ਜਾਂਦਾ ਸੀ। ਇਹੀ ਸੰਤ ਸਿਪਾਹੀ ਵਜੋਂ ਪ੍ਰਗਟ ਕਰ ਦਿੱਤਾ।

ਗੁਰਗੱਦੀ ਤੇ ਬਿਰਾਜਮਾਨ ਹੋ ਕੇ ਗੁਰੂ ਜੀ ਨੇ ਹਰ ਉਸ ਫਰਜ਼ ਨੂੰ ਪੂਰਾ ਕੀਤਾ ਜੋ ਸਿੱਖੀ ਦੀ ਸੰਪੂਰਨਤਾ ਵਾਸਤੇ ਲੋੜੀਂਦਾ ਸੀ। ਇਸੇ ਫਰਜ ਤਹਿਤ ਸਾਰਾ ਪਰਿਵਾਰ ਸ਼ਹੀਦ ਹੋ ਗਿਆ। ਇਸਦੇ ਬਾਵਜੂਦ ਧਰਮ ਦੀ ਖ਼ਾਤਰ, ਗੁਰੂ ਜੀ ਲਗਾਤਾਰ ਜੂਝਦੇ ਰਹੇ। ਧਰਮ ਨੂੰ ਬਚਾਉਣਾ, ਜ਼ੁਲਮ ਦਾ ਟਾਕਰਾ ਕਰਨਾ ਉਨ੍ਹਾਂ ਦੇ ਜੀਵਨ ਦੇ ਮੁੱਖ ਮਨੋਰਥ ਸਨ। ਇਸ ਨੂੰ ਉਹਨਾਂ ਨੇ ਆਪਣੀ ਬਾਣੀ ਵਿਚ "ਧਰਮ ਚਲਾਵਣ ਸੰਤ ਉਬਾਰਣ ਦੁਸ਼ਟ ਸਭਨ ਕਾ ਮੂਲ ਉਧਾਰਨ" ਆਖਿਆ। ਇਸ ਤਰ੍ਹਾਂ ਦੇ ਬਚਨ ਤਾਂ ਧਰਮ ਦੇ ਇਤਿਹਾਸ ਵਿਚ ਪਹਿਲਾਂ ਵੀ ਮਿਲ ਜਾਂਦੇ ਸਨ। ਪਰ ਇਹਨਾਂ ਬਚਨਾਂ ਨੂੰ ਇਤਿਹਾਸ ਵਜੋਂ ਪ੍ਰਗਟ ਕਰਨ ਦਾ ਬਿਰਦ ਕੇਵਲ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਪਾਲਿਆ। ਜੋ ਕੁਝ ਉਹ ਆਪਣੇ ਸਿੱਖਾਂ ਤੋਂ ਕੀਤੇ ਜਾਣ ਦੀ ਆਸ ਕਰਦੇ ਸਨ, ਉਸਨੂੰ ਉਹਨਾਂ ਆਪ ਕਰਕੇ ਵਿਖਾਇਆ। ਅਜਿਹਾ ਉਹਨਾਂ ਨੇ ਆਮ ਸਿੱਖ ਵਾਂਗ ਕੀਤਾ, ਤਾਂ ਕਿ ਆਮ ਸਿੱਖ ਅੰਦਰ ਇਹ ਵਿਸ਼ਵਾਸ ਪੈਦਾ ਹੋ ਜਾਵੇ ਕਿ ਸਿਰ ਦਿੱਤਿਆ ਬਗੈਰ ਸੱਚ ਦੀ ਰੱਖਿਆ ਨਹੀਂ ਹੋ ਸਕਦੀ। ਗੁਰੂ ਜੀ ਦੇ ਜਿਹੜੇ ਬਚਨ ਇਸ ਵੇਲੇ ਖਾਲਸਾ ਗੀਤ ਵਜੋਂ ਸਿੱਖ ਸਮਾਜ ਵਿਚ ਗਾਏ ਜਾ ਰਹੇ ਹਨ, ਉਹ ਸੱਚ ਲਈ ਕੁਰਬਾਨ ਹੋ ਜਾਣ ਦੇ ਵਿਸ਼ਵਾਸ ਲਈ ਅਰਦਾਸ ਹੀ ਕਹੇ ਜਾ ਸਕਦੇ ਹਨ।

ਦੇਹ ਸ਼ਿਵਾ ਬਰ ਮੋਹਿ ਇਹੈ.....

ਇਸ ਖਾਲਸਾ ਗੀਤ ਵਿਚ ਅਕਾਲ ਪੁਰਖ ਕੋਲੋਂ ਉਸ ਸ਼ਕਤੀ ਲਈ ਅਰਦਾਸ ਕੀਤੀ ਗਈ ਹੈ, ਜਿਸ ਨਾਲ ਸੱਚ ਲਈ ਸਿਰ ਦੇ ਸਕਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਇਸ ਨਾਲ ਇਹ ਗੱਲ ਸਾਹਮਣੇ ਆ ਜਾਂਦੀ ਹੈ ਕਿ ਜ਼ੁਲਮ ਥੱਲੇ ਪਿਸ ਰਹੀ ਲੋਕਾਈ ਨੂੰ, ਇਸ ਅਵਸਥਾ ਵਿਚੋਂ ਗੁਰੂ ਜੀ ਕੱਢਣਾ ਚਾਹੁੰਦੇ ਸਨ। ਇਸੇ ਤਹਿਤ 'ਖਾਲਸਾ ਪੰਥ' ਦੀ ਸਾਜਨਾ ਹੋਈ ਸੀ। 'ਖਾਲਸਾ' ਜੋ ਪਵਿੱਤਰਤਾ ਤੇ ਖਾਲਸ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਜੋ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਇਸ ਤਰ੍ਹਾਂ ਦੇ ਪੰਥ ਦੀ ਸਾਜਨਾ ਰਾਹੀਂ ਅਜਿਹੀ ਧਰਮੀ ਫੌਜ ਤਿਆਰ ਕੀਤੀ ਗਈ ਸੀ, ਜੋ ਗੁਰੂ ਦੇ ਨਾਲ ਜੁੜੇ ਰਹਿਣ ਦੇ ਨਾਲ ਨਾਲ ਡੱਟ ਕੇ ਜ਼ੁਲਮ ਦਾ ਟਾਕਰਾ ਵੀ ਕਰ ਸਕਦੀ ਸੀ। ਡਾ. ਬਲਬੀਰ ਸਿੰਘ ਲਿਖਦੇ ਹਨ ਕਿ "ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਇਸੇ ਗੱਲ ਵਿਚੋਂ ਨਹੀਂ ਜਾਚੀ ਜਾ ਸਕਦੀ ਕਿ ਉਹਨਾਂ ਨੇ ਕੀ ਕੀ ਕਾਰਨਾਮੇ ਕੀਤੇ ਤੇ ਕੀ ਕੀ ਜਿੱਤਾਂ ਜਿੱਤੀਆਂ। ਉਹਨਾਂ ਦੀ ਵਡਿਆਈ ਹੈ ਕਿ ਨਵੀਂ ਫਿਜ਼ਾ ਪੈਦਾ ਕਰਨ ਵਿਚ, ਇਕ ਨਵਾਂ ਵਾਯੂ ਮੰਡਲ ਬਨਾਉਣ ਵਿਚ, ਇਕ ਨਵਾਂ ਆਦਰਸ਼ ਸਾਹਮਣੇ ਲਿਆਉਣ ਵਿਚ, ਜਿਸ ਨਾਲ ਭਾਰਤ ਵਰਸ਼ ਦੀ ਮਜ਼ਬੀਅਤ ਆਪਣਾ ਪੁਰਾਣਾ ਵੇਸ ਉਤਾਰ ਕੇ ਨਵੀਨ ਰੂਪ ਧਾਰਨ ਕਰੇ, ਪਰ ਜਿਸ ਵੇਲੇ ਇਕ ਕੌਮ ਨੂੰ ਉਠਾਉਣ ਹੋਵੇ ਤਾਂ ਇਹ ਜ਼ਰੂਰੀ ਹੈ ਕਿ ਉਸ ਕੌਮ ਦੇ ਸਾਹਮਣੇ ਇਕ ਉੱਚਾ ਆਦਰਸ਼ ਰੱਖਿਆ ਜਾਵੇ ਜੋ ਉਹਨਾਂ ਦੀ ਕਾਇਆ ਪਲਟ ਦੇਵੇ।"

ਇਹ ਖਾਲਸਾ ਉਹ ਸੀ ਜਿਸ ਨੇ ਪਹਿਲਾਂ ਆਪੇ ਨੂੰ ਕਾਬੂ ਕੀਤਾ ਤੇ ਯੁਗ ਪਲਟ ਸਕਣ ਦੀ ਸ਼ਕਤੀ ਦਾ ਪ੍ਰਤੀਕ ਬਣਿਆ। ਆਪਣੇ ਅੰਦਰਲੀਆਂ ਕੁਰੀਤੀਆਂ ਕਮਜ਼ੋਰੀਆਂ ਨੂੰ ਛੱਡੇ ਬਗੈਰ ਇਹ ਸਭ ਕੁਝ ਨਹੀਂ ਹੋ ਸਕਦਾ ਸੀ ਅਤੇ ਅਗੋਂ ਵੀ ਨਹੀਂ ਹੋ ਸਕੇਗਾ। ਬਾਹਰੀ ਰੂਪ ਨੂੰ ਉਜਾਗਰ ਕਰਨ ਤੋਂ ਪਹਿਲਾਂ, ਗੁਰੂ ਸਾਹਿਬ ਨੇ ਗੁਰੂ ਦੇ ਸਿੱਖ ਨੂੰ ਅੰਦਰੂਨੀ ਤੌਰ ਤੇ ਮਜ਼ਬੂਤ ਬਣਾਇਆ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਸੰਦੇਸ਼ ਦਿੱਤਾ, ਜਿਸ ਨਾਲ ਆਪਣੇ ਅੰਦਰੋਂ ਕੁਰੀਤੀਆਂ ਨੂੰ ਕੱਢ ਕੇ ਉਸ ਵਿਚ ਕੁਰਬਾਨੀ ਦਾ ਜਜ਼ਬਾ ਭਰਿਆ ਜਾ ਸਕਦਾ ਹੈ ਅਤੇ ਖਾਲਸਾ ਅਜਿਹੀ ਹੀ ਕੌਮ ਹੈ ਜਿਸ ਵਿਚ ਸੱਚ ਲਈ ਕੁਰਬਾਨ ਹੋ ਜਾਣ ਦੀ ਭਾਵਨਾ ਨੂੰ ਦ੍ਰਿੜ ਕੀਤਾ ਗਿਆ ਹੈ। ਗੁਰੂ ਜੀ ਦਾ ਇਹ ਨਿਰਾਲਾ ਕਦਮ ਸੀ, ਜਿਸ ਰਾਹੀਂ ਕੌਮ ਨੂੰ ਨਵੀਂ ਦਿਸ਼ਾ ਪ੍ਰਾਪਤ ਹੋ ਗਈ ਸੀ। ਇਹ ਅਜਿਹਾ ਵੇਸ ਹੈ ਜੋ ਉਨੀ ਦੇਰ ਹੀ ਠਹਿਰ ਸਕਦਾ ਹੈ ਜਿੰਨੀ ਦੇਰ ਕੁਰਬਾਨੀ ਦਾ ਜਜ਼ਬਾ ਕਾਇਮ ਰਹਿੰਦਾ ਹੈ। ਇਸ ਜਜ਼ਬੇ ਦੀ ਪ੍ਰਤੀਨਿਧਤਾ ਅੰਮ੍ਰਿਤ ਸੰਸਕਾਰ ਰਾਹੀਂ ਸਾਹਮਣੇ ਲਿਆਂਦੀ ਗਈ ਸੀ। ਇਸ ਵਾਸਤੇ "ਸਵਾ ਲਾਖ ਸੇ ਏਕ ਲੜਾਉ" ਅਤੇ ਚਿੜੀਆਂ ਤੋਂ ਬਾਜ਼ ਮਰਵਾਉਣ ਵਰਗੇ ਬਿੰਬ ਸਾਹਮਣੇ ਆ ਗਏ ਸਨ।

ਡਾ. ਬਲਬੀਰ ਸਿੰਘ ਖਾਲਸੇ ਦੇ ਚੁਣੇ ਜਾਣ ਬਾਰੇ ਲਿਖਦੇ ਹਨ ਕਿ "ਇਹ ਇਕ ਅਜੀਬ ਦ੍ਰਿਸ਼ ਸੀ। ਗੁਰੂ ਜੀ ਪੰਜ ਸੀਸ ਮੰਗ ਰਹੇ ਹਨ ਤੇ ਕਹਿੰਦੇ ਹਨ ਅਕਾਲ ਪੁਰਖ ਦੀ ਭੇਂਟ ਕਰਨੇ ਹਨ। ਪੰਜ ਹਜ਼ਾਰ ਸਿੱਖ ਬੈਠਾ ਹੈ, ਸੁਣ ਰਿਹਾ ਹੈ ਕੀ ਸੁਣ ਰਿਹਾ ਹੈ ? ਉਹ ਕੁਛ ਜਿਸ ਨਾਲ ਇਕ ਧਮਾਕੇ ਦੀ ਬਿਜਲੀ ਲਹਿਰ ਕੂੰਦ

ਜਾਂਦੀ ਹੈ। ਇਕ ਸੁਨਸਨੀ ਛਾਂ ਜਾਂਦੀ ਹੈ। ਇਕ ਸਨਾਟਾ ਫੈਲ ਜਾਂਦਾ ਹੈ ਪਰ ਤਦ ਵੀ ਇਕ ਸਿੱਖ ਉੱਠਦਾ ਹੈ, ਆਪਣਾ 'ਆਪਾ' ਹਾਜ਼ਰ ਕਰਦਾ ਹੈ। ਗੁਰੂ ਜੀ ਉਸਨੂੰ ਤੰਬੂ ਵਿਚ ਲੈ ਜਾਂਦੇ ਹਨ। ਇਕ ਬੱਕਰਾ ਝਟਕਾਉਂਦੇ ਹਨ, ਲਹੂ ਦੀ ਧਾਰ ਵਗ ਟੁਰਦੀ ਨਜ਼ਰ ਆਉਂਦੀ ਹੈ। ਆਪ ਗੁਰੂ ਜੀ ਤੰਬੂ ਤੋਂ ਬਾਹਰ ਨਿਕਲਦੇ ਮੁੜ ਆਪਣੀ ਮੰਗ ਦੁਹਰਾਉਂਦੇ ਹਨ। ਇਕ ਹੋਰ ਸਿੱਖ ਨਿਤਰਦਾ ਹੈ ਜਿਸ ਨੂੰ ਤੰਬੂ ਅੰਦਰ ਲੈ ਜਾਂਦੇ ਹਨ। ਫੇਰ ਲਹੂ ਦੀ ਧਾਰ ਵਗਦੀ ਹੈ। ਗੁਰੂ ਜੀ ਪੰਜ ਵੇਰ ਏਹੋ ਕਰਤੱਵ ਕਰਦੇ ਹਨ। ਤੰਬੂ ਦੇ ਅੰਦਰ ਪੰਜ ਬੱਕਰੇ ਝਟਕਾਏ ਜਾਂਦੇ ਹਨ। ਪੰਜ ਪਸ਼ੂ ਮਾਰੇ ਜਾਂਦੇ ਹਨ। ਤੰਬੂ ਦੇ ਪੰਜ ਬੱਕਰੇ ਮਾਨੋ ਸੰਕੇਤ ਹੈ ਜਿਸਮ ਦੇ ਅੰਦਰ ਵਿਚਰ ਰਹੇ ਵਿਕਾਰਾਂ ਦਾ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ। ਇਹ ਅੰਦਰ ਦੇ ਪੰਜ ਜਾਨਵਰ ਹਨ ਤੇ ਪੰਜੇ ਮਰ ਜਾਂਦੇ ਹਨ। ਜਿਸ ਦੇ ਵੀ ਇਹ ਪੰਜੇ ਮਰ ਜਾਣ ਉਹ ਇਨ੍ਹਾਂ ਤੋਂ ਖਾਲਸ ਹੋ ਜਾਂਦਾ ਹੈ, ਉਹ ਖਾਲਸਾ ਹੋ ਜਾਂਦਾ ਹੈ।"

ਇਸ ਹਵਾਲੇ ਨਾਲ ਦੋ ਗੱਲਾਂ ਸਾਹਮਣੇ ਆ ਜਾਂਦੀਆਂ ਹਨ। ਪਹਿਲੀ ਇਹ ਕਿ ਖਾਲਸੇ ਵਿਚੋਂ ਪਸ਼ੂ ਬਿਰਤੀ ਦਾ ਮਰਨਾ ਲਾਜ਼ਮੀ ਹੈ। ਇਸੇ ਨੂੰ ਲਈ ਗਈ ਟੂਕ ਵਿਚ ਪੰਜ ਵਿਕਾਰ ਆਖਿਆ ਹੈ। ਇਹ ਠੀਕ ਹੈ ਕਿ ਸਿੱਖ ਵਿਕਾਰਾਂ ਨੂੰ ਮਾਰਨ ਦੀ ਥਾਂ ਇਹਨਾਂ ਦੀ ਠੀਕ ਵਰਤੋਂ ਕਰਦਾ ਹੈ। ਪਰ ਜੇ ਪੰਜ ਵਿਕਾਰ ਕਾਬੂ ਵਿਚ ਨਹੀਂ ਹਨ ਤਾਂ ਖਾਲਸ ਹੋਣਾ ਮੁਸ਼ਕਲ ਹੋ ਜਾਂਦਾ ਹੈ।

ਸੱਚ ਤਾਂ ਇਹੀ ਹੈ ਕਿ ਗੁਰੂ ਸਾਹਿਬ ਦੁਆਰਾ ਸਾਜੀ ਇਸ ਕੌਮ ਨੂੰ ਅੰਦਰੂਨੀ ਤੇ ਬਾਹਰੀ ਤੌਰ ਤੇ ਪਵਿੱਤਰਤਾ ਦਾ ਸੂਚਕ ਮੰਨਿਆ ਜਾਂਦਾ ਹੈ। ਜਿਸਨੇ ਧਰਮ ਦੀ ਖ਼ਾਤਰ ਯੁੱਧ ਖੇਤਰ ਵਿਚ ਆਪਣਾ ਨਾ ਕੇਵਲ ਫਰਜ਼ ਨਿਭਾਇਆ, ਸਗੋਂ ਇਹੋ ਜਿਹੀਆਂ ਉਦਾਹਰਣਾਂ ਕਾਇਮ ਕੀਤੀਆਂ ਜਿਨ੍ਹਾਂ ਦੀ ਰੀਸ ਕੋਈ ਹੋਰ ਨਹੀਂ ਕਰ ਸਕਿਆ। ਗੁਰੂ ਜੀ ਦੇ ਲੜ ਲੱਗ ਕੇ ਜੀਵਨ ਨੂੰ ਸਫਲ ਕੀਤੇ ਜਾਣ ਦੀ ਨਿਸ਼ਾਨੀ ਇਹ ਹੈ ਕਿ ਕਮਜ਼ੋਰ ਰੂਹ ਵਿਚ ਜੋਸ਼ ਭਰਿਆ ਜਾ ਸਕਦਾ ਹੈ ਅਤੇ ਇਹ ਸੱਚ ਲਈ ਮਾਰਿਆ ਜਾ ਸਕਦਾ ਹੈ। ਇਹ ਕੌਮ ਬਿਨਾਂ ਡਰ ਦੇ ਵਿਚਰਦੀ ਰਹੀ ਹੈ ਅਤੇ ਇਸ ਨੂੰ ਇਤਿਹਾਸ ਨੇ ਵੀ ਮੰਨਿਆ ਹੋਇਆ ਹੈ। ਕਿਹਾ ਜਾ ਸਕਦਾ ਹੈ ਕਿ ਸਿੱਖਾਂ ਅੰਦਰ ਕੁਰਬਾਨ ਹੋਣ ਦਾ ਚਾਅ ਜਿਵੇਂ ਗੁਰੂ ਜੀ ਨੇ ਭਰ ਦਿੱਤਾ ਸੀ ਉਹ ਅੱਜ ਵੀ ਕਾਇਮ ਹੈ ਮੌਕਾ ਆਉਣ ਤੇ ਪ੍ਰਗਟ ਹੁੰਦਾ ਰਹਿੰਦਾ ਹੈ। ਜਿਸਦੇ ਅੰਦਰਾ ਪਸ਼ੂਪਣ ਮਰ ਚੁੱਕਿਆ ਹੋਵੇ ਉਹ ਖਾਲਸ ਹੋ ਜਾਂਦਾ ਹੈ ਅਤੇ ਇਸੇ ਨੂੰ ਖਾਲਸੇ ਨੇ ਨਿਭਾਉਣਾ ਹੈ ਇਸ ਅਦੁੱਤੀ ਦੇਣ ਰਾਹੀਂ ਗੁਰੂ ਜੀ ਨੇ ਸਮੁੱਚੀ ਲੋਕਾਈ ਨੂੰ ਨੀਂਦ ਵਿਚੋਂ ਜਗਾਇਆ ਅਤੇ ਸਹੀ ਰਸਤਾ ਦਿਖਾਇਆ। ਜ਼ੁਲਮ ਦਾ ਟਾਕਰਾ ਕਰਣ ਦਾ ਸਬਕ ਪੜ੍ਹਾਇਆ ਜੋ ਅੱਜ ਦੇ ਸਮਾਜ ਵਿਚ ਵੀ ਲਾਗੂ ਕਰਨ ਦੀ ਜ਼ਰੂਰਤ ਹੈ। ਅਜਿਹਾ ਖਾਲਸਾ ਹੋ ਸਕਣ ਦੀ ਜ਼ਰੂਰਤ ਹੈ, ਜੋ ਪਹਿਲਾਂ ਆਪਣੇ ਅੰਦਰੂਨੀ ਪੱਖ ਨੂੰ ਸੁਧਾਰੇ ਅਤੇ ਫਿਰ ਬਾਹਰੀ ਤੌਰ ਤੇ ਉਸ ਮੁਤਾਬਿਕ ਵਿਚਰੇ। ਗੁਰੂ ਸਾਹਿਬਾਨ 'ਸ਼ੁਧ ਸਰੂਪ' ਨੂੰ ਹੀ ਸ੍ਰੇਸ਼ਠ ਮੰਨਦੇ ਹਨ ਅਤੇ ਇਹੀ ਖਾਲਸਾ ਹੈ ਜੋ ਅੰਦਰੋਂ ਤੇ ਬਾਹਰੋਂ ਨਿਰਮਲ ਹੋਵੇ। ਇਨਸਾਨ ਦਾ ਉੱਪਰੋਂ ਸ਼ੁੱਧ ਹੋਣਾ ਹੀ ਕਾਫੀ ਨਹੀਂ ਬਲਕਿ ਅੰਦਰਲੀ ਆਤਮਾ ਦਾ ਸ਼ੁੱਧ ਹੋਣਾ ਜ਼ਿਆਦਾ ਜ਼ਰੂਰੀ ਹੈ। ਇਸ ਆਚਰਣ ਸ਼ੁੱਧੀ ਵਾਸਤੇ ਆਪਣੇ ਮਨ ਨੂੰ ਕਾਬੂ ਕਰਨ ਦੀ ਜ਼ਰੂਰਤ ਹੈ। ਸਰੀਰ ਅੰਦਰ ਪੈਦਾ ਹੋਏ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਹੌਸਲੇ ਨਾਲ ਮੁਕਾਬਲਾ ਕਰਨ ਤੇ ਜਿੱਤ ਪ੍ਰਾਪਤ ਹੁੰਦੀ ਹੈ ਇਹੀ ਅਮਲੀ ਰੂਪ ਖਾਲਸੇ ਨੂੰ ਦਿੱਤਾ। ਇਸੇ ਲਈ ਗੁਰੂ ਜੀ ਨੇ ਖਾਲਸੇ ਨੂੰ ਆਪਣਾ ਰੂਪ ਕਿਹਾ ਹੈ :

ਖਾਲਸਾ ਮੇਰਾ ਰੂਪ ਹੈ ਖਾਸ। ਖਾਲਸੇ ਮਹਿ ਹਉ ਕਰਉ ਨਿਵਾਸ॥

ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ

*ਚਮਕੌਰ ਸਿੰਘ**

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਤੇ ਸਹਿਮ ਨੂੰ ਦੂਰ ਕਰਨ ਲਈ ਹਥਿਆਰਬੰਦ ਖਾਲਸਾ ਪੰਥ ਦੀ ਸਿਰਜਨਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ, ਸਵੈਮਾਣ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ। ਗੁਰੂ ਜੀ ਦੇ ਇਸ ਇਨਕਲਾਬੀ ਮਿਸ਼ਨ ਨੂੰ ਕੱਟੜ ਮੁਗ਼ਲ ਹਕੂਮਤ ਸਹਾਰ ਨਾ ਸਕੀ। ਦੂਜੇ ਪਾਸੇ ਥੋਥੀਆਂ ਤੇ ਬੋਦੀਆਂ ਧਾਰਮਿਕ ਪਰੰਪਰਾਵਾਂ ਦੀ ਧਾਰਨੀ ਸਨਾਤਨੀ ਜਮਾਤ ਅਤੇ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਗੁਰੂ ਜੀ ਨੂੰ ਹੰਢਾਉਣਾ ਪਿਆ। ਇਨ੍ਹਾਂ ਸਮਾਜ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਕਈ ਯੁੱਧ ਵੀ ਲੜਨੇ ਪਏ। ਇਸ ਸੰਘਰਸ਼ ਦੌਰਾਨ ਉਨ੍ਹਾਂ ਵਲੋਂ ਅਪਣਾਈ ਯੁੱਧ-ਮਰਯਾਦਾ ਨੂੰ ਵਿਚਾਰਨਾ ਬਹੁਤ ਹੀ ਅਹਿਮ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ ਤੇ ਵਿਚਾਰ ਕਰਨ ਤੋਂ ਪਹਿਲਾਂ, ਉਨ੍ਹਾਂ ਦੇ ਇਨਕਲਾਬੀ ਮਿਸ਼ਨ ਨੂੰ ਸਮਝਣਾ ਅਤੀ ਜ਼ਰੂਰੀ ਹੈ। 'ਬਚਿੱਤ੍ਰ ਨਾਟਕ' ਵਿਚ ਉਹ ਆਪਣੇ ਜੀਵਨ-ਉਦੇਸ਼ ਨੂੰ ਖ਼ੁਦ ਹੀ ਇਸ ਤਰ੍ਹਾਂ ਬਿਆਨ ਕਰਦੇ ਹਨ :

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਯਨਿ ਪਕਰਿ ਪਛਾਰੋ॥੪੨॥[1]

ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਧਰਮ ਦੀ ਸਥਾਪਨਾ ਅਤੇ ਅਧਰਮੀ ਪ੍ਰਵਿਰਤੀਆਂ ਦਾ ਸੰਘਾਰ ਕਰਨਾ ਸੀ। ਇਹ ਉਦੇਸ਼ ਗੁਰੂ ਨਾਨਕ ਸਾਹਿਬ ਤੋਂ ਹੀ ਗੁਰਤਾ-ਗੱਦੀ ਦੀ ਵਿਰਾਸਤ ਬਣਿਆ ਆ ਰਿਹਾ ਸੀ। ਵਿਸ਼ੇ-ਵਿਕਾਰਾਂ, ਬੁਰਾਈਆਂ ਤੇ ਕੁਰੀਤੀਆਂ ਸਦਕਾ ਸਮਾਜ ਵਿਚ ਆ ਚੁੱਕੇ ਨਿਘਾਰ ਨੂੰ ਰੋਕਣ ਲਈ, ਗੁਰੂ ਸਾਹਿਬ ਧਰਤ-ਲੋਕਾਈ ਨੂੰ ਸੁਧਾਰਨ ਦੇ ਉਦੇਸ਼ ਨਾਲ ਉਦਾਸੀਆਂ 'ਤੇ ਨਿਕਲੇ ਸਨ। ਧਰਤੀ ਨੂੰ ਧਰਮਸਾਲ ਬਣਾਉਣ ਹਿਤ ਗੁਰੂ ਨਾਨਕ ਸਾਹਿਬ ਨੇ 'ਸੱਚ ਨੂੰ ਦ੍ਰਿੜ੍ਹ ਕਰਨਾ' ਹੀ ਮਨੁੱਖਤਾ ਦਾ ਇਕੋ-ਇਕ ਸਦੀਵੀ ਧਰਮ ਐਲਾਨ ਕਰ ਦਿੱਤਾ ਸੀ :

ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ॥[2]

ਬਾਅਦ ਵਿਚ ਗੁਰਤਾ-ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਸਾਰੇ ਗੁਰੂ ਸਾਹਿਬਾਨ, ਇਸ ਰੂਹਾਨੀ-ਮਿਸ਼ਨ ਦੇ ਪਹਿਰੇਦਾਰ ਬਣੇ ਰਹੇ। 'ਸੱਚ' ਧਰਮ 'ਤੇ ਡਟਣ ਖ਼ਾਤਰ ਹੀ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹਾਦਤਾਂ ਦੇਣੀਆਂ ਪਈਆਂ। ਦਸਮ ਪਾਤਸ਼ਾਹ ਨੇ ਤਾਂ ਧਰਮ ਦੀ ਸਥਾਪਨਾ ਲਈ ਆਪਣਾ ਸਰਬੰਸ ਤਕ ਸਭ ਕੁਝ ਕੁਰਬਾਨ ਕਰ ਦਿੱਤਾ। ਬਿਨਾ ਸ਼ੱਕ ਉਨ੍ਹਾਂ ਦੁਆਰਾ ਲੜੇ ਗਏ ਯੁੱਧਾਂ ਦਾ ਮਨੋਰਥ ਧਰਮ ਦੀ ਸਥਾਪਨਾ, ਨੇਕ-ਜਨਾਂ ਦੀ ਰਖਿਆ ਅਤੇ ਦੁਸ਼ਟਾਂ ਦਾ ਨਾਸ਼ ਕਰਨਾ ਸੀ :

ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਨ॥[3]

ਗੁਰੂ ਗੋਬਿੰਦ ਸਿੰਘ ਜੀ ਯੁੱਧਾਂ 'ਤੇ ਡੂੰਘੀ ਵਿਚਾਰ ਕਰਨ ਤੋਂ ਵੀ ਇਹੋ ਗੱਲ ਸਪਸ਼ਟ ਰੂਪ ਵਿਚ

---

*ਕਲਗੀਧਰ ਨਿਵਾਸ, ਸੈਕਟਰ 27-ਬੀ, ਚੰਡੀਗੜ੍ਹ

ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਸੰਘਰਸ਼ ਦਾ ਉਦੇਸ਼ ਸੱਚ ਧਰਮ ਦੀ ਸਥਾਪਨਾ ਲਈ ਮਜ਼ਲੂਮਾਂ, ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ ਜ਼ੁਲਮ ਦਾ ਟਾਕਰਾ ਕਰਨਾ ਸੀ। ਉਨ੍ਹਾਂ ਦੁਆਰਾ ਜੰਗ ਲੜਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ, ਧੱਕੇਸ਼ਾਹੀ ਤੇ ਅਨਿਆਂ ਨੂੰ ਠੱਲ੍ਹ ਪਾਉਣਾ ਸੀ, ਜੋ ਕਿ 'ਗਰੀਬ ਕੀ ਰਖਿਆ, ਜਰਵਾਣੇ ਕੀ ਭੱਖਿਆ' ਦੇ ਅਸੂਲ 'ਤੇ ਅਧਾਰਤ ਸੀ। ਅਜਿਹਾ ਇਸ ਲਈ ਵੀ ਸੀ ਕਿਉਂਕਿ ਗੁਰੂ ਜੀ ਦਾ ਕਿਰਦਾਰ ਐਸੇ ਅਕਾਲੀ-ਇਸ਼ਟ ਦੇ ਪ੍ਰੇਮ-ਰੰਗ ਵਿਚ ਰੰਗਿਆ ਹੋਇਆ ਸੀ, ਜਿਹੜਾ ਆਪ 'ਗ਼ਨੀਮੁਲ ਸ਼ਿਕਸਤੈ, ਗ਼ਰੀਬੁਲ ਪਰਸਤੈ'[4] ਦਾ ਸੁਭਾਅ ਰੱਖਣ ਵਾਲਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਤਤਕਾਲੀ ਹਾਲਤ ਦੀ ਪੜਚੋਲ ਕਰਕੇ ਭਾਂਪ ਲਿਆ ਸੀ ਕਿ ਸਮਾਜ ਦੇ ਪਤਨ ਦਾ ਮੁੱਖ ਕਾਰਨ ਲੋਕਾਂ ਦੀ ਗ਼ੁਲਾਮ ਮਾਨਸਿਕਤਾ ਹੈ। ਇਸ ਲਈ ਉਨ੍ਹਾਂ ਨੇ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾਉਣ ਅਤੇ ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਭਰਨ ਲਈ ਖਾਲਸੇ ਦੀ ਸਾਜਨਾ ਕੀਤੀ। ਜਿਹੜੇ ਲੋਕ-ਹਕੂਮਤੀ ਕਰਿੰਦਿਆਂ ਦੇ ਸਾਹਮਣੇ ਵੀ ਜ਼ੁਬਾਨ ਖੋਲ੍ਹਣ ਦੀ ਹਿੰਮਤ ਨਹੀਂ ਰੱਖਦੇ ਸਨ, ਉਨ੍ਹਾਂ ਦੇ ਹੱਥਾਂ 'ਚ ਤੇਗ਼ਾਂ, ਖੰਡੇ ਫੜਾ ਯੋਧੇ ਬਣਾ ਦਿੱਤਾ। ਆਪਣੀ ਦੂਰ ਅੰਦੇਸ਼ ਅਗਵਾਈ ਦੁਆਰਾ ਹੋਲੇ ਮੁਹੱਲੇ ਦੀ ਪਰੰਪਰਾ ਸ਼ੁਰੂ ਕਰਕੇ ਦੱਬੇ ਕੁਚਲੇ ਅਤੇ ਸਾਹਸਤਹੀਣ ਲੋਕਾਂ ਨੂੰ ਜਬਰ-ਜ਼ੁਲਮ ਦੇ ਖਿਲਾਫ਼ ਜੂਝਣ ਦੇ ਸਮਰੱਥ ਬਣਾ ਦਿੱਤਾ। ਖਾਲਸੇ ਦੀ ਸਾਜਨਾ ਦੇ ਇਸ ਰਾਜ਼ ਨੂੰ 'ਗੁਰ ਸੋਭਾ' ਦੇ ਲਿਖਾਰੀ ਨੇ ਇਸ ਤਰ੍ਹਾਂ ਕਲਮਬੱਧ ਕੀਤਾ ਹੈ :

ਅਸੁਰ ਸੰਘਾਰਬੇ ਕੋ, ਦੁਰਜਨ ਕੇ ਮਾਰਬੇ ਕੋ,
ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ।[5]

ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਕਿਸੇ ਧਰਮ, ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਜੁਝਾਰੂ ਬਿਰਤੀ ਕਿਸੇ ਬਦਲਾਉ ਭਾਵਨਾ ਦੀ ਉਪਜ ਸੀ। ਉਨ੍ਹਾਂ ਦਾ ਮਨੋਰਥ ਕਿਸੇ ਨਾਲ ਜਬਰ ਜਾਂ ਧੱਕੇਸ਼ਾਹੀ ਕਰਨਾ ਨਹੀਂ, ਬਲਕਿ ਇਸ ਨੂੰ ਰੋਕਣਾ ਸੀ। ਉਹ ਜ਼ਿੰਦਗੀ ਭਰ ਹਿੰਦੂ ਮੁਸਲਮਾਨ ਦੇ ਭੇਦਭਾਵ ਤੋਂ ਬਿਨਾ ਜਬਰ, ਜ਼ੁਲਮ ਤੇ ਅਨਿਆ ਖਿਲਾਫ ਜੂਝਦੇ ਰਹੇ। ਰੱਬੀ ਪ੍ਰੇਮ ਅਤੇ ਪਰਉਪਕਾਰ ਨਾਲ ਭਿੱਜੇ ਹੋਏ ਗੁਰੂ ਜੀ ਉੱਚੇ ਸੁੱਚੇ ਕਿਰਦਾਰ ਦੇ ਮਾਲਕ ਸਨ, ਜੋ ਸਮੁੱਚੀ ਮਨੁੱਖਤਾ ਨੂੰ ਇਕ ਰੂਪ ਵੇਖਦੇ ਹੋਏ ਕਹਿੰਦੇ ਹਨ :

ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮਸ਼ਾਫ਼ੀ
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਯੋ॥[6]

ਅਨੰਦਪੁਰ ਸਾਹਿਬ ਦੀ ਜੰਗ ਵੇਲੇ ਭਾਈ ਕਨ੍ਹਈਆ ਜੀ ਵਲੋਂ ਵੈਰੀ ਦਲ ਦੇ ਸੈਨਿਕਾਂ ਨੂੰ ਪਾਣੀ ਪਿਲਾਉਣ ਵਾਲੀ ਘਟਨਾਂ ਤੋਂ ਵੀ ਇਹੋ ਪਰਗਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਿਰਵੈਰ ਭਾਵਨਾ ਰੱਖਣ ਵਾਲੇ ਸਨ; ਨਹੀਂ ਤਾਂ ਉਹ ਜ਼ਰੂਰ ਭਾਈ ਸਾਹਿਬ ਨੂੰ ਅਜਿਹਾ ਕਰਨ ਤੋਂ ਵਰਜ ਦਿੰਦੇ। ਗੁਰੂ ਜੀ ਨੇ ਕਦੇ ਵੀ ਨਿੱਜੀ ਸਵਾਰਥ ਜਾਂ ਦੁਨਿਆਵੀ ਸ਼ੋਭਾ-ਸ਼ਕਤੀ ਦੀ ਪ੍ਰਾਪਤੀ ਲਈ ਜੰਗ ਨਹੀਂ ਕੀਤੀ। ਜਿੱਤ ਪ੍ਰਾਪਤੀ ਨੂੰ ਵੀ ਉਨ੍ਹਾਂ ਅਕਾਲ ਪੁਰਖ ਦੀ ਬਖਸ਼ਸ਼ ਹੀ ਸਮਝਿਆ।

ਭਈ ਜੀਤ ਮੇਰੀ।
ਕ੍ਰਿਪਾ ਕਾਲ ਕੇਰੀ।[7]

ਅਜਿਹਾ ਇਸ ਲਈ ਕੀਤਾ ਤਾਂ ਜੋ ਜਿੱਤ ਨਾਲੋ ਵਧਿਆ ਹੋਇਆ ਮਨੋਬਲ ਬੁਰਾਈ ਦੇ ਰਾਹ ਨਾ ਪੈ ਜਾਵੇ। ਮੈਦਾਨਿ-ਜੰਗ ਵਿਚ ਅਕਾਲ ਪੁਰਖ ਦੀ ਭੈਅ-ਭਾਵਨੀ ਹੀ ਖਾਲਸੇ ਨੂੰ ਨਿਆਂਕਾਰੀ ਬਣਾਉਂਦੀ ਹੈ। ਤਾਂਹੀ ਤਾਂ ਗੁਰੂ ਜੀ ਉਨ੍ਹਾਂ ਸੂਰਮਿਆਂ ਨੂੰ ਧੰਨਤਾ ਦੇ ਲਾਇਕ ਸਮਝਦੇ ਹਨ, ਜਿਹੜੇ ਯੁੱਧ ਸਮੇਂ ਵੀ ਅਕਾਲ ਪੁਰਖ ਨੂੰ ਯਾਦ ਰੱਖਦੇ ਹਨ :

ਧੰਨਿ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥[8]

ਗੁਰੂ ਜੀ ਦੀ ਮਨੋਬਿਰਤੀ ਮੱਲੋਮੱਲੀ ਜੰਗਾਂ-ਯੁੱਧਾਂ ਵਿਚ ਉਲਝਣ ਵਾਲੀ ਬਿਲਕੁਲ ਨਹੀਂ ਸੀ। ਸਾਰੀਆਂ ਜੰਗਾਂ ਵਿਚ ਪਹਿਲ ਹਮੇਸ਼ਾਂ ਮੁਗ਼ਲ ਫੌਜ ਜਾਂ ਪਹਾੜੀ ਰਾਜਿਆਂ ਵਲੋਂ ਹੁੰਦੀ ਰਹੀ, ਪਰ ਗੁਰੂ ਜੀ ਨੇ ਕਦੇ ਵੀ ਪਹਿਲ ਨਹੀਂ ਕੀਤੀ। ਇਸ ਅਸੂਲ ਨੂੰ ਉਨ੍ਹਾਂ ਨੇ ਬਿਖੜੇ ਵੇਲੇ ਵੀ ਦ੍ਰਿੜ੍ਹਤਾ ਸਹਿਤ ਕਾਇਮ

ਰੱਖਿਆ। ਗੁਰੂ ਜੀ ਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਜਾਬਰ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਤਲਵਾਰ ਦੀ ਵਰਤੋਂ ਤਦ ਹੀ ਜਾਇਜ਼ ਹੈ, ਜਦ ਸਾਰੇ ਹੀਲੇ-ਵਸੀਲੇ ਨਾਕਾਮ ਹੋ ਜਾਣ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬਬ-ਸ਼ਮਸ਼ੀਰ ਦਸਤ॥ ੨੨॥[9]

ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਲਈ ਕਦੇ ਪਹਿਲ ਨਹੀਂ ਕੀਤੀ, ਪਰ ਵੈਰੀ ਵੱਲੋਂ ਹੋਏ ਹਰ ਹਮਲੇ ਦਾ ਉਨ੍ਹਾਂ ਹਮੇਸ਼ਾ ਹੀ ਮੂੰਹ ਤੋੜਵਾਂ ਜਵਾਬ ਦਿੱਤਾ। ਉਸ ਸਮੇਂ ਉਨ੍ਹਾਂ ਵੈਰੀ ਦਲ ਦੀ ਫੌਜੀ ਗਿਣਤੀ ਜਾਂ ਸਮਰੱਥਾ ਦੀ ਪਰਵਾਹ ਵੀ ਨਹੀਂ ਕੀਤੀ। ਸਾਹਸ ਤੇ ਹੌਂਸਲੇ ਨਾਲ ਸੀਮਤ ਸਾਧਨਾਂ ਦੇ ਹੁੰਦੇ ਹੋਏ ਵੀ ਉਨ੍ਹਾਂ ਪਹਾੜੀ ਰਾਜਿਆਂ ਅਤੇ ਮੁਗ਼ਲ ਫੌਜਾਂ ਨਾਲ ਹੋਏ ਯੁੱਧਾਂ ਵਿਚ ਜਿੱਤ ਪ੍ਰਾਪਤ ਕੀਤੀ। ਦ੍ਰਿੜ੍ਹ ਨਿਸਚੇ ਸਦਕਾ ਜਿੱਤ ਹਰ ਪੜਾਅ 'ਤੇ ਉਨ੍ਹਾਂ ਦੇ ਪੈਰ ਚੁੰਮਦੀ ਰਹੀ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ :

ਨ ਡਰੋ ਅਰਿ ਸੋ ਜਬ ਜਾਇ ਲਰੋ।
ਨਿਸਚੈ ਕਰਿ ਅਪੁਨੀ ਜੀਤ ਕਰੋ॥[10]

ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਯੁੱਧ ਸੰਬੰਧੀ ਗੁਰੂ ਜੀ ਦਾ ਨਜ਼ਰੀਆ ਬਿਲਕੁਲ ਸਪਸ਼ਟ ਸੀ ਕਿ ਵੈਰੀ ਦੀ ਈਨ ਨਹੀਂ ਮੰਨਣੀ, ਹਥਿਆਰ ਨਹੀਂ ਸੁੱਟਣੇ, ਮਰਨਾ ਪ੍ਰਵਾਨ ਹੈ ਪਰ ਪਿੱਠ ਨਹੀਂ ਦਿਖਾਉਣੀ। ਉਨ੍ਹਾਂ ਨੇ ਇਕ ਸਿੰਘ ਵਿਚ ਸਵਾ-ਸਵਾ ਲੱਖ ਦੇ ਬਰਾਬਰ ਹੋਣ ਦਾ ਅਹਿਸਾਸ ਪੈਦਾ ਕੀਤਾ। ਇਹੋ ਕਾਰਨ ਹੈ ਕਿ ਭੀੜ ਪੈਣ 'ਤੇ ਇਕੱਲੇ-ਇਕੱਲੇ ਸਿੰਘ ਨੇ ਜਾਬਰ ਦਲ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਰਣ-ਤੱਤੇ ਵਿਚ ਸ਼ਹੀਦ ਹੋਣ ਨੂੰ ਪੁੰਨ ਕਰਮ ਸਮਝਿਆ। ਉਨ੍ਹਾਂ ਦੇ ਹਿਰਦੇ ਅੰਦਰ ਦਸਮੇਸ਼ ਪਿਤਾ ਜੀ ਦੀ ਇਹ ਧੁਨੀ ਲਗਾਤਾਰ ਗੂੰਜਦੀ ਰਹੀ :

ਜਬ ਆਵ ਦੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋ॥[11]

ਗੁਰੂ ਜੀ ਵਲੋਂ ਖਾਲਸੇ ਨੂੰ ਯੁੱਧ ਦੇ ਦੌਰਾਨ ਜਬਤ ਵਿਚ ਰਹਿਣ ਦੇ ਸਖਤ ਆਦੇਸ਼ ਸਨ ਕਿ ਮਜ਼ਲੂਮ, ਮਾਸੂਮ ਅਤੇ ਅਬਲਾ ਉਤੇ ਹੱਥ ਨਹੀਂ ਚੁੱਕਣਾ, ਸ਼ਰਨ ਆਏ ਵੈਰੀ ਨੂੰ ਦੁਰਕਾਰਨਾ ਨਹੀਂ, ਨਿਰਦੋਸ਼ ਨੂੰ ਮਾਰਨਾ ਨਹੀਂ, ਬਿਨਾਂ ਚੇਤਾਵਨੀ ਪਿੱਠ ਪਿੱਛੋਂ ਵਾਰ ਨਹੀਂ ਕਰਨਾ। ਉਨ੍ਹਾਂ ਖਾਲਸੇ ਨੂੰ ਨਿਹੱਥੇ ਅਤੇ ਕਮਜ਼ੋਰ (ਜੋ ਲੜਨ ਦੇ ਕਾਬਲ ਨਾ ਹੋਵੇ) ਉੱਤੇ ਵਾਰ ਕਰਨ ਤੋਂ ਵੀ ਵਰਜਿਆ। 'ਜ਼ਫਰਨਾਮੇ' ਵਿਚ ਉਨ੍ਹਾਂ ਔਰੰਗਜ਼ੇਬ ਵੱਲੋਂ ਕਮਜ਼ੋਰਾਂ ਤੇ ਮਜ਼ਲੂਮਾਂ ਉਤੇ ਜਬਰ ਕਰਨ ਦੀ ਘੋਰ ਨਿੰਦਾ ਕੀਤੀ ਹੈ :

ਮਜ਼ਨ ਤੇਗ ਬਰ ਖ਼ੂਨਿ ਕਸ ਬੇਦਰੇਗ।
ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਤੇਗ। ੬੯।
ਤੂ ਗਾਫਿਲ ਮਸ਼ੌ ਮਰਦਿ ਯਜ਼ਦਾਂ ਹਿਰਾਸ।
ਕਿ ਓ ਬੇਨਯਾਜ਼ਸਤੁ ਓ ਬੇਸਿਪਾਸ।੭੦।[12]

ਗੁਰੂ ਨਾਨਕ ਸਾਹਿਬ ਦਾ ਵੀ ਫੁਰਮਾਨ ਹੈ ਕਿ ਜੇ ਜਾਬਰ ਵਿਅਕਤੀ ਕਮਜ਼ੋਰਾਂ 'ਤੇ ਜ਼ੁਲਮ ਕਰੇ ਤਾਂ ਇਹ ਨਿੰਦਣਯੋਗ ਹੈ, ਪਰ ਜੇ ਮੁਕਾਬਲਾ ਬਰਾਬਰ ਦੇ ਨਾਲ ਹੋਵੇ ਤਾਂ ਕੋਈ ਇਤਰਾਜ਼ ਨਹੀਂ:

ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ॥[13]

ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ ਮਾਨਵੀ ਅਸੂਲਾਂ ਅਤੇ ਇਖ਼ਲਾਕੀ ਕਦਰਾਂ-ਕੀਮਤਾਂ ਉੱਤੇ ਅਧਾਰਤ ਸੀ। ਇਸ ਲਈ ਇਤਿਹਾਸ ਵਿਚ ਅਜਿਹੀ ਕੋਈ ਵੀ ਘਟਨਾ ਨਹੀਂ ਮਿਲਦੀ, ਜਦ ਗੁਰੂ ਜੀ ਦੇ ਸੰਤ-ਸਿਪਾਹੀਆਂ ਨੇ ਨਿਰਦੋਸ਼ ਲੋਕਾਂ ਨੂੰ ਲੁੱਟਿਆ-ਮਾਰਿਆ ਹੋਵੇ; ਜਾਂ ਕਿਸੇ ਔਰਤ ਨਾਲ ਦੁਰ-ਵਿਵਹਾਰ ਕੀਤਾ ਹੋਵੇ। ਇਕ ਵਾਰ ਗੁਰੂ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਮੁਸਲਮਾਨ ਸਿਪਾਹੀ ਹਿੰਦੂ ਔਰਤਾਂ ਦੀ ਬੇਪਤੀ ਕਰਦੇ ਹਨ, ਪਰ ਸਿੱਖਾਂ ਨੂੰ ਇਸ ਦਾ ਜਵਾਬੀ ਬਦਲਾ ਲੈਣ ਤੋਂ ਕਿਉਂ ਵਰਜਿਆ ਜਾਂਦਾ ਹੈ ? ਤਾਂ ਗੁਰੂ ਜੀ ਨੇ ਸ਼ੰਕਾ ਨਵਿਰਤ ਕਰਦਿਆਂ ਜਵਾਬ ਦਿੱਤਾ ਕਿ ਮੈਂ ਖਾਲਸਾ ਪੰਥ ਨੂੰ ਬੁਰਾਈ (ਕਲਮਲ) ਤੋਂ ਉੱਚੇ ਰੱਖਣਾ ਚਾਹੁੰਦਾ ਹਾਂ। ਕਵੀ ਸੰਤੋਖ ਸਿੰਘ ਦੇ ਸ਼ਬਦਾਂ ਵਿਚ-

ਸੁਨਿ ਸਤਿਗੁਰ ਬੋਲੇ ਤਿਸ ਬੇਰੇ।
ਹਮ ਲੇ ਜਾਨੋ ਪੰਥ ਉਚੇਰੇ।

ਨਹੀਂ ਅਧੋਗਤਿ ਬਿਖੈ ਪੁਚਾਵੈਂ।
ਯਾਂ ਤੇ ਕਲਮਲ ਕਰਨ ਹਟਾਵੈਂ।੧੯।[14]

ਯੁੱਧ ਦੇ ਇਸ ਇਖਲਾਕੀ ਮਿਆਰ ਦਾ ਪ੍ਰਭਾਵ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਸਮੇਂ ਵੀ ਕਾਇਮ ਰਿਹਾ। ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਦਾ ਚਸ਼ਮਦੀਦ ਲਿਖਾਰੀ 'ਕਾਜ਼ੀ ਨੂਰ ਮੁਹੰਮਦ' ਆਪਣੇ ਜੰਗਨਾਮੇ ਵਿਚ ਸਿੰਘਾਂ ਨੂੰ 'ਸਗ' (ਕੁੱਤੇ) ਲਿਖਦਾ ਹੋਇਆ ਵੀ ਉਨ੍ਹਾਂ ਦੇ ਉੱਚੇ ਇਖ਼ਲਾਕ ਦੀ ਪਰਸੰਸਾ ਕਰਨੋਂ ਨਹੀਂ ਰਹਿੰਦਾ। ਸ. ਕਰਮ ਸਿੰਘ ਹਿਸਟੋਰੀਅਨ ਦੁਆਰਾ 'ਜੰਗਨਾਮੇ' ਦੇ ਪੰਜਾਬੀ ਤਰਜਮੇ ਅਨੁਸਾਰ ਕਾਜ਼ੀ ਦਾ ਕਹਿਣਾ ਹੈ :

"ਇਹ (ਸਿੱਖ) ਨਮਰਦ ਨੂੰ (ਜੋ ਲੜਾਈ ਵਿਚ ਹਥਿਆਰ ਸੁੱਟ ਦੇਵੇ) ਕਦੇ ਵੀ ਨਹੀਂ ਮਾਰਦੇ, ਨਾ ਹੀ ਨੱਸੇ ਜਾਂਦੇ ਨੂੰ ਵਲਦੇ ਹਨ। ਨਾ ਹੀ ਕਿਸੇ ਤ੍ਰੀਮਤ ਦਾ ਗਹਿਣਾ ਜਾਂ ਰੁਪਇਆ ਲੁੱਟਦੇ ਹਨ ਭਾਵੇਂ ਸਵਾਣੀ ਹੋਵੇ, ਭਾਵੇਂ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ।"[15]

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਇਕ ਐਸੇ ਜਰਨੈਲ ਅਤੇ ਉੱਚਕੋਟੀ ਦੇ ਨੀਤੀਵਾਨ ਹੋਏ ਹਨ, ਜਿਨ੍ਹਾਂ ਨੇ ਜ਼ਿੰਦਗੀ ਭਰ ਹੱਕ, ਸੱਚ ਇਨਸਾਫ਼ ਲਈ ਸੰਘਰਸ਼ ਕੀਤਾ ਅਤੇ ਦੱਬੇ ਕੁਚਲੇ ਲੋਕਾਂ ਨੂੰ ਅਣਖ ਨਾਲ ਜੀਣਾ ਸਿਖਾਇਆ। ਉਨ੍ਹਾਂ ਨੇ ਹਥਿਆਰਬੰਦ ਸੰਘਰਸ਼ ਦੁਆਰਾ ਜਿੱਥੇ ਜਬਰ-ਜ਼ੁਲਮ ਦੀ ਹਨ੍ਹੇਰੀ ਨੂੰ ਠੱਲ੍ਹ ਪਾਈ, ਉਥੇ ਯੁੱਧ ਦੌਰਾਨ ਉੱਚੇ ਇਖ਼ਲਾਕੀ ਮਿਆਰ ਨੂੰ ਵੀ ਕਾਇਮ ਰੱਖਿਆ। ਉਨ੍ਹਾਂ ਦੇ ਸੰਘਰਸ਼ਮਈ ਜੀਵਨ ਦਾ ਸੁਨਹਿਰੀ ਇਤਿਹਾਸ ਹਮੇਸ਼ਾ ਲਈ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦਾ ਰਹੇਗਾ।

ਹਵਾਲੇ ਅਤੇ ਟਿੱਪਣੀਆਂ :

1. ਭਾਈ ਰਣਧੀਰ ਸਿੰਘ (ਸੰਪਾ:), ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ, ਤੀਜਾ ਸੰਸਕਰਣ ਪੰਜਾਬੀ ਯੂਨੀਵਰਸਿਟੀ ਪਟਿਆਲਾ 1975 ਪੰਨਾ 74
2. ਗੁਰੂ ਗ੍ਰੰਥ ਸਾਹਿਬ, ਪੰਨਾ
3. ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ ਪੰਨਾ 74
4. ਉਹੀ, ਪੰਨਾ 10
5. ਗੁਰੂ ਗ੍ਰੰਥ ਸਾਹਿਬ, ਪੰਨਾ 1188
6. ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ ਪੰਨਾ 28
7. ਉਹੀ, ਪੰਨਾ 79
8. ਉਹੀ, ਪੋਥੀ ਦੂਜੀ ਪੰਨਾ 798
9. ਉਹੀ, ਪੋਥੀ ਤੀਜੀ, ਪੰਨਾ 1240
10. ਉਹੀ, ਪੋਥੀ ਪਹਿਲੀ ਪੰਨਾ 127
11. ਉਹੀ
12. ਉਹੀ, ਪੋਥੀ ਤੀਜੀ, ਪੰਨਾ 1245
13. ਗੁਰੂ ਗ੍ਰੰਥ ਸਾਹਿਬ, ਪੰਨਾ 360
14. ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ 6, ਅੰਸੂ 20, ਪੰਨਾ 5815
15. ਹੀਰਾ ਸਿੰਘ ਦਰਦ (ਸੰਪਾ:) ਸ. ਕਰਮ ਸਿੰਘ ਹਿਸਟੋਰੀਅਨ ਇਤਿਹਾਸਕ ਖੋਜ , ਪੰਨਾ 501

ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣੀ ਭਾਰਤ ਵੱਲ ਦੇ ਸਫ਼ਰ

ਡਾ. ਸੁਖਦਿਆਲ ਸਿੰਘ*

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਅੰਤਲਾ ਪੱਖ ਇਤਿਹਾਸਕ ਤੌਰ ਤੇ ਬੜਾ ਹੀ ਮਹੱਤਵਪੂਰਨ ਹੈ। ਇਸ ਸਮੇਂ ਦੌਰਾਨ ਗੁਰੂ ਜੀ ਨੇ ਪੰਜਾਬ ਤੋਂ ਚੱਲ ਕੇ ਦੱਖਣੀ ਭਾਰਤ ਵੱਲ ਦੇ ਖੇਤਰਾਂ ਦਾ ਸਫ਼ਰ ਕੀਤਾ ਸੀ। ਇਹ ਸਫ਼ਰ ਕਿਸੇ ਵੀ ਵੱਡੀ ਮੁਹਿੰਮ ਤੋਂ ਘੱਟ ਨਹੀਂ ਸਨ, ਪਰ ਇਤਿਹਾਸਕਾਰਾਂ ਨੇ ਉਨ੍ਹਾਂ ਦੇ ਜੀਵਨ ਦੇ ਇਸ ਸਮੇਂ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਸ ਬਾਰੇ ਉਨ੍ਹਾਂ ਦੇ ਕਥਨ ਗੰਭੀਰਤਾ ਵਾਲੇ ਨਾ ਹੋ ਕੇ ਸਰਸਰੀ ਜਿਹੇ ਅਧਿਐਨ ਵਾਲੇ ਹਨ। ਗੁਰੂ ਜੀ ਦੇ ਜੀਵਨ ਦੇ ਇਸ ਸਮੇਂ ਦੀਆਂ ਘਟਨਾਵਾਂ ਵਿਚ ਉਨ੍ਹਾਂ ਵੱਲੋਂ ਲਏ ਗਏ ਐਸੇ ਮਹੱਤਵਪੂਰਨ ਫੈਸਲੇ ਸ਼ਾਮਲ ਹਨ ਜਿਨ੍ਹਾਂ ਨੇ ਸਿੱਖਾਂ ਦੇ ਆਉਣ ਵਾਲੇ ਸਮੇਂ ਵਿਚ ਮਾਰਗ-ਦਰਸ਼ਨ ਦਾ ਕੰਮ ਕਰਨਾ ਸੀ। ਗੁਰੂ ਜੀ ਨੇ ਇਨ੍ਹਾਂ ਸਫ਼ਰਾਂ ਨੂੰ ਇਕ ਬਹੁਤ ਤਕੜੀ ਸੈਨਿਕ ਮੁਹਿੰਮ ਦੀ ਤਰ੍ਹਾਂ ਤਿਆਰੀ ਕਰਕੇ ਹੀ ਸ਼ੁਰੂ ਕੀਤਾ ਸੀ ਅਤੇ ਅਨੇਕਾਂ ਉਤਰਾਵਾਂ-ਚੜ੍ਹਾਵਾਂ ਅਤੇ ਵਿੰਗ ਵਲੇਵਿਆਂ ਬਾਅਦ ਪੂਰਾ ਕੀਤਾ ਸੀ। ਦਮਦਮਾ ਸਾਹਿਬ ਤਲਵੰਡੀ ਸਾਬੋ (ਪੰਜਾਬ) ਤੋਂ ਇਹ ਸਫ਼ਰ ਸ਼ੁਰੂ ਕੀਤੇ ਗਏ ਸਨ। ਇਨ੍ਹਾਂ ਦਾ ਮੁੱਖ ਟੀਚਾ ਤਾਂ ਅਹਿਮਦ ਨਗਰ ਵਿਖੇ ਪਹੁੰਚ ਕੇ ਬਾਦਸ਼ਾਹ ਔਰੰਗਜ਼ੇਬ ਨਾਲ ਮੁਲਾਕਾਤ ਕਰਨ ਦੀ ਸੀ ਪਰ ਸਮੇਂ ਦੇ ਗੇੜ ਅਨੁਸਾਰ ਇਹ ਮੁਲਾਕਾਤ ਨਹੀਂ ਹੋ ਸਕੀ ਕਿਉਂਕਿ ਔਰੰਗਜ਼ੇਬ ਗੁਰੂ ਜੀ ਦੇ ਪਹੁੰਚਣ ਤੋਂ ਪਹਿਲਾਂ ਹੀ ਮਰ ਗਿਆ ਸੀ। ਅਗਰ ਇਹ ਮੁਲਾਕਾਤ ਹੋ ਜਾਂਦੀ ਤਾਂ ਇਸ ਨੇ ਸਿੱਖ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਨ ਘਟਨਾ ਸਾਬਤ ਹੋਣਾ ਸੀ। ਗੁਰੂ ਸਾਹਿਬ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਸੁਣਨ ਸਮੇਂ ਅਜੇ ਆਪਣੇ ਸਫ਼ਰਾਂ ਦੇ ਅੱਧ-ਵਿਚਕਾਰ ਹੀ ਸਨ ਇਸ ਕਰਕੇ ਸਫ਼ਰਾਂ ਦਾ ਜੋ ਮੁੱਢਲਾ ਨਿਸ਼ਾਨਾ ਸੀ ਉਹ ਖ਼ਤਮ ਹੋ ਗਿਆ ਸੀ। ਇੱਥੇ ਤਕ ਗੁਰੂ ਜੀ ਦੇ ਸਫ਼ਰਾਂ ਦਾ ਪਹਿਲਾ ਪੜਾਅ ਬਣਦਾ ਹੈ।

ਗੁਰੂ ਜੀ ਦੇ ਦੱਖਣ ਦੇ ਸਫ਼ਰਾਂ ਦਾ ਦੂਜਾ ਪੜਾਅ ਨਵੇਂ ਬਾਦਸ਼ਾਹ ਬਹਾਦਰ ਸ਼ਾਹ ਨਾਲ ਮਿਲਣ ਦਾ ਅਤੇ ਉਸ ਨੂੰ ਆਸ਼ੀਰਵਾਦ ਦੇਣ ਦਾ ਸੀ। ਇਸ ਲਈ ਗੁਰੂ ਜੀ ਦੇ ਸਫ਼ਰਾਂ ਨੇ ਇਕਦਮ ਨਵਾਂ ਮੋੜ ਲੈ ਕੇ ਦਿੱਲੀ ਅਤੇ ਆਗਰੇ ਵੱਲ ਦੀ ਵਾਪਸੀ ਕਰ ਦਿੱਤੀ ਸੀ। ਇਹ ਪੜਾਅ ਬਹੁਤ ਕਾਮਯਾਬ ਸੀ ਇਸ ਲਈ ਇਹ ਗੁਰੂ ਜੀ ਦੇ ਜੀਵਨ ਦਾ ਬਹੁਤ ਹੀ ਮਹੱਤਵਪੂਰਨ ਸਮਾਂ ਸੀ। ਇਹ ਸਮਾਂ ਹੈ ਤਾਂ ਮਾਰਚ 1707 ਤੋਂ ਲੈ ਕੇ ਅਗਸਤ 1708 ਤੱਕ ਦੇ ਇਕ ਸਾਲ ਪੰਜ ਕੁ ਮਹੀਨਿਆਂ ਦਾ ਪਰ ਇਸ ਸਮੇਂ ਦੌਰਾਨ ਅਨੇਕਾਂ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਸਨ। ਗੁਰੂ ਜੀ ਦੇ ਆਸ਼ੀਰਵਾਦ ਨਾਲ ਅਤੇ ਸਿੱਖਾਂ ਦੀ ਸਰਗਰਮ ਮਦਦ ਨਾਲ ਬਹਾਦਰ ਸ਼ਾਹ ਦਾ ਜਾਜਉ ਦੀ ਲੜਾਈ ਵਿਚ ਜਿੱਤ ਪਰਾਪਤ ਕਰਨਾ, ਬਾਦਸ਼ਾਹ ਵੱਲੋਂ ਆਗਰੇ ਵਿਖੇ ਗੁਰੂ ਜੀ ਦਾ ਮਹਾਨ ਸਵਾਗਤ ਕਰਨਾ, ਗੁਰੂ ਜੀ ਦਾ ਇਕ ਗੁਰੂ ਦੇ ਰੂਪ ਵਿਚ ਅਗਲੀ ਸਮੁੱਚੀ ਮੁਹਿੰਮ ਦੌਰਾਨ ਲਗਾਤਾਰ ਬਾਦਸ਼ਾਹ ਲਈ ਇਕ ਧਾਰਮਿਕ ਨੇਤਾ ਦੇ ਰੂਪ ਵਿਚ ਰਹਿ ਕੇ ਵਿਚਰਦੇ ਰਹਿਣਾ ਅਤੇ ਰਸਤਿਆਂ ਵਿਚਲੀਆਂ ਸਿੱਖ ਸੰਗਤਾਂ ਨੂੰ ਦਰਸ਼ਨ ਦੇਣੇ ਆਦਿ ਘਟਨਾਵਾਂ ਸਿੱਖ ਇਤਿਹਾਸ ਵਿਚ ਆਪਣੀ ਨਿਵੇਕਲੀ ਥਾਂ ਬਣਾਈ ਬੈਠੀਆਂ ਹਨ। ਇਹ ਸਮਾਂ ਗੁਰੂ ਜੀ ਦੇ ਜੀਵਨ ਦਾ ਸਭ ਤੋਂ ਵੱਧ ਮਹੱਤਵਪੂਰਨ ਸਮਾਂ ਸੀ। ਇਹ ਉਨ੍ਹਾਂ ਦੇ ਸਫ਼ਰਾਂ ਦਾ ਦੂਜਾ ਪੜਾਅ ਸੀ। ਇਹ ਪੜਾਅ ਦਾ ਅੰਤ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਵਲੋਂ ਇਕੱਠਿਆਂ ਨਾਂਦੇੜ ਪਹੁੰਚ ਕੇ ਪੂਰਾ ਹੋ ਜਾਂਦਾ ਹੈ।

ਨਾਂਦੇੜ ਸਾਹਿਬ ਵਿਖੇ ਪਹੁੰਚ ਕੇ ਗੁਰੂ ਜੀ ਦਾ ਇੱਥੇ ਹੀ ਰਹਿਣਾ ਅਤੇ ਬਾਦਸ਼ਾਹ ਦਾ ਅੱਗੇ ਹੈਦਰਾਬਾਦ ਵਲ ਨੂੰ ਰਵਾਨਾ ਹੋਣਾ, ਅਖੀਰਲੇ ਪੜਾਅ ਦਾ ਸਮਾਂ ਬਣਦਾ ਹੈ। ਇਹ ਤੀਜਾ ਪੜਾਅ ਪਹਿਲੇ ਦੋ ਪੜਾਵਾਂ ਤੋਂ ਵੱਖਰਾ ਪਰ ਇਤਿਹਾਸਕ ਤੌਰ ਤੇ ਉਤਨਾ ਹੀ ਮਹੱਤਵਪੂਰਨ ਸੀ। ਇਹ ਗੁਰੂ ਜੀ ਦੇ ਜੀਵਨ ਦਾ ਅੰਤਲਾ ਸਮਾਂ ਸੀ। ਭਾਵੇਂ ਇਹ ਸਮਾਂ ਤਾਂ ਬਹੁਤ ਥੋੜ੍ਹਾ ਸੀ ਪਰ ਸੀ ਬਹੁਤ ਹੀ ਮਹੱਤਵਪੂਰਨ ਕਿਉਂਕਿ

*ਪੰਜਾਬ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਇਸ ਸਮੇਂ ਦੌਰਾਨ ਗੁਰੂ ਜੀ ਜੋਤੀ-ਜੋਤ ਸਮਾਅ ਗਏ ਸਨ। ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਵਲੋਂ ਬਾਕਾਇਦਾ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪੀ ਗਈ ਸੀ ਅਤੇ ਬੰਦਾ ਸਿੰਘ ਬਹਾਦਰ ਨੂੰ ਖਾਲਸੇ ਦਾ ਰਾਜਨੀਤਿਕ ਨੇਤਾ ਥਾਪਿਆ ਗਿਆ ਸੀ। ਇਹ ਦੋਵੇਂ ਪੱਖ ਹੀ ਸਿੱਖ ਇਤਿਹਾਸ ਦੇ ਮਹੱਤਵਪੂਰਨ ਕਾਂਡ ਹਨ ਕਿਉਂਕਿ ਆਉਣ ਵਾਲਾ ਸਾਰਾ ਸਿੱਖ ਇਤਿਹਾਸ ਇਨ੍ਹਾਂ ਹੀ ਦੋਵੇਂ ਗੱਲਾਂ ਦੇ ਦੁਆਲੇ ਕੇਂਦਰਤ ਰਿਹਾ ਹੈ।

ਅੱਗੇ ਇਨ੍ਹਾਂ ਤਿੰਨੇ ਪੜਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰਾਂ ਦੇ ਵਿਸਥਾਰ ਵਿਚ ਜਾ ਕੇ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੀ ਜਾਣਕਾਰੀ ਲਈ ਸਾਡੇ ਪਾਸ ਕਵੀ ਸੈਨਾਪਤਿ ਦੀ ਸਮਕਾਲੀ ਲਿਖਤ ਵੀ ਉਪਲਬਧ ਹੈ ਅਤੇ ਇਸ ਤੋਂ ਇਲਾਵਾ ਸਰੂਪ ਸਿੰਘ ਕੋਸ਼ਿਸ਼ ਦੀਆਂ ਗੁਰੂ ਕੀਆਂ ਸਾਖੀਆਂ, ਭਾਈ ਸੰਤੋਖ ਸਿੰਘ ਕ੍ਰਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼) ਅਤੇ ਬਾਵਾ ਸੁਮੇਰ ਸਿੰਘ ਦੀ ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼ ਜੈਸੀਆਂ ਲਿਖਤਾਂ ਵੀ ਉਪਲਬਧ ਹਨ। ਇਹ ਲਿਖਤਾਂ ਭਾਵੇਂ ਪਿੱਛੋਂ ਦੀਆਂ ਲਿਖਤਾਂ ਹਨ ਪਰ ਇਨ੍ਹਾਂ ਵਿਚੋਂ ਵੀ ਧਿਆਨ ਨਾਲ ਕਾਫੀ ਅੱਛੀ ਜਾਣਕਾਰੀ ਲਈ ਜਾ ਸਕਦੀ ਹੈ। ਸਾਲ 2007 ਵਿਚ ਪੰਜਾਬ ਸਰਕਾਰ ਨੇ ਤਲਵੰਡੀ ਸਾਬੋ ਤੋਂ ਲੈ ਕੇ ਨਾਂਦੇੜ ਸਾਹਿਬ ਤਕ ਗੁਰੂ ਗੋਬਿੰਦ ਸਿੰਘ ਮਾਰਗ ਉਲੀਕਣ ਲਈ ਜਿਹੜੀ ਹਾਈ ਪਾਵਰਡ ਕਮੇਟੀ ਬਣਾਈ ਸੀ ਮੈਂ (ਲਿਖਾਰੀ) ਉਸ ਕਮੇਟੀ ਦਾ ਮੈਂਬਰ ਸੀ। ਇਸ ਕਮੇਟੀ ਨੇ 5 ਅਕਤੂਬਰ ਦਿਨ ਐਤਵਾਰ ਤੋਂ ਲੈ ਕੇ 13 ਅਕਤੂਬਰ ਦਿਨ ਸੋਮਵਾਰ ਤੱਕ ਇਸ ਮਾਰਗ ਦਾ ਪੂਰੇ ਵਿਸਥਾਰ ਸਹਿਤ ਸਰਵੇਖਣ ਕੀਤਾ ਸੀ। ਇਸ ਲਈ ਉਕਤ ਵਰਣਨ ਕੀਤੇ ਲਿਖਤੀ ਸਰੋਤਾਂ ਤੋਂ ਇਲਾਵਾ ਸਾਡਾ ਇਹ ਕੀਤਾ ਗਿਆ ਸਰਵੇਖਣ ਵੀ ਆਪਣੇ ਆਪ ਵਿਚ ਇਕ ਸਰੋਤ ਹੈ। ਉਕਤ ਅਨੁਸਾਰ ਲਿਖਤੀ ਸਰੋਤਾਂ ਅਤੇ ਸਰਵੇਖਣ ਜ਼ਰੀਏ ਇਸ ਮਾਰਗ ਦੀ ਜੋ ਰਿਪੋਰਟ ਤਿਆਰ ਹੋ ਸਕਦੀ ਸੀ ਉਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਨੂੰ ਜਾਣ ਸਮੇਂ ਦੇ ਸਫ਼ਰਾਂ ਦਾ ਬਿਰਤਾਂਤ ਦਿੱਤਾ ਜਾ ਰਿਹਾ ਹੈ।

ਤਲਵੰਡੀ ਸਾਬੋ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਕਾਫਲੇ ਦੀ ਰਵਾਨਗੀ ਦੀ ਜੋ ਮਿਤੀ ਦਰਸਾਈ ਗਈ ਹੈ। ਉਹ ਸੰਮਤ 1763 ਬਿ. ਦੀ ਕੱਤਕ ਸੁਦੀ ਪੰਚਮੀ ਸੀ। ਗੁਰੂ ਕੀਆਂ ਸਾਖੀਆਂ ਵਿਚ ਲਿਖਿਆ ਗਿਆ ਹੈ, "ਬਚਨ ਹੋਆ ਕਿ ਅਸਾਂ ਸਾਬੋ ਕੀ ਤਲਵੰਡੀ ਸੇ ਕੂਚ ਕਰਨਾ ਹੈ, ਤਿਆਰੀ ਕਰੀਏ। ਸੰਮਤ ਸਤਾਰਾਂ ਸੈ ਤ੍ਰੇਸਠ ਮਾਹ ਕਾਰਤਕ ਪਰਸ਼ਾਦ ਕੀ ਦੇਗ ਤਿਆਰ ਕਰ ਅਰਦਾਸ ਕਰਕੇ ਵਰਤਾਈ।" [1] ਸਾਖੀ ਪੋਥੀ ਅਨੁਸਾਰ, "ਨੌਂ ਮਹੀਨੇ, ਨੌਂ ਦਿਨ, ਨੌਂ ਪਹਿਰ, ਨੌਂ ਘੜੀਆਂ, ਨੌਂ ਪਲ ਗੁਰੂ ਗੋਬਿੰਦ ਸਿੰਘ (ਦਮਦਮੇ) ਰਹੇ। ਚੜ੍ਹੇ ਕੱਤਕ ਸੁਦੀ ਥਿਤਿ ਪੰਚਮੀ ਦਿਨ ਵੀਰਵਾਰ। ਸਵਾਂ ਪਹਿਰ ਦਿਨ ਚੜ੍ਹੇ ਕੂਚ ਕੀਆਂ ਦੱਖਣ ਕੋ।" [2] ਕਵੀ ਸੈਨਾਪਤਿ ਨੇ ਗੁਰੂ ਸਾਹਿਬ ਦੇ ਰਵਾਨਾ ਹੋਣ ਸਮੇਂ ਦੇ ਬਿਰਤਾਂਤ ਨੂੰ ਤਾਂ ਦੱਸਿਆ ਹੈ ਪਰ ਮਿਤੀ-ਸੰਮਤ ਕੋਈ ਨਹੀਂ ਦੱਸਿਆ। ਇਸ ਅਨੁਸਾਰ :

ਮਾਰਵਾਰ ਕੇ ਰਾਹ ਦਿਸ ਦੱਛਨ ਕੋ ਕੂਚ ਹੈ॥
ਸਭੇ ਹੋਹੁ ਤਈਯਾਰ ਪ੍ਰਭ ਇਮ ਕਹੀ ਸੁਨਾਇ ਕੈ॥ ਪਾਠ 14 , ਬੰਦ 3 ॥
ਅਰਦਾਸ ਕੀਨੀ ਅਰਦਾਸੀਏ ਅਰਜ ਸੁਨੀਐ ਕ੍ਰਿਪਾ ਧਾਰਿ॥
ਅਤਿ ਸੁੰਦਰ ਬਾਣੀ ਸਰਸ ਭਯੋ ਅਸੁਵ ਤਈਯਾਰ॥7 ॥
ਵਾਹਗੁਰੂ ਜੀ ਕੇ ਫ਼ਤੇ ਕਹਿ ਕੇ ਭਏ ਸੁਆਰ॥
ਭਯੋ ਡੰਕ ਤ੍ਰਿਪ ਲੋਕ ਮੈਂ ਚੜ੍ਹਤ ਕਰੀ ਕਰਤਾਰ॥ 2 ॥

ਇਸ ਤਰ੍ਹਾਂ ਸੰਮਤ 1763 ਬਿ. ਦੀ ਕੱਤਕ ਸੁਦੀ ਪੰਚਮੀ ਨੂੰ ਜਿਸ ਦੀ ਈਸਵੀ ਸੰਨ ਅਨੁਸਾਰ ਡਾ. ਗੰਡਾ ਸਿੰਘ ਨੇ 30 ਅਕਤੂਬਰ, 1706 ਈ. ਦੱਸਿਆ ਹੈ, ਗੁਰੂ ਗੋਬਿੰਦ ਸਿੰਘ ਜੀ ਆਪਣੇ ਕਾਫਲੇ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਤੋਂ ਰਵਾਨਾ ਹੋਏ। ਗੁਰੂ ਸਾਹਿਬ ਨਾਲ ਕਵੀ ਸੈਨਾਪਤਿ ਅਨੁਸਾਰ ਇਕ ਸੌ ਇਕ ਘੋੜ-ਸੁਆਰ ਸਿੰਘ ਸਨ (ਏਕ ਸੌ ਏਕ ਬਲਵੰਤ ਸੂਰਾ ਸਰਸ ਟਾਂਕ ਦੁਇ ਤੀਨ ਹਾਵੂ ਹੜਾਏ)। ਦੋਇ ਤੀਨ ਹਾਵੂ ਹੜਾਇ ਤੋਂ ਭਾਵ ਹੈ ਕਿ ਦੋ-ਤਿੰਨ ਸਿੰਘ ਪਹਿਲਾਂ ਅਗਲੇ ਠਹਿਰਾਅ ਦਾ ਪਰਬੰਧ ਕਰਨ ਲਈ ਤੋਰ ਦਿੱਤੇ ਸਨ। ਹੋਰਨਾਂ ਲਿਖਤਾਂ ਦੇ ਮੁਤਾਬਕ ਗੁਰੂ ਸਾਹਿਬ ਨਾਲ ਪੰਜ ਸੌ ਦੇ ਕਰੀਬ ਘੋੜ-ਸੁਆਰ ਸਿੰਘ ਸਨ।[3] ਡਾ. ਗੰਡਾ ਸਿੰਘ ਜੀ ਇਹ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਆਪ ਰਵਾਨਾ ਹੋਣ ਤੋਂ ਪਹਿਲਾਂ ਕੁਝ ਕੁ ਸਿੰਘਾਂ ਨੂੰ ਅਗਲੇ ਪੜਾਵਾਂ ਪਰ ਰਿਹਾਇਸ਼ ਅਤੇ ਠਹਿਰਾਅ ਦਾ ਪਰਬੰਧ ਕਰਨ ਲਈ ਭੇਜ

ਦਿੱਤਾ ਗਿਆ ਸੀ।[4]

ਤਲਵੰਡੀ ਸਾਬੋ ਤੋਂ ਚੱਲ ਕੇ ਮਲਕਾਣਾ ਅਤੇ ਗਟਵਾਲੀ ਪਿੰਡਾਂ ਵਿਚੋਂ ਦੀ ਗੁਜ਼ਰਦੇ ਹੋਏ ਗੁਰੂ ਜੀ ਦਾ ਕਾਫਲਾ ਕੇਵਲ ਪਿੰਡ ਵਿਚ ਪਹੁੰਚਿਆ। ਭਾਈ ਸੰਤੋਖ ਸਿੰਘ ਅਨੁਸਾਰ ਇੱਥੇ ਰਾਤ ਦਾ ਠਹਿਰਾਅ ਕੀਤਾ ਗਿਆ। ਗੁਰੂ ਕੀਆਂ ਸਾਖੀਆਂ ਅਨੁਸਾਰ ਇੱਥੇ ਇਕ ਵਿਸ਼ਾਲ ਢਾਬ ਦੇ ਕਿਨਾਰੇ ਤੇ ਡੇਰਾ ਲਾਇਆ ਗਿਆ ਸੀ।[5] ਇਹ ਕੇਵਲ ਨਾਂ ਦਾ ਪਿੰਡ ਇਸ ਸਮੇਂ ਹਰਿਆਣਾ ਵਿਚ ਹੈ। ਜ਼ਿਲ੍ਹਾ ਸਿਰਸਾ ਹੈ। ਤਲਵੰਡੀ ਸਾਬੋ ਤੋਂ 16 ਕਿ.ਮੀ. ਦੀ ਵਿੱਥ ਤੇ ਹੈ। ਇਹ ਪੰਜਾਬ ਦੀ ਹੱਦ ਨਿਕਲਣ ਸਾਰ ਹਰਿਆਣੇ ਦਾ ਪਹਿਲਾ ਪਿੰਡ ਹੈ। ਇਹ ਸਾਰੇ ਦਾ ਸਾਰਾ ਪਿੰਡ ਪੰਜਾਬੀ ਬੋਲਣ ਵਾਲਾ ਹੈ ਅਤੇ ਸਿੱਖ ਆਬਾਦੀ ਵਾਲਾ ਹੈ। ਇੱਥੇ ਸਿੱਧੂ, ਕੁਲਾਰ, ਸਰਾਂ, ਚੀਮੇ ਅਤੇ ਭਦੋਲ ਗੋਤ ਦੇ ਜੱਟ-ਸਿੱਖ ਵਸਦੇ ਹਨ। ਨਵਾਂ ਗੁਰਦੁਆਰਾ ਬਣ ਰਿਹਾ ਹੈ, ਪਰ ਢਾਬ ਨਹੀਂ ਹੈ। ਗੁਰਦੁਆਰੇ ਦਾ ਨਾਂ 'ਗੁਰਦੁਆਰਾ ਪੈਂਤਰਾਂ ਸਾਹਿਬ' ਹੈ।

ਕੇਵਲ ਤੋਂ ਅੱਗੇ ਕੂਚ ਕਰ ਕੇ ਗੁਰੂ ਜੀ ਦਾਦੂ, ਕਮਾਲ, ਕੁਰੰਗਾਂਵਲੀ ਅਤੇ ਭਾਦਰਾ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਝੋਰੜ ਰੋਹੀ ਪਿੰਡ ਪਹੁੰਚੇ। ਝੋਰੜ ਰੋਹੀ ਦਮਦਮਾ ਸਾਹਿਬ ਤੋਂ 37 ਕਿ.ਮੀ. ਅਤੇ ਕੇਵਲ ਤੋਂ 20 ਕਿ.ਮੀ. ਦੀ ਵਿੱਥ ਤੇ ਹੈ। ਇੱਥੇ ਗੁਰਦੁਆਰਾ ਗੁਰੂ ਸਰ ਪਾਤਸ਼ਾਹੀ ਦਸਵੀਂ ਹੈ। ਇਹ ਝੋਰੜ ਗਿੱਲ ਜੱਟਾਂ ਦਾ ਪਿੰਡ ਹੈ। ਭਾਈ ਸੰਤੋਖ ਸਿੰਘ ਅਨੁਸਾਰ ਇਥੇ ਗੁਰੂ ਜੀ ਦੇ ਕਾਫਲੇ ਨੇ ਦੁਪਹਿਰਾ ਬਤੀਤ ਕੀਤਾ। ਇੱਥੇ ਚੱਲ ਕੇ ਸਾਰਾ ਕਾਫਲਾ ਪੰਜਮਾਲਾ, ਅਲੀਕਾ ਅਤੇ ਰੰਗਾ ਤੋਂ ਘੱਗਰ ਪਾਰ ਕਰ ਕੇ ਝੰਡਾ ਕਲਾਂ ਪਿੰਡ ਪਹੁੰਚਿਆ। ਅੱਜ ਕੱਲ ਘੱਗਰ ਨਦੀਂ ਉਪਰ ਪੁਲ ਨਹੀਂ ਹੈ। ਪਾਣੀ ਦੇ ਜ਼ਿਆਦਾ ਹੋਣ ਕਰਕੇ ਕਾਰਾਂ ਘੱਗਰ ਵਿਚੋਂ ਦੀ ਨਹੀਂ ਗੁਜ਼ਰ ਸਕਦੀਆਂ ਸਨ ਪਰ ਟਰੈਕਟਰ ਵਗੈਰਾ ਉੱਚੇ ਹੋਣ ਕਰਕੇ ਨਿਕਲ ਜਾਂਦੇ ਹਨ। ਸਾਨੂੰ ਵਾਇਆ ਸਰਦੂਲਗੜ੍ਹ ਹੋ ਕੇ ਲਹਿੰਗੇਵਾਲਾ, ਮੱਤੜ ਅਤੇ ਭੂੰਦੜ ਹੋ ਕੇ ਝੰਡਾ ਕਲਾ ਪਹੁੰਚਣਾ ਪਿਆ ਸੀ। ਇੱਥੇ ਗੁਰੂ ਜੀ ਦਾ ਕਾਫਲਾ ਠਹਿਰਿਆ ਸੀ। ਇੱਥੇ ਗੁਰੂ ਜੀ ਦੀ ਯਾਦ ਵਿਚ ਬੜਾ ਅਲੀਸ਼ਾਨ ਗੁਰਦੁਆਰਾ ਪਾਤਸ਼ਾਹੀ ਦਸਵੀਂ ਬਣਿਆ ਹੋਇਆ ਹੈ। ਇੱਥੇ ਨਿਹੰਗ ਸਿੰਘਾਂ ਦਾ ਕਬਜ਼ਾ ਹੈ। ਨਿਸ਼ਾਨ ਸਾਹਿਬ ਨੀਲੇ ਰੰਗ ਦੇ ਹਨ। ਗੁਰਦੁਆਰੇ ਦੇ ਗੇਟ ਅਤੇ ਕੰਧਾਂ ਉਪਰ ਵੀ ਨੀਲੇ ਰੰਗ ਦਾ ਪੇਂਟ ਕੀਤਾ ਹੋਇਆ ਹੈ। ਜਾਪਦਾ ਇਹ ਹੈ ਕਿ ਗੁਰੂ ਸਾਹਿਬ ਦੇ ਸਮੇਂ ਝੰਡਾ ਪਿੰਡ ਵਿਚ ਮੁਸਲਮਾਨ ਆਬਾਦੀ ਸੀ ਕਿਉਂਕਿ ਅੱਜਕੱਲ ਇਸ ਪਿੰਡ ਵਿਚ 1947 ਦੇ ਸਮੇਂ ਪਾਕਿਸਤਾਨ ਤੋਂ ਆਏ ਸਿੱਖਾਂ ਦੀ ਆਬਾਦੀ ਹੈ। ਇਨ੍ਹਾਂ ਦਾ ਪਿੱਛਲਾ ਪਿੰਡ ਜੱਜਲ ਹੈ ਜਿਸ ਦੀ ਤਹਿਸੀਲ ਕੰਗਣਵਾਲ ਅਤੇ ਜ਼ਿਲਾ ਲਾਹੌਰ ਹੈ।

ਝੰਡਾ ਕਲਾਂ ਤੋਂ ਚੱਲ ਕੇ ਗੁਰੂ ਸਾਹਿਬ ਭਰੋਖਾ ਅਤੇ ਫਰਵਾਈ ਕਲਾਂ ਲੰਘ ਕੇ ਸਰਸਾ ਪਹੁੰਚੇ। ਸਰਸਾ ਵਿਖੇ ਵੀ ਗੁਰੂ ਜੀ ਦੇ ਕਾਫਲੇ ਵੱਲੋਂ ਕੁਝ ਦਿਨਾਂ ਦਾ ਠਹਿਰਾਅ ਕਰਨ ਦੀ ਪਰੰਪਰਾ ਮਿਲਦੀ ਹੈ। ਇੱਥੇ ਗੁਰੂ ਜੀ ਦੀ ਯਾਦ ਵਿਚ ਬਹੁਤ ਅਲੀਸ਼ਾਨ ਗੁਰਦੁਆਰਾ ਸਸ਼ੋਭਤ ਹੈ। ਸਰਸਾ ਅੱਜਕੱਲ ਹਰਿਆਣਾ ਦਾ ਇਕ ਜ਼ਿਲ੍ਹਾ ਹੈਡਕੁਆਟਰ ਹੈ।

ਸਰਸਾ ਤੋਂ ਅੱਗੇ ਚੱਲਦੇ ਹੋਏ ਗੁਰੂ ਸਾਹਿਬ ਭੰਬੂਰਾ ਅਤੇ ਮਾਂਗਲਾ ਲੰਘ ਕੇ 16 ਕਿ.ਮੀ. ਦੀ ਵਿੱਥ ਤੇ ਸਥਿਤ ਮਾਧੋ ਸਿੰਘਾਣਾ ਪਹੁੰਚੇ। ਇਸ ਬਾਰੇ ਤਕਰੀਬਨ ਹਰ ਲਿਖਤ[6] ਵਿਚ ਵੇਰਵਾ ਮਿਲਦਾ ਹੈ ਪਰ ਇਸ ਨਗਰ ਵਿਖੇ ਗੁਰੂ ਜੀ ਦੀ ਪੁਰਾਤਨ ਯਾਦਗਾਰ ਕੋਈ ਨਹੀਂ ਹੈ। ਅੱਜਕੱਲ ਇੱਥੇ ਪਿੰਡ ਦੇ ਬਿਲਕੁਲ ਬਾਹਰਵਾਰ ਸੜਕ ਉੱਪਰ ਇਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਪੁਰਾਣਾ ਗੁਰਦੁਆਰਾ ਕੋਈ ਨਹੀਂ। ਨਾ ਹੀ ਇੱਥੇ ਕੋਈ ਸਿੱਖ ਆਬਾਦੀ ਹੈ। ਆਲੇ-ਦੁਆਲੇ ਦੇ ਪਿੰਡਾਂ ਵਿਚ ਕੁਝ ਸਿੱਖ ਆਬਾਦੀ ਜ਼ਰੂਰ ਹੈ। ਇੱਥੋਂ ਹੁੰਦੇ ਹੋਏ ਗੁਰੂ ਸਾਹਿਬ ਅੱਗੇ ਨੂੰ ਚੱਲੇ। ਇੱਥੋਂ ਚਾਰ ਕੁ ਕਿ.ਮੀ. ਮਲੇਕਾਂ (ਐਲਨਾਬਾਦ ਰੋਡ) ਤੋਂ ਮਲਵਾਣੀ ਹੁੰਦੇ ਹੋਏ ਰਾਜਸਥਾਨ ਦੀ ਹੱਦ ਵਿਚ ਪਰਵੇਸ਼ ਕਰਕੇ ਅਤੇ ਰਤਨਪੁਰਾ ਹੁੰਦੇ ਹੋਏ ਗੁਰੂ ਸਾਹਿਬ ਜਸਾਨਾ ਪਿੰਡ ਵਿਚ ਪਹੁੰਚੇ। ਜਸਾਨਾ ਪਿੰਡ ਮਾਧੋ ਸਿਆਣਾ ਤੋਂ 30 ਕਿ.ਮੀ. ਦੀ ਵਿੱਥ ਤੇ ਹੈ। ਇਹ ਪਿੰਡ ਸਾਰਾ ਹੀ ਕੱਚਾ ਅਤੇ ਝੋਪੜੀਆਂ ਵਾਲਾ ਹੈ। ਪਿੰਡ ਦੇ ਬਿਲਕੁਲ ਵਿਚਕਾਰ ਇਥੋਂ ਦੇ ਜਾਗੀਰਦਾਰਾਂ ਦੀ ਕਿਲ੍ਹਾਨੁਮਾ ਹਵੇਲੀ ਹੈ। ਇਹ ਢੱਠੀ ਹਾਲਤ ਵਿਚ ਹੈ ਪਰ ਇਸ ਦੀ ਮਜਬੂਤੀ ਅਤੇ ਖੂਬਸੂਰਤੀ ਭਲੀਭਾਂਤ ਨਜ਼ਰ ਆਉਂਦੀ ਹੈ। ਇਹ ਇਕ ਖੁੱਲ੍ਹੇ ਖੇਤਰ ਵਾਲੀ ਗੜ੍ਹੀਨੁਮਾ ਹਵੇਲੀ ਸੀ। ਇਸ ਦੇ ਜਗੀਰਦਾਰ ਅੱਜ ਕੱਲ ਜੈਪੁਰ ਵਿਖੇ ਰਹਿੰਦੇ ਹਨ। ਇੱਥੇ ਲੋਕਾਂ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਥੋਂ ਦੇ ਜਗੀਰਦਾਰ ਵਲੋਂ ਗੁਰੂ ਜੀ ਨੂੰ ਆਪਣੇ ਪਿੰਡ ਆਉਣ ਦਾ ਸੱਦਾ ਦਿੱਤਾ ਗਿਆ ਸੀ ਅਤੇ ਗੁਰੂ ਸਾਹਿਬ ਇੱਥੇ ਆਏ ਸਨ।

ਗੜ੍ਹੀਨੁਮਾ ਹਵੇਲੀ ਵਿਚ ਤਾਂ ਕੋਈ ਗੁਰਦੁਆਰਾ ਨਹੀਂ ਹੈ ਪਰ ਪਿੰਡ ਦੇ ਬਾਹਰਵਾਰ ਦੋ ਕੁ ਕਮਰਿਆਂ ਦਾ ਛੋਟਾ ਜਿਹਾ ਗੁਰਦੁਆਰਾ ਜ਼ਰੂਰ ਬਣਾ ਰੱਖਿਆ ਹੈ। ਇਸ ਦੀ ਸੇਵਾ ਭਾਈ ਕਰਤਾਰ ਸਿੰਘ ਗ੍ਰੰਥੀ ਜੀ ਕਰ ਰਹੇ ਹਨ। ਇਹ ਦਸਦੇ ਸਨ ਕਿ ਜਸਾਨਾ ਪਿੰਡ ਵਿਚ ਇਸ ਸਮੇਂ 25 ਕੁ ਘਰ ਸਿੱਖਾਂ ਦੇ ਹਨ। ਜਸਾਨਾ ਬਿਲਕੁਲ ਰੇਗਸਥਾਨ ਵਿਚ ਵਸਿਆ ਹੋਇਆ ਪਿੰਡ ਹੈ। ਲੋਕ ਗਰੀਬ ਹਨ। ਜ਼ਰੂਰ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦਾ ਕਾਫਲਾ ਇੱਥੇ ਠਹਿਰਿਆ ਹੋਵੇਗਾ।

ਜਸਾਨਾ ਤੋਂ ਅੱਗੇ ਨੂੰ ਰਵਾਨਾ ਹੁੰਦੇ ਹੋਏ ਗੁਰੂ ਸਾਹਿਬ ਰਾਮਸਰਾ ਅਤੇ ਚੱਕ ਕਲਾਨਾ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਨੌਹਰ ਸ਼ਹਿਰ ਪਹੁੰਚੇ। ਜਸਾਨੇ ਤੋਂ ਨੌਹਰ ਚੌਦਾ ਕਿਲੋਮੀਟਰ ਦੀ ਵਿੱਥ ਤੇ ਹੈ। ਇੱਥੇ ਇਸ ਸਮੇਂ ਦੋ ਗੁਰਦੁਆਰੇ ਗੁਰੂ ਜੀ ਦੀ ਯਾਦ ਵਿਚ ਹਨ। ਇਕ ਗੁਰਦੁਆਰਾ ਛੀਨ ਤਲਾਈ ਅਤੇ ਦੂਜਾ ਹੈ ਗੁਰਦੁਆਰਾ ਕਬੂਤਰ ਸਾਹਿਬ। ਪਹਿਲਾਂ ਗੁਰਦੁਆਰਾ ਬਾਹਰਵਾਰ ਹੈ ਜਦੋਂ ਕਿ ਦੂਜਾ ਸ਼ਹਿਰ ਦੇ ਕੁਝ ਅੰਦਰ ਵਿਚ ਜਾ ਕੇ ਹੈ। ਇੱਥੇ ਕਿਸੇ ਕ੍ਰਿਸ਼ਨ ਚੰਦ ਬਰਾਹਮਣ ਨਾਲ ਗੁਰੂ ਜੀ ਦੀ ਵਿਚਾਰ-ਚਰਚਾ ਹੋਣ ਦੀ ਵੀ ਜਾਣਕਾਰੀ ਮਿਲਦੀ ਹੈ। ਨੌਹਰ ਸ਼ਹਿਰ ਦੇ ਲੋਕਾਂ ਵਿਚ ਇਕ ਇਹ ਅਖਾਉਤ ਪ੍ਰਚੱਲਤ ਹੈ 'ਨੌਹਰ ਗੁਰੂ ਕੀ ਮੋਹਰ ਖਾਲਸਾ ਲੁਟੇਗਾ।' ਪਤਾ ਨਹੀਂ ਇਸ ਦਾ ਮਤਲਬ ਕੀ ਹੈ ਜਾਂ ਇਹ ਕਿਸ ਤੱਥ ਨੂੰ ਉਜਾਗਰ ਕਰਦੀ ਹੈ ਪਰ ਇਹ ਪਰਚੱਲਤ ਹੈ। ਨੌਹਰ ਵਿਖੇ ਗੁਰਦੁਆਰਾ ਛੀਨ ਤਲਾਈ ਦੇ ਨਾਲ ਹੀ ਇਕ ਬਹੁਤ ਡੂੰਘੀ ਢਾਬ ਹੈ। ਇਸ ਢਾਬ ਦੇ ਕਿਨਾਰੇ ਹੀ ਇਕ ਖੂਹੀ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਇਸ ਖੂਹੀ ਦੇ ਨੇੜੇ ਹੀ ਉਤਰੇ ਹੋਏ ਸਨ। ਅੱਜ ਕੱਲ ਸਥਾਨਕ ਹਿੰਦੂਆਂ ਨੇ ਇਸ ਥਾਂ ਨੂੰ ਰੋਕ ਰੱਖਿਆ ਹੈ। ਢਾਬ ਅਤੇ ਗੁਰਦੁਆਰੇ ਦੇ ਵਿਚਕਾਰੋਂ ਦੀ ਸੜਕ ਕੱਢਵਾ ਕੇ ਦੋਹਾਂ ਨੂੰ ਅਲੱਗ ਅਲੱਗ ਕਰ ਦਿੱਤਾ ਹੈ।

ਨੌਹਰ ਤੋਂ ਚੱਲ ਕੇ ਗੁਰੂ ਸਾਹਿਬ ਸੁਹਾਵਾ ਸ਼ਹਿਰ ਵੱਲ ਨੂੰ ਰਵਾਨਾ ਹੋਏ। ਨੌਹਰ ਤੋਂ 7 ਕਿ.ਮੀ. ਦੀ ਵਿੱਥ ਤੇ ਹੀ ਸਹਾਰਨੋ ਕੀ ਢਾਣੀ ਵਿਖੇ ਇਕ ਨਵਾਂ ਗੁਰਦੁਆਰਾ ਬਣ ਰਿਹਾ ਹੈ। ਇਸਦਾ ਨਾਂ 'ਗੁਰਦੁਆਰਾ ਲੰਗਰ ਸਾਹਿਬ' ਹੈ। ਅੱਗੇ ਆਪੂਵਾਲਾ, ਦਲਪਤਪੁਰਾ, ਦੁਰਜਨ, ਮੇਘਾਨਾ, ਖੋਪੜਾ ਆਦਿ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਗੁਰੂ ਸਾਹਿਬ ਸੁਹਾਵਾ ਸ਼ਹਿਰ ਪਹੁੰਚੇ। ਸੁਹਾਵਾ ਨੌਹਰ ਤੋਂ 37 ਕਿ.ਮੀ. ਦੀ ਵਿੱਥ ਤੇ ਹੈ। ਇੱਥੇ ਜਿਸ ਥਾਂ ਤੇ ਗੁਰੂ ਸਾਹਿਬ ਦਾ ਉਤਾਰਾ ਸੀ ਉਥੇ ਬੜੀ ਵਿਸ਼ਾਲ ਢਾਬ ਸੀ। ਢਾਬ ਦੇ ਕਿਨਾਰੇ ਉੱਪਰ ਇਕ ਪਾਸੇ ਜੋਗੀਆਂ ਦਾ ਬਹੁਤ ਵੱਡਾ ਡੇਰਾ ਸੀ ਅਤੇ ਇਹ ਹੁਣ ਵੀ ਹੈ। ਢਾਬ ਦੇ ਚਾਰੇ ਪਾਸੇ ਪੱਕੇ ਖੂਹ ਸਨ। ਇਨ੍ਹਾਂ ਖੂਹਾਂ ਉੱਪਰ ਨਹਾਉਣ ਵਾਸਤੇ ਪੱਕੀਆਂ ਖੇਲ੍ਹਾਂ ਅਤੇ ਪੱਕੇ ਚੌਤਰੇ ਬਣੇ ਹੋਏ ਸਨ। ਤਿੰਨ ਖੂਹ ਤਾਂ ਇਸ ਸਮੇਂ ਬੰਦ ਪਏ ਹਨ। ਪਰ ਇਨ੍ਹਾਂ ਦੇ ਨਿਸ਼ਾਨ ਕਾਇਮ ਹਨ। ਇਕ ਖੂਹ ਚੱਲ ਰਿਹਾ ਹੈ। ਇਸੇ ਖੂਹ ਦੇ ਪਾਸ ਹੀ ਗੁਰਦੁਆਰਾ ਹੈ। ਗੁਰਦੁਆਰੇ ਅਤੇ ਖੂਹ ਦੇ ਨਾਲ ਹੀ ਢਾਬ ਦੇ ਵਿਚ ਇਕ ਪਿੱਪਲ ਦਾ ਦਰਖੱਤ ਹੈ। ਇਸ ਦਰੱਖਤ ਦੇ ਦੁਆਲੇ ਇਕ ਪੱਕਾ ਥੜ੍ਹਾ ਬਣਾਇਆ ਹੋਇਆ ਹੈ। ਇਹ ਥੜ੍ਹਾ ਸੰਭਾਲ ਨਾ ਹੋਣ ਕਾਰਨ ਤਿੜ ਚੁੱਕਿਆ ਹੈ। ਇਸ ਥੜ੍ਹੇ ਉੱਪਰ ਕੁਝ ਐਸੀਆਂ ਪੈੜਾਂ ਦੇ ਨਿਸ਼ਾਨ ਜਿਨ੍ਹਾਂ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਗੁਰੂ ਜੀ ਦੇ ਘੋੜਿਆਂ ਦੀਆਂ ਹਨ। ਪਰ ਇਹ ਕਿਸੇ ਹੋਰ ਜਾਨਵਰਾਂ ਦੀਆਂ ਵੀ ਹੋ ਸਕਦੀਆਂ ਹਨ। ਢਾਬ ਇਸ ਸਮੇਂ ਬਿਲਕੁਲ ਸੁੱਕੀ ਪਈ ਹੈ। ਜਿਹੜਾ ਪਿੱਪਲ ਦਾ ਦਰੱਖਤ ਹੈ ਇਸ ਬਾਰੇ ਦੰਦ-ਕਥਾ ਸੀ ਕਿ ਇਸ ਵਿਚ ਇਕ ਜੰਡ ਦਾ ਦਰੱਖਤ ਸੀ। ਉਸ ਬਾਰੇ ਸਮਝਿਆ ਜਾਂਦਾ ਹੈ ਸੀ ਕਿ ਜਦੋਂ ਪਿੱਪਲ ਇਸ ਜੰਡ ਦੇ ਦਰਖੱਤ ਨੂੰ ਪੂਰੀ ਤਰ੍ਹਾਂ ਨਿਗਲ ਜਾਵੇਗਾ ਉਸ ਸਮੇਂ ਖਾਲਸੇ ਦਾ ਰਾਜ ਹੋ ਜਾਵੇਗਾ। ਇਸ ਸਮੇਂ ਇੱਥੇ ਕੋਈ ਵੀ ਜੰਡ ਦੇ ਦਰਖੱਤ ਦੇ ਨਿਸ਼ਾਨ ਨਹੀਂ ਹੈ। ਜੇ ਉਹ ਪਿੱਪਲ ਦਾ ਦਰੱਖਤ ਜੰਡ ਨੂੰ ਨਿਗਲ ਗਿਆ ਹੈ ਤਾਂ ਖਾਲਸੇ ਦਾ ਰਾਜ ਕਿੱਥੇ ਹੈ ? ਜੇ ਪਿੱਪਲ ਮੁੱਢ ਤੋਂ ਹੀ ਇਸੇ ਤਰ੍ਹਾਂ ਦਾ ਹੈ ਤਾਂ ਦੰਦ-ਕਥਾ ਚੱਲੀ ਕਿਉਂ ਸੀ? ਇਸ ਬਾਰੇ ਦੰਦ-ਕਥਾਵਾਂ ਫੈਲਾਉਣ ਵਾਲੇ ਹੀ ਚੰਗੀ ਤਰ੍ਹਾਂ ਜਾਣ ਸਕਦੇ ਹਨ। ਇਸ ਜੰਡ ਤੇ ਪਿੱਪਲ ਦੀ ਸੁਮੇਲਤਾ ਵਾਲੀ ਦੰਦ-ਕਥਾ ਦਾ ਗੁਰੂ ਜੀ ਦੀ ਆਮਦ ਨਾਲ ਕੋਈ ਸਰੋਕਾਰ ਨਹੀਂ ਹੈ।

ਭਾਈ ਸੰਤੋਖ ਸਿੰਘ ਨੇ ਸੁਹਾਵੇ ਤੋਂ ਅੱਗੇ ਗੁਰੂ ਸਾਹਿਬ ਨੂੰ ਮਾਧੋ ਸਿੰਘਾਣਾ ਪਹੁੰਚਿਆ ਦੱਸਿਆ ਹੈ। ਇਹ ਗ਼ਲਤ ਹੈ। ਮਾਧੋ ਸਿੰਘਾਣਾ, ਸਿਰਸਾ ਦੇ ਨੇੜੇ ਹਰਿਆਣੇ ਵਿਚ ਹੈ। ਰਾਜਸਥਾਨ ਵਿਚ ਇਕ ਸਿੰਘਾਣਾ ਨਾਂ ਦਾ ਪਿੰਡ ਹੈ। ਇਹ ਚੁਰੂ, ਫਤਹਿਪੁਰ, ਸਾਲਾਸਰ, ਸੁਜਾਨਗੜ੍ਹ ਲੰਘ ਕੇ ਡੀਡਵਾਨਾ ਨੂੰ ਜਾਂਦਿਆ ਰਸਤੇ ਵਿਚ ਆਉਂਦਾ ਹੈ। ਇਹ ਮੁੱਖ ਸੜਕ ਦੇ ਉੱਪਰ ਹੀ ਸੜਕ ਦੇ ਦੋਵੇਂ ਪਾਸੇ ਆਧੁਨਿਕ ਕਿਸਮ ਦੇ ਪੱਕੇ ਘਰਾਂ ਵਾਲਾ ਬੜਾ ਵਿਕਸਿਤ ਪਿੰਡ ਹੈ। ਇਸ ਵਿਚ ਕੋਈ ਸਿੱਖ ਪਰਿਵਾਰ ਨਹੀਂ ਹੈ ਅਤੇ ਨਾ ਹੀ ਇੱਥੇ ਕੋਈ

ਗੁਰਦੁਆਰਾ ਹੈ। ਅਸੀਂ ਇਥੋਂ ਦੇ ਸਥਾਨਕ ਲੋਕਾਂ ਨਾਲ ਕੁਝ ਸਮਾਂ ਖੜੋ ਕੇ ਗੱਲਾਂਬਾਤਾਂ ਕੀਤੀਆਂ ਸਨ। ਇਕ ਵਿਅਕਤੀ ਦਾ ਨਾਂ ਗਿਰਧਾਰੀ ਰਾਮ ਰੇਵਾੜ, ਉਮਰ 50 ਸਾਲ ਸੀ ਅਤੇ ਦੂਸਰਾ ਵਿਅਕਤੀ ਰਘੁਨਾਥ ਜਾਟ ਪਚਾਰ, ਉਮਰ 35 ਸਾਲ ਸੀ। ਵਿਅਕਤੀ ਹੋਰ ਵੀ ਕਾਫੀ ਸਨ ਪਰ ਕਿਸੇ ਨੇ ਕੋਈ ਐਸੀ ਗੱਲ ਨਹੀਂ ਦੱਸੀ ਜਿਸ ਨਾਲ ਗੁਰੂ ਸਾਹਿਬ ਦੀ ਆਮਦ ਬਾਰੇ ਕੋਈ ਇਸ਼ਾਰੇ ਮਾਤਰ ਵੀ ਜਾਣਕਾਰੀ ਮਿਲ ਸਕਦੀ ਹੋਵੇ।

ਸੁਹਾਵਾ ਨਗਰ ਤੋਂ ਚੱਲ ਕੇ ਗੁਰੂ ਸਾਹਿਬ ਦਾ ਜਿਹੜਾ ਅਗਲਾ ਪੜਾਅ ਸੀ ਉਹ ਸਿਰਫ ਪੁਸ਼ਕਰ ਵਿਖੇ ਹੋਣ ਦੀ ਜਾਣਕਾਰੀ ਮਿਲਦੀ ਹੈ। ਵੈਸੇ ਸੁਹਾਵੇ ਤੋਂ ਪੁਸ਼ਕਰ ਬਹੁਤ ਜ਼ਿਆਦਾ ਦੂਰ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਰਸਤੇ ਵਿਚ ਕੋਈ ਪੜਾਅ ਗੁਰੂ ਸਾਹਿਬ ਨੇ ਨਾ ਕੀਤਾ ਹੋਵੇ। ਇਹ ਵੱਖਰੀ ਗੱਲ ਹੈ ਕਿ ਐਸਾ ਪੜਾਅ ਬਾਅਦ ਵਿਚ ਲਿਖਤਾਂ ਵਿਚ ਨਹੀਂ ਆ ਸਕਿਆ। ਰਸਤੇ ਵਿਚ ਇਕ ਸ਼ਹਿਰ ਚੁਰੂ ਹੈ ਜਿਹੜਾ ਅੱਜ ਕੱਲ ਰਾਜਸਥਾਨ ਦਾ ਜ਼ਿਲ੍ਹਾ ਮੁਕਾਮ ਹੈ। ਇਸ ਬਾਰੇ ਬਾਵਾ ਸੁਮੇਰ ਸਿੰਘ ਨੇ ਹੀ ਪਹਿਲੀ ਵਾਰ ਲਿਖਿਆ ਹੈ ਕਿ ਗੁਰੂ ਸਾਹਿਬ ਚੁਰੂ ਵਿਖੇ ਠਹਿਰੇ ਸਨ। ਇਨ੍ਹਾਂ ਤੋਂ ਬਾਅਦ ਇਸ ਬਾਰੇ ਸਿਰਫ ਭਾਈ ਵੀਰ ਸਿੰਘ ਜੀ ਨੇ ਹੀ ਲਿਖਿਆ ਹੈ ਕਿ ਇਥੇ ਗੁਰੂ ਸਾਹਿਬ ਨੇ ਆ ਕੇ ਡੇਰਾ ਕੀਤਾ ਸੀ। ਭਾਈ ਵੀਰ ਸਿੰਘ ਨੇ ਇਹ ਜਾਣਕਾਰੀ ਸਾਖੀ ਪੋਥੀ ਤੋਂ ਲਈ ਹੈ। ਸਾਖੀ ਪੋਥੀ ਵਿਚ ਲਿਖਿਆ ਹੈ "ਅੱਗੇ ਡੇਰਾ ਚੁਰੂ ਕੀਤਾ।" [7] ਇਹ ਗੱਲ ਭਾਈ ਸਾਹਿਬ ਨੇ ਸੂਰਜ ਪ੍ਰਕਾਸ਼ ਦੇ ਫੁੱਟ ਨੋਟ ਵਿਚ ਆਪਣੇ ਵਲੋਂ ਲਿਖੀ ਹੈ। ਇਸ ਅਨੁਸਾਰ "ਸਾਖੀ ਪੋਥੀ ਵਿਚ ਪੁਸ਼ਕਰ ਤੋਂ ਮਗਰੋਂ ਚੁਰੂ ਡੇਰਾ ਕੀਤਾ ਲਿਖਿਆ ਹੈ ਪਰ ਚੁਰੂ ਪੁਸ਼ਕਰ ਤੋਂ ਉਰੇ ਹੈ ਬਹੁਤਾ। ਇਹ ਤਾਂ ਸਰਸੇ ਤੋਂ ਹੀ 80 ਕੁ ਮੀਲ ਦੱਖਣ ਨੂੰ ਹੈ।"[8] ਅੱਜ ਕੱਲ ਦੀਆਂ ਸੜਕਾਂ ਮੁਤਾਬਕ ਸਰਸੇ ਤੋਂ ਚੁਰੂ 110 ਮੀਲ ਹੈ। ਇਸ ਬਿਆਨ ਨਾਲ ਚੁਰੂ ਦੇ ਉਨ੍ਹਾਂ ਸਿੰਘਾਂ ਦੀ ਗੱਲ ਨੂੰ ਬਲ ਜ਼ਰੂਰ ਮਿਲਦਾ ਹੈ ਜਿਨ੍ਹਾਂ ਨੇ ਚੁਰੂ ਵਿਖੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਬਣਾ ਰੱਖਿਆ ਹੈ। ਚੁਰੂ ਦੇ ਸਥਾਨਕ ਸਿੱਖ ਦਸਦੇ ਹਨ ਕਿ ਗੁਰੂ ਸਾਹਿਬ ਇਥੇ ਆਏ ਸਨ। ਪਰ ਉਹ ਕਿਸ ਥਾਂ ਤੇ ਬੈਠੇ ਸਨ ਇਸ ਤਰ੍ਹਾਂ ਦੀ ਕੋਈ ਜਾਣਕਾਰੀ ਚੁਰੂ ਵਿਚ ਨਹੀਂ ਹੈ। ਸਥਾਨਕ ਸਿੰਘ ਸਭਾ ਗੁਰਦੁਆਰੇ ਵਿਚ ਇਕ ਬੇਰੀ ਦਾ ਦਰੱਖਤ ਹੈ। ਇਸ ਬਾਰੇ ਇੱਥੋਂ ਦੇ ਸਿੱਖ ਵਿਸ਼ਵਾਸ ਰੱਖਦੇ ਹਨ ਕਿ ਇਹ ਬੇਰੀ ਪਹਿਲੇ ਕਿਸੇ ਪੁਰਾਤਨ ਰੁੱਖ ਦੀ ਜੜ੍ਹ ਵਿਚੋਂ ਹੀ ਪੈਦਾ ਹੋਈ ਹੈ ਇਸ ਪੁਰਾਤਨ ਬੇਰੀ ਦੇ ਦਰੱਖਤ ਨਾਲ ਗੁਰੂ ਜੀ ਦਾ ਨਾਂ ਜੁੜਿਆ ਹੋਇਆ ਸੀ।

ਇਸ ਤਰ੍ਹਾਂ ਚੁਰੂ ਦਾ ਅਸਥਾਨ ਗੁਰੂ ਜੀ ਦੇ ਪੁਸ਼ਕਰ ਪਹੁੰਚਣ ਤੋਂ ਪਹਿਲਾਂ ਦਾ ਇਕ ਪੜਾਅ ਮੰਨਿਆ ਜਾ ਸਕਦਾ ਹੈ। ਚੁਰੂ ਤੋਂ ਚੱਲ ਕੇ ਗੁਰੂ ਸਾਹਿਬ ਆਪਣੇ ਲਾਓ ਲਸ਼ਕਰ ਸਮੇਤ ਪੁਸ਼ਕਰ ਪਹੁੰਚੇ। ਇਹ ਹਿੰਦੂਆਂ ਦਾ ਬਹੁਤ ਪੁਰਾਤਨ ਅਤੇ ਪਰਸਿੱਧ ਤੀਰਥ ਅਸਥਾਨ ਸੀ। ਇੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਵੀ ਆ ਚੁੱਕੇ ਸਨ। ਭਾਈ ਸੰਤੋਖ ਸਿੰਘ ਨੇ ਗੁਰੂ ਜੀ ਦੇ ਪੁਸ਼ਕਰ ਵਿਖੇ ਰਹਿਣ ਦੀ ਕਾਫੀ ਅੱਛੀ ਅਤੇ ਵਿਸਥਾਰ ਭਰੀ ਜਾਣਕਾਰੀ ਦਿੱਤੀ ਹੈ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਸਾਹਿਬ ਉਸ ਥਾਂ ਤੇ ਗਏ ਜਿਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਬੈਠੇ ਸਨ। ਇਥੇ ਪੰਡਿਤ ਚੇਤਨ ਦਾਸ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਗੁਰੂ ਜੀ ਨੇ ਸਿੱਖਾਂ ਨੂੰ ਦੱਸਿਆ ਕਿ ਇਸ ਜਗਾਹ ਪਹਿਲਾਂ ਗੁਰੂ ਨਾਨਕ ਜੀ ਆ ਕੇ ਬਿਰਾਜੇ ਸਨ। ਚੇਤਨ ਬ੍ਰਾਹਮਣ ਨੇ ਗੁਰੂ ਜੀ ਨੂੰ ਪੁੱਛਿਆ ਕਿ ਆਪ ਦੇ ਸਿੱਖ ਕੇਸਾਧਾਰੀ ਹਨ ਇਹ ਨਾਂ ਹਿੰਦੂਆਂ ਨਾਲ ਮਿਲਦੇ ਹਨ ਤੇ ਨਾ ਮੁਸਲਮਾਨਾਂ ਨਾਲ ਇਨ੍ਹਾਂ ਦੀ ਜਾਤ ਬਾਰੇ ਤਾਂ ਕੁਝ ਦੱਸੋ। ਗੁਰੂ ਜੀ ਨੇ ਕਿਹਾ ਕਿ ਇਹ ਖਾਲਸਾ ਹਨ ਅਤੇ ਹਿੰਦੂ-ਤੁਰਕ ਦੋਹਾਂ ਤੋਂ ਹੀ ਨਿਆਰੇ ਹਨ। ਗੁਰੂ ਜੀ ਚੇਤੰਨ ਬ੍ਰਾਹਮਣ ਨੂੰ ਨਾਲ ਲੈ ਕੇ ਪੁਸ਼ਕਰ ਦੀਆਂ ਸਾਰੀਆਂ ਥਾਵਾਂ ਦੇ ਦਰਸ਼ਨ ਕਰਨ ਲਈ ਚੱਲ ਪਏ।[9]

ਪੁਸ਼ਕਰ ਵਿਚ ਪਹਿਲਾਂ ਬ੍ਰਹਮ ਸਰੋਵਰ ਦੇ ਕੰਢੇ ਤੇ ਇਕ 'ਗੋਬਿੰਦ ਘਾਟ' ਬਣਿਆ ਹੋਇਆ ਸੀ। ਇਹ ਘਾਟ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਨੂੰ ਕਾਇਮ ਰੱਖਣ ਲਈ ਹੀ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ। ਪਰ ਹੁਣ ਇਸ ਘਾਟ ਨੂੰ ਬਾਕੀ ਦੇ ਮੰਦਰਾਂ ਵਿਚ ਹੀ ਘੇਰ ਲਿਆ ਗਿਆ ਹੈ ਅਤੇ ਇੱਥੇ ਬੋਰਡ ਕਿਸੇ ਹੋਰ ਨਾਂ ਦਾ ਲਾ ਦਿੱਤਾ ਗਿਆ ਹੈ। ਜਦੋਂ ਅਸੀਂ 9.10.07 ਨੂੰ ਪੁਸ਼ਕਰ ਦੇਖਣ ਗਏ ਸਾਂ ਤਾਂ ਅਸੀਂ ਇਸ ਘਾਟ ਤੇ ਗਏ ਸੀ। ਅਜੇ ਵੀ ਉਹ ਸਿੱਲ ਪੱਥਰ (ਸੰਗਮਰਮਰ ਦੀ ਟੁੱਕੜੀ) ਇੱਥੇ ਇਕ ਮਮਟੀ ਦੀ ਕੰਧ ਵਿਚ ਲੱਗੀ ਹੋਈ ਹੈ ਜਿਸ ਉੱਪਰ 'ਗੋਬਿੰਦ ਘਾਟ' ਵਾਲੇ ਅੱਖਰ ਲਿਖੇ ਹੋਏ ਹਨ। ਭਾਵੇਂ ਇਸ ਉੱਪਰ ਵੀ ਇਥੋਂ ਦੇ ਪਾਂਡੇ ਕਲੀ ਅਤੇ ਰੰਗ-ਰੋਗਨ ਫੇਰ ਦਿੰਦੇ ਹਨ ਪਰ ਸੰਗਮਰਮਰ ਦੀ ਟੁੱਕੜੀ ਹੋਣ ਕਰਕੇ ਇਹ ਰੰਗ-ਰੋਗਨ ਲਹਿ ਜਾਂਦਾ ਹੈ। ਮੇਰਾ ਖ਼ਿਆਲ ਹੈ ਕਿ ਇਥੋਂ ਦੇ ਬਰਾਹਮਣ ਪੁਜਾਰੀ ਇਸ ਯਾਦ ਨੂੰ ਮਿਟਾਉਣ ਲਈ

ਕਿਉਂਕਿ ਪੂਰੀ ਤਰ੍ਹਾਂ ਤੁਲੇ ਹੋਏ ਹਨ ਇਸ ਲਈ ਇਹ ਯਾਦ ਬਹੁਤ ਚਿਰ ਕਾਇਮ ਨਹੀਂ ਰਹੇਗੀ।

ਅੱਜ ਪੁਸ਼ਕਰ ਵਿਚ ਇਕ ਬਹੁਤ ਹੀ ਅਲੀਸ਼ਾਨ ਅਤੇ ਵਿਸ਼ਾਲ ਗੁਰਦੁਆਰਾ ਸ਼ਸ਼ੋਭਤ ਹੈ। ਪਰ ਇਹ ਉਸ ਥਾਂ ਉੱਪਰ ਪਾਇਆ ਗਿਆ ਹੈ ਜਿਹੜੀ ਥਾਂ ਖਾਲੀ ਪਈ ਹੋਣ ਕਰਕੇ, ਰਾਜਸਥਾਨ ਸਰਕਾਰ ਨੇ ਸਿੱਖਾਂ ਨੂੰ ਗੋਬਿੰਦ ਘਾਟ ਵਾਲੀ ਥਾਂ ਦੇ ਇਵਜ਼ ਵਿਚ ਦਿੱਤੀ ਸੀ।

ਭਾਈ ਸੰਤੋਖ ਸਿੰਘ ਅਨੁਸਾਰ ਹੀ ਗੁਰੂ ਸਾਹਿਬ ਪੁਸ਼ਕਰ ਤੋਂ ਚੱਲ ਕੇ ਮਾਰਵਾੜ ਦੇ ਦੇਸ਼ ਵਿਚ ਜਾ ਦਾਖ਼ਲ ਹੋਏ ਅਤੇ ਨਰਾਇਣਾ ਪਹੁੰਚ ਗਏ। ਨਰਾਇਣਾ ਪਹੁੰਚਣ ਬਾਰੇ ਅਤੇ ਇੱਥੋਂ ਦੇ ਡੇਰੇਦਾਰ ਮਹੰਤ ਜੈਤ ਰਾਮ ਨਾਲ ਗੁਰੂ ਜੀ ਦੀ ਹੋਈ ਵਿਚਾਰ ਚਰਚਾ ਬਾਰੇ ਗੁਰਮੁਖੀ ਦੀ ਹਰ ਮੁੱਢਲੀ ਅਤੇ ਪਿਛਲੇਰੀ ਲਿਖਤ ਵਿਚ ਬੜੇ ਵਿਸਥਾਰ ਨਾਲ ਲਿਖਿਆ ਮਿਲਦਾ ਹੈ। ਪਰ ਮੈਂ ਸਮਝਦਾ ਹਾਂ ਕਿ ਇਸ ਬਾਰੇ ਕੁਝ ਗੱਲਾਂ ਪੱਖੋਂ ਥੋੜ੍ਹਾ ਜਿਹਾ ਧਿਆਨ ਦੇਣ ਦੀ ਜ਼ਰੂਰਤ ਹੈ। ਨਰਾਇਣਾ ਦਾਦੂ ਪੰਥੀਆਂ ਦੇ ਮੁੱਖ ਡੇਰੇ ਕਾਰਨ ਪਰਸਿੱਧ ਹੈ। ਇੱਥੋਂ ਹੀ ਨੌਂ ਕੁ ਕਿਲੋਮੀਟਰ ਦੀ ਵਿੱਥ ਤੇ ਸਵਰਦਾ ਪਿੰਡ ਵੀ ਹੈ। ਇਸ ਸਵਰਦਾ ਪਿੰਡ ਦੇ ਬਾਹਰਵਾਰ ਬਾਬਾ ਸ੍ਰੀ ਚੰਦ ਦੇ ਉਦਾਸੀ ਸੰਤਾਂ ਦਾ ਇਕ ਪੁਰਾਤਨ ਡੇਰਾ ਹੈ। ਹੋ ਸਕਦਾ ਹੈ ਕਿ ਇੱਥੇ ਬਾਬਾ ਸਿਰੀ ਚੰਦ ਜੀ ਆਏ ਹੋਣ। ਪਰ ਜੇਕਰ ਬਾਬਾ ਜੀ ਨਾ ਵੀ ਆਏ ਹੋਣ ਤਾਂ ਵੀ ਕੋਈ ਗਲਤ ਗੱਲ ਨਹੀਂ ਹੋਵੇਗੀ। ਬਾਬਾ ਸਿਰੀ ਚੰਦ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖ ਧਰਮ ਦੀ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ ਸਨ। ਫਿਰ ਗੁਰੂ ਜੀ ਨੇ ਬਾਬਾ ਜੀ ਦੇ ਉਦਾਸੀ ਸੰਤਾਂ ਨੂੰ ਸਿੱਖ ਧਰਮ ਦੇ ਪ੍ਰਚਾਰਕ ਥਾਪ ਕੇ ਪੰਜਾਬ ਤੋਂ ਬਾਹਰ ਦੇਸ ਦੇ ਵੱਖ-ਵੱਖ ਇਲਾਕਿਆਂ ਵਿਚ ਭੇਜ ਦਿੱਤਾ ਸੀ। ਇਹ ਵੀ ਹੋ ਸਕਦਾ ਹੈ ਕਿ ਇਹ ਡੇਰਾ ਗੁਰੂ ਸਾਹਿਬ ਵਲੋਂ ਭੇਜੇ ਹੋਏ ਕਿਸੇ ਉਦਾਸੀ ਪਰਚਾਰਕ ਦਾ ਹੀ ਸਥਾਪਤ ਕੀਤਾ ਹੋਇਆ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨਿਸ਼ਚੇ ਹੀ ਇਸ ਡੇਰੇ ਵਿਚ ਆਏ ਹੋਣਗੇ ਅਤੇ ਇੱਥੇ ਹੀ ਰਹੇ ਹੋਣਗੇ। ਇਹ ਗੱਲ ਜਚਦੀ ਵੀ ਹੈ ਅਤੇ ਠੀਕ ਵੀ ਲੱਗਦੀ ਹੈ। ਗੁਰੂ ਸਾਹਿਬ ਇਸ ਰਸ਼ਤੇ ਦੱਖਣ ਨੂੰ ਜਾਂਦਿਆਂ ਹੋਇਆਂ ਜ਼ਰੂਰ ਹੀ ਉਨ੍ਹਾਂ ਥਾਵਾਂ ਤੋਂ ਦੀ ਹੁੰਦੇ ਜਾਂਦੇ ਹੋਣਗੇ ਜਿਹੜੀਆਂ ਸਿੱਖ ਧਰਮ ਦੇ ਪਰਚਾਰਕਾਂ ਦੀਆਂ ਸਨ। ਇੱਥੋਂ ਨੇੜੇ ਹੀ ਨਰਾਇਣਾ ਦਾਦੂ ਪੰਥੀਆਂ ਦਾ ਕੇਂਦਰ ਸੀ। ਇਹ ਵੀ ਹੋ ਸਕਦਾ ਹੈ ਕਿ ਦਾਦੂ ਪੰਥੀਆਂ ਦੇ ਨੇਤਾ ਮਹੰਤ ਜੈਤ ਰਾਮ ਨੇ ਗੁਰੂ ਜੀ ਨੂੰ ਆਪਣੇ ਡੇਰੇ ਵਿਚ ਆਉਣ ਦਾ ਸੱਦਾ ਦਿੱਤਾ ਹੋਵੇ।

ਸਾਡੇ ਮੁੱਢਲੇ ਲਿਖਾਰੀਆਂ ਨੇ ਮਹੰਤ ਜੈਤ ਰਾਮ ਅਤੇ ਗੁਰੂ ਜੀ ਵਿਚਕਾਰ ਹਿੰਸਾ ਅਤੇ ਅਹਿੰਸਾ ਬਾਰੇ ਕਾਫੀ ਲੰਮੀ-ਚੌੜੀ ਵਿਚਾਰ-ਚਰਚਾ ਹੋਈ ਦੱਸੀ ਹੈ। ਮਹੰਤ ਜੈਤ ਰਾਮ ਨੂੰ ਇਹ ਕਹਿੰਦਿਆਂ ਦਰਸਾਇਆ ਹੈ ਕਿ ਵਿਅਕਤੀ ਨੂੰ ਪੂਰਨ ਰੂਪ ਵਿਚ ਅਹਿੰਸਕ ਹੋਣਾ ਚਾਹੀਦਾ ਹੈ ਭਾਵੇਂ ਕਿ ਉਸ ਨਾਲ ਕਿੰਨੀ ਵੀ ਹਿੰਸਾ ਹੋ ਰਹੀ ਹੋਵੇ। ਦੂਜੇ ਪਾਸੇ ਇਨ੍ਹਾਂ ਹੀ ਲੇਖਕਾਂ ਨੇ ਗੁਰੂ ਸਾਹਿਬ ਨੂੰ ਇਹ ਕਹਿੰਦਿਆਂ ਦਰਸਾਇਆ ਹੈ ਕਿ ਮਨੁੱਖ ਨੂੰ ਇੱਟ ਦਾ ਜਵਾਬ ਪੱਥਰ ਵਿਚ ਦੇਣਾ ਚਾਹੀਦਾ ਹੈ। ਜਦੋਂ ਅਸੀਂ ਇਸ ਤਰ੍ਹਾਂ ਦੀ ਚਰਚਾ ਨੂੰ ਜਰਾ ਧਿਆਨ ਨਾਲ ਪੜਚੋਲਦੇ ਹਾਂ ਤਾਂ ਇਸ ਦਾ ਕੋਈ ਵੀ ਵਿਚਾਰਧਾਰਕ ਆਧਾਰ ਨਹੀਂ ਦਿਸਦਾ। ਨਾ ਤਾਂ ਗੁਰੂ ਜੀ ਦੀ ਵਿਚਾਰਧਾਰਾ ਹੀ ਹਿੰਸਕ ਸੀ ਅਤੇ ਨਾ ਹੀ ਦਾਦੂ ਪੰਥੀਆਂ ਦੀ ਅਹਿੰਸਕ ਸੀ। ਗੁਰੂ ਜੀ ਦਾ ਪਰਚਾਰ ਵੀ ਸ਼ਾਂਤੀ ਦੇ ਮਾਰਗ ਵਾਲਾ ਸੀ ਅਤੇ ਦਾਦੂ ਪੰਥੀ ਵੀ ਹਥਿਆਰਬੰਦ ਹੋ ਕੇ ਰਹਿੰਦੇ ਸਨ। ਇਸ ਕਰਕੇ ਉਕਤ ਵਿਚਾਰ-ਚਰਚਾ ਕੇਵਲ ਤੇ ਕੇਵਲ ਲੇਖਕਾਂ ਦੇ ਆਪਣੇ ਵਿਚਾਰਾਂ ਦੀ ਕਾਢ ਹੀ ਹੋ ਸਕਦੀ ਹੈ।

ਨਰਾਇਣਾ ਖਾਸ ਵਿਖੇ ਗੁਰੂ ਜੀ ਦੀ ਯਾਦ ਵਿਚ 1983 ਵਿਚ ਪੂਰੇ ਸਪਸ਼ਟ ਰੂਪ ਵਿਚ ਇਕ ਥੜ੍ਹਾ ਬਣਾ ਕੇ ਰੱਖਿਆ ਹੋਇਆ ਸੀ। ਮੈਂ ਪਹਿਲਾਂ 1983 ਵਿਚ ਨਰਾਇਣਾ ਵਿਖੇ ਗਿਆ ਸੀ ਅਤੇ ਇਹ ਥੜ੍ਹਾ ਮੈਨੂੰ ਇਥੋਂ ਦੇ ਇਕ ਸਥਾਨਕ ਗੁਰਦੁਆਰੇ ਦੇ ਗ੍ਰੰਥੀ ਭਾਈ ਇਕਬਾਲ ਸਿੰਘ ਨੇ ਮੇਰੇ ਨਾਲ ਜਾ ਕੇ ਮੈਨੂੰ ਦਿਖਾਇਆ ਸੀ। ਉਸ ਸਮੇਂ ਬਾਕਾਇਦਾ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਦਾ ਬੋਰਡ ਇਸ ਥੜ੍ਹੇ ਉੱਪਰ ਲੱਗਿਆ ਹੋਇਆ ਸੀ ਪਰ ਜਦੋਂ ਅਸੀਂ ਹੁਣ 14 ਅਕਤੂਬਰ, 2007 ਨੂੰ ਇਥੇ ਪਹੁੰਚੇ ਸਾਂ ਤਾਂ ਇਸ ਤਰ੍ਹਾਂ ਦਾ ਥੜ੍ਹਾ ਇਥੇ ਦੇਖਣ ਨੂੰ ਕੋਈ ਨਹੀਂ ਸੀ। ਉਸੇ ਥੜ੍ਹੇ ਉੱਪਰ ਗੁਰੂ ਜੀ ਦੇ ਬੋਰਡ ਨੂੰ ਹਟਾ ਕੇ ਦਾਦੂ ਪੰਥੀਆਂ ਦੇ ਆਪਣੇ ਸੰਤਾਂ ਦਾ ਨਾਂ ਲਿਖਿਆ ਹੋਇਆ ਸੀ। ਦਾਦੂ ਦੁਆਰੇ ਦਾ ਇਸ ਸਮੇਂ ਮਹੰਤ ਗੋਪਾਲ ਦਾਸ ਹੈ। ਇਹ ਆਪਣੇ ਆਪ ਨੂੰ ਦਾਦੂ ਜੀ ਤੋਂ ਬੀਹਵੀਂ ਪੀੜ੍ਹੀ ਦਾ ਮਹੰਤ ਦਸਦੇ ਹਨ। ਜਦੋਂ ਅਸੀਂ ਇਨ੍ਹਾਂ ਨਾਲ ਗੁਰੂ ਜੀ ਦੇ ਇਥੇ ਆਉਣ ਬਾਰੇ ਕੁਝ ਵਿਚਾਰ-ਵਟਾਂਦਰਾ ਕਰਨਾ ਚਾਹਿਆ ਤਾਂ ਇਨ੍ਹਾਂ ਦਾ ਦੱਸਣ ਦਾ ਢੰਗ ਕੁਝ ਹੱਦ ਤੱਕ ਗੁਰੂ ਜੀ ਨੂੰ ਦਾਦੂ ਜੀ ਤੋਂ ਨੀਚਾ ਦਿਖਾਉਣ ਦਾ ਸੀ ਅਸੀਂ ਇਸ ਕਰਕੇ ਗੱਲ ਅੱਗੋਂ ਨਹੀਂ ਤੋਰੀ, ਪਰ ਮਹੰਤ ਗੋਪਾਲ

ਦਾਸ ਦੀਆਂ ਗੱਲਾਂ ਤੋਂ ਲੱਗਦਾ ਸੀ ਕਿ ਉਸ ਨੂੰ ਸਿੱਖ ਧਰਮ ਬਾਰੇ ਕੋਈ ਵਾਕਫ਼ੀ ਨਹੀਂ ਹੈ। ਉਸ ਨੇ ਸਾਨੂੰ ਇਕ ਗ੍ਰੰਥ ਵੀ ਦਿਖਾਇਆ ਸੀ ਜਿਸ ਵਿਚ ਉਸ ਦੇ ਕਹਿਣ ਅਨੁਸਾਰ 52 ਸੰਤਾਂ ਸਾਧੂਆਂ ਦੀ ਬਾਣੀ ਇਕੱਠੀ ਕੀਤੀ ਹੋਈ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਸਾਹਿਬ ਵੀ ਹੈ।

ਭਾਈ ਸੰਤੋਖ ਸਿੰਘ ਦੇ ਅਨੁਸਾਰ ਗੁਰੂ ਸਾਹਿਬ ਨਰਾਇਣ ਤੋਂ ਲਾਲੀ, ਮਘਰੌਂਦਾ ਅਤੇ ਕੁਲਾਇਤ ਪਿੰਡਾਂ ਵਿਚ ਵੀ ਗਏ ਸਨ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ :

ਦਲ ਸਮੇਤ ਕਰਿ ਕੂਚ ਸਿਧਾਰੇ॥ ਪਹੁੰਚੇ ਕਿਤਿਕ ਕੋਸ ਦਿਨ ਸਾਰੇ॥
ਲਾਲੀ ਨਗਰ ਪਹੂਚੇ ਜਾਇ॥ ਬਡੀ ਮਜਲ ਕਰਿ ਗਏ ਸੁ ਥਾਇ॥

....

ਪੰਥ ਪਯਾਨਤਿ ਉਲੰਘੇ ਦੇਸ਼॥ ਜਾਤਿ ਬਿਲੋਕਤਿ ਗ੍ਰਾਮ ਵਿਸ਼ੇਸ਼ ॥
ਸ਼੍ਰਮਤ ਬਿਹੀਰ ਪਹੂਚੇ ਤਹਾ॥ ਪੁਰਿ ਮਘਰੌਂਦਾ ਸੁਨੀਅਤਿ ਜਹਾਂ॥
ਉਤਰ ਪਰੇ ਪ੍ਰਭੁ ਸਿਵਰ ਲਗਾਯੋ॥ ਸਨੇ ਸਨੇ ਸਭਿ ਸਾਥ ਸੁ ਆਯੋ॥

....

ਦਵਾਦਸ ਕੋਸ ਪਹੁੰਚੇ ਜਾਇ॥ ਨਗਰ ਕੁਲਾਤ ਸੁੰਦਰ ਥਾਇ॥
ਲਗਯੋ ਸਿਵਰ ਸਭਿ ਹੂੰ ਸੁਖ ਪਾਯੋ॥ ਭਏ ਦੇਗ ਭੋਜਨ ਸ਼ੁਭ ਖਾਯੋ॥
ਦਵਾਦਸ ਦਿਵਸ ਬਸਯੋ ਤਹਿ ਡੇਰਾ॥ ਬਿਥਾਰਯੋ ਸੁਜਸੁ ਬਿਸਦ ਬਹੁਤੇਰਾ॥[10]

ਇਸ ਦਾ ਭਾਵ ਹੈ ਕਿ ਗੁਰੂ ਜੀ ਨੇ ਨਰਾਇਣਾ ਤੋਂ ਆਪਣੇ ਕਾਫਲੇ ਸਮੇਤ ਅੱਗੇ ਨੂੰ ਕੂਚ ਕੀਤਾ ਅਤੇ ਕੋਸਾਂ ਦੂਰ ਲਾਲੀ ਪਿੰਡ ਪਹੁੰਚ ਗਏ। ਇੱਥੇ ਆਲੇ-ਦੁਆਲੇ ਦੇ ਹੋਰ ਪਿੰਡਾਂ ਨੂੰ ਦੇਖਦੇ ਹੋਏ ਗੁਰੂ ਜੀ ਮਘਰੌਂਦਾ ਪਹੁੰਚੇ। ਇੱਥੇ ਗੁਰੂ ਜੀ ਨੇ ਡੇਰਾ ਲਗਾਇਆ। ਫਿਰ ਇੱਥੋਂ ਬਾਰਾਂ ਕੋਹ ਦੂਰ (ਤਕਰੀਬਨ 35 ਕਿ.ਮੀ.) ਕੁਲਾਇਤ ਨਗਰ ਵਿਚ ਗਏ।

ਸਾਖੀ ਪੋਥੀ ਵਿਚ ਲਿਖਿਆ ਗਿਆ ਹੈ

"ਅਗੇ ਗੁਰੂ ਜੀ ਡੇਰਾ ਕੂਚ ਕੀਤਾ ਲਾਲੀ, ਪਚੀ ਕੋਹੀਂ ਹੋਇਆ॥ 116 ॥
ਅਗੇ ਡੇਰਾ ਗੁਰੂ ਜੀ ਕੂਚ ਕੀਤਾ, ਮਘਰੌਂਦੇ ਕੀਤਾ, ਪਚੀ ਕੋਹੀਂ ॥ 117 ॥
ਕੁਲਾਇਤ ਅਗੇ ਡੇਰਾ ਗੁਰੂ ਜੀ ਕੀਤਾ ਬਾਰੀ
ਕੋਹੀਂ ਦਸ ਦਿਨ ਡੇਰਾ ਉਥੇ ਹੀ ਰਖਿਆ ॥ 118 ॥"[11]

ਪਰ ਨਰਾਇਣਾ ਦੇ ਆਸ-ਪਾਸ ਇਨ੍ਹਾਂ ਤਿੰਨਾਂ ਥਾਵਾਂ-ਲਾਲੀ, ਮਘਰੌਂਦਾ ਅਤੇ ਕੁਲਾਯਤ ਦਾ ਕੋਈ ਥਹੁ-ਪਤਾ ਨਹੀਂ ਲੱਗਿਆ। ਸਾਡੀ ਹੀ ਕਮੇਟੀ ਦੇ ਕੁਝ ਇਕ ਮੈਂਬਰਾਂ, ਜਿਹੜੇ ਇਸ ਤੋਂ ਪਹਿਲਾਂ ਇਕ ਟੂਰ ਲਗਾ ਚੁੱਕੇ ਸਨ, ਨੇ ਦੱਸਿਆ ਸੀ ਕਿ ਇੱਥੇ ਕੁਝ ਦੂਰ ਸਾਲੀ ਅਤੇ ਕੁਲਾਇਸ ਗਰਾਮ ਤਾਂ ਹਨ, ਪਰ ਉਥੇ ਗੁਰੂ ਸਾਹਿਬ ਨਾਲ ਸੰਬੰਧਤ ਗੱਲ ਕੋਈ ਨਹੀਂ ਹੈ। ਇਸ ਕਰਕੇ ਇਨ੍ਹਾਂ ਪਿੰਡਾਂ ਵੱਲ ਨਹੀਂ ਜਾਇਆ ਗਿਆ। ਮਘਰੌਂਦਾ ਬਾਰੇ ਵੈਸੇ ਹੀ ਕੋਈ ਜਾਣਕਾਰੀ ਨਹੀਂ ਮਿਲ ਸਕੀ।

ਕਵੀ ਸੈਨਾਪਤਿ ਨੇ ਬਘੌਰ ਪਹੁੰਚਣ ਤੋਂ ਪਹਿਲਾਂ ਹੀ ਲਿਖਿਆ ਹੈ ਕਿ ਗੁਰੂ ਜੀ ਪਾਸ ਭਾਈ ਦਯਾ ਸਿੰਘ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਲੈ ਕੇ ਪਹੁੰਚ ਗਿਆ ਸੀ। ਇਹ ਸੰਭਵ ਤੌਰ ਤੇ ਨਰਾਇਣਾ ਅਤੇ ਬਘੌਰ ਦੇ ਵਿਚਕਾਰਲੇ ਕਿਸੇ ਸਥਾਨ ਤੇ ਹੋ ਸਕਦੀ ਹੈ। ਔਰੰਗਜ਼ੇਬ ਦੇ ਮਰਨ ਦੀ ਗੱਲ ਸੁਣ ਕੇ ਗੁਰੂ ਸਾਹਿਬ ਫਿਰ ਬਘੌਰ ਸ਼ਹਿਰ ਪਹੁੰਚੇ ਸਨ। ਭਾਈ ਸੰਤੋਖ ਸਿੰਘ ਤੇ ਭਾਈ ਵੀਰ ਸਿੰਘ ਨੇ ਵੀ ਇਸੇ ਮਤ ਦੀ ਪੁਸ਼ਟੀ ਕੀਤੀ ਹੈ ਕਿ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਗੁਰੂ ਜੀ ਨੂੰ ਨਰਾਇਣਾ, ਲਾਲੀ, ਕੁਲਾਇਤ ਅਤੇ ਮਘਰੌਂਦਾ ਪਿੰਡਾਂ ਦੇ ਖੇਤਰਾਂ ਵਿਚ ਕਿਸੇ ਥਾਂ ਤੇ ਰਹਿੰਦਿਆਂ ਹੀ ਮਿਲੀ ਸੀ। ਇਸ ਖ਼ਬਰ ਨੂੰ ਸੁਣਨ ਤੋਂ ਬਾਅਦ ਹੀ ਗੁਰੂ ਸਾਹਿਬ ਬਘੌਰ ਪਹੁੰਚੇ ਸਨ। ਬਘੌਰ ਪਹੁੰਚਣ ਦਾ ਮੁੱਖ ਮੰਤਵ ਸਭ ਲੇਖਕਾਂ ਨੇ ਇਥੋਂ ਦੀ ਕੀਚਕ ਭੂਮੀ ਦੇਖਣ ਦਾ ਹੀ ਦੱਸਿਆ ਹੈ।[12] ਇਸ ਤਰ੍ਹਾਂ ਗੁਰੂ ਸਾਹਿਬ ਕੂਚ ਕਰਦੇ ਹੋਏ ਬਘੌਰ ਵੱਲ ਨੂੰ ਚੱਲ ਪਏ ਸਨ। ਭਾਈ ਸੰਤੋਖ ਸਿੰਘ ਦਸਦੇ ਹਨ ਕਿ ਗੁਰੂ ਜੀ ਨੇ ਸਥਾਨਕ ਲੋਕਾਂ ਨੂੰ ਅਗਲੇ ਰਸਤੇ ਬਾਰੇ ਪੁੱਛਿਆ। ਉਨ੍ਹਾਂ ਨੇ ਦੱਸਿਆ ਕਿ ਜਿਸ ਰਸਤੇ ਗੁਰੂ ਜੀ ਜਾ ਰਹੇ ਹਨ ਉਸ ਵਿਚ ਕੁਝ ਪਹਾੜੀਆਂ ਦੇ ਆਉਣ ਕਾਰਨ ਉਸ ਨੂੰ ਪਾਰ ਕਰਨਾ ਔਖਾ ਹੈ। ਇਕ ਹੋਰ ਰਸਤਾ ਹੈ ਜਿੱਥੇ ਜਾਨਵਰ ਅਤੇ ਹੋਰ ਸਮਾਨ ਸੌਖੀ ਤਰ੍ਹਾਂ ਲਿਜਾਇਆ ਜਾ ਸਕਦਾ ਹੈ।

ਇਸ ਤਰ੍ਹਾਂ ਗੁਰੂ ਜੀ ਨੇ ਮਾਰਗ ਦੱਸਣ ਲਈ ਕੁਝ ਸਥਾਨਕ ਲੋਕਾਂ ਨੂੰ ਨਾਲ ਲਿਆ ਅਤੇ ਪਹਿਲਾਂ ਘਾਟੀਆਂ ਵਾਲਾ ਰਸਤਾ ਛੱਡ ਕੇ ਦੂਜਾ ਸੌਖਾ ਰਸਤਾ ਅਪਣਾਇਆ।[13] ਇਸ ਰਸਤੇ ਉੱਪਰ ਜਾਂਦਿਆਂ ਗੁਰੂ ਜੀ ਬਾਘੌਰ ਪਹੁੰਚ ਗਏ ਸਨ।

ਬਘੌਰ ਦਾ ਵਰਣਨ ਕਵੀ ਸੈਨਾਪਤਿ ਨੇ ਪੂਰੇ ਵਿਸਥਾਰ ਵਿਚ ਕੀਤਾ ਹੈ। ਕਵੀ ਸੈਨਾਪਤਿ ਗੁਰੂ ਜੀ ਦੇ ਨਾਲ ਸੀ। ਬਘੌਰ ਦਾ ਵਰਣਨ ਭਾਈ ਸੰਤੋਖ ਸਿੰਘ ਨੇ ਵੀ ਪੂਰੇ ਵਿਸਥਾਰ ਵਿਚ ਕੀਤਾ ਹੈ। ਪਰ ਇਹ ਵੀ ਕਵੀ ਸੈਨਾਪਤਿ ਦੇ ਨਾਲ ਹੀ ਮਿਲਦਾ-ਜੁਲਦਾ ਹੈ। ਇਸ ਵਿਚ ਕੋਈ ਨਵੀਂ ਗੱਲ ਨਹੀਂ ਹੈ। ਕਵੀ ਸੈਨਾਪਤਿ ਨੇ ਲੜਾਈ ਵੀ ਦੇਖੀ ਸੀ ਅਤੇ ਇਲਾਕਾ ਵੀ ਪਰ ਉਸ ਨੂੰ ਸਥਾਨਕ ਰਾਣਿਆਂ ਅਤੇ ਥਾਵਾਂ ਦੇ ਨਾਵਾਂ ਦੀ ਜਾਣਕਾਰੀ ਨਹੀਂ ਸੀ। ਇਸ ਕਰਕੇ ਉਸ ਨੇ ਜਿਹੜਾ ਵਿਸਥਾਰ ਸਹਿਤ ਵਰਣਨ ਦਿੱਤਾ ਹੈ ਉਹ ਬਿਨਾਂ ਨਾਵਾਂ ਤੋਂ ਹੀ ਹੈ। ਇਹੀ ਹਾਲ ਭਾਈ ਸੰਤੋਖ ਸਿੰਘ ਵਲੋਂ ਦਿੱਤੇ ਗਏ ਵਰਣਨ ਦਾ ਹੈ। ਭਾਈ ਸਾਹਿਬ ਦੇ ਵਰਣਨ ਨੂੰ ਭਾਵੇਂ ਭਾਈ ਵੀਰ ਸਿੰਘ ਨੇ ਫੁੱਟ-ਨੋਟਾਂ ਵਿਚ ਆਪਣੀਆਂ ਟਿੱਪਣੀਆਂ ਦੇ ਕੇ ਸਪਸ਼ਟ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ ਪਰ ਇਹ ਕੋਸ਼ਿਸ਼ ਗੱਲ ਨੂੰ ਗੋਲਮੋਲ ਕਰਨ ਵਾਲੀ ਹੈ।[14] ਗਿਆਨੀ ਗਿਆਨ ਸਿੰਘ ਨੇ ਸਾਰਿਆਂ ਤੋਂ ਵੱਖਰੀ ਹੀ ਗੱਲ ਲਿਖੀ ਹੈ । ਇਹ ਗੱਲ ਸਪਸ਼ਟ ਜ਼ਰੂਰ ਹੈ ਪਰ ਇਤਿਹਾਸਕ ਸੱਚਾਈ ਵਜੋਂ ਹੋਰ ਖੋਜ਼ ਦੀ ਮੰਗ ਕਰਦੀ ਹੈ। ਇਸ ਅਨੁਸਾਰ "ਗੁਰੂ ਜੀ ਜਦੋਂ ਬਘੌਰ ਸ਼ਹਿਰ ਉਦੈਪੁਰ ਦੇ ਰਾਜ ਵਿਚ ਪਹੁੰਚੇ ਤਾਂ ਉਦੈਪੁਰ ਦਾ ਰਾਜਾ ਭੀ ਏਥੇ ਆਯਾ ਹੋਯਾ ਸੀ। ਉਸ ਨੇ ਗੁਰੂ ਸਾਹਿਬ ਦੀ ਤੀਰਅੰਦਾਜੀ ਨੂੰ ਦੇਖ ਕੇ ਬੜੀ ਖੁਸ਼ੀ ਜ਼ਾਹਰ ਕੀਤੀ ਤੇ ਸਿੱਖਣ ਦੀ ਇੱਛਾ ਧਾਰ ਕੇ ਗੁਰੂ ਜੀ ਨੂੰ ਹਮੇਸ਼ਾ ਰੱਖਣਾ ਚਾਹਯਾ।"[15] ਇਸ ਨਾਲ ਕੁਝ ਹੱਦ ਤੱਕ ਤਾਂ ਗੱਲ ਸਪਸ਼ਟ ਹੋ ਜਾਂਦੀ ਹੈ ਪਰ ਉਦੈਪੁਰ ਦੇ ਰਾਜੇ ਦੇ ਨਾਲ ਹੋਣ ਦੀ ਗੱਲ ਹੋਰ ਅਧਿਐਨ ਦੀ ਮੰਗ ਕਰਦੀ ਹੈ। ਭਾਈ ਕਾਨ੍ਹ ਸਿੰਘ ਦੀ ਟਿੱਪਣੀ ਵੀ ਇਸ ਗੱਲ ਨੂੰ ਸਪਸ਼ਟ ਨਹੀਂ ਕਰਦੀ। 'ਬਘੌਰ ਅਥਵਾ ਬਗੌਰ, ਰਾਜ ਉਦਯਪੁਰ ਵਿਚ ਇਕ ਨਗਰ, ਜੋ ਕੁਠਾਰੀ ਨਦੀ ਦੇ ਖੱਬੇ ਕਿਨਾਰੇ ਅਤੇ ਉਦਯਪੁਰ ਤੋਂ 70 ਮੀਲ ਉਤਰ-ਪੂਰਬ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜਦ ਮਾਲਵੇ ਤੋਂ ਦੱਖਣ ਨੂੰ ਜਾ ਰਹੇ ਸਨ ਤਾਂ ਇੱਥੋਂ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲੀ ਸੀ। ਭਾਈ ਸੰਤੋਖ ਸਿੰਘ ਦੇ ਲੇਖ ਅਨੁਸਾਰ ਇਹ ਉਹ ਅਸਥਾਨ ਹੈ ਜਿਥੇ ਭੀਮ ਸੈਨ ਨੇ ਕੀਚਕ ਮਾਰਿਆ ਸੀ'।[16]

ਬਘੌਰ ਸ਼ਹਿਰ, ਭੀਲਵਾੜਾ ਤੋਂ 30 ਕੁ ਕਿਲੋਮੀਟਰ ਕੁਠਾਰੀ ਨਦੀ ਉੱਪਰ ਵਸਿਆ ਹੋਇਆ ਕਸਬਾ ਹੈ। ਇਸ ਦੀ ਆਬਾਦੀ ਕਾਫੀ ਸੰਘਣੀ ਹੈ। ਅਸੀਂ ਨਾਨਕਪੁਰਾ, ਮੰਡਲ, ਮੇਜਾ, ਮਾਦੂ, ਬਲਬਲਾਸ ਅਤੇ ਖੇੜਾ ਪਿੰਡਾਂ ਨੂੰ ਲਿੰਕ ਸੜਕਾਂ ਰਾਹੀਂ ਤਹਿ ਕਰਦੇ ਹੋਏ ਬਘੌਰ ਸ਼ਹਿਰ ਪਹੁੰਚੇ ਸੀ। ਇਹ ਹੁਣ ਵੀ ਸ਼ਹਿਰ ਹੈ ਅਤੇ ਕਵੀ ਸੈਨਾਪਤਿ ਦੇ ਲਿਖਣ ਅਨੁਸਾਰ ਉਸ ਸਮੇਂ ਵੀ ਸ਼ਹਿਰ ਸੀ। ਇੱਥੋਂ ਦੀ ਜ਼ਮੀਨ ਬੜੀ ਉਪਜਾਊ ਅਤੇ ਹਰਿਆਵਲ ਵਾਲੀ ਹੈ। ਇੱਥੇ ਹੁਣ ਵੀ ਬਾਗ ਹਨ। ਇਥੇ ਬਹੁਤ ਹੀ ਵਿਸ਼ਾਲ ਝੀਲ ਹੈ। ਇਸ ਝੀਲ ਵਿਚ ਸਾਡੇ ਜਾਣ ਸਮੇਂ (10.10.07) ਵੀ ਬਹੁਤ ਪਾਣੀ ਸੀ। ਇਸ ਦੇ ਸ਼ਹਿਰ ਵਾਲੇ ਪਾਸੇ ਪੱਕੀਆਂ ਪੌੜੀਆਂ ਅਤੇ ਪੱਕੇ ਥੜ੍ਹੇ ਹਨ। ਇਹ ਪੁਰਾਤਨ ਹਨ। ਕੰਢਿਆਂ ਤੇ ਭਾਰੀ ਅਤੇ ਸੰਘਣੇ ਦਰੱਖਤ ਹਨ। ਭਾਈ ਸੰਤੋਖ ਸਿੰਘ ਨੇ ਵੀ ਉਕਤ ਵਾਤਾਵਰਣ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ ਅਤੇ ਕਵੀ ਸੈਨਾਪਤੀ ਨੇ ਵੀ। ਜਿਸ ਵੀ ਲੇਖਕ ਨੇ ਇਸ ਥਾਂ ਨੂੰ ਦੇਖਿਆ ਹੈ ਉਸ ਨੇ ਉਕਤ ਉਪਜਾਊ ਜ਼ਮੀਨ, ਵਿਸ਼ਾਲ ਝੀਲ, ਸੰਘਣੇ ਦਰਖੱਤ, ਸੁੰਦਰ ਬਾਗ ਅਤੇ ਕੁਠਾਰੀ ਨਦੀ ਦਾ ਜ਼ਿਕਰ ਕੀਤਾ ਹੈ ਕਿਉਂਕਿ ਇਹ ਗੱਲਾਂ ਬਹੁਤ ਹੀ ਦਿਲ-ਲਭਾਊ ਹਨ। ਕਵੀ ਸੈਨਾਪਤਿ ਦੀ 14 ਵੇਂ ਧਿਆਉ ਵਿਚਲੀ ਟੂਕ ਇਸ ਤਰ੍ਹਾਂ ਹੈ :

ਕੇਤਕਿ ਦਿਨ ਪ੍ਰਭ ਔਰ ਬਿਤਾਏ। ਕੂਚ ਮੁਕਾਮ ਕਰਤ ਦਲਿ ਆਏ।
ਬਿਰਛ ਏਕ ਦੀਰਘ ਅਤਿ ਅਨਾ। ਸੁੰਦਰ ਸਰ ਸ੍ਰੂਪ ਤਿਹ ਬਨਾ॥ 26॥621॥

ਦੋਹਰਾ

ਅਧਿਕ ਠਉਰ ਦੇਖੀ ਤਹਾਂ ਹੁਇ ਹੈਂ ਤਹਾਂ ਨ ਘਾਮ ॥
ਉਤਰ ਰਹੇ ਤਾਹੀ ਤਲੇ ਕੀਨੇ ਤਹਾਂ ਮੁਕਾਮ॥ 27॥622 ॥
ਕੀਚਕ ਭੂਮ ਦੇਖਨ ਨਮਿਤ ਗਏ ਪ੍ਰਭ ਤਿਹ ਠਉਰ॥
ਆਨ ਪਹੂਚੇ ਤਾਹਿ ਦਿਸ ਨਿਕਟਿ ਸ਼ਹਿਰ ਬਾਘੌਰ।।28॥ 623 ॥

ਭਾਈ ਸੰਤੋਖ ਸਿੰਘ ਵਲੋਂ ਇਸ ਸਹਿਰ ਬਾਰੇ ਲਿਖੀ ਗਈ ਜਾਣਕਾਰੀ ਇਸ ਤਰ੍ਹਾਂ ਹੈ :

ਤਹਿੰ ਤੇ ਕੂਚ ਆਗਾਰੀ ਕਰਯੋ॥ ਸ਼ਹਿਰ ਬਘੌਰ ਨਿਕਟ ਸੁਨਿ ਪਰਯੋ॥
ਜਹਾ ਭੀਮ ਨੇ ਕ੍ਰੀਚਕ ਮਾਰੇ॥ ਪਿਖਯੋ ਚਹੈ ਪ੍ਰਭੁ ਤਿਤੇ ਸਿਧਾਰੇ॥
ਕਰੈ ਕੂਚ ਦਰ ਕੂਚ ਪਯਾਨੇ॥ ਪੁਰਿ ਬਿਘੌਰ ਕੇ ਗੁਰ ਨਿਯਹਾਨੇ॥
ਥਲ ਸੁੰਦਰ ਤਰੁਵਰ ਗਨ ਹੇਰੇ॥ ਕਰੇ ਮੁਕਾਮ ਪ੍ਰਭੁ ਤਹਿ ਡੇਰੇ॥
ਬਾਪੀ ਕੂਪ ਅਪ ਪਲਹੀਨ॥ ਜਿਤ ਕਿਤ ਸਬਜ਼ੀ ਸੁਭਤਿ ਨਵੀਨ॥
ਗਮਨੇ ਤਹਾਂ ਹੇਰਿ ਹਰਿਖਾਏ॥ ਸੁੰਦਰ ਥਲ ਪਿਖਿ ਥਲ ਉਤਰਾਏ॥
ਰਸਤ, ਛਾਗ, ਤ੍ਰਿਣ, ਈਂਧਨ ਆਨੇ॥ ਬਿਚ ਗ੍ਰਾਮਨ ਕੇ ਸਿੰਘ ਪਯਾਨੇ॥
ਦੁਗਧ, ਦਹੀ, ਘ੍ਰਿਤ ਘਰ ਮਿਸ਼ਟਾਨ॥ ਦੇਗ ਬਿਖੈ ਡਾਰਤਿ ਗਨ ਆਨਿ॥[17]

ਗੁਰੂ ਜੀ ਦੇ ਸਮੇਂ ਬਘੌਰ, ਉਦੈਪੁਰ ਰਿਆਸਤ ਵਿਚ ਸੀ। ਅੱਜ ਕਲ ਇਹ ਭੀਲਵਾੜਾ ਜ਼ਿਲ੍ਹੇ ਵਿਚ ਹੈ। ਵੈਸੇ ਤਾਂ ਸਭ ਰਾਜਿਆਂ, ਨਵਾਬਾਂ ਅਤੇ ਸੂਬੇਦਾਰਾਂ ਨੂੰ ਔਰੰਗਜ਼ੇਬ ਵਲੋਂ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਗੁਰੂ ਜੀ ਦੇ ਦੱਖਣ ਨੂੰ ਜਾਣ ਸਮੇਂ ਉਨ੍ਹਾਂ ਵਲੋਂ ਹਰ ਕਿਸਮ ਦਾ ਸਹਿਯੋਗ ਦਿੱਤਾ ਜਾਵੇ। ਪਰ ਰਾਜਪੂਤ ਰਾਜੇ ਜਾਤੀ ਤੌਰ ਤੇ ਵੀ ਗੁਰੂ ਘਰ ਨਾਲ ਅੱਛੇ ਅਤੇ ਸ਼ਰਧਾਪੂਰਬਕ ਸੰਬੰਧ ਰੱਖਦੇ ਸਨ। ਇਸ ਲਈ ਉਦੈਪੁਰ ਦੇ ਰਾਜ ਵਿਚ ਉਥੋਂ ਦੇ ਰਾਜੇ ਵੱਲੋਂ ਗੁਰੂ ਜੀ ਦੀ ਖਾਤਰਦਾਰੀ ਦਾ ਧਿਆਨ ਵੀ ਰੱਖਿਆ ਗਿਆ ਹੋਣਾ ਹੈ ਅਤੇ ਉਹ ਖੁਦ ਵੀ ਗੁਰੂ ਜੀ ਦੇ ਪਾਸ ਆ ਗਿਆ ਹੋਣਾ ਹੈ। ਜਿਵੇਂ ਕਿ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਰਾਜਾ ਇੱਥੇ ਆਇਆ ਹੋਇਆ ਸੀ ਅਤੇ ਉਸ ਨੇ ਗੁਰੂ ਜੀ ਨੂੰ, ਜਿਨ੍ਹਾਂ ਸਮਾਂ ਵੀ ਉਹ ਇਥੇ ਰਹਿਣਾ ਚਾਹੁਣ, ਰਹਿਣ ਲਈ ਕਿਹਾ ਹੋਇਆ ਸੀ।

ਹੁਣ ਉਸ ਬਿਰਤਾਂਤ ਨੂੰ ਪੜਚੋਲਦੇ ਹਾਂ ਜਿਹੜਾ ਕਵੀ ਸੈਨਾਪਤਿ ਨੇ ਲਿਖਿਆ ਹੈ। ਕਵੀ ਸੈਨਾਪਤਿ ਅਨੁਸਾਰ ਜਦੋਂ ਗੁਰੂ ਸਾਹਿਬ ਨੇ ਬਾਘੌਰ ਸ਼ਹਿਰ ਵਿਚ ਆਪਣਾ ਡੇਰਾ ਲਾਇਆ ਤਾਂ ਉਥੋਂ ਦੇ ਲੋਕ ਬਹੁਤ ਡਰ ਗਏ ਸਨ। ਉਨ੍ਹਾਂ ਨੇ ਸਮਝਿਆ ਕਿ ਸ਼ਾਇਦ ਕੋਈ ਹਮਲਾਵਰ ਉਨ੍ਹਾਂ ਨੂੰ ਲੁੱਟਣ ਲਈ ਆ ਪਹੁੰਚਿਆ ਹੈ ਇਸ ਲਈ ਉਹ ਲੜਨ ਲਈ ਤਿਆਰੀਆਂ ਕਰਨ ਲੱਗੇ। ਫਿਰ ਉਨ੍ਹਾਂ ਨੇ ਆਪਣਾ ਇਕ ਆਦਮੀ ਗੁਰੂ ਜੀ ਪਾਸ ਸਭ ਕੁਝ ਜਾਣਨ ਲਈ ਭੇਜਿਆ। ਉਹ ਗੁਰੂ ਜੀ ਪਾਸ ਆਇਆ, ਦੋਵੇਂ ਹੱਥ ਜੋੜ ਕੇ ਪਰਿਣਾਮ ਕੀਤਾ ਅਤੇ ਪੁੱਛਿਆ ਕਿ ਉਹ ਕਿਸ ਮੁਲਕ ਤੋਂ ਅਤੇ ਕਿਹੜੇ ਪਾਸਿਉਂ ਆਏ ਹਨ? ਨਗਰ ਦੇ ਲੋਕ ਉਨ੍ਹਾਂ ਕੋਲੋਂ ਬਹੁਤ ਡਰ ਰਹੇ ਹਨ। ਕਿਉਂਕਿ ਉਨ੍ਹਾਂ ਦਾ ਡੇਰਾ ਸ਼ਹਿਰ ਦੇ ਬਿਲਕੁਲ ਨੇੜੇ ਹੈ ਇਸ ਲਈ ਲੋਕ ਡਰ ਰਹੇ ਹਨ ਕਿ ਸ਼ਾਇਦ ਉਹ ਲੁੱਟਣ ਆਏ ਹਨ। ਫਿਰ ਗੁਰੂ ਜੀ ਨੇ ਭਾਈ ਧਰਮ ਸਿੰਘ ਨੂੰ ਉਸ ਵਿਅਕਤੀ ਦੇ ਨਾਲ ਭੇਜਿਆ। ਭਾਈ ਸਾਹਿਬ ਨੂੰ ਉਹ ਵਿਅਕਤੀ ਆਪਣੇ ਲੋਕਾਂ ਪਾਸ ਲੈ ਆਇਆ। ਧਰਮ ਸਿੰਘ ਨੇ ਗੁਰੂ ਜੀ ਦੇ ਮਨੋਰਥ ਬਾਰੇ ਪੂਰੀ ਤਰ੍ਹਾਂ ਦੱਸਿਆ। ਉਸ ਨੇ ਇਹ ਵੀ ਦੱਸਿਆ ਕਿ ਗੁਰੂ ਜੀ ਇਥੇ ਸਿਰਫ਼ ਕੀਚਕ ਭੂਮੀ ਨੂੰ ਦੇਖਣ ਲਈ ਆਏ ਹਨ। ਇਸ ਲਈ ਉਨ੍ਹਾਂ ਨੂੰ ਮਨ ਵਿਚ ਕਿਸੇ ਤਰ੍ਹਾਂ ਦੀ ਕੋਈ ਵੀ ਸ਼ੰਕਾ ਨਹੀਂ ਕਰਨੀ ਚਾਹੀਦੀ। ਇਹ ਜਾਣ ਕੇ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਸ਼ਾਂਤੀ ਆ ਗਈ। ਭਾਈ ਧਰਮ ਸਿੰਘ ਵਾਪਸ ਗੁਰੂ ਜੀ ਪਾਸ ਪਹੁੰਚ ਗਿਆ। ਗੁਰੂ ਜੀ ਨੇ ਆਪਣਾ ਡੇਰਾ ਸ਼ਹਿਰ ਤੋਂ ਕੁਝ ਦੂਰ ਹਟ ਕੇ ਝੀਲ ਦੇ ਕਿਨਾਰੇ ਉੱਪਰ ਕਰ ਲਿਆ।

'ਉਥੇ ਲੱਕੜੀ ਘਾਹ ਅਤੇ ਪਾਣੀ ਬਹੁਤ ਸੀ। ਉਥੇ ਬਾਗ ਵੀ ਬਹੁਤ ਸੁੰਦਰ ਸੀ। ਫਿਰ ਉਸ ਸ਼ਹਿਰ ਦੇ ਲੋਕ ਗੁਰੂ ਜੀ ਨੂੰ ਮਿਲਣ ਲਈ ਆਏ ਅਤੇ ਗੁਰੂ ਜੀ ਨੇ ਉਨ੍ਹਾਂ ਸਭ ਨੂੰ ਕੁਝ ਨਾ ਕੁਝ ਇਨਾਮ ਦਿੱਤਾ। ਉਹੀ ਲੋਕ ਗੁਰੂ ਜੀ ਨੂੰ ਕੀਚਕ ਭੂਮੀ[18] ਦਿਖਾਉਣ ਲਈ ਲੈ ਗਏ। ਗੁਰੂ ਜੀ ਸਿਰਫ਼ ਕੁਝ ਚੋਣਵੇਂ ਸਿੰਘਾਂ ਨੂੰ ਨਾਲ ਲੈ ਕੇ ਗਏ ਸਨ। ਇਨ੍ਹਾਂ ਵਿਚ ਕੁਝ ਤੋਪਚੀ ਵੀ ਸਨ। ਚਲਦੇ-ਚਲਦੇ ਇਕ ਕੋਹ (ਚਾਰ ਮਿਲ) ਬਾਹਰ ਉੱਚੀ ਘਾਟੀ ਤੇ ਪਹੁੰਚ ਗਏ। ਉਥੇ ਉਨ੍ਹਾਂ ਨੇ ਉਹ ਥਾਂ ਦੇਖੀ। ਜਿਹੜੇ ਸਿੰਘਾਂ ਨੂੰ ਗੁਰੂ ਜੀ ਨੇ ਨਾਲ ਲਿਆ ਸੀ ਉਨ੍ਹਾਂ ਨੂੰ ਵੱਖ-ਵੱਖ ਚੌਕੀਆਂ (ਥਾਣਿਆਂ) ਵਿਚ ਤਾਇਨਾਤ ਕਰ ਦਿੱਤਾ। ਇਸ ਅਨੁਸਾਰ ਸਿੰਘਾਂ ਨੇ ਆਪਣੀ ਆਪਣੀ ਥਾਂ ਰੋਕ ਲਈ ਅਤੇ ਗੁਰੂ ਜੀ ਵਾਪਸ ਆਪਣੇ ਡੇਰੇ ਵਿਚ ਆ ਗਏ।'[19]

ਇਸ ਦਾ ਭਾਵ ਇਹ ਹੈ ਕਿ ਜਦੋਂ ਗੁਰੂ ਜੀ ਕੀਚਕ ਭੂਮੀ ਨੂੰ ਦੇਖਣ ਗਏ ਸੀ ਉਨ੍ਹਾਂ ਨੇ ਉਸ ਰਸਤੇ ਵਿਚ ਠੀਕ-ਠਾਕ ਥਾਵਾਂ ਤੇ ਪਹਿਰੇ ਦੇ ਵਜੋਂ ਸਿੰਘਾਂ ਦੀਆਂ ਚੌਕੀਆਂ (ਥਾਣੇ) ਬਣਾਂ ਦਿੱਤੀਆਂ ਸਨ ਤਾਂ ਕਿ ਇਹ ਆਲੇ ਦੁਆਲੇ ਨਿਗਾਹ ਰੱਖਣ ਕਿ ਕੋਈ ਗੁਰੂ ਜੀ ਦੇ ਡੇਰੇ ਉੱਪਰ ਰਾਤ-ਬਰਾਤੇ ਹਮਲਾ ਨਾ ਕਰ ਸਕੇ।

ਕਵੀ ਸੈਨਾਪਤਿ ਲਿਖਦੇ ਹਨ 'ਕਈ ਦਿਨ ਇਸ ਤਰ੍ਹਾਂ ਸਮਾਂ ਬੀਤਦਾ ਗਿਆ। ਇਕ ਦਿਨ ਐਸੀ ਘਟਨਾ ਵਾਪਰੀ ਜਿਸ ਨੇ ਇਸ ਸ਼ਾਂਤੀ ਨੂੰ ਭੰਗ ਕਰ ਦਿੱਤਾ ਸੀ। ਘਟਨਾ ਸੀ ਕਿ ਗੁਰੂ ਜੀ ਦੇ ਕੈਂਪ ਦੇ ਕੁਝ ਉੂਠ ਬਾਗ ਵਿਚ ਜਾ ਵੜੇ ਸਨ। ਉਨ੍ਹਾਂ ਨੇ ਬਾਗ ਦੇ ਫਲਾਂ ਵਾਲੇ ਰੁੱਖ ਖਾ ਲਏ ਅਤੇ ਬਾਗ ਦਾ ਨੁਕਸਾਨ ਕਰ ਦਿੱਤਾ। ਬਾਗ ਦੇ ਮਾਲੀ ਭੱਜੇ ਭੱਜੇ ਰਾਣੇ (ਬਾਗ ਦੇ ਮਾਲਕ) ਨੂੰ ਦੱਸਣ ਲਈ ਗਏ। ਰਾਣਾ ਬਾਗ ਦੇ ਨੁਕਸਾਨ ਦੀ ਗੱਲ ਸੁਣ ਕੇ ਬਹੁਤ ਗੁੱਸੇ ਹੋਇਆ। ਪਰ ਉਹ ਆਪਣਾ ਗੁੱਸਾ ਮਨ ਵਿਚ ਹੀ ਦਬਾ ਕੇ ਕਿਸੇ ਮੌਕੇ ਦੀ ਭਾਲ ਵਿਚ ਉਡੀਕ ਕਰਨ ਲੱਗੇ। ਇਕ ਦਿਨ ਇਕ ਸਿੰਘ ਇਨ੍ਹਾਂ ਦੇ ਇਲਾਕੇ ਵਿਚ ਗਿਆ। ਇਨ੍ਹਾਂ ਲੋਕਾਂ ਨੇ ਉਸ ਉੱਪਰ ਹਮਲਾ ਕਰ ਦਿੱਤਾ। ਸਿੰਘ ਨੇ ਵੀ ਅੱਗੋਂ ਕਿਰਪਾਨ ਸੂਤ ਲਈ। ਲੜਾਈ ਹੋਣ ਲੱਗ ਪਈ। ਦੂਰ ਖੜੇ ਹੋਰ ਸਿੰਘ ਵੀ ਇਸ ਲੜਾਈ ਨੂੰ ਦੇਖ ਰਹੇ ਸਨ। ਉਹ ਵੀ ਸਿੰਘ ਦੀ ਸਹਾਇਤਾ ਲਈ ਆਪਣੇ ਹਥਿਆਰ ਲੈ ਕੇ ਲਲਕਾਰੇ ਮਾਰਦੇ ਹੋਏ ਪਹੁੰਚ ਗਏ। ਜਿਹੜੇ ਸਿੰਘਾਂ ਦੀਆਂ ਚੌਕੀਆਂ ਬਿਠਾਈਆਂ ਹੋਈਆ ਸਨ ਉਨ੍ਹਾਂ ਵਿਚੋਂ ਜਿਹੜੀ ਚੌਕੀ ਉੱਚੀ ਪਹਾੜੀ ਉੱਪਰ ਸੀ ਉਨ੍ਹਾਂ ਨੇ ਇਸ ਲੜਾਈ ਨੂੰ ਦੇਖ ਲਿਆ ਸੀ। ਉਨ੍ਹਾਂ ਨੇ ਵੀ ਉਤੋਂ ਇਕ ਤੋੜੇਦਾਰ ਤੋਪ ਦਾ ਗੋਲਾ ਦਾਗ ਦਿੱਤਾ। ਇਸ ਨਾਲ ਲੋਕਾਂ ਦਾ ਕਾਫੀ ਨੁਕਸਾਨ ਹੋਇਆ। ਇਸ ਗੱਲ ਤੋਂ ਹੀ ਲੋਹਾ-ਲਾਖਾ ਹੋ ਕੇ ਰਾਣੇ ਦੇ ਬੰਦੇ ਪੂਰੀ ਤਿਆਰੀ ਨਾਲ ਸਿੰਘਾਂ ਉੱਪਰ ਟੁੱਟ ਪਏ। ਉਹ ਕਿਲ੍ਹੇ ਉੱਪਰ ਚੜ੍ਹ ਕੇ ਉਤੋਂ ਗੋਲਾਬਾਰੀ ਕਰਨ ਲੱਗ ਪਏ। ਲੜਾਈ ਦੌਰਾਨ ਕਈ ਲੋਕ ਮਾਰੇ ਗਏ ਅਤੇ ਕਾਫੀ ਖ਼ੂਨ ਡੁੱਲਿਆ। ਦੋ ਦਿਨ ਅਤੇ ਦੋ ਰਾਤਾਂ ਇਹ ਲੜਾਈ ਹੁੰਦੀ ਰਹੀ।'[20]

ਗੰਡਾ ਸਿੰਘ ਨੇ ਇਸ ਲੜਾਈ ਦੀ ਮਿਤੀ 19-20 ਚੇਤ, ਸੰਮਤ 1763 ਬਿ. ਅਨੁਸਾਰ 17-18 ਮਾਰਚ ਸੰਨ 1707 ਈ. ਲਿਖੀ ਹੈ। ਭਾਵ ਕਿ ਗੁਰੂ ਜੀ 30 ਅਕਤੂਬਰ, 1706 ਨੂੰ ਦਮਦਮੇ ਸਾਹਿਬ ਤੋਂ ਤੁਰ ਕੇ ਇਥੇ ਪਹੁੰਚਣ ਤਕ ਸਾਢੇ ਚਾਰ ਮਹੀਨਿਆਂ ਦਾ ਸਮਾਂ ਬਤੀਤ ਕਰ ਚੁੱਕੇ ਸਨ।

'ਤੀਸਰੇ ਦਿਨ ਗੁਰੂ ਜੀ ਨੇ ਭਾਈ ਧਰਮ ਸਿੰਘ ਨੂੰ ਸਿੰਘਾਂ ਦੀ ਸਹਾਇਤਾ ਕਰਨ ਲਈ ਭੇਜਿਆ। ਭਾਈ ਸਾਹਿਬ ਨੇ ਕਿਲ੍ਹੇ ਦੇ ਦਰਵਾਜ਼ੇ ਤੇ ਪਹੁੰਚ ਕੇ ਜ਼ੋਰਦਾਰ ਹਮਲਾ ਕਰਵਾਇਆ। ਉਸ ਦੇ ਹਮਲਾ ਕਰਨ ਨਾਲ ਜਿਹੜੇ ਲੋਕ ਕਿਲ੍ਹੇ ਦੇ ਦਰਵਾਜ਼ੇ ਕੋਲ ਲੜ ਰਹੇ ਸਨ ਉਹ ਦੌੜ ਕੇ ਕਿਲੇ ਅੰਦਰ ਵੜ ਗਏ ਸਨ। ਸਿੰਘਾਂ ਨੇ ਕਿਲੇ ਦੇ ਦਰਵਾਜੇ ਨੂੰ ਅੱਗ ਲਗਾ ਦਿੱਤੀ ਅਤੇ ਦਰਵਾਜ਼ਾ ਅੱਗ ਨਾਲ ਸੜ ਕੇ ਸੁਆਹ ਹੋ ਗਿਆ। ਦਰਵਾਜਾ ਟੁੱਟਣ ਸਾਰ ਸਿੰਘ ਕਿਲ੍ਹੇ ਅੰਦਰ ਧਾਈ ਕਰ ਕੇ ਜਾ ਪਏ। ਕਿਲ੍ਹੇ ਅੰਦਰ ਪੂਰੀ ਘਮਸਾਨ ਦੀ ਲੜਾਈ ਹੋਈ। ਕਿਲ੍ਹੇ ਦੇ ਆਦਮੀ ਕੁਝ ਮਾਰੇ ਗਏ ਅਤੇ ਕੁਝ ਭੱਜ ਗਏ। ਸਿੰਘ ਫਿਰ ਕਿਲ੍ਹੇ ਦੇ ਦੂਜੇ ਅੰਦਰਲੇ ਦਰਵਾਜ਼ੇ ਤਕ ਪਹੁੰਚ ਗਏ। ਉਥੋਂ ਵੀ ਕਿਲ੍ਹੇਦਾਰਾਂ ਨੂੰ ਮਾਰ ਕੇ ਭਜਾ ਦਿੱਤਾ। ਫਿਰ ਕਿਲ੍ਹੇ ਦੇ ਅੰਦਰਲੇ ਤੀਜੇ ਦਰਵਾਜੇ ਵਿਚ ਸਿੰਘ ਜਾ ਵੜੇ। ਪਰ ਰਾਣਾ ਅਜੇ ਵੀ ਕਿਲ੍ਹੇ ਦੀ ਕਿਸੇ ਅੰਦਰਲੀ ਕੋਠੜੀ ਵਿਚ ਘੁਮੰਡ ਨਾਲ ਅੜਿਆ ਬੈਠਾ ਸੀ। ਇਕ ਸਿੰਘ ਗੁਰੂ ਜੀ ਪਾਸ ਭੱਜ ਕੇ ਪਹੁੰਚਿਆ ਅਤੇ ਕਿਹਾ ਕਿ ਜੇਕਰ ਉੱਚੀ ਚੋਟੀ ਤੋਂ ਇਕ ਤੋਪ ਨਾਲ ਕਿਲ੍ਹੇ ਉੱਪਰ ਗੋਲੇ ਦਾਗ ਦਿੱਤੇ ਜਾਣ ਤਾਂ ਰਾਣੇ ਨੂੰ ਅੰਦਰੋਂ ਕੱਢਿਆ ਜਾ ਸਕਦਾ ਹੈ। ਤਾਂ ਉੱਚੀ ਪਹਾੜੀ ਤੋਂ ਜੰਬਰ ਜੰਗ ਤੋਪ ਚਲਾਈ ਗਈ। ਇਸ ਨਾਲ ਕਿਲ੍ਹਾ ਸਰ ਹੋ ਗਿਆ ਸੀ। ਕਿਲ੍ਹੇ ਵਿਚੋਂ ਜੋ ਕੁਝ ਸਿੰਘਾਂ ਦੇ ਹੱਥ ਲੱਗਿਆ ਉਹ ਚੁੱਕ ਕੇ ਲੈ ਗਏ। ਉਨ੍ਹਾਂ ਆ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜਾ ਕੇ ਕਿਲ੍ਹਾ ਵੇਖ ਲੈਣ।'[21]

'ਗੁਰੂ ਜੀ ਕਿਲ੍ਹੇ ਨੂੰ ਦੇਖਣ ਲਈ ਚੱਲ ਪਏ। ਜਦੋਂ ਗੁਰੂ ਜੀ ਸਿੰਘਾਂ ਸਮੇਤ ਕਿਲ੍ਹਾ ਦੇਖਣ ਚੱਲੇ ਸਨ ਤਾਂ ਦੋਵੇਂ ਰਾਣੇ ਆਪਣੀ ਹੋਰ ਫੌਜ ਲੈ ਕੇ ਫਿਰ ਆ ਧਮਕੇ। ਦੋਵੇਂ ਰਾਣੇ ਭਰਾ ਲੋਕਾਂ ਦੀ ਅਗਵਾਈ ਕਰਦੇ ਆ ਰਹੇ ਸਨ। ਗੁਰੂ ਜੀ ਨੇ ਤੀਰ ਕਮਾਨ ਨਾਲ ਇਕ ਰਾਣੇ ਨੂੰ ਮਾਰ ਦਿੱਤਾ। ਫਿਰ ਧਰਮ ਸਿੰਘ ਨੂੰ ਆਵਾਜ਼ ਦੇ ਕੇ ਬੁਲਾਇਆ ਕਿ ਇਕ ਰਾਣਾ ਤਾਂ ਮਾਰ ਦਿੱਤਾ ਹੈ ਅਤੇ ਹੁਣ ਦੂਸਰੇ ਨੂੰ ਉਹ ਖੁਦ ਸੰਭਾਲ ਲਵੇ।

ਤਾਹਿ ਸਮੈ ਐਸੇ ਕਹਿਓ ਧਰਮ ਸਿੰਘ ਚਲ ਆਵ॥
ਏਕ ਰਾਵ ਹਨਿ ਹੋ ਅਬੈ ਦੂਸਰ ਪੈ ਤੁਮ ਜਾਵੇ॥72 ॥

'ਗੁਰੂ ਜੀ ਦਾ ਹੁਕਮ ਪਾ ਕੇ ਭਾਈ ਧਰਮ ਸਿੰਘ ਦੂਸਰੇ ਰਾਣੇ ਉੱਪਰ ਪੂਰੀ ਤੇਜ਼ੀ ਨਾਲ ਜਾ ਝਪਟਿਆ। ਭਾਵੇਂ ਰਾਣੇ ਨੇ ਵੀ ਕਾਫੀ ਵਾਰ ਕੀਤੇ ਪਰ ਸਿੰਘ ਨੇ ਆਪਣੀ ਕਿਰਪਾਨ ਨਾਲ ਇਕ ਕਰਾਰਾ ਵਾਰ ਉਸ ਉੱਪਰ ਕਰ ਦਿੱਤਾ ਸੀ। ਇਸ ਵਾਰ ਨਾਲ ਰਾਣਾ ਡਿੱਗ ਪਿਆ ਅਤੇ ਮਰ ਗਿਆ। ਫੌਜ ਭੱਜ ਕੇ ਬਘੌਰ ਸ਼ਹਿਰ ਵਿਚ ਵੜ ਗਈ ਸੀ। ਗੁਰੂ ਜੀ ਫਤਹਿ ਦਾ ਡੰਕਾ ਵਜਾਉਂਦੇ ਹੋਏ ਆਪਣੇ ਡੇਰੇ ਵਿਚ ਪਹੁੰਚ ਗਏ।

ਇਥੋਂ ਗੁਰੂ ਜੀ ਨੇ ਸ਼ਾਹਜਹਾਨਾਬਾਦ (ਦਿੱਲੀ) ਨੂੰ ਜਾਣ ਦੀ ਤਿਆਰੀ ਕਰ ਲਈ।[22]

ਇਹ ਸਮਕਾਲੀ ਬਿਰਤਾਂਤ ਹੈ ਜੋ ਕਵੀ ਸੈਨਾਪਤਿ ਨੇ ਗੁਰੂ ਜੀ ਦੇ ਬਘੌਰ ਸ਼ਹਿਰ ਵਿਖੇ ਠਹਿਰਣ ਦਾ ਦਿੱਤਾ ਹੈ। ਇਸ ਬਿਰਤਾਂਤ ਅਨੁਸਾਰ ਗੁਰੂ ਸਾਹਿਬ ਉਥੋਂ ਦੇ ਰਾਣਿਆਂ ਨਾਲ ਲੜਾਈ ਕਰਨ ਉਪਰੰਤ ਅਤੇ ਉਨ੍ਹਾਂ ਦੋਵਾਂ ਰਾਣਿਆਂ ਨੂੰ ਮਾਰਨ ਉਪਰੰਤ ਉਥੋਂ ਬਘੌਰ ਸ਼ਹਿਰ ਤੋਂ ਦਿੱਲੀ (ਸ਼ਾਹਜਹਾਨਾਬਾਦ) ਨੂੰ ਚੱਲ ਪਏ ਸਨ।

ਇਸ ਬਿਰਤਾਂਤ ਨੂੰ ਭਾਈ ਸੰਤੋਖ ਸਿੰਘ ਨੇ ਤਾਂ ਬਿਲਕੁਲ ਇਸੇ ਤਰ੍ਹਾਂ ਹੀ ਬਿਆਨ ਕੀਤਾ ਹੈ ਅਤੇ ਰਾਣਿਆਂ ਦੇ ਨਾਂ, ਨਾ ਸੈਨਾਪਤਿ ਨੇ ਦਿੱਤੇ ਹਨ ਅਤੇ ਨਾ ਹੀ ਕਵੀ ਸੰਤੋਖ ਸਿੰਘ ਨੇ। ਪਰ ਗੁਰੂ ਕੀਆਂ ਸਾਖੀਆਂ ਵਿਚ ਇਹ ਨਾਂ ਦਿੱਤੇ ਹੋਏ ਹਨ। ਇਸ ਅਨੁਸਾਰ "ਅਜੇ ਐਰਾਵਲੀ ਪਹਾੜੀ ਲੰਘੇ ਹੀ ਸੀ ਕਿ ਬਾਦਸ਼ਾਹ ਕੇ ਮਰਨੇ ਦੀ ਖਬਰ ਆਇ ਮਿਲੀ। ਗੁਰੂ ਜੀ ਨੇ ਆਪਨਾ ਡੇਰਾ ਬਘੌਰ ਨਗਰੀ ਕੇ ਬਾਹਰ ਲਗਾਇਆ ਦੀਆ। ਯਹਾਂ ਅਗਲੇ ਦਿਵਸ ਊਠਾਂ ਕੇ ਬਾਗ ਮੇਂ ਪੜਨੇ ਸੇ ਇਸ ਨਿਗੁਣੀ ਜਿਹੀ ਬਾਤ ਪਰ ਗਾਮ ਕੇ ਸਰਦਾਰਾਂ ਸੇ ਜੰਗ ਛਿੜ ਗਈ। ਗਾਉਂ ਕਿ ਦੋਵੇਂ ਸਰਦਾਰ ਮਹਾਂ ਨੰਦ ਤੇ ਮੋਖਰਾ ਖਾਲਸੇ ਦੇ ਹਾਥ ਸੇ ਮਾਰੇ ਗਏ। ਭਾਈ ਧਰਮ ਸਿੰਘ ਕੇ ਕਾਫੀ ਜ਼ਖ਼ਮ ਲਾਗਾ, ਜਿਸ ਕੀ ਮੱਲ੍ਹਮ ਪੱਟੀ ਕੀ ਗਈ। ਸਤਿਗੁਰਾਂ ਬਾਦਸ਼ਾਹ ਕੀ ਮਿਰਤੂ ਕੇ ਬਾਦ ਅਹਿਮਦ ਨਗਰ ਜਾਨੇ ਕਾ ਖ਼ਿਆਲ ਤਰਕ ਕਰ ਦੀਆ। ਬਘੌਰ ਨਗਰੀ ਸੇ ਭਾਈ ਮਨੀ ਸਿੰਘ, ਬਾਬੇ ਬੁੱਢੇ ਕਾ ਸਾਹਿਬ ਗੁਰਬਖਸ਼ ਸਿੰਘ ਕੋ ਤੀਨ ਸਿੱਖਾਂ ਕੇ ਹਮਰਾਹ ਮਦਰ ਦੇਸ ਕੋ ਰਵਾਨਾ ਕੀਤਾ। ਇਨ ਕੇ ਚਲੇ ਜਾਨੇ ਕੇ ਬਾਅਦ ਗੁਰੂ ਜੀ ਬਘੌਰ ਨਗਰੀ ਸੇ ਸ਼ਾਹਜਹਾਨਾਬਾਦ ਕੀ ਤਰਫ ਰਵਾਨਾ ਹੂਏ।"[23]

ਭਾਈ ਵੀਰ ਸਿੰਘ ਨੇ ਸੂਰਜ ਪ੍ਰਕਾਸ਼ ਦੇ ਇਸ ਬਿਰਤਾਂਤ ਨੂੰ ਦੇਣ ਸਮੇਂ ਆਪਣੇ ਵਲੋਂ ਜੋ ਪੈਰ ਟੂਕ ਵਿਚ ਸਪਸ਼ਟੀਕਰਨ ਦਿੱਤਾ ਹੈ ਉਹ ਗੱਲ ਨੂੰ ਗੋਲਮੋਲ ਕਰਨ ਵਾਲਾ ਹੈ ਅਤੇ ਸੱਚਾਈ ਤੋਂ ਦੂਰ ਹੈ। ਭਾਈ ਵੀਰ ਸਿੰਘ ਫੁੱਟ ਨੋਟ ਵਿਚ ਲਿਖਦੇ ਹਨ, "ਇਹ ਜੰਗ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ। ਇਸ ਜੰਗ ਦਾ ਹਾਲ ਤਵਾਰੀਖ ਗੁਰੂ ਖਾਲਸਾ ਵਿਚ ਇਉਂ ਦਿੱਤਾ ਹੈ ਕਿ ਬਘੌਰ ਦਾ ਰਾਜਾ ਤਾਂ ਗੁਰੂ ਜੀ ਦਾ ਪ੍ਰੇਮੀ ਹੋ ਗਿਆ ਸੀ ਅਰ ਗੁਰੂ ਜੀ ਤੇ ਉਹ ਇਕੱਠੇ ਸੈਰ ਨੂੰ ਜਾਂਦੇ ਹੁੰਦੇ ਸਨ। ਇਸ ਰਾਜੇ ਦਾ ਨਾਉਂ ਸ਼ਿਵ ਪ੍ਰਤਾਪ ਸੀ ਤੇ ਇਹ ਪੰਜਾਹ ਹਜ਼ਾਰ ਦਾ ਜਾਗੀਰਦਾਰ ਰਾਣਾ ਸੀ। ਇਸੇ ਨੇ ਗੁਰੂ ਜੀ ਨੂੰ ਕੁਛ ਦਿਨਾਂ ਲਈ ਆਪਣੇ ਪਾਸ ਟਿਕਾ ਲਿਆ। ਇਹ ਸਤਿਸੰਗ ਲਾਭ ਵੀ ਲੈਂਦਾ ਸੀ ਤੇ ਗੁਰੂ ਜੀ ਦੀ ਅਨੋਖੀ ਤੀਰ ਅੰਦਾਜ਼ੀ ਬੀ ਸਿੱਖਦਾ ਸੀ। ਬਘੌਰ ਤੋਂ ਤ੍ਰੈ ਕੁ ਮੀਲ ਤੇ ਇਸ ਦਾ ਇਕ ਸ਼ਰੀਕ ਭਾਈ ਹੋਰ ਰਾਣਾ ਰਹਿੰਦਾ ਸੀ ਇਕ ਦਿਨ ਗੁਰੂ ਜੀ ਦੇ ਊਠ ਚਰਦੇ ਚਰਦੇ ਉਸ ਦੇ ਬਾਗ ਚਲੇ ਗਏ ਤਾਂ ਰਾਖਿਆਂ ਨੇ ਸਾਰਬਾਨਾਂ ਨੂੰ ਮਾਰਿਆ ਤੇ ਊਠ ਖੋਹ ਕੇ ਚੱਲੇ। ਤਦ ਪੰਦਰਾਂ ਸਿੰਘਾਂ ਨੇ ਜਾ ਕੇ ਜੰਗ ਕਰ ਕੇ ਆਪਣੇ ਊਠ ਤੇ ਆਦਮੀ ਛੁਡਾਏ ਤਾਂ ਉਥੋਂ ਦੀ ਪਰਜਾ ਤੇ ਉਸ ਰਾਜੇ ਦੇ ਸਿਪਾਹੀ ਇਹਨਾਂ ਸਿੰਘਾਂ ਪਰ ਆ ਪਏ। ਰਾਣੇ ਦੀ ਫੌਜ ਕਿਲ੍ਹੇ ਵਿਚ ਜਾ ਵੜੀ। ਅਗਲੇ ਦਿਨ ਸਿੰਘਾਂ ਨੇ ਇਕ ਟਿੱਬੇ ਤੇ ਤੋਪ ਚਾੜ੍ਹ ਕੇ ਕਿਲ੍ਹੇ ਤੇ ਚਲਾਈ। ਥੋੜ੍ਹੀ ਦੇਰ ਮਗਰੋਂ ਕਿਲ੍ਹੇ ਵਾਲਿਆਂ ਨੇ ਸ਼ਰਨ ਮੰਨ ਲਈ। ਗੁਰੂ ਜੀ ਨੇ ਮੁਹਾਸਰਾ ਛੱਡ ਕੇ ਮੁੜ ਆਉਣੇ ਦੀ ਆਗਿਆ ਦੇ ਦਿੱਤੀ। ਠੀਕ ਉਸ ਵੇਲੇ ਉਹ ਰਾਣਾ ਬਾਹਰੋਂ ਆ ਗਿਆ ਅਤੇ ਉਸ ਨੇ ਲੜਾਈ ਆਰੰਭ ਦਿੱਤੀ। ਜੰਗ ਵਿਚ ਰਾਣਾ ਮਾਰਿਆ ਗਿਆ ਤੇ ਫੌਜ ਨੂੰ ਭਾਂਜ ਹੋਈ। ਸ਼ਿਵ ਪ੍ਰਤਾਪ ਨੇ ਇਹ ਸੂਰਬੀਰਤਾ ਦੇਖ ਕੇ ਗੁਰੂ ਜੀ ਨੂੰ ਹੋਰ ਕੁਛ ਦਿਨਾਂ ਲਈ ਆਪਣੇ ਪਾਸ ਟਿਕਾ ਲਿਆ।"[24]

ਪਾਠਕ ਜਨ ਕਵੀ ਸੈਨਾਪਤਿ ਅਤੇ ਭਾਈ ਸੰਤੋਖ ਸਿੰਘ ਦੇ ਵਿਚਾਰ ਪੜ੍ਹ ਚੁੱਕੇ ਹਨ। ਉਨ੍ਹਾਂ ਵਿਚ ਅਜਿਹਾ ਕੁਝ ਨਹੀਂ ਹੈ। ਗਿਆਨੀ ਗਿਆਨ ਸਿੰਘ ਦੀ ਅਸਲ ਤਵਾਰੀਖ ਗੁਰੂ ਖਾਲਸਾ (ਪੱਥਰ ਛਾਪ) ਵਿਚ ਵੀ ਐਸਾ ਕੁਝ ਨਹੀਂ ਹੈ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਾਲੀ ਤਵਾਰੀਖ ਗੁਰੂ ਖਾਲਸਾ ਨਕਲੀ ਹੈ। ਉਸ ਨੂੰ ਭਾਈ ਵੀਰ ਸਿੰਘ ਨੇ ਬਿਗਾੜ ਦਿੱਤਾ ਹੈ ਇਸ ਲਈ ਉਹ ਮੰਨਣਯੋਗ ਨਹੀਂ ਹੈ। ਅਸਲ ਵਿਚ ਭਾਈ ਵੀਰ ਸਿੰਘ ਨੇ ਕਵੀ ਸੈਨਾਪਤਿ ਅਤੇ ਭਾਈ ਸੰਤੋਖ ਸਿੰਘ ਦੀ ਲਿਖਤ ਦੀ ਵਿਆਖਿਆ ਨੂੰ ਆਪਣੇ ਅੰਦਾਜ਼ ਅਨੁਸਾਰ ਗੋਲਮੋਲ ਕਰਕੇ ਬਿਗਾੜਨ ਦੀ ਕੋਸ਼ਿਸ਼ ਕੀਤੀ ਹੈ।

ਅੱਜਕੱਲ ਬਘੌਰ ਸ਼ਹਿਰ ਵਿਚ ਉਸ ਕਿਲ੍ਹੇ ਵਾਲੀ ਥਾਂ ਤੇ ਬੜਾ ਹੀ ਸੁੰਦਰ ਚਿੱਟੇ ਸੰਗਮਰਮਰ ਦਾ ਗੁਰਦੁਆਰਾ ਸਸ਼ੋਭਤ ਹੈ। ਇਹ ਕਿਲ੍ਹਾ ਸ਼ਹਿਰ ਦੇ ਵਿਚਕਾਰ ਹੈ। ਗੁਰਦੁਆਰਾ ਉਸ ਅਸਥਾਨ ਤੇ ਉਸਾਰਿਆ

ਹੋਇਆ ਹੈ ਜਿਹੜਾ ਹਿੱਸਾ ਕਿਲ੍ਹੇ ਦਾ ਢਹਿ ਗਿਆ ਸੀ। ਇਸ ਢੱਠੇ ਹਿੱਸੇ ਨੂੰ ਰਾਜਸਥਾਨ ਦੇ ਸਿੱਖਾਂ ਨੇ ਉਥੋਂ ਦੀ ਰਾਜ ਸਰਕਾਰ ਕੋਲੋਂ ਗੁਰਦੁਆਰੇ ਦੀ ਉਸਾਰੀ ਵਾਸਤੇ ਲੈ ਲਿਆ ਸੀ। ਬਾਕੀ ਅੱਧੋ ਨਾਲੋਂ ਜ਼ਿਆਦਾ ਕਿਲ੍ਹਾਂ ਅਜੇ ਉਸੇ ਤਰ੍ਹਾਂ ਕਾਇਮ ਹੈ। ਇਸ ਵਿਚ ਸਰਕਾਰੀ ਪਰਾਇਮਰੀ ਸਕੂਲ ਖੁੱਲ੍ਹਿਆ ਹੋਇਆ ਹੈ। ਸਿੱਖਾਂ ਦੀ ਕੋਸ਼ਿਸ਼ ਹੈ ਕਿ ਕਿਲ੍ਹੇ ਦੇ ਇਸ ਹਿੱਸੇ ਨੂੰ ਵੀ ਪਰਾਪਤ ਕਰ ਲਿਆ ਜਾਵੇ। ਉਨ੍ਹਾਂ ਦੀ ਗੱਲਬਾਤ ਰਾਜਸਥਾਨ ਸਰਕਾਰ ਨਾਲ ਚੱਲ ਰਹੀ ਹੈ ਅਤੇ ਸਾਬਕਾ ਮੁੱਖ ਮੰਤਰੀ ਸ੍ਰੀ ਅਸ਼ੋਕ ਗਹਿਲੋਤ ਨੇ ਇਸ ਹਿੱਸੇ ਨੂੰ ਦੇਣ ਦਾ ਵਾਇਦਾ ਵੀ ਕਰ ਲਿਆ ਸੀ। ਇਸ ਸਮੇਂ ਰਾਜਸਥਾਨ ਦੇ ਸਿੱਖ ਇਸ ਗੱਲ ਬਾਰੇ ਸੋਚ ਰਹੇ ਹਨ ਕਿ ਜੇਕਰ ਉਹ ਸਰਕਾਰੀ ਪਰਾਇਮਰੀ ਸਕੂਲ ਵਾਸਤੇ ਸ਼ਹਿਰ ਦੇ ਕਿਸੇ ਹੋਰ ਪਾਸੇ ਲੋੜੀਂਦੀ ਜ਼ਮੀਨ ਲੈ ਕੇ ਦੇ ਦੇਣ ਤਾਂ ਵਰਤਮਾਨ ਕਿਲ੍ਹਾ ਛੇਤੀ ਅਤੇ ਸੌਖਿਆਂ ਹੀ ਪਰਾਪਤ ਕੀਤਾ ਜਾ ਸਕਦਾ ਹੈ। ਭੀਲਵਾੜੇ ਦੇ ਸਿੱਖ ਇਹ ਕੋਸ਼ਿਸ਼ ਕਰ ਰਹੇ ਹਨ। ਪਰ ਉਨ੍ਹਾਂ ਪਾਸ ਪੈਸੇ ਦੀ ਕਮੀ ਹੈ।

ਕਿਲ੍ਹੇ ਦਾ ਇਹ ਮੌਜੂਦ ਹਿੱਸਾ ਪੂਰੀ ਤਰ੍ਹਾਂ ਉਸੇ ਰੂਪ ਵਿਚ ਹੈ ਜਿਸ ਤਰ੍ਹਾਂ ਗੁਰੂ ਸਾਹਿਬ ਦੇ ਸਮੇਂ ਵਿਚ ਸੀ। ਪਹਿਲਾਂ ਡਿਊਢੀ ਦੇ ਰੂਪ ਵਿਚ ਬੜਾ ਮਜ਼ਬੂਤ ਦਰਵਾਜ਼ਾ ਹੈ। ਫਿਰ ਇਸ ਦਰਵਾਜ਼ੇ ਰਾਹੀਂ ਅੰਦਰ ਦਾਖ਼ਲ ਹੋ ਕੇ ਇਕ ਚੌੜਾ ਵਿਹੜਾ (ਦਲਾਨ) ਹੈ। ਇਹ ਵਿਹੜੇ ਦੀਆਂ ਖੱਬੀਆਂ-ਸੱਜੀਆਂ ਬਾਹੀਆਂ ਤੇ ਕੋਠੜੀਆਂ ਅਤੇ ਵਰਾਂਡੇ ਹਨ। ਅੱਗੇ ਬਿਲਕੁਲ ਸਾਹਮਣੇ ਪਾਸੇ ਫਿਰ ਦੋ ਮੰਜ਼ਲੇ ਕਮਰੇ ਹਨ। ਇਸ ਹਿੱਸੇ ਦੇ ਬਿਲਕੁਲ ਪਿੱਛਲੇ ਪਾਸੇ ਕਿਲ੍ਹੇ ਦਾ ਰਿਹਾਇਸੀ ਹਿੱਸਾ ਸੀ ਜਿਹੜਾ ਕਿ ਹੁਣ ਢਹਿ ਚੁੱਕਿਆ ਹੈ ਅਤੇ ਗੁਰਦੁਆਰੇ ਵਾਲੀ ਥਾਂ ਬਣ ਚੁੱਕਿਆ ਹੈ। ਸ਼ਹਿਰ ਦੇ ਬਿਲਕੁਲ ਬਾਹਰਵਾਰ ਇਕ ਬੜੀ ਵਿਸ਼ਾਲ ਅਤੇ ਡੂੰਘੀ ਝੀਲ ਹੈ। ਇਸ ਵਿਚ ਸਾਰਾ ਸਾਲ ਹੀ ਪਾਣੀ ਰਹਿੰਦਾ ਹੈ। ਕੁਠਾਰੀ ਨਦੀ ਇਸੇ ਝੀਲ ਵਿਚੋਂ ਦੀ ਨਿਕਲ ਕੇ ਜਾਂਦੀ ਹੈ। ਸ਼ਹਿਰ ਦੇ ਖੇਤ ਬੜੇ ਹੀ ਹਰੇ-ਭਰੇ ਅਤੇ ਉਪਜਾਊ ਹਨ। ਫਸਲਾਂ-ਮੱਕੀ, ਕਪਾਹ ਅਤੇ ਜਵਾਰ ਬਹੁਤ ਹੀ ਵਧੀਆ ਰੂਪ ਵਿਚ ਖੜੀਆਂ ਸਨ। ਅਸੀਂ ਤਾਂ ਪੰਜਾਬ ਵਿਚ ਵੀ ਐਸੀਆਂ ਪ੍ਰਫੁੱਲਤ ਫਸਲਾਂ ਨਹੀਂ ਦੇਖੀਆਂ ਸਨ। ਖੇਤਾਂ ਵਿਚ ਦਰੱਖਤ ਵੀ ਬਹੁਤ ਹਨ ਅਤੇ ਇਹ ਹਰੇ ਭਰੇ ਹਨ। ਬਾਗ ਵੀ ਹਨ ਅਤੇ ਫਲਦਾਰ ਰੁੱਖ ਵੀ ਹਨ।

ਸਥਾਨਕ ਲੋਕ ਬੜੇ ਹੀ ਮਿਲਣਸਾਰ, ਪਰ ਗਰੀਬ ਹਨ। ਕਈਆਂ ਲੋਕਾਂ ਦੇ ਘਰ ਗੁਰਦੁਆਰਾ ਸਾਹਿਬ ਦੀ ਜ਼ਮੀਨ ਵਿਚ ਆਉਂਦੇ ਸਨ। ਇਸ ਲਈ ਉਨ੍ਹਾਂ ਨੇ ਬੜੀ ਖੁਸ਼ੀ ਨਾਲ, ਜਿਨ੍ਹਾਂ ਵੀ ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਦਾ ਮੁੱਲ ਮਿਲਿਆ, ਉਨ੍ਹਾਂ ਨੇ ਮਨਜ਼ੂਰ ਕਰ ਲਿਆ ਸੀ ਅਤੇ ਆਪਣੇ ਘਰਾਂ ਨੂੰ ਛੱਡ ਦਿੱਤਾ ਸੀ।

ਕਿਉਂਕਿ ਗੁਰੂ ਸਾਹਿਬ ਇੱਥੇ ਉਸ ਸਮੇਂ ਆਏ ਸਨ ਜਦੋਂ ਕਿ ਉਨ੍ਹਾਂ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲ ਚੁੱਕੀ ਸੀ। ਇਸ ਲਈ ਇੱਥੇ ਬਘੌਰ ਸਾਹਿਬ ਵਿਖੇ ਉਨ੍ਹਾਂ ਕੁ ਸਮਾ ਰਹਿਣਾ ਚਾਹੁੰਦੇ ਸਨ ਜਦੋਂ ਤੱਕ ਉਨ੍ਹਾਂ ਨੂੰ ਅਗਲੀ ਸਥਿਤੀ ਦੀ ਪੂਰੀ ਸਪਸ਼ਟ ਜਾਣਕਾਰੀ ਨਹੀਂ ਸੀ ਮਿਲ ਜਾਂਦੀ। ਪਰ ਇੱਥੇ ਲੜਾਈ ਹੋਣ ਕਾਰਨ ਹੋ ਸਕਦਾ ਹੈ ਕਿ ਗੁਰੂ ਸਾਹਿਬ ਨੂੰ ਇੱਥੋਂ ਜਲਦੀ ਹੀ ਕੂਚ ਕਰਨਾ ਪੈ ਗਿਆ ਹੋਵੇ। ਇਸ ਗੱਲ ਬਾਰੇ ਤਾਂ ਕੋਈ ਜਾਣਕਾਰੀ ਨਹੀਂ ਮਿਲਦੀ ਕਿ ਗੁਰੂ ਸਾਹਿਬ ਬਘੌਰ ਤੋਂ ਕੂਚ ਕਰਕੇ ਕਿਹੜੀ ਥਾਂ ਤੇ ਜਾ ਕੇ ਰਹੇ ਸਨ ਪਰ ਰਹੇ ਜ਼ਰੂਰ ਸਨ। ਕਿਉਂਕਿ ਬਘੌਰ ਤੋਂ ਦਿੱਲੀ ਇਤਨੀ ਦੂਰ ਹੈ ਕਿ ਦੋ-ਚਾਰ ਦਿਨਾਂ ਵਿਚ ਵੀ ਨਹੀਂ ਪਹੁੰਚਿਆ ਜਾ ਸਕਦਾ ਸੀ। ਕਵੀ ਸੈਨਾਪਤਿ ਅਤੇ ਭਾਈ ਸੰਤੋਖ ਸਿੰਘ ਵਲੋਂ ਗੁਰੂ ਜੀ ਨੂੰ ਬਘੌਰ ਤੋਂ ਸਿੱਧਾ ਦਿੱਲੀ ਹੀ ਪਹੁੰਚਦਿਆਂ ਦਿਖਾਇਆ ਗਿਆ ਹੈ।

ਕਵੀ ਸੈਨਾਪਤਿ ਨੇ ਲਿਖਿਆ ਹੈ ਕਿ ਔਰੰਗਜ਼ੇਬ ਦੇ ਮਰਨ ਉਪਰੰਤ ਉਸ ਦੇ ਛੋਟੇ ਪੁੱਤਰ ਆਜ਼ਮ ਸ਼ਾਹ (ਤਾਰਾ ਆਜ਼ਮ) ਨੇ ਤੁਰੰਤ ਹੀ ਦੱਖਣ ਵਿਚ ਆਪਣੇ ਆਪ ਨੂੰ ਦੇਸ਼ ਦਾ ਬਾਦਸ਼ਾਹ ਘੋਸ਼ਤ ਕਰ ਦਿੱਤਾ ਸੀ। ਵੱਡਾ ਸ਼ਾਹਜ਼ਾਦਾ ਮੁਅੱਜ਼ਮ ਜਮਰੌਦ (ਦਰਿਆ ਸਿੰਧ ਤੋਂ ਪਰੇ) ਸੀ । ਇਸ ਨੇ ਵੀ ਆਪਣੇ ਆਪ ਨੂੰ ਬਾਦਸ਼ਾਹ ਘੋਸ਼ਤ ਕਰਕੇ ਦਿੱਲੀ ਵੱਲ ਨੂੰ ਕੂਚ ਕਰ ਦਿੱਤਾ ਸੀ। ਜਦੋਂ ਸ਼ਾਹਜ਼ਾਦਾ ਮੁਅੱਜ਼ਮ, ਜਿਹੜਾ ਕਿ ਬਾਦਸ਼ਾਹ ਬਣਨ ਬਾਅਦ ਬਹਾਦੁਰ ਸ਼ਾਹ ਬਣ ਗਿਆ ਸੀ। ਦਿੱਲੀ ਦੇ ਨੇੜੇ ਪਹੁੰਚਿਆ ਤਾਂ ਉਸ ਨੇ ਗੁਰੂ ਜੀ ਨੂੰ ਸੁਨੇਹਾ ਭੇਜ ਕੇ ਦਿੱਲੀ ਵਿਖੇ ਹੀ ਬੁਲਾ ਲਿਆ ਸੀ ਬੇਨਤੀ ਕੀਤੀ ਗਈ ਸੀ ਕਿ ਗੁਰੂ ਜੀ ਉਸ ਨੂੰ ਆਸ਼ੀਰਵਾਦ ਦੇਣ ਅਤੇ ਹੋਣ ਵਾਲੀ ਦੋਵੇਂ ਭਰਾਵਾਂ ਦੀ ਆਪਸੀ ਲੜਾਈ (ਸੁਲਤਾਨੀ ਜੰਗ) ਵਿਚ ਉਸ ਦੀ ਮਦਦ ਕਰਨ।

ਦਿੱਲੀ ਨਿਕਟ ਆਪ ਜਬ ਆਯੋ॥ ਲਿਖਾ ਕੀਓ ਪ੍ਰਭ ਪਾਸ ਪਠਾਯੋ॥7 ॥678॥

ਦੋਹਰਾ॥ ਕਰਿ ਜੋਰੇ ਐਸੇ ਕਹਿਓ ਨਿਮਖ ਬਿਲਮ ਨਹੀਂ ਲਾਇ॥
ਇਹ ਸੁਲਤਾਨੀ ਜੰਗ ਮੇਂ ਤੁਮ ਪ੍ਰਭ ਹੋਹੁ ਸਹਾਇ॥ 8 ॥679 ॥

ਗਿਆਨੀ ਗਿਆਨ ਸਿੰਘ ਵੀ ਇਸੇ ਮਤ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਬਹਾਦੁਰ ਸ਼ਾਹ ਨੇ ਲਿਖਤੀ ਸੁਨੇਹਾ ਭੇਜ ਕੇ ਗੁਰੂ ਜੀ ਨੂੰ ਦਿੱਲੀ ਵਿਖੇ ਆ ਕੇ ਮਿਲਣ ਦੀ ਬੇਨਤੀ ਕੀਤੀ ਸੀ।[25] ਜਦੋਂ ਗੁਰੂ ਜੀ ਪਾਸ ਇਹ ਲਿਖਤੀ ਸੁਨੇਹਾ ਅਤੇ ਬੇਨਤੀ ਪਹੁੰਚੀ ਤਾਂ ਗੁਰੂ ਜੀ ਨੇ ਲਿਖਤੀ ਜਵਾਬ ਭੇਜਦੇ ਹੋਏ ਅਸੀਰਵਾਦ ਦੇ ਰੂਪ ਵਿਚ ਲਿਖਿਆ ਕਿ 'ਬਹਾਦੁਰ ਸ਼ਾਹ ਨੂੰ ਕੋਈ ਸ਼ੰਕਾ ਨਹੀਂ ਰੱਖਣਾ ਚਾਹੀਦਾ ਹੈ ਰਾਜ-ਭਾਗ ਉਸੇ ਦਾ ਹੀ ਰਹੇਗਾ। ਇਹ ਸੁਣ ਕੇ ਬਹਾਦੁਰ ਸ਼ਾਹ ਦੇ ਮਨ ਵਿਚ ਸ਼ਾਂਤੀ ਆ ਗਈ।' ਕਵੀ ਸੈਨਾਪਤਿ ਦੇ ਇਸ ਬਿਆਨ ਦੀ ਰੋਸ਼ਨੀ ਵਿਚ ਗੁਰੂ ਜੀ ਬਾਦਸ਼ਾਹ ਦੀ ਬੇਨਤੀ ਮਿਲਣ ਉਪਰੰਤ ਦਿੱਲੀ ਪਹੁੰਚ ਗਏ ਸਨ ਅਤੇ ਉਨ੍ਹਾਂ ਦਾ ਡੇਰਾ ਜਮੁਨਾ ਨਦੀ ਦੇ ਕੰਢੇ ਉਪਰ ਸੀ।

ਸ਼ਾਹਜਹਾਨਾਬਾਦਿ ਪ੍ਰਭੁ ਜਬ ਆਇ ਕੈ॥
ਕੌਤਿਕ ਕਰੇ ਅਪਾਰ ਪ੍ਰਭੁ ਬਿਗਸਾਇ ਕੈ॥
ਜਮਨਾ ਕੇ ਤਟ ਪਰ ਜਹਾਂ ਡੇਰਾ ਕੀਓ॥
ਜੀ ਕੀਨੋ ਸਿਸਟਿ ਉਧਾਰ ਦਰਸ ਐਸੇ ਦੀਓ॥ ਧਿਆਉ ਸੋਲ੍ਹਵਾ॥7॥ 696 ॥

ਇਸ ਤਰ੍ਹਾਂ ਬਹਾਦੁਰ ਸ਼ਾਹ ਵਲੋਂ ਲਿਖਤੀ ਬੇਨਤੀ ਮਿਲਣ ਉਪਰੰਤ ਗੁਰੂ ਜੀ ਬਘੌਰ ਤੋਂ ਬੜੀ ਤੇਜ਼ ਗਤੀ ਨਾਲ ਦਿੱਲੀ ਪਹੁੰਚ ਗਏ ਸਨ। ਰਸਤੇ ਵਿਚ ਕਿੱਥੇ-ਕਿੱਥੇ ਅਤੇ ਕਿਤਨੇ ਪੜਾਅ ਕੀਤੇ ਇਸ ਬਾਰੇ ਕੋਈ ਜਾਣਕਾਰੀ ਕਿਸੇ ਪਾਸਿਓਂ ਵੀ ਨਹੀਂ ਮਿਲਦੀ। ਸੈਨਾਪਤਿ ਵੀ ਗੁਰੂ ਜੀ ਦੇ ਸਿੱਧਾ ਦਿੱਲੀ ਪਹੁੰਚਣ ਦੀ ਹੀ ਗੱਲ ਕਰਦਾ ਹੈ। ਪਰ ਬਘੌਰ ਤੋਂ ਦਿੱਲੀ ਦਾ ਬਹੁਤ ਜ਼ਿਆਦਾ ਫਾਸਲਾ ਹੈ ਇਸ ਲਈ ਰਸਤੇ ਵਿਚ ਅਨੇਕਾਂ ਪੜਾਅ ਹੋਣੇ ਸੁਭਾਵਕ ਸਨ।

ਦਿੱਲੀ ਦੀਆਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਘੋੜਿਆਂ, ਗੱਡਿਆਂ ਅਤੇ ਰਥਾਂ ਉੱਪਰ ਸੁਆਰ ਹੋ ਕੇ ਪਹੁੰਚਦੀਆਂ ਸਨ। ਅਨੇਕਾਂ ਲੋਕ ਪੈਦਲ ਹੀ ਚਲੇ ਆਉਂਦੇ ਸਨ। ਦਿੱਲੀ ਵਿਖੇ ਗੁਰੂ ਜੀ ਕਈ ਦਿਨ ਠਹਿਰੇ ਸਨ। ਇਨ੍ਹਾਂ ਦਿਨਾਂ ਦੌਰਾਨ ਗੁਰੂ ਜੀ ਕਿੱਥੇ-ਕਿੱਥੇ ਗਏ ਇਸ ਗੱਲ ਦੀ ਜਾਣਕਾਰੀ ਕਵੀ ਸੈਨਾਪਤਿ ਨੇ ਤਾਂ ਨਹੀਂ ਦਿੱਤੀ, ਪਰ ਭਾਈ ਸੰਤੋਖ ਸਿੰਘ ਨੇ ਇਹ ਜਾਣਕਾਰੀ ਜ਼ਰੂਰ ਦਿੱਤੀ ਹੈ। ਉਸ ਅਨੁਸਾਰ ਗੁਰੂ ਜੀ ਨੇ ਮੁਖੀ ਸਿੱਖਾਂ ਨਾਲ ਕਿਸ਼ਤੀ ਵਿਚ ਬੈਠ ਕੇ ਜਮੁਨਾ ਦਰਿਆ ਰਾਹੀਂ, ਇਸ ਦੇ ਦੋਹਾਂ ਕੰਢਿਆਂ ਉੱਪਰ ਵਸੇ ਦਿੱਲੀ ਸ਼ਹਿਰ ਨੂੰ ਦੇਖਿਆ। ਗੁਰੂ ਜੀ ਨੇ ਕਿਹਾ ਕਿ ਉਹ ਗੁਰੂ ਤੇਗ਼ ਬਹਾਦੁਰ ਜੀ ਦੇ ਸ਼ਹੀਦ ਹੋਣ ਵਾਲੀ ਥਾਂ ਨੂੰ ਦੇਖਣਾ ਚਾਹੁੰਦੇ ਹਨ। ਸਿੱਖ ਗੁਰੂ ਜੀ ਨੂੰ ਉਸ ਥਾਂ ਤੇ ਲੈ ਗਏ ਸਨ। ਗੁਰੂ ਜੀ ਨੇ ਕਿਹਾ ਕਿ ਇਸ ਥਾਂ ਉੱਪਰ ਸ਼ਹੀਦ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਹੋਣਾ ਚਾਹੀਦਾ ਹੈ। ਔਰੰਗਜ਼ੇਬ ਦਾ ਸਮਾਂ ਖ਼ਤਮ ਹੋ ਗਿਆ ਹੈ। ਹੁਣ ਸਮਾਂ ਹੋਰ ਹੈ। ਡਰਨ ਵਾਲੀ ਕੋਈ ਗੱਲ ਨਹੀਂ ਹੈ। ਇਥੇ ਗੁਰਦੁਆਰਾ ਉਸਾਰੋ।[26]

ਸੰਭਾਵਨਾ ਹੈ ਕਿ ਗੁਰੂ ਜੀ ਅਤੇ ਬਹਾਦੁਰ ਸ਼ਾਹ ਦੀ ਮੁਲਾਕਾਤ ਦਿੱਲੀ ਵਿਖੇ ਹੋਈ। ਕਿਉਂਕਿ ਲੜਾਈ ਅਟੱਲ ਸੀ ਅਤੇ ਮਾਹੌਲ ਸਾਰਾ ਲੜਾਈ ਵਾਲਾ ਸੀ ਇਸ ਲਈ ਬਹਾਦੁਰ ਸ਼ਾਹ ਆਪਣੇ ਪੂਰੇ ਲਾਓ-ਲਸ਼ਕਰ ਸਮੇਤ ਅੱਗੇ ਆਗਰੇ ਨੂੰ ਰਵਾਨਾ ਹੋ ਗਿਆ ਅਤੇ ਆਗਰੇ ਤੋਂ ਅੱਗੇ ਲੜਾਈ ਲਈ ਜਾਜਉ ਦੇ ਮੈਦਾਨ ਵਿਚ ਪਹੁੰਚ ਗਿਆ ਸੀ।

ਇੱਥੇ ਥੋੜ੍ਹਾ ਜਿਹਾ ਬਿਰਤਾਂਤ ਬਹਾਦੁਰ ਸ਼ਾਹ ਦਾ ਦੇਣਾ ਵਿਸ਼ੇ ਤੋਂ ਬਾਹਰ ਦੀ ਗੱਲ ਨਹੀਂ ਹੈ। ਬਹਾਦੁਰ ਸ਼ਾਹ ਦਾ ਪਹਿਲਾ ਨਾ ਸ਼ਾਹਜ਼ਾਦਾ ਮੁਅੱਜ਼ਮ ਸੀ। ਉਹ ਔਰੰਗਜ਼ੇਬ ਦਾ ਦੂਸਰਾ ਵੱਡਾ ਪੁੱਤਰ ਸੀ। ਇਸ ਦੀ ਮਾਂ ਦਾ ਨਾਂ ਨਵਾਬ ਬਾਈ ਸੀ ਜਿਹੜੀ ਕਿ ਕਸ਼ਮੀਰ ਵਿਚਲੇ ਮਹੌਡੀ ਦੇ ਰਾਜਾ ਰਾਜੂ ਦੀ ਧੀ ਸੀ। ਮੁਅੱਜ਼ਮ ਦਾ ਜਨਮ 14 ਅਕਤੂਬਰ, 1643 ਨੂੰ ਬੁਰਹਾਨਪੁਰ ਵਿਖੇ ਹੋਇਆ ਸੀ। ਬੁਰਹਾਨਪੁਰ ਇਸ ਦੇ ਨਾਨਕੇ ਸਨ। ਇਸੇ ਹੀ ਮਾਂ ਤੋਂ ਮੁਅੱਜ਼ਮ ਤੋਂ ਵੱਡਾ ਇਕ ਪੁੱਤਰ ਮੁਹੰਮਦ ਸੁਲਤਾਨ ਸੀ ਜਿਹੜਾ 39 ਸਾਲ ਦੀ ਉਮਰ ਵਿਚ 14 ਦਸੰਬਰ, 1676 ਨੂੰ ਮਰ ਗਿਆ ਸੀ। ਇਸ ਕਰਕੇ ਸ਼ਾਹਜ਼ਾਦਾ ਮੁਅੱਜ਼ਮ ਹੀ ਸਭ ਤੋਂ ਵੱਡਾ ਪੁੱਤਰ ਸੀ ਜਿਸ ਨੂੰ ਔਰੰਗਜ਼ੇਬ ਨੇ ਵਲੀ-ਅਹਿਦ (Crown Prince) ਐਲਾਨ ਦਿੱਤਾ ਸੀ ਅਤੇ ਇਸ ਨੂੰ ਸ਼ਾਹ ਆਲਮ ਦਾ ਤਖੱਲਸ ਵੀ ਬਖਸ਼ਿਆ ਸੀ। ਇਸ ਤਰ੍ਹਾਂ ਕਈ ਲਿਖਤਾਂ ਵਿਚ ਇਸ ਨੂੰ ਸ਼ਾਹਜ਼ਾਦਾ ਮੁਅੱਜ਼ਮ ਸ਼ਾਹ ਆਲਮ

ਜਾਂ ਬਹਾਦੁਰ ਸ਼ਾਹ ਸ਼ਾਹ ਆਲਮ ਕਰਕੇ ਵੀ ਲਿਖਿਆ ਗਿਆ ਹੈ। 1667 ਵਿਚ ਮੁਅੱਜ਼ਮ ਨੂੰ ਦੱਖਣੀ ਭਾਰਤ ਦਾ ਸੂਬੇਦਾਰ ਬਣਾ ਕੇ ਭੇਜਿਆ ਗਿਆ ਸੀ ਜਿੱਥੇ ਕਿ ਉਹ 12 ਸਾਲਾਂ ਤਕ ਰਿਹਾ ਸੀ। 1683-84 ਵਿਚ ਇਸ ਨੂੰ ਕੋਂਕਨ ਵੀ ਭੇਜਿਆ ਗਿਆ ਸੀ। ਫਿਰ ਬੀਜਾਪੁਰ ਅਤੇ ਗੋਲਕੁੰਡਾ ਦੀ ਫੌਜੀ ਮੁਹਿੰਮ ਤੇ ਭੇਜਿਆ ਗਿਆ ਸੀ। 1687 ਵਿਚ ਔਰੰਗਜ਼ੇਬ ਨੂੰ ਇਸ ਤੇ ਕੁਝ ਐਸਾ ਸ਼ੱਕ ਹੋਇਆ ਕਿ ਇਸ ਨੂੰ ਪਰਿਵਾਰ ਸਮੇਤ ਗਰਿਫ਼ਤਾਰ ਕਰ ਕੇ ਕਿਲ੍ਹੇ ਦੀ ਕੈਦ ਵਿਚ ਬੰਦ ਕਰ ਦਿੱਤਾ ਸੀ। ਇਹ ਕੈਦ ਪੰਜ ਸਾਲ ਦੀ ਸੀ। 24 ਮਈ, 1695 ਨੂੰ ਇਸ ਨੂੰ ਰਿਹਾ ਕੀਤਾ ਗਿਆ ਸੀ ਅਤੇ ਅਕਬਰਾਬਾਦ ਦਾ ਸੂਬੇਦਾਰ ਬਣਾ ਕੇ ਭੇਜਿਆ ਗਿਆ। 1698-99 ਵਿਚ ਇਸ ਨੂੰ ਪੰਜਾਬ ਅਤੇ ਕਾਬੁਲ ਦਾ ਸੂਬੇਦਾਰ ਬਣਾ ਕੇ ਭੇਜਿਆ ਗਿਆ ਸੀ।[27] ਪਰ ਸਾਕੀ ਮੁਸਤਾਅਦ ਖਾਂ ਦੇ ਅਨੁਸਾਰ ਸ਼ਾਹਜ਼ਾਦ ਮੁਅੱਜ਼ਮ ਨੂੰ 1679 ਵਿਚ ਲਾਹੌਰ ਦਾ ਸੂਬੇਦਾਰ ਬਣਾ ਕੇ ਭੇਜਿਆ ਗਿਆ ਸੀ।[28] ਇਸ ਕਰਕੇ ਉਕਤ ਮਿਤੀਆਂ ਦਾ ਭਰੋਸੇ-ਯੋਗ ਹੋਣਾ ਵਿਵਾਦਮਈ ਹੈ। ਪੰਜਾਬ ਵਿਚ ਆਉਣ ਕਰਕੇ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਬਣ ਗਿਆ ਸੀ। ਇਸ ਦੇ ਦਰਬਾਰ ਵਿਚ ਭਾਈ ਨੰਦ ਲਾਲ ਜੈਸੇ ਸਿਆਣੇ ਵਿਦਵਾਨ ਸਨ। ਇਨ੍ਹਾਂ ਕਰਕੇ ਇਸ ਦਾ ਮੇਲ ਗੁਰੂ ਜੀ ਨਾਲ ਹੋ ਗਿਆ ਸੀ। ਇਸ ਦੀ ਫੌਜ ਵਿਚ ਸਿੱਖ ਸਿਪਾਹੀ ਵੀ ਸਨ। ਇਹ ਜਦੋਂ ਪੰਜਾਬ ਵਿਚੋਂ ਦੀ ਲੰਘ ਕੇ ਕਾਬਲ ਨੂੰ ਸੂਬੇਦਾਰੀ ਸੰਭਾਲਣ ਵਾਸਤੇ ਜਾ ਰਿਹਾ ਸੀ ਤਾਂ ਇਸ ਦੀ ਫੌਜ ਨੇ ਪਹਾੜੀ ਰਾਜਿਆਂ ਨੂੰ ਬੁਰੀ ਤਰ੍ਹਾਂ ਸੋਧ ਦਿੱਤਾ ਸੀ।[29]

ਕਾਬੁਲ ਇਹ 4 ਜੂਨ, 1699 ਨੂੰ ਪਹੁੰਚਿਆ ਸੀ। 1699 ਤੋਂ ਲੈ ਕੇ ਮਾਰਚ, 1707 ਤਕ ਇਹ ਕਾਬੁਲ ਵਿਖੇ ਹੀ ਰਿਹਾ ਸੀ। ਔਰੰਗਜ਼ੇਬ 20 ਫਰਵਰੀ, 1707 ਨੂੰ ਮਰ ਗਿਆ ਸੀ। ਮੁਅੱਜ਼ਮ ਉਸ ਸਮੇਂ ਜਮਰੌਦ ਦੇ ਕਿਲ੍ਹੇ ਵਿਚ ਸੀ। ਇਸ ਨੂੰ ਆਪਣੇ ਬਾਪ ਦੀ ਮੌਤ ਦੀ ਖ਼ਬਰ 22 ਮਾਰਚ, 1707 ਨੂੰ ਮਿਲੀ ਸੀ। ਜਮਰੌਦ ਅਹਿਮਦਨਗਰ ਤੋਂ, ਜਿੱਥੇ ਔਰੰਗਜ਼ੇਬ ਮਰਿਆ ਸੀ, 1400 ਮੀਲ ਦੂਰ ਸੀ। ਉਸ ਸਮੇਂ ਆਵਾਜਾਈ ਦੇ ਹਾਲ ਇਹ ਸੀ ਕਿ ਇਸ ਨੂੰ ਆਪਣੇ ਪਿਤਾ ਦੀ ਮੌਤ ਦੀ ਖ਼ਬਰ ਪੂਰੇ ਬੀਹ ਦਿਨਾਂ ਬਾਅਦ ਮਿਲੀ ਸੀ।[30]

ਔਰੰਗਜ਼ੇਬ ਦਾ ਇਕ ਪੁੱਤਰ ਹੋਰ ਸੀ ਮੁਹੰਮਦ ਆਜ਼ਮ। ਇਸ ਨੂੰ ਤਾਰਾ ਆਜ਼ਮ ਜਾਂ ਆਜ਼ਮ ਸ਼ਾਹ ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਸੀ। ਮੌਤ ਸਮੇਂ ਇਹ ਅਹਿਮਦਨਗਰ ਦੇ ਨੇੜੇ ਸੀ। ਇਸ ਦਾ ਜਨਮ 9 ਜੁਲਾਈ, 1653 ਨੂੰ ਔਰੰਗਜ਼ੇਬ ਦੀ ਦੂਸਰੀ ਪਤਨੀ ਦਿਲਰਸ ਬਾਨੋ ਦੇ ਪੇਟੋਂ ਹੋਇਆ ਸੀ। ਇਹ ਮੌਤ ਸਮੇਂ ਅਹਿਮਦਨਗਰ ਵਿਖੇ ਪਹੁੰਚ ਗਿਆ ਸੀ। ਇਸ ਨੇ ਉਥੇ ਹੀ ਆਜ਼ਮ ਸ਼ਾਹ ਦੇ ਤਖੱਲਸ ਨਾਲ ਆਪਣੇ ਆਪ ਨੂੰ ਬਾਦਸ਼ਾਹ ਐਲਾਨ ਦਿੱਤਾ ਸੀ।[31] ਮੁਗਲ ਸਾਮਰਾਜ ਦੀ ਰਾਜਧਾਨੀ ਆਗਰਾ ਇਸ ਸਮੇਂ ਬਿਲਕੁਲ ਸੁੰਨੀ ਸੀ। ਆਜ਼ਮ ਸ਼ਾਹ ਅਹਿਮਦ ਨਗਰ ਵਿਖੇ ਸੀ ਜਿਹੜਾ ਕਿ ਆਗਰੇ ਤੋਂ 700 ਮੀਲ ਸੀ ਅਤੇ ਸ਼ਾਹਜ਼ਾਦਾ ਮੁਅੱਜ਼ਮ ਜਮਰੌਦ ਵਿਖੇ ਸੀ ਜਿਹੜਾ ਕਿ ਆਗਰੇ ਤੋਂ 715 ਮੀਲ ਦੂਰ ਸੀ। ਇਸ ਤਰ੍ਹਾਂ ਔਰੰਗਜ਼ੇਬ ਦੇ ਦੋਵੇਂ ਪੁੱਤਰ ਜਿਹੜੇ ਕਿ ਬਾਦਸ਼ਾਹ ਬਣਨ ਦਾ ਐਲਾਨ ਕਰ ਚੁੱਕੇ ਸਨ, ਆਗਰੇ ਤੋਂ ਤਕਰੀਬਨ ਇਕੋ ਜਿੰਨੀ ਦੂਰੀ ਤੇ ਸਨ।

ਸ਼ਾਹਜ਼ਾਦਾ ਮੁਅੱਜ਼ਮ ਕਿਉਂਕਿ ਪੰਜਾਬ ਅਤੇ ਕਾਬੁਲ ਦਾ ਸੂਬੇਦਾਰ ਸੀ ਇਸ ਲਈ ਉਹ ਖੁਦ ਤਾਂ ਆਪਣੇ ਬਜ਼ੁਰਗਾਂ ਦੇ ਖਾਨਦਾਨੀ ਸ਼ਹਿਰ ਕਾਬਲ ਵਿਖੇ ਹੀ ਰਹਿੰਦਾ ਸੀ, ਪਰ ਲਾਹੌਰ ਵਿਚ ਉਸ ਨੇ ਆਪਣਾ ਨੁਮਾਇੰਦਾ ਮੁਨੱਈਅਮ ਖਾਨ ਨਿਯੁਕਤ ਕੀਤਾ ਹੋਇਆ ਸੀ। ਇਹ ਮੁਨੱਈਅਮ ਖਾਨ ਬੜਾ ਕਾਬਲ, ਵਫ਼ਾਦਾਰ ਅਤੇ ਰਾਜ ਪ੍ਰਬੰਧ ਵਿਚ ਨਿਪੁੰਨ ਅਧਿਕਾਰੀ ਸੀ। ਇਸ ਨੇ ਆਪਣੀ ਸਮਝ-ਸੂਝ ਅਤੇ ਹੁਸ਼ਿਆਰੀ ਨਾਲ ਸ਼ਾਹਜ਼ਾਦਾ ਮੁਅੱਜ਼ਮ ਨੂੰ ਸਾਰੇ ਹਾਲਾਤਾਂ ਤੋਂ ਜਾਣੂੰ ਰੱਖਿਆ ਹੋਇਆ ਸੀ। ਦੋਵੇਂ ਸਮਕਾਲੀ ਲੇਖਕਾਂ ਖਾਫ਼ੀ ਖਾਨ ਅਤੇ ਇਰਾਦਤ ਖਾਨ ਅਨੁਸਾਰ ਮੁਨੱਈਅਮ ਖਾਨ ਹੀ ਇਕੋ-ਇਕ ਐਸਾ ਅਧਿਕਾਰੀ ਸੀ ਜਿਸ ਨੇ ਸ਼ਾਹਜ਼ਾਦਾ ਮੁਅੱਜ਼ਮ ਨੂੰ ਪੂਰੀ ਤਰ੍ਹਾਂ ਸਾਰੇ ਹਾਲਾਤ ਤੋਂ ਜਾਣੂ ਕਰਵਾ ਕੇ ਰੱਖਿਆ ਹੋਇਆ ਸੀ ਅਤੇ ਪੰਜਾਬ ਵਿਚ ਦਿੱਲੀ ਆਗਰੇ ਨੂੰ ਰਵਾਨਾ ਹੋਣ ਲਈ ਪੂਰੀ ਜੰਗੀ ਤਿਆਰੀ ਕਰ ਕੇ ਰੱਖੀ ਹੋਈ ਸੀ। ਜਿਉਂ ਹੀ ਸ਼ਾਹਜ਼ਾਦਾ ਜਮਰੌਦ ਤੋਂ ਲਾਹੌਰ ਪਹੁੰਚਿਆ ਸੀ ਤਾਂ ਦਿੱਲੀ ਰਵਾਨਾ ਹੋਣ ਲਈ ਉਸ ਨੂੰ ਕੋਈ ਦੇਰ ਨਹੀਂ ਲੱਗੀ ਸੀ।[32]

ਇਸ ਅਨੁਸਾਰ ਸ਼ਾਹਜ਼ਾਦਾ ਮੁਅੱਜ਼ਮ, ਜਿਸ ਨੇ ਜਮਰੌਦ ਵਿਖੇ ਹੀ 22 ਮਾਰਚ ਨੂੰ ਆਪਣੇ ਪਿਤਾ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਮਿਲੀ ਸੀ, ਲਾਹੌਰ ਨੂੰ ਰਵਾਨਾ ਹੋ ਗਿਆ ਸੀ ਅਤੇ ਆਪਣੇ ਸਾਰੇ ਪੁੱਤਰਾਂ ਨੂੰ ਲਾਹੌਰ ਵਿਚ ਹੀ ਆ ਕੇ ਇਕੱਠੇ ਹੋਣ ਦੇ ਹੁਕਮ ਭੇਜ ਦਿੱਤੇ ਗਏ ਸਨ। 31 ਮਾਰਚ ਨੂੰ ਮੁਅੱਜ਼ਮ ਪਿਸ਼ਾਵਰ

ਪਹੁੰਚ ਗਿਆ ਸੀ। ਇੱਥੇ ਹੀ ਉਸ ਨੂੰ ਮੁਨੱਈਅਮ ਖਾਨ ਵਲੋਂ ਭੇਜਿਆ ਗਿਆ ਵਧਾਈ-ਪੱਤਰ ਮਿਲਿਆ ਸੀ। ਤੇਜ਼ ਗਤੀ ਨਾਲ ਮੁਅੱਜ਼ਮ ਨੇ ਸਿੰਧ ਦਰਿਆ ਪਾਰ ਕੀਤਾ ਅਤੇ ਲਾਹੌਰ ਤੋਂ 12 ਕੋਹ ਦੂਰੀ ਤੇ ਪੁਲ-ਏ-ਸ਼ਾਹਦੌਲਾ ਤੇ ਪਹੁੰਚ ਕੇ ਉਸ ਨੇ ਵੱਡਾ ਦਰਬਾਰ ਲਗਾਇਆ। ਇੱਥੇ ਹੀ ਉਸ ਨੇ ਆਪਣੇ ਆਪ ਨੂੰ ਬਾਦਸ਼ਾਹ ਐਲਾਨ ਕੀਤਾ।[33] ਤਿੰਨ ਮਈ ਨੂੰ ਉਹ ਲਾਹੌਰ ਸ਼ਹਿਰ ਵਿਚ ਦਾਖ਼ਲ ਹੋਇਆ। ਇਥੇ ਹੀ ਉਸ ਦੇ ਸਾਰੇ ਪੁੱਤਰ ਆ ਮਿਲੇ ਸਨ। ਮੁਨੱਈਅਮ ਖਾਨ ਕੋਲੋਂ 28 ਲੱਖ ਰੁਪਏ ਦਾ ਖ਼ਜ਼ਾਨਾ ਲੈ ਕੇ ਬਹਾਦੁਰ ਸ਼ਾਹ ਨੇ 5 ਮਈ ਨੂੰ ਲਾਹੌਰ ਤੋਂ ਦਿੱਲੀ ਵੱਲ ਰਵਾਨਗੀ ਕੀਤੀ। ਸਰਹਿੰਦ ਪਹੁੰਚਣ ਤੇ ਇੱਥੋਂ ਦੇ ਸੂਬੇਦਾਰ ਵਜ਼ੀਰ ਖਾਨ ਨੇ ਅੱਠ ਲੱਖ ਰੁਪਏ ਨਜ਼ਰਾਨੇ ਵਜੋਂ ਪੇਸ਼ ਕੀਤੇ। ਸੋਨੀਪਤ ਪਹੁੰਚਣ ਤੇ ਵੀ ਇੱਥੋਂ ਦੇ ਫੌਜਦਾਰ ਮਿਰਜਾ ਅਸਦ ਉਲਾ ਨੇ ਬਹੁਤ ਸਾਰਾ ਜੰਗੀ ਸਮਾਨ ਭੇਟ ਕੀਤਾ। ਪਹਿਲੀ ਜੂਨ ਨੂੰ ਦਿੱਲੀ ਪਹੁੰਚਿਆ ਗਿਆ ਸੀ।[34] ਦਿੱਲੀ ਦੇ ਫੌਜਦਾਰ ਮੁਹੰਮਦ ਯਾਰ ਖਾਨ ਨੇ ਕਿਲ੍ਹੇ ਦੀਆਂ ਚਾਬੀਆਂ ਪੇਸ਼ ਕਰ ਦਿੱਤੀਆਂ। ਦਿੱਲੀ ਵਿਖੇ ਬਹਾਦੁਰ ਸ਼ਾਹ ਨੇ ਨਿਜ਼ਾਮ-ਉਦ-ਦੀਨ ਔਲੀਆ ਅਤੇ ਖ਼ੁਵਾਜ਼ਾ ਕੁਤਬ-ਉਦ-ਦੀਨ ਬਖ਼ਤਿਆਰ ਕਾਕੀ ਦੇ ਮਕਬਰਿਆਂ ਤੇ ਸਿਜਦਾ ਕੀਤਾ। ਦਿੱਲੀ ਵਿਖੇ ਕੁਝ ਦਿਨ ਠਹਿਰਣ ਉਪਰੰਤ ਬਾਦਸ਼ਾਹ ਦਿੱਲੀ ਤੋਂ ਰਵਾਨਾ ਹੋ ਕੇ 12 ਜੂਨ ਨੂੰ ਆਗਰੇ ਦੀਆਂ ਜੂਹਾਂ ਵਿਚ ਪਹੁੰਚ ਗਿਆ ਸੀ। ਇੱਥੇ ਬਾਦਸ਼ਾਹ ਦਾ ਕੈਂਪ ਬਹੁਤ ਹੀ ਖ਼ੂਬਸੂਰਤ ਬਾਗ ਦਹਿਰ-ਏ-ਅਰਾ ਵਿਚ ਲਗਾਇਆ ਗਿਆ।[35]

ਆਗਰੇ ਦੇ ਕਿਲ੍ਹੇਦਾਰ ਬਾਕੀ ਖਾਂ ਨੇ ਕਿਲ੍ਹੇ ਦੀਆਂ ਚਾਬੀਆਂ ਬਾਦਸ਼ਾਹ ਦੇ ਹਵਾਲੇ ਕੀਤੀਆਂ। ਕਿਲ੍ਹੇ ਵਿਚ ਬਹੁਤ ਹੀ ਵੱਡਾ ਖ਼ਜ਼ਾਨਾ ਸੀ ਜਿਸ ਵਿਚ ਕਰੋੜਾਂ ਰੁਪਿਆ ਦੀ ਨਕਦੀ ਅਤੇ ਗਹਿਣੇ ਸਨ। ਇਸ ਤਰ੍ਹਾਂ ਜੰਗੀ-ਨੀਤੀ ਵਜੋਂ ਅਤੇ ਖ਼ਜ਼ਾਨੇ ਪੱਖੋਂ ਬਹਾਦੁਰ ਸ਼ਾਹ ਦੀ ਪੁਜ਼ੀਸ਼ਨ ਬਹੁਤ ਤਕੜੀ ਹੋ ਗਈ ਸੀ।

ਇਸੀ ਸਮੇਂ ਜਦੋਂ ਕਿ ਬਹਾਦੁਰ ਸ਼ਾਹ ਆਗਰੇ ਵਿਖੇ ਪੂਰੀ ਤਰ੍ਹਾਂ ਕਾਬਜ਼ ਹੋ ਗਿਆ ਸੀ ਉਸ ਦਾ ਵਿਰੋਧੀ ਆਜ਼ਮ ਸ਼ਾਹ (ਤਾਰਾ ਆਜ਼ਮ) ਨਰਬਦਾ ਨਦੀ ਪਾਰ ਕਰਕੇ ਗਵਾਲੀਅਰ ਪਹੁੰਚ ਗਿਆ ਸੀ। ਉਹ ਭਾਵੇਂ ਕਾਹਲੀ ਕਰ ਰਿਹਾ ਸੀ, ਪਰ ਉਹ ਬਹਾਦੁਰ ਸ਼ਾਹ ਤੋਂ ਪਹਿਲਾਂ ਆਗਰੇ ਨਹੀਂ ਪਹੁੰਚ ਸਕਿਆ ਸੀ। ਬਹਾਦੁਰ ਸ਼ਾਹ ਜਿਨਾ ਹੀ ਸੁਭਾਅ ਦਾ ਮੱਠਾ ਸੀ ਆਜ਼ਮ ਸ਼ਾਹ ਉਤਨਾ ਹੀ ਕਾਹਲਾ ਸੀ। ਆਜ਼ਮ ਸ਼ਾਹ ਦੇ ਇਸ ਸੁਭਾਅ ਨੇ ਉਸ ਦੇ ਪਾਸ ਇਕੱਠੇ ਹੋਏ ਬੜੇ ਸੂਰਬੀਰ ਜਰਨੈਲਾਂ ਨੂੰ ਅਕਾਅ ਦਿੱਤਾ ਸੀ ਜਿਸ ਕਰਕੇ ਕੁਝ ਤਾਂ ਰਸਤੇ ਵਿਚੋਂ ਹੀ ਉਸ ਨਾਲੋਂ ਨਿੱਖੜ ਗਏ ਸਨ ਅਤੇ ਬਾਕੀ ਦੇ ਦੋ ਚਿੱਤੀ ਵਿਚ ਸਨ। ਕਾਹਲੀ-ਕਾਹਲੀ ਵਿਚ ਆਜ਼ਮ ਸ਼ਾਹ ਆਪਣਾ ਤੋਪਖਾਨਾ ਅਤੇ ਅਸਲਾ ਦੱਖਣ ਵਿਚ ਹੀ ਪਿੱਛੇ ਛੱਡ ਆਇਆ ਸੀ। ਉਹ ਬਹਾਦੁਰ ਸ਼ਾਹ ਨੂੰ ਉਡਾਰੀ ਮਾਰ ਕੇ ਫੁੰਡਣਾ ਚਾਹੁੰਦਾ ਸੀ, ਪਰ ਇਸ ਉਡਾਰੀ ਵਿਚ ਉਹ ਆਪਣਾ ਹੀ ਸਭ ਕੁਝ ਗੁਆ ਰਿਹਾ ਸੀ। ਉਹ ਆਗਰੇ ਤੋਂ ਪਰੇ ਦਿੱਲੀ ਵਲ ਨਿਕਲ ਕੇ ਆਗਰੇ ਨੂੰ ਚਾਰੇ ਪਾਸਿਓਂ ਘੇਰਨਾ ਚਾਹੁੰਦਾ ਸੀ ਪਰ ਬਹਾਦੁਰ ਸ਼ਾਹ ਦੇ ਕਾਬਲ ਵਜ਼ੀਰ ਨੇ ਪਹਿਲੋਂ ਹੀ ਆਪਣੀ ਫੌਜ ਨੂੰ ਆਗਰੇ ਤੋਂ 28 ਕਿਲੋਮੀਟਰ ਦੂਰ ਜਾਜਉ ਸਰਾਏ ਵਾਲੇ ਮੈਦਾਨ ਵਿਚ ਲਿਆ ਕੇ ਆਜ਼ਮ ਸ਼ਾਹ ਦਾ ਰਸਤਾ ਰੋਕ ਲਿਆ ਸੀ। ਬਹਾਦੁਰ ਸ਼ਾਹ ਨੇ ਆਜ਼ਮ ਸ਼ਾਹ ਨੂੰ ਇਕ ਪੱਤਰ ਲਿਖ ਕੇ ਭੇਜਿਆ। ਇਸ ਵਿਚ ਪੇਸ਼ਕਸ਼ ਕੀਤੀ ਗਈ ਸੀ ਕਿ 'ਉਹ ਆਪਣੇ ਸਵਰਗਵਾਸੀ ਪਿਤਾ ਦੀ ਇੱਛਾ ਮੁਤਾਬਕ ਉਸ ਨੂੰ ਸੌਂਪਿਆ ਹੋਇਆ ਹਿੱਸਾ ਦੇਣ ਨੂੰ ਤਿਆਰ ਹੈ, ਸਗੋਂ ਇਸ ਤੋਂ ਵੀ ਵੱਧ ਸੂਬੇ ਉਸ ਨੂੰ ਦਿੱਤੇ ਜਾ ਸਕਦੇ ਹਨ ਜੇਕਰ ਉਹ ਉਸ ਨੂੰ ਬਾਦਸ਼ਾਹ ਮੰਨ ਕੇ ਵਾਪਸ ਚਲਾ ਜਾਵੇ।' ਇਸ ਦਾ ਜਵਾਬ ਆਜ਼ਮ ਸ਼ਾਹ ਨੇ ਇਹ ਕਹਿ ਕੇ ਦਿੱਤਾ ਕਿ 'ਇਕ ਦੇਸ਼ ਵਿਚ ਦੋ ਬਾਦਸ਼ਾਹ ਨਹੀਂ ਰਹਿ ਸਕਦੇ ਭਾਵੇਂ ਕਿ ਦਸ ਫ਼ਕੀਰ ਇਕੋ ਕੰਬਲ ਹੇਠ ਸੌਂ ਸਕਦੇ ਹਨ।'[36]

ਆਖਰ ਜਾਜਉ ਦੇ ਮੈਦਾਨ ਵਿਚ ਦੋਵੇਂ ਧਿਰਾਂ ਦੀ ਲੜਾਈ ਹੋਈ। ਜਾਜਉ ਦੀ ਲੜਾਈ ਦੀ ਮਿਤੀ ਬਾਰੇ ਇਤਿਹਾਸਕਾਰਾਂ ਵਿਚ ਇਕ ਮੱਤ ਨਹੀਂ ਹੈ। ਡਾ. ਗੰਡਾ ਸਿੰਘ ਇਹ ਲੜਾਈ 8 ਜੂਨ, 1707 ਨੂੰ ਹੋਈ ਦਸਦੇ ਹਨ।[37] ਸਿਰੀ ਰਾਮ ਸ਼ਰਮਾ 10 ਜੂਨ ਨੂੰ ਹੋਈ ਦਸਦਾ ਹੈ।[38] ਵਿਲੀਅਮ ਇਰਵਿਨ ਇਸ ਦੀ ਮਿਤੀ 18 ਜੂਨ ਦਸਦਾ ਹੈ।[39] ਇਨ੍ਹਾਂ ਵਿਚੋਂ ਇੱਥੇ ਵਿਲੀਅਮ ਇਰਵਿਨ ਵਲੋਂ ਦਿੱਤੀ ਗਈ ਮਿਤੀ ਨੂੰ ਹੀ ਠੀਕ ਸਮਝਿਆ ਜਾ ਰਿਹਾ ਹੈ। ਇਸਲਾਮੀ ਕੈਲੰਡਰ ਅਨੁਸਾਰ ਭਾਵੇਂ ਸਾਰੇ ਹੀ 18 ਰੱਬੀ-ਉਲ-ਅੱਵਾਲ, 1119 ਹਿਜਰੀ ਮੰਨਦੇ ਹਨ। ਇਸ ਇਸਲਾਮੀ ਕੈਲੰਡਰ ਦੀ ਮਿਤੀ ਇਰਾਦਤ ਖਾਂ ਵਲੋਂ ਦਿੱਤੀ ਗਈ ਹੈ ਜਿਹੜਾ ਕਿ ਖ਼ੁਦ ਜੰਗ ਵਿਚ ਸ਼ਾਮਲ ਸੀ।

ਇਕ ਦਿਨ ਦੀ ਬੜੀ ਭਿਆਨਕ ਲੜਾਈ ਹੋਈ। ਇਸੇ ਇਕੋ ਦਿਨ ਦੀ ਲੜਾਈ ਵਿਚ ਆਜ਼ਮ ਸ਼ਾਹ

ਮਾਰਿਆ ਗਿਆ ਸੀ। ਇਰਾਦਤ ਖਾਂ, ਜਿਹੜਾ ਕਿ ਖੁਦ ਆਜ਼ਮ ਸ਼ਾਹ ਵਾਲੇ ਪਾਸੇ ਲੜਾਈ ਵਿਚ ਹਾਜ਼ਰ ਸੀ, ਅਨੁਸਾਰ ਬਹਾਦੁਰ ਸ਼ਾਹ ਦੀ ਫੌਜ ਦੇ ਇਕ ਜਰਨੈਲ ਰੁਸਤਮ ਦਿਲ ਖਾਨ ਨੇ, ਜਿਹੜਾ ਕਿ ਬਹਾਦੁਰ ਸ਼ਾਹ ਦੇ ਸ਼ਾਹੀ ਤੰਬੂਆਂ ਨੂੰ ਅੱਗੇ ਲੈ ਕੇ ਜਾਣ ਵਾਲੀ ਫੌਜੀ ਟੁੱਕੜੀ ਦਾ ਕਮਾਂਡਰ ਸੀ, ਆਜ਼ਮ ਸ਼ਾਹ ਦੇ ਹਾਥੀ ਉੱਪਰ ਇਕਦਮ ਹਮਲਾ ਕਰ ਕੇ, ਉਸ ਦਾ ਸਿਰ ਕੱਟ ਲਿਆ ਸੀ। ਕੱਟਿਆ ਹੋਇਆ ਸਿਰ ਉਸ ਨੇ ਬਹਾਦੁਰ ਸ਼ਾਹ ਦੇ ਸਾਹਮਣੇ ਲਿਆ ਕੇ ਉਸ ਦੇ ਪੈਰਾਂ ਵਿਚ ਰੱਖ ਦਿੱਤਾ। ਸਮਝਦਾ ਤਾਂ ਰੁਸਤਮ ਦਿਲ ਖਾਨ ਇਹ ਸੀ ਕਿ ਉਸ ਨੂੰ ਬਹੁਤ ਇਨਾਮ ਆਦਿ ਮਿਲਣਗੇ, ਪਰ ਬਹਾਦੁਰ ਸ਼ਾਹ ਨੇ ਉਸ ਨੂੰ ਤਕੜੀ ਝਿੜਕ ਪਾਈ। ਕਿਹਾ ਕਿ ਇਤਨੇ ਵੱਡੇ ਰਾਜਕੁਮਾਰ ਦਾ ਸਿਰ ਇਉਂ ਸਾਧਾਰਨ ਤਰੀਕੇ ਨਾਲ ਚੁੱਕ ਕੇ ਕਿਉਂ ਲਿਆਂਦਾ ਗਿਆ ਸੀ। ਖੈਰ ਇਹ ਇਕ ਵੱਖਰਾ ਵਿਸ਼ਾ ਹੈ। ਬਹਾਦੁਰ ਸ਼ਾਹ ਦੀ ਜਿੱਤ ਹੋਈ। ਇਸ ਜਿੱਤ ਦਾ ਸਿਹਰਾ ਉਸ ਦੇ ਵਜ਼ੀਰ ਮੁਨੱਈਅਮ ਖਾਨ ਦੇ ਸਿਰ ਵੱਝਦਾ ਸੀ।[40]

ਆਓ ਕੁਝ ਹਵਾਲਾ ਜਾਜਊ ਦੀ ਲੜਾਈ ਵਾਲੀ ਥਾਂ ਦਾ ਦੇ ਦੇਈਏ ਭਾਵੇਂ ਕਿ ਇਸ ਤਰ੍ਹਾਂ ਥੋੜ੍ਹਾ ਜਿਹਾ ਮੁੱਖ ਵਿਸ਼ੇ ਤੋਂ ਪਰਾਂ ਜਾਣਾ ਪਵੇਗਾ। ਜਾਜਊ ਦੀ ਲੜਾਈ ਦਾ ਮੈਦਾਨ ਆਗਰੇ ਤੋਂ ਰਾਸ਼ਟਰੀ ਮਾਰਗ (National Highway) ਨੰਬਰ ਤਿੰਨ ਉਪਰ ਧੌਲਪੁਰ ਵੱਲ, 28 ਕਿਲੋਮੀਟਰ ਦੀ ਵਿੱਥ ਤੇ ਹੈ। ਇੱਥੇ ਜਾਜਊ ਨਾਂ ਦਾ ਪਿੰਡ ਹੈ। ਲੜਾਈ ਦਾ ਮੈਦਾਨ ਇਸ ਪਿੰਡ ਤੋਂ ਇਕ ਕਿਲੋਮੀਟਰ ਹਟ ਕੇ ਹੈ। ਲੜਾਈ ਵਾਲੇ ਮੈਦਾਨ ਵਿਚ ਫਤਹਿ ਪਰਾਪਤੀ ਤੋਂ ਬਾਅਦ ਬਹਾਦੁਰ ਸ਼ਾਹ ਨੇ ਫਤਹਿ ਦੀ ਯਾਦਗਾਰ ਦੇ ਤੌਰ ਤੇ ਇਕ ਬੜੀ ਤਕੜੀ ਅਤੇ ਸ਼ਾਨਦਾਰ ਸਰਾਂ ਬਣਵਾਈ ਸੀ। ਇਹ ਸਰਾਂ ਅੱਜ ਵੀ ਉਸੇ ਤਰ੍ਹਾਂ ਪਰ ਕੁਝ ਢੱਠੀ ਹੋਈ ਹਾਲਤ ਵਿਚ ਕਾਇਮ ਹੈ। ਅੱਜ ਇਸ ਸਰਾਂ ਵਿਚ ਬਹੁਤ ਸੰਘਣੀ ਆਬਾਦੀ ਹੈ। ਸਰਾਂ ਨੂੰ ਪੂਰੇ ਇਕ ਪਿੰਡ ਦੇ ਰੂਪ ਵਿਚ ਬਦਲ ਲਿਆ ਗਿਆ ਹੈ। ਸਰਾਂ ਦੇ ਕਮਰਿਆਂ ਨੂੰ ਲੋਕਾਂ ਨੇ ਜੱਦੀ ਰੂਪ ਵਿਚ ਆਪਣੇ ਰਿਹਾਇਸੀ ਘਰ ਬਣਾ ਲਿਆ ਹੈ। ਇਸੇ ਸਰਾਂ ਵਿਚ ਇਕ ਮਸਜਿਦ ਹੈ ਜਿਸ ਦੀ ਕੰਧ ਉਪਰ ਇਸ ਦੇ ਉਸਾਰਨ ਦੀ ਮਿਤੀ ਲਿਖੀ ਹੋਈ ਹੈ। ਇਸ ਸਰਾਂ ਨੂੰ ਅਤੇ ਮਸਜਿਦ ਨੂੰ ਫਤਹਿ ਪਰਾਪਤੀ ਉਪਰ 1707 ਵਿਚ ਹੀ ਉਸਾਰ ਦਿੱਤਾ ਗਿਆ ਸੀ। ਇਸ ਖਾਸ ਥਾਂ ਨੂੰ ਜਾਜਊ ਸਰਾਏ ਕਿਹਾ ਜਾਂਦਾ ਹੈ, ਇਸ ਸਰਾਂ ਤੋਂ ਥੋੜ੍ਹੀ ਜਿਹੀ ਹੀ ਵਿੱਥ ਤੇ ਇਕ ਬੇਆਬਾਦ ਮੈਦਾਨ ਹੈ ਜਿਸ ਨੂੰ 'ਜ਼ੌਹਰਆਲੀ' ਕਿਹਾ ਜਾਂਦਾ ਹੈ। 'ਜ਼ੌਹਰਆਲੀ' ਦਾ ਭਾਵ ਹੈ ਕਿ ਇੱਥੇ ਬਹੁਤ ਤਕੜੇ ਜੰਗ ਦੇ ਜ਼ੋਰ ਦਿਖਾਏ ਗਏ ਸਨ। ਇਸ ਕਰਕੇ ਇਸ ਥਾਂ ਨੂੰ 'ਜ਼ੌਹਰ ਦਿਖਾਏ ਜਾਣ ਵਾਲੀ ਥਾਂ' ਮੰਨਿਆ ਜਾਂਦਾ ਹੈ।

ਇਹ ਜੰਗ ਨਵੇਂ ਬਣੇ ਬਾਦਸ਼ਾਹ ਬਹਾਦੁਰ ਸ਼ਾਹ ਅਤੇ ਉਸ ਦੇ ਛੋਟੇ ਭਰਾ ਤਾਰਾ ਆਜ਼ਮ (ਆਜ਼ਮ ਸ਼ਾਹ) ਵਿਚਕਾਰ ਲੜੀ ਗਈ ਸੀ। ਫਤਹਿ ਬਹਾਦੁਰ ਸ਼ਾਹ ਦੀ ਹੋਈ ਸੀ। ਇਸ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਕੀ ਯੋਗਦਾਨ ਰਿਹਾ ਸੀ। ਮੁਸਲਮਾਨੀ ਤਵਾਰੀਖਾਂ ਵਿਚ ਤਾਂ ਇਸ ਸਿੱਖ ਯੋਗਦਾਨ ਬਾਰੇ ਕੁਝ ਵੀ ਨਹੀਂ ਲਿਖਿਆ ਗਿਆ ਹੈ। ਸਮਝਿਆ ਜਾ ਸਕਦਾ ਹੈ ਕਿ ਸਿੱਖ ਯੋਗਦਾਨ ਰਾਜਨੀਤਕ ਕਿਸਮ ਦਾ ਨਹੀਂ ਸੀ। ਮੁਸਲਮਾਨੀ ਤਵਾਰੀਖਾਂ ਵਿਚ ਰਾਜਨੀਤਕ ਯੋਗਦਾਨ ਦੀ ਗੱਲ ਹੀ ਦੱਸੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਆਸ਼ੀਰਵਾਦ ਧਾਰਮਿਕ ਕਿਸਮ ਦਾ ਸੀ। ਫੌਜ ਵਿਚ ਸਿੱਖਾਂ ਦੀ ਤਕੜੀ ਗਿਣਤੀ ਹੋਣੀ ਸਿੱਖਾਂ ਲਈ ਤਾਂ ਮਹੱਤਵਪੂਰਨ ਹੋ ਸਕਦੀ ਸੀ, ਪਰ ਮੁਸਲਮਾਨ ਲੇਖਕਾਂ ਲਈ ਇਸ ਦਾ ਕੋਈ ਮਹੱਤਵ ਨਹੀਂ ਸੀ। ਸਿੱਖ ਲਿਖਤਾਂ ਵਿਚ ਜਾਜਊ ਦੀ ਲੜਾਈ ਵਿਚ ਸਿੱਖ ਯੋਗਦਾਨ ਬਾਰੇ ਬੜਾ ਕੁਝ ਲਿਖਿਆ ਗਿਆ ਹੈ। ਇਸ ਬਾਰੇ ਸਾਰੇ ਮੁੱਢਲੇ ਅਤੇ ਪਿੱਛਲੇਰੇ ਆਧੁਨਿਕ ਸਿੱਖ ਇਤਿਹਾਸਕਾਰਾਂ ਵਿਚ ਬਹੁਤ ਹੀ ਜ਼ਿਆਦਾ ਵਾਦ-ਵਿਵਾਦ ਚੱਲਦਾ ਆ ਰਿਹਾ ਹੈ। ਕੁਝ ਇਕ ਨੇ ਕਿਹਾ ਹੈ ਕਿ ਇਸ ਜੰਗ ਵਿਚ ਗੁਰੂ ਜੀ ਨੇ ਬਹਾਦੁਰ ਸ਼ਾਹ ਦੀ ਸਿੱਧੀ ਸੈਨਿਕ ਮਦਦ ਕੀਤੀ ਸੀ। ਇੱਥੋਂ ਤਕ ਕਿ ਤਾਰਾ ਆਜ਼ਮ ਨੂੰ ਗੁਰੂ ਜੀ ਦੇ ਤੀਰ ਨਾਲ ਮਾਰਿਆ ਗਿਆ ਵੀ ਦੱਸਿਆ ਹੈ। ਕੁਝ ਇਕ ਅਨੁਸਾਰ ਇਹ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਸਿੱਧੀ ਮਦਦ ਤਾਂ ਕੋਈ ਨਹੀਂ ਸੀ ਕੀਤੀ, ਪਰ ਮਦਦ ਦੀ ਪਰਤੀਕ ਵਜੋਂ ਕੁਝ ਸਿੰਘ ਭਾਈ ਧਰਮ ਸਿੰਘ ਦੀ ਅਗਵਾਈ ਹੇਠ ਭੇਜ ਦਿੱਤੇ ਸਨ। ਗੱਲ ਕੀ, ਮੁੱਢ ਤੋਂ ਲੈ ਕੇ ਅੱਜ ਤੀਕ ਜਿਨੇ ਵੀ ਇਤਿਹਾਸਕਾਰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਬਿਰਤਾਂਤ ਨੂੰ ਲਿਖਣ ਵਾਲੇ ਹੋਏ ਹਨ ਸਭ ਨੇ ਹੀ ਇਹ ਗੱਲ ਲਿਖੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਬਹਾਦੁਰ ਸ਼ਾਹ ਦੀ ਜਾਜਊ ਦੀ ਲੜਾਈ ਵਿਚ ਮਦਦ ਕੀਤੀ ਸੀ। ਆਓ, ਇਸ ਤੇ ਥੋੜ੍ਹੀ ਜਿਹੀ ਵਿਸਥਾਰ ਸਹਿਤ ਚਰਚਾ ਕਰੀਏ ਤਾਂ ਕਿ ਪਾਠਕ ਨਿਸ਼ਚਾ ਕਰ ਸਕਣ ਕਿ

ਸਿੱਖ ਲਿਖਤਾਂ ਇਸ ਵਿਸ਼ੇ ਬਾਰੇ ਕੀ ਲਿਖਦੀਆਂ ਹਨ।

ਸਭ ਤੋਂ ਪਹਿਲੀ, ਗੁਰੂ ਜੀ ਦੇ ਸਮਕਾਲੀ ਕਵੀ ਸੈਨਾਪਤਿ ਦੀ ਲਿਖਤ ਸ੍ਰੀ ਗੁਰ ਸੋਭਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਔਰੰਗਜ਼ੇਬ ਦੇ ਮਰਨ ਬਾਅਦ ਆਜ਼ਮ ਸ਼ਾਹ (ਤਾਰਾ ਆਜ਼ਮ) ਨੇ ਦੱਖਣ ਵਿਚ ਆਪਣੇ ਆਪ ਨੂੰ ਅਗਲਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ ਸੀ। ਇਧਰ ਜਮਰੌਦ ਵਿਚ ਸ਼ਾਹਜ਼ਾਦਾ ਮੁਅੱਜ਼ਮ (ਪਿੱਛੋਂ ਬਹਾਦੁਰ ਸ਼ਾਹ) ਨੂੰ ਜਦੋਂ ਇਸ ਗੱਲ ਦੀ ਖ਼ਬਰ ਮਿਲੀ ਤਾਂ ਉਸ ਨੇ ਵੀ ਆਪਣੇ ਆਪ ਨੂੰ ਬਾਦਸ਼ਾਹ ਘੋਸ਼ਿਤ ਕਰਨ ਦੀ ਢਿੱਲ ਨਹੀਂ ਕੀਤੀ ਅਤੇ ਤੁਰੰਤ ਦਿੱਲੀ ਨੂੰ ਰਵਾਨਾ ਹੋ ਗਿਆ। ਜਦੋਂ ਇਹ ਦਿੱਲੀ ਦੇ ਨੇੜੇ ਪਹੁੰਚਿਆ ਤਾਂ ਇਸ ਨੇ ਇਕ ਲਿਖਤੀ ਸੁਨੇਹਾ ਗੁਰੂ ਜੀ ਪਾਸ ਭੇਜਿਆ ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਦੋਹਾਂ ਭਰਾਵਾਂ ਵਿਚਕਾਰ ਹੋਣ ਵਾਲੀ 'ਸੁਲਤਾਨੀ ਜੰਗ' ਵਿਚ ਗੁਰੂ ਜੀ ਸਹਾਈ ਹੋਣ। ਗੁਰੂ ਜੀ ਉਸ ਸਮੇਂ ਬਘੌਰ (ਭੀਲਵਾੜਾ, ਰਾਜਸਥਾਨ) ਵਿਚ ਸਨ। ਗੁਰੂ ਜੀ ਨੇ ਇਕ ਤਾਂ ਲਿਖਤੀ ਸੁਨੇਹੇ ਦੇ ਜਵਾਬ ਵਿਚ ਆਸ਼ੀਰਵਾਦ ਦੇ ਰੂਪ ਵਿਚ ਇਹ ਲਿਖਤੀ ਸੁਨੇਹਾ ਭੇਜਿਆ ਕਿ 'ਬਹਾਦੁਰ ਸ਼ਾਹ ਨੂੰ ਨਿਸ਼ਚਿਤ ਰਹਿਣਾ ਚਾਹੀਦਾ ਹੈ। ਰਾਜ-ਭਾਗ ਉਸੇ ਦਾ ਹੈ।' ਦੂਜਾ, ਉਹ ਖੁਦ ਬੜੀ ਤੇਜ਼ੀ ਨਾਲ ਬਘੌਰ ਤੋਂ ਦਿੱਲੀ ਨੂੰ ਰਵਾਨਾ ਹੋ ਗਏ ਸਨ। ਬਾਦਸ਼ਾਹ ਦਿੱਲੀ ਵਿਖੇ ਸੀ। 'ਜਦੋਂ ਗੁਰੂ ਜੀ ਦਾ ਵੀ ਲਿਖਤੀ ਸੁਨੇਹਾ ਬਹਾਦੁਰ ਸ਼ਾਹ ਨੂੰ ਪਹੁੰਚ ਗਿਆ ਤਾਂ ਉਸ ਦੇ ਮਨ ਵਿਚ ਬਹੁਤ ਸ਼ਾਂਤੀ ਆਈ ਅਤੇ ਉਹ ਲੜਾਈ ਲਈ ਤਿਆਰੀ ਕਰਨ ਲਗ ਪਿਆ।' ਲੜਾਈ ਹੋਈ ਜਿਸ ਵਿਚ ਤਾਰਾ ਆਜ਼ਮ ਆਪਣੇ ਪੁੱਤਰਾਂ ਸਮੇਤ ਮਾਰਿਆ ਗਿਆ ਅਤੇ ਬਹਾਦੁਰ ਸ਼ਾਹ ਦੀ ਜਿੱਤ ਹੋਈ। ਫਤਹਿ ਉਪਰੰਤ ਬਹਾਦੁਰ ਸ਼ਾਹ ਨੇ ਗੁਰੂ ਜੀ ਦਾ ਸ਼ੁਕਰ ਅਦਾ ਕੀਤਾ। ਇਸ ਸਮੇਂ ਬਾਦਸ਼ਾਹ ਤਾਂ ਆਗਰੇ ਵਿਖੇ ਸੀ ਅਤੇ ਗੁਰੂ ਜੀ ਦਿੱਲੀ (ਸ਼ਾਹਜਹਾਨਾਬਾਦ) ਵਿਖੇ ਸਨ। ਇਹ ਸਾਰਾ ਬਿਰਤਾਂਤ ਕਵੀ ਸੈਨਾਪਤਿ ਦੇ ਆਪਣੇ ਸ਼ਬਦਾਂ ਅਨੁਸਾਰ ਇਉਂ ਹੈ :

ਜਬ ਤੇ ਨਉਰੰਗ ਸ਼ਾਹ ਸਿਧਾਨਾ। ਆਜ਼ਮ ਰਾਜ ਆਪਨੋ ਜਾਨਾ।
ਛਤ੍ਰ ਆਪਨੇ ਸੀਸ ਝੁਲਾਯੋ। ਡੰਕਾ ਦੇਤ ਹਿੰਦ ਕੋ ਧਾਯੋ॥ 6 ॥ 677 ॥
ਤਾਂ ਕੀ ਖਬਰ ਸ਼ਾਹਿ ਸੁਨਿ ਪਾਈ। ਕੂਚ ਕੀਓ ਕਛੁ ਬਿਲਮ ਨ ਲਾਈ।
ਦਿੱਲੀ ਨਿਕਟਿ ਆਪ ਜਬ ਆਯੋ। ਲਿਖਾ ਕੀਉ ਪ੍ਰਭ ਪਾਸ ਪਠਾਇਓ॥7 ॥678 ॥
ਦੋਹਰਾ : ਕਰਿਜੋਰੇ ਐਸੇ ਕਹਿਓ ਨਿਮਖ ਬਿਲਮ ਨਹੀ ਲਾਇ।
ਇਸ ਸੁਲਤਾਨੀ ਜੰਗ ਮੈ ਤੁਮ ਪ੍ਰਭ ਹੋਹੁ ਸੁਹਾਇ॥8 ॥ 679 ॥
ਚੌਪਈ : ਤੇਈ ਬਾਤ ਪ੍ਰਭ ਨੇ ਸੁਨ ਪਾਈ। ਲਿਖਿਓ ਦਿਲਾਸਾ ਤਾਹਿ ਪਠਾਈ॥
ਸੰਕਾ ਨੇਕ ਜੀਵ ਨਹੀਂ ਆਨੋ। ਨਿਹਚੇ ਰਾਜ ਆਪਨਾ ਜਾਨੋ॥9 ॥680 ॥
ਤਾਂ ਤੇ ਸ਼ਾਂਤਿ ਸ਼ਾਹ ਮਨ ਆਈ। ਕਰਿ ਨਿਹਚੇ ਪ੍ਰਭ ਸੋ ਲਿਵ ਲਾਈ।
ਆਨ ਜਾਜਉ ਜੁਧ ਮਚਾਯੋ। ਆਜ਼ਮ ਮਾਰਗ ਜਾਤ ਨਾ ਪਾਯੋ॥10॥681 ॥
ਦੋਹਰਾ : ਸ਼ੁਕਰ ਕੀਉ ਦਰਗਾਹ ਮੈ ਜੁਧ ਫਤੇ ਜਬ ਕੀਨ।
ਛਤ੍ਰ ਸੀਸ ਅਪਨੇ ਤਬੈ ਸ਼ਹਿ ਬਹਾਦੁਰ ਲੀਨ॥16 ॥ 687 ॥
ਬਾਦਸ਼ਾਹ ਢਿਘ ਆਗਰੇ ਕਹਤ ਤਾਹਿ ਬੀਚਾਰ॥
ਸ਼ਾਹ ਜਹਾਨਾ ਬਾਦ ਮੈ ਆ ਪਹੁੰਚਿਓ ਦਰਤਾਰ॥18 ॥ 689 ॥

ਸੈਨਾਪਤਿ ਤੋਂ ਦੂਜੇ ਨੰਬਰ ਤੇ ਕੇਸਰ ਸਿੰਘ ਛਿੱਬਰ ਦੀ ਲਿਖਤ 'ਬੰਸਾਵਲੀਨਾਮਾ' ਹੈ। ਇਸ ਵਿਚ ਇਸ ਵਿਸ਼ੇ ਬਾਰੇ ਬਹੁਤ ਸੰਖੇਪ ਵਿਚ ਲਿਖਿਆ ਗਿਆ ਹੈ। ਇਸ ਅਨੁਸਾਰ ਬਹਾਦੁਰ ਸ਼ਾਹ ਨੇ ਗੁਰੂ ਜੀ ਤੋਂ ਰਾਗ-ਭਾਗ ਪਰਾਪਤ ਹੋਣ ਦਾ ਵਰ ਮੰਗਦਿਆਂ ਕਿਹਾ ਸੀ ਕਿ 'ਮੈਂ ਤਾਂ ਗੁਰੂ ਦਾ ਖ਼ਾਦਮ ਹਾਂ ਮੇਰੇ ਤੇ ਮਿਹਰ ਕਰੋ। ਮੈਂ ਪਹਿਲਾਂ ਵੀ ਗੁਰੂ ਦਾ ਖ਼ਾਦਮ ਰਿਹਾ ਸੀ ਅਤੇ ਅੱਗੇ ਤੋਂ ਵੀ ਰਹਾਂਗਾ। ਜਦੋਂ ਔਰੰਗਜ਼ੇਬ ਮਰ ਗਿਆ ਤਾਂ ਉਸ ਦੇ ਦੋਵੇਂ ਬੇਟੇ ਲੜੇ। ਇਕ ਮਾਰਿਆ ਗਿਆ ਤੇ ਦੂਜਾ ਜਿੱਤ ਗਿਆ। ਬਹਾਦੁਰ ਸ਼ਾਹ ਬਾਦਸ਼ਾਹ ਹੋਇਆ। ਬਹਾਦੁਰ ਸ਼ਾਹ ਨੇ ਕਿਹਾ ਕਿ ਉਸ ਨੂੰ ਬਾਦਸ਼ਾਹੀ ਗੁਰੂ ਰਾਮਦਾਸ ਜੀ ਦੇ ਘਰ ਨੇ ਦਿੱਤੀ ਹੈ। ਉਹ ਤਾਂ ਗੁਰੂ ਦਾ ਖ਼ਾਦਮ ਹੈ ਅਤੇ ਉਸ ਨੇ ਲਿਖਤੀ ਰੂਪ ਵਿਚ ਵੀ ਗੁਰੂ ਜੀ ਪਾਸ ਕਈ ਕਾਗਜ਼ ਭੇਜੇ ਸਨ।[41]

ਭਾਈ ਸੰਤੋਖ ਸਿੰਘ ਨੇ ਕਾਫੀ ਵਿਸਥਾਰ ਵਿਚ ਲਿਖਦਿਆਂ ਦੱਸਿਆ ਹੈ ਕਿ ਬਹਾਦੁਰ ਸ਼ਾਹ ਵਲੋਂ ਲਿਖਤੀ ਬੇਨਤੀ ਗੁਰੂ ਜੀ ਨੂੰ ਬਘੌਰ ਵਿਖੇ ਭੇਜੀ ਗਈ ਸੀ। ਇਸ ਕਰਕੇ ਗੁਰੂ ਜੀ ਬਘੌਰ ਤੋਂ ਸਿੱਧਾ ਦਿੱਲੀ

ਪਹੁੰਚੇ ਸਨ। ਪਹਿਲਾਂ ਤਾਂ ਗੁਰੂ ਜੀ ਨੇ ਭਾਈ ਧਰਮ ਸਿੰਘ ਦੀ ਅਗਵਾਈ ਹੇਠ ਪੰਜ ਸਿੰਘ ਭੇਜੇ ਸਨ ਅਤੇ ਇਹ ਵੀ ਕਿਹਾ ਸੀ ਕਿ ਲੋੜ ਪੈਣ ਤੇ ਉਹ ਖੁਦ ਫੌਜ ਲੈ ਕੇ ਸ਼ਾਮਲ ਹੋ ਜਾਣਗੇ। ਇਸ ਲਈ ਜਦੋਂ ਲੜਾਈ ਪੂਰੇ ਜ਼ੋਰਾਂ ਤੇ ਸੀ ਤਾਂ ਗੁਰੂ ਜੀ ਅਰੂਮੀ ਸ਼ਹੀਦਾਂ ਦੀ ਬੇਅੰਤ ਫੌਜ ਲੈ ਕੇ ਮੈਦਾਨ ਵਿਚ ਆ ਗਏ ਸਨ। ਇਨ੍ਹਾਂ ਸ਼ਹੀਦਾਂ ਨੇ ਤਾਰਾ ਆਜ਼ਮ ਅਤੇ ਉਸ ਦੀ ਫੌਜ ਨੂੰ ਮਾਰ ਸੁੱਟਿਆ ਸੀ। ਬਹਾਦੁਰ ਸ਼ਾਹ ਦੀ ਫਤਹਿ ਹੋਈ। ਤਾਰਾ ਆਜ਼ਮ ਨੂੰ ਗੁਰੂ ਜੀ ਨੇ ਆਪਣੀ ਤੀਰ ਨਾਲ ਮਾਰਿਆ ਸੀ।[42]

ਗਿਆਨੀ ਗਿਆਨ ਸਿੰਘ ਨੇ ਵੀ ਭਾਈ ਸੰਤੋਖ ਸਿੰਘ ਨਾਲ ਮਿਲਦੇ-ਜੁਲਦੇ ਵਿਚਾਰ ਲਿਖੇ ਹਨ। ਇਹ ਵੀ ਲਿਖਿਆ ਹੈ ਕਿ ਗੁਰੂ ਜੀ ਨੇ ਪੰਜ ਸੌ ਮਲਵਈ ਸਿੰਘਾਂ ਦਾ ਜੱਥਾ ਵੀ ਭੇਜਿਆ ਸੀ।[43] ਮੁੱਢਲੇ ਸਿੱਖ ਲੇਖਕਾਂ ਵਿਚੋਂ ਇਹੀ ਲੇਖਕ ਮੁਖੀ ਲੇਖਕ ਹਨ। ਇਨ੍ਹਾਂ ਦੇ ਵਿਚਾਰਾਂ ਅਨੁਸਾਰ ਗੁਰੂ ਜੀ ਨੇ ਪੂਰੀ ਤਰ੍ਹਾਂ ਜੰਗ ਵਿਚ ਸ਼ਾਮਲ ਹੋ ਕੇ ਬਹਾਦੁਰ ਸ਼ਾਹ ਦੀ ਮਦਦ ਕੀਤੀ ਸੀ। ਪਿੱਛੋਂ ਦੇ ਸਿੱਖ ਇਤਿਹਾਸਕਾਰਾਂ ਨੇ ਵੀ ਤਕਰੀਬਨ-ਤਕਰੀਬਨ ਇਨ੍ਹਾਂ ਹੀ ਵਿਚਾਰਾਂ ਨੂੰ ਅਪਣਾਇਆ ਹੋਇਆ ਹੈ।[44] ਯੂਰਪੀਅਨ ਲੇਖਕਾਂ ਨੇ ਵੀ ਕਿਉਂਕਿ ਜਾਣਕਾਰੀ ਸਿੱਖ ਵਿਦਵਾਨਾਂ ਪਾਸੋਂ ਲਈ ਸੀ ਇਸ ਲਈ ਉਨ੍ਹਾਂ ਨੇ ਵੀ ਥੋੜ੍ਹੇ-ਮੋਟੇ ਫ਼ਰਕ ਨਾਲ ਇਨ੍ਹਾਂ ਹੀ ਵਿਚਾਰਾਂ ਨੂੰ ਅਪਣਾਇਆ ਹੈ।[45]

ਪਰ ਇਹ ਗੱਲ ਮੰਨ ਲੈਣੀ ਇਤਨੀ ਸੌਖੀ ਨਹੀਂ ਹੈ। ਇਸ ਨੂੰ ਮੰਨਣ ਸਮੇਂ ਕੁਝ ਇਕ ਗੱਲਾਂ ਦਾ ਧਿਆਨ ਰੱਖਣਾ ਬਹੁਤ ਹੀ ਜ਼ਰੂਰੀ ਹੈ। ਇਕ ਇਹ ਕਿ ਗੁਰੂ ਗੋਬਿੰਦ ਸਿੰਘ ਇਕ ਗੁਰੂ ਸਨ ਅਤੇ ਇਕ ਐਸੇ ਧਰਮ ਦੇ ਨੇਤਾ ਸਨ ਜਿਸ ਨੇ ਸਮੁੱਚੀ ਮਨੁੱਖਤਾ ਨੂੰ ਆਪਸੀ ਵੈਰ-ਵਿਰੋਧ ਦਾ ਭੇਦ-ਭਾਵ ਮਿਟਾ ਕੇ ਨਿਰਭਉ ਅਤੇ ਨਿਰਵੈਰ ਹੋ ਕੇ ਇਕ ਹੋਣ ਦਾ ਸੰਦੇਸ਼ ਦਿੱਤਾ ਸੀ। ਗੁਰੂ ਕਿਸੇ ਇਕ ਧੜੇ ਦਾ ਜਾਂ ਪਾਰਟੀ ਦਾ ਨੇਤਾ ਨਹੀਂ ਹੁੰਦਾ, ਸਗੋਂ ਉਹ ਸਮੁੱਚੀ ਮਨੁੱਖਤਾ ਦਾ ਨੇਤਾ ਹੁੰਦਾ ਹੈ। ਉਸ ਦਾ ਕੋਈ ਦੁਸ਼ਮਣ ਨਹੀਂ ਹੁੰਦਾ ਸਗੋਂ ਸਾਰੇ ਮਨੁੱਖ ਉਸ ਦੇ ਪੁੱਤਰਾਂ ਵਾਂਗ ਹੁੰਦੇ ਹਨ। ਗੁਰੂ ਦੁਸ਼ਮਣ ਨੂੰ ਨਹੀਂ ਮਾਰਦਾ ਸਗੋਂ ਉਹ ਤਾਂ ਬੁਰਿਆਈ ਨੂੰ ਮਾਰਦਾ ਹੈ। ਇੱਥੋਂ ਤਕ ਕਿ ਬੁਰੇ ਬੰਦੇ ਨੂੰ ਵੀ ਉਹ ਪਹਿਲਾਂ ਸੁਧਾਰਨ ਦੀ ਕੋਸ਼ਿਸ਼ ਕਰਦਾ ਹੈ। ਗੁਰੂ ਕਿਸੇ ਤੇ ਹਮਲਾ ਨਹੀਂ ਕਰਦਾ, ਸਗੋਂ ਉਹ ਆਪਣੇ ਉੱਪਰ ਹਮਲਾ ਕਰਨ ਵਾਲੇ ਨੂੰ ਇਕ ਵਾਰ ਪਿੱਛੇ ਮੁੜ ਜਾਣ ਲਈ ਕਹਿੰਦਾ ਹੈ। ਜੰਗ ਦੇ ਮੈਦਾਨ ਵਿਚ ਵੀ ਗੁਰੂ ਉਸ ਸਮੇਂ ਆਉਂਦਾ ਹੈ ਜਦੋਂ ਉਸ ਦੇ ਉੱਪਰ ਹਮਲਾ ਕੀਤਾ ਜਾਂਦਾ ਹੈ ਨਹੀਂ ਤਾਂ ਗੁਰੂ ਦਾ ਲੜਾਈ-ਝਗੜਿਆਂ ਨਾਲ ਕੋਈ ਸੰਬੰਧ ਹੀ ਨਹੀਂ ਹੁੰਦਾ। ਗੁਰੂ ਸਿਰਫ਼ ਆਸ਼ੀਰਵਾਦ, ਦੁਆ ਜਾਂ ਅਸੀਸ ਹੀ ਦੇਵੇਗਾ।

ਹੁਣ ਬਹਾਦੁਰ ਸ਼ਾਹ ਅਤੇ ਆਜ਼ਮ ਸ਼ਾਹ (ਤਾਰਾ ਆਜ਼ਮ) ਦੀ ਲੜਾਈ ਵੱਲ ਦੇਖਿਆ ਜਾਵੇ। ਇਹ ਸਿਰਫ਼ ਦੋ ਭਰਾਵਾਂ ਦੀ ਲੜਾਈ ਰਾਜ-ਭਾਗ ਹਥਿਆਉਣ ਲਈ ਸੀ। ਇਹ ਲੜਾਈ ਦੋ ਰਾਜਨੀਤਕ ਨੇਤਾਵਾਂ ਦੀ ਅਗਵਾਈ ਵਿਚ ਲੜੀ ਗਈ ਸੀ। ਜਿਹੜੇ ਪਾਸੇ ਵੀ ਫੌਜ ਲੜ ਰਹੀ ਸੀ ਉਹ ਇਨ੍ਹਾਂ ਦੋਹਾਂ ਬਾਦਸ਼ਾਹਾਂ ਦੀ ਅਗਵਾਈ ਹੇਠ ਅਤੇ ਇਸਲਾਮੀ ਝੰਡਿਆਂ ਹੇਠ ਹੀ ਲੜ ਰਹੀ ਸੀ। ਗੁਰੂ ਸਾਹਿਬ ਨਾ ਹੀ ਤਾਂ ਇਸਲਾਮੀ ਝੰਡੇ ਹੇਠ ਖੜ੍ਹੇ ਹੋ ਕੇ ਲੜ ਸਕਦੇ ਸਨ ਤੇ ਨਾ ਹੀ ਕਿਸੇ ਬਾਦਸ਼ਾਹ ਦੀ ਅਗਵਾਈ ਹੇਠ ਹੋ ਕੇ ਲੜ ਸਕਦੇ ਸਨ। ਗੁਰੂ ਦੀ ਪਦ-ਪਦਵੀ ਬਾਦਸ਼ਾਹ ਨਾਲੋਂ ਕਿਤੇ ਜ਼ਿਆਦਾ ਉੱਚੀ ਹੁੰਦੀ ਹੈ। ਜਿਸ ਗੁਰੂ ਕੋਲ ਬਾਦਸ਼ਾਹ ਰਾਜ-ਭਾਗ ਪਰਾਪਤ ਕਰਨ ਦੀ ਆਸੀਰਵਾਦ ਮੰਗਣ ਲਈ ਆਉਂਦਾ ਹੈ ਉਹ ਗੁਰੂ ਕਿਸ ਤਰ੍ਹਾਂ ਉਸੇ ਬਾਦਸ਼ਾਹ ਦੀ ਇਕ ਧਿਰ ਬਣ ਕੇ ਲੜ ਸਕਦਾ ਹੈ ? ਇਹ ਗੱਲਾਂ ਸੋਚਣ ਅਤੇ ਸਮਝਣ ਵਾਲੀਆਂ ਹਨ। ਜਿੰਨਾ ਵੀ ਇਤਿਹਾਸਕਾਰਾਂ ਨੇ ਗੁਰੂ ਜੀ ਨੂੰ ਬਾਦਸ਼ਾਹ ਵੱਲੋਂ ਲੜਦਾ ਦਿਖਾਇਆ ਹੈ ਉਨ੍ਹਾਂ ਨੂੰ ਉਕਤ ਗੱਲਾਂ ਦਾ ਜਵਾਬ ਦੇਣਾ ਪਵੇਗਾ।

ਹੁਣ ਦੂਸਰਾ ਪੱਖ ਸਾਹਮਣੇ ਰੱਖਿਆ ਜਾਂਦਾ ਹੈ। ਬਹਾਦੁਰ ਸ਼ਾਹ ਨੂੰ ਸਿੱਖ ਮਦਦ ਵੀ ਹੋਈ ਸੀ। ਇਸ ਬਾਰੇ ਵੀ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ। ਆਖਰ ਬਿਨਾ ਕਿਸੇ ਆਧਾਰ ਤੇ ਤਾਂ ਕੋਈ ਸਾਖੀ ਵੀ ਨਹੀਂ ਬਣ ਸਕਦੀ। ਇਹ ਤਾਂ ਫਿਰ ਵੀ ਇਤਿਹਾਸ ਦਾ ਇਕ ਤੱਥ ਬਣੀ ਹੋਈ ਗੱਲ ਹੈ। ਕਵੀ ਸੈਨਾਪਤਿ ਸਮਕਾਲੀ ਲੇਖਕ ਹੈ। ਜਿੰਨੀ ਗੱਲ ਉਹ ਕਰਦਾ ਹੈ ਉਹ ਮੰਨਣਯੋਗ ਹੈ। ਉਸ ਅਨੁਸਾਰ ਬਹਾਦੁਰ ਸ਼ਾਹ ਨੇ ਹੋਣ ਵਾਲੀ ਸੁਲਤਾਨੀ ਜੰਗ ਵਿਚ ਗੁਰੂ ਜੀ ਤੋਂ ਫਤਹਿਯਾਬੀ ਲਈ ਆਸੀਰਵਾਦ ਮੰਗੀ ਸੀ। ਇਹ ਆਸੀਰਵਾਦ ਦਿੱਤੀ ਗਈ ਸੀ। ਤਾਰਾ ਆਜ਼ਮ ਅਸੀਰਵਾਦ ਲੈਣ ਲਈ ਨਹੀਂ ਆਇਆ ਸੀ ਇਸ ਲਈ ਉਹ ਸਿੱਖ ਮਦਦ ਤੋਂ ਦੂਰ ਰਿਹਾ ਸੀ। ਕਵੀ ਸੈਨਾਪਤਿ ਅਨੁਸਾਰ ਹੀ ਗੁਰੂ ਜੀ ਦਾ ਸ਼ਾਹੀ ਕੈਂਪ ਵਿਚ ਪੂਰੀ ਤਰ੍ਹਾਂ ਧਾਰਮਿਕ ਨੇਤਾਵਾਂ

ਵਾਲਾ ਸਤਿਕਾਰ ਹੁੰਦਾ ਰਿਹਾ ਸੀ। ਇਹ ਗੱਲਾਂ ਅੱਗੇ ਜਾ ਕੇ ਸਾਹਮਣੇ ਆਉਣਗੀਆਂ। ਧਾਰਮਿਕ ਨੇਤਾਵਾਂ ਵਾਲਾ ਸਤਿਕਾਰ ਇਕ ਸਮਕਾਲੀ ਲੇਖਕ ਵਲੋਂ ਦਰਸਾਇਆ ਗਿਆ ਹੈ। ਇਸ ਲਈ ਇਹ ਗੱਲ ਗਲਤ ਨਹੀਂ ਹੋ ਸਕਦੀ। ਬਾਦਸ਼ਾਹ ਫਤਹਿ ਪਰਾਪਤ ਕਰਨ ਤੋਂ ਪਿੱਛੋਂ ਗੁਰੂ ਜੀ ਦਾ ਧੰਨਵਾਦ ਕਰਨ ਵੀ ਗੁਰੂ ਜੀ ਕੋਲ ਆਇਆ ਸੀ। ਇਸ ਤੇ ਵਿਸਥਾਰ ਸਹਿਤ ਚਰਚਾ ਕਰਦੇ ਹੋਏ ਹੇਠਾਂ ਲਿਖਿਆ ਬਿਰਤਾਂਤ ਦਿੱਤਾ ਜਾ ਰਿਹਾ ਹੈ।

ਸ਼ਾਹਜ਼ਾਦਾ ਮੁਅੱਜ਼ਮ ਮੁੱਢ ਤੋਂ ਹੀ ਪੰਜਾਬ ਦਾ ਸੂਬੇਦਾਰ ਰਹਿਣ ਕਰਕੇ ਗੁਰੂ ਘਰ ਦਾ ਸ਼ਰਧਾਲੂ ਸੀ। ਮੁਨੱਈਅਮ ਖਾਨ ਵੀ ਗੁਰੂ ਜੀ ਦਾ ਸ਼ਰਧਾਲੂ ਸੀ। ਸ਼ਾਹਜ਼ਾਦਾ ਮੁਅੱਜ਼ਮ ਦੇ ਦਰਬਾਰ ਵਿਚ ਭਾਈ ਨੰਦ ਲਾਲ ਜੈਸੇ ਵਿਦਵਾਨ ਸੱਜਣਾ ਦੇ ਹੋਣ ਕਰਕੇ ਉਸ ਦੇ ਸਬੰਧ ਗੁਰੂ ਜੀ ਨਾਲ ਲਗਾਤਾਰ ਜੁੜੇ ਰਹੇ ਸਨ। ਗੁਰੂ ਜੀ ਦੇ ਇਕ ਹੁਕਮਨਾਮੇ[46] ਅਤੇ ਕੇਸਰ ਸਿੰਘ ਛਿੱਬਰ[47] ਦੀ ਲਿਖਤ ਤੋਂ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਸ਼ਾਹਜ਼ਾਦਾ ਮੁਅੱਜ਼ਮ ਦੀ ਫੌਜ ਵਿਚ ਸਿੱਖ ਸੈਨਾ ਵੀ ਸੀ। ਲਾਹੌਰ ਦੇ ਡਿਪਟੀ ਗਵਰਨਰ ਦੀ ਫੌਜ ਵਿਚ ਵੀ ਸਿੱਖ ਸਿਪਾਹੀ ਸਨ। ਇਨ੍ਹਾਂ ਦੀ ਗਿਣਤੀ ਵੱਧ-ਘੱਟ ਹੋ ਸਕਦੀ ਹੈ। ਇਸ ਤਰ੍ਹਾਂ ਮੁਨੱਈਅਮ ਖਾਨ ਦੀ ਤਾਂ ਆਪਣੀ ਫੌਜ ਪੰਜਾਬੀ ਫੌਜ ਹੀ ਸੀ। ਇਸ ਵਿਚ ਜੱਟਾਂ ਦੀ ਗਿਣਤੀ ਹੋਣੀ ਸੁਭਾਵਕ ਸੀ। ਜਦੋਂ ਸ਼ਾਹਜ਼ਾਦਾ ਮੁਅੱਜ਼ਮ ਨੇ ਆਪਣੇ ਆਪ ਨੂੰ ਬਾਦਸ਼ਾਹ ਘੋਸ਼ਿਤ ਕੀਤਾ ਸੀ ਤਾਂ ਉਸ ਨੇ ਲਾਹੌਰ ਦੇ ਡਿਪਟੀ-ਸੂਬੇਦਾਰ ਮੁਨੱਈਅਮ ਖਾਨ ਨੂੰ ਆਪਣਾ ਵਜ਼ੀਰ ਬਣਾ ਲਿਆ ਸੀ ਅਤੇ ਉਸ ਨੂੰ ਹਦਾਇਤ ਕੀਤੀ ਗਈ ਸੀ ਕਿ ਉਸ ਦੇ ਲਾਹੌਰ ਤਕ ਪਹੁੰਚਣ ਸਮੇਂ ਦੌਰਾਨ ਹੋਰ ਫੌਜ ਖੜੀ ਕੀਤੀ ਜਾਵੇ। ਇਸ ਹਦਾਇਤ ਅਨੁਸਾਰ ਮੁਨੱਈਅਮ ਖਾਨ ਨੇ ਹੋਰ ਫੌਜੀ ਭਰਤੀ ਕੀਤੀ ਅਤੇ ਜੰਗੀ ਸਮਾਨ ਤਿਆਰ ਕਰਵਾਇਆ। ਅਜਿਹੇ ਸਮੇਂ ਸਿੱਖਾਂ ਦੇ ਹੋਰ ਫੌਜੀ ਭਰਤੀ ਕਰ ਲੈਣਾ ਸੁਭਾਵਕ ਸੀ ਕਿਉਂਕਿ ਸ਼ਾਹਜ਼ਾਦਾ ਮੁਅੱਜ਼ਮ ਅਤੇ ਮੁਨੱਈਅਮ ਖਾਨ ਦਾ ਗੁਰੂ ਘਰ ਦਾ ਸ਼ਰਧਾਲੂ ਹੋਣ ਕਰਕੇ ਸਿੱਖ ਹੀ ਉਨ੍ਹਾਂ ਲਈ ਸਭ ਤੋਂ ਵੱਧ ਭਰੋਸੇਯੋਗ ਸਿਪਾਹੀ ਸਨ। ਇਸ ਤਰ੍ਹਾਂ ਅੰਦਾਜ਼ਾ ਹੈ ਕਿ ਸਿੱਖ ਬਹੁਤ ਵੱਡੀ ਗਿਣਤੀ ਵਿਚ ਬਹਾਦੁਰ ਸ਼ਾਹ ਦੀ ਫੌਜ ਵਿਚ ਭਰਤੀ ਹੋਣਗੇ। ਸੁਭਾਵਕ ਹੈ ਕਿ ਇਨ੍ਹਾਂ ਸਿੱਖ ਸਿਪਾਹੀਆਂ ਦਾ ਆਪਣਾ ਕੋਈ ਕਮਾਂਡਰ ਵੀ ਹੋਵੇਗਾ। ਸਿੱਖ ਲਿਖਤਾਂ ਵਿਚ ਭਾਈ ਧਰਮ ਸਿੰਘ, ਭਾਈ ਦਯਾ ਸਿੰਘ ਤੇ ਭਾਈ ਕੁਲਦੀਪਕ ਸਿੰਘ ਦੇ ਨਾਂ ਮਿਲਦੇ ਹਨ। ਪਰ ਉਕਤ ਪਹਿਲੇ ਦੋ ਨਾਵਾਂ ਨਾਲ ਕਮਾਂਡਰ ਸ਼ਬਦ ਦਾ ਜੁੜਨਾ ਗੈਰ-ਸੁਭਾਵਕ ਲੱਗਦਾ ਹੈ। ਇਹ ਕਮਾਂਡਰ ਜ਼ਰੂਰ ਹੀ ਕੋਈ ਹੋਰ ਹੋਣਗੇ। ਜਿਹੜਾ ਜ਼ਿਕਰ ਗੁਰੂ ਜੀ ਦੇ ਜੰਗ ਵਿਚ ਸ਼ਾਮਲ ਹੋਣ ਦਾ ਆਉਂਦਾ ਹੈ ਉਹ ਤਾਂ ਇਕ ਭੁਲੇਖੇ ਕਾਰਨ ਹੀ ਆਉਂਦਾ ਹੈ। ਮੁਸਲਿਮ ਲੇਖਕਾਂ ਨੂੰ ਤਾਂ ਇਸ ਫ਼ਰਕ ਦਾ ਪਤਾ ਹੀ ਨਹੀਂ ਹੋਵੇਗਾ ਕਿ ਲੜਾਈ ਵਿਚ ਸਿੱਖ ਸੈਨਾ ਦੀ ਕਮਾਂਡ ਕੌਣ ਕਰ ਰਿਹਾ ਹੈ, ਗੁਰੂ ਜਾਂ ਗੁਰੂ ਦਾ ਕੋਈ ਸਿੱਖ ? ਸਿੱਖ ਲੇਖਕਾਂ ਨੇ ਸਿਰਫ਼ ਆਪਣੀ ਵਡਿਆਈ ਵਾਸਤੇ ਗੁਰੂ ਜੀ ਦਾ ਨਾਂ ਵਰਤਿਆ ਹੈ। ਉਹ ਸਮਝਦੇ ਸਨ ਕਿ ਬਹਾਦੁਰ ਸ਼ਾਹ ਨੂੰ ਉਨ੍ਹਾਂ ਦੇ ਗੁਰੂ ਨੇ ਹੀ ਰਾਜ-ਭਾਗ ਲੈ ਕੇ ਦਿੱਤਾ ਸੀ। ਇਹ ਵਡਿਆਈ ਲੈਂਦੇ-ਲੈਂਦੇ ਉਹ ਆਪਣੇ ਗੁਰੂ ਦੇ ਉੱਚੇ ਰੁਤਬੇ ਨੂੰ ਵੀ ਭੁੱਲ ਗਏ ਹਨ। ਸਿੱਖ ਸੈਨਾ ਦਾ ਕਮਾਂਡਰ ਹੀ ਆਪਣੀ ਸਿੱਖ ਸੈਨਾ ਨਾਲ ਲੜਾਈ ਵਿਚ ਹਿੱਸਾ ਲੈ ਰਿਹਾ ਸੀ। ਬਹਾਦਰਸ਼ਾਹ ਵਲੋਂ ਲੜਨ ਵਾਲੀ ਫੌਜ ਵਿਚ ਜ਼ਿਆਦਾ ਗਿਣਤੀ ਪੰਜਾਬੀਆਂ ਦੀ ਜਾਂ ਸਿੱਖਾਂ ਦੀ ਹੀ ਸੀ। ਲੜਾਈ ਸਮੇਂ ਗੁਰੂ ਜੀ ਦਿੱਲੀ ਵਿਖੇ ਸਨ। ਲੜਾਈ ਵਿਚ ਫਤਹਿ ਪਰਾਪਤ ਹੋਣ ਬਾਅਦ ਹੀ ਗੁਰੂ ਜੀ ਦਿੱਲੀ ਤੋਂ ਆਗਰੇ ਲਈ ਰਵਾਨਾ ਹੋਏ ਸਨ। ਆਗਰੇ ਵਿਖੇ ਪਹੁੰਚਣ ਤੇ ਬਾਦਸ਼ਾਹ ਅਤੇ ਵਜ਼ੀਰ ਵਲੋਂ ਗੁਰੂ ਜੀ ਦਾ ਸ਼ਾਹੀ ਸਨਮਾਨ ਕੀਤਾ ਗਿਆ ਸੀ। ਗੁਰੂ ਜੀ ਬਾਦਸ਼ਾਹ ਲਈ ਵੀ ਪ੍ਰੇਰਨਾ ਸਰੋਤ ਸਨ ਅਤੇ ਉਸ ਦੀ ਪੰਜਾਬੀ ਤੇ ਸਿੱਖ ਸੈਨਾ ਲਈ ਵੀ ਪ੍ਰੇਰਨਾ ਸਰੋਤ ਸਨ। ਬਾਦਸ਼ਾਹ ਅਤੇ ਉਸ ਦੀ ਸੈਨਾ ਲਗਾਤਾਰ ਗੁਰੂ ਜੀ ਤੋਂ ਪਰੇਰਨਾ ਲੈਂਦੇ ਰਹਿਣ ਇਸ ਲਈ ਬਾਦਸ਼ਾਹ ਨੇ ਹਮੇਸ਼ਾ ਹੀ ਪੂਰੇ ਸਤਿਕਾਰ ਸਹਿਤ ਗੁਰੂ ਜੀ ਨੂੰ ਆਪਣੇ ਸ਼ਾਹੀ ਕੈਂਪ ਦੇ ਨੇੜੇ ਰੱਖਿਆ ਸੀ।

ਇਸ ਰੋਸ਼ਨੀ ਵਿਚ ਸਿੱਟੇ ਦੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਜਾਜਊ ਦੀ ਜਿਹੜੀ ਲੜਾਈ 18 ਜੂਨ, 1707 ਨੂੰ ਨਵੇਂ ਬਣੇ ਬਾਦਸ਼ਾਹਾਂ, ਬਹਾਦੁਰ ਸ਼ਾਹ ਅਤੇ ਤਾਰਾ ਆਜ਼ਮ (ਆਜ਼ਮ ਸ਼ਾਹ) ਵਿਚਕਾਰ ਲੜੀ ਗਈ ਸੀ ਉਸ ਵਿਚ ਗੁਰੂ ਜੀ ਦਾ ਆਸ਼ੀਰਵਾਦ ਬਹਾਦੁਰ ਸ਼ਾਹ ਨੂੰ ਸੀ। ਲੜਾਈ ਵਿਚ ਫਤਹਿ ਬਹਾਦੁਰ ਸ਼ਾਹ ਦੀ ਹੋਈ ਸੀ। ਆਗਰੇ ਵਿਖੇ ਬਾਦਸ਼ਾਹ ਦੇ ਕੈਂਪ ਤੋਂ ਦੋ ਕੋਹ (ਤਕਰੀਬਨ 6 ਕਿਲੋਮੀਟਰ) ਦੇ ਫਾਸਲੇ ਤੇ ਇਕ ਬਾਗ ਵਿਚ ਗੁਰੂ ਜੀ ਦਾ ਡੇਰਾ ਕੀਤਾ ਗਿਆ ਸੀ। ਇੱਥੇ ਜਦੋਂ ਖਾਨਿ-ਖਾਨਾ ਮੁਨੱਈਅਮ ਖਾਨ ਨੂੰ ਗੁਰੂ ਜੀ

ਦੇ ਪਹੁੰਚਣ ਦਾ ਪਤਾ ਲੱਗਿਆ ਤਾਂ ਉਸ ਨੇ ਤੁਰੰਤ ਆਪਣੇ ਬੰਦੇ ਭੇਜ ਕੇ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੁਲਾਵਾ ਭੇਜਿਆ। ਗੁਰੂ ਜੀ ਆਪਣੇ ਨਾਲ ਚੋਣਵੇਂ ਸਿੰਘਾਂ ਨੂੰ ਲੈ ਕੇ ਖਾਨਿ-ਖਾਨਾ ਦੇ ਕੈਂਪ ਵਿਚ ਪਹੁੰਚੇ ਜਿਹੜਾ ਕਿ ਦਹਿਰੇ-ਆਰਾਏ ਬਾਗ ਵਿਚ ਸੀ। ਵਜੀਰ ਮੁਨੱਈਅਮ ਖਾਨ ਨਾਲ ਬਚਨ-ਬਿਲਾਸ ਹੋਏ। ਉਸ ਨੇ ਗੁਰੂ ਜੀ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਗੁਰੂ ਜੀ ਨੇ ਦਰਸ਼ਨ ਦੇ ਕੇ ਬੜੀ ਕਿਰਪਾ ਕੀਤੀ ਹੈ। ਉਸ ਨੇ ਗੁਰੂ ਜੀ ਦੇ ਚਰਨ ਛੂਹੇ ਅਤੇ ਗੁਰੂ ਜੀ ਨੇ ਉਸ ਦੀ ਪਿੱਠ ਤੇ ਥਾਪੜਾ ਦਿੱਤਾ।[48]

ਗੁਰੂ ਜੀ ਵਜ਼ੀਰ ਕੋਲੋਂ ਵਿਦਾ ਹੋ ਕੇ ਵਾਪਸ ਆਪਣੇ ਡੇਰੇ ਵਿਚ ਆਏ। ਕੁਝ ਇਕ ਦਿਨਾਂ ਬਾਅਦ ਬਾਦਸ਼ਾਹ ਦੀ ਬੇਨਤੀ ਆ ਪਹੁੰਚੀ ਕਿ ਗੁਰੂ ਜੀ ਉਸ ਨੂੰ ਵੀ ਦਰਸ਼ਨ ਦੇਣ। ਗੁਰੂ ਜੀ ਚੋਣਵੇਂ ਸਿੰਘਾਂ ਨੂੰ ਨਾਲ ਲੈ ਕੇ ਬਾਦਸ਼ਾਹ ਪਾਸ ਜਾਣ ਲਈ ਤਿਆਰ ਹੋਏ। ਬਾਦਸ਼ਾਹ ਦੇ ਤੰਬੂ ਕੋਲ ਪਹੁੰਚ ਕੇ ਆਪਣੇ ਸੂਰਮੇ ਸਿੰਘ ਬਾਹਰ ਹੀ ਖੜੇ ਕਰ ਦਿੱਤੇ। ਸਿਰਫ ਇਕ ਸਿੰਘ ਨੂੰ ਨਾਲ ਲੈ ਕੇ ਗੁਰੂ ਜੀ ਸ਼ਾਹੀ ਤੰਬੂ ਦੇ ਅੰਦਰ ਗਏ। ਅੱਗੇ ਜਿਹੜੀ ਖਾਸ ਡਿਉਢੀ ਬਣੀ ਹੋਈ ਸੀ ਜਿਥੋਂ ਅੱਗੇ ਬਾਦਸ਼ਾਹ ਤਖ਼ਤ ਉਪਰ ਬੈਠਾ ਸੀ ਉਸ ਡਿਉਢੀ ਦੇ ਦਰਵਾਜ਼ੇ ਤੇ ਪਹੁੰਚ ਕੇ ਗੁਰੂ ਜੀ ਨੇ ਆਪਣੇ ਸਾਥ ਵਾਲੇ ਇਕ ਸਿੰਘ ਨੂੰ ਉਥੇ ਹੀ ਖੜ੍ਹਾ ਕਰ ਦਿੱਤਾ ਅਤੇ ਆਪ ਗੁਰੂ ਜੀ ਉਸੇ ਤਰ੍ਹਾਂ ਹਥਿਆਰਾਂ ਸਮੇਤ ਅੰਦਰ ਚਲੇ ਗਏ। ਕਵੀ ਸੈਨਾਪਤਿ ਦੱਸ ਰਿਹਾ ਹੈ ਕਿ ਗੁਰੂ ਜੀ ਦੇ ਮੋਢਿਆਂ ਤੇ ਧਨੁਸ਼ਬਾਣ ਲਮਕਦਾ ਸੀ, ਸਿਰ ਤੇ ਕਲਗੀ ਫ਼ਬ ਰਹੀ ਸੀ । ਉਸੇ ਤਰ੍ਹਾਂ ਗੁਰੂ ਜੀ ਬਾਦਸ਼ਾਹ ਪਾਸ ਗਏ ਸਨ। ਬਾਦਸ਼ਾਹ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋਇਆ ਅਤੇ ਧੰਨ ਗੁਰੂ, ਧੰਨ ਗੁਰੂ ਕਹਿੰਦਾ ਹੋਇਆ ਗੁਰੂ ਜੀ ਦਾ ਸੁਆਗਤ ਕਰ ਰਿਹਾ ਸੀ। ਬਾਦਸ਼ਾਹ ਨੇ ਕਿਹਾ ਕਿ 'ਗੁਰੂ ਜੀ ਦੀ ਕਿਰਪਾ ਸਦਕਾ ਹੀ ਉਸ ਨੂੰ ਇਹ ਰਾਜ-ਭਾਗ ਅਤੇ ਤਖ਼ਤ ਤਾਜ ਪਰਾਪਤ ਹੋਏ ਹਨ।'

ਧੰਨ ਧੰਨ ਪ੍ਰਭ ਅਲਖ ਅਪਾਰਾ। ਨਿਹਚਲ ਕੀਨੋ ਰਾਜ ਹਮਾਰਾ।
ਦਯਾ ਧਾਰਿ ਹਮਰੇ ਘਰਿ ਆਏ। ਤਖ਼ਤ ਬਖ਼ਤ ਤੁਮ ਤੇ ਪ੍ਰਭ ਪਾਏ॥33॥ 722 ॥

ਬਾਦਸ਼ਾਹ ਨੇ ਗੁਰੂ ਜੀ ਨੂੰ ਆਪਣੀ ਸ਼ਰਧਾ ਵਜੋਂ ਇਕ ਸੁਨਿਹਰੀ ਕਲਗੀ, ਅਤੀ ਕੀਮਤੀ ਨਗਾਂ ਵਾਲੀ ਜੜਾਊ ਧੁਗਧੁਗੀ (ਸੁਰਾਹੀ) ਅਤੇ ਇਕ ਬਹੁ-ਕੀਮਤੀ ਖਿੱਲਅਤ ਭੇਟਾ ਕੀਤੀ। ਗੁਰੂ ਜੀ ਨੇ ਇਹ ਵਸਤੂਆਂ ਸਵੀਕਾਰ ਕਰ ਕੇ, ਡਿਉਢੀ ਖਾਸ ਦੇ ਬਾਹਰ ਖੜੇ ਸਿੰਘ ਨੂੰ ਅੰਦਰ ਬੁਲਾ ਕੇ ਫੜਾ ਦਿੱਤੀਆਂ। ਉਪਰੰਤ ਗੁਰੂ ਜੀ ਵਿਦਾ ਹੋ ਕੇ ਵਾਪਸ ਆਪਣੇ ਡੇਰੇ ਵਿਚ ਆ ਗਏ।

ਇਹ ਬਿਰਤਾਂਤ ਗੁਰੂ ਜੀ ਦੇ ਸਮਕਾਲੀ ਕਵੀ ਸੈਨਾਪਤਿ ਦਾ ਦਿੱਤਾ ਹੋਇਆ ਹੈ। ਇਸ ਦੇ ਇਕ ਇਕ ਸ਼ਬਦ ਦੀ ਮਹੱਤਤਾ ਹੈ। ਇਹ ਗੱਲਾਂ ਦੇਖਣ ਵਾਲੀਆਂ ਹਨ ਕਿ ਗੁਰੂ ਜੀ ਹਥਿਆਰਬੰਦ ਹੋ ਕੇ ਹੀ ਬਾਦਸ਼ਾਹ ਪਾਸ ਗਏ ਸਨ। ਕੋਈ ਵੀ ਅਧਿਕਾਰੀ ਕਿਸੇ ਵੀ ਸੂਰਤ ਵਿਚ ਹਥਿਆਰਬੰਦ ਹੋ ਕੇ ਬਾਦਸ਼ਾਹ ਪਾਸ ਨਹੀਂ ਜਾ ਸਕਦਾ। ਇੱਥੋਂ ਤੱਕ ਕਿ ਉਸ ਦਾ ਪੁੱਤਰ ਵੀ ਨਹੀਂ। ਪਰ ਗੁਰੂ ਜੀ ਗਏ ਸਨ। ਇਸ ਗੱਲ ਨਾਲ ਗੁਰੂ ਜੀ ਦੇ ਧਾਰਮਿਕ ਰੁਤਬੇ ਦੀ ਗੱਲ ਸਾਹਮਣੇ ਆਉਂਦੀ ਹੈ। ਦੂਜਾ ਨੁਕਤਾ ਹੈ ਬਾਦਸ਼ਾਹ ਵਲੋਂ ਧੰਨ ਗੁਰੂ ਧੰਨ ਗੁਰੂ ਕਹਿੰਦੇ ਹੋਏ ਗੁਰੂ ਜੀ ਦਾ ਧੰਨਵਾਦ ਕਰਨ ਵਾਲਾ। ਇਸ ਤਰ੍ਹਾਂ ਕਿਸੇ ਵੀ ਸਰਕਾਰੀ ਅਧਿਕਾਰੀ ਦਾ ਧੰਨਵਾਦ ਜਾਂ ਸੁਆਗਤ ਨਹੀਂ ਹੁੰਦਾ। 'ਰਾਜ-ਭਾਗ' ਜਾਂ 'ਤਖ਼ਤ-ਬਖ਼ਤ' ਤੁਹਾਥੋਂ ਹੀ ਪਰਾਪਤ ਕੀਤਾ ਹੈ ਆਦਿ ਅਜਿਹੇ ਸ਼ਬਦ ਬਾਦਸ਼ਾਹ ਕਿਸੇ ਮਹਾਨ ਧਾਰਮਿਕ ਨੇਤਾ ਨੂੰ ਹੀ ਕਹੇਗਾ ਆਪਣੇ ਅਧਿਕਾਰੀ ਨੂੰ ਨਹੀਂ। ਤੀਜਾ ਨੁਕਤਾ ਹੈ ਭੇਟ ਕੀਤੀਆਂ ਵਸਤੂਆਂ ਦਾ ਗੁਰੂ ਜੀ ਵਲੋਂ ਆਪਣੇ ਇਕ ਸਿੰਘ ਨੂੰ ਫੜਾ ਦੇਣਾ। ਬਾਦਸ਼ਾਹ ਦੇ ਦਰਬਾਰਾਂ ਦੀ ਮਰਿਯਾਦਾ ਹੁੰਦੀ ਹੈ ਕਿ ਜਿਸ ਨੂੰ ਖਿੱਲਅਤ ਆਦਿ ਪੇਸ਼ ਕੀਤੀ ਜਾਂਦੀ ਹੁੰਦੀ ਹੈ ਉਹ ਉਸ ਨੂੰ ਬਾਦਸ਼ਾਹ ਦੇ ਸਾਹਮਣੇ ਹੀ ਪਹਿਨਣੀ ਜ਼ਰੂਰੀ ਹੁੰਦੀ ਹੈ। ਗੁਰੂ ਜੀ ਨੇ ਨਾ ਕਲਗੀ ਨੂੰ ਆਪਣੀ ਪੱਗ ਤੇ ਸਜਾਇਆ ਅਤੇ ਨਾ ਹੀ ਖਿੱਲਅਤ ਨੂੰ ਪਹਿਨਿਆ। ਖਿੱਲਅਤ ਇਕ ਲੰਮੇ ਗਾਊਨ ਦੀ ਤਰ੍ਹਾਂ ਹੁੰਦੀ ਹੈ। ਇਸ ਗਾਊਨ ਉੱਪਰ ਸੋਨੇ-ਚਾਂਦੀ ਦੇ ਧਾਗਿਆਂ ਨਾਲ ਵੇਲ-ਬੂਟੇ ਪਾਏ ਗਏ ਹੁੰਦੇ ਹਨ ਅਤੇ ਹੀਰੇ, ਮੋਤੀ ਆਦਿ ਜਵਾਹਰਾਤ ਜੜੇ ਹੋਏ ਹੁੰਦੇ ਹਨ। ਇਸ ਤਰ੍ਹਾਂ ਦਾ ਗਾਊਨ ਬਹੁਤ ਕੀਮਤੀ ਹੁੰਦਾ ਸੀ। ਗੁਰੂ ਜੀ ਨੇ ਇਹ ਵਸਤੂਆਂ ਉਸੇ ਤਰ੍ਹਾਂ ਆਪਣੇ ਇਕ ਸਿੰਘ ਨੂੰ ਫੜਾ ਦਿੱਤੀਆਂ ਸਨ। ਇਹ ਸਾਰੇ ਨੁਕਤੇ ਇਸੇ ਗੱਲ ਨੂੰ ਸਾਬਤ ਕਰਦੇ ਹਨ ਕਿ ਬਾਦਸ਼ਾਹ ਨੇ ਗੁਰੂ ਜੀ ਨੂੰ ਇਕ ਗੁਰੂ (ਧਾਰਮਿਕ ਨੇਤਾ) ਦੇ ਤੌਰ ਤੇ ਹੀ ਸਨਮਾਨਿਤ ਕੀਤਾ ਸੀ। ਧਾਰਮਿਕ ਨੇਤਾ (ਗੁਰੂ) ਬਾਦਸ਼ਾਹ ਤੋਂ ਵੱਡਾ ਹੁੰਦਾ ਹੈ। ਇਸੇ ਕਰਕੇ ਬਾਦਸ਼ਾਹ ਆਪਣੀ ਧੰਨ-ਧੰਨਤਾਂ ਕਰਵਾਉਣ ਦੀ ਥਾਂ ਗੁਰੂ ਜੀ ਨੂੰ ਧੰਨ ਧੰਨ ਕਹਿੰਦਾ ਸੀ। ਸਭ ਤੋਂ ਵੱਡੀ ਗੱਲ ਇਹ ਕਿ ਗੁਰੂ ਜੀ ਦਾ

ਇਹ ਸਨਮਾਨ ਜਾਜਊ ਦੀ ਲੜਾਈ ਵਿਚੋਂ ਫਤਹਿ ਪਰਾਪਤ ਕਰਨ ਬਾਅਦ ਕੀਤਾ ਸੀ। ਲੜਾਈ ਸਮੇਂ ਗੁਰੂ ਜੀ ਦਿੱਲੀ ਵਿਖੇ ਸਨ। ਫਤਹਿ ਉਪਰੰਤ ਹੀ ਗੁਰੂ ਜੀ ਆਗਰੇ ਪਹੁੰਚੇ ਸਨ। ਇਹ 23 ਜੁਲਾਈ, 1707 ਦੀ ਘਟਨਾ ਹੈ। ਇਸ ਦਾ ਮਤਲਬ ਹੈ ਕਿ ਜੇਕਰ ਸਿੱਖਾਂ ਦਾ ਲੜਾਈ ਵਿਚ ਬਹੁਤ ਵੱਡਾ ਯੋਗਦਾਨ ਹੋਵੇਗਾ ਤਾਂ ਹੀ ਬਾਦਸ਼ਾਹ ਨੇ ਗੁਰੂ ਜੀ ਨੂੰ ਸਨਮਾਨਿਤ ਕੀਤਾ ਸੀ। ਜਾਂ ਇਸ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦਾ ਬਾਦਸ਼ਾਹ ਉੱਪਰ ਬਹੁਤ ਤਕੜਾ ਪਰਭਾਵ ਸੀ। ਗੁਰੂ ਜੀ ਉਸ ਲਈ ਵੀ ਪਰੇਰਨਾ ਸਰੋਤ ਸਨ ਅਤੇ ਉਸ ਦੀ ਪੰਜਾਬੀ ਫੌਜ ਲਈ ਵੀ ਪਰੇਰਨਾ ਸਰੋਤ ਸਨ।

ਕਵੀ ਸੈਨਾਪਤਿ ਸ਼ਾਹੀ ਕੈਂਪ ਵਿਚ ਹੀ ਰਹਿਣ ਸਮੇਂ ਇਕ ਦਿਨ ਦੀ ਹੋਰ ਘਟਨਾ ਬਾਰੇ ਵੀ ਦਸਦਾ ਹੈ। ਸੈਨਾਪਤਿ ਅਨੁਸਾਰ ਇਕ ਦਿਨ ਬਾਦਸ਼ਾਹ ਅਤੇ ਗੁਰੂ ਜੀ ਨੇ ਝਰੋਖਾ ਦਰਸ਼ਨ ਵਿਚ ਬੈਠ ਕੇ ਹਾਥੀਆਂ ਦੀ ਲੜਾਈ ਦੇਖੀ। ਹਾਥੀ ਇਕ ਦੂਜੇ ਨਾਲ ਟੱਕਰਾਂ ਮਾਰਦੇ ਸਨ, ਸੁੰਢ ਨਾਲ ਸੁੰਢ ਅੜਾ ਕੇ ਇਕ ਦੂਜੇ ਨੂੰ ਖਿੱਚਦੇ ਹਨ, ਬਰਾਬਰ ਦੌੜਦੇ ਸਨ, ਕਦੇ ਕੋਈ ਹਾਥੀ ਅੱਗੇ ਭੱਜ ਪੈਂਦਾ ਸੀ ਤੇ ਦੂਜਾ ਉਸ ਦੇ ਹੁੱਡ ਮਾਰ ਕੇ ਭਜਾਉਂਦਾ ਸੀ ਆਦਿ ਇਸ ਕਿਸਮ ਦੀਆਂ ਅਨੇਕਾਂ ਹਰਕਤਾਂ ਕਰਕੇ ਲੜਦੇ ਸਨ।[49] ਇਸ ਤਰ੍ਹਾਂ ਕਈ ਦਿਨ ਗੁਰੂ ਜੀ ਸ਼ਾਹੀ ਕੈਂਪ ਵਿਚ ਮਹਿਮਾਨ ਬਣ ਕੇ ਵਿਚਰਦੇ ਰਹੇ ਸਨ। ਕੁਝ ਕੁ ਮਹੀਨੇ ਇੱਥੇ ਆਗਰੇ ਰਹਿੰਦਿਆਂ ਹੀ ਬੀਤ ਗਏ ਸਨ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚੀਆਂ ਸਨ। ਬਾਦਸ਼ਾਹ ਦਾ ਪ੍ਰੋਗਰਾਮ ਅਗੇ ਰਾਜਪੂਤਾਨੇ ਵਿਚ ਜਾਣ ਦਾ ਬਣਿਆ। ਇਸ ਲਈ ਬਾਦਸ਼ਾਹ ਤਾਂ ਆਗਰੇ ਤੋਂ ਰਾਜਪੂਤਾਨੇ ਲਈ ਰਵਾਨਾ ਹੋ ਗਿਆ ਸੀ, ਪਰ ਗੁਰੂ ਜੀ ਆਗਰੇ ਵਿਖੇ ਹੀ ਠਹਿਰੇ ਰਹੇ ਸਨ।[50]

ਵਿਲੀਅਮ ਇਰਵਿਨ ਨੇ ਬਹਾਦੁਰ ਸ਼ਾਹ ਦੇ ਆਗਰੇ ਤੋਂ ਕੂਚ ਕਰਨ ਦੀ ਮਿਤੀ 11 ਨਵੰਬਰ, 1707 ਈ. ਦੀ ਦੱਸੀ ਹੈ। ਉਸ ਅਨੁਸਾਰ ਇਨ੍ਹਾਂ ਅਖੀਰਲੇ ਦਿਨਾਂ ਵਿਚ ਉਦੈਪੁਰ ਦੇ ਰਾਜਾ ਅਮਰ ਸਿੰਘ ਨੇ ਆਪਣੇ ਭਰਾ ਬਖ਼ਤ ਸਿੰਘ ਨੂੰ ਨਜ਼ਰਾਨੇ ਦੇ ਕੇ ਆਗਰੇ ਬਾਦਸ਼ਾਹ ਪਾਸ ਭੇਜਿਆ ਸੀ। ਇਸ ਨੂੰ ਬਹਾਦੁਰ ਸ਼ਾਹ ਦੇ ਵੱਡੇ ਪੁੱਤਰ ਜਹਾਂਦਾਰਸ਼ਾਹ ਨੇ ਬਾਦਸ਼ਾਹ ਨਾਲ ਮਿਲਾਇਆ। 11 ਨਵੰਬਰ ਨੂੰ ਬਾਦਸ਼ਾਹ ਰਾਜਪੂਤਾਨੇ ਵੱਲ ਨੂੰ ਰਵਾਨਾ ਹੋ ਗਿਆ ਅਤੇ ਫਤਿਹਪੁਰ ਸੀਕਰੀ ਪਹੁੰਚ ਕੇ ਸ਼ੇਖ ਸਲੀਮ ਚਿਸ਼ਤੀ ਦੀ ਦਰਗਾਹ ਤੇ ਸਿਜਦਾ ਕੀਤਾ। ਪਹਿਲਾ ਪੜਾ ਆਗਰੇ ਤੋਂ 58 ਮੀਲ (93 ਕਿਲੋਮੀਟਰ) ਦੂਰ ਪੱਛਮ ਵੱਲ ਸਥਿਤ ਭੁਸਾਵਰ ਦੇ ਸਥਾਨ ਤੇ ਕੀਤਾ । ਇਥੇ ਸ਼ਾਹੀ ਤੰਬੂਆਂ ਨੂੰ ਪਹਿਲੋਂ ਹੀ ਭੇਜ ਦਿੱਤਾ ਗਿਆ ਸੀ।[51] ਬਾਦਸ਼ਾਹ ਦਾ ਕੈਂਪ ਇਥੇ 28 ਦਸੰਬਰ, 1707 ਤਕ ਰਿਹਾ ਸੀ। ਇੱਥੋਂ ਅੰਬੇਰ (ਜੈਪੁਰ ਦੀ ਰਾਜਧਾਨੀ) ਨੇੜੇ ਹੀ ਸੀ। ਇਸ ਲਈ ਇੱਥੋਂ ਅੱਗੇ ਅੰਬੇਰ ਨੂੰ ਰਵਾਨਾ ਹੋਣ ਤੋਂ ਪਹਿਲਾਂ ਉਸ ਨੇ ਜੈਪੁਰ ਰਿਆਸਤ ਬਾਰੇ ਕੁਝ ਫੈਸਲੇ ਲਏ। ਜੈਪੁਰ ਦਾ ਰਾਜਾ ਜੈ ਸਿੰਘ ਭਾਵੇਂ ਪਹਿਲਾਂ ਆਜ਼ਮ ਸ਼ਾਹ ਵੱਲ ਸੀ ਪਰ ਲੜਾਈ ਦੌਰਾਨ ਹੀ ਉਹ ਬਹਾਦੁਰਸ਼ਾਹ ਵੱਲ ਹੋ ਗਿਆ ਸੀ। ਇਸ ਸਮੇਂ ਵੀ ਉਹ ਆਗਰੇ ਤੋਂ ਲੈ ਕੇ ਭੁਸਾਵਰ ਤਕ ਸ਼ਾਹੀ ਕੈਂਪ ਦੇ ਨਾਲ ਹੀ ਸੀ, ਪਰ ਉਸ ਦਾ ਛੋਟਾ ਭਰਾ ਵਿਜੈ ਸਿੰਘ ਮੁੱਢ ਤੋਂ, ਕਾਬਲ ਤੋਂ ਲੈ ਕੇ ਜਾਜਊ ਤਕ ਬਹਾਦੁਰ ਸ਼ਾਹ ਦੇ ਨਾਲ ਸੀ। ਦੋਹਾਂ ਭਰਾਵਾਂ ਦਾ ਝਗੜਾ ਸੀ। ਬਾਦਸ਼ਾਹ ਨੇ ਜੈਪੁਰ ਰਿਆਸਤ ਨੂੰ ਜ਼ਬਤ ਕਰਨ ਦਾ ਫੈਸਲਾ ਲਿਆ। ਸਾਰਾ ਸਮਾਨ ਜ਼ਬਤ ਕਰ ਲਿਆ ਗਿਆ ਭਾਵੇਂ ਕਿ ਇਹ ਦਿੱਤਾ ਗਿਆ ਜੈ ਸਿੰਘ ਨੂੰ ਹੀ ਸੀ। ਵਿਜੈ ਸਿੰਘ ਨੂੰ ਜੈਪੁਰ ਦਾ ਨਵਾਂ ਮਿਰਜ਼ਾ ਰਾਜਾ ਬਣਾ ਦਿੱਤਾ ਗਿਆ ਸੀ। ਜੈ ਸਿੰਘ ਨੂੰ ਸ਼ਾਹੀ ਕੈਂਪ ਵਿਚ ਹੀ ਰੱਖਿਆ ਗਿਆ ਸੀ। ਅੰਬੇਰ ਵਿਖੇ ਬਾਦਸ਼ਾਹ 20 ਜਨਵਰੀ, 1708 ਨੂੰ ਪਹੁੰਚਿਆ ਸੀ।[52]

ਅੰਬੇਰ (ਜੈਪੁਰ) ਵਿਖੇ ਬਾਦਸ਼ਾਹ ਤਿੰਨ ਦਿਨ ਰਿਹਾ। ਇੱਥੋਂ ਅੱਗੇ ਜੋਧਪੁਰ ਨੂੰ ਰਵਾਨਾ ਹੋਇਆ। ਸੰਗਨੇਰ ਅਤੇ ਕਿਸ਼ਨਗੜ੍ਹ ਵਿਚੋਂ ਦੀ ਅਜੇ ਬਾਦਸ਼ਾਹ ਅੱਗੇ ਜਾ ਰਿਹਾ ਸੀ ਕਿ ਦੋ ਖ਼ਬਰਾਂ ਆ ਮਿਲੀਆਂ। ਇਕ ਇਹ ਕਿ ਉਦੈਪੁਰ ਦਾ ਰਾਜਾ ਅਮਰ ਸਿੰਘ ਆਪਣੀ ਰਾਜਧਾਨੀ ਛੱਡ ਕੇ ਭੱਜ ਗਿਆ ਹੈ। ਦੂਜੀ ਇਹ ਕਿ ਦੱਖਣ ਵਿਚ ਕਾਮ ਬਖ਼ਸ਼ ਨੇ ਬਗਾਵਤ ਕਰ ਦਿੱਤੀ ਹੈ। ਬਾਦਸ਼ਾਹ ਅਜਮੇਰ ਦੇ ਨੇੜੇ ਹੀ ਪਹੁੰਚਿਆ ਹੋਇਆ ਸੀ ਪਰ ਉਸ ਨੇ ਫੈਸਲਾ ਜੋਧਪੁਰ ਪਹੁੰਚਣ ਦਾ ਹੀ ਕੀਤਾ ਹੋਇਆ ਸੀ। 21 ਫਰਵਰੀ, 1708 ਨੂੰ ਸ਼ਾਹੀ ਕੈਂਪ ਮੇੜਤਾ ਪਹੁੰਚ ਗਿਆ। ਇੱਥੇ ਹੀ ਕਾਫੀ ਮੁਸ਼ਕਲਾਂ ਦੇ ਬਾਅਦ ਜੋਧਪੁਰ ਦਾ ਮਹਾਰਾਜਾ ਅਜੀਤ ਸਿੰਘ ਪੇਸ਼ ਹੋਇਆ। ਉਸ ਦੇ ਦੋਵੇਂ ਹੱਥ ਉਸ ਦੀ ਹੀ ਰੁਮਾਲ ਨਾਲ ਬੰਨ ਕੇ ਉਸ ਨੂੰ ਬਾਦਸ਼ਾਹ ਅੱਗੇ ਪੇਸ਼ ਕੀਤਾ ਗਿਆ। ਭਾਵੇਂ ਕਿ ਪੇਸ਼ ਹੋਣ ਬਾਅਦ ਉਸ ਨੂੰ ਪੂਰੇ ਮਾਨਾ-ਸਨਮਾਨਾ ਨਾਲ ਵਿਦਾ ਕੀਤਾ ਗਿਆ ਸੀ।[53]

ਮੇੜਤਾ ਤੋਂ 27-28 ਨਵੰਬਰ ਨੂੰ ਬਾਦਸ਼ਾਹ ਵਾਪਸ ਅਜਮੇਰ ਨੂੰ ਮੁੜ ਪਿਆ ਸੀ ਅਤੇ 24 ਮਾਰਚ, 1708 ਤਕ ਬਾਦਸ਼ਾਹ ਅਜਮੇਰ ਹੀ ਰਿਹਾ ਸੀ। ਇੱਥੇ ਹੀ ਉਦੈਪੁਰ ਦੇ ਰਾਜਾ ਅਮਰ ਸਿੰਘ ਵਲੋਂ ਭੇਜੀ ਹੋਈ 9 ਮੈਂਬਰੀ ਵਜ਼ੀਰ ਮੰਡਲੀ ਨਜ਼ਰਾਨੇ ਲੈ ਕੇ ਬਾਦਸ਼ਾਹ ਅੱਗੇ ਪੇਸ਼ ਹੋਈ। ਬਾਦਸ਼ਾਹ ਨੇ ਇਸ ਮੰਡਲੀ ਨੂੰ ਯਕੀਨ ਦਿਵਾਇਆ ਕਿ ਰਾਜਾ ਅਮਰ ਸਿੰਘ ਨੂੰ ਨਿਸ਼ਚਿੰਤ ਰਹਿਣਾ ਚਾਹੀਦਾ ਹੈ।[54] ਇੱਥੋਂ ਅੱਗੇ ਅਪ੍ਰੈਲ ਦੇ ਮਹੀਨੇ ਵਿਚ ਚਿਤੌੜਗੜ੍ਹ ਅਤੇ ਉਜੈਨ ਵੱਲ ਰਵਾਨਗੀਆਂ ਹੋਈਆਂ ਸਨ। 30 ਅਪਰੈਲ ਨੂੰ ਸ਼ਾਹੀ ਕੈਂਪ ਮੰਡਲੇਸ਼ਵਰ ਪਹੁੰਚਿਆ ਅਤੇ ਇੱਥੇ ਹੀ ਪਤਾ ਲੱਗਿਆ ਕਿ ਮਹਾਰਾਜਾ ਅਜੀਤ ਸਿੰਘ, ਰਾਜਾ ਜੈ ਸਿੰਘ ਕਛਵਾਹਾ ਅਤੇ ਦੁਰਗਾ ਦਾਸ ਰਾਠੌੜ ਸ਼ਾਹੀ ਕੈਂਪ ਵਿਚੋਂ ਭੱਜ ਗਏ ਹਨ। ਪਰ ਬਹਾਦੁਰ ਸ਼ਾਹ ਨੇ ਕਾਮ ਬਖ਼ਸ਼ ਦੀ ਬਗ਼ਾਵਤ ਨੂੰ ਕੁਚਲਣ ਦਾ ਮਨ ਬਣਾਇਆ ਹੋਇਆ ਸੀ ਇਸ ਲਈ ਉਸ ਨੇ ਰਾਜਪੂਤ ਰਾਜਿਆਂ ਦੀਆਂ ਇਨ੍ਹਾਂ ਆਪਹੁਦਰੀਆਂ ਕਾਰਵਾਈਆਂ ਨੂੰ ਕਿਸੇ ਅਗਲੇ ਸਮੇਂ ਵਿਚ ਨਜਿੱਠਣ ਦਾ ਫ਼ੈਸਲਾ ਲੈ ਕੇ ਅੱਗੇ ਦੱਖਣ ਵੱਲ ਨੂੰ ਮਾਰਚ ਜਾਰੀ ਰੱਖਿਆ।

ਗੁਰੂ ਗੋਬਿੰਦ ਸਿੰਘ ਜੀ ਅਜੇ ਆਗਰੇ ਵਿਖੇ ਹੀ ਸਨ ਜਦੋਂ ਕਿ ਬਾਦਸ਼ਾਹ ਆਗਰੇ ਨੂੰ ਛੱਡ ਕੇ ਅੱਗੇ ਨੂੰ ਰਵਾਨਾ ਹੋ ਗਿਆ ਸੀ ਜਿਸ ਦਾ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ। ਇਹ ਗੱਲਾਂ ਧਿਆਨ ਵਿਚ ਰੱਖਣ ਵਾਲੀਆਂ ਹਨ। ਕਵੀ ਸੈਨਾਪਤਿ ਦਸਦਾ ਹੈ ਕਿ ਜਦੋਂ ਬਾਦਸ਼ਾਹ ਆਗਰੇ ਤੋਂ ਰਾਜਪੂਤਾਨੇ ਵੱਲ ਰਵਾਨਾ ਹੋਇਆ ਤਾਂ ਗੁਰੂ ਜੀ ਆਗਰੇ ਵਿਖੇ ਆਪਣੇ ਬਾਗ ਵਿਚਲੇ ਡੇਰੇ ਨੂੰ ਛੱਡ ਕੇ ਆਗਰੇ ਤੋਂ ਕੁਝ ਦੂਰ ਬਾਹਰ ਐਤਬਾਹਪੁਰ ਵਿਖੇ ਇਕ ਸਰੋਵਰ ਉੱਪਰ ਪਹੁੰਚ ਗਏ ਸਨ ਅਤੇ ਇੱਥੇ ਕੁਝ ਦਿਨ ਰਹੇ ਸਨ। ਇੱਥੇ ਹੀ ਆਕੇ ਸਾਹਿਬਜ਼ਾਦਾ ਜੋਰਾਵਰ ਸਿੰਘ ਗੁਰੂ ਜੀ ਨੂੰ ਮਿਲਿਆ।[55] ਇਸ ਐਤਬਾਹਪੁਰ ਦਾ ਮੌਜੂਦਾ ਨਾਂ ਇਤਮਾਦਪੁਰ ਹੈ ਜਿਹੜਾ ਕਿ ਆਗਰੇ ਤੋਂ ਨੈਸ਼ਨਲ ਹਾਈਵੇ ਨੰਬਰ ਦੋ ਉੱਪਰ, 18 ਕਿਲੋਮੀਟਰ ਦੀ ਵਿੱਥ ਤੇ ਹੈ। ਇਥੇ ਕਿਸੇ ਮੁਗ਼ਲ ਅਧਿਕਾਰੀ ਇਤਮਾਦ ਖਾਨ ਨੇ ਆਪਣੇ ਲਈ ਬੜਾ ਸੁੰਦਰ ਬਾਗ ਅਤੇ ਉਸ ਵਿਚ ਬੜਾ ਵਿਸ਼ਾਲ ਸਰੋਵਰ ਬਣਵਾਇਆ ਸੀ। ਇਸ ਸਰੋਵਰ ਵਿਚ ਬੜਾ ਹੀ ਸ਼ਾਨਦਾਰ ਮਕਰਬਾ ਬਣਾਇਆ ਸੀ ਜਿਹੜਾ ਕਿ ਇਕ ਬੁਰਜੀਦਾਰ ਪੁਲ ਰਾਹੀਂ ਸਰੋਵਾਰ ਦੇ ਕੰਢੇ ਤੇ ਉਸਰੀ ਬੜੀ ਹੀ ਸ਼ਾਨਦਾਰ ਡਿਊਢੀ ਨਾਲ ਜੁੜਿਆ ਹੋਇਆ ਸੀ। ਇਹ ਡਿਊਢੀ, ਪੁਲ ਅਤੇ ਮਕਬਰਾ ਅੱਜ ਵੀ (13.10.07) ਉਸੇ ਤਰ੍ਹਾਂ ਖੜੇ ਹਨ। ਸਰੋਵਰ ਭਾਵੇਂ ਸੁੱਕਾ ਪਿਆ ਹੈ ਅਤੇ ਇਸ ਦੇ ਆਲੇ-ਦੁਆਲੇ ਦੀਆਂ ਚਾਰ-ਦਿਵਾਰੀਆਂ ਵੀ ਢਹਿ ਗਈਆਂ ਹਨ ਪਰ ਖੰਡਰਾਤ ਕਾਇਮ ਹਨ। ਇਸ ਸਰੋਵਰ ਤੋਂ ਇਕ ਕਿਲੋਮੀਟਰ ਦੀ ਵਿੱਥ ਤੇ ਇਤਮਾਦਪੁਰ ਕਸਬਾ ਹੈ। ਉਸ ਸਮੇਂ ਇਹ ਸਰੋਵਰ, ਬਾਗ ਅਤੇ ਵਿਚਲੀਆਂ ਇਮਰਾਤਾਂ ਸ਼ਾਹੀ ਠਾਠ-ਬਾਠ ਵਾਲੀਆਂ ਸਨ। ਗੁਰੂ ਜੀ ਇਥੇ, ਕਵੀ ਸੈਨਾਪਤਿ ਅਨੁਸਾਰ ਕੁਝ ਦਿਨ (ਅਲਪ ਦਿਵਸ) ਰਹੇ ਸਨ। ਇਥੋਂ ਕੂਚ ਕਰਕੇ ਗੁਰੂ ਜੀ ਵੀ ਰਾਜਪੂਤਾਨੇ ਵੱਲ ਨੂੰ ਰਵਾਨਾ ਹੋ ਗਏ ਸਨ ਅਤੇ ਬਾਦਸ਼ਾਹ ਨਾਲ ਅੰਬੇਰ ਵਿਖੇ ਜਾ ਰਲੇ ਸਨ। ਅੰਬੇਰ ਵਿਖੇ, ਜਿਵੇਂ ਕਿ ਪਿੱਛੇ ਲਿਖਿਆ ਜਾ ਚੁੱਕਿਆ ਹੈ, ਬਾਦਸ਼ਾਹ 20 ਜਨਵਰੀ, 1708 ਨੂੰ ਪਹੁੰਚਿਆ ਸੀ ਅਤੇ ਤਿੰਨ ਦਿਨ ਤਕ ਰਿਹਾ ਸੀ। ਇਸ ਦਾ ਮਤਲਬ ਹੈ ਕਿ ਗੁਰੂ ਜੀ ਵੀ ਜਾਜਉ ਦੀ ਲੜਾਈ ਤੋਂ ਬਾਅਦ ਲਗਾਤਾਰ ਕਈ ਮਹੀਨੇ ਆਗਰੇ ਵਿਖੇ ਜਾਂ ਇਸ ਦੇ ਆਲੇ-ਦੁਆਲੇ ਹੀ ਰਹੇ ਸਨ ਅਤੇ 1708 ਜਨਵਰੀ ਦੀ 20 ਤਾਰੀਖ਼ ਨੂੰ ਅੰਬੇਰ ਵਿਖੇ ਪਹੁੰਚ ਗਏ ਸਨ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਜੀ ਤਿੰਨ ਚਾਰ ਮੰਜ਼ਲਾਂ ਕਰਦੇ ਹੋਏ ਅੰਬੇਰ ਵਿਖੇ ਬਾਦਸ਼ਾਹ ਨਾਲ ਜਾ ਰਲੇ ਸਨ।

ਤੀਨ ਚਾਰ ਮੰਜ਼ਲ ਕਰਿ ਦੀਹਾ।
ਮਿਲੇ ਆਨਿ ਨੌਰੰਗ ਸੁਤ ਜੀਹਾ।[56]

ਤਿੰਨ-ਚਾਰ ਮੰਜਲਾਂ ਤੋਂ ਭਾਵ ਹੈ ਤਿੰਨ-ਚਾਰ ਦਿਨਾਂ ਦੀ ਯਾਤਰਾ ਤੋਂ ਬਾਅਦ।

ਇਸ ਤੋਂ ਅੱਗੇ ਕਵੀ ਸੈਨਾਪਤਿ ਦੇ ਅਨੁਸਾਰ ਗੁਰੂ ਜੀ ਦਾ ਲਸ਼ਕਰ ਕਦੇ ਸ਼ਾਹੀ ਲਸ਼ਕਰ ਦੇ ਨਾਲ ਨਾਲ ਅਤੇ ਕਦੇ ਅਲੱਗ-ਅਲੱਗ ਹੋ ਕੇ ਅੱਗੇ ਨੂੰ ਜਾ ਰਹੇ ਸਨ। ਅਜਮੇਰ ਪਹੁੰਚਣ ਸਮੇਂ ਵੀ ਗੁਰੂ ਜੀ ਸ਼ਾਹੀ ਲਸ਼ਕਰ ਨਾਲ ਸਨ ਅਤੇ ਜੋਧਪੁਰ ਦੇ ਰਾਜੇ ਵਲੋਂ ਬਾਦਸ਼ਾਹ ਨੂੰ ਮਿਲਣ ਆਉਣ ਸਮੇਂ ਵੀ ਗੁਰੂ ਜੀ ਸ਼ਾਹੀ ਲਸ਼ਕਰ ਦੇ ਨਾਲ ਸਨ। ਜਦੋਂ ਬਾਦਸ਼ਾਹ ਚਿਤੌੜਗੜ੍ਹ ਪਹੁੰਚਿਆ ਸੀ ਤਾਂ ਵੀ ਗੁਰੂ ਜੀ ਨਾਲ ਸਨ। ਇੱਥੇ ਉਹੀ ਜੋਰਾਵਰ ਸਿੰਘ ਚਿਤੌੜਗੜ੍ਹ ਦਾ ਕਿਲ੍ਹਾ ਦੇਖਣ ਗਿਆ ਉਥੋਂ ਦੇ ਕਿਲ੍ਹੇਦਾਰਾਂ ਨਾਲ ਲੜਦਾ ਹੋਇਆ ਕਿਸੇ ਝੜੱਪ ਵਿਚ ਮਾਰਿਆ ਗਿਆ ਸੀ ਜਿਹੜਾ ਆਗਰੇ ਨੇੜੇ ਇਤਮਾਦਪੁਰ ਆ ਕੇ ਗੁਰੂ ਜੀ ਨੂੰ ਮਿਲਿਆ

ਸੀ। ਤਾਰੀਖ਼ੇ ਬਹਾਦੁਰ ਸ਼ਾਹੀ ਵਿਚ ਇਸ ਜੋਰਾਵਰ ਸਿੰਘ ਦੀ ਖੂਬਸੂਰਤੀ ਅਤੇ ਦਲੇਰੀ ਦੀ ਬਹੁਤ ਤਾਰੀਫ਼ ਕੀਤੀ ਗਈ ਹੈ।[57] ਕਵੀ ਸੈਨਾਪਤਿ ਨੇ ਵੀ ਇਸ ਜੋਰਾਵਰ ਸਿੰਘ ਦੀ ਮਹਿਮਾ ਵਿਚ ਪੂਰੇ ਬਾਰਾਂ ਬੰਦ ਚਾਰ-ਚਾਰ ਲਾਈਨਾਂ ਵਾਲੇ ਉਚਾਰੇ ਹਨ।[58] ਡਾ. ਗੰਡਾ ਸਿੰਘ ਅਨੁਸਾਰ ਇਹ ਸਾਹਿਬਜ਼ਾਦਾ ਗੁਰੂ ਗੋਬਿੰਦ ਸਿੰਘ ਜੀ ਦਾ ਮੁਤਬੰਨਾ ਪੁੱਤਰ ਸੀ। ਪਰ ਸਮਕਾਲੀ ਲਿਖਤਾਂ ਵਿਚ ਇਸ ਤਰ੍ਹਾਂ ਦਾ ਕੋਈ ਇਸ਼ਾਰਾ ਨਹੀਂ ਹੈ। ਇਹ ਵੀ ਇਤਿਹਾਸ ਦਾ ਇਕ ਤੱਥ ਹੈ ਕਿ ਗੁਰੂ ਜੀ ਦੇ ਚਾਰੇ ਸਾਹਿਬਜ਼ਾਦੇ 1705 ਦੇ ਦਸੰਬਰ ਵਿਚ ਸ਼ਹੀਦ ਹੋ ਚੁੱਕੇ ਸਨ। ਸੰਭਾਵਨਾ ਇਹ ਹੀ ਹੋ ਸਕਦੀ ਹੈ ਕਿ ਇਹ ਮੁਤਬੰਨਾ ਪੁੱਤਰ ਹੀ ਸੀ।

ਚਿਤੌੜਗੜ੍ਹ ਦੇਖਣ ਸਮੇਂ ਦੀ ਹੀ ਇਕ ਹੋਰ ਘਟਨਾ ਨੂੰ ਬਿਆਨ ਕਰਦੇ ਹੋਏ ਭਾਈ ਸੰਤੋਖ ਸਿੰਘ ਲਿਖ ਰਹੇ ਹਨ ਕਿ ਸਿੰਘਾਂ ਦਾ ਇਕ ਜੱਥਾ ਗੁਰੂ ਜੀ ਤੋਂ ਪੁੱਛੇ ਬਿਨਾ ਹੀ ਚਿਤੌੜਗੜ੍ਹ ਦਾ ਕਿਲ੍ਹਾ ਦੇਖਣ ਚਲਾ ਗਿਆ। ਕਿਲ੍ਹਾ ਦੇਖਣ ਬਾਅਦ ਮੁੜਦੇ ਹੋਏ ਉਨ੍ਹਾਂ ਨੇ ਘੋੜਿਆ ਲਈ ਘਾਹ-ਪੱਠਾ ਵੀ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਉਥੋਂ ਦੇ ਸਥਾਨਕ ਲੋਕ ਘਾਹ-ਪੱਠਾ ਇਕੱਠਾ ਕਰਨ ਤੋਂ ਰੋਕਣ ਲੱਗੇ। ਸਿੱਟੇ ਵਜੋਂ ਲੜਾਈ ਹੋ ਪਈ। ਰੌਲਾ ਗੁਰੂ ਸਾਹਿਬ ਤਕ ਪਹੁੰਚ ਗਿਆ। ਗੁਰੂ ਜੀ ਨੇ ਕੁਝ ਸਿੰਘ ਉਨ੍ਹਾਂ ਵੱਲ ਭੇਜੇ। ਆਖਰ ਸਥਾਨਕ ਲੋਕਾਂ ਨੂੰ ਭਜਾ ਦੇਣ ਬਾਅਦ ਜਦੋਂ ਉਹ ਜੱਥਾ ਗੁਰੂ ਜੀ ਕੋਲ ਪਹੁੰਚਿਆ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਤਕੜੀ ਝਾੜ ਪਾਉਂਦਿਆਂ ਕਿਹਾ ਕਿ 'ਤੁਸੀਂ ਇਜ਼ਾਜ਼ਤ ਲਏ ਬਿਨਾ ਕਿਉਂ ਗਏ ਸੀ। ਤੁਸੀਂ ਗਏ ਤਾਂ ਕਿਲ੍ਹਾ ਦੇਖਣ ਲਈ ਸੀ, ਪਰ ਜਾ ਕੇ ਉਥੋਂ ਦੇ ਲੋਕਾਂ ਨਾਲ ਲੜਨ ਲੱਗ ਪਏ। ਜੇਕਰ ਉਹ ਇਕੱਠੇ ਹੋ ਕੇ ਜ਼ਿਆਦਾ ਗਿਣਤੀ ਵਿਚ ਆ ਜਾਂਦੇ ਫਿਰ ਤੁਸੀਂ ਕੀ ਕਰਦੇ ? ਤੁਸੀਂ ਇੱਥੇ ਓਪਰੀ ਧਰਤੀ ਤੇ ਲੜਾਈਆਂ ਕਰਦੇ ਫਿਰਦੇ ਹੋ। ਪਹਿਲਾਂ ਹੀ ਬਥੇਰੀਆਂ ਲੜਾਈਆਂ ਕਰ ਕੇ ਆਏ ਹਾਂ।'

ਸ੍ਰੀ ਗੁਰੂ ਹੇਰਿ ਤਿਨਹੁਂ ਸਮਝਾਯੋ। ਬਿਨਾ ਕਹੇ ਕਿਮ ਜੰਗ ਮਚਾਯੋ।
ਗਏ ਬਿਲੋਕਨ ਥਾਨ ਚਿਤੌਰ। ਬਿਨ ਮਰਜ਼ੀ ਹਮਾਰੀ ਕਿਯ ਰੌਰ ।
ਨਹਿਂ ਆਗੇ ਤੁਮ ਕੀਜੈ ਐਸੇ। ਬਿਚ ਬਿਦੇਸ਼ ਰਣ ਠਾਨਤਿ ਜੈਸੇ।
ਸੁਭਦ ਹਜ਼ਾਰਹੁ ਹੋਤਿ ਸਕੇਲਾ। ਘੇਰ ਲੇਤਿ ਤੁਮ ਕੋ ਕਰਿ ਹੇਲਾ।
ਕੋ ਸਹਾਇ ਹੋ ਤਹਾ ਬਚਾਵਤਿ। ਪਹਿਲੇ ਹੀ ਸੰਘਰ ਕਰ ਆਵਤ।[59]

ਚਿਤੌੜਗੜ੍ਹ ਤੋਂ ਅੱਗੇ ਦਾ ਰਸਤਾ ਬਹੁਤ ਔਖਾ ਸੀ। ਸਥਾਨਕ ਲੋਕਾਂ ਨੇ ਇਸ ਬਾਰੇ ਗੁਰੂ ਜੀ ਨੂੰ ਸਾਵਧਾਨ ਕਰ ਦਿੱਤਾ ਸੀ। ਫਿਰ ਉਨ੍ਹਾਂ ਕੋਲੋਂ ਸੌਖ ਰਸਤਾ ਪੁੱਛਿਆ। ਇਸ ਤਰ੍ਹਾਂ ਗੁਰੂ ਜੀ ਰਸਤੇ ਵਿਚ ਮੰਦਸ਼ੌਰ, ਰਤਲਾਮ ਅਤੇ ਉਜੈਨ-ਇੰਦੌਰ ਦੇ ਇਲਾਕਿਆਂ ਵਿਚੋਂ ਦੀ ਹੁੰਦੇ ਹੋਏ ਨਰਬਦਾ ਨਦੀ ਉੱਪਰ ਪਹੁੰਚ ਗਏ। ਬਹਾਦੁਰ ਸ਼ਾਹ ਵੀ ਇੱਥੇ ਨਰਬਦਾ ਨਦੀ ਦੇ ਕੰਢੇ ਉੱਪਰ ਉਤਰਿਆ ਹੋਇਆ ਸੀ। ਇਹ ਅਪਰੈਲ ਅਤੇ ਮਈ, 1708 ਦੇ ਮਹੀਨੇ ਸਨ। ਬਾਦਸ਼ਾਹ 20 ਅਪਰੈਲ ਨੂੰ ਮੰਡਲੇਸ਼ਵਰ ਪਹੁੰਚਿਆ ਸੀ ਅਤੇ ਇਹ ਸ਼ਹਿਰ ਨਰਬਦਾ ਨਦੀ ਉੱਪਰ ਹੀ ਹੈ। ਇਥੋਂ ਬਾਦਸ਼ਾਹ 17 ਮਈ, 1708 ਨੂੰ ਅੱਗੇ ਰਵਾਨਾ ਹੋਇਆ ਸੀ। ਇਹੀ ਸਮਾਂ ਗੁਰੂ ਜੀ ਦੇ ਇੱਥੇ ਆਉਣ ਅਤੇ ਠਹਿਰਣ ਦਾ ਸੀ। ਗੁਰੂ ਜੀ ਨੇ ਵੀ ਕੁਝ ਦੂਰੀ ਪਰ ਨਰਬਦਾ ਨਦੀ ਉੱਪਰ ਹੀ ਆਪਣਾ ਡੇਰਾ ਲਗਾਇਆ। ਇੱਥੇ ਵੀ ਘੋੜਿਆਂ ਲਈ ਘਾਹ-ਪੱਠਾ ਲੈਣ ਵਾਸਤੇ ਸਿੰਘਾਂ ਦਾ ਮੁਗ਼ਲ ਸਿਪਾਹੀਆਂ ਨਾਲ ਝਗੜਾ ਹੋ ਗਿਆ ਸੀ। ਗੁਰੂ ਜੀ ਨੇ ਭਾਈ ਮਾਨ ਸਿੰਘ ਨੂੰ ਝਗੜਾ ਨਿਬੇੜਨ ਲਈ ਭੇਜਿਆ, ਪਰ ਭਾਈ ਮਾਨ ਸਿੰਘ ਝਗੜੇ ਦਾ ਨਿਬੇੜਾ ਕਰਵਾਉਂਦਿਆਂ ਹੀ ਮਾਰਿਆ ਗਿਆ ਸੀ। ਪਤਾ ਲੱਗਣ ਤੇ ਬਾਦਸ਼ਾਹ ਨੇ ਦੋਸ਼ੀ ਮੁਗਲ ਸਿਪਾਹੀਆਂ ਨੂੰ ਗਰਿਫ਼ਤਾਰ ਕਰ ਕੇ ਗੁਰੂ ਜੀ ਦੇ ਸਾਹਮਣੇ ਪੇਸ਼ ਕੀਤਾ। ਗੁਰੂ ਜੀ ਨੇ ਉਨ੍ਹਾਂ ਨੂੰ ਮੁਆਫ ਕਰ ਦਿੱਤਾ ਸੀ।[60]

ਕੁਝ ਦਿਨ ਨਰਬਦਾ ਨਦੀ ਉੱਪਰ ਹੀ ਠਹਿਰਾਅ ਕਰ ਕੇ ਦੋਵੇਂ ਲਸ਼ਕਰ ਇੱਥੋਂ ਰਵਾਨਾ ਹੋ ਕੇ ਬੁਰਹਾਨਪੁਰ ਵਿਖੇ ਪਹੁੰਚ ਗਏ ਸਨ। ਗੁਰੂ ਜੀ ਦਾ ਡੇਰਾ ਤਾਪਤੀ ਨਦੀ ਉੱਪਰ ਹੀ ਸੀ। ਇੱਥੋਂ ਦੀ ਸਾਰੀ ਸਿੱਖ ਸੰਗਤ ਗੁਰੂ ਜੀ ਦੇ ਦਰਸ਼ਨਾ ਨੂੰ ਉਮੱਡ ਪਈ ਸੀ। ਸੰਗਤਾਂ ਬੇਸ਼ੁਮਾਰ ਸਾਮਾਨ ਅਤੇ ਰਸਦ ਲੈ ਕੇ ਪਹੁੰਚੀਆਂ ਸਨ। ਸੁੰਦਰ ਵਸਤਰ, ਭਾਂਤ-ਭਾਂਤ ਦੇ ਪਕਵਾਨ ਅਤੇ ਹੋਰ ਤੋਹਫੇ ਲੈ ਕੇ ਪਹੁੰਚੀਆਂ ਸਨ। ਇੱਥੇ ਗੁਰੂ ਜੀ ਕਈ ਦਿਨ ਰਹੇ।[61] ਕੁਝ ਦਿਨਾਂ ਦੇ ਠਹਿਰਾਅ ਬਾਅਦ ਬਾਦਸ਼ਾਹ ਦਾ ਲਸ਼ਕਰ ਤਾਂ ਅੱਗੇ ਨੂੰ ਰਵਾਨਾ ਹੋ ਗਿਆ ਪਰ ਗੁਰੂ ਜੀ ਬੁਰਹਾਨਪੁਰ ਹੀ ਟਿਕੇ ਰਹੇ ਸਨ। ਕੁਝ ਦਿਨਾਂ ਬਾਅਦ ਬਾਦਸ਼ਾਹ ਦਾ ਸੁਨੇਹਾ ਮਿਲਿਆ ਕਿ ਗੁਰੂ ਜੀ ਦਰਸ਼ਨ ਦੇਣ। ਇਸ ਲਈ ਗੁਰੂ ਜੀ ਬੁਰਹਾਨਪੁਰ ਤੋਂ ਰਵਾਨਾ ਹੋ ਕੇ ਬਾਦਸ਼ਾਹ ਨਾਲ ਜਾ ਰਲੇ।

ਸੈਨਾਪਤਿ ਨੇ ਬੜੇ ਹੀ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ :

ਕਿਤੇ ਦਿਵਸ ਬੀਤੇ ਚਲਾ ਸ਼ਾਹ ਆਗੇ।
ਪ੍ਰਭ ਕਉ ਕਿਤੇ ਦਿਵਸ ਤਿਹ ਠਉਰ ਲਾਗੇ।
ਲਿਖਾ ਸ਼ਾਹ ਫੁਰਮਾਨ ਨਹਿ ਢੀਲ ਕੀਜੈ।
ਹਮੈ ਆਨ ਕੈ ਆਪਨਾ ਦਰਸ ਦੀਜੈ।। ਧਿਆਉ 18, ਬੰਦ 2

ਭਾਵ ਬਿਲਕੁਲ ਸਪਸ਼ਟ ਹੈ ਕਿ 'ਕਈ ਦਿਨ ਪਹਿਲਾਂ ਬਾਦਸ਼ਾਹ ਬੁਰਹਾਨਪੁਰ ਤੋਂ ਅੱਗੇ ਨੂੰ ਰਵਾਨਾ ਹੋ ਗਿਆ ਸੀ, ਪਰ ਗੁਰੂ ਜੀ ਕੁਝ ਦਿਨ ਹੋਰ ਇੱਥੇ ਹੀ ਟਿਕੇ ਰਹੇ ਸਨ। ਕੁਝ ਦਿਨਾਂ ਬਾਅਦ ਬਾਦਸ਼ਾਹ ਦਾ ਫੁਰਮਾਨ ਗੁਰੂ ਜੀ ਨੂੰ ਮਿਲਿਆ ਕਿ ਹੇ ਗੁਰੂ ਜੀ, ਦੇਰ ਨਾ ਕਰੋ ਆ ਕੇ ਮੈਨੂੰ ਦਰਸ਼ਨ ਦਿਓ।' ਭਾਵੇਂ ਇਨ੍ਹਾਂ ਗੱਲਾਂ ਨੂੰ ਗੁਰੂ ਜੀ ਦੇ ਆਪਣੇ ਦਰਬਾਰੀ ਕਵੀ ਦੁਆਰਾ ਲਿਖੀਆਂ ਹੋਣ ਕਾਰਣ ਇਹ ਸਮਝਿਆ ਜਾਣਾ ਸੁਭਾਵਿਕ ਹੈ ਕਿ ਉਸ ਨੇ ਗੁਰੂ ਜੀ ਦੀ ਜ਼ਿਆਦਾ ਮਹਿਮਾ ਕੀਤੀ ਹੋਵੇ, ਪਰ ਇਸ ਗੱਲ ਦੇ ਭਾਵ ਅਰਥ ਤਾਂ ਬੜੇ ਸਪਸ਼ਟ ਹਨ ਕਿ ਬਾਦਸ਼ਾਹ ਬੁਰਹਾਨਪੁਰ ਤੋਂ ਪਹਿਲਾਂ ਗਿਆ ਸੀ ਅਤੇ ਗੁਰੂ ਜੀ ਕਈ ਦਿਨ ਬਾਅਦ ਗਏ ਸਨ। ਇਹ ਗੱਲ ਗੁਰੂ ਜੀ ਦੀ ਸੁਤੰਤਰ ਹੈਸੀਅਤ ਨੂੰ ਦਰਸਾਉਂਦੀ ਹੈ।

ਤਾਰੀਖ-ਏ-ਬਹਾਦੁਰ ਸ਼ਾਹੀ ਵਿਚ ਵੀ ਜੋ ਵੇਰਵਾ ਗੁਰੂ ਜੀ ਦੀ ਸ਼ਾਹੀ ਕੈਂਪ ਵਿਚਲੀ ਸ਼ਮੂਲੀਅਤ ਦਾ ਦਿੱਤਾ ਗਿਆ ਹੈ ਉਸ ਵਿਚੋਂ ਵੀ ਤਕਰੀਬਨ ਇਸੇ ਹੀ ਗੱਲ ਦੀ ਪੁਸ਼ਟੀ ਹੁੰਦੀ ਹੈ। ਇਸ ਅਨੁਸਾਰ "ਜਿਸ ਵੇਲੇ ਸ਼ਾਹੀ ਫੌਜ ਦੱਖਣ ਵਿਚ ਬੁਰਹਾਨਪੁਰ ਵੱਲ ਨੂੰ ਕੂਚ ਕਰ ਰਹੀ ਸੀ (ਗੁਰੂ) ਨਾਨਕ ਦੇ ਪੋਤਰਿਆਂ (ਗੱਦੀ ਨਸ਼ੀਨਾਂ) ਵਿਚੋਂ ਗੋਬਿੰਦ ਗੁਰੂ ਇਨ੍ਹਾਂ ਇਲਾਕਿਆਂ ਵਿਚ ਸਫ਼ਰ ਕਰਨ ਲਈ ਆਏ ਹੋਏ ਸਨ ਅਤੇ ਬਾਦਸ਼ਾਹੀ ਕੈਂਪ ਦੇ ਨਾਲ-ਨਾਲ ਜਾ ਰਹੇ ਸਨ। ਇਹ ਨਿਤਾ-ਪ੍ਰਤੀ ਸੰਸਾਰੀ ਲੋਕਾਂ, ਧਾਰਮਿਕ ਹਠੀਆਂ ਅਤੇ ਹੋਰ ਹਰ ਪ੍ਰਕਾਰ ਦੇ ਲੋਕਾਂ ਦੀਆਂ ਇਕੱਠਾ (ਸੰਗਤਾਂ) ਵਿਚ ਵਿਖਿਆਨ ਕਰਿਆ ਕਰਦੇ ਸਨ।"[62]

ਪਿੱਛੋਂ ਦੀਆਂ ਸਿੱਖ ਲਿਖਤਾਂ ਵਿਚੋਂ ਸਿਰਫ਼ ਭਾਈ ਸੰਤੋਖ ਸਿੰਘ ਨੇ ਹੀ ਇਸ ਵਿਸ਼ੇ ਬਾਰੇ ਲਿਖਿਆ ਹੈ। ਭਾਈ ਸਾਹਿਬ ਦੀ ਲਿਖਤ ਇਸ ਗੱਲ ਨੂੰ ਹੋਰ ਵੀ ਸਪਸ਼ਟ ਕਰ ਦਿੰਦੀ ਹੈ। ਸੰਤੋਖ ਸਿੰਘ ਅਨੁਸਾਰ, 'ਇਕ ਦਿਨ ਸਵੇਰੇ ਸੁਵੱਖਤੇ ਹੀ ਦੋ ਕਾਸਦ (ਸੁਨੇਹਾ ਲੈ ਕੇ ਆਉਣ ਵਾਲੇ) ਗੁਰੂ ਜੀ ਪਾਸ ਆਏ ਅਤੇ ਉਨ੍ਹਾਂ ਨੇ ਬਹਾਦੁਰ ਸ਼ਾਹ ਵਲੋਂ ਲਿਖਿਆ ਸੁਨੇਹਾ ਗੁਰੂ ਜੀ ਨੂੰ ਦਿਖਾਇਆ। ਭਾਈ ਸਾਹਿਬ ਨੇ ਇਸ ਲਿਖਤੀ ਸੁਨੇਹੇ ਨੂੰ 'ਸ਼ੌਕਨਾਮਾ' ਕਿਹਾ ਹੈ। ਇਸ 'ਸ਼ੌਕਨਾਮਾ' ਵਿਚ ਲਿਖਿਆ ਸੀ 'ਹੇ ਮੇਰੇ ਪੀਰ ਮੈਨੂੰ ਆ ਕੇ ਦਰਸ਼ਨ ਦਿਓ। ਮੈਂ ਆਪ ਜੀ ਦੀ ਮਿਹਰ ਨਾਲ ਸ਼ਕਤੀਸ਼ਾਲੀ ਹੋ ਜਾਂਦਾ ਹਾਂ। ਮੈਨੂੰ ਦੋਵਾਂ ਜਹਾਨਾ ਵਿਚ ਆਨੰਦ ਪਰਾਪਤ ਹੁੰਦਾ ਹੈ। ਮੈਨੂੰ ਰੰਕ ਤੋਂ ਰਾਜਾ ਬਣਾਉਣ ਵਾਲੇ ਤੁਸੀਂ ਹੀ ਹੋਂ। ਅੱਲਾ ਤੋਂ ਬਾਅਦ ਮੈਂ ਤੁਹਾਨੂੰ ਹੀ ਆਪਣਾ ਪੀਰ ਮੰਨਿਆ ਹੈ। ਬਹੁਤ ਦੇਰ ਤੋਂ ਤੁਸੀਂ ਪਿੱਛੇ ਹੀ ਹੋਂ। ਕੀ ਸਿੱਖ ਸੰਗਤਾਂ ਨਾਲ ਮੇਰੇ ਨਾਲੋਂ ਵੱਧ ਪਰੇਮ ਹੈ ? ਮੈਂ ਤੁਹਾਡਾ ਦਿਦਾਰ ਕਰਨ ਨੂੰ ਉਤਾਵਲਾ ਹਾਂ। ਇਸ ਲਈ ਹੇ ਗੁਰੂ ਜੀ ਦੇਰ ਨਾ ਕਰੋ, ਜਲਦੀ ਦਰਸ਼ਨ ਦਿਓ।'

ਬੀਤੀ ਰਾਤ ਪ੍ਰਭਾਤਿ ਭੀ ਤਬਿ ਕਾਸਦ ਦੁਇ ਆਇ।
ਲਿਖਾ ਬਹਾਦਰ ਸ਼ਾਹ ਨੇ ਗੁਰ ਕੈ ਨਿਕਟ ਪਠਾਇ।
ਲਿਖਯੋ ਸ਼ੌਕ ਨਾਮਾ ਦਿਜੈ ਦਰਸ ਆਈ।
ਮਹਾਂ ਪੀਰ ਮੇਰੇ ਇਹੀ ਬਾਤ ਭਾਈ।
ਤੁਮਾਰੀ ਮੇਹਰ ਤੇ ਮਹਾਂ ਤੇਜ ਹੋਵਾਂ। ਜਹਾਨੈ ਕਿ ਮਯਾਨੈ ਮਨਿੰਦੇ ਨ ਦੋਵਾਂ।
ਕਰੋ ਰੰਕ ਰਾਵੰ ਨ ਲਾਗੈ ਅਵਾਰਾ। ਇਲਾਹੀ ਫ਼ਜ਼ਲ ਸੋ ਤੁਮਹਿ ਫ਼ਜ਼ਲ ਧਾਰਾ।
ਬੜੀ ਦੇਰ ਬੀਤੀ ਪਿਛਾਰੀ ਰਹੇ ਹੋ। ਕਹੂੰ ਸੰਗਤੀ ਸਿੱਖ ਪ੍ਰੇਮੰ ਲਹੇ ਹੋ।
ਕਿ ਤਾਲਬ ਪਿਖੋਂ ਮੈ ਦਿਦਾਰੰ ਤੁਮਾਰਾ । ਨਹੀ ਦੇਰ ਕੀਜੈ ਲਖੌਂ ਪ੍ਰੇਮ ਪਯਾਰਾ।

ਫਲਸਰੂਪ, ਗੁਰੂ ਜੀ ਬੁਰਹਾਨਪੁਰ ਤੋਂ ਚੱਲ ਪਏ ਅਤੇ ਬਾਦਸ਼ਾਹ ਦੇ ਕੈਂਪ ਵਿਚ ਜਾ ਪਹੁੰਚੇ। ਬਾਦਸ਼ਾਹ ਨਾਲ ਮੁਲਾਕਾਤ ਹੋਈ। ਸ਼ਾਹ ਗੁਰੂ ਜੀ ਦੇ ਦਰਸ਼ਨ ਕਰ ਕੇ ਬਹੁਤ ਖੁਸ਼ ਹੋਇਆ। ਅਖੀਰ ਬਾਦਸ਼ਾਹ ਤੋਂ ਵਿਦਾਇਗੀ ਲੈ ਕੇ ਗੁਰੂ ਜੀ ਆਪਣੇ ਡੇਰੇ ਵਿਚ ਵਾਪਸ ਆ ਗਏ। ਫਿਰ ਇੱਥੋਂ ਅੱਗੇ ਨੂੰ ਦੋਵੇਂ ਲਸ਼ਕਰ ਰਵਾਨਾ ਹੋਏ। ਕਦੇ ਦੋਵੇਂ ਲਸ਼ਕਰ ਨਾਲ ਨਾਲ ਹੁੰਦੇ ਸਨ ਤੇ ਕਦੇ ਅਲੱਗ-ਅਲੱਗ। ਅਖੀਰ ਬਾਨ ਗੰਗਾ ਨਦੀ[63] 'ਤੇ ਪਹੁੰਚ ਗਏ। ਬਾਨ ਗੰਗਾ ਤੋਂ ਅੱਗੇ ਦੋਵੇਂ ਨਾਂਦੇੜ ਪਹੁੰਚ ਗਏ। ਗੁਰੂ ਜੀ ਨੇ ਆਪਣਾ ਡੇਰਾ

ਗੋਦਾਵਰੀ ਨਦੀ ਉੱਪਰ ਲਇਆ। ਬਾਦਸ਼ਾਹ ਦਾ ਸ਼ਾਹੀ ਕੈਂਪ ਵੀ ਨਾਦੇੜ ਵਿਖੇ ਹੀ ਸੀ, ਪਰ ਉਹ ਗੁਰੂ ਜੀ ਦੇ ਡੇਰੇ ਤੋਂ ਫ਼ਰਕ ਨਾਲ ਸੀ। ਸੈਨਾਪਤੀ ਲਿਖਦਾ ਹੈ :

ਕਿਤੇ ਦਿਵਸ ਬੀਤੇ ਤਹਾਂ ਤੇ ਸਿਧਾਏ।
ਮਿਲੇ ਸ਼ਾਹ ਸੋ ਸ਼ਾਹ ਡੰਕਾ ਵਜਾਏ।।4 ।। 769 ।।
ਸਿਰੋਹੀ ਸਵਾਰੇ ਪ੍ਰਭੂ ਦਰਸ ਦੀਨਾ।
ਹਰਖਵੰਤ ਹੋਇ ਕੈ ਬਿਦਾ ਸ਼ਾਹ ਕੀਨਾ।
ਬਿਦਾ ਹੋਇ ਕੈ ਆਪਨੇ ਧਾਮ ਆਏ।
ਚਲੇ ਸਾਥ ਹੀ ਸਾਥ ਤਾਂ ਤੇ ਸਿਧਾਏ।।5 ।। 770 ।।
ਘਨੇ ਕੂਚ ਕੀਨੇ ਕਿਤੇ ਦਿਵਸ ਲਾਏ।
ਚਲੇ ਬਾਨ ਗੰਗਾਨ ਪੈ ਅੰਤ ਆਏ।
ਸੁਨੀ ਠਉਰ ਨਾਂਦੇਰ ਹੈ ਨਾਮ ਤਾਂ ਕਾ।
ਕੀਆ ਧਾਮ ਤਾਹੀ ਗੁਰੂ ਨਾਮ ਜਾ ਕਾ।। 6 ।। 771 ।।
ਰਹਾ ਸ਼ਾਹੁ ਤਿਹ ਠਉਰ ਕੀਨੇ ਮੁਕਾਮਾ।
ਰਹੇ ਮਿਸਲ ਦਰ ਮਿਸਲ ਕਰਿ ਲੋਗ ਧਾਮਾ। (ਧਿਆਉ 18)

ਵਿਲੀਅਮ ਇਰਵਿਨ ਵੀ ਤਕਰੀਬਨ ਇਸੇ ਮੱਤ ਦੀ ਪੁਸ਼ਟੀ ਕਰਦਾ ਹੋਇਆ ਬਾਦਸ਼ਾਹ ਦੀ ਬੁਰਾਹਨਪੁਰ ਤੋਂ ਰਵਾਨਗੀ ਬਾਰੇ ਲਿਖਦਾ ਹੈ ਕਿ ਬਾਦਸ਼ਾਹ ਨੇ ਹੈਦਰਾਬਾਦ ਨੂੰ ਜਾਣ ਲਈ ਮਲਿਕਾਪੁਰ ਵਿਚੋਂ ਦੀ ਰਸਤਾ ਅਪਨਾਇਆ ਅਤੇ ਫਿਰ ਨਾਂਦੇੜ ਪਹੁੰਚ ਗਿਆ।[64] ਇਸ ਤਰ੍ਹਾਂ ਅਗਰ ਵਿਲੀਅਮ ਇਰਵਿਨ ਦਾ ਦੱਸਿਆ ਰਸਤਾ ਮਲਿਕਾਪੁਰ ਵਾਲਾ ਠੀਕ ਹੈ ਤਾਂ ਬਾਦਸ਼ਾਹ ਅਤੇ ਗੁਰੂ ਜੀ ਦਾ ਨਾਂਦੇੜ ਨੂੰ ਜਾਣ ਦਾ ਰੂਟ ਬੁਲਡਾਨਾ, ਚਿਕਲੀ, ਹਿੰਗੋਲੀ, ਔਂਢਾ ਅਤੇ ਬਾਸਮਤ ਵਿਚੋਂ ਦੀ ਸਿੱਧਾ ਪੈਂਦਾ ਹੈ। ਗੁਰੂ ਸਾਹਿਬ ਤਾਂ ਨਾਂਦੇੜ ਹੀ ਰਹੇ, ਪਰ ਬਾਦਸ਼ਾਹ ਕੁਝ ਦਿਨਾਂ ਦੇ ਠਹਿਰਾਅ ਬਾਅਦ ਹੈਦਰਾਬਾਦ ਨੂੰ ਰਵਾਨਾ ਹੋ ਕੇ ਬਿਦਰ ਵੱਲ ਨੂੰ ਜਾ ਰਿਹਾ ਸੀ ਅਤੇ ਬਿਦਰ ਦੇ ਨੇੜੇ ਜ਼ਾਫਰਾਬਾਦ ਵਿਖੇ 5 ਨਵੰਬਰ ਨੂੰ ਪਹੁੰਚਿਆ ਸੀ। ਜ਼ਾਫ਼ਰਾਬਾਦ ਵਿਖੇ ਬਾਦਸ਼ਾਹ ਦਾ ਕੈਂਪ ਕਾਫੀ ਦਿਨ ਰਿਹਾ ਸੀ। ਇਸ ਜ਼ਾਫਰਾਬਾਦ ਦਾ ਨਾਂ ਜ਼ਾਹਰਾਬਾਦ ਵੀ ਹੈ ਅਤੇ ਇੱਥੋਂ ਇਰਵਿਨ ਦੇ ਮੁਤਾਬਕ ਹੈਦਰਾਬਾਦ 67 ਮੀਲ (ਤਕਰੀਬਨ 107 ਕਿਲੋਮੀਟਰ) ਦੀ ਵਿੱਥ ਤੇ ਸੀ।[65] ਹੈਦਰਾਬਾਦ ਵਿਖੇ ਕਾਮ ਬਖਸ਼ ਨਾਲ ਬਾਦਸ਼ਾਹ ਦੀ ਲੜਾਈ 13 ਜਨਵਰੀ, 1709 ਨੂੰ ਹੋਈ ਸੀ।

ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਖੇ ਜਿਸ ਥਾਂ ਤੇ ਆਪਣਾ ਡੇਰਾ ਲਾਇਆ ਸੀ ਉਸ ਥਾਂ ਦੀ ਮਲਕੀਅਤ ਬਾਰੇ ਉਥੋਂ ਦੇ ਮੌਲਾਣਿਆਂ ਨੇ ਕੁਝ ਰੌਲਾ ਪਾਇਆ। ਇਹ ਮਾਮਲਾ ਬਾਦਸ਼ਾਹ ਤਕ ਵੀ ਪੁੱਜਾ। ਗੁਰੂ ਜੀ ਨੇ ਇਸ ਗੱਲ ਦੇ ਸਬੂਤ ਪੇਸ਼ ਕੀਤੇ ਕਿ ਨਾਂਦੇੜ ਵਿਖੇ ਬਹੁਤ ਪਿਛਲੇ ਸਮੇਂ ਤੋਂ ਸਿੱਖ ਧਰਮ ਦਾ ਅਸਥਾਨ ਚੱਲਿਆ ਆ ਰਿਹਾ ਹੈ ਇਸ ਲਈ ਇਹ ਜਗਾਹ ਸਿੱਖਾਂ ਦੀ ਹੈ। ਬਾਦਸ਼ਾਹ ਨੇ ਵੀ ਫੈਸਲਾ ਗੁਰੂ ਜੀ ਦੇ ਹੱਥ ਵਿਚ ਕਰ ਦਿੱਤਾ ਸੀ। ਕਿਉਂਕਿ ਉਸ ਥਾਂ ਤੇ ਕਬਜ਼ਾ ਉਨ੍ਹਾਂ ਮੌਲਾਣਿਆਂ ਦਾ ਸੀ ਜਿਹੜੇ ਰੌਲਾ ਪਾ ਰਹੇ ਸਨ ਇਸ ਲਈ ਗੁਰੂ ਜੀ ਨੇ ਉਨ੍ਹਾਂ ਨੂੰ ਕਬਜ਼ਾ ਛੱਡਣ ਵਜੋਂ ਕੁਝ ਰਕਮ ਅਦਾ ਕਰ ਦਿੱਤੀ ਅਤੇ ਥਾਂ ਦੇ ਸਾਰੇ ਮਲਕੀਤੀ ਕਾਗਜ਼ ਤਿਆਰ ਕਰਵਾ ਲਏ ਸਨ। ਸੰਤੋਖ ਸਿੰਘ ਅਨੁਸਾਰ ਇਕ ਮੁਰੱਬਾ ਜੋਜਨ ਥਾਂ ਮੁੱਲ ਖਰੀਦੀ ਗਈ। ਇਕ ਜੋਜਨ ਥਾਂ ਚਾਰ ਕੋਹ ਦੀ ਹੁੰਦੀ ਹੈ। ਇਕ ਕੋਹ ਵਿਚ ਚਾਰ ਮੀਲ ਹੁੰਦੇ ਸਨ। ਇਸ ਤਰ੍ਹਾਂ 16 ਮੁਰੱਬਾ ਮੀਲ (ਤਕਰੀਬਨ 26 ਕਿਲੋਮੀਟਰ ਮੁਰੱਬਾ) ਥਾਂ ਮੁੱਲ ਖਰੀਦੀ ਗਈ ਸੀ।[66]

ਵੈਸੇ ਤਾਂ ਜਿਸ ਤਰ੍ਹਾਂ ਗੁਰੂ ਜੀ ਬਾਦਸ਼ਾਹ ਦਾ ਪੀਰ ਬਣ ਕੇ ਵਿਚਾਰ ਰਹੇ ਸਨ ਅਤੇ ਜਿਸ ਤਰ੍ਹਾਂ ਬਾਦਸ਼ਾਹ ਗੁਰੂ ਜੀ ਵਿਚ ਅਥਾਹ ਸ਼ਰਧਾ ਦਿਖਾ ਰਿਹਾ ਸੀ ਉਸ ਤਰ੍ਹਾਂ ਤਾਂ ਜ਼ਮੀਨ ਉੱਪਰ ਡੇਰਾ ਲਗਾਉਣ ਵੇਲੇ ਕੋਈ ਝਗੜਾ ਹੋਣਾ ਨਹੀਂ ਸੀ ਚਾਹੀਦਾ, ਪਰ ਜੇ ਸੱਚਮੁੱਚ ਹੀ ਸਿੱਖ ਧਰਮ ਦੀ ਥਾਂ ਉੱਪਰ ਮੌਲਾਣਿਆਂ ਨੇ ਕਬਜ਼ਾ ਕਰ ਲਿਆ ਸੀ ਫਿਰ ਇਹ ਸਾਰੀ ਗੱਲ ਸੰਭਵ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਪਹਿਲਾਂ ਇਥੇ ਆ ਚੁੱਕੇ ਸਨ। ਇਸ ਕਰਕੇ ਇਸ ਗੱਲ ਦੀ ਸੰਭਾਵਨਾ ਹੋ ਸਕਦੀ ਸੀ ਕਿ ਇੱਥੇ ਨਾਂਦੇੜ ਵਿਖੇ ਸਿੱਖ ਧਰਮ ਦਾ ਕੋਈ ਕੇਂਦਰ ਹੋਵੇ। ਗੁਰੂ ਸਾਹਿਬ ਵੀ ਅਕਸਰ ਉਥੇ ਹੀ ਆਪਣਾ ਡੇਰਾ ਲਗਾਉਂਦੇ ਰਹੇ ਸਨ ਜਿੱਥੇ ਸਿੱਖ

ਸੰਗਤਾਂ ਹੁੰਦੀਆਂ ਸਨ ਅਤੇ ਜਿਥੇ ਪਹਿਲਾਂ ਕੋਈ ਗੁਰੂ ਆ ਚੁੱਕਿਆ ਸੀ। ਚੂਰੂ, ਪੁਸ਼ਕਰ, ਬੁਰਹਾਨਪੁਰ ਆਦਿ ਥਾਵਾਂ 'ਤੇ ਪਹਿਲਾਂ ਗੁਰੂ ਨਾਨਕ ਦੇਵ ਜੀ ਆ ਚੁੱਕੇ ਸਨ ਇਸ ਲਈ ਗੁਰੂ ਜੀ ਵੀ ਉਸੇ ਪੁਰਾਣੀ ਇਤਿਹਾਸਕ ਥਾਂ 'ਤੇ ਹੀ ਆਪਣਾ ਡੇਰਾ ਲਾਉਂਦੇ ਸਨ। ਭਾਈ ਸੰਤੋਖ ਸਿੰਘ ਵਲੋਂ ਦਿੱਤਾ ਗਿਆ ਵਰਨਣ ਆਧਾਰ-ਰਹਿਤ ਤਾਂ ਨਹੀਂ ਹੋ ਸਕਦਾ।

ਬਾਦਸ਼ਾਹ ਅੱਗੇ ਨੂੰ ਰਵਾਨਾ ਹੋ ਗਿਆ ਸੀ, ਪਰ ਗੁਰੂ ਸਾਹਿਬ ਨਾਂਦੇੜ ਵਿਖੇ ਹੀ ਰਹਿੰਦੇ ਰਹੇ ਸਨ। ਗੁਰੂ ਸਾਹਿਬ ਦੇ ਨਾਂਦੇੜ ਪੁੱਜਣ ਦਾ ਸਮਾਂ 1708 ਦੇ ਅਗਸਤ ਦੇ ਅਖੀਰਲੇ ਦਿਨ ਜਾਂ ਸਤੰਬਰ ਦੇ ਸ਼ੁਰੂ ਦੇ ਦਿਨ ਸਨ।[67] ਗੁਰੂ ਜੀ 7 ਅਕਤੂਬਰ, 1708 ਨੂੰ ਜੋਤੀ ਜੋਤ ਸਮਾ ਗਏ ਸਨ। ਇਸ ਤਰ੍ਹਾਂ ਗੁਰੂ ਜੀ ਨਾਂਦੇੜ ਵਿਖੇ ਤਕਰੀਬਨ ਇਕ ਮਹੀਨਾ ਸੱਤ-ਅੱਠ ਦਿਨ ਹੀ ਰਹੇ ਸਨ। ਕਵੀ ਸੈਨਾਪਤਿ ਅਨੁਸਾਰ ਨਾਂਦੇੜ ਵਿਖੇ ਗੁਰੂ ਜੀ ਦੇ ਬਚਨ-ਬਿਲਾਸ ਸੁਣਨ ਆਉਣ ਵਾਲਿਆਂ ਵਿਚ ਇਕ ਪਠਾਣ ਵੀ ਆਇਆ ਕਰਦਾ ਸੀ। (ਸੁਨੀਸਾਖ ਐਸੋ ਪਠਾਨ ਏਕ ਆਯੋ) ਉਹ ਦੋ-ਤਿੰਨ ਘੜੀਆਂ ਗੁਰੂ ਜੀ ਕੋਲ ਬੈਠਦਾ ਵੀ ਹੁੰਦਾ ਸੀ, ਪਰ ਇਸ ਦਾ ਕਦੀ ਦਾਅ ਨਹੀਂ ਲਗਿਆ। ਇਕ ਦਿਨ ਇਹ ਸ਼ਾਮ ਨੂੰ ਗੁਰੂ ਜੀ ਕੋਲ ਆਇਆ। ਇਸ ਨੂੰ ਗੁਰੂ ਜੀ ਨੇ ਬੁਲਾ ਕੇ ਪਰਸਾਦਿ ਦਿੱਤਾ। ਗੁਰੂ ਜੀ ਪਾਸ ਕੋਈ ਸਿੰਘ ਸੇਵਾਦਾਰ ਨਹੀਂ ਸੀ। ਸਿਰਫ਼ ਇਕ ਸਿੰਘ ਜਿਹੜਾ ਸੀ ਉਹ ਵੀ ਊਂਘ ਰਿਹਾ ਸੀ। ਇਤਨੇ ਵਿਚ ਪਠਾਨ ਦੇ ਬੈਠੇ-ਬੈਠੇ ਹੀ ਗੁਰੂ ਜੀ ਵੀ ਸਰੀਰ ਸਿੱਧਾ ਕਰਨ ਲਈ ਲੇਟ ਗਏ ਸਨ। ਇਹੀ ਸਮਾਂ ਵਿਚਾਰ ਕੇ ਉਸ ਦੁਸ਼ਟ ਪਠਾਣ ਨੇ ਜਮਧਾਰ ਨਾਲ ਗੁਰੂ ਜੀ ਦੇ ਸੀਨੇ ਉੱਪਰ ਵਾਰ ਕੀਤਾ। ਉਸ ਨੇ ਇਕ ਵਾਰ ਤਾਂ ਕਰ ਦਿੱਤਾ ਸੀ ਤੇ ਜਦੋਂ ਨੂੰ ਦੂਜੀ ਵਾਰ ਛੁਰਾ ਘੋਪਣ ਲੱਗਿਆ ਉਦੋਂ ਤਕ ਗੁਰੂ ਸਾਹਿਬ ਨੇ ਤੁਰੰਤ ਉੱਠ ਕੇ ਆਪਣੀ ਕਿਰਪਾਨ ਨਾਲ ਉਸ ਦੁਸ਼ਟ ਨੂੰ ਮਾਰ ਦਿੱਤਾ ਸੀ। ਗੁਰੂ ਜੀ ਨੇ ਆਵਾਜ਼ ਮਾਰ ਕੇ ਸਿੰਘਾਂ ਨੂੰ ਬੁਲਾਇਆ। ਪਤਾ ਲੱਗਣ ਤੇ ਚਾਰੇ ਪਾਸਿਓ ਸਿੰਘ ਦੌੜੇ ਆਏ। ਉਨ੍ਹਾਂ ਨੇ ਬਾਹਰ ਖੜ੍ਹਾ ਦੂਸਰਾ ਪਠਾਣ ਸਾਥੀ ਵੀ ਮਾਰ ਲਿਆ ਸੀ। ਬਹੁਤ ਸ਼ੋਰ ਮੱਚ ਗਿਆ ਸੀ। ਸਿੰਘ ਗੁੱਸੇ ਵਿਚ ਹੋਰ ਦੁਸ਼ਟਾਂ ਦੀ ਭਾਲ ਕਰ ਰਹੇ ਸਨ। ਗੁਰੂ ਜੀ ਨੇ ਕਿਹਾ ਕਿ ਇਸ ਨੂੰ ਤਾਂ ਪਹਿਲੋਂ ਹੀ ਮਾਰ ਲਿਆ ਹੈ। ਪਹਿਲਾਂ ਤਾਂ ਕਿਸੇ ਨੇ ਇਹ ਨਾ ਦੇਖਿਆ ਕਿ ਗੁਰੂ ਸਾਹਿਬ ਵੀ ਜ਼ਖ਼ਮੀ ਹੋ ਗਏ ਹਨ। ਜਦੋਂ ਗੁਰੂ ਸਾਹਿਬ ਨੇ ਆਪਣੇ ਜ਼ਖ਼ਮ ਬਾਰੇ ਦੱਸਿਆ ਤਾਂ ਸਭ ਦੇ ਭਾਅ ਦੀ ਬਣ ਗਈ। ਜਦੋਂ ਸਾਰੇ ਸਿੰਘ ਗੁਰੂ ਜੀ ਦੇ ਜ਼ਖ਼ਮੀ ਹੋਣ ਦੀ ਚਿੰਤਾ ਵਿਚ ਡੁੱਬ ਗਏ ਸਨ ਤਾਂ ਗੁਰੂ ਜੀ ਨੇ ਸਭ ਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ ਅਕਾਲ ਪੁਰਖ ਨੇ ਉਨ੍ਹਾਂ ਦੀ ਰੱਖਿਆ ਕੀਤੀ ਹੈ। ਇਹ ਸੁਣ ਕੇ ਸਿੰਘਾਂ ਦੇ ਮਨ ਵਿਚ ਕੁਝ ਧਰਵਾਸ ਆਇਆ। ਫਿਰ ਕਿਰੀ ਨਾਂ ਦੇ ਇਕ ਡਾਕਟਰ ਨੂੰ ਬੁਲਾਇਆ ਗਿਆ। ਉਸ ਨੇ ਪਹੁੰਚ ਕੇ ਗੁਰੂ ਜੀ ਦੇ ਜ਼ਖ਼ਮ ਨੂੰ ਟੰਕੇ ਲਗਾਏ। ਉਸ ਨੇ ਗੁਰੂ ਜੀ ਨੂੰ ਤੋਰ ਫੇਰ ਕੇ ਦੇਖਿਆ। ਡਾਕਟਰ ਕਿਰੀ ਦੀ ਹਾਜ਼ਰੀ ਵਿਚ ਹੀ ਪਹਿਲੀ ਰਾਤ ਬਿਤਾਈ ਗਈ। ਦੂਸਰੇ ਦਿਨ ਚੜ੍ਹ ਜ਼ਖ਼ਮ ਉਪਰ ਮਲ੍ਹਮ ਲਗਾਈ ਗਈ। ਇਸ ਤਰ੍ਹਾਂ ਤਿੰਨ-ਚਾਰ ਦਿਨ ਬਤੀਤ ਹੋ ਗਏ। ਇਨ੍ਹਾਂ ਦਿਨਾਂ ਵਿਚ ਗੁਰੂ ਜੀ ਦੇ ਦਰਸ਼ਨਾਂ ਨੂੰ ਬਹੁਤ ਸਿੰਘ ਆਏ। ਇਸ ਸਮੇਂ ਦੌਰਾਨ ਗੁਰੂ ਜੀ ਦਰਬਾਰ ਲਗਾ ਕੇ ਸਿੱਖ-ਸੰਗਤਾਂ ਨੂੰ ਦਰਸ਼ਨ ਵੀ ਦਿੰਦੇ ਸਨ। ਇਸ ਤਰ੍ਹਾਂ ਰੋਜ਼ਾਨਾ ਗੁਰੂ ਜੀ ਕੁਝ ਕੁ ਬਚਨ-ਬਿਲਾਸ ਸੰਗਤਾਂ ਨਾਲ ਕਰ ਲੈਂਦੇ ਸਨ। ਇਉਂ ਹੀ ਕੁਝ ਦਿਨ ਬੀਤ ਗਏ। ਇਕ ਦਿਨ ਚੰਗੀ ਤਰ੍ਹਾਂ ਬਿਤਾ ਕੇ ਗੁਰੂ ਜੀ ਨੇ ਸ਼ਾਮ ਨੂੰ ਖਾਣਾ ਵੀ ਖਾਧਾ, ਪਾਣੀ ਵੀ ਪੀਤਾ ਅਤੇ ਸੌਂ ਗਏ। ਰਾਤ ਅਜੇ ਅੱਧੀ ਕੁ ਹੀ ਬੀਤੀ ਸੀ ਕਿ ਗੁਰੂ ਜੀ ਨੇ ਸਿੰਘਾਂ ਨੂੰ ਆਵਾਜ਼ ਦੇ ਕੇ ਕੋਲ ਬੁਲਾਇਆ ਅਤੇ ਸਭ ਨੂੰ 'ਵਾਹਿਗੁਰੂ ਜੀ ਕੀ ਫਤਹਿ' ਬੁਲਾ ਕੇ ਸਦਾ ਦੀ ਨੀਂਦ ਸੌਂ ਗਏ ਸਨ। ਇਹ ਸੁਣ ਕੇ ਸਿੰਘ ਵੈਰਾਗਮਈ ਅਤੇ ਭੈਮਾਨ ਹੋ ਗਏ ਪਰ ਕੁਝ ਨਹੀਂ ਸੀ ਕਰ ਸਕਦੇ। ਸਭ ਨੇ ਮਿਲ ਗੁਰਮਤਾ ਕੀਤਾ ਕਿ ਰਾਤੋ-ਰਾਤ ਹੀ ਦਿਨ ਚੜ੍ਹਨ ਤੋਂ ਪਹਿਲਾਂ ਗੁਰੂ ਜੀ ਦਾ ਸੰਸਕਾਰ ਕਰ ਦੇਣਾ ਚਾਹੀਦਾ ਹੈ। ਇਹ ਸਮਾਂ ਕੱਤਕ ਸੁਦੀ ਪੰਚਮੀ ਸੰਮਤ 1765 ਬਿ. ਦੀ ਰਾਤ ਦਾ ਸੀ।[68] ਇਸ ਦੀ 7 ਅਕਤੂਬਰ, 1708 ਈ. ਦੀ ਅੱਧੀ ਰਾਤ ਤੋਂ ਬਾਅਦ ਦਾ ਸਮਾਂ ਬਣਦਾ ਸੀ।[69]

ਜਿਸ ਪਠਾਣ ਨੇ ਗੁਰੂ ਜੀ ਉੱਪਰ ਜਮਧਾਰ ਨਾਲ ਵਾਰ ਕੀਤਾ ਸੀ ਜਾਪਦਾ ਹੈ ਕਿ ਇਹ ਬਾਦਸ਼ਾਹ ਦੀ ਫੌਜ ਵਿਚ ਕਿਸੇ ਕਿਸਮ ਦਾ ਤਕੜਾ ਅਹੁਦੇਦਾਰ ਸੀ। ਵਾਰ ਕਰਨ ਵਾਲਾ ਪਠਾਣ ਇਕੋ ਹੀ ਸੀ, ਪਰ ਉਸ ਦਾ ਦੂਸਰਾ ਸਾਥੀ ਬਾਹਰ ਕਿਸੇ ਹੋਰ ਥਾਂ ਤੇ ਖੜ੍ਹਾ ਸੀ ਜਿਹੜਾ ਕਿ ਆਪਣੇ ਅੰਦਰਲੇ ਸਾਥੀ ਦੀ ਹਿਫਾਜ਼ਤ ਲਈ ਸੀ। ਇਸ ਤਰ੍ਹਾਂ ਲੁਕ ਕੇ ਜਾਂ ਧੋਖੇ ਨਾਲ ਵਾਰ ਕਰਨਾ ਦੁਸ਼ਟ ਲੋਕਾਂ ਲਈ ਕੋਈ ਬਹੁਤੀ ਔਖੀ ਗੱਲ ਨਹੀਂ ਹੁੰਦੀ। ਗੁਰੂ ਜੀ ਦੇ ਦਰਸ਼ਨ ਦੇ ਦਰਵਾਜ਼ੇ ਤਾਂ ਹਰ ਵਿਅਕਤੀ ਲਈ ਖੁੱਲ੍ਹੇ ਸਨ। ਇਸ ਦਾ ਫਾਇਦਾ ਜੇ

ਕੋਈ ਬੇਈਮਾਨ ਜਾਂ ਦੁਸ਼ਟ ਆਦਮੀ ਲੈ ਸਕਦਾ ਸੀ ਇਹ ਉਸ ਦੀ ਭੈੜੀ ਸੋਚ ਦਾ ਪਰਤੀਕ ਸੀ। ਇਸ ਦੁਸ਼ਟ ਦਾ ਨਾਮ ਜਮਸ਼ੇਦ ਖਾਨ ਸੀ। ਕਿਉਂਕਿ ਇਸ ਦੇ ਮਰਨ ਬਾਅਦ ਇਸ ਦੀ ਮਾਤਮੀ-ਖਿੱਲਤ ਕਿਸੇ ਅਫਸਰ ਨੂੰ ਹੀ ਮਿਲਦੀ ਹੈ। ਆਮ ਸ਼ੱਕ ਵਜੀਰ ਖਾਨ, ਸਰਹਿੰਦ ਦੇ ਸੂਬੇਦਾਰ ਵੱਲ ਜਾਂਦਾ ਹੈ। ਇਹ ਠੀਕ ਹੋ ਸਕਦਾ ਹੈ। ਗੁਰੂ ਜੀ ਦਾ ਪਹਿਲੋਂ ਵੀ ਬਹੁਤ ਤਕੜਾ ਨੁਕਸਾਨ ਵਜ਼ੀਰ ਖਾਨ ਕਰ ਚੁੱਕਿਆ ਸੀ, ਪਰ ਕਿਉਂਕਿ ਗੁਰੂ ਜੀ ਬਾਦਸ਼ਾਹ ਦੇ ਦਰਬਾਰ ਅਤੇ ਕੈਂਪ ਵਿਚ ਪੀਰਾਂ-ਗੁਰੂਆਂ ਵਾਲਾ ਰੁਤਬਾ ਹਾਸਲ ਕਰਕੇ ਵਿਚਰ ਰਹੇ ਸਨ ਇਸ ਲਈ ਗੁਰੂ ਜੀ ਦੀ ਬਾਦਸ਼ਾਹ ਨਾਲ ਇਤਨੀ ਜ਼ਿਆਦਾ ਨੇੜਤਾ ਤੋਂ ਵਜ਼ੀਰ ਖ਼ਾਨ ਦਾ ਘਬਰਾ ਜਾਣਾ ਕੋਈ ਗੈਰ-ਕੁਦਰਤੀ ਗੱਲ ਨਹੀਂ ਸੀ। ਭਾਵੇਂ ਗੁਰੂ ਜੀ ਦੀ ਬਾਦਸ਼ਾਹ ਨਾਲ ਨੇੜਤਾ ਦਾ ਕੋਈ ਖ਼ਤਰਾ ਵਜ਼ੀਰ ਖਾਨ ਨੂੰ ਨਹੀਂ ਹੋ ਸਕਦਾ ਸੀ ਕਿਉਂਕਿ ਗੁਰੂ ਜੀ ਤਾਂ ਇਕ ਗੁਰੂ ਹੋਣ ਦੇ ਨਾਤੇ ਨਿਰਭਉ ਅਤੇ ਨਿਰਵੈਰ ਸਨ। ਗੁਰੂ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ। ਗੁਰੂ ਲਈ ਤਾਂ ਸਾਰੇ ਹੀ ਪੁੱਤਰਾਂ ਸਮਾਨ ਹੁੰਦੇ ਹਨ, ਪਰ ਕਿਉਂਕਿ ਵਜ਼ੀਰ ਖਾਨ ਇਕ ਮਨੁੱਖ- ਮਾਤਰ ਸੀ। ਇਕ ਮਨੁੱਖ ਮਾਤਰ ਨਿਰਭਉ ਵੀ ਨਹੀਂ ਹੋ ਸਕਦਾ ਅਤੇ ਨਿਰਵੈਰ ਵੀ ਨਹੀਂ। ਇਸ ਲਈ ਵਜ਼ੀਰ ਖਾਨ ਦੇ ਪਾਪ ਹੀ ਉਸ ਨੂੰ ਡਰਾ ਰਹੇ ਸਨ ਅਤੇ ਇਨ੍ਹਾਂ ਪਾਪਾਂ ਤੋਂ ਡਰਦਾ ਹੋ ਸਕਦਾ ਸੀ ਕਿ ਉਹ ਹੋਰ ਪਾਪ ਕਰਕੇ ਆਪਣੇ-ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਹੋਵੇ।

ਗੁਰੂ ਜੀ ਦੇ ਅੰਤਮ ਸਮੇਂ ਦਾ ਸਾਰਾ ਬਿਰਤਾਂਤ ਕਵੀ ਸੈਨਾਪਤਿ ਦਾ ਦਿੱਤਾ ਹੋਇਆ ਹੈ। ਇਹ ਬਿਰਤਾਂਤ ਇਤਨਾ ਸਪਸ਼ਟ ਹੈ ਕਿ ਇਸ ਵਿਚ ਕਿੰਤੂ-ਪਰੰਤੂ ਕਰਨ ਦੀ ਕੋਈ ਵੀ ਗੁੰਜਾਇਸ਼ ਨਹੀਂ ਹੈ। ਕਿਉਂਕਿ ਗੁਰੂ ਜੀ ਜ਼ਖ਼ਮੀ ਹੋਣ ਤੋਂ ਬਾਅਦ ਸਿਰਫ਼ ਚਾਰ ਜਾਂ ਪੰਜ ਦਿਨ ਹੀ ਜੀਵਤ ਰਹੇ ਸਨ ਇਸ ਲਈ ਇਹ ਘਟਨਾ ਦੋ ਜਾਂ ਤਿੰਨ ਅਕਤੂਬਰ ਦੀ ਹੋ ਸਕਦੀ ਹੈ। ਜਿਹੜੇ ਇਹ ਚਾਰ ਜਾਂ ਪੰਜ ਦਿਨ ਸਨ ਇਹ ਸਿੱਖ-ਸੰਗਤਾਂ ਲਈ ਬੜੇ ਹੀ ਸੰਕਟਮਈ ਅਤੇ ਗਮਗੀਨ ਸਨ। ਜਿਹੜੀ ਕੌਮ ਦਾ ਰਹਿਬਰ ਹੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਜਾਵੇ ਉਹ ਕੌਮ ਕਿਵੇਂ ਸੁੱਖ ਦੀ ਨੀਂਦ ਸੌਂ ਸਕਦੀ ਸੀ? ਖਾਲਸੇ ਦੀ ਜ਼ਿੰਦ-ਜਾਨ ਹੀ ਗੁਰੂ ਸੀ। ਜਦੋਂ ਜਾਨ ਹੀ ਜ਼ਖ਼ਮੀ ਹੋ ਗਈ ਸੀ ਖਾਲਸਾ ਕਿਵੇਂ ਆਰਾਮ ਕਰ ਸਕਦਾ ਸੀ। ਸਿੱਖ-ਸੰਗਤਾਂ ਗੁਰੂ ਜੀ ਦੇ ਦੁਆਲੇ ਹੀ ਬੈਠੀਆਂ ਰਹਿੰਦੀਆਂ ਸਨ। ਗੁਰੂ ਜੀ ਦੇ ਜ਼ਖ਼ਮੀ ਹੋਣ ਦੀ ਗੱਲ ਸੁਣ ਕੇ ਬਾਦਸ਼ਾਹ ਦੀ ਫੌਜ ਵਿਚਲੀ ਸਿੱਖ ਫੌਜ ਵੀ ਗੁਰੂ ਜੀ ਦੇ ਦਰਸ਼ਨ ਕਰਨ ਆ ਗਈ ਸੀ। ਇਸ ਤਰ੍ਹਾਂ ਦੇ ਲਿਖਤੀ ਸਬੂਤ ਤਾਂ ਭਾਵੇਂ ਕਿਤੋਂ ਨਹੀਂ ਮਿਲਦੇ, ਪਰ ਇਹ ਸੁਭਾਵਕ ਸੀ। ਬਾਦਸ਼ਾਹ ਦੀ ਪੰਜਾਬੀ ਫੌਜ ਕਰਕੇ ਹੀ ਤਾਂ ਗੁਰੂ ਜੀ ਸ਼ਾਹੀ ਕੈਂਪ ਦੇ ਨੇੜੇ-ਤੇੜੇ ਰਹਿੰਦੇ ਆ ਰਹੇ ਸੀ। ਇੱਕਾ-ਦੁੱਕਾ ਪਲਟਨਾਂ ਦੇ ਆਉਣ ਦੇ ਜ਼ਰੂਰ ਲਿਖਤੀ ਸਬੂਤ ਮਿਲਦੇ ਹਨ ਜਿਵੇਂ ਕਿ ਗੁਰੂ ਕੀਆਂ ਸਾਖੀਆਂ[70] ਵਿਚ ਇਕ ਭਗਵੰਤ ਸਿੰਘ ਬੰਗੇਸਰ ਦੇ ਆਉਣ ਦੀ ਖ਼ਬਰ ਦਿੱਤੀ ਹੈ। ਇਹ ਭਗਵੰਤ ਸਿੰਘ ਬੰਗੇਸਰੀ ਬਾਦਸ਼ਾਹ ਦੀ ਫੌਜ ਵਿਚ ਪੰਜ ਹਜ਼ਾਰੀ ਦੇ ਆਹੁਦੇ ਤੇ ਸੀ। ਇਸ ਦਾ ਮਤਲਬ ਹੈ ਕਿ ਜੇ ਇਕ ਪੰਜ ਹਜ਼ਾਰੀ ਦੇ ਅਹੁਦੇ ਵਾਲਾ ਜਰਨੈਲ ਗੁਰੂ ਜੀ ਕੋਲ ਪਹੁੰਚ ਸਕਦਾ ਹੈ ਤਾਂ ਹੋਰ ਜਰਨੈਲ ਅਤੇ ਫੌਜ ਵੀ ਗੁਰੂ ਜੀ ਕੋਲ ਪਹੁੰਚ ਸਕਦੀ ਸੀ। ਇਸ ਦੇ ਪਾਸ ਸੋਲਾਂ ਟਾਂਡੇ ਵੀ ਸਨ। ਇਕ ਇਕ ਟਾਂਡੇ ਵਿਚ ਪੰਜਾਹ ਤੋਂ ਲੈ ਕੇ ਸੌ ਦੀ ਗਿਣਤੀ ਤਕ ਗੱਡੇ ਹੁੰਦੇ ਸਨ। ਦੱਸਣ ਦਾ ਭਾਵ ਹੈ ਕਿ ਸ਼ਾਹੀ ਫੌਜ ਵਿਚਲੀ ਸਾਰੀ ਦੀ ਸਾਰੀ ਸਿੱਖ ਸੈਨਾ ਆਪਣੇ ਜਰਨੈਲਾਂ ਸਮੇਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਨਾਂਦੇੜ ਸਾਹਿਬ ਪਹੁੰਚ ਗਈ ਸੀ। ਫੌਜ ਦਾ ਆਉਣਾ ਬਾਦਸ਼ਾਹ ਦੀ ਇਜ਼ਾਜ਼ਤ ਨਾਲ ਵੀ ਹੋ ਸਕਦਾ ਸੀ ਅਤੇ ਬਾਦਸ਼ਾਹ ਤੋਂ ਬਾਗੀ ਹੋ ਕੇ ਵੀ ਹੋ ਸਕਦਾ ਸੀ। ਇਹ ਵੀ ਹੋ ਸਕਦਾ ਹੈ ਕਿ ਸਿੱਖ ਫੌਜ ਦੇ ਮਨਾਂ ਵਿਚ ਗੁਰੂ ਜੀ ਦੇ ਜ਼ਖ਼ਮੀ ਹੋਣ ਦਾ ਗੁੱਸਾ ਵੀ ਹੋਵੇ।

ਜਿਹੜੇ ਦਿਨ ਗੁਰੂ ਜੀ ਦੇ ਜ਼ਖ਼ਮੀ ਹੋਣ ਦੀ ਹਾਲਤ ਵਿਚ ਗੁਜ਼ਰੇ ਸਨ ਇਨ੍ਹਾਂ ਦਿਨ੍ਹਾਂ ਦੌਰਾਨ ਸਿੱਖ-ਸੰਗਤਾਂ ਚਿੰਤਾਵਾਨ ਹੋ ਕੇ ਗੁਰੂ ਜੀ ਤੋਂ ਪੁੱਛਦੀਆਂ ਸਨ ਕਿ 'ਹੇ ਗੁਰੂ ਜੀ ਆਪ ਜੀ ਤੋਂ ਬਾਅਦ ਅਸੀਂ ਆਪ ਜੀ ਦੇ ਦਰਸ਼ਨ ਕਿਸ ਤਰ੍ਹਾਂ ਕਰਾਂਗੇ ਅਤੇ ਸਾਡਾ ਗੁਰੂ ਕੌਣ ਹੋਵੇਗਾ ? ਇਨ੍ਹਾਂ ਗੱਲਾਂ ਦੀ ਜਾਣਕਾਰੀ ਦਿੰਦਾ ਕਵੀ ਸੈਨਾਪਤਿ ਲਿਖਦਾ ਹੈ ਕਿ ਗੁਰੂ ਜੀ ਨੇ ਸਮੁੱਚੀ ਸੰਗਤ ਨੂੰ ਮੁਖ਼ਾਤਿਬ ਹੁੰਦਿਆਂ ਦੱਸਿਆ ਸੀ ਕਿ 'ਖਾਲਸਾ ਹੀ ਉਨ੍ਹਾਂ ਦਾ ਰੂਪ ਹੈ। ਖਾਲਸਾ ਉਨ੍ਹਾਂ ਦਾ ਹੀ ਪੈਦਾ ਕੀਤਾ ਹੋਇਆ ਹੈ। ਇਸ ਲਈ ਉਨ੍ਹਾਂ ਨੇ ਆਪਣਾ ਸਰੂਪ ਵੀ ਖਾਲਸੇ ਨੂੰ ਬਖ਼ਸ਼ ਦਿੱਤਾ ਹੈ। ਖਾਲਸਾ ਹੀ ਉਨ੍ਹਾਂ ਦਾ ਖਾਸ ਰੂਪ ਹੋਵੇਗਾ ਅਤੇ ਉਹ ਹਰ ਸਮੇਂ ਖਾਲਸੇ ਦੇ ਪਾਸ ਹੀ ਰਹਿਣਗੇ। ਖਾਲਸਾ ਕਦੇ ਵੀ ਭਰਮ-ਭੁਲੇਖੇ ਵਿਚ ਨਹੀਂ ਰਹੇਗਾ। ਭਰਮ-ਭੁਲੇਖੇ ਤੋਂ ਨਿਰਲੇਪ ਰਹਿਣ ਵਾਲਾ ਹੀ ਖਾਲਸਾ ਹੈ।' ਕਵੀ ਸੈਨਾਪਤਿ ਦੇ ਸ਼ਬਦਾਂ ਵਿਚ :

ਏਕ ਦਿਵਸ ਕਾਰਨ ਤੇ ਆਗੇ। ਮਿਲਿ ਕੈ ਸਿੰਘ ਪੂਛਨੇ ਲਾਗੇ।
ਕਵਨ ਰੂਪ ਆਪਨ ਪ੍ਰਭ ਕੀਨੋ। ਤਿਨ ਕੈ ਜੁਆਬ ਭਾਂਤਿ ਇਹ ਦੀਨੋ ।।40।।805 ।।
ਤਾਹ ਸਮੇਂ ਗੁਰ ਬੈਨ ਸੁਨਾਯੋ। ਖਾਲਸ ਅਪਨੋ ਰੂਪ ਬਤਾਯੋ।।
ਖਾਲਸਾ ਹੀ ਸੋ ਮੈ ਮਮ ਕਾਮਾ। ਬਖ਼ਸ਼ ਕੀਉ ਖਾਲਸ ਕੋ ਜਾਮਾ।। 41 ।।806 ।।
ਦੋਹਰਾ : ਖਾਲਸ ਮੇਰੋ ਰੂਪ ਹੈ ਹੌ ਖਾਲਸ ਕੇ ਪਾਸ।।
ਆਦਿ ਅੰਤ ਹੀ ਹੋਤ ਹੈ ਖਾਲਸ ਮੈ ਪ੍ਰਗਾਸ।। 42 ।।807 ।।
ਲੋਟਨ ਛੰਦ : ਖਾਲਸ ਖਾਸ ਕਹਾਵੈ ਸੋਈ। ਜਾ ਕੇ ਹਿਰਦੈ ਭਰਮ ਨਾ ਹੋਈ।।
ਭਰਮ ਭੇਖ ਤੇ ਰਹੈ ਨਿਆਰਾ। ਸੋ ਖਾਲਸ ਸਤਿਗੁਰੂ ਹਮਾਰਾ।।

ਗੁਰੂ ਗੋਬਿੰਦ ਸਿੰਘ ਜੀ ਦੇ ਹੀ ਇਕ ਸਮਕਾਲੀ ਕਵੀ ਭਾਈ ਨੰਦ ਲਾਲ ਨੇ ਗੁਰੂ ਜੀ ਦੀ ਅੰਤਮ ਸਿਖਿਆ ਨੂੰ ਦੱਸਦੇ ਹੋਏ ਲਿਖਿਆ ਹੈ ਕਿ 'ਹੇ ਗੁਰੂ ਜੀ ਜਿਹੜਾ ਤੁਸੀਂ ਇਹ ਕਿਹਾ ਸੀ ਕਿ ਹਰ ਸਮੇਂ ਆਪਣੇ ਗੁਰੂ ਦਾ ਦਰਸ਼ਨ ਕਰੋ। ਤੁਹਾਡੇ ਪਿੱਛੋਂ ਅਸੀਂ ਤੁਹਾਡਾ ਦਰਸ਼ਨ ਕਿਸ ਤਰ੍ਹਾਂ ਕਰ ਸਕਾਂਗੇ ?' ਇਸ ਦੇ ਜਵਾਬ ਵਿਚ ਗੁਰ ਜੀ ਕਹਿੰਦੇ ਹਨ "ਭਾਈ ਨੰਦ ਲਾਲ ਧਿਆਨ ਨਾਲ ਸੁਣੋ ! ਮੇਰੇ ਤਿੰਨ ਰੂਪ ਹਨ : ਇਕ ਨਿਰਗੁਣ ਅਤੇ ਦੂਸਰਾ ਸਰਗੁਣ। ਤੀਜਾ ਰੂਪ ਹੈ ਸ਼ਬਦ-ਗੁਰੂ। ਮੇਰੇ ਦੋਵੇਂ ਨਿਰਗੁਣ (ਆਤਮਿਕ ਰੂਪ) ਅਤੇ ਸਰਗੁਣ (ਸਰੀਰਕ ਰੂਪ) ਸਰੂਪ ਸ਼ਬਦ-ਗੁਰੂ ਵਿਚ ਵਿਦਮਾਨ ਹਨ। ਸ਼ਬਦ-ਗੁਰੂ, ਗੁਰੂ ਗ੍ਰੰਥ ਸਾਹਿਬ ਹੈ। ਇਹ ਮੇਰਾ ਹੀ ਸਰੀਰ ਹੈ। ਇਸ ਵਿਚਲੇ ਅੱਖਰ ਮੇਰੇ ਰੋਮ ਹਨ। ਜਿਸ ਸਿੱਖ ਨੂੰ ਮੇਰੇ ਦਰਸ਼ਨਾ ਦੀ ਚਾਹ ਹੈ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰੇ। ਗ੍ਰੰਥ ਸਾਹਿਬ ਦੇ ਸ਼ਬਦ ਨੂੰ ਚਿਤ ਲਾ ਕੇ ਸੁਣੇ ਅਤੇ ਇਸ ਸ਼ਬਦ ਦੇ ਗਿਆਨ ਨੂੰ ਅੱਗੇ ਸੁਣਾਏ।"

ਨੰਦ ਲਾਲਉਵਾਚ : ਤੁਮ ਜੋ ਕਹਾ ਗੁਰਦੇਵ ਜੀ ਦਰਸ਼ਨ ਕਰਿ ਮੁਹ ਆਇ।।
ਲਖੀਏ ਤੁਮਰਾ ਦਰਸ ਕਹਾਂ ਕਹਹੁ ਮੋਹਿ ਸਮਝਾਇ।।
ਸ੍ਰੀ ਗੁਰੂ ਵਾਚ : ਤੀਨ ਰੂਪ ਹੈਂ ਮੋਹ ਕੇ ਸੁਨਹੁ ਨੰਦ ਚਿਤ ਲਾਇ।।
ਨਿਰਗੁਣ, ਸਰਗੁਣ, ਗੁਰਸ਼ਬਦ ਕਰਹੁ ਤੁਹਿ ਸਮਝਾਇ।

ਚੌਪਈ

ਏਕ ਰੂਪ ਤਿਹੁ ਗੁਣ ਤੇ ਪਰੇ। ਨੇਤਿ ਨੇਤਿ ਜਿਹ ਨਿਗਮ ਉਚਰੇ।
ਘਟ ਘਟ ਵਿਆਪਕ ਅੰਤਰਜਾਮੀ। ਪੂਰਿ ਰਹਯੋ ਜਿਉਂ ਜਲ ਘਟ ਭਾਨੀ।
ਦੂਸਰ ਰੂਪ ਗ੍ਰੰਥ ਜੀ ਜਾਨਹੁ। ਆਪਨ ਅੰਗ ਮੇਰੇ ਕਰ ਮਾਨਹੁ।
ਰੋਮ ਰੋਮ ਅਛਰ ਸੋ ਲਹਹੁ। ਬਾਤ ਜਥਾਰਥ ਤੁਮ ਸੋ ਕਹਹੁੰ।
ਜੋ ਸਿੱਖ ਗੁਰ ਦਰਸ਼ਨ ਕੀ ਚਾਹਿ। ਦਰਸ਼ਨ ਕਰੇ ਗ੍ਰੰਥ ਜੀ ਆਹਿ।
ਪ੍ਰਭਾਤ ਸਮੇਂ ਕਰਕੇ ਇਸ਼ਨਾਨ। ਤੀਨ ਪ੍ਰਦੱਛਣਾ ਕਰੈ ਸੁਜਾਨ।
ਸ਼ਬਦ ਸੁਨੈ ਗੁਰ ਹਿਤ ਚਿਤ ਲਾਇ। ਗਿਆਨ ਸ਼ਬਦ ਗੁਰ ਸੁਨੈ ਸੁਨਾਇ।[71]

ਗੁਰੂ ਜੀ ਦੇ ਸਮੇਂ ਦੇ ਨੇੜੇ ਦਾ ਲੇਖਕ ਕੇਸਰ ਸਿੰਘ ਛਿੱਬਰ ਵੀ ਉਕਤ ਗੱਲਾਂ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਜਦੋਂ ਸਿੱਖ ਸੰਗਤ ਨੇ ਗੁਰੂ ਜੀ ਨੂੰ ਪੁੱਛਿਆ "ਹੇ ਗਰੀਬ ਨਿਵਾਜ਼, ਤੁਸੀਂ ਆਪਣੀ ਸਿੱਖ-ਸੰਗਤ ਨੂੰ ਕਿਸ ਦੇ ਹਵਾਲੇ ਕੀਤਾ ਹੈ ?" ਇਸ ਦੇ ਜਵਾਬ ਵਿਚ ਗੁਰੂ ਜੀ ਨੇ ਫੁਰਮਾਇਆ, "ਸਿੱਖ ਸੰਗਤ ਦਾ ਗੁਰੂ, ਗ੍ਰੰਥ ਸਾਹਿਬ ਹੈ ਅਤੇ ਇਸ ਨੂੰ ਅਕਾਲ ਪੁਰਖ ਦੇ ਲੜ ਲੱਗਣਾ ਚਾਹੀਦਾ ਹੈ। ਖਾਲਸਾ ਹੀ ਗੁਰੂ ਹੈ ਅਤੇ ਗੁਰੂ ਹੀ ਖਾਲਸਾ ਹੈ। ਤੁਸੀਂ ਸਾਰੇ ਮਾਤਾ ਸਾਹਿਬ ਕੌਰ ਦੇ ਪੁੱਤਰ ਹੋਂ। ਸਭ ਨੇ ਆਪਸ ਵਿਚ ਪਿਆਰ ਕਰਨਾ ਅਤੇ ਪੰਥ ਦੇ ਵਾਧੇ ਨੂੰ ਹੀ ਲੋਚਣਾ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਣਾ ਅਤੇ ਸ਼ਬਦ ਦੀ ਖੋਜ ਕਰਨੀ। ਜਿਹੜਾ ਸਿੱਖ ਇਸ ਤਰ੍ਹਾਂ ਦੀ ਸਿੱਖੀ ਨੂੰ ਅਖ਼ਤਿਆਰ ਕਰੇਗਾ ਉਹ ਹੀ ਗੁਰੂ ਦੇ ਚਰਨਾਂ ਦਾ ਵਾਸੀ ਕਹਿਲਾਏਗਾ। ਗੁਰਮਤਿ ਦੀ ਹੀ ਰਹਿਤ ਰੱਖਣ ਅਤੇ ਆਪਣੇ ਗੁਰੂ ਤੋਂ ਬਿਨਾ ਹੋਰ ਕਿਸੇ ਦੀ ਸਿੱਖਿਆ ਨਹੀਂ ਅਪਣਾਉਣੀ।"[72]

ਕਵੀ ਸੈਨਾਪਤਿ ਅਨੁਸਾਰ ਅਗਲੇ ਦਿਨ 8 ਅਕਤੂਬਰ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਅੰਮ੍ਰਿਤ ਵੇਲੇ ਗੁਰੂ ਜੀ ਦਾ ਸੰਸਕਾਰ ਕਰ ਦਿੱਤਾ ਗਿਆ ਸੀ।

ਬਿਸਮੈ ਸਭ ਹੋਇ ਰਹੇ ਮਨ ਮੈ ਕਛ ਕੀ ਕਛੁ ਹੋਇ ਗਈ ਅਬ ਹੀ।
ਮਿਲ ਕੈ ਸਬ ਸਿੰਘਾਨੁ ਤਾਹਿ ਸਮੈ ਇਹ ਭਾਂਤ ਵਿਚਾਰ ਕੀਉ ਤਬ ਹੀ।
ਸੰਸਕਾਰ ਕਰੋ ਨਿਸ ਹੀ ਕੇ ਸਮੇ ਨਿਕਸੇ ਨਹੀਂ ਭਾਨ ਕਹਿਓ ਸਬ ਹੀ।
ਇਮ ਕਾਰਨ ਕਾਰਜ ਕੋ ਕਰਹੀ ਮਿਲਿ ਜੋਤਿ ਸੇ ਜੋਤਿ ਗਈ ਤਬ ਹੀ।।36 ।। 801 ।।

ਗੁਰੂ ਜੀ ਦੇ ਅੰਤਮ ਦਿਨਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਦੀ ਮਹਾਨ ਘਟਨਾ ਤੋਂ ਇਲਾਵਾ ਇਕ ਹੋਰ ਮਹਾਨ ਘਟਨਾ ਇਹ ਵੀ ਵਾਪਰੀ ਸੀ ਕਿ ਉਨ੍ਹਾਂ ਨੇ ਬੰਦਾ ਸਿੰਘ ਬਹਾਦੁਰ ਨੂੰ ਖਾਲਸੇ ਦਾ ਰਾਜਨੀਤਿਕ ਨੇਤਾ ਵੀ ਨਿਯੁਕਤ ਕੀਤਾ ਸੀ। ਆਤਮਿਕ ਗੁਰਿਆਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਤੇ ਸਰੀਰਕ ਰੂਪ ਵਿਚ ਗੁਰਿਆਈ ਪੰਜ ਪਿਆਰਿਆਂ ਦੀ ਅਗਵਾਈ ਹੇਠ ਖਾਲਸਾ ਪੰਥ ਨੂੰ ਬਖ਼ਸ਼ੀ ਗਈ ਸੀ। ਇਉਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਕੱਠਾ ਹੋਇਆ ਖਾਲਸਾ ਪੂਰਨ ਰੂਪ ਵਿਚ ਗੁਰੂ-ਰੂਪ ਹੋਣਾ ਸੀ। ਬੰਦਾ ਸਿੰਘ ਬਹਾਦੁਰ ਇਸ ਗ੍ਰੰਥ ਅਤੇ ਪੰਥ ਦੀ ਸੰਯੁਕਤ ਗੁਰਿਆਈ ਅਧੀਨ ਖਾਲਸਾ ਪੰਥ ਦਾ ਰਾਜਨੀਤਿਕ ਨੇਤਾ ਹੋਣਾ ਸੀ।

ਬੰਦਾ ਸਿੰਘ ਬਹਾਦੁਰ ਉਹ ਵਿਅਕਤੀ ਸੀ ਜਿਹੜਾ ਬਾਦਸ਼ਾਹ ਦੀ ਫ਼ੌਜ ਵਿਚਲੀ ਸਿੱਖ ਫ਼ੌਜ ਦਾ ਕਮਾਂਡਰ ਸੀ। ਇਹੀ ਸਾਰੀ ਸਿੱਖ ਫ਼ੌਜ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਪਣੇ ਕਮਾਂਡਰ ਦੀ ਕਮਾਂਡ ਹੇਠ ਨਾਂਦੇੜ ਸਾਹਿਬ ਵਿਖੇ ਪਹੁੰਚ ਗਈ ਸੀ। ਇਹ ਫ਼ੌਜ ਮੁੜ ਕੇ ਬਾਦਸ਼ਾਹ ਦੇ ਪਾਸ ਗਈ ਹੀ ਨਹੀਂ ਸੀ। ਇਸ ਦੀ ਗਿਣਤੀ ਘੱਟ ਵੱਧ ਹੋ ਸਕਦੀ ਸੀ, ਪਰ ਇਹ ਥੋੜ੍ਹੀ ਨਹੀਂ ਸੀ। ਸਿੱਖਾਂ ਦੇ ਮਨ ਵਿਚ ਗੁੱਸਾ ਸੀ, ਅਥਾਹ ਗੁੱਸਾ ਸੀ ਆਪਣੇ ਗੁਰੂ ਜੀ ਦੇ ਉੱਪਰ ਮਾਰੂ-ਹਮਲਾ ਹੋਣ ਦਾ। ਹੋ ਸਕਦਾ ਹੈ ਕਿ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਵੀ ਘਰ ਕਰ ਗਈ ਹੋਵੇ ਕਿ ਇਹ ਹਮਲਾ ਬਾਦਸ਼ਾਹ ਦੀ ਹੀ ਕਿਸੇ ਨੀਤੀ ਦਾ ਸਿੱਟਾ ਸਮਝ ਲਿਆ ਗਿਆ ਹੋਵੇ। ਸਿੱਖਾਂ ਨੂੰ ਆਪਣੇ ਗੁਰੂ ਤੋਂ ਵੱਧ ਪਿਆਰੀ ਅਤੇ ਸਤਿਕਾਰਯੋਗ ਵਸਤੂ ਹੋਰ ਕੋਈ ਨਹੀਂ ਸੀ। ਜੇ ਉਹ ਬਾਦਸ਼ਾਹ ਦੇ ਹਮਾਇਤੀ ਹੋਏ ਸਨ ਤਾਂ ਵੀ ਉਹ ਆਪਣੇ ਗੁਰੂ ਦੇ ਹੁਕਮਾਂ ਅਨੁਸਾਰ ਹੀ ਹੋਏ ਸਨ। ਇਸ ਸਮੇਂ ਗੁਰੂ ਹੀ ਉਨ੍ਹਾਂ ਤੋਂ ਵਿਛੜ ਗਿਆ ਸੀ ਤਾਂ ਸਿੱਖਾਂ ਨੇ ਬਾਦਸ਼ਾਹ ਕੋਲੋਂ ਵੀ ਕੀ ਲੈਣਾ ਸੀ? ਇਸ ਕਰਕੇ ਬਾਦਸ਼ਾਹ ਦੀ ਫ਼ੌਜ ਵਿਚਲੀ ਸਮੁੱਚੀ ਸਿੱਖ ਸੈਨਾ ਨੇ ਬਗਾਵਤ ਕਰ ਦਿੱਤੀ ਸੀ ਅਤੇ ਉਹ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਹੇਠ ਨਾਂਦੇੜ ਸਾਹਿਬ ਵਿਖੇ ਗੁਰੂ ਜੀ ਦਾ ਸੰਸਕਾਰ ਕਰਨ ਤੋਂ ਬਾਅਦ ਪੰਜਾਬ ਵਲ ਨੂੰ ਤੂਫਾਨੀ ਰੂਪ ਵਿਚ ਰਵਾਨਾ ਹੋ ਗਈ ਸੀ।[73]

ਅਕਾਲੀ ਕੌਰ ਸਿੰਘ ਨੇ ਫੁੱਲਵਾੜੀ ਮੈਗਜ਼ੀਨ ਦੇ ਦਸੰਬਰ, 1929 ਅਤੇ ਜਨਵਰੀ 1930 ਦੇ ਅੰਕ ਦੇ ਪੰਨਾ 157 ਉੱਪਰ ਲਿਖਿਆ ਹੈ ਕਿ ਗੁਰੂ ਜੀ ਦੇ ਅੰਗੀਠੇ ਦੀ ਸੇਵਾ-ਸੰਭਾਲ ਲਈ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਉਥੇ ਹੀ ਰਹਿ ਪਏ ਸਨ। ਬੰਦਾ ਸਿੰਘ ਬਹਾਦੁਰ ਆਪਣੇ ਖਾਲਸਾ ਲਸ਼ਕਰ ਨਾਲ ਪੰਜਾਬ ਵੱਲ ਨੂੰ ਰਵਾਨਾ ਹੋ ਗਿਆ ਸੀ।

ਜਿਹੜੀ ਖ਼ਬਰ ਸਰਕਾਰੀ ਤੌਰ ਤੇ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਦੀ ਬਾਦਸ਼ਾਹ ਨੂੰ ਪੇਸ਼ ਕੀਤੀ ਗਈ ਸੀ ਇਹ ਜੋਤੀ-ਜੋਤ ਸਮਾਉਣ ਤੋਂ ਪੂਰਾ ਇਕ ਮਹੀਨਾ ਬਾਅਦ ਵਿਚ ਪੇਸ਼ ਕੀਤੀ ਗਈ ਸੀ। ਖ਼ਬਰ ਪੇਸ਼ ਕਰਨ ਸਮੇਂ ਇਹ ਵੀ ਕਿਹਾ ਗਿਆ ਸੀ ਕਿ ਗੁਰੂ ਗੋਬਿੰਦ ਸਿੰਘ ਪਾਸ ਬਹੁਤ ਜ਼ਿਆਦਾ ਮੁੱਲ ਦੀ ਜਾਇਦਾਦ ਹੈ। ਉਸ ਦਾ ਵਾਰਸ ਕੋਈ ਵੀ ਨਹੀਂ ਹੈ। ਕੀ ਇਸ ਜਾਇਦਾਦ ਨੂੰ ਜ਼ਬਤ ਕਰ ਲੈਣਾ ਚਾਹੀਦਾ ਹੈ ? ਤਾਂ ਇਸ ਦੇ ਉੱਤਰ ਵਿਚ ਬਾਦਸ਼ਾਹ ਨੇ ਕਿਹਾ ਸੀ ਕਿ 'ਸਾਨੂੰ ਇਕ ਦਰਵੇਸ਼ ਦੀ ਜਾਇਦਾਦ ਨਹੀਂ ਚਾਹੀਦੀ। ਇਸ ਨਾਲ ਸਰਕਾਰੀ ਖਜ਼ਾਨਾ ਅਮੀਰ ਨਹੀਂ ਹੋਵੇਗਾ। ਇਹ ਜਾਇਦਾਦ ਉਸ ਦੇ ਜਿਹੜੇ ਵੀ ਵਾਰਸ ਹਨ ਉਨ੍ਹਾਂ ਪਾਸ ਹੀ ਰਹਿਣ ਦਿੱਤੀ ਜਾਵੇ।'

ਕਿਉਂਕਿ ਗੁਰੂ ਸਾਹਿਬ ਨਾਂਦੇੜ ਸਾਹਿਬ ਵਿਖੇ ਇਕ ਮਹੀਨੇ ਦਾ ਅਰਸਾ ਰਹੇ ਸਨ। ਇਸ ਲਈ ਗੁਰੂ ਸਾਹਿਬ ਇੱਥੇ ਸਥਾਨਕ ਖੇਤਰ ਵਿਚ ਕੁਝ ਇਕ ਥਾਵਾਂ ਤੇ ਆਉਂਦੇ ਜਾਂਦੇ ਰਹਿੰਦੇ ਸਨ। ਇਨ੍ਹਾਂ ਆਉਣ-ਜਾਣ ਵਾਲੀਆਂ ਥਾਵਾਂ ਨੂੰ ਵੀ ਸਿੱਖ ਸੰਗਤਾਂ ਨੇ ਸੰਭਾਲ ਕੇ ਰੱਖਿਆ ਸੀ ਅਤੇ ਇਨ੍ਹਾਂ ਥਾਵਾਂ ਉੱਪਰ ਬੜੇ ਅਲੀਸ਼ਾਨ ਗੁਰਦੁਆਰੇ ਸਸੋਭਤ ਹਨ। ਇਹ ਹਨ : ਗੁਰਦੁਆਰਾ ਸੰਗਤ ਸਾਹਿਬ (ਬ੍ਰਹਮਪੁਰੀ ਮਹੱਲਾ), ਗੁਰਦੁਆਰਾ ਮਾਲ ਟੇਕਰੀ ਸਾਹਿਬ, ਗੁਰਦੁਆਰਾ ਸ਼ਿਕਾਰ ਘਾਟ ਸਾਹਿਬ, ਗੁਰਦੁਆਰਾ ਹੀਰਾ ਘਾਟ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ, ਗੁਰਦੁਆਰਾ ਬਉਲੀ ਸਾਹਿਬ, ਦਮਦਮਾ ਸਾਹਿਬ, ਗੁਰਦੁਆਰਾ ਗੋਬਿੰਦ

ਬਾਗ ਸਾਹਿਬ ਆਦਿ। ਇਨ੍ਹਾਂ ਤੋਂ ਇਲਾਵਾ ਮਾਤਾ ਸਾਹਿਬ ਕੌਰ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਹੈ। ਇਕ ਗੁਰਦੁਆਰਾ ਬੰਦਾ ਘਾਟ ਸਾਹਿਬ ਹੈ ਜਿਹੜਾ ਗੋਦਾਵਰੀ ਨਦੀ ਦੇ ਐਨ ਕੰਢੇ ਉੱਪਰ ਹੈ। ਇੱਥੇ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਦਾ ਡੇਰਾ ਸੀ।

ਗੁਰੂ ਜੀ ਦੇ ਜੋਤੀ-ਜੋਤ ਸਮਾਂ ਜਾਣ ਬਾਅਦ ਉਨ੍ਹਾਂ ਦੇ ਅੰਗੀਠੇ ਦੀ ਦੇਖ-ਭਾਲ ਲਈ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਜੀ ਇੱਥੇ ਹੀ ਰਹੇ ਸਨ, ਪਰ ਭਾਈ ਦਯਾ ਸਿੰਘ ਜੀ ਕੇਵਲ ਇਕ ਮਹੀਨਾ ਹੀ ਜਿਊਂਦੇ ਰਹੇ। ਇਕ ਮਹੀਨੇ ਵਿਚ ਹੀ ਉਹ ਵੀ ਸਵਰਗ ਸਿਧਾਰ ਗਏ ਸਨ। ਫਿਰ ਭਾਈ ਧਰਮ ਸਿੰਘ ਜੀ ਸੇਵਾ-ਸੰਭਾਲ ਕਰਦੇ ਰਹੇ, ਪਰ ਉਸੇ ਸਾਲ ਦੇ ਅਗਲੇ ਮਹੀਨੇ ਭਾਈ ਧਰਮ ਸਿੰਘ ਜੀ ਵੀ ਸਵਰਗ ਸਿਧਾਰ ਗਏ ਸਨ। ਉਨ੍ਹਾਂ ਬਾਅਦ ਅੰਗੀਠੇ ਦੀ ਸਾਂਭ-ਸੰਭਾਲ ਲਈ ਬੜੀਆਂ ਮੁਸ਼ਕਲਾਂ ਆਈਆਂ ਸਨ। ਇਸ ਲਈ ਇੱਥੇ ਸਿੱਖ-ਸੇਵਾਦਾਰ ਕੋਈ ਨਾ ਰਿਹਾ। ਅਖ਼ੀਰ ਕਦੇ ਉਦਾਸੀ ਸਾਧ ਅਤੇ ਕਦੇ ਨਿਰਮਲੇ ਸੰਤ ਇਸ ਅਸਥਾਨ ਤੇ ਝਾੜੂ ਵਗੈਰਾ ਕਰਕੇ ਸਾਂਭ-ਸੰਭਾਲ ਕਰਦੇ ਰਹੇ। ਹੈਦਰਾਬਾਦ ਰਿਆਸਤ ਵਲੋਂ ਭੀ ਭਾਵੇਂ ਇਸ ਅਸਥਾਨ ਦੀ ਸਾਂਭ-ਸੰਭਾਲ ਲਈ ਪੂਰਾ ਸਹਿਯੋਗ ਮਿਲਦਾ ਰਿਹਾ ਸੀ, ਪਰ ਇਥੇ ਸਿੱਖਾਂ ਦੀ ਗਿਣਤੀ ਨਾ ਹੋਣ ਕਾਰਨ ਇਥੇ ਪਰਭਾਵਸ਼ਾਲੀ ਕੰਮ-ਕਾਜ ਨਹੀਂ ਹੋ ਸਕਿਆ। ਅਖ਼ੀਰ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਸਮੇਂ ਨਵਾਬ ਹੈਦਰਾਬਾਦ ਦੇ ਸਹਿਯੋਗ ਨਾਲ ਇਸ ਅਸਥਾਨ ਨੂੰ ਸੰਭਾਲਿਆ। ਇਸ ਸਮੇਂ ਵਿਸ਼ਾਲ ਜਾਗੀਰਾਂ ਇਸ ਅਸਥਾਨ ਨਾਲ ਲਗਾਈਆਂ। ਸਿੱਖ ਰਾਜ ਦੇ 1849 ਵਿਚ ਖ਼ਤਮ ਹੋ ਜਾਣ ਨਾਲ ਇਸ ਅਸਥਾਨ ਦੀ ਸੇਵਾ-ਸੰਭਾਲ ਤੇ ਵੀ ਬਹੁਤ ਮਾੜਾ ਅਸਰ ਪਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਹੀ ਸਮੁੱਚੇ ਸਿੱਖ ਜਗਤ ਨੂੰ ਖਾਲਸਾ ਸੰਕਲਪ ਹੇਠ ਪੰਜ ਤਖ਼ਤਾਂ ਦੇ ਪਰਬੰਧ ਵਿਚ ਪਰੋਣਾ ਸ਼ੁਰੂ ਕਰ ਦਿੱਤਾ ਸੀ। ਇਸ ਸਿਸਟਮ ਨੂੰ ਵਿਕਸਤ ਕਰਨ ਲਈ ਉਨ੍ਹਾਂ ਨੂੰ ਬੇਸ਼ੱਕ ਸਮਾਂ ਨਹੀਂ ਮਿਲਿਆ। ਪੰਜ ਤਖ਼ਤਾਂ ਵਾਲਾ ਪ੍ਰਬੰਧ ਖਾਲਸੇ ਦੀਆਂ ਸੰਸਥਾਵਾਂ ਵਿਚੋਂ ਪੈਦਾ ਹੋਇਆ ਇਕ ਵਿਸ਼ੇਸ਼ ਪ੍ਰਬੰਧ ਸੀ। ਨਾਂਦੇੜ ਸਾਹਿਬ ਨੂੰ ਪੰਜਵੇਂ ਤਖ਼ਤ ਦੇ ਤੌਰ ਤੇ ਗੁਰੂ ਜੀ ਨੇ ਆਪਣੇ ਜਿਊਂਦੇ ਜੀਅ ਹੀ ਸਥਾਪਤ ਕਰ ਦਿੱਤਾ ਸੀ। ਬਾਕੀ ਦੇ ਚਾਰ ਤਖ਼ਤ ਸਨ : ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਦਮਦਮਾ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ। ਸ੍ਰੀ ਅਕਾਲ ਤਖ਼ਤ ਸਾਹਿਬ ਸਮੁੱਚੇ ਸਿੱਖ ਜਗਤ ਦਾ ਕੇਂਦਰੀ ਅਤੇ ਸਭ ਤੋਂ ਵੱਡਾ ਤਖ਼ਤ ਹੈ। ਬਾਕੀ ਦੇ ਚਾਰ ਤਖ਼ਤ ਸਮੇਤ ਸ੍ਰੀ ਨਾਂਦੇੜ ਸਾਹਿਬ ਦੇ ਸਿੱਖ ਜਗਤ ਦੇ ਖੇਤਰੀ ਤਖ਼ਤ ਹਨ। ਇਸ ਲਈ ਅੱਜ ਨਾਂਦੇੜ ਸਾਹਿਬ ਪੰਜਵੇਂ ਤਖ਼ਤ ਕੇ ਰੂਪ ਵਿਚ 'ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਹਵਾਲੇ ਅਤੇ ਟਿੱਪਣੀਆਂ

1. ਗੁਰੂ ਕੀਆਂ ਸਾਖੀਆਂ ਕ੍ਰਿਤ ਭਾਈ ਸਰੂਪ ਸਿੰਘ ਕੌਸ਼ਿਸ਼ (ਸੰ. ਪਿਆਰਾ ਸਿੰਘ ਪਦਮ ਅਤੇ ਗਿਆਨੀ ਗਰਜਾ ਸਿੰਘ), ਪਟਿਆਲਾ, 1956, ਪੰਨਾ 177
2. ਮਾਲਵਾ ਦੇਸ. ਰਟਨ ਦੀ ਸਾਖੀ ਪੋਥੀ (ਸੰ. ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, 1968, ਪੰਨੇ 115-16
3. ਦੇਖੋ ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ (ਪੱਥਰ ਛਾਪ), ਸਿਆਲਕੋਟ, 1891, ਪੰਨਾ 344
4. ਸ੍ਰੀ ਗੁਰ ਸੋਭਾ, ਕ੍ਰਿਤ ਕਵੀ ਸੈਨਾਪਤਿ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1967, ਪੰਨਾ 61 (ਜਾਣਕਾਰੀ)
5. ਸ੍ਰੀ ਗੁਰੂ ਪ੍ਰਤਾਪਿ ਸੂਰਜ ਗ੍ਰੰਥ (ਸੰ. ਵੀਰ ਸਿਘ), ਜਿਲਦ ਚੌਧਵੀਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1922, ਪੰਨਾ 6134
6. ਭਾਈ ਸੰਤੋਖ ਸਿੰਘ, ਪੂਰਵਅੰਕਤ, ਪੰਨਾ 6148 ਅਤੇ ਸਾਖੀ ਪੋਥੀ, ਪੂਰਵਅੰਕਤ, ਪੰਨਾ 119
7. ਸਾਖੀ ਪੋਥੀ, ਪੰਨਾ 120
8. ਦੇਖੋ ਸ੍ਰੀ ਗੁਰੂ ਪ੍ਰਤਾਪਿ ਸੂਰਜ ਗ੍ਰੰਥ, ਜਿਲਦ ਚੌਧਵੀਂ ਪੰਨਾ 6148
9. ਉਕਤ, ਪੰਨੇ 6148-49
10. ਉਕਤ, ਪੰਨੇ 6155-56
11. ਸਾਖੀ ਪੋਥੀ, ਪੰਨੇ 122-23. ਗਿਆਨੀ ਗਿਆਨ ਸਿੰਘ ਨੇ ਵੀ ਇਨ੍ਹਾਂ ਤਿੰਨਾ ਪਿੰਡਾਂ ਵਿਚ ਗੁਰੂ ਜੀ ਦੇ ਜਾਣ ਦੀ ਗੱਲ ਲਿਖੀ ਹੈ। ਦੇਖੋ ਤਵਾਰੀਖ ਗੁਰੂ ਖਾਲਸਾ, ਪੰਨਾ 345

12. ਕਵੀ ਸੈਨਾਪਤਿ ਕ੍ਰਿਤ ਸ੍ਰੀ ਗੁਰ ਸੋਭਾ (ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ 99
13. ਪੂਰਵਅੰਕਤ, ਪੰਨੇ 6159, ਬੰਦ 4-7
14. ਉਕਤ, ਪੰਨਾ 6166, ਫੁੱਟ ਨੋਟ।
15. ਤਵਾਰੀਖ ਗੁਰੂ ਖਾਲਸਾ, ਪੰਨੇ 345-46
16. ਮਹਾਨ ਕੋਸ., ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1990, ਪੰਨਾ 382
17. ਸ੍ਰੀ ਗੁਰੂ ਪ੍ਰਤਾਪਿ ਸੂਰਜ ਗ੍ਰੰਥ, ਪੰਨੇ 6159 ਅਤੇ 60
18. ਇਥੇ ਮਹਾਂਭਾਰਤ ਦੀ ਮਿਥਿਹਾਸਕ ਕਥਾ ਅਨੁਸਾਰ ਭੀਮ ਨੇ ਕੀਚਕ ਨੂੰ ਦਰੋਪਤੀ ਨੂੰ ਛੇੜਨ ਕਰਕੇ ਮਾਰ ਦਿੱਤਾ ਸੀ। ਉਸ ਬਾਰੇ ਮੰਨਿਆ ਜਾਂਦਾ ਹੈ ਕਿ ਉਸ ਕੀਚਕ ਨੂੰ ਇੱਥੇ ਬਘੌਰ ਸ਼ਹਿਰ ਦੇ ਨੇੜੇ ਦਫਨਾਇਆ ਗਿਆ ਸੀ। ਅੱਜ ਵੀ ਲੋਕ ਉਸ ਜਗਾਂਹ ਨੂੰ ਦੇਖਣ ਜਾਂਦੇ ਹਨ।
19. ਸ੍ਰੀ ਗੁਰ ਸੋਭਾ, ਧਿਆਉ 14ਵਾਂ, ਬੰਦ 29-40
20. ਉਕਤ, ਬੰਦ 41-56
21. ਉਕਤ, ਬੰਦ 52-66
22. ਉਕਤ, ਬੰਦ 73-76
23. ਪੂਰਵਅੰਕਤ, ਪੰਨਾ 178, ਸਾਖੀ-104
24. ਦੇਖੋ ਸੂਰਜ ਪ੍ਰਕਾਸ਼, ਪੰਨਾ 6166 (ਫੁੱਟ ਨੋਟ)
25. ਤਵਾਰੀਖ ਗੁਰੂ ਖਾਲਸਾ, ਪੰਨਾ 346
26. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6182
27. Sri Ram Sharma, Mughal Empire In India, Agra, 1974, p. 353
28. ਮੁਆਸਰਿ ਆਲਮਗੀਰੀ (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ 1977, ਪੰਨੇ 352-53, 454, 75
29. ਬਚਿਤ੍ਰ ਨਾਟਕ, ਧਿਆਉ ਤੇਰ੍ਹਵਾ।
30. William Irvine, The Later Mughals, Vol. 1-2, Oriental, New Delhi, 1971, p. 18
31. Ibid, p.11.
32. See Elliot and Dowson, History of India As Told By Its own Historions, Vol. VII pp. 391-92 and 547-49.
33. William Irvine, op. cit., pp.19-20
34. Ibid, p.20.
35. Ibid., pp.20-21
36. Elliot and Dowson, op.cit. pp. 396-97
37. ਸ੍ਰੀ ਗੁਰ ਸੋਭਾ (ਸੰ. ਗੰਡਾ ਸਿੰਘ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ 107
38. Mughal Empire In India, p.356
39. Later Mughals, p.25
40. Elliot and Dowson, op.cit., pp.546-47 and 569
41. ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ, ਚਰਣ 10ਵਾਂ, ਬੰਦ 609-611
42. ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਪੰਨੇ 6176-79
43. ਤਵਾਰੀਖ ਗੁਰੂ ਖਾਲਸਾ (ਪੱਥਰ ਛਾਪ), ਸਿਆਲਕੋਟ, 1891 ਈ., ਪੰਨੇ 346-47
44. See for example Bhagat Lakshman Singh, *A short sketch fo The Life of Guru Gobind Singh* (1883) Languages Department, Punjab, Patiala, 2002 (reprint), p.111, and Teja Singh Ganda Singh, *A Short History of The Sikhs*, Bombay, 1950, p. 75
45. See for Example Sir John Gardon, *The Sikhs* (1883), Languages Department of Punjab, Patiala, 1970 (reprint), pp. 49-50
46. ਦੇਖੋ ਡਾ. ਗੰਡਾ ਸਿੰਘ (ਸੰ.) ਹੁਕਮਨਾਮੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1967, ਪੰਨੇ 150-51
47. ਬੰਸਾਵਲੀਨਾਮਾ, ਚਰਣ 10ਵਾਂ, ਬੰਦ 606-10
48. ਕਵੀ ਸੈਨਾਪਤਿ, ਧਿਆਉ 16, ਬੰਦ 14-22

49. ਸੈਨਾਪਤਿ, ਧਿਆਉ 16, ਬੰਦ 36-39
50. ਉਕਤ, ਬੰਦ 41-42
51. Later Mughals, p. 46
52. Ibid, pp. 46-47
53. Ibid, pp. 48
54. Ibid, pp.49
55. ਸ੍ਰੀ ਗੁਰ ਸੋਭਾ, ਧਿਆਉ 16, ਬੰਦ 42-43 (731-32) ਜੋਰਾਵਰ ਸਿੰਘ ਦਾ ਬਿਰਤਾਂਤ ਅੱਗੇ ਜਾ ਕੇ ਦਿੱਤਾ ਜਾਵੇਗਾ।
56. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨੇ 6227-28
57. ਮਾਖਜ਼ਿ ਤਵਾਰੀਖ਼-ਏ-ਸਿੱਖਾਂ, 1949, ਪੰਨਾ 80
58. ਸ੍ਰੀ ਗੁਰ ਸੋਭਾ, ਧਿਆਉ 17, ਬੰਦ 8-19
59. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6228-29
60. ਉਕਤ, ਪੰਨੇ 6229-31
61. ਉਕਤ, 6231-32
62. See Elliot and Dowson, *History of India As Told By Its own Historians* Vol. VII, Allahabad, 1967-68, p. 566
63. ਇਹ ਬਾਨਗੰਗਾ ਨਦੀ ਮਹਾਰਾਸ਼ਟਰ ਦੇ ਸ਼ਹਿਰਾਂ ਛਿਕਲੀ (ਚਿਕਲੀ), ਮੇਹਦਰ ਅਤੇ ਕਾਨ੍ਹਗਾਉਂ ਦੇ ਨੇੜਿਉਂ ਦੀ ਅਤੇ ਵਾਸ਼ਿਮ ਅਤੇ ਹਿੰਗੋਲੀ ਦੇ ਤਕਰੀਬਨ ਵਿਚਕਾਰੋਂ ਦੀ ਲੰਘਦੀ ਹੈ।
64. The Later Mughals, p.58
65. Ibid, p.59
66. ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਪੰਨੇ 6239-40
67. ਦੇਖੋ ਗੰਡਾ ਸਿੰਘ, ਸ੍ਰੀ ਗੁਰ ਸੋਭਾ, ਪੰਨਾ 124 ਅਤੇ ਡਾ. ਫੌਜਾ ਸਿੰਘ, ਐਟਲਸ, ਪੰਨਾ 24
68. ਕਵੀ ਸੈਨਾਪਤਿ, ਧਿਆਉ 18, ਬੰਦ 8-37
69. ਡਾ. ਗੰਡਾ ਸਿੰਘ, ਉਕਤ, ਪੰਨਾ 128, ਫੁੱਟ ਨੋਟ।
70. ਗੁਰੂ ਕੀਆਂ ਸਾਖੀਆਂ (ਸੰ. ਪਿਆਰਾ ਸਿੰਘ ਪਦਮ), ਪਟਿਆਲਾ, 1986, ਪੰਨਾ 188
71. ਰਹਿਤਨਾਮਾ ਭਾਈ ਨੰਦ ਲਾਲ ਜੀ ਰਹਿਤਨਾਮੇ (ਸੰ.), ਪਿਆਰਾ ਸਿੰਘ ਪਦਮ, ਪਟਿਆਲਾ, 1984, ਪੰਨਾ 54
72. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਚਰਣ 10ਵਾਂ, ਬੰਦ 679-683, ਪੰਨੇ 189-90
73. ਇਸ ਸਮੁੱਚੇ ਵਿਸ਼ੇ ਲਈ ਵਿਸਥਾਰ ਵਿਚ ਜਾਨਣ ਲਈ ਦੇਖੋ ਡਾ. ਸੁਖਦਿਆਲ ਸਿੰਘ, ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦੁਰ : 1708-1716, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨੇ 17-19.

ਖਾਲਸਾ ਸਿਰਜਣਾ (ਗੁਰਬਿਲਾਸ-ਪਰੰਪਰਾ ਦੇ ਸੰਦਰਭ ਵਿਚ)

*ਗੁਰਮੇਲ ਸਿੰਘ**

ਸਿੱਖ ਪੰਥ ਦੀਆਂ ਸਭ ਤੋਂ ਅਹਿਮ ਘਟਨਾਵਾਂ[1] ਵਿਚੋਂ ਖਾਲਸਾ ਸਿਰਜਣਾ ਇਕ ਅਹਿਮ ਤੇ ਮਹੱਤਵਪੂਰਨ ਘਟਨਾ ਹੈ। ਪੰਥ ਦੀ ਸਾਜਨਾ, ਜਿਹੜੀ ਕਿ 1699 ਈ. ਵਿਚ ਹੋਈ, ਨਾਲ ਸਿੱਖ ਧਰਮ ਇਕ ਨਿਸ਼ਚਿਤ ਸੰਗਠਿਤ ਤੇ ਸੰਸਥਾਗਤ ਰੂਪ ਵਿਚ ਬੱਝ ਗਿਆ। ਹੱਥ ਵਿਚਲੇ ਕਾਰਜ ਵਿਚ ਅਸੀਂ ਗੁਰੂ ਸਮਕਾਲੀ ਤੇ ਨਿਕਟ ਸਮਕਾਲੀ ਗੁਰਬਿਲਾਸ ਪਰੰਪਰਾ ਦੀਆਂ ਮੁੱਖ ਰਚਨਾਵਾਂ ਦੇ ਆਧਾਰ ਉਤੇ 'ਖਾਲਸਾ ਸਿਰਜਣਾ' ਦੇ ਦੈਵੀ-ਵਰਤਾਰੇ ਦਾ ਸਿਧਾਂਤਕ ਤੇ ਇਤਿਹਾਸਕ ਵਿਸ਼ਲੇਸ਼ਣ ਕਰ ਰਹੇ ਹਾਂ। ਇਹ ਰਚਨਾਵਾਂ ਹਨ :

1 ਸ੍ਰੀ ਗੁਰ ਸੋਭਾ

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ (ਸੈਨਾ ਸਿੰਘ) ਦੀ ਰਚਨਾ, ਜਿਹੜੀ ਉਸ ਨੇ 1711 ਈ. ਵਿਚ ਲਿਖੀ।[2] ਕੁਲ 20 ਅਧਿਆਇਆ ਦੀ ਇਹ ਰਚਨਾ ਪੰਜਾਬੀ/ਹਿੰਦੀ/ਬ੍ਰਜ ਦੀ ਰਲੀ ਮਿਲੀ ਭਾਸ਼ਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਦਾ ਵਿਸ਼ੇਸ਼ ਵਰਣਨ ਕਰਦੀ ਹੈ। ਦੋ-ਤਿੰਨ ਥਾਂ ਤੋਂ ਸੰਪਾਦਿਤ/ਪ੍ਰਕਾਸ਼ਿਤ ਹੋ ਚੁਕੀ[3] ਇਸ ਰਚਨਾ ਦਾ ਹਥਲਾ-ਅਧਿਐਨ ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ ਪਾਠ ਨੂੰ ਬਣਾਇਆ ਗਿਆ ਹੈ :

ਸੈਨਾਪਤਿ, ਸ੍ਰੀ ਗੁਰ ਸੋਭਾ, (ਸੰਪਾ.) ਡਾ. ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ-1996 (ਚੌਥੀ ਵਾਰ) ਨੋਟ : ਇਸ ਦਾ ਸੰਖੇਪ ਨਾਂ 'ਗੁਸੋ' ਰਖਿਆ ਹੈ ਤੇ ਹਵਾਲੇ ਲਈ 'ਅਧਿ/ਬੰਦ/ ਪੰਨਾ' ਦਿੱਤੇ ਗਏ ਹਨ।

2 ਗੁਰਬਿਲਾਸ ਪਾਤਸ਼ਾਹੀ ੧੦

ਲਾਹੌਰ ਵਾਸੀ ਕਲਾਲ ਗੋਤ ਦੇ ਭਾਈ ਕੁਇਰ ਸਿੰਘ ਦੁਆਰਾ 1751 ਈ.[4] ਵਿਚ ਰਚਿਤ ਇਸ ਮਹੱਤਵਪੂਰਨ ਕਾਵਿ ਰਚਨਾ ਦੇ 21 ਅਧਿਆਇ ਹਨ, ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਤੋਂ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤਕ ਦੇ ਸਮੇਂ ਬਾਬਤ ਵੇਰਵਾ ਦਿੰਦੇ ਹਨ। ਸਵਰਗੀ ਸ. ਸਮਸ਼ੇਰ ਸਿੰਘ ਅਸ਼ੋਕ ਦੁਆਰਾ ਸੰਪਾਦਿਤ ਪਾਠ ਨੂੰ ਅਸੀਂ ਆਪਣੇ ਅਧਿਐਨ ਦਾ ਆਧਾਰ ਬਣਾਇਆ ਹੈ :

ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦ (ਸੰਪਾ.) ਸਮਸ਼ੇਰ ਸਿੰਘ ਅਸ਼ੋਕ ਪੰਜਾਬੀ ਯੂਨੀਵਰਸਿਟੀ ਪਟਿਆਲਾ - 1999 (ਤੀਜੀ ਵਾਰ) ਇਸ ਦਾ ਸੰਖੇਪ ਨਾ 'ਕੁ' ਰੱਖਿਆ ਹੈ ਤੇ ਹਵਾਲੇ ਲਈ ਅਧਿ/ਬੰਦ/ਪੰਨਾ ਦਿੱਤੇ ਹਨ।

3 ਗੁਰਬਿਲਾਸ ਪਾਤਸ਼ਾਹੀ ੧੦

ਵਿਚਾਰਾਧੀਨ ਰਚਨਾਵਾਂ : ਆਖਰੀ ਰਚਨਾ ਭਾਈ ਸੁਖਾ ਸਿੰਘ ਜਿਹੜਾ ਕੇਸਗੜ੍ਹ ਸਾਹਿਬ ਦਾ ਗਿਆਨੀ ਸੀ।[5] ਅਧਿਐਨ ਰਚਨਾ 1797 ਈ. ਦੀ ਹੈ[6] ਜਿਸ ਦੇ ਕੁਲ 31 ਅਧਿਆਇ ਹਨ। ਸਨਾਤਨੀ ਧਾਰਾ ਤੋਂ ਕਾਫ਼ੀ ਪ੍ਰਭਾਵਿਤ ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਤੋਂ ਲੈ ਕੇ ਅਖੀਰ ਤਕ ਦੇ ਵੇਰਵੇ ਦਿੰਦੀ ਹੈ। ਅਧਿਐਨ ਲਈ ਅਸੀਂ ਭਾਸ਼ਾ ਵਿਭਾਗ ਵਾਲੇ ਪਾਠ ਨੂੰ ਆਧਾਰ ਬਣਾਇਆ ਹੈ।[7]

ਸੁਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, (ਸੰਪਾ.) ਡਾ. ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ, ਪਟਿਆਲਾ - 1989 (ਦੂਜੀ ਵਾਰ) ਨੋਟ : ਇਸ ਦਾ ਸੰਖੇਪ ਨਾਂ 'ਸੁ' ਰਖਿਆ ਹੈ ਅਤੇ ਹਵਾਲੇ ਲਈ ਅਧਿ/ਬੰਦ/ਪੰਨਾ ਦਿੱਤੇ ਹਨ।

ਉਪਰੋਕਤ ਦੱਸੀਆਂ ਤਿੰਨੇ ਰਚਨਾਵਾਂ ਗੁਰਬਿਲਾਸ ਪਰੰਪਰਾ ਦੀਆਂ ਮਹੱਤਵਪੂਰਨ ਰਚਨਾਵਾਂ ਹਨ

*ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਤੇ ਇਨ੍ਹਾਂ ਨੇ ਖਾਲਸਾ ਸਿਰਜਣਾ ਨਾਲ ਜੁੜੀਆਂ ਪਰੰਪਰਾਵਾਂ ਤਥਾਂ ਰਵਾਇਤਾਂ ਨੂੰ ਜਿੱਥੇ ਇਤਿਹਾਸਕ ਆਧਾਰ ਪ੍ਰਦਾਨ ਕੀਤੇ ਹਨ, ਉਥੇ ਸਿਧਾਂਤਕ ਦ੍ਰਿਸ਼ਟੀ ਤੋਂ ਇਸ ਗਲਤ-ਵਿਚਾਰ ਨੂੰ ਵੀ ਰੱਦ ਕੀਤਾ ਹੈ ਕਿ ਖਾਲਸਾ-ਸਿਰਜਣਾ ਗੁਰੂ ਨਾਨਕ ਸਾਹਿਬ ਦੇ ਮਾਰਗ ਤੋਂ ਕੋਈ ਵੱਖਰਾ ਮਾਰਗ ਸੀ ਜਾਂ ਖਾਲਸਾ ਪਹਿਚਾਣ 'ਸਿੰਘ ਸਭਾ ਲਹਿਰ' ਦੀ ਦੇਣ ਹੈ।[8]

ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਹੈ ਕਿ ਸਾਡੀ ਪਹੁੰਚ ਸਿਧਾਂਤਕ ਤੇ ਇਤਿਹਾਸਕ ਹੈ, ਪਰੰਤੂ ਵਿਚਾਰਾਧੀਨ ਰਚਨਾਵਾਂ ਦੀ ਪਹੁੰਚ ਲੋਕਧਾਰਾਈ ਤਰਕ ਤਥਾ ਪੱਧਰ ਵਾਲੀ ਹੋਣ ਕਰਕੇ ਬਾਕੀ ਹੋਰ ਗੁਰਮੁਖੀ ਸ੍ਰੋਤਾਂ ਦਾ ਸਹਾਰਾ ਵੀ ਲਿਆ ਤਥਾ ਤੁਲਨਾ ਕੀਤੀ ਗਈ ਹੈ।

ਸ੍ਰੀ ਗੁਰ ਸੋਭਾ ਜਿੱਥੇ ਖਾਲਸੇ ਦੀ ਰਚਿਤ ਤਥਾ ਸਿਧਾਂਤਕ ਸਪਸ਼ਟੀਕਰਣ ਵਿਚ ਮਦਦਗਾਰ ਸੋਮਾ ਹੈ, ਉਥੇ ਕੁਇਰ ਸਿੰਘ ਤੇ ਸੁਖਾ ਸਿੰਘ ਦੀਆਂ ਰਚਨਾਵਾਂ ਨੇ ਖਾਲਸਾ ਸਿਰਜਣਾ ਦੇ ਵਿਹਾਰਿਕ ਪੱਖਾਂ ਨੂੰ ਸਪਸ਼ਟ ਕੀਤਾ ਹੈ। ਖਾਲਸਾ ਦੇ ਅਰਥ, ਖਾਲਸਾ ਸਾਜਣਾ ਦੇ ਕਾਰਨ, ਰਹਿਤ-ਬਹਿਤ, ਅਨ-ਧਰਮੀਆਂ ਵਲੋਂ ਪਾਈਆਂ ਗਈਆਂ ਰੋਕਾਂ, ਭਾਈਚਾਰਿਕ ਸੰਬੰਧਾਂ 'ਤੇ ਪੈਣ ਵਾਲੇ ਪ੍ਰਭਾਓ ਆਦਿ ਬਾਰੇ ਜਿੱਥੇ ਸ੍ਰੀ ਗੁਰ ਸੋਭਾ ਤੇ ਇਤਿਹਾਸਕ ਤੇ ਸਿਧਾਂਤਿਕ ਤੌਰ 'ਤੇ ਬੜੇ ਸਪਸ਼ਟ ਤੇ ਸੁਝਵਾਨ ਵੇਰਵੇ ਦਿੱਤੇ ਹਨ, ਉਥੇ ਪੰਜਾਂ ਪਿਆਰਿਆਂ ਦੀ ਚੋਣ, ਅੰਮ੍ਰਿਤ ਤਿਆਰ ਕਰਨ ਦੀ ਵਿਧੀ, ਪੜ੍ਹੀਆਂ ਗਈਆਂ ਬਾਣੀਆਂ, ਪੰਜ ਪਿਆਰਿਆਂ ਦੇ ਪਿਛੋਕੜ ਆਦਿ ਬਾਰੇ, ਸੈਨਾਪਤਿ ਤੇ ਸਮਕਾਲੀ ਹੋਣ ਦੇ ਬਾਵਜੂਦ, ਕੋਈ ਜਾਣਕਾਰੀ ਨਹੀਂ ਦਿੱਤੀ। ਇਸ ਤਰ੍ਹਾਂ ਜਾਪਦਾ ਹੈ ਕਿ ਸੈਨਾਪਤਿ ਮਹਿਸੂਸ ਕਰਦਾ ਹੋਵੇਗਾ ਕਿ ਇਹ ਗੱਲ ਤਾਂ ਜਗਤ ਪ੍ਰਸਿੱਧ ਹੈ, ਫਿਰ ਇਸ ਬਾਰੇ ਦੱਸਣ ਦੀ ਕੀ ਲੋੜ ਹੈ ?

ਸੈਨਾਪਤਿ ਅਨੁਸਾਰ ਚੇਤ ਮਹੀਨੇ ਦੇ ਬਾਅਦ ਦੀ ਵੈਸਾਖੀ ਨੂੰ ਸਤਲੁਜ ਦੇ ਕੰਢੇ ਉੱਤੇ ਬਹੁਤ ਭਾਰੀ ਮੇਲ (ਮੇਲਾ, ਇਕੱਠ) ਹੋਇਆ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਹਟਾ ਦਿੱਤਾ ਤੇ ਉਨ੍ਹਾਂ 'ਖਾਲਸਾ' ਪ੍ਰਗਟ ਕਰ ਦਿੱਤਾ।[9] ਕੁਇਰ ਸਿੰਘ ਲਿਖਦਾ ਹੈ ਕਿ 'ਸੰਗਤ' ਨੂੰ 'ਸੋਧਣ' ਲਈ ਗੁਰੂ ਜੀ ਨੇ ਸਤਲੁਜ ਦੇ ਕੰਢੇ 'ਤੇ ਅਦਭੁਤ ਕੌਤਕ ਵਰਤਾਅ ਦਿੱਤਾ।[10] ਚਾਰ ਤੰਬੂ ਲਗਵਾ ਕੇ ਵਿਚ ਪੰਜ ਬਕਰੇ ਬੰਨਵਾ ਦਿੱਤੇ ਗਏ ਤੇ ਭਰੇ ਦੀਵਾਨ ਵਿਚ ਗੁਰੂ ਸਾਹਿਬ ਨੇ ਕਿਹਾ :

ਸਨਮੁਖ ਪੂਰ ਸਿਖ ਹੈ ਕੋਈ।
ਸੀਸ ਭੇਟ ਗੁਰ ਦੇਵੇ ਜੋਈ।[11]

ਕੁਇਰ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਤਿੰਨ ਵੇਰ ਆਪਣੇ ਬਚਨ ਨੂੰ ਦੁਹਰਾਇਆ ਤੇ ਇਸ ਤਰ੍ਹਾਂ ਇਕ ਸਿੱਖ ਗੁਰੂ ਸਨਮੁਖ ਉਠਿਆ ਤੇ ਗੁਰੂ ਜੀ ਉਸਨੂੰ ਤੰਬੂ ਵਿਚ ਲੈ ਗਏ। ਤੰਬੂ ਵਿਚੋਂ ਖ਼ੂਨ ਦੇ ਪ੍ਰਵਾਹ ਵੇਖ ਕੇ ਕਈਆਂ ਦੇ ਹੌਂਸਲੇ ਡੋਲ ਗਏ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੰਜ ਵਾਰ ਕੀਤਾ ਤੇ ਸਾਰੇ ਪੰਡਾਲ ਵਿਚ ਹਾ-ਹਾ-ਕਾਰ ਮਚ ਗਈ।[12] ਕੁਇਰ ਸਿੰਘ ਲਿਖਦਾ ਹੈ ਕਿ ਵੱਡੇ ਛੋਟੇ ਸਾਰੇ ਹੀ ਗੁਰੂ ਦੀ ਨਿੰਦਾ ਕਰਨ ਲੱਗ ਪਏ, 'ਪੰਥ' ਜਾਂ ਗੁਰੂ ਦੇ ਸੂਖਮ ਭੇਦ ਨੂੰ ਕਿਸੇ ਨਾ ਜਾਨਿਆ।[13] ਸੁਖਾ ਸਿੰਘ ਵੀ ਲਗਪਗ ਉਪਰੋਕਤ ਵੇਰਵੇ ਹੀ ਦਿੰਦਾ ਹੈ।[14]

ਕੁਇਰ ਸਿੰਘ ਅੱਗੇ ਦਸਦਾ ਹੈ ਕਿ ਉਪਰੋਕਤ 'ਕੌਤਕ' ਤੋਂ ਬਾਅਦ ਪੰਜੇ ਸਿੱਖ ਤੰਬੂ ਤੋਂ ਬਾਹਰ ਆ ਗਏ ਤੇ ਸਤਲੁਜ ਤੋਂ ਜਲ ਮੰਗਵਾ ਕੇ ਲੋਹ-ਪਾਤ੍ਰ (ਸਰਬਲੋਹ ਦ ਬਾਟ) ਵਿਚ ਪਾਇਆ ਗਿਆ।[15] 'ਮਾਤਾ' ਨੇ ਆਣ ਕੇ ਜਲ ਵਿਚ ਪਤਾਸੇ ਪਾਏ।[16] ਕੁਇਰ ਸਿੰਘ ਜਾਂ ਸੁਖਾ ਭਾਵੇਂ 'ਮਾਤਾ' ਦਾ ਨਾਂ ਨਹੀਂ ਦਿੰਦੇ, ਪਰੰਤੂ ਕੁਇਰ ਸਿੰਘ 'ਮਹਲ' ਸ਼ਬਦ-ਸੰਕੇਤ ਨਾਲ ਇਸ ਨੂੰ ਗੁਰ-ਪਤਨੀ ਵੱਲ ਸੰਕੇਤ ਕਰ ਦਿੰਦਾ ਹੈ।[17] ਸਿੱਖ ਇਤਿਹਾਸ ਦੇ ਹੋਰ ਗੁਰਮੁਖੀ ਸੋਮੇ ਵੀ ਨਾਂ ਦੀ ਸਪਸ਼ਟਤਾ ਨਹੀਂ ਦਸਦੇ। ਮਹਿਮਾ ਪ੍ਰਕਾਸ਼ ਮਾਤਾ ਨਾਨਕੀ ਜੀ ਦਸਦਾ ਹੈ,[18] ਜੋ ਕਿ ਕਿਸੇ ਤਰ੍ਹਾਂ ਵੀ ਦਰੁਸਤ ਨਹੀਂ, ਬੰਸਾਵਲੀਨਾਮਾ ਦੀਵਾਨ ਧਰਮ ਚੰਦ ਪਾਸੋਂ ਪਤਾਸੇ ਪੁਆਉਣ ਦਾ ਜ਼ਿਕਰ ਕਰਦਾ ਹੈ,[19] ਸੂਰਜ ਪ੍ਰਕਾਸ਼ ਨੇ ਮਾਤਾ ਜੀਤੋ ਜੀ ਦਾ ਨਾਂ ਲਿਖਿਆ ਹੈ,[20] ਪਰੰਤੂ ਸਿੱਖ-ਪਰੰਪਰਾ ਵਿਚ ਮਾਤਾ ਸਾਹਿਬ ਕੌਰ ਖਾਲਸੇ ਦੀ ਮਾਤਾ ਹੈ ਤੇ ਇਸੇ ਦਾ ਪਤਾਸੇ ਪਾਉਣਾ ਜ਼ਿਆਦਾ ਤਰਕ ਸੰਗਤ ਜਾਪਦਾ ਹੈ, ਗੁਰੂ ਕੀਆਂ ਸਾਖੀਆਂ ਤੇ ਵੀ ਅਜਿਹਾ ਇਸ਼ਾਰਾ ਕੀਤਾ ਹੈ।[21]

ਕੁਇਰ ਸਿੰਘ ਸੁਖਾ ਸਿੰਘ ਜਾਂ ਸੈਨਾਪਤਿ ਨੇ ਪੜ੍ਹੀਆਂ ਗਈਆਂ ਬਾਣੀਆਂ ਦਾ ਕੋਈ ਜ਼ਿਕਰ ਨਹੀਂ ਕੀਤਾ। ਕੁਇਰ ਸਿੰਘ ਨੇ 'ਮੰਤ੍ਰਨ' ਸ਼ਬਦ ਲਿਖ ਕੇ ਬਾਣੀ ਪੜ੍ਹਨ ਦਾ ਜਿਕਰ ਤਾਂ ਕੀਤਾ ਹੈ, ਪਰ ਬਾਣੀਆਂ

ਦਾ ਨਾਂ ਨਹੀਂ ਦਿੱਤਾ।[22] ਸੁਖਾ ਸਿੰਘ ਵੀ ਪਿੱਛੋਂ ਆ ਕੇ 'ਮੰਤਰ ਪੜ੍ਹਨ' ਦਾ ਇਸ਼ਾਰਾ ਕਰਦਾ ਹੈ,[23] ਜਿਸ ਦਾ ਤਲੁਕਾਤ ਮੂਲ ਮੰਤ੍ਰ ਨਾਲ ਹੈ, ਕਿਉਂਕਿ ਅੰਮ੍ਰਿਤ ਅਭਿਲਾਖੀਆ ਨੂੰ ਮੂਲ-ਮੰਤਰ ਪੜ੍ਹਨ/ਪੜ੍ਹਾਉਣ ਦਾ ਵਿਧਾਨ ਹੈ।[24] ਸੁਖਾ ਸਿੰਘ ਇਸ ਪ੍ਰਥਾਇ 'ਸਲੋਕ' ਸ਼ਬਦ ਵੀ ਵਰਤਦਾ ਹੈ।[25] ਸ੍ਰੀ ਗੁਰ ਕਥਾ ਦਾ ਰਚੇਤਾ ਭਾਈ ਜੀਵਨ ਸਿੰਘ (ਜੈਤਾ) 'ਅੰਮ੍ਰਿਤ ਬਿਧਿ' ਵਿਚ ਜਪੁ, ਜਾਪੁ, ਸਵੈਯੇ, ਚੌਪਾਈ ਤੇ ਅਨੰਦ ਸਾਹਿਬ ਨੂੰ ਸ਼ਾਮਿਲ ਕਰਦਾ ਹੈ[26] ਤੇ ਗੁਰੂ ਕੀਆਂ ਸਾਖੀਆਂ ਨੇ ਵੀ ਇਨ੍ਹਾਂ ਪੰਜਾਂ ਬਾਣੀਆਂ ਦਾ ਸਪਸ਼ਟ ਜ਼ਿਕਰ ਕੀਤਾ ਹੈ।[27] ਗੁਰੂ ਪੰਥ ਵਲੋਂ ਪ੍ਰਾਪਤ ਵਿਧਾਨ ਵੀ ਪੰਜ ਬਾਣੀਆਂ ਦਾ ਪਾਠ ਹੀ ਹੈ।[28] ਕੁਇਰ ਸਿੰਘ ਲਿਖਦਾ ਹੈ ਕਿ ਅੰਮ੍ਰਿਤ ਦੀ ਤਿਆਰੀ ਉਪਰੰਤ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਗਿਆ ਤੇ ਹਰੇਕ ਵਾਰ ਉਨ੍ਹਾਂ ਮੁੱਖੋਂ ਫਤਹਿ (ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥) ਬੁਲਵਾਈ ਗਈ।[29] ਭਾਈ 'ਚਉਪਾ ਸਿੰਘ ਆਪਣੇ ਰਹਿਤਨਾਮੇ ਵਿਚ ਪੰਜ ਚੁਲੇ ਅੰਮ੍ਰਿਤ ਦੇ ਨੇਤਰਾਂ ਵਿਚ ਪਾਉਣ, ਪੰਜ ਪਿਲਾਉਣ ਤੇ ਪੰਜ ਸੀਸ ਵਿਚ ਪਾਉਣ ਦਾ ਜ਼ਿਕਰ ਕਰਦਾ ਹੈ।[30] ਰਤਨ ਸਿੰਘ ਭੰਗੂ ਵੀ ਅਜਿਹਾ ਹੀ ਲਿਖਦਾ ਹੈ[31] ਤੇ ਸ਼ਹੀਦ ਬਿਲਾਸ[32] ਤੇ ਸੂਰਜ ਪ੍ਰਕਾਸ਼[33] ਵੀ ਲਗਪਗ ਅਜਿਹਾ ਵੇਰਵਾ ਹੀ ਦਿੰਦੇ ਹਨ।

ਖਾਲਸਾ ਸਾਜਨਾ ਮੌਕੇ ਸਾਜੇ ਗਏ ਪੰਜ ਪਿਆਰਿਆਂ ਦੇ ਨਾਂ ਤਥਾ ਪਿਛੋਕੜ ਬਾਰੇ ਵੀ ਕੁਇਰ ਸਿੰਘ-ਸੁਖਾ ਸਿੰਘ ਨੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਕੁਇਰ ਸਿੰਘ ਲਿਖਦਾ ਹੈ ਕਿ ਭਾਈ ਦਯਾ ਸਿੰਘ ਲਾਹੌਰ ਵਾਸੀ ਸੀ, ਜਿਹੜਾ ਸੋਫਤੀ ਖਤ੍ਰੀ ਸੀ, ਦੂਸਰਾ ਭਾਈ ਮੁਹਕਮ (ਨਿਸ਼ਚਲ) ਸਿੰਘ ਛੀਬੇ ਜਾਤ ਵਿਚੋਂ ਦੁਆਰਕਾ ਵਾਸੀ ਸੀ, ਧਰਮ ਸਿੰਘ ਹਸਤੇਨਾਪੁਰ ਦਾ ਜਾਟ ਤੇ ਸਾਹਿਬ ਸਿੰਘ ਬਿਦਰ ਦਾ ਨਾਈ ਜਾਤ ਵਿਚੋਂ ਸੀ। ਪੰਜਵਾਂ ਪਿਆਰਾ ਭਾਈ ਹਿੰਮਤ ਸਿੰਘ ਝੀਵਰ ਜਾਤ ਦਾ ਜਗਨਨਾਥਪੁਰੀ ਤੋਂ ਸੀ[34] ਸੁਖਾ ਸਿੰਘ ਦਾ ਵੇਰਵਾ ਇੰਨ-ਬਿੰਨ ਇਹੀ ਹੈ[35] ਪੰਜ ਪਿਆਰਿਆਂ ਸੰਬੰਧੀ ਪਿਛਲੀਆਂ ਹੋਰ ਲਿਖਤਾਂ ਵਿਚ ਨਾਵਾਂ ਨੂੰ ਛੱਡ ਕੇ ਇਲਾਕੇ/ਜਾਤ ਆਦਿ ਬਾਬਤ ਥੋੜ੍ਹਾ ਭਿੰਨਤਾ ਪਾਈ ਜਾਂਦੀ ਹੈ।[36] ਵਿਚਾਰਧੀਨ ਰਚਨਾਵਾਂ ਪੰਜਾਂ ਪਿਆਰਿਆਂ ਨੂੰ ਭਗਤਾਂ ਦੇ ਅਵਤਾਰ ਕਲਪ ਕੇ ਇਨ੍ਹਾਂ ਦੀ ਜਿੱਥੇ ਵਡਿਆਈ ਕਰਦੀਆਂ ਹਨ, ਉਥੇ ਪੌਰਾਣਿਕ ਰੰਗਣ ਵੀ ਦੇ ਦਿੰਦੀਆਂ ਹਨ।[37]

ਨਵੇਂ ਸਾਜੇ ਖਾਲਸੇ ਦੀ ਰਹਿਤ ਤੇ ਆਮ ਲੋਕਾਂ ਸਮੇਤ ਸਥਾਪਿਤ ਧਿਰਾਂ ਦੇ ਇਸ ਪ੍ਰਤੀ ਪ੍ਰਤੀਕਰਮ ਨੂੰ ਵਿਚਾਰਧੀਨ ਰਚਨਾਵਾਂ ਵਿਚੋਂ ਸ੍ਰੀ ਗੁਰ ਸੋਭਾ ਨੇ ਵਿਸਤਾਰ ਸਹਿਤ ਚਿਤਰਿਆ ਹੈ। ਗੁਰ ਸੋਭਾ ਦਸਦਾ ਹੈ ਕਿ ਖਾਲਸਾ ਸਾਜਣ ਨਾਲ ਮਸੰਦਾਂ ਦਾ ਪੂਰੀ ਤਰ੍ਹਾਂ ਤਿਆਗ ਕਰ ਦਿੱਤਾ ਗਿਆ ਤੇ 'ਸਤ ਸੰਗਤਿ' ਦਾ 'ਖਾਲਸਾ' ਬਣ ਕੇ ਗੁਰੂ ਨਾਲ ਸਿੱਧਾ ਸੰਪਰਕ ਪੈਦਾ ਹੋ ਗਿਆ[38] ਇਸ ਪ੍ਰਸੰਗ ਵਿਚ ਹੀ ਖਾਲਸੇ ਦੇ ਸ਼ਬਦੀ ਅਰਥ ਲਾਏ ਜਾਂਦੇ ਹਨ, ਜਿਸ ਦਾ ਭਾਵ ਹੈ ਜੋ ਸਿੱਧਾ ਵਾਹਿਗੁਰੂ ਦਾ ਹੋ ਗਿਆ।[39]

ਸ੍ਰੀ ਗੁਰ ਸੋਭਾ ਵਿਸਤਾਰ ਨਾਲ ਦਸਦਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਹਟਾ ਕੇ ਲੋਕਾਂ ਦੇ ਸਾਰੇ ਜੰਜ਼ਾਲ (ਜਾਤ-ਪਾਤ, ਊਚ-ਨੀਚ, ਸੁਚ-ਭਿੱਟ ਆਦਿ) ਲਾਹ ਕੇ ਖਾਲਸਾ 'ਪ੍ਰਗਟ' ਕਰ ਦਿੱਤਾ।[40] ਇਥੇ ਧਿਆਨ ਦੇਣ ਵਾਲਾ ਤੱਥ ਹੈ ਕਿ ਸ੍ਰੀ ਗੁਰ ਸੋਭਾ 'ਖਾਲਸੇ' ਨੂੰ ਪਹਿਲਾਂ ਆ ਰਹੀ 'ਸੰਗਤ' ਦਾ ਬਦਲ ਜਾਂ ਨਿਰੰਤਰ ਰੂਪ ਹੀ ਸਮਝਦਾ ਹੈ, ਵੱਖਰਾ ਨਹੀਂ, ਦੂਜੇ ਸ਼ਬਦਾਂ ਵਿਚ 'ਸੰਗਤ' ਹੀ 'ਖਾਲਸਾ' ਬਣ ਗਈ।[41] ਹੋਰ ਸਮਕਾਲੀ ਹਵਾਲੇ ਵੀ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹਨ।[42]

ਖਾਲਸੇ ਦੀ ਰਹਿਤ ਸਬੰਧੀ ਵਿਚਾਰਾਧੀਨ ਰਚਨਾਵਾਂ ਨੇ ਰਹਿਤ ਵਿਚ ਜਿੱਥੇ ਅਕਾਲ ਪੁਰਖ ਦੇ ਧਿਆਨ ਜਾਂ ਸਿਮਰਨ ਅਤੇ ਗੁਰਬਾਣੀ ਦੇ ਲੜ ਲੱਗਣਾ ਜ਼ਰੂਰੀ ਦੱਸਿਆ ਹੈ, ਉਥੇ ਤਮਾਕੂ, ਭਦਣ ਆਦਿ ਤੋਂ ਬਿਨਾ ਮੀਣੇ-ਮਸੰਦਾਂ-ਧੀਰਮਲੀਆਂ ਤੇ ਸਿਰਗੁੰਮਾਂ ਤੋਂ ਦੂਰ ਰਹਿਣ ਦੀ ਕੁਰਹਿਤ ਉਤੇ ਵਾਰ-ਵਾਰ ਲਿਖਿਆ ਹੈ।[43]

ਸ੍ਰੀ ਗੁਰ ਸੋਭਾ ਸੰਗਤਾਂ ਵਿਚੋਂ ਸਜੇ ਖਾਲਸੇ ਪ੍ਰਤੀ ਆਮ ਲੋਕਾਂ ਤੇ ਵਿਰੋਧੀਆਂ ਦੇ ਪ੍ਰਤੀਕਰਮ ਸੰਬੰਧੀ ਦਸਦਾ ਹੋਇਆ ਲਿਖਦਾ ਹੈ, ਕਿ ਜਦੋਂ ਅੰਮ੍ਰਿਤ ਛਕਣ ਵਾਲਿਆਂ ਨੇ ਆਪਣੇ-ਆਪਣੇ ਇਲਾਕਿਆਂ ਵਿਚ ਜਾ ਕੇ ਗੁਰ ਹੁਕਮਾਂ ਨੂੰ ਪ੍ਰਚਾਰਿਆ ਤਾਂ ਇਸ ਗੱਲ ਦਾ ਰੂੜੀਵਾਦੀ ਲੋਕਾਂ ਨੇ ਵਿਰੋਧ ਕੀਤਾ।[44] ਵਿਰੋਧੀ ਧਿਰਾਂ ਨੂੰ ਇਹ ਮੁੱਖ ਸ਼ਿਕਾਇਤ ਸੀ ਕਿ ਇਹ ਲੋਕ (ਖਾਲਸੇ) ਨਵੀਂ ਰੀਤ ਹੀ ਤੋਰੀ ਫਿਰਦੇ ਹਨ ਤੇ ਸਨਾਤਨੀ ਰੀਤਾਂ ਦੀ ਪ੍ਰਵਾਹ ਨਹੀਂ ਕਰਦੇ।[45] ਅਜਿਹੇ ਵਿਰੋਧੀਆਂ ਵਿਚ ਪੰਡਿਤ ਤੇ ਕਸ਼ਤਰੀ ਲੋਕ ਵਿਸ਼ੇਸ਼ ਸਨ ਤੇ ਕੁਝ ਲੋਕ ਦੇਖਾ-ਦੇਖੀ ਨਾਲ ਲੱਗ ਤੁਰੇ।[46] ਸਥਾਨਿਕ ਹਾਕਮਾਂ ਤੱਕ ਸ਼ਿਕਾਇਤਾਂ ਵੀ ਪਹੁੰਚਾਈਆਂ ਗਈਆਂ

ਤੇ ਸਮਾਜਿਕ ਬਾਈਕਾਟ ਵੀ ਕਰੇ ਗਏ, ਅਜਿਹੇ ਮੁਆਮਲੇ ਦੀ ਇਕ ਖ਼ੂਬਸੂਰਤ ਉਦਾਹਰਣ ਸ੍ਰੀ ਗੁਰ ਸੋਭਾ ਨੇ ਦਿੱਲੀ ਦੇ ਨਵੇਂ ਸਜੇ ਖਾਲਸੇ ਦੇ ਸੰਬੰਧ ਵਿਚ ਵਿਸਤਾਰ ਨਾਲ ਦਿੱਤੀ ਹੈ।[47]

ਕੁਇਰ ਸਿੰਘ ਲਿਖਦਾ ਹੈ ਕਿ ਸਭ ਜਾਤਾਂ ਦੇ ਮਨੁੱਖਾਂ ਨੂੰ ਅੰਮ੍ਰਿਤ ਦਾ ਬਾਣਾ ਛਕਾਇਆ ਗਿਆ। ਵੈਸ਼ , ਸ਼ੂਦਰ, ਜੱਟ ਸਾਰੇ ਪੰਥ ਵਿਚ ਆ ਗਏ ਤੇ ਗੁਰੂ ਨੇ ਪਾਤਸ਼ਾਹੀ ਦੇ ਦਿੱਤੀ।[48] ਕਰਤਾ ਲਿਖਦਾ ਹੈ ਕਿ 'ਮੂੜ ਲੋਕ' ਇਹ 'ਅਰਲ ਬਰਲ' ਕਰਦੇ ਫਿਰਦੇ ਹਨ ਕਿ ਗੁਰੂ ਨੇ ਚਾਰੇ ਵਰਨਾਂ ਨੂੰ ਇਕ ਕਰਨੇ 'ਆਦਿ ਰੀਤ' ਕਿਉਂ ਵਿਸਾਰ ਦਿੱਤੀ।[49] ਕਰਤਾ ਸਪਸ਼ਟ ਕਰਦਾ ਹੈ ਕਿ 'ਪੰਥ' ਕੋਈ ਸ਼ੋਭਾ ਖ਼ਾਤਰ ਨਹੀਂ ਬਣਾਇਆ ਗਿਆ, ਸਗੋਂ 'ਗਰੀਬ ਸਿਖਨ' ਨੂੰ ਅਣਖ ਨਾਲ ਜਿਊਂਣ ਮਰਨ ਲਈ ਬਣਾਇਆ ਹੈ।[50] ਪਹਾੜੀ ਰਾਜੇ (ਹਿੰਦੂ-ਰਾਜਪੂਤ) ਇਸੇ ਕਰਕੇ ਹੀ ਪੰਥ ਵਿਚ ਸ਼ਾਮਿਲ ਨਹੀਂ ਹੋਏ ਕਿ ਇੱਥੇ ਤਾਂ ਸਾਰੇ 'ਸ਼ੂਦਰ' ਹੀ ਕੱਠੇ ਕਰ ਦਿੱਤੇ ਗਏ ਹਨ ਤੇ ਇਹ ਤਾਂ ਸਾਡਾ 'ਰਾਜ' ਖੋਹ ਲੈਣਗੇ।[51] ਖਾਲਸਾ ਸਾਜਨਾ ਦੀ ਤਿਥਿ ਦੇ ਸੰਬੰਧ ਵਿਚ ਵਿਚਾਰਾਧੀਨ ਰਚਨਾਵਾਂ 'ਵੈਸਾਖ' ਮਹੀਨੇ ਦਾ ਜ਼ਿਕਰ ਤਾਂ ਕਰਦੀਆਂ ਹਨ, ਪਰੰਤੂ ਤਿਥਿ ਨਹੀਂ ਦਸਦੀਆਂ।[52] ਕੁਇਰ ਸਿੰਘ ਵਲੋਂ 1746 ਬਿ. ਦਾ ਕੀਤਾ ਇਸ਼ਾਰਾ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ।[53] ਬੰਸਾਵਲੀਨਾਮਾ 1754 ਬਿ. (1697ਈ.) ਦਸਦਾ ਹੈ।[54] ਸ਼ਹੀਦ ਬਿਲਾਸ[55] ਤੇ ਰਤਨ ਸਿੰਘ ਭੰਗੂ[56] 1752 ਬਿ. (1695 ਈ.) ਦਸਦੇ ਹਨ। ਕੁਝ ਰਹਿਤਨਾਮੇ ਵੀ ਅਜਿਹਾ ਹੀ ਇਸ਼ਾਰਾ ਕਰਦੇ ਹਨ।[57] ਭਾਈ ਸੰਤੋਖ ਸਿੰਘ[58] ਤੇ ਗਿਆਨੀ ਗਿਆਨ ਸਿੰਘ[59] 1756 ਬਿ. (1699 ਈ.) ਦਸਦੇ ਹਨ। ਗੁਰੂ ਕੀਆਂ ਸਾਖੀਆਂ 1755 ਬਿ. (1698 ਈ.) ਦਸਦੀ ਹੈ।[60] ਅਸਲ ਵਿਚ ਭਾਈ ਸੰਤੋਖ ਸਿੰਘ ਤੇ ਗਿ. ਗਿਆਨ ਸਿੰਘ ਦੁਆਰਾ ਦਿੱਤੀ ਮਿਤੀ ਹੀ ਸਹੀ ਹੈ, ਜਿਹੜੀ ਕਿ ਪਰੰਪਰਾ ਵਲੋਂ ਵੀ ਪ੍ਰਵਾਨਿਤ ਹੈ। ਕੁਝ ਗੁਰਪ੍ਰਣਾਲੀਆਂ ਵੀ ਇਸੇ ਤਿਥਿ ਦੀ ਪੁਸ਼ਟੀ ਕਰਦੀਆਂ ਹਨ।[61] ਗੁਰੂ ਕੀਆਂ ਸਾਖੀਆਂ ਦੁਆਰਾ ਦੱਸੀ ਗਈ ਤਿਥਿ 1755 (1698) ਵਿਚ ਅਸਲ ਵਿਚ, ਜਿਵੇਂ ਕਿ ਗੁਰ-ਪ੍ਰਣਾਲੀ ਦੇ ਇਕ ਕਰਤੇ ਨੇ ਇਸ਼ਾਰਾ ਦਿੱਤਾ ਹੈ,[62] ਇਸ ਦਿਨ ਵੈਸਾਖੀ ਨੂੰ ਨਵਾਂ ਸਾਲ (੧੭੫੬ ਬਿ.) ਸ਼ੁਰੂ ਹੋਇਆ ਸਮਝਣਾ ਚਾਹੀਦਾ ਹੈ। ਸ. ਪਾਲ ਸਿਘ ਪੁਰੇਵਾਲ ਨੇ ਇਸ ਮਸਲੇ ਉਤੇ ਵਿਸਤ੍ਰਿਤ ਚਰਚਾ ਕਰਕੇ 1699 ਈ. ਤਿਥਿ ਹੀ ਪ੍ਰਵਾਨੀ ਹੈ।[63] ਗੁਰੂ ਸਾਹਿਬ ਦੇ ਹੁਕਮਨਾਮੇ ਵੀ ਅਸਿਧੇ ਸੰਕੇਤ ਇਸੇ ਤਿਥਿ ਵੱਲ ਦਿੰਦੇ ਹਨ।[64] ਸੋ ਸਾਰ ਵਜੋਂ ਖਾਲਸਾ ਸਾਜਨਾ ਦਾ ਅਸਲ ਤਿਥਿ ਬੁੱਧਵਾਰ 30 ਮਾਰਚ, 1699 ਈ. ਹੀ ਹੈ ਤੇ ਆਧੁਨਿਕ ਵਿਦਵਾਨ ਇਸ ਨੂੰ ਪ੍ਰਵਾਨ ਕਰਦੇ ਹਨ।[65] ਖਾਲਸਾ ਸਾਜਨਾ ਦੇ ਸੰਬੰਧ ਵਿਚ ਇਕ ਵਿਸ਼ੇਸ਼ ਜ਼ਿਕਰਯੋਗ ਮਸਲਾ ਦੇਵੀ ਪੂਜਨ ਸੰਬੰਧੀ ਹੈ। ਕੁਇਰ ਸਿੰਘ ਤੇ ਸੁਖਾ ਸਿੰਘ ਨੇ ਇਸ ਮਿਥ ਨੂੰ ਅਧਿਕ ਵਿਸਤਾਰ ਦਿੱਤਾ ਹੈ, ਜਦਕਿ ਸਮਕਾਲੀ ਲਿਖਤ ਸ੍ਰੀ ਗੁਰ ਸੋਭਾ ਵਿਚ ਇਸ ਵਿਚਾਰ ਦਾ ਉਕਾ ਹੀ ਅਭਾਵ ਹੈ, ਬਚਿਤ੍ਰ ਨਾਟਕ ਵਿਚ ਵੀ ਅਜਿਹਾ ਕੁਝ ਨਹੀਂ।

ਉਪਰੋਕਤ ਮਸਲੇ ਦੇ ਸੰਬੰਧ ਵਿਚ ਜੇਕਰ ਸਿਧਾਂਤਿਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਦੇਵੀ ਪੂਜਨ' ਦੀ ਧਾਰਨਾ ਉਕਾ ਹੀ ਨਿਰਮੂਲ ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਅਜਿਹੇ ਅਨੇਕਾਂ ਹਵਾਲੇ ਪੇਸ਼ ਕੀਤੇ ਜਾ ਸਕਦੇ ਹਨ, ਜਿਨ੍ਹਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਵਿਚਾਰਧਾਰਾ ਵਿਚ ਦੇਵੀ ਦੇਵਤਿਆਂ ਦੀ ਕੋਈ ਹੋਂਦ ਤਥਾ ਮਾਨਤਾ ਨਹੀਂ।[66] ਖੁਦ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਵਿਚ ਇਸ ਸੰਬੰਧੀ ਸਾਨੂੰ ਪੂਰਨ ਸਪਸ਼ਟਤਾ ਬਖਸ਼ਦੇ ਹਨ।[67] ਭਾਈ ਗੁਰਦਾਸ[68] ਭਾਈ ਨੰਦ ਲਾਲ[69] ਤੇ ਸਮੁੱਚੀ ਪੰਥਕ ਰਾਇ[70] ਇਸ ਸੰਬੰਧੀ ਸਪਸ਼ਟ ਹੈ। ਇੱਥੋਂ ਤਕ ਕਿ ਵਿਚਾਰਾਧੀਨ ਰਚਨਾਵਾਂ ਵਿਚ ਵੀ ਦੇਵੀ ਦੇਵਤਿਆਂ ਦੀ ਮਾਣਤਾ ਰੱਦੀ ਗਈ ਹੈ ਤੇ ਇਕੋ ਅਕਾਲ ਪੁਰਖ ਉਤੇ ਟੇਕ ਰੱਖਣ ਦੇ ਉਪਦੇਸ਼ ਦਿੱਤੇ ਗਏ ਹਨ।[71] ਫਿਰ ਇਸ ਦੀਰਘ ਮਿਥ ਦਾ ਖਾਲਸਾ ਸਾਜਨਾ ਨਾਲ ਜੁੜਨ ਪਿਛੇ ਕੀ ਰਹਸ ਹੈ ? ਇਸ ਸੰਬੰਧੀ ਕੋਈ ਦੋ ਟੂਕ ਤੇ ਸਪਸ਼ਟ ਫੈਸਲਾ ਦੇਣਾ ਤਾਂ ਫ਼ਿਲਹਾਲ ਸਾਡੇ ਲਈ ਸੰਭਵ ਨਹੀਂ, ਪਰ ਜਾਪਦਾ ਹੈ ਕਿ ਜਾਂ ਤਾਂ ਇਹ ਪੁਜਾਰੀ-ਬਿਰਤੀਆਂ ਵਲੋਂ ਪਾਏ ਬਿਗਾੜਾਂ ਦਾ ਨਤੀਜਾ ਹੈ, ਕਿਉਂਕਿ ਯੁਗ ਗਰਦੀਆਂ ਨੇ ਬਹੁਤ ਸਾਰੀਆਂ ਅਸਲ ਕਾਪੀਆਂ ਨਸ਼ਟ ਕਰ ਦਿੱਤੀਆਂ ਹਨ।[72] ਜਿਵੇਂ ਕਿ ਪਹਿਲਾਂ ਵੀ ਇਹ ਵਿਚਾਰ ਦੁਹਰਾਇਆ ਜਾ ਚੁੱਕਾ ਹੈ ਕਿ ਕੋਈ ਵੀ ਰਚਨਾ, ਰਚਨਾਕਾਰ ਦੀ ਚੇਤਨਾ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦੀ ਤੇ ਸਮਕਾਲੀ ਵਾਤਾਵਰਣ ਤੋਂ ਅਭਿਜ ਰਹਿ ਕੇ ਕੋਈ ਵੀ ਰਚਨਾ (ਕਿਸੇ ਹੱਦ ਤੱਕ ਅਵਤਰਿਤ ਬਾਣੀ ਨੂੰ ਛੱਡ ਕੇ) ਰਚੀ ਨਹੀਂ ਜਾ ਸਕਦੀ, ਇਸ ਤਰ੍ਹਾਂ ਸੰਭਵ ਹੈ ਵਿਚਾਰਾਧੀਨ ਰਚਨਾਵਾਂ ਦੇ ਕਰਤੇ ਖੁਦ 'ਦੇਵੀ ਪੂਜਾ' ਵਿਚ ਆਸਥਾ ਰੱਖਦੇ ਹੋਣ ਤੇ ਇਸ ਦੀ ਪੁਸ਼ਟੀ ਲਈ ਉਨ੍ਹਾਂ ਇਹ ਵਿਚਾਰ ਗੁਰੂ

ਸਾਹਿਬ ਨਾਲ ਜੋੜ ਦਿੱਤਾ ਹੋਵੇ। ਇਸੇ ਤਰ੍ਹਾਂ ਖਾਲਸਾ ਸਾਜਣਾ ਦੇ ਸਮੇਂ ਪੂਰਾ 'ਬਾਈ ਧਾਰ' ਦੇਵੀ ਪੂਜਕ ਸੀ ਤੇ ਹੁਣ ਤਕ ਵੀ ਪਹਾੜੀਆਂ ਦੇ ਇਸ ਇਲਾਕੇ ਵਿਚ ਥਾਂ-ਥਾਂ ਮੂਰਤੀਆਂ ਵੇਖੀਆਂ ਜਾ ਸਕਦੀਆਂ ਹਨ ਵਿਚਾਰਾਧੀਨ ਰਚਨਾਵਾਂ ਦੇ ਕਰਤੇ ਲੋਕ-ਮਨ ਵਿਚ ਗੁਰੂ ਸਾਹਿਬ ਦਾ ਬਿੰਬ ਸਥਾਪਿਤ ਕਰਨ ਲਈ ਗੁਰੂ ਸਾਹਿਬ ਕੋਲੋਂ ਦੇਵੀ ਪੂਜਾ (ਲਿਖਤਾਂ ਰਾਹੀਂ) ਕਰਵਾਉਂਦੇ ਹੋਣ ?

ਦੇਵੀ ਪੂਜਾ ਦੇ ਸੰਬੰਧ ਵਿਚ ਸਭ ਤੋਂ ਯਥਾਰਤਿਕ ਜਾਪਦਾ ਵਿਚਾਰ ਇਹ ਹੈ ਕਿ ਸ਼ਾਇਦ ਗੁਰੂ ਸਾਹਿਬ ਨੇ ਲੋਕ-ਭਰਮ ਮਿਟਾਉਣ ਤੇ ਦੇਵੀ-ਸ਼ਕਤੀ ਦੇ ਮਿਥ ਨੂੰ ਲੋਕ-ਮਨਾਂ ਵਿਚੋਂ ਕੱਢਣ ਲਈ ਜ਼ਰੂਰ ਕੋਈ 'ਬਚਿਤ੍ਰ ਨਾਟਕ' ਕੀਤਾ ਹੋਵੇਗਾ। ਇਤਿਹਾਸਕ ਤੌਰ 'ਤੇ ਦੇਵੀ ਪੂਜਾ ਦਾ ਵਿਚਾਰ ਸਾਨੂੰ ਸਮਕਾਲੀ ਤਥਾ ਦਰਬਾਰੀ ਕਵੀ ਕੰਕਨ ਦੀ ਲਿਖਤ ਵਿਚ ਵੀ ਮਿਲਦਾ ਹੈ।[73] ਸੌ ਸਾਖੀ ਵਿਚੋਂ ਮਿਲਦੇ ਇਸ਼ਾਰੇ ਮੁਤਾਬਿਕ ਗੁਰੂ ਸਾਹਿਬ ਮਜ਼ਾਕੀਆ ਲਹਿਜ਼ੇ ਵਿਚ ਦੇਵੀ ਪੂਜਾ ਦੇ ਨਾਟਕ ਨੂੰ ਆਪਣੇ ਮੂੰਹੋਂ ਸੁਣਾਉਂਦੇ ਹਨ।[74] ਵਿਚਾਰਾਧੀਨ ਰਚਨਾਵਾਂ ਵੀ ਦੇਵੀ ਪੂਜਾ ਦੇ ਬਿਰਤਾਂਤ ਨੂੰ 'ਕੌਤਕ' ਜਾਂ 'ਚੋਜ' ਦੇ ਅਰਥਾਂ ਵਿਚ ਵਧੇਰੇ ਲੈਂਦੀਆਂ ਹਨ।[75] ਗੁਰੂ ਸਾਹਿਬ ਨੂੰ ਸਪਸ਼ਟ ਪਤਾ ਸੀ ਕਿ 'ਮਿਥ' ਦੇਵੀ ਤਾਂ ਇਕ ਮਨੌਤ ਹੈ, ਅਸਲ ਦੇਵੀ ਤਾਂ ਚੰਡੀ ਅਥਵਾ ਤਲਵਾਰ ਹੈ, ਜਿਸ ਨੇ ਦੁਸ਼ਟਾਂ ਦਾ ਨਾਸ਼ ਕਰਨਾ ਹੈ।[76] ਸੋ ਸਾਰ ਇਹ ਹੈ ਕਿ ਗੁਰੂ ਸਾਹਿਬ ਨੇ ਖਾਲਸਾ ਸਾਜ ਕੇ ਅਸਲ ਵਿਚ ਲੋਕਾਂ ਨੂੰ ਦੇਵੀ-ਦੇਵਤਿਆਂ ਦੇ ਭਰਮ ਜਾਲ ਤੋਂ ਮੁਕਤ ਕਰ ਦਿੱਤਾ ਤੇ ਉਨ੍ਹਾਂ ਨੂੰ ਇਕ ਅਕਾਲ ਦੇ ਲੜ ਲਾ ਦਿੱਤਾ।[77]

ਹਵਾਲੇ ਅਤੇ ਟਿੱਪਣੀਆਂ

1 ਜਿਵੇਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਸਾਹਿਬਜ਼ਾਦਿਆਂ ਜਾਂ 5-9 ਵੇਂ ਗੁਰੂ ਜੀ ਦੀ ਸ਼ਹਾਦਤ ਆਦਿ।

2 ਸੈਨਾ ਸਿੰਘ ਕਹੀ ਗੁਰ ਸੋਭਾ। ਸਤ੍ਰਹ ਸਤ ਅਵਸਠ ਨਿਜ ਓਭਾ।।
'ਬਾਵਾ ਸੁਮੇਰ ਸਿੰਘ, ਸ੍ਰੀ ਗੁਰਪਦ ਪ੍ਰੇਮ ਪ੍ਰਕਾਸ਼, (ਸੰਪਾ.) ਡਾ. ਅੱਛਰ ਸਿੰਘ ਕਾਹਲੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ - 2000 (ਉਤ੍ਰਾਰਧ) ਅਧਿ/ਸਾਖੀ/ਬੰਦ/ ਪੰਨਾ - ੪੨/੫੭/੫/੫੨੭

3 ਸੈਨਾਪਤਿ, ਸ੍ਰੀ ਗੁਰ ਸੋਭਾ (ਸੰਪਾ.) ਅਕਾਲੀ ਕੌਰ ਸਿੰਘ, ਅੰਮ੍ਰਿਤਸਰ -1925 ਸੈਨਾਪਤਿ, ਸ੍ਰੀ ਗੁਰ ਸੋਭਾ, (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ, ਸਿੱਖ ਇਤਿਹਾਸ ਰੀਸਰਚ ਬੋਰਡ (SGPC) ਅੰਮ੍ਰਿਤਸਰ - 1967, ਸੈਨਾਪਤਿ, ਗੁਰ ਸੋਭਾ (ਸੰਪਾ.) ਡਾ. ਜੈ ਭਗਵਾਨ ਗੋਇਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1986

4 ਅੱਠ ਦਸ ਸੰਮਤ ਪ੍ਰਥਮ ਬਰ, ਮਾਸ ਕੁਆਰ ਜੋ ਆਹਿ।
ਪੁਸਤਕ ਭਯੋ ਸੰਪੂਰਨ ਚੰਦ ਤਨੁਜ ਦਿਨ ਮਾਹਿ।। ੨੧/੨੧੫/੨੭
ਨੋਟ: ਕੁਝ ਵਿਦਵਾਨ ਇਸ ਸੰਮਤ ਨਾਲ ਸਹਿਮਤੀ ਵੀ ਨਹੀਂ ਰੱਖਦੇ, ਜਿਵੇਂ Surjit Hans, A Reconstruction of Sikh History from Sikh Literature, Jalandhar - 1988, 206
ਪਰ ਉਪਰੋਕਤ ਸੰਮਤ ਕਰਤਾ ਨੇ ਖੁਦ ਦਿੱਤਾ ਹੈ।

5 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, 209

6 ਸੰਮਤ ਸਹਸ ਪੁਰਾਨ ਕਹਤ ਤਬ। ਅਰਧ ਸਹਸ ਫੁਨ ਚਾਰ ਗਨਤ ਸਬ।
ਕੁਆਰਵਦੀ ਪੰਚਮ ਰਵਿਵਾਰ। ਗੁਰਬਿਲਾਸ ਲੀਨੋ ਅਵਤਾਰਾ। ੧/੪੭/੪

7. 1912 ਈ. ਵਿਚ ਇਹ ਲਾਲਾ ਰਾਮ ਚੰਦ ਮਾਨਕਵਾਲਾ ਲਾਹੌਰ ਤੋਂ ਪਥਰ ਛਾਪੇ ਵਿਚ ਛਪਿਆ ਸੀ। ਭਾਸ਼ਾ ਵਿਭਾਗ ਨੇ ਇਸ ਦਾ ਹਿੰਦੀ ਅਨੁਵਾਦ ਵੀ ਕਰਵਾਇਆ ਹੈ, ਵੇਖੋ : ਸੁਖਾ ਸਿੰਘ, ਗੁਰ ਬਿਲਾਸ, (ਸੰਪਾ.) ਜੈ ਭਗਵਾਨ, ਪਟਿਆਲਾ 1970

8 ਇਸ ਤਰ੍ਹਾਂ ਦੇ ਵਿਚਾਰਾਂ ਦੀ ਸ਼ੁਰੂਆਤ Dr. Mc leod ਦੇ ਵਿਚਾਰਾਂ ਨਾਲ ਹੁੰਦੀ ਹੈ, W.H.Mcleod, Who is a Sikh? The Problem of Sikh identity, clarendon press, oxford- 1989, Dr. Oberoi ਇਸ ਵਿਚ ਵਾਧਾ ਕਰਦੇ ਹਨ; Harjot Oberoi, The Construction of Religious Boundaries, cultrue, Identity and Diversity in the Sikh Tradition, Oxford University, Press, Delhi -1994 ਡਾ. ਦਲਜੀਤ ਸਿੰਘ ਦਾ ਵਿਚਾਰ ਬਿਲਕੁਲ ਉਲਟ ਤੇ ਦਰੁੱਸਤ ਹੈ : Daljeet Singh, 'The Sikh Identity', Essentials of Sikhism, Singh Brohters, Amritsar -1994 ; ਇਸ ਮਸਲੇ ਉਤੇ ਵਿਸਤ੍ਰਿਤ ਚਰਚਾ ਡਾ. ਗਰੇਵਾਲ ਨੇ ਕੀਤੀ ਹੈ, J.S. Grewal, Historical perspectives of Sikh Identity, Punjabi University Patiala. 1997

9. ਚੇਤ ਮਾਸ ਬੀਤਿਓਂ ਸਕਲ ਮੇਲਾ ਭਯੋ ਅਪਾਰ।
ਬੈਸਾਖੀ ਨੇ ਦਰਸ ਪੈ ਸਤਿਗੁਰ ਕੀਯੋ ਬਿਚਾਰ।।
੫/੧੧੮/੭੮, ਹੋਰ ੫/੧੨੦/੭੮

10 ੨/੫/੧੦੮

11 ੨/੧੦/੧੦੮

12 ੯/੧੧-੨੫/੧੦੯

13 ੯/੧੭/੧੦੯

14 ੧੨/੬-੨੨/੧੭੧-੭੨

15 ੮/੨੩੨-੪/੧੦੯-੧੦

16 ੯/੨੫/੧੧੦

17 ਉਹੀ

18 (ਭਾਗ ਦੂਜਾ), 'ਸਾਖੀਆ' ਪਾ- ੧੦' ਸਾਖੀ - ੧੮, ਬੰਦ-੪, ਪੰਨਾ ੮੨੬

19 ਚਰਣ/ਬੰਦ/ਪੰਨਾ : ੧੦/੩੨੧/੯੭

20 ਰੁਤ-੩, ਅੰਸੁ -੧੯, ਬੰਦ ੨੧-੨੪, ਜਿਲਦ ੧੨, ਪੰਨਾ- ੫੦੫੬

21 ਸਾਖੀ/ਪੰਨਾ ੫੯/੧੨੨ ਹੋਰ ਵੇਖੋ : 'ਭਾਈ ਚਉਪਾ ਸਿੰਘ ਦਾ ਰਹਿਤਨਾਮਾ' ਰਹਿਤਨਾਮੇ, ੯੪

22 ੯/੨੪/੧੧੦

23 ੧੨/੧੦੩/੧੭੯

24 ਸਿੱਖ ਰਹਿਤ ਮਰਯਾਦਾ, ੨੯

25 ੧੨/੪੨/੧੭੩

26 ਬੰਦ/ਪੰਨਾ ੧੧੩/੧੮-੯

27 ਸਾਖੀ/ਪੰਨਾ ੫੯/੧੨੨-੨੩

28 ਸਿੱਖ ਰਹਿਤ ਮਰਯਾਦਾ, ੨੯

29 ੯/੨੮/੧੧੦

30 ਰਹਿਤਨਾਮੇ, ੮੪

31 ਸਾਖੀ/ਬੰਦ/ਪੰਨਾ- ੧੬/੧੧/੨੫

32 ਬੰਦ/ਪੰਨਾ ੭੧/੬੭-੮

33 ਰੁਤ -੩, ਅੰਸੂ ੧੯, ਜਿਲਦ ੧੨, ਬੰਦ ੨੯, ਪੰਨਾ ੫੦੫੬

34 ੯/੨੯-੩੪/੧੧੦

35 ੧੨/ ੩-੯/੧੭੪

36 ਮਹਾਨ ਕੋਸ਼, ਗਿ ਠਾਕੁਰ ਸਿੰਘ ਰਚਿਤ, ਗੁਰਦੁਆਰੇ ਦਰਸ਼ਨ ਆਦਿ ਹੋਰ ਗ੍ਰੰਥਾਂ ਦੇ ਆਧਾਰ ਉਤੇ ਡਾ. ਗੰਡਾ ਸਿੰਘ ਜੀ (ਮਾਖੁਜਿ ਤਵਾਰੀਖੇ- ਸਿੱਖਾਂ, ਪੰਜਾਬੀ ਅਨੁ ੧੩੪-੩੫) ਭਾਈ ਦਇਆ ਸਿੰਘ ਜੀ ਨੂੰ ਖੱਤਰੀ (ਜਨਮ/ਦਿਹਾਂਤ 1718/1765 ਬਿ.), ਭਾਈ ਧਰਮ ਸਿੰਘ ਜੀ ਨੂੰ ਜੱਟ (1724/1761) ਭਾਈ ਸਾਹਿਬ ਸਿੰਘ ਜੀ ਨੂੰ ਨਾਈ (1722/1761) ਭਾਈ ਹਿੰਮਤ ਸਿੰਘ ਜੀ ਨੂੰ ਝੀਵਰ (1718/1761) ਤੇ ਭਾਈ ਮੋਹਕਮ ਸਿੰਘ ਜੀ ਨੂੰ ? (1733/1761) ਦੱਸਦੇ ਹਨ। ਹੋਰ ਵੇਖੋ : ਗੁਰ-ਪ੍ਰਣਾਲੀਆਂ ੯੮-੧੦੨

37 ਕੁ-੯/੩੦-੩੪/੧੧੦

38 ੫/੧੨੦-੨੩/੭੮

39 "the term khalsa is derived from the Arbic Khalsa (literally pure, unsuallied) and perso-Arabk Khalistan (literally pure, office of revenue department, lands directly under government management), is used collectively for community of the baptised Sikhs. The term khalistan was used during the muslim rule in India for crown lands administered directly by the king without the mediation of jagirdars or mansabdars.. the term khalsa, how ever acquired a specific connotation after Guru Gobind Singh introduced, on March 30, 1699, due new from of initiatony rite

khande di pahul (rites by khanda or double edged sword) Sikhs so initiated on that Baisakhi day were collectively designated as Khalsa-khalsa who belonged to vaheguru, the supreme Lord."

Dr. Ganda Singh, Khalsa, The Encyclopaedia of Sikhism (Vol. II), 473-74

40 ੫/੧੨੦/੭੮

41 ੫/੧੨੧/੭੮ : ਸੁ - ੧੨/੧੩੯/੧੮੧

42 ਗੁਰਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥
ਭਾਈ ਗੁਰਦਾਸ ਸਿੰਘ ਵਾਰ - ੪੧/ਬੰਦ-੧, ਵਾਰਾ ਭਾਈ ਗੁਰਦਾਸ SGPC 1964

43 ਗੁਸੋ ੫/੧੩੫ ; ੧੩੭; ੧੪੬, ੧੫੨, ੧੮੯/੧੮-੮੭; ਕੁ - ੯/੩੫; ੪੪/੧੧੧; ਸੁ -੧੨ /੪੭-੮ ; ੫੦/੧੭੪ ਆਦਿ

44 ੭/੨੬੯-੭੦/੯੮

45 ੭/੨੮੨/੯੯

46 ਉਹੀ

47 ੭/੨੬੪-੨੯੦/੯੭-੧੦੦

48 ੯/੫੬/੧੧੨

49 ੯/੧੦੫-੦੬/੧੧੭

50 ੯/੯੬/੧੧੦

51 ਕੁ-੯ /੧੧੭/੧੧੮

52 ਗੁਸੋ ੫/੧੧੮/੭੮; ਕੁ-੯/੮/੧੦੮; ਸੁ-੧੨/੮/੧੭੧

53 ੮/੮੭/੧੧੫

54 ੧੦/੩੧੯/੯੭

55 ੬੯/੬੭

56 ੧੫/੩੮/੩੩

57 'ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ' ; ਰਹਿਤਨਾਮੇ , ੩੭

58 ਸੂਰਜ ਪ੍ਰਕਾਸ਼, ਜਿ. ੧੨, ਪੰਨਾ ੪੯੮੯ ਤੋਂ ਅੱਗੇ

59 ਸ੍ਰੀ ਗੁਰੂ ਪੰਥ ਪ੍ਰਕਾਸ਼ (ਭਾਗ-ਤੀਜਾ) ਧੂਰਬਾਰਧ, ਬਿਸ੍ਰਾਮ ੬੧, ਬੰਦ ੫੬, ਪੰਨਾ ੧੫੭੩

60 ੫੮/੧੨੦

61 ਗੁਰ-ਪ੍ਰਬਲੀਆਂ, ੧੧੮, ੧੬੦

62 ਉਹੀ, ੧੬੧; ਨੋਟ : ਪ੍ਰੇਮ ਸੁਮਾਰਗ ਦੇ ਇਸ਼ਾਰੇ ਅਨੁਸਾਰ ੧੭੫੫ ਬਿ. ਵਿਚ ਤਾਂ ਲੋਕਾਂ ਨੂੰ ਪੰਥ ਵਿਚ ਆਉਣ ਲਈ ਪ੍ਰੇਰਨਾ ਕੀਤੀ ਗਈ ਹੈ। ਵੇਖੋ : (ਸੰਪਾ) ਭਾਈ ਰਣਧੀਰ ਸਿੰਘ, ਪ੍ਰਥਮ ਧਿਆਉ ਪੰਨਾ ੨

63 Bhai Swaroop Singh Kaushish's Guru kian Saakhian, 27-8

64 ਵੇਖੋ: ਵੈਸਾਖੀ ਤੋਂ ਪਹਿਲਾਂ ਮੰਗਵਾਏ ਗਏ ਹਥਿਆਰਾਂ ਆਦਿ ਬਾਬਤ ਸੰਕੇਤ ਹੁਕਮ ਨਾਮੇ ੧੫੩, ੧੫੯ ਆਦਿ

65 ਗੰਡਾ ਸਿੰਘ ਤੇਜਾ ਸਿੰਘ, ਸਿੱਖ ਇਤਿਹਾਸ ੭੦ ; Surjit Singh Gandhi, Emergence of the Khalsa' History of The Sikhs of Their Religion, 280

66 ਦੇਵੀਆ ਨਹੀਂ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ।
ਗੁਰੂ ਗ੍ਰੰਥ ਸਾਹਿਬ, ੮੯੪
ਦੁਗਰਾ ਕੋਟਿ ਜਾ ਕੈ ਮਰਦਨੁ ਕਰੈ॥ ਉਹੀ, ੧੧੬੨
ਭਰਮੇ ਸੁਰਿਨਰ ਦੇਵੀ ਦੇਵਾ॥ ਉਹੀ, ੨੫੯
ਦੇਵੀ ਦੇਵਾ ਮੂਲੁ ਹੈ ਮਾਇਆ॥ ਉਹੀ, ੧੨੯
ਮਾਇਆ ਮੋਹੇ ਦੇਵੀ ਸਭਿ ਦੇਵਾ॥ ਉਹੀ, ੨੨੭

66 ਤੈਹੀ ਦੁਰਗਾ ਸਾਜਿਕੈ ਦੈਤਾ ਕਾ ਨਾਮ ਕਰਾਇਆ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥

ਨੋਟ : ਵਿਸਤਾਰ ਲਈ ਵੇਖੋ : ਖਾਲਸਾ ਸਾਜਣ ਸਮੇਂ ਦਸਮੇਸ਼ ਜੀ ਦਾ ਐਲਾਨ (ਮੂਲ ਫਾਰਸੀ ਤੋਂ ਪੰਜਾਬੀ) ਅੰਮ੍ਰਿਤਸਰ -1999

'Ghulam Muhai-ul Din's letter', Macaliffe, *The Sikh Religion*, (Vol. V), 93

68 ਵਾਰ/ਪਉੜੀ : ੧੫/੧੫

69 ਬ੍ਰਹਮਨ ਮੁਸ਼ਤਾਕਿ ਬੁਤ ਜ਼ਾਹਿਦ ਫ਼ਿਦਾਇ ਖ਼ਾਨਕਾਹ
ਹਰ ਕੁਜਾ ਜਾਮਿ ਮੁਹਬਤ ਦੀ ਦਾਅਮ ਸਰਸਾਰ ਹਸਤ।
ਬ੍ਰਹਿਮਣ ਆਪਣੀ ਮੂਰਤੀ ਦਾ ਸ਼ਰਧਾਲੂ ਹੈ ਅਤੇ ਮੋਮਨ ਖ਼ਾਨਕਾਹ ਦਾ।
ਮੈਂ ਜਿੱਥੇ ਵੀ ਪ੍ਰੇਮ ਪਿਆਲਾ ਡਿਠਾ ਹੈ, ਮਸਤ ਹੋ ਗਿਆ ਹਾਂ।
'ਗਜ਼ਲ -੬' ਭਾਈ ਨੰਦ ਲਾਲ ਗ੍ਰੰਥਾਵਲੀ, ੫
ਹਜ਼ਾਰ ਈਸਰੋ ਇੰਦਰ ... ਧਰੂ ਬਿਸ਼ਨ ... ਰਾਮ ਕਾਨ ਕਿਸ਼ਨ ...
ਦੇਵੀ .... ਗੋਰਖ ਹਜ਼ਾਰ।
ਕਿ ਪੇਸ਼ਿ ਕਦਮ ਰਾਇ ਉ ਜਾ ਸਿਪਾਰ॥
ਹਜ਼ਾਰਾ ਈਸ਼ਰ, ਇੰਦਰ, ਧਰੂ, ਵਿਸ਼ਨੂ, ਧ੍ਰੂ, ਕ੍ਰਿਸ਼ਨ , ਰਾਮ, ਦੇਵੀਆਂ ਗੋਰਖ... ਗੁਰੂ ਨਾਨਕ ਦੇ ਕਦਮਾਂ ਤੋਂ ਜਾਨ ਵਾਰਦੇ ਹਨ।
'ਜੋਤਿ ਬਿਗਾਸ' ੧੨-੧੪, ਉਹੀ, ੧੬੨-੬੩

70 ਸਿੱਖ ਰਹਿਤ ਮਰਯਾਦਾ, 'ਗੁਰਮਤਿ ਦੀ ਰਹਿਣੀ', ੧੯

71 ਗੁਸੋ ੧੨/੫੩੮/੧੩੧ ; ਦੇਵੀ ਦੇਵ ਕੋਟ ਬਰ ਬਾਹੀ। ਪਦ ਪੰਕਜ ਗੁਰ ਕੇ ਸਮ ਨਾਹੀ॥
ਕੁ - ੮/੫੬/੧੧੬

72 ਮਹਾਂ ਕਵੀ ਸੰਤੋਖ ਸਿੰਘ (ਸੂਰਜ ਪ੍ਰਕਾਸ਼, ਬਿ. ੧੩, ਪੰਨਾ -੫੭੨੫) ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਦਾ ਕਿਲ੍ਹਾ ਛੱਡਣ ਸਮੇਂ ੯ ਮਣ ਭਾਰੇ ਗ੍ਰੰਥ ਸਰਸਾ ਦੀ ਭੇਟ ਹੋ ਗਏ ਸਨ। ਸ. ਰਤਨ ਸਿੰਘ ਭੰਗੂ (ਸ੍ਰੀ ਗੁਰ ਪੰਥ ਪ੍ਰਕਾਸ਼, ੧੨੫/੫-੬/ ੩੦੩) ਅਨੁਸਾਰ 18 ਵੀਂ ਸਦੀ ਵਿਚ ਲਖਪਤ ਰਾਏ ਨੇ ਗੁਰਮੁਖੀ ਗ੍ਰੰਥ ਭਾਲ ਭਾਲ ਨਸ਼ਟ ਕੀਤੇ । ਹੜ੍ਹ, ਮੀਂਹ, ਵਿਦੇਸ਼ੀ ਹਮਲਿਆਂ ਤੋਂ ਇਲਾਵਾ 47, 84 ਵਿਚ ਮਣਾਂ-ਮੂੰਹੀ ਸਿੱਖ ਸਾਹਿਤ ਨਸ਼ਟ ਹੋਇਆ।

73 ਕਵੀ ਕੰਕਣ ਦਸ਼ਮੇਸ਼ ਦਰਬਾਰ ਦਾ ਕਵੀ ਸੀ, ਜਿਸ ਨੇ ਅਨੰਦਪੁਰੋਂ, ਲਾਹੌਰ ਆ ਕੇ ਲਗਪਗ 1706-07 ਈ. ਵਿਚ ਦਸ ਗੁਰ ਕਥਾ ਲਿਖੀ। ਕੁਝ ਵਿਦਵਾਨ (ਜਿਵੇਂ ਪ੍ਰੋ. ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਰਤਨ, 55) ਇਸ ਕਵੀ ਨੂੰ ਗੁਰੂ ਦਰਬਾਰੀ ਕਵੀ ਨਹੀਂ ਮੰਨਦੇ, ਪਰੰਤੂ ਦਸ ਗੁਰ ਕਥਾ ਦੀ ਅੰਦਰਲੀ ਗਵਾਹੀ (ਬੰਦ/ਪੰਨਾ- 290/66) ਇਸ ਵਿਚਾਰ ਨੂੰ ਗ਼ਲਤ ਸਿਧ ਕਰ ਦਿੰਦੀ ਹੈ।

74 ਗੁਰ ਰਤਨਮਾਲ ਅਰਥਾਤ ਸੌ ਸਾਖੀ, (ਸੰਪਾ.) ਗੁਰਬਚਨ ਸਿੰਘ ਨਈਅਰ ਸਾਖੀ - ੧੩/ ਪੰਨੇ ੧੨੧-੨੨

75 ਕੁ-੮/੩/੯੧; ਸੂ - ੧੦/੧੧/੧੪੬

76 ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਹਥੀ ਇਹ ਹਮਾਰੈ ਪੀਰ।
ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰਿ।
ਨਾਮ ਤਿਹਾਰੋ ਜੋ ਜਪੈ ਭਾਏ ਸਿੰਧੁ ਭਵ ਪਾਰ।
ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ।
ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗਬੀਰ॥
'ਸਸਤ੍ਰਨਾਮ ਮਾਲਾ', ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਪੋਥੀ ਤੀਜੀ) ੧੦੨੧

77 ਇਸ ਵਿਸ਼ੇ ਤੇ ਵਿਸਤਾਰ ਨਾਲ ਜਾਣਨ ਲਈ ਵੇਖੋ ; ਭਾਈ ਵੀਰ ਸਿੰਘ 'ਦੇਵੀ ਦੇ ਪ੍ਰਸੰਗ ਪੁਰ ਖੋਜ', ਸੂਰਜ ਪ੍ਰਕਾਸ਼ ਜਿ. ੧੨, ਪੰਨੇ ੪੯੬੯-੫੦੨੭; ਪ੍ਰੋ. ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, 148 ; ਲਾਲ ਸਿੰਘ ਗਿਆਨੀ, ਸਿੱਖ ਇਤਿਹਾਸ ਦਾ ਪੜਚੋਲ, ੧੫-੨੬, ਗੰਡਾ ਸਿੰਘ, ਤੇਜਾ ਸਿੰਘ, ਸਿੱਖ ਇਤਿਹਾਸ, Dr. Mohan Singh Diwana 'Guru Gobind Singh's concept of Devi and Miracles (Eng. sec.); ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ ; Nikky - Gurinder Kaur Singh; Durga Recalled by the tenth Guru', in The Sikh Traditional A continuing Reality, (ed., Sardar Singh Anand Spencer, P.Un. Pta. 1999-p-208

ਦਸਮ ਗ੍ਰੰਥ : ਇਕ ਜਾਣ-ਪਛਾਣ

ਅਰਸ਼ਬੀਰ ਸਿੰਘ*

ਭੂਮਿਕਾ

ਸਿੱਖ ਧਰਮ ਦੇ ਵਿਸ਼ਾਲ ਸਾਹਿਤ ਸੰਗ੍ਰਹਿ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਸ੍ਰੀ ਦਸਮ ਗ੍ਰੰਥ ਦਾ ਸਥਾਨ ਬਹੁਤ ਸਨਮਾਨਯੋਗ ਹੈ। ਇਸ ਗ੍ਰੰਥ ਦੀ ਮਹੱਤਾ ਇਸੇ ਤੱਥ ਤੋਂ ਸਪੱਸ਼ਟ ਹੈ ਕਿ ਸਿੰਘ ਸਭਾ ਲਹਿਰ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਿਆਂ ਵਿਚ ਇਸ ਗ੍ਰੰਥ ਦਾ ਪ੍ਰਕਾਸ਼ ਅਤੇ ਪਾਠ ਬੜੀ ਆਦਰ ਭਾਵਨਾ ਨਾਲ ਕੀਤਾ ਜਾਂਦਾ ਸੀ। ਸਿੱਖ ਪੰਥ ਦੇ ਦੋ ਤਖ਼ਤ, ਨਿਹੰਗ ਸਿੰਘ ਜਥੇ ਅਤੇ ਕੁਝ ਸੰਪਰਦਾਵਾਂ ਅੱਜ ਵੀ ਇਸ ਗ੍ਰੰਥ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਪ੍ਰਕਾਸ਼ ਕਰਕੇ ਪਾਠ ਕਰਦੇ ਅਤੇ ਹੁਕਮਨਾਮਾ ਲੈਂਦੇ ਹਨ। ਕੁਝ ਗੁਰੂਧਾਮਾਂ ਵਿਚ ਸੰਗ੍ਰਾਂਦ ਵਾਲੇ ਦਿਨ ਇਸ ਗ੍ਰੰਥ ਵਿਚੋਂ ਵੀ ਬਾਰਹ ਮਾਹ (ਕ੍ਰਿਸ਼ਨਾਵਤਾਰ) ਦਾ ਪਾਠ ਕੀਤਾ ਜਾਂਦਾ ਰਿਹਾ ਹੈ।

ਪਰ ਵੀਹਵੀਂ ਸਦੀ ਦੇ ਸੁਧਾਰਵਾਦੀ ਅੰਦੋਲਨ ਦੇ ਫਲਸਰੂਪ ਇਸ ਗ੍ਰੰਥ ਪ੍ਰਤੀ ਉਪਰਾਮਤਾ ਵਧਣ ਲੱਗੀ, ਕਿਉਂਕਿ ਇਨ੍ਹਾਂ ਅੰਦੋਲਨਾਂ ਦੀ ਬੌਧਿਕ ਰੁਚੀ ਪੌਰਾਣਿਕ ਭਾਵਨਾ ਵਾਲੇ ਗ੍ਰੰਥਾਂ ਦੇ ਪੜ੍ਹਨ ਦੇ ਅਨੁਕੂਲ ਨਹੀਂ ਸੀ। ਇਸ ਗ੍ਰੰਥ ਸੰਬੰਧੀ ਵਿਵਾਦ ਵਿਚੋਂ ਇਸ ਸਮੇਂ ਦੋ ਵੱਖ-ਵੱਖ ਧੜੇ ਉਭਰ ਕੇ ਸਾਹਮਣੇ ਆਏ ਹਨ। ਕੁਝ ਵਿਦਵਾਨ ਇਸ ਗ੍ਰੰਥ ਵਿਚਲਾ ਕੁਝ ਅੰਸ਼ ਗੁਰੂ ਸਾਹਿਬ ਦਾ ਅਤੇ ਬਾਕੀ ਦਰਬਾਰੀ ਕਵੀਆਂ ਦੀ ਰਚਨਾ ਮੰਨਦੇ ਹਨ।

ਸੰਕਲਨ ਇਤਿਹਾਸ

ਕੇਸਰ ਸਿੰਘ ਛਿੱਬਰ[1] ਅਨੁਸਾਰ ਸ੍ਰੀ ਦਸਮ ਗ੍ਰੰਥ ਦਾ ਪਹਿਲਾ ਸੰਕਲਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਵਿਚ 1755 ਬਿ. ਵਿਚ ਤਿਆਰ ਹੋ ਚੁੱਕਿਆ ਸੀ।

ਸੰਮਤੁ ਸਤਾਰਾਂ ਸੈ ਪਚਵੰਜੇ, ਸਿੱਖਾਂ ਬਿਨਤੀ ਸਾਹਿਬ ਅਗੇ ਸੀ ਕੀਤੀ,
"ਗਰੀਬ ਨਿਵਾਜ ! ਜੋ ਬਚਨ ਹੋਵੈ ਤਾਂ ਦੋਹਾਂ ਗ੍ਰੰਥਾਂ ਦੀ ਜਿਲਦ ਇਕ ਚਹੀਐ ਕਰ ਲੀਤੀ।"
ਸਾਹਿਬ ਬਚਨ ਕੀਤਾ "ਆਦਿ ਗੁਰੂ ਹੈ ਗ੍ਰੰਥ, ਇਹ ਅਸਾਡੀ ਹੈ ਖੇਡ, ਜੁਦਾ ਰਹੇ ਮਨ ਮੰਥ।"੩੮੯

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਰਹਿ ਕੇ ਅਤੇ ਭਾਈ ਸ਼ੀਹਾਂ ਸਿੰਘ ਜੀ ਨੇ ਮਾਤਾ ਸੁੰਦਰੀ ਜੀ ਪਾਸ ਦਿੱਲੀ ਰਹਿ ਕੇ ਆਪਸੀ ਤਾਲ-ਮੇਲ ਨਾਲ ਸ਼ਰਧਾਲੂਆਂ ਪਾਸ ਸੁਰੱਖਿਅਤ ਪਈਆਂ ਪੋਥੀਆਂ ਨੂੰ ਇਕੱਤਰ ਕਰਕੇ ਇਸ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ। ਬਾਅਦ ਵਿਚ ਭਾਈ ਦੀਪ ਸਿੰਘ, ਭਾਈ ਸੁੱਖਾ ਸਿੰਘ ਆਦਿ ਵਿਦਵਾਨ ਸਿੱਖਾਂ ਨੇ ਹੋਰ ਪ੍ਰਾਪਤ ਸਮੱਗਰੀ ਨਾਲ ਇਸ ਗ੍ਰੰਥ ਦੇ ਹੋਰ ਸੰਸਕਰਨ ਵੀ ਤਿਆਰ ਕੀਤੇ। ਸੰਕਲਨ ਕਾਲ ਸਮੇਂ ਇਸ ਗ੍ਰੰਥ ਦਾ ਨਾਮ 'ਬਚਿਤ੍ਰ ਨਾਟਕ' ਪਿਆ, ਜੋ ਬਾਅਦ ਵਿਚ 'ਦਸਵੇਂ ਪਾਤਸ਼ਾਹ ਦਾ ਗ੍ਰੰਥ' ਅਤੇ ਹੁਣ 'ਸ੍ਰੀ ਦਸਮ ਗ੍ਰੰਥ' ਨਾਮ ਨਾਲ ਜਾਣਿਆ ਜਾਂਦਾ ਹੈ।

ਸੰਪਾਦਨਾ

ਹੱਥ-ਲਿਖਤ ਪੋਥੀਆਂ ਵਿਚ ਪਾਠ-ਭੇਦ ਹੋਣ ਕਰਕੇ ਵਰਤੀ ਭਾਸ਼ਾ ਕਠਿਨ ਹੋਣ ਕਰਕੇ ਅਨਜਾਣ ਉਤਾਰਾਕਾਰਾਂ ਨੇ ਬਹੁਤ ਸਾਰੇ ਪਾਠਾਂਤਰ ਅਤੇ ਅਸ਼ੁੱਧੀਆਂ ਕਰ ਦਿੱਤੀਆਂ ਸਨ। ਇਸ ਕਰਕੇ 1897 ਈ. ਵਿਚ ਗੁਰਮਤਿ ਪ੍ਰਚਾਰਕ ਸਭਾ, ਅੰਮ੍ਰਿਤਸਰ ਵਲੋਂ ਸ੍ਰੀ ਦਸਮ ਗ੍ਰੰਥ ਦੀਆਂ ਲਗਭਗ 32 ਬੀੜਾਂ ਇਕੱਠੀਆਂ ਕਰਕੇ ਇਸ ਦੇ ਪਾਠ ਨੂੰ ਸੋਧਣ ਦਾ ਉਪਰਾਲਾ ਕੀਤਾ ਅਤੇ ਇਹ ਸੋਧਿਆ ਪਾਠ ਮਗਰੋਂ ਛਾਪੀਆਂ ਬੀੜਾਂ ਵਿਚ ਪ੍ਰਕਾਸ਼ਿਤ ਹੋ ਰਿਹਾ ਹੈ।

---

*ਯੂਨੀਵਰਸਿਟੀ ਕਾਲਜ, ਰਾਮਪੁਰਾ ਫੂਲ

ਬਣਤਰ

ਸ੍ਰੀ ਦਸਮ ਗ੍ਰੰਥ 1428 ਪੰਨਿਆਂ ਦਾ ਇਕ ਵਿਸ਼ਾਲ ਗ੍ਰੰਥ ਹੈ ਜਿਸਦੇ ਵਰਤਮਾਨ ਪ੍ਰਕਾਸ਼ਿਤ ਰੂਪ ਵਿਚ ਹੇਠ ਲਿਖੇ ਕ੍ਰਮ ਅਨੁਸਾਰ ਬਾਣੀਆਂ ਦਰਜ ਹਨ।

ਬਾਣੀ	ਪੰਨਾ
1. ਜਾਪੁ	1-10
2. ਅਕਾਲ ਉਸਤਤਿ	11-38
3. ਬਚਿਤ੍ਰ ਨਾਟਕ	39-73
4. ਚੰਡੀ ਚਰਿਤ੍ਰ (ਉਕਤਿ ਬਿਲਾਸ)	74-99
5. ਚੰਡੀ ਚਰਿਤ੍ਰ (ਦੂਜਾ)	100-119
6. ਵਾਰ ਦੁਰਗਾ ਕੀ (ਚੰਡੀ ਦੀ ਵਾਰ)	119-127
7. ਗਿਆਨ ਪ੍ਰਬੋਧ	127-155
8. ਚੌਬੀਸ ਅਵਤਾਰ	155-611
9. ਬ੍ਰਹਮਾ ਅਵਤਾਰ	611-635
10. ਰੁਦ੍ਰ ਅਵਤਾਰ	635-709
11. ਸ਼ਬਦ ਹਜਾਰੇ	709-712
12. ਸਵੈਯੇ	712-716
13. ਖਾਲਸਾ ਮਹਿਮਾ	716-717
14. ਸਸਤ੍ਰ ਨਾਮਮਾਲਾ	717-808
15. ਚਰਿਤ੍ਰੋ ਪਾਖਿਆਨ/ਪਖਯਾਨ	808-1389
16. ਜ਼ਫ਼ਰਨਾਮਾ	1389-1394
17. ਹਿਕਾਇਤਾਂ/ਹਕਾਯਤਾਂ	1394-1428

ਪ੍ਰਮੁਖ ਬਾਣੀਆਂ ਨਾਲ ਜਾਣ-ਪਛਾਣ

1. ਜਾਪੁ ਸਾਹਿਬ

ਜਿਸ ਤਰ੍ਹਾਂ ਜਪੁਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬਾਣੀ ਹੋਣ ਦੇ ਨਾਲ-ਨਾਲ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰੰਸ਼ ਮੰਨੀ ਗਈ ਹੈ, ਉਸੇ ਤਰ੍ਹਾਂ ਉਹੀ ਸਥਾਨ ਸ੍ਰੀ ਗੁਰੂ ਗ੍ਰੰਥ ਵਿਚ ਜਾਪੁ ਸਾਹਿਬ ਦਾ ਹੈ। ਜਾਪੁ ਸਾਹਿਬ 199 ਛੰਦਾਂ ਦੀ ਛੋਟੀ ਜਿਹੀ ਰਚਨਾ ਤਾਂ ਜ਼ਰੂਰ ਹੈ ਪਰ ਇਸ ਦੇ ਤੁਕ-ਅੰਸ਼ ਅਤੇ ਵਿਚਾਰਧਾਰਾ ਦੇ ਝਲਕਾਰੇ ਸਮੁੱਚੇ ਦਸਮ ਗ੍ਰੰਥ ਵਿਚ ਵਿਦਵਾਨ ਹਨ। ਇਸ ਵਿਚ ਦਸ ਤਰ੍ਹਾਂ ਦੇ ਬੀਰ ਰਸੀ ਛੰਦ ਵਰਤੇ ਗਏ ਹਨ- ਛਪੈ, ਭੁਜੰਗ ਪ੍ਰਯਾਤ, ਚਾਚਰੀ, ਰੂਆਲ, ਭਗਵਤੀ, ਹਰਿਬੋਲਮਨਾ, ਚਰਪਟ, ਮਧੁਭਾਰ, ਰਸਾਵਲ ਅਤੇ ਏਕ ਅਛਰੀ। ਭਾਸ਼ਾ ਪੱਖੋਂ ਸੰਸਕ੍ਰਿਤ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦੇ ਸੰਮਿਸ਼੍ਰਣ ਦਾ ਇਹ ਬਾਣੀ ਉਤਮ ਨਮੂਨਾ ਹੈ।

2. ਅਕਾਲ ਉਸਤਤਿ

ਜਿਸ ਤਰ੍ਹਾਂ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਸ ਵਿਚ ਅਕਾਲ ਪੁਰਖ ਦੇ ਗੁਣ ਗਾਏ ਗਏ ਹਨ, ਪਰ ਜੋ ਸਮੁੱਚਾ ਸਿਧਾਂਤ ਇਸ ਬਾਣੀ ਵਿਚੋਂ ਉਘੜਦਾ ਹੈ, ਉਹ ਇਹੋ ਕਿ ਜੋਤਿ ਰੂਪ ਵਿਚ 'ਅਕਾਲ ਪੁਰਖ' ਸਾਰੇ ਬ੍ਰਹਿਮੰਡ ਵਿਚ ਰਮਿਆ ਹੋਇਆ ਹੈ। ਉਹ ਸਭ ਰੰਗਾਂ-ਰੂਪਾਂ, ਨਸਲਾਂ, ਵੱਖ-ਵੱਖ ਦੇਸ਼ਾਂ ਦੇ ਲੋਕਾਂ, ਸੁਰਾਂ ਅਤੇ ਅਸੁਰਾਂ ਵਿਚ ਇਕ ਸਮਾਨ ਨਿਵਾਸ ਕਰਦਾ ਹੈ। ਸਭ ਜੀਅ ਉਸ ਤੋਂ ਪੈਦਾ ਹੋ ਕੇ ਉਸ ਵਿਚ ਲੀਨ ਹੁੰਦੇ ਹਨ। ਸਾਰੀ ਕਾਇਨਾਤ ਉਸੇ ਦੀ ਮਹਿਮਾ ਗਾ ਰਹੀ ਹੈ। ਉਸ ਅਕਾਲ ਪੁਰਖ ਦੀ ਪ੍ਰਾਪਤੀ ਅੰਧ ਵਿਸ਼ਵਾਸ ਅਤੇ ਫੋਕਟ ਕਰਮਾਂ ਨਾਲ ਨਹੀਂ ਹੋ ਸਕਦੀ। ਇਸ ਸਮੇਂ ਅਕਾਲ ਉਸਤਤਿ ਵਿਚ 279 ਛੰਦ ਹਨ, ਜਿਸ ਵਿਚ 12 ਕਿਸਮਾਂ ਦੇ ਛੰਦਾਂ ਦੀ ਵਰਤੋਂ ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਕਬਿੱਤ ਅਤੇ ਪਾਧੜੀ ਦੀ ਵਰਤੋਂ ਵਿਸ਼ੇਸ਼ ਰੂਪ ਵਿਚ ਹੋਈ ਹੈ।

3. ਬਚਿਤ੍ਰ ਨਾਟਕ

ਇਸ ਰਚਨਾ ਦਾ ਵਿਸਤਾਰ ਦਸਮ ਗ੍ਰੰਥ ਦੇ 634 ਪੰਨਿਆਂ ਵਿਚ ਹੋਇਆ ਹੈ। ਇਸ ਦੇ ਵਿਸ਼ਾਲ ਸਰੂਪ ਕਰਕੇ ਹੀ ਸ੍ਰੀ ਦਸਮ ਗ੍ਰੰਥ ਦਾ ਪਹਿਲਾ ਨਾਮ ਬਚਿਤ੍ਰ ਨਾਟਕ ਪਿਆ। ਇਸ ਵਿਸਤ੍ਰਿਤ ਰਚਨਾ ਵਿਚ ਪ੍ਰਭੂ ਦੀਆਂ ਵਿਚਿਤ੍ਰ ਜਾਂ ਅਦਭੁੱਤ ਲੀਲਾਵਾਂ ਦਾ ਵਰਣਨ ਹੋਇਆ ਹੈ। ਗੁਰੂ ਸਾਹਿਬ ਦੀ ਅਪੂਰਨ ਸਵੈ-ਜੀਵਨੀ ਵਿਚ ਉਨ੍ਹਾਂ ਦੇ 32 ਸਾਲ ਤੱਕ ਦੀ ਆਯੂ ਦਾ ਵਿਵਰਣ ਹੈ, ਜੋ ਕਿ ਇਸ ਰਚਨਾ ਦੀ ਭੂਮਿਕਾ ਜਾਪਦੀ ਹੈ।

4. ਚੰਡੀ ਚਰਿਤ੍ਰ (ਉਕਤਿ ਬਿਲਾਸ)

ਪ੍ਰਮੁਖ ਰੂਪ ਵਿਚ ਸਾਰੇ ਚੰਡੀ ਚਰਿਤ੍ਰ ਬਚਿਤ੍ਰ ਨਾਟਕ ਦਾ ਹੀ ਹਿੱਸਾ ਹਨ। ਕਾਵਿ-ਦ੍ਰਿਸ਼ਟੀ ਤੋਂ ਇਹ ਬੀਰ ਰਸੀ ਰਚਨਾ ਦਾ ਇਕ ਉੱਤਮ ਨਮੂਨਾ ਹੈ, ਜਿਸ ਵਿਚ ਦੇਵਤਿਆਂ ਅਤੇ ਦੈਤਾਂ ਦੇ ਰੂਪ ਵਿਚ ਪਰਮਾਤਮਾ ਆਪ ਹੀ ਲੜ ਰਿਹਾ ਹੈ। ਇਸ ਰਚਨਾ ਦੇ ਕੁਲ 233 ਛੰਦ ਅਤੇ ਸੱਤ ਅਧਿਆਇ ਹਨ। ਜਿਸ ਵਿਚ ਸਵੈਯਾ, ਦੋਹਰਾ, ਸੋਰਠਾ, ਤੋਟਕ, ਰੇਧਤਾ, ਪੁਨਹੈ ਆਦਿ ਛੰਦਾਂ ਦੀ ਵਰਤੋਂ ਹੋਈ ਹੈ, ਪਰ ਪ੍ਰਧਾਨਤਾ ਸਵੈਯਾ ਛੰਦ ਦੀ ਹੈ।

5. ਚੰਡੀ ਚਰਿਤ੍ਰ (ਦੂਜਾ)

ਇਸ ਰਚਨਾ ਦੇ ਕੁਲ 262 ਛੰਦ ਅਤੇ ਅੱਠ ਅਧਿਆਇ ਹਨ। ਇਸ ਵਿਚ ਨਰਾਜ਼, ਰਸਾਵਲ, ਦੋਹਰਾ, ਭੁਜੰਗ ਪ੍ਰਯਾਤ, ਤੋਟਕ, ਚੌਪਈ, ਮਧੁਭਾਰ, ਬੇਲੀ ਬ੍ਰਿਦਨ, ਬਿਰਧ ਆਦਿ ਛੰਦ ਵਰਤੇ ਗਏ ਹਨ, ਜਿਨ੍ਹਾਂ ਦੀ ਚਾਲ ਬੜੀ ਚੁਸਤੀ, ਫੁਰਤੀ, ਤੇਜੀ ਅਤੇ ਰਵਾਨੀ ਵਾਲੀ ਹੈ। ਦੂਸਰੇ ਚਰਿਤ੍ਰ ਦੇ ਮੁਕਾਬਲੇ ਬ੍ਰਿਤਾਂਤ ਵਰਣਨ ਬਹੁਤ ਸੰਖੇਪ ਹੈ।

6. ਵਾਰ ਦੁਰਗਾ ਕੀ (ਚੰਡੀ ਦੀ ਵਾਰ)

ਪੰਜਾਬੀ ਬੋਲੀ ਦੀ ਇਹ ਕ੍ਰਿਤੀ ਕੁਲ 55 ਪਉੜੀਆਂ ਵਿਚ ਲਿਖੀ ਗਈ ਹੈ। ਇਸ ਨੂੰ ਵਧੇਰੇ ਕਰਕੇ 'ਵਾਰ ਦੁਰਗਾ ਕੀ' ਜਾਂ 'ਵਾਰ ਸ੍ਰੀ ਭਗਉਤੀ ਜੀ ਕੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਦੀ ਬੀਰ-ਨਾਇਕਾ ਸ਼ੇਰ ਦੀ ਸਵਾਰੀ ਕਰਨ ਵਾਲੀ ਦੁਰਗਾ ਹੈ, ਜੋ ਅਨੇਕਾਂ ਬਲਵਾਨ ਅਤੇ ਭਿਆਨਕ ਰਾਕਸ਼ਾਂ ਨੂੰ ਮਾਰ ਕੇ ਦੇਵਤਿਆਂ ਦਾ ਰਾਜ-ਭਾਗ ਕਾਇਮ ਕਰਦੀ ਹੈ। ਇਸ ਦੀ ਰਚਨਾ ਠੇਠ ਪੰਜਾਬੀ ਬੋਲੀ ਵਿਚ ਹੋਈ ਹੈ।

7. ਗਿਆਨ ਪ੍ਰਬੋਧ

ਇਸ ਬਾਣੀ ਦੇ ਕੇਵਲ 336 ਛੰਦ ਮਿਲਦੇ ਹਨ, ਜਿਨ੍ਹਾਂ ਵਿਚ ਭਾਰਤੀ ਧਰਮਾਂ ਦੀ ਵਿਚਾਰਧਾਰਾ ਦਾ ਉਲੇਖ ਕੀਤਾ ਗਿਆ ਹੈ। ਪਹਿਲੇ 125 ਛੰਦ ਅਕਾਲ ਉਸਤਤਿ ਦੀ ਤਰਜ਼ ਤੇ ਅਕਾਲ ਮਹਿਮਾ ਦੇ ਹਨ। ਅਕਾਲ ਮਹਿਮਾ ਦੇ ਨਾਲ-ਨਾਲ ਕਰਮਕਾਂਡ ਦੇ ਨਿਖੇਧ ਲਈ ਬਲਵਾਨ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ।

8. ਚੌਬੀਸ ਅਵਤਾਰ

ਚੌਬੀਸ ਅਵਤਾਰ ਦਸਮ ਗ੍ਰੰਥ ਦੀਆਂ ਪ੍ਰਮੁਖ ਰਚਨਾਵਾਂ ਵਿਚੋਂ ਇਕ ਹੈ। ਜਿਸ ਵਿਚ ਭਾਰਤੀ ਮਿਥਿਹਾਸ ਦੇ ਅਵਤਾਰਾਂ, ਉਪ-ਅਵਤਾਰਾਂ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਵਰਣਿਤ ਵਿਸ਼ਨੂ ਦੇ 24 ਅਵਤਾਰਾਂ ਵਿਚੋਂ ਮੱਛ, ਕੱਛ, ਨਰ, ਨਰਾਇਣ, ਮੋਹਨੀ, ਬੈਰਾਹ, ਨਰਸਿੰਘ, ਬਾਵਨ, ਪਰਸੁਰਾਮ, ਬ੍ਰਹਮਾਵਤਾਰ, ਰੁਦ੍ਰ, ਜਲੰਧਰ, ਬਿਸਨੁ, ਮਧੁਸੂਦਨ, ਅਰਹਤ, ਮਨੁ, ਧਨੰਤਰ, ਚੰਦ, ਸੂਰਜ, ਰਾਮਾਵਤਾਰ, ਕ੍ਰਿਸ਼ਨਾਵਤਾਰ, ਨਰ (ਅਰਜਨ) ਬੁਧ ਅਤੇ ਨਿਹਕਲੰਕੀ ਆਦਿ ਦੀਆਂ ਕਹਾਣੀਆਂ ਦਿੱਤੀਆਂ ਹਨ। ਅਵਤਾਰ ਕਥਾਵਾਂ ਵਿਚੋਂ ਕ੍ਰਿਸ਼ਨਾਵਤਾਰ ਅਤੇ ਰਾਮਾਵਤਾਰ ਦੋਵੇਂ ਵਿਸਤ੍ਰਿਤ ਰਚਨਾਵਾਂ ਹਨ। ਵਰਣਿਤ ਅਵਤਾਰਾਂ ਨੂੰ ਇਕ ਜੁਝਾਰੂ ਵਿਅਕਤੀ ਦੇ ਰੂਪ ਵਿਚ ਪ੍ਰਸਤੁਤ ਕਰਨ ਦੀ ਰੁਚੀ ਪ੍ਰਬਲ ਰਹੀ ਹੈ।

9. ਬ੍ਰਹਮਾ ਅਵਤਾਰ

ਚੌਬੀਸ ਅਵਤਾਰ ਤੋਂ ਬਾਅਦ ਬ੍ਰਹਮਾ ਦੇ ਸੱਤ ਅਵਤਾਰਾਂ ਬਾਲਮੀਕ, ਕਸ਼ਪ, ਸ਼ੁਕ੍ਰ, ਬਚੇਸ (ਬ੍ਰਹਸਮਤੀ), ਬਿਆਸ, ਸ਼ਸਤ੍ਰੋਧਾਰਕ (ਸ਼ਾਸਤ੍ਰਾਂ ਦੇ ਛੇ ਆਚਾਰੀਯਾ), ਕਾਲੀਦਾਸ ਦਾ ਵਰਣਨ ਕੀਤਾ ਗਿਆ ਹੈ। ਇਸ ਵਿਚ 20 ਕਿਸਮ ਦੇ ਛੰਦ - ਤੋਮਰ, ਨਰਾਜ, ਪਾਧੜੀ, ਹਰਿਬੋਲ ਮਨਾ, ਤੋਟਕ, ਰੂਆਲ, ਮਧੁਭਾਰ, ਦੋਧਕ, ਚੌਪਈ, ਮੋਹਨੀ, ਭੁਜੰਗ ਪ੍ਰਯਾਤ, ਸਵੈਯਾ, ਦੋਹਰਾ ਕਬਿੱਤ ਆਦਿ ਵਰਤੇ ਗਏ ਹਨ। ਸਾਰੇ

ਪ੍ਰਸੰਗ ਦੀ ਭਾਸ਼ਾ ਬ੍ਰਜ ਹੈ। ਇਸ ਤੋਂ ਇਲਾਵਾ ਫ਼ਾਰਸੀ, ਅਰਬੀ ਅਤੇ ਕਿਤੇ ਕਿਤੇ ਪੰਜਾਬੀ ਭਾਸ਼ਾ ਦਾ ਪ੍ਰਭਾਵ ਵੀ ਹੈ।

10. ਰੁਦ੍ਰ ਅਵਤਾਰ

ਜਿਸ ਤਰ੍ਹਾਂ ਵਿਸ਼ਨੂੰ ਦੇ ਚੌਬੀਸ ਅਵਤਾਰ ਲਿਖੇ ਗਏ ਹਨ ਅਤੇ ਬ੍ਰਹਮਾਂ ਦੇ ਸੱਤ। ਰੁਦ੍ਰ ਦੇ ਕੇਵਲ ਦੋ ਅਵਤਾਰ ਚਿਤ੍ਰਿਤ ਹਨ- ਦਤਾਤ੍ਰੇਯ ਅਤੇ ਪਾਰਸ ਨਾਥ । ਇਸ ਵਿਚ ਦਤਾਤ੍ਰੇਯ ਸੰਨਿਆਸ ਅਤੇ ਤਿਆਗ ਦਾ, ਪਾਰਸ ਨਾਥ ਰਾਜ ਜੋਗ ਦਾ ਚਿੰਨ੍ਹ ਮੰਨਿਆ ਗਿਆ ਹੈ।

11. ਸ਼ਬਦ ਹਜਾਰੇ

ਇਹ ਮੂਲ ਰੂਪ ਵਿਚ ਨੌ ਸ਼ਬਦ ਹਨ ਜਿਨ੍ਹਾਂ ਦੀ ਰਚਨਾ ਰਾਗਾਂ ਵਿਚ ਹੋਈ ਹੈ। ਜਿਨ੍ਹਾਂ ਦਾ ਵਿਸ਼ਾ ਵਸਤੂ ਅਡੰਬਰਾਂ, ਪਾਖੰਡਾਂ ਅਤੇ ਮੂਰਤੀ ਪੂਜਾ ਦਾ ਖੰਡਨ ਕਰਕੇ ਅਧਿਆਤਮਕ ਮਾਨਤਾਵਾਂ ਨੂੰ ਸਥਾਪਤ ਕਰਨਾ ਹੈ। ਇਹ ਸ਼ਬਦ ਹੋਰ ਬਾਣੀਆਂ ਤੋਂ ਵਿਲੱਖਣ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਮੇਲ ਰੱਖਦੇ ਹਨ। ਰਾਗਾਂ ਦੇ ਨਾਂ ਇਸ ਪ੍ਰਕਾਰ ਹਨ - ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਬਿਲਾਵਲ ਅਤੇ ਦੇਵਗੰਧਾਰੀ।

12. ਸਵੈਯੇ

ਖਾਲਸੇ ਦੇ ਸਰੂਪ ਨੂੰ ਨਿਸ਼ਚਿਤ ਕਰਨ ਵਾਲੇ ਇਹਨਾਂ 33 ਸੱਵੈਯਾਂ ਵਿਚ ਯੋਗੀਆਂ ਸੰਨਿਆਸੀਆਂ ਆਦਿ ਦੇ ਆਚਾਰਾਂ ਅਤੇ ਭ੍ਰਾਮਿਕ ਸਾਧਕਾਵਾਂ ਦਾ ਖੰਡਨ ਕਰਦੇ ਹੋਏ ਪਰਮਾਤਮਾ ਨੂੰ ਅਵਤਾਰਵਾਦੀ ਕਲਪਨਾ ਤੋਂ ਪਰ੍ਹੇ ਰੱਖਿਆ ਗਿਆ ਹੈ। ਇਸ ਦੀ ਭਾਸ਼ਾ ਸਰਲ ਬ੍ਰਜ ਹੈ ਜੋ ਪਾਖੰਡਵਾਦ ਦਾ ਨਿਖੇਧ ਕਰਦੀ ਹੈ।

13. ਖਾਲਸਾ ਮਹਿਮਾ

ਖਾਲਸਾ ਮਹਿਮਾ ਦੇ ਪਦਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਗੁਰੂ ਅਤੇ ਚੇਲੇ ਦੇ ਸੰਬੰਧਾਂ ਨੂੰ ਪੁਨਰ-ਪਰਿਭਾਸ਼ਿਤ ਕਰਦੇ ਹਨ। ਉਹ ਆਪਣੇ ਆਪ ਨੂੰ ਖ਼ਾਲਸੇ ਵਿਚ ਅਭੇਦ ਦੱਸ ਕੇ ਸੰਗਠਨ ਨੂੰ ਸਰਵ-ਉੱਪਰ ਦੱਸਦੇ ਹਨ। ਇਨ੍ਹਾਂ ਪਦਾਂ ਦੁਆਰਾ ਖ਼ਾਲਸਾ ਉਸ ਪਰਮ ਮੰਜ਼ਿਲ ਤੇ ਸ਼ੋਭਿਤ ਹੋ ਜਾਂਦਾ ਹੈ, ਜਿਸ ਦਾ ਪ੍ਰਗਟਾਵਾ 1699 ਈ. ਦੀ ਵੈਸਾਖੀ ਵਾਲੇ ਦਿਨ ਕਰਦਿਆਂ ਗੁਰੂ ਜੀ ਨੇ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਪ੍ਰਾਪਤ ਕੀਤਾ ਸੀ।

14. ਸਸਤ੍ਰ ਨਾਮਮਾਲਾ

ਇਸ ਰਚਨਾ ਵਿਚ ਸ਼ਸਤ੍ਰ ਅਤੇ ਰੱਬੀ ਸ਼ਕਤੀ ਨੂੰ ਇਕ ਰੂਪ ਕਰਕੇ ਪੇਸ਼ ਕੀਤਾ ਹੈ। ਇਹ ਇਕ ਤਰ੍ਹਾਂ ਦਾ ਸ਼ਸਤ੍ਰਾਂ ਦੇ ਨਾਵਾਂ ਦਾ ਕੋਸ਼ ਹੈ। 1318 ਛੰਦਾਂ ਦੀ ਇਸ ਰਚਨਾ ਦੇ ਕੁਲ ਪੰਜ ਅਧਿਆਇ ਹਨ।

15. ਚਰਿਤ੍ਰੋ ਪਾਖਿਆਨ/ਪਖਯਾਨ

ਸ੍ਰੀ ਦਸਮ ਗ੍ਰੰਥ ਦੀ ਰਚਨਾਵਲੀ ਦੇ ਲਿਹਾਜ਼ ਨਾਲ ਚਰਿਤ੍ਰੋ ਪਾਖਿਆਨ ਸਭ ਤੋਂ ਵੱਡਾ ਗ੍ਰੰਥ ਹੈ। ਜਿਸ ਦੇ 404 ਅਧਿਆਇ ਅਤੇ 7559 ਛੰਦ ਹਨ। ਇਹ ਦੇਸੀ -ਬਦੇਸੀ ਕਹਾਣੀਆਂ ਦਾ ਅਨੋਖਾ ਸੰਗ੍ਰਹਿ ਹੈ। ਵਧੇਰੇ ਚਰਿਤ੍ਰ ਲੋਕ ਪਰੰਪਰਾ ਦੇ ਭੰਡਾਰ ਵਿਚੋਂ ਬਣੇ ਹੋਏ ਹਨ। ਵੈਸੇ ਮਹਾਂਭਾਰਤ, ਕਥਾ ਸਰਿਤ ਸਾਗਰ, ਪੰਚਤੰਤਰ, ਪੁਰਸ਼ ਪ੍ਰੀਕਸ਼ਾ, ਬੇਤਾਲ ਪਚੀਸੀ, ਸਿੰਘਾਸਨ ਬਤੀਸੀ ਅਤੇ ਅਲਫ਼ ਲੈਲਾ ਵਿਚੋਂ ਕਈ ਕਥਾਵਾਂ ਲਈਆਂ ਗਈਆਂ ਹਨ।

16. ਜ਼ਫ਼ਰਨਾਮਾ

ਜ਼ਫ਼ਰਨਾਮਾ ਉਹ ਛੰਦਬੰਦ ਫ਼ਾਰਸੀ ਖਤ ਹੈ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1762 ਬਿ. ਦੇ ਮੁੱਢ ਵਿਚ ਦੀਨੇ ਕਾਂਗੜ ਦੇ ਸਥਾਨ ਤੋਂ ਔਰੰਗਜ਼ੇਬ ਵੱਲ ਭੇਜਿਆ ਸੀ। ਪਿਆਰਾ ਸਿੰਘ ਪਦਮ[2] ਅਨੁਸਾਰ "ਮਾਲਵੇ ਦੇ ਕਾਂਗੜ ਨਗਰ ਦੀ ਦੀਨਾ ਨਾਂ ਦੀ ਬਸਤੀ ਭਾਈ ਦੇਸੂ ਤਰਖਾਣ ਦਾ ਕੱਚਾ ਚੁਬਾਰਾ ਤੇ ਮਹੀਨਾ ਪੋਹ 2, 1762 ਬਿ. ਅਰਥਾਤ ਦਸੰਬਰ 1705 ਈਸਵੀ।" ਇਸ ਵਿਚ ਕੁਲ 111 ਸ਼ੇਅਰ ਹਨ। ਇਸ ਚਿੱਠੀ ਦੇ ਦੋ ਭਾਗ ਹਨ, ਪਹਿਲੇ 12 ਸ਼ੇਅਰਾਂ ਵਿਚ ਮੰਗਲਾਚਰਣ ਹੈ। ਫਿਰ ਦਾਸਤਾਨ ਨਾਂ ਹੇਠ ਸਾਰੇ ਹਾਲਾਤਾਂ ਦਾ ਵਰਣਨ ਕੀਤਾ ਗਿਆ ਹੈ ਕਿ ਕਿਵੇਂ ਹਾਕਮ ਧਿਰ (ਔਰੰਗਜ਼ੇਬ) ਨੇ ਵਿਸ਼ਵਾਸਘਾਤ ਕਰਕੇ ਭੁੱਖੇ ਸਿੱਖਾਂ ਨੂੰ ਸ਼ਹੀਦ ਕੀਤਾ ਹੈ। ਗੁਰੂ ਜੀ ਨੇ ਔਰੰਗਜ਼ੇਬ ਦੇ ਹੁਕਮਾਂ ਨਾਲ ਸਿੱਖਾਂ ਉੱਤੇ ਕੀਤੇ ਗਏ ਜ਼ੁਲਮਾਂ ਦੀਆਂ ਉਦਾਹਰਣਾਂ ਦੇ ਕੇ ਉਨ੍ਹਾਂ ਨੂੰ ਇਹ ਦੱਸਿਆ ਹੈ ਕਿ ਸਹਿਨਸ਼ਾਹ ਦਾ ਫਰਜ਼ ਪ੍ਰਜਾ ਨਾਲ ਨਿਆਏ ਕਰਨਾ ਹੈ,

ਨਾ ਕਿ ਧਰਮ ਦੇ ਰਾਹ ਉਤੇ ਚਲਦੇ ਲੋਕਾਂ 'ਤੇ ਅਤਿਆਚਾਰ ਕਰਨਾ।

17. ਹਿਕਾਇਤਾਂ/ਹਕਾਯਤਾਂ

ਹਿਕਾਇਤਾਂ ਚਰਿਤ੍ਰੋ ਪਾਖਿਆਨ ਬਾਣੀ ਦੀਆਂ ਕਹਾਣੀਆਂ ਵਰਗੀਆਂ ਕਥਾਵਾਂ ਹਨ।

ਹਵਾਲੇ ਅਤੇ ਟਿੱਪਣੀਆਂ

1 ਭਾਈ ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, (ਸੰਪਾ. ਪਿਆਰਾ ਸਿੰਘ ਪਦਮ), ਪੰਨਾ 161

2 ਪਿਆਰਾ ਸਿੰਘ ਪਦਮ, *ਦਸਮ ਗੁਰੂ ਰਚਨਾ ਸੰਸਾਰ*, (ਲੇਖ) ਜ਼ਫ਼ਰਨਾਮਾ, ਪੰਨਾ 119

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ

*ਪ੍ਰੋਫੈਸਰ ਬਲਕਾਰ ਸਿੰਘ**

'ਦਸਮ ਗ੍ਰੰਥ' ਜਿਸ ਦਾ ਨਾਮ ਕਿਸੇ ਵੇਲੇ 'ਬਚਿਤ੍ਰ ਨਾਟਕ ਗ੍ਰੰਥ' ਹੁੰਦਾ ਸੀ, ਇਸ ਵੇਲੇ 'ਸ੍ਰੀ ਦਸਮ ਗ੍ਰੰਥ ਸਾਹਿਬ' ਹੋ ਗਿਆ ਹੈ। ਇਸ 'ਗ੍ਰੰਥ' ਦਾ ਇਤਿਹਾਸ ਭਾਵੇਂ ਬਹੁਤਾ ਪੁਰਾਣਾ ਨਹੀਂ ਹੈ, ਪਰ ਇਸ ਬਾਰੇ ਕਿੰਤੂ-ਮੁਕਤ ਕੋਈ ਧਾਰਨਾ ਪ੍ਰਾਪਤ ਨਹੀਂ ਹੈ। ਇਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ ਕਿ ਅਨੰਦਪੁਰੀ ਦਰਬਾਰ ਵਿਚ ਜੋ 52 ਕਵੀ ਦਸਮ ਪਾਤਸ਼ਾਹ ਹਜ਼ੂਰ ਦੀ ਸਰਪ੍ਰਸਤੀ ਦਾ ਨਿੱਘ ਮਾਨ ਰਹੇ ਸਨ, ਉਹ ਭਾਰਤ ਦੇ ਪ੍ਰਾਪਤ ਧਾਰਮਿਕ ਸਾਹਿਤ ਨੂੰ ਪੰਜਾਬ ਦੇ ਲੋਕਾਂ ਦੀ ਭਾਸ਼ਾ (ਭਾਖਾ) ਵਿਚ ਲਿਖਣ ਦਾ ਕੰਮ, ਦਸਮ ਪਾਤਸ਼ਾਹ ਹਜ਼ੂਰ ਦੀ ਇੱਛਾ ਮੁਤਾਬਿਕ ਹੀ ਕਰ ਰਹੇ ਸਨ। ਜੇ ਅਜਿਹਾ ਗੁਰੂ ਜੀ ਦੀ ਆਗਿਆ ਨਾਲ ਵੀ ਹੋ ਰਿਹਾ ਸੀ ਤਾਂ ਵੀ ਇਹਨਾਂ ਲਿਖਤਾਂ ਨੂੰ ਗੁਰੂ ਜੀ ਦੀਆਂ ਲਿਖਤਾਂ ਕਹਿਣਾ ਕਿਵੇਂ ਵੀ ਠੀਕ ਨਹੀਂ ਲੱਗਦਾ। 'ਕੱਚੀ' ਅਤੇ 'ਪੱਕੀ' ਬਾਣੀ ਦੀ ਗੱਲ ਸ਼ੁਰੂ ਤਾਂ ਪਹਿਲਾਂ ਹੀ ਹੋ ਗਈ ਸੀ, ਪਰ ਇਸ ਬਾਰੇ ਬਾਣੀ ਵਿਚ ਟਿੱਪਣੀ ਗੁਰੂ ਅਮਰਦਾਸ ਜੀ ਦੀ ਹੀ ਪ੍ਰਾਪਤ ਹੈ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ 920

ਗੁਰੂ ਅਰਜਨ ਦੇਵ ਜੀ ਨੇ 'ਕੱਚੀ' ਤੇ 'ਸੱਚੀ' ਬਾਣੀ ਦੀ ਪਛਾਣ ਕਰਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਦਿੱਤੀ ਅਤੇ ਦਸਮ ਪਾਤਸ਼ਾਹ ਹਜ਼ੂਰ ਨੇ "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ" ਨਾਲ ਕੱਚੀ ਤੇ ਸੱਚੀ ਬਾਣੀ ਵਿਚ ਨਿਖੇੜ ਕਰ ਸਕਣ ਦਾ ਆਧਾਰ ਮੁਹਈਆਂ ਕਰ ਦਿੱਤਾ। ਇਸ ਵਿਧੀ ਵਿਚ 'ਦਸਮ ਗ੍ਰੰਥ' ਨੂੰ ਕਿਵੇਂ ਲੈਣਾ ਚਾਹੀਦਾ ਹੈ, ਇਸ ਦੀ ਵੀਚਾਰ ਇਥੇ ਕੀਤੀ ਜਾ ਰਹੀ ਹੈ। ਇਸਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਜੋ ਕੁਝ ਵੀ ਅਨੰਦਪੁਰ ਸਾਹਿਬ ਵਿਖੇ 52 ਕਵੀਆਂ ਵਲੋਂ ਲਿਖਿਆ ਜਾ ਰਿਹਾ ਸੀ, ਉਹ ਸਾਰਾ ਇਕ 'ਵਿਦਿਆ ਸਾਗਰ' ਨਾਮੀ ਗ੍ਰੰਥ ਵਿਚ ਸ਼ਾਮਲ ਹੁੰਦਾ ਜਾ ਰਿਹਾ ਸੀ। ਇਸ ਗ੍ਰੰਥ ਬਾਰੇ ਭਾਈ ਸੰਤੋਖ ਸਿੰਘ ਕਰਤਾ 'ਗੁਰ ਪ੍ਰਤਾਪ ਸੂਰਜ' ਦੀ ਟਿੱਪਣੀ ਇਸ ਪ੍ਰਕਾਰ ਹੈ :

ਤਿਨ ਕਵੀਅਨ ਬਾਣੀ ਰਚੀ ਲਿਖ ਕਾਗਦ ਤੁਲਵਾਏ।
ਨੌ ਮਨ ਹੋਏ ਤੋਲ ਮਹਿ ਸੂਖਮ ਲਿਖਤ ਲਿਖਾਏ।
ਵਿਦਿਆਸਾਗਰ ਤਿਸ ਗ੍ਰੰਥ ਕੋ, ਨਾਮ ਧਰਓ ਕਰ ਪ੍ਰੀਤ।
ਨਾਨਾ ਬਿਧਿ ਕਵਿਤਾ ਰਚੀ ਰਖਿ ਰਖਿ ਨੌ ਰਸ ਪ੍ਰੀਤਿ।
ਮਚਿਯੋ ਜੰਗ ਗੁਰ ਸੰਗ ਬਡ, ਗਯੋ ਗ੍ਰੰਥ ਸੁਬੀਚ।
ਨਿਕਸੇ ਆਨੰਦਪੁਰਿ ਤਜਯੋ, ਲੁਟਿਯੋ ਪੁਨਿ ਮਿਲਿ ਨੀਚ।
ਪ੍ਰਿਥਕ ਪ੍ਰਿਥਕ ਪਤ੍ਰੇ ਹੁਤੇ, ਲੁਇਬੋ ਸੁ ਗ੍ਰੰਥ ਬਿਖੇਰ।
ਇਕ ਥਲ ਰਹਯੋ ਨਾ ਇਮ ਗਯੋ, ਜਿਸ ਤੋਂ ਮਿਲਿਯੋ ਨਾ ਫੇਰ।

(ਗੁਰਪ੍ਰਤਾਪ ਸੂਰਯ ਰੁਤ 4 ਅੰਸ਼ 42)

ਪਰ ਅਜਿਹਾ ਹਵਾਲਾ ਕਿਤੇ ਨਹੀਂ ਆਉਂਦਾ ਕਿ ਵਿਦਿਆ ਸਾਗਰ ਗ੍ਰੰਥ ਵਿਚ ਦਸਮ ਪਾਤਸ਼ਾਹ

*(ਰਿਟਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਹਜ਼ੂਰ ਦੀ ਬਾਣੀ ਵੀ ਸ਼ਾਮਲ ਕੀਤੀ ਜਾ ਰਹੀ ਸੀ। ਇਸ ਬਾਰੇ ਇਹ ਮਨੌਤ ਵੀ ਹੈ ਕਿ ਸਾਰਾ ਗ੍ਰੰਥ ਸਰਸਾ ਨਦੀ ਦੀ ਭੇਟ ਹੋ ਗਿਆ ਸੀ, ਪਰ ਭਾਈ ਸਾਹਿਬ ਦੀ ਰਾਏ ਵਧੇਰੇ ਠੀਕ ਲੱਗਦੀ ਹੈ ਕਿ ਪੰਥ-ਦੋਖੀ ਲੁਟੇਰਿਆਂ ਵਲੋਂ ਅਨੰਦਪੁਰ ਦੀ ਹੋਈ ਲੁੱਟ ਵੇਲੇ ਇਹ ਗ੍ਰੰਥ ਵੀ ਲੁੱਟ ਦਾ ਸ਼ਿਕਾਰ ਹੋ ਗਿਆ ਸੀ ਅਤੇ ਨਸ਼ਟ ਹੋ ਗਿਆ ਸੀ, ਜਾਂ ਫਿਰ ਖਿੱਲਰ ਗਿਆ ਸੀ। ਜਿਹਨਾਂ ਲੋਕਾਂ ਨੂੰ ਇਸ ਗ੍ਰੰਥ ਬਾਰੇ ਜਾਣਕਾਰੀ ਸੀ, ਉਹਨਾਂ ਨੇ ਜਿਹੜੇ ਪੱਤਰੇ ਹੱਥ ਆਏ, ਉਹਨਾਂ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਸਾਬਤ ਹੋ ਜਾਂਦੀ ਹੈ ਕਿਉਂਕਿ ਜੋ ਕੁਝ ਪ੍ਰਾਪਤ ਹੋਇਆ, ਉਹ ਵਧੇਰੇ ਪੱਤਰਿਆਂ ਦੇ ਰੂਪ ਵਿਚ ਹੀ ਸੀ। ਪਿੱਛੋਂ ਭਾਈ ਮਨੀ ਸਿੰਘ ਨੇ ਜੋ ਕੁਝ ਇਕੱਠਾ ਕੀਤਾ, ਉਸ ਦਾ ਆਧਾਰ, ਇਸ 'ਵਿਦਿਆ ਸਾਗਰ ਗ੍ਰੰਥ' ਨਾਲ ਸੰਬੰਧਤ, ਲੋਕਾਂ ਦੇ ਹੱਥ ਆਏ ਪੱਤਰੇ ਹੀ ਸਨ। ਕਿਧਰੇ ਵੀ ਇਹ ਜ਼ਿਕਰ ਨਹੀਂ ਆਉਂਦਾ ਕਿ ਦਸਮ ਪਾਤਸ਼ਾਹ ਦੀਆਂ ਪ੍ਰਮਾਣਿਕ ਬਾਣੀਆਂ ਵਿਚੋਂ ਕੋਈ ਭਾਈ ਮਨੀ ਸਿੰਘ ਨੇ ਇਕੱਠੀ ਕੀਤੀ ਹੋਵੇ। ਸਪਸ਼ਟ ਹੈ ਕਿ ਦਸਮ ਗੁਰੂ ਦੀ ਬਾਣੀ ਉਸੇ ਵਿਧੀ ਵਿਚ ਸੰਗਤਾਂ ਨੇ ਸੰਭਾਲੀ ਹੋਈ ਸੀ, ਜਿਵੇਂ ਬਾਕੀ ਗੁਰੂਆਂ ਦੀ ਬਾਣੀ ਗੁਰਸਿੱਖ ਸੰਭਾਲਦੇ ਰਹੇ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਗ੍ਰੰਥ ਦਾ ਨਾਮ 'ਵਿਦਯਾਧਰ' ਦੱਸਿਆ ਹੈ ਅਤੇ ਇਸ ਵਿਚ "ਮਤ ਮਤਾਂਤਰਾਂ ਅਤੇ ਚਮਤਕਾਰੀ ਪ੍ਰਸੰਗਾਂ ਪਰ ਚਰਚਾ ਔਰ ਨਿਰਣਾ" ਸ਼ਾਮਲ ਪਰਵਾਨ ਕੀਤਾ ਹੈ। ਉਹ ਇਹ ਵੀ ਮੰਨਦੇ ਹਨ ਕਿ "ਇਹ ਪੁਸਤਕ ਤੋਂ ਛੁਟ ਹੋਰ ਬਹੁਤ ਗ੍ਰੰਥ ਬਣਾਏ ਗਏ ਸੇ ਜਿਨਾਂ ਵਿਚੋਂ ਕਈ ਪੂਰਣ ਅਤੇ ਕਈ ਅਧੂਰੇ 'ਦਸਮ ਗ੍ਰੰਥ' ਵਿਚ ਅਸੀਂ ਦੇਖਦੇ ਹਾਂ"। ਦਸਮ-ਬਾਣੀ ਦਾ ਜ਼ਿਕਰ ਇੱਥੇ ਵੀ ਨਹੀਂ ਹੋਇਆ। ਭਾਈ ਮਨੀ ਸਿੰਘ ਨੂੰ ਮਾਤਾ ਸੁੰਦਰੀ ਜੀ ਨੇ 1721 ਈ. ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਨਿਯੁਕਤ ਕੀਤਾ ਸੀ। ਉਹ ਇਸ ਸੇਵਾ ਵਿਚ 17 ਸਾਲ ਰਹੇ ਅਤੇ 1738 ਵਿਚ ਸ਼ਹੀਦ ਕਰ ਦਿੱਤੇ ਗਏ ਸਨ। ਇਸ ਦੌਰਾਨ ਜਿਹੜੀ ਚਿੱਠੀ ਭਾਈ ਮਨੀ ਸਿੰਘ ਨੇ ਮਾਤਾ ਸੁੰਦਰੀ ਜੀ ਨੂੰ ਲਿਖੀ, ਉਸ ਦੇ ਆਧਾਰ ਤੇ ਹੀ ਇਹ ਮੰਨਿਆ ਜਾਂਦਾ ਹੈ ਕਿ ਕ੍ਰਿਸ਼ਨਾਵਤਾਰ ਅਤੇ 303 ਤ੍ਰੀਯਾ ਚਰਿਤ੍ਰ ਭਾਈ ਸਾਹਿਬ ਨੂੰ ਮਿਲ ਗਏ ਸਨ। ਪਰ ਇਸ ਦਾ ਇਥੇ ਵੀਚਾਰਨਯੋਗ ਪੱਖ ਇਹ ਹੈ ਕਿ ਇਹ ਹਵਾਲਾ ਉਸਦਾ ਹੈ, ਜੋ ਭਾਈ ਸਾਹਿਬ ਕੋਲ ਨਹੀਂ ਸੀ ਅਤੇ ਹੋਰਨਾਂ ਕੋਲ ਸੀ। ਸਵਾਲ ਇਹ ਪੈਦਾ ਹੁੰਦਾ ਹੈ ਕਿ ਦਸਮ ਪਾਤਸ਼ਾਹ ਜੀ ਦੀ ਬਾਣੀ ਪਹੁੰਚਣ ਦਾ ਕੋਈ ਹਵਾਲਾ ਨਹੀਂ ਹੈ ਅਤੇ ਇਸ ਨਾਲ ਇਹ ਪੁਸ਼ਟ ਹੋ ਜਾਂਦਾ ਹੈ ਕਿ ਸਿੱਖਾਂ ਕੋਲ ਦਸਮ ਪਾਤਸ਼ਾਹ ਜੀ ਦੀ ਬਾਣੀ ਸੁਰੱਖਿਅਤ ਰੂਪ ਵਿਚ ਉਸੇ ਤਰ੍ਹਾਂ ਪ੍ਰਾਪਤ ਸੀ, ਜਿਵੇਂ ਪਰੰਪਰਾ ਵਿਚ ਸਿੱਖਾਂ ਵਲੋਂ ਬਾਣੀ ਸੰਭਾਲੀ ਜਾਂਦੀ ਰਹੀ ਸੀ। ਜਿੱਥੋਂ ਤਕ ਪੱਤਰੇ ਸੰਭਾਲਣ ਅਤੇ ਭਾਈ ਮਨੀ ਸਿੰਘ ਤਕ ਪਹੁੰਚਣ ਦਾ ਸਵਾਲ ਹੈ, ਉਹਨਾਂ ਵਿਚ ਪਹਿਲ ਦਸਮ ਪਾਤਸ਼ਾਹ ਹਜ਼ੂਰ ਦੀ ਬਾਣੀ ਨੂੰ ਹੋਣੀ ਚਾਹੀਦੀ ਸੀ। ਪਰ ਜੋ ਕੁਝ ਇਕੱਠਾ ਹੋਇਆ, ਉਸ ਵਿਚ ਅਵਤਾਰ ਅਤੇ ਤ੍ਰੀਆ ਚਰਿਤ੍ਰ ਦਾ ਹਵਾਲਾ ਸਾਬਤ ਕਰਦਾ ਹੈ ਕਿ ਇਹ ਸਭ 'ਵਿਦਿਆ ਸਾਗਰ ਗ੍ਰੰਥ' ਦਾ ਹੀ ਹਿੱਸਾ ਸੀ। ਇਸੇ ਲਈ ਕਿਹਾ ਜਾ ਰਿਹਾ ਹੈ ਕਿ ਇਹ ਹਵਾਲਾ ਵੀ ਕਿਤੇ ਨਹੀਂ ਮਿਲਦਾ ਕਿ 'ਵਿਦਿਆ ਸਾਗਰ ਗ੍ਰੰਥ' ਵਿਚ ਦਸਮ ਪਾਤਸ਼ਾਹ ਦੀ ਬਾਣੀ ਵੀ ਸ਼ਾਮਲ ਸੀ। ਜੇ ਅਜਿਹਾ ਹੁੰਦਾ ਤਾਂ ਇਸ ਦਾ ਜ਼ਿਕਰ ਸਮਕਾਲੀ ਹਵਾਲਿਆਂ ਵਿਚ ਕਿਸੇ ਨ ਕਿਸੇ ਰੂਪ ਵਿਚ ਆ ਜਾਣਾ ਸੀ।

ਭਾਈ ਮਨੀ ਸਿੰਘ ਨੇ ਦੋ ਕੰਮ ਕੀਤੇ। ਇਕ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ, ਜਿਸ ਵਿਚ ਰਾਗਾਂ ਦੇ ਕ੍ਰਮ ਅਨੁਸਾਰ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਸੀ। ਦੂਜਾ ਉਹਨਾਂ ਨੇ ਹਰ ਸੰਭਵ ਯਤਨ ਕਰਕੇ, ਦਸਮ ਪਾਤਸ਼ਾਹ ਦੀ ਬਾਣੀ ਅਤੇ ਭਾਖਾ ਵਿਚ ਹੋ ਚੁੱਕੇ ਅਨੁਵਾਦ ਇਕੱਠੇ ਕਰਕੇ, 'ਦਸਵੇਂ' ਪਾਤਸ਼ਾਹ ਦਾ ਗ੍ਰੰਥ' ਤਿਆਰ ਕੀਤਾ।'[1] ਭਾਈ ਨਾਭਾ ਜੀ ਨੇ ਇਹ ਨਤੀਜਾ ਕੱਢਿਆ ਹੈ ਕਿ ਦਸਮ ਗ੍ਰੰਥ ਬਾਰੇ ਸ਼ਖਸ਼ੀ ਫੈਸਲੇ ਤਾਂ ਪ੍ਰਾਪਤ ਹਨ, ਪ੍ਰੰਤੂ ਦਸ਼ਮੇਸ਼ ਜੀ ਦੇ ਥਾਪੇ ਹੋਏ ਨਿਯਮਾਂ ਮੁਤਾਬਿਕ ਕੋਈ ਫੈਸਲਾ ਪ੍ਰਾਪਤ ਨਹੀਂ ਹੈ। ਇਸ ਦਾ ਸਿੱਟਾ ਹੈ ਕਿ "ਮੂਰਖ ਲਿਖਾਰੀਆਂ ਦੀ ਕ੍ਰਿਪਾ ਕਰਕੇ ਕਈ ਹੋਰ ਬੀੜਾਂ ਵੀ ਬਣ ਗਈਆਂ ਹਨ, ਔਰ ਅਰਥਾਂ ਦੇ ਅਨਰਥ ਹੋ ਗਏ ਹਨ, ਪਰ ਕਿਸੇ ਗੁਰਮਤ ਪ੍ਰੇਮੀ ਨੇ ਇਸ ਦੇ ਪੂਰਨ ਸੁਧਾਰ ਦਾ ਉਪਾਯ ਨਹੀਂ ਕੀਤਾ, ਚਾਹੇ ਬੀੜਾਂ ਤਾਂ ਬੇਅੰਤ ਹਨ, ਪਰ ਮੁੱਖ ਦੋ ਹੀ ਹਨ ਇਕ ਭਾਈ ਮਨੀ ਸਿੰਘ ਦੀ ਜਿਸ ਦਾ ਦੂਜਾ ਨਾਉਂ ਭਾਈ ਦੀਪ ਸਿੰਘ ਵਾਲੀ ਭੀ ਹੈ, ਦੂਜੀ ਭਾਈ ਸੁਖਾ ਸਿੰਘ ਦੀ, ਜਿਸ ਨੂੰ ਖਾਸ ਬੀੜ ਕਰਕੇ ਭੀ ਸਦਦੇ ਹਨ"[2]। ਇਹਨਾਂ ਦੋਹਾਂ ਹੀ ਬੀੜਾਂ ਦੇ ਤਤਕਰੇ ਵਿਚ 'ਬਚਿਤ੍ਰ ਨਾਟਕ ਗ੍ਰੰਥ' ਨਾਮ ਹੀ ਆਇਆ ਹੈ। ਭਾਈ ਮਨੀ ਸਿੰਘ ਵਾਲੀ ਬੀੜ ਵਿਚ "ਤਤਕਰਾ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਜੀ ਕਾ ਮੁਖਾਰਬਿੰਦ ਪਾਤਸ਼ਾਹੀ 10" ਅਤੇ ਭਾਈ ਸੁਖਾ ਸਿੰਘ ਵਾਲੀ ਬੀੜ ਵਿਚ "ਸੂਚੀ ਪੋਥੀ

ਕਾ ਤਤਕਰਾ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਜੀ ਦਾ ਮੁਖ ਵਾਕ ਪਾਤਸ਼ਾਹੀ 10॥ ਲਿਖਯਤੇ॥" ਹੈ। ਡਾ. ਬਲਬੀਰ ਸਿੰਘ ਨੇ 'ਦਸਮ ਗ੍ਰੰਥ: ਤੁਕ ਤਤਕਰਾ' ਦੀ ਭੂਮਿਕਾ ਵਿਚ ਇਹ ਲਿਖਿਆ ਹੈ ਕਿ 'ਦਸਮ ਗ੍ਰੰਥ ਨਾਮ ਵੀਹਵੀਂ ਸਦੀ ਦੇ ਮੁੱਢ ਵਿਚ ਪ੍ਰਚੱਲਿਤ ਹੋਇਆ', ਪਰ 'ਹਾਲੇ ਤਕ ਇਸ ਗ੍ਰੰਥ ਨੂੰ ਆਦਿ ਗ੍ਰੰਥ ਵਾਂਗੂੰ ਨੀਯਤ ਪੰਨਿਆਂ ਦੀ ਸੀਮਾਂ ਵਿਚ ਨਹੀਂ ਲਿਆਂਦਾ ਗਿਆ ਹੈ।' 'ਬਚ੍ਰਿਤ ਨਾਟਕ' ਤੋਂ 'ਦਸਮ ਗ੍ਰੰਥ' ਤਕ ਦਾ ਇਤਿਹਾਸ ਸਾਬਤ ਕਰ ਦੇਂਦਾ ਹੈ ਕਿ ਇਹ ਸਭ ਸੋਚੀ ਸਮਝੀ ਸਕੀਮ ਅਨੁਸਾਰ ਹੀ ਹੋਇਆ ਜਾਪਦਾ ਹੈ।

'ਦਸਮ ਗ੍ਰੰਥ' ਬਾਰੇ ਪ੍ਰਾਪਤ ਹਵਾਲਿਆਂ ਤੋਂ ਇਹ ਗੱਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਭਾਈ ਮਨੀ ਸਿੰਘ ਦੇ ਯਤਨ ਤੋਂ ਪਹਿਲਾਂ ਕੋਈ ਬੀੜ ਪ੍ਰਾਪਤ ਨਹੀਂ ਸੀ। ਪ੍ਰਾਪਤ ਬੀੜ ਬਾਰੇ ਜਿਹੜਾ ਵੀਚਾਰ ਵਟਾਂਦਰਾ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਦੀ ਸ਼ਹੀਦੀ ਤੋਂ ਪਿੱਛੋਂ ਹੋਇਆ, ਉਸ ਤੋਂ ਪਹਿਲੀ ਗੱਲ ਤਾਂ ਇਹ ਸਾਬਤ ਹੋ ਜਾਂਦੀ ਹੈ ਕਿ ਪ੍ਰਾਪਤ ਬੀੜ ਵਿਚ ਦਸਮ ਪਾਤਸ਼ਾਹ ਹਜ਼ੂਰ ਦੀਆਂ ਬਾਣੀਆਂ ਸ਼ਾਮਲ ਹੋ ਜਾਣ ਕਰਕੇ ਇਸ ਗ੍ਰੰਥ ਦਾ ਸਤਿਕਾਰ ਤਾਂ ਸੀ, ਪਰ ਪ੍ਰਾਪਤ ਬੀੜ ਵਿਚ ਸ਼ਾਮਲ ਬਾਕੀ ਸਾਰੀਆਂ ਬਾਣੀਆਂ ਨੂੰ ਦਸਮ ਪਾਤਸ਼ਾਹ ਦੀ ਰਚਨਾ ਮੰਨਣ ਬਾਰੇ ਪੰਥਕ ਸਹਿਮਤੀ ਨਹੀਂ ਸੀ। ਏਸੇ ਲਈ ਵਾਰ ਵਾਰ ਇਹ ਨੁਕਤਾ ਉੱਠਦਾ ਰਿਹਾ ਸੀ ਕਿ ਦਸਮ ਪਾਤਸ਼ਾਹ ਦੀ ਬਾਣੀ, ਬਾਕੀ ਰਚਨਾਵਾਂ ਨਾਲੋਂ ਅਲੱਗ ਕਰਕੇ ਦੋ ਗਰੰਥ ਬਣਾ ਦਿੱਤੇ ਜਾਣ। ਤ੍ਰੀਯਾਂ ਚਰਿਤ੍ਰ ਅਤੇ ਹਕਾਇਤਾਂ ਨੂੰ ਕਲਪੇ ਜਾ ਰਹੇ ਦੋਹਾਂ ਗ੍ਰੰਥਾਂ ਵਿਚੋਂ ਕਿਸੇ ਵਿਚ ਵੀ ਸ਼ਾਮਲ ਨ ਕੀਤੇ ਜਾਣ ਵਾਸਤੇ ਲਗਭਗ ਸਹਿਮਤੀ ਹੀ ਸੀ। ਮਸਲਾ ਅੱਜ ਵੀ ਇਥੇ ਹੀ ਖੜਾ ਹੈ। ਹਲ ਉਦੋਂ ਹੁੰਦਾ ਜਾਂ ਅੱਜ ਹੋਵੇ, ਪਰਖ ਵਾਸਤੇ ਕਸੌਟੀ ਗ੍ਰੰਥ ਅਤੇ ਪੰਥ ਨੇ ਹੀ ਰਹਿਣਾ ਹੈ। ਭਗਤ ਰਤਨਾਵਲੀ ਦੀ ਸਾਖੀ 140 ਦਾ ਇਹ ਵਾਕ ਵੀ ਇਸੇ ਸੁਰ ਵਿਚ ਕਸੌਟੀ ਬਣ ਸਕਦਾ ਹੈ ਕਿ "ਜੈਸੇ ਤੁਸਾਂ ਨੂੰ ਵੇਦ ਸ਼ਾਸਤ੍ਰ ਪੁਰਾਣਾ ਤੇ ਪ੍ਰਤੀਤ ਹੈ, ਤੈਸੇ ਗੁਰਾਂ ਦੇ ਸਿੱਖਾਂ ਨੂੰ ਗੁਰਾਂ ਦੇ ਵਚਨਾਂ ਤੇ ਪ੍ਰਤੀਤ ਹੈ।" ਪੰਥਕ-ਸੁਜਗਤਾ ਦੀ ਪਰਖ ਦਸਮ ਪਾਤਸ਼ਾਹ ਹਜ਼ੂਰ ਦਾਦੂ ਦੀ ਕਬਰ ਤੇ ਸਿਰ ਝੁਕਾਉਣ ਦਾ ਬਚਿੱਤਰ ਨਾਟਕ ਕਰਕੇ ਵੀ ਕਰ ਚੁੱਕੇ ਸਨ। ਪੰਥ ਨੇ ਸ਼ਬਦ-ਗੁਰੂ ਦੀ ਅਗਵਾਈ ਵਿਚ ਹੀ ਗੁਰੂ-ਪੰਥ ਹੋਣਾ ਹੈ। ਪੰਥਕ ਬਿਬੇਕ ਦਾ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਜਿੱਥੇ ਅਤੇ ਜਦੋਂ ਠੀਕ ਅਤੇ ਗ਼ਲਤ ਵਿਚਕਾਰ ਫ਼ੈਸਲਾ ਲੈਣ ਦੀ ਨੌਬਤ ਆਵੇ ਤਾਂ ਕਸੌਟੀ ਗੁਰਬਾਣੀ ਹੀ ਰਹੇਗੀ। ਬਹੁਤ ਸਾਰੀਆਂ ਲਿਖਤਾਂ ਸਿੱਖ ਧਰਮ ਬਾਰੇ ਅਜਿਹੀਆਂ ਵੀ ਮਿਲਦੀਆਂ ਹਨ, ਜਿਨ੍ਹਾਂ ਨੂੰ ਜਿਉਂ ਦਾ ਤਿਉਂ ਮੰਨਣ ਨਾਲ ਸਿੱਖੀ ਦੇ ਮੂਲ ਸਰੋਕਾਰ ਹੀ ਵੰਗਾਰੇ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਇਸ ਪਰਥਾਏ ਪਰਵਾਨ ਕਰਦੇ ਹਨ ਕਿ "ਅਸੀਂ ਇਤਿਹਾਸ ਰਹਿਤਨਾਮੇ ਆਦਿ ਪੁਸਤਕਾਂ ਦਾ ਗੁਰਬਾਣੀ ਨਾਲ ਟਾਕਰਾ ਕਰੀਏ ਤਾਂ ਤੁਰੰਤ ਸੱਚ ਝੂਠ ਦਾ ਨਿਤਾਰਾ ਹੋ ਜਾਂਦਾ ਹੈ। ਇਸ ਤੋਂ ਛੁਟ ਸਾਨੂੰ ਵਕਤਾ ਦੇ ਤਾਤਪਰਯ ਅਰ ਪ੍ਰਕਰਣ ਦਾ ਗਯਾਨ ਭੀ ਹੋਣਾ ਚਾਹੀਯੇ, ਜਿਸ ਦੇ ਜਾਣੇ ਬਿਨਾ ਕਿਸੇ ਵਾਕ ਨੂੰ ਪਰਮਾਣਿਕ ਮੰਨ ਲੈਣਾ ਭਾਰੀ ਭੁਲ ਦਾ ਕਾਰਣ ਹੁੰਦਾ ਹੈ" । (ਗੁਰੁਮਤ ਸੁਧਾਕਰ ਜ)

ਇਸ ਦੀ ਉਦਾਹਰਣ ਜੇ ਦੇਣੀ ਹੋਵੇ ਤਾਂ ਚੌਪਈ ਦੇ ਤਾਤਪਰਯ ਅਤੇ ਪਰਸੰਗ ਰਾਹੀਂ ਦਿੱਤੀ ਜਾ ਸਕਦੀ ਹੈ। ਚੌਪਈ ਆਪਣੇ ਪਰਸੰਗ ਵਜੋਂ 'ਤ੍ਰੀਯਾ ਚਰਿਤ੍ਰ' ਦਾ ਹਿੱਸਾ ਹੈ। ਪਰ ਤਾਤਪਰਯ ਵਜੋਂ ਇਸ ਦੇ ਜਿਹੜੇ ਭਾਗ ਦਾ ਗੁਰਮਤਿ ਨਾਲ ਵਿਰੋਧ ਨਹੀਂ ਹੈ ਉਸਨੂੰ ਪੰਥਕ ਮਾਨਤਾ ਪ੍ਰਾਪਤ ਹੋ ਗਈ ਹੈ। ਇਹ ਮਾਨਤਾ ਕਦੋਂ ਤੇ ਕਿਵੇਂ ਪ੍ਰਾਪਤ ਹੋਈ, ਇਸ ਬਾਰੇ ਤਾਂ ਪਰਮਾਣਿਕ ਰੂਪ ਵਿਚ ਕੁਝ ਵੀ ਪ੍ਰਾਪਤ ਨਹੀਂ ਹੈ, ਪਰ ਇਸ ਨੂੰ ਮਿਲੀ ਹੋਈ ਮਾਨਤਾ ਨਿਰਸੰਦੇਹ ਗ੍ਰੰਥ ਅਤੇ ਪੰਥ ਦੀ ਕਸੌਟੀ ਤੇ ਪਰਖਣ ਤੋਂ ਬਾਦ ਹੀ ਮਿਲੀ ਹੋਈ ਲੱਗਦੀ ਹੈ। ਇਸ ਦੇ ਉਹੀ 25 ਬੰਦ (377-401) ਪੰਥ-ਪਰਵਾਣਤ ਹਨ, ਜਿਨ੍ਹਾਂ ਦਾ ਗੁਰਮਤਿ ਅਨੁਸਾਰੀ ਹੋਣਾ ਸਿੱਧ ਹੈ। ਪਰ ਇਸ ਦੇ ਚਾਰ ਬੰਦ (402-5) ਪੰਥ ਪਰਵਾਣਤ ਨਹੀਂ ਹਨ ਕਿਉਂਕਿ ਉਹ ਗੁਰਮਤਿ ਅਨੁਸਾਰੀ ਨਹੀਂ ਹਨ। ਇਹਨਾਂ ਚਾਰਾਂ ਵਿਚੋਂ ਅਖੀਰਲੇ ਨੂੰ ਛੱਡ ਕੇ ਬਾਕੀ ਤਿੰਨਾਂ ਦਾ ਪਾਠ ਅਜਿਹੇ ਸਿੱਖਾਂ ਨੇ ਕਰਣਾ ਸ਼ੁਰੂ ਵੀ ਕਰ ਦਿੱਤਾ, ਜਿਹੜੇ ਇਹਨਾਂ ਨੂੰ ਛੱਡੇ ਜਾਣ ਦੇ ਪੰਥਕ-ਬਿਬੇਕ ਨੂੰ ਜਾਂ ਸਮਝਣਾ ਨਹੀਂ ਚਾਹੁੰਦੇ ਜਾਂ ਸਮਝਣ ਤੋਂ ਅਸਮੱਰਥ ਹਨ। ਸਿੱਖ ਧਰਮ ਦੇ ਗੰਭੀਰ ਪਾਠਕ ਨੂੰ ਇਹ ਸਮਝਣਾ ਔਖਾ ਨਹੀਂ ਹੈ ਕਿ ਛੱਡੇ ਗਏ ਤਿੰਨਾਂ ਬੰਦਾਂ ਦੀ ਚੌਪਈ ਦੇ 25 ਬੰਦਾਂ ਨਾਲ ਵੀ ਇਕਸੁਰਤਾ ਸਥਾਪਤ ਕਰਨੀ ਮੁਸ਼ਕਲ ਜਾਪਦੀ ਹੈ। ਤਿੰਨਾਂ ਬੰਦਾਂ ਦਾ ਪਾਠ ਇਸ ਪ੍ਰਕਾਰ ਹੈ :

ਕਿਰਪਾ ਕਰੀ ਹਮ ਪਰ ਜਗਮਾਤਾ। ਗ੍ਰੰਥ ਕਰਾ ਪੂਰਨ ਸੁਭਰਾਤਾ।
ਕਿਲਬਿਖ ਸਕਲ ਦੇਖ ਕੋ ਹਰਤਾ। ਦੁਸਟ ਦੋਖੀਅਨ ਕੌ ਛੈ ਕਰਤਾ। 402

ਸ੍ਰੀ ਅਸਿਧੁਜ ਜਬ ਭਏ ਦਯਾਲਾ। ਪੂਰਨ ਕਰਾ ਗ੍ਰੰਥ ਤਤਕਾਲਾ।
ਮਨ ਬਾਂਛਤ ਫਲ ਪਾਵੈ ਸੋਈ। ਦੂਖ ਨ ਤਿਸੈ ਬਿਆਪਤ ਕੋਈ।
ਅੜਿਲ : ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ।
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ।
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ।
ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ। 404

ਇਹ ਹਵਾਲਾ ਇਸ ਲਈ ਦਿੱਤਾ ਹੈ ਤਾਂ ਕਿ ਪੰਥਕ-ਬਿਬੇਕ ਦਾ ਇਹ ਨੁਕਤਾ ਸਾਹਮਣੇ ਲਿਆਂਦਾ ਜਾ ਸਕੇ ਕਿ 'ਦਸਮ ਗ੍ਰੰਥ' ਵਿਚੋਂ ਦਸਮ ਪਾਤਸ਼ਾਹ ਦੀ ਬਾਣੀ ਦੀ ਨਿਸ਼ਾਨਦੇਹੀ ਕਰਣ ਵਾਸਤੇ, ਇਸ ਵਿਧੀ ਨੂੰ ਵਰਤਿਆਂ, ਚਲ ਰਹੇ ਬੇਲੋੜੇ ਵਿਵਾਦ ਨੂੰ ਸਮੇਟਿਆ ਜਾ ਸਕਦਾ ਹੈ। ਜਿਵੇਂ ਕਿਸੇ ਵੇਲੇ ਖਾਲਸਾ-ਬਿਬੇਕ ਨਾਲ ਚੌਪਈ ਦੇ 28 ਵਿਚੋਂ 25 ਬੰਦ ਪਰਵਾਨ ਕਰ ਲਏ ਗਏ ਸਨ, ਉਵੇਂ ਹੀ ਜੋ ਗੁਰਮਤਿ ਦੇ ਵਿਰੁੱਧ ਹੈ ਉਸ ਨੂੰ ਛੱਡ ਕੇ ਅਤੇ ਜੋ ਗੁਰਮਤਿ ਦੇ ਹੱਕ ਵਿਚ ਹੈ, ਉਸ ਨੂੰ ਲੈ ਕੇ ਇਸ ਵੱਡ-ਆਕਾਰੀ ਗ੍ਰੰਥ ਦਾ ਪੰਥਕ-ਟੈਕਸਟ ਤਿਆਰ ਕੀਤਾ ਜਾ ਸਕਦਾ ਹੈ। ਇਸ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਹੈ ਕਿ ਮੇਰੀ ਰਾਇ ਉਨਾਂ ਚਿਰ ਕੋਈ ਅਰਥ ਨਹੀਂ ਰੱਖਦੀ, ਜਿੰਨਾਂ ਚਿਰ ਇਸ ਨੂੰ ਪੰਥਕ-ਵਿਧੀ ਵਿਚ ਮਾਨਤਾ ਪ੍ਰਾਪਤ ਨਹੀਂ ਹੋ ਜਾਂਦੀ। ਜੇ ਏਨੀਂ ਕੁ ਪੰਥਕ-ਸੱਚਾਈ ਨੂੰ ਸਮਝ ਲਿਆ ਜਾਵੇ ਤਾਂ 'ਦਸਮ ਗ੍ਰੰਥ' ਬਾਰੇ ਚੱਲ ਰਹੀ ਬਹਿਸ ਨੂੰ ਲੈ ਕੇ ਪੱਬਾਂ ਭਾਰ ਹੋਈਆਂ ਦੋਹਾਂ ਧਿਰਾਂ ਨੂੰ ਕਦਮ ਰੋਕ ਕੇ ਸੋਚਣ ਦੀ ਲੋੜ ਤਾਂ ਮਹਿਸੂਸ ਹੋ ਹੀ ਸਕਦੀ ਹੈ। ਇਹਨਾਂ ਦੋਹਾਂ ਧਿਰਾਂ ਵਿਚ ਇਕ ਉਹ ਹੈ ਜਿਹੜੀ ਪ੍ਰਾਪਤ ਪੂਰੇ ਦੇ ਪੂਰੇ 'ਦਸਮ ਗ੍ਰੰਥ' ਨੂੰ ਦਸਮ ਪਾਤਸ਼ਾਹ ਦੀ ਬਾਣੀ ਮੰਨਦੀ ਹੈ ਅਤੇ ਦੂਜੀ ਉਹ ਧਿਰ ਹੈ, ਜਿਹੜੀ ਸਾਰੇ 'ਦਸਮ ਗ੍ਰੰਥ' ਨੂੰ ਹੀ ਰੱਦ ਕਰਣ ਵਾਲੇ ਪਾਸੇ ਤੁਰੀ ਹੋਈ ਹੈ। ਇਹ ਦੋਵੇਂ ਪੁਜ਼ੀਸ਼ਨਾਂ ਉਲਾਰ ਅਤੇ ਅੰਤਮਪੱਖੀ ਹਨ ਅਤੇ ਇਹਨਾਂ ਤੋਂ ਗੁਰੇਜ਼ ਕਰਕੇ ਅਤੇ ਪੰਥਕ-ਵਿਧੀ ਵਿਚ ਫੈਸਲਾ ਲੈਣ ਦੀ ਲੋੜ ਹੈ।

ਮੈਂ ਅਜਿਹੇ ਵਿਦਵਾਨਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਉਮਰ ਭਰ 'ਦਸਮ ਗ੍ਰੰਥ' ਬਾਰੇ ਸੋਚਿਆ ਹੀ ਨਹੀਂ, ਪਰ ਆਖਰੀ ਉਮਰੇ ਕਾਹਲੀ ਵਿਚ ਸਾਰੇ ਗ੍ਰੰਥ ਨੂੰ ਰੱਦ ਕਰਣ ਦੇ ਲਾਲਚ ਵਿਚ ਇਹ ਵੀ ਖ਼ਿਆਲ ਨ ਰੱਖਿਆ ਕਿ ਪੰਥਕ-ਵਿਧੀ ਅਧੀਨ ਅਜਿਹਾ ਕਿਸੇ ਵੀ ਸਿੱਖ ਨੂੰ ਅਧਿਕਾਰ ਹੀ ਨਹੀਂ ਹੈ। ਦੋਹਾਂ ਉਲਾਰ ਧਿਰਾਂ ਨੂੰ ਸਮਝਣ ਲਈ ਦੋ ਉਦਾਹਰਨਾਂ ਇੱਥੇ ਦੇਣ ਨਾਲ ਮਸਲੇ ਨੂੰ ਸਮਝਣ ਵਿਚ ਸਹਾਇਤਾ ਮਿਲ ਸਕਦੀ ਹੈ। ਪਹਿਲੀ ਇਕ ਸਥਾਪਤ ਸਿਆਸੀ ਲੀਡਰ ਦੀ ਉਦਾਹਰਣ ਹੈ, ਜੋ ਇਹ ਸਮਝਦਾ ਹੈ ਕਿ ਜੋ ਪੂਰੇ 'ਦਸਮ ਗ੍ਰੰਥ' ਨੂੰ ਨਹੀਂ ਮੰਨਦੇ, ਉਹ ਜਾਪੁ ਸਾਹਿਬ ਨੂੰ ਨਹੀਂ ਮੰਨਦੇ। ਉਸਨੇ ਦਸਮ-ਗੁਰੂ ਦੀ ਬਾਣੀ ਜਾਂ ਗੁਟਕੇ ਤੋਂ ਪੜ੍ਹੀ ਸੀ, ਜਾਂ ਢਾਡੀਆਂ ਤੇ ਕਥਾਕਾਰਾਂ ਤੋਂ ਸੁਣੀ ਸੀ। ਜਦੋਂ ਉਸ ਨੂੰ ਤ੍ਰੀਆ ਚਰਿਤ੍ਰ ਪੜ੍ਹਾਇਆ ਗਿਆ ਤਾਂ ਉਸ ਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਇਹ ਵੀ ਦਸਮ-ਗ੍ਰੰਥ ਦਾ ਹਿੱਸਾ ਹੋ ਸਕਦੀ ਹੈ। ਦੂਸਰੀ ਉਦਾਹਰਣ ਇਕ ਸਥਾਪਤ ਸਿੱਖ ਵਿਦਵਾਨ ਦੀ ਹੈ, ਜੋ ਇਹ ਕਹਿ ਰਿਹਾ ਸੀ ਕਿ 'ਮੇਰਾ ਗੁਰੂ ਤ੍ਰੀਆ ਚਰਿਤ੍ਰ ਵਰਗੀ ਬਾਣੀ ਨਹੀਂ ਲਿਖ ਸਕਦਾ'। ਜੋ ਵਿਦਵਾਨ ਸੰਪੂਰਨ ਦਸਮ-ਗ੍ਰੰਥ ਦੇ ਮੁਦਈ ਹਨ, ਉਹ ਇਹ ਦੋਵੇਂ ਪੱਖ ਲੁਕੋ ਕੇ ਗੱਲ ਕਰਦੇ ਨਜ਼ਰ ਆ ਜਾਂਦੇ ਹਨ। ਜਿਹੜੇ ਲੇਖਕਾਂ ਨੂੰ ਚਰਿਤ੍ਰੋਪਾਖਿਆਨ ਵਿਚੋਂ ਗੁਰਮਤਿ ਅ' ਮੰਤਵ ਨਜ਼ਰ ਆਉਂਦੇ ਹਨ, ਉਹਨਾਂ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਉਹਨਾਂ ਨੂੰ ਸੱਚੀਂ ਮੁਚੀਂ ਲੱਗਦਾ ਹੈ ਕਿ ਇਸ ਰਚਨਾ ਵਿਚਲੀ 'ਅੰਨ੍ਹੀ ਕਾਮੁਕਤਾ' ਨੂੰ ਜੇ 'ਬੇਜੋੜ ਵਿਆਹ, ਝੂਠੀ ਅਤੇ ਫਰੇਬੀ ਸ਼ਾਨ' ਮੰਨ ਵੀ ਲਿਆ ਜਾਵੇ ਤਾਂ ਵੀ ਇਹ ਗੁਰੂ-ਸਿੱਖਿਆ ਦਾ ਹਿੱਸਾ ਕਿਵੇਂ ਬਣੇਗਾ ? ਇਹੋ ਜਿਹੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ, ਜੇ ਕੋਈ ਲੇਖਕ ਪਰੰਪਰਕ ਪ੍ਰੀਤ ਕਹਾਣੀਆਂ ਦੇ ਹਵਾਲੇ ਨਾਲ ਇਸ ਨੂੰ 'ਲੋਕਯਾਨ ਦਾ ਭੰਡਾਰ' ਕਹਿਣ ਦੀ ਵਧੀਕੀ ਕਰੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਟੀਚਾ ਮੰਤਵ-ਸਿੱਧੀ ਹੀ ਹੋ ਸਕਦਾ ਹੈ। ਇਸ ਵਾਸਤੇ ਅਕਸਰ ਚਰਿਤ੍ਰ 266 ਦਾ ਹਵਾਲਾ ਦਿੱਤਾ ਜਾਂਦਾ ਹੈ। ਸਵਾ ਸੌ ਬੰਦਾਂ ਦੇ ਇਸ ਚਰਿਤ੍ਰ ਵਿਚ ਕਿਤੇ-ਕਿਤੇ ਅਜਿਹੇ ਹਵਾਲੇ ਮਿਲ ਜਾਂਦੇ ਹਨ, ਜਿਹਨਾਂ ਨੂੰ ਗੁਰਮਤਿ ਦੇ ਵਿਰੋਧ ਵਿਚ ਪਰਵਾਨ ਕਰਣ ਦੀ ਲੋੜ ਨਹੀਂ ਪੈਂਦੀ। ਉਦਾਹਰਣ ਵਜੋਂ ਪਰਮਾਰਥ ਦੇ ਨਾਮ ਤੇ ਕੀਤੇ ਗਏ ਪਾਪਾਂ ਸਾਹਮਣੇ ਵੱਡੇ ਤੋਂ ਵੱਡੇ ਪਾਪ ਸ਼ਰਮਿੰਦੇ ਹੋ ਜਾਂਦੇ ਹਨ :

ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਡਰਾਹੀ।

ਪਾਇ ਪਰੋ ਪਰਮੇਸ਼ਵਰ ਕੇ ਪਸੁ ਪਾਹਨ ਮੈ ਪਰਮੇਸਵਰ ਨਾਹੀ। 12

ਇਹ ਤੇ ਇਹੋ ਜਿਹੇ ਹੋਰ ਹਵਾਲੇ ਇਹੀ ਸੰਕੇਤ ਕਰਦੇ ਹਨ ਕਿ ਸਿੱਖ-ਸਰੋਕਾਰਾਂ ਦਾ ਪ੍ਰਭਾਵ 52 ਕਵੀਆਂ ਤੇ ਸੀ ਅਤੇ ਇਸ ਦਾ ਕਿਤੇ ਨ ਕਿਤੇ ਪ੍ਰਗਟਾਵਾ ਵੀ ਹੋ ਜਾਣਾ ਸਮਝ ਆਉਂਦਾ ਹੈ। ਜੋ ਗੁਰਮਤਿ ਦੀ ਪਰਖ ਤੇ ਪੂਰਾ ਉਤਰਦਾ ਹੈ, ਉਸ ਨੂੰ ਚੌਪਈ ਵਾਂਗ ਗ੍ਰੰਥ ਅਤੇ ਪੰਥ ਦੀ ਵਿਧੀ ਵਿਚ ਅਪਣਾਇਆ ਜਾ ਸਕਦਾ ਹੈ। ਏਸੇ ਲਈ ਇਸ ਗ੍ਰੰਥ ਦਾ ਪੰਥਕ-ਟੈਕਸਟ ਤਿਆਰ ਕਰਣ ਦੀ ਲੋੜ ਹੈ। ਅਜਿਹਾ ਉਲਾਰ ਅਤੇ ਅੰਤਰਮੁਖੀ ਪੈਂਤੜਿਆਂ ਰਾਹੀਂ ਸੰਭਵ ਨਹੀਂ ਹੋ ਸਕਣਾ। ਵਿਚਕਾਰਲੇ ਰਾਹ ਦੀ ਲੋੜ ਨੂੰ ਸਾਹਮਣੇ ਰੱਖਦਿਆਂ ਟੈਕਸਟ-ਨਿਰਧਾਰਨ ਵੱਲ ਤੁਰਿਆ ਜਾ ਸਕਦਾ ਹੈ। ਹਵਾਲੇ ਵਿਚਲੇ ਚਰਿਤ੍ਰ ਵਿਚ ਵੀ ਸਭ ਅੱਛਾ ਨਹੀਂ ਹੈ। ਮੂਰਤੀ-ਪੂਜਕ ਪੰਡਤ ਨੂੰ ਰਾਜੇ ਦੀ ਪੁੱਤਰੀ ਤੇ ਪੰਡਤ ਦੀ ਵਿਦਿਆਰਥਣ ਨੇ ਦਲੀਲਾਂ ਨਾਲ ਹਰਾ ਤਾਂ ਦਿੱਤਾ। ਅਜਿਹਾ ਕਾਮੁਕਤਾ ਦੇ ਸਹਾਰੇ ਤੋਂ ਬਿਨਾਂ ਵੀ ਕਰ ਲਿਆ। ਪਰ ਇਹ ਕੌਣ ਵੇਖੇਗਾ ਕਿ ਨਤੀਜਾ ਕੀ ਕੱਢਿਆ ? ਫਿਰ ਵੀ ਕੰਨਿਆ ਦੀ ਦਲੀਲ ਦਾ ਪੱਧਰ ਵੇਖ ਆਪਣੇ ਅਧਿਆਪਕ ਨੂੰ ਪੁੱਛ ਰਹੀ ਹੈ ਕਿ ਲਿੰਗ-ਪੂਜਕ ਨੂੰ ਜੇ ਲਿੰਗ ਮਿਲ ਹੀ ਜਾਵੇ ਤਾਂ ਕੀ ਤੂੰ ਉਸ ਲਿੰਗ ਨੂੰ ਧੀ ਨੂੰ ਦੇਵੇਂਗਾ ਜਾਂ ਉਸ ਨੂੰ ਆਪ ਖਾਏਂਗਾ :

ਲਿੰਗ ਕੀ ਤੂ ਪੂਜਾ ਕਰੈ ਸੰਭੂ ਜਾਨਿ ਪਾਇ ਪਰੈ,
ਸੋਈ ਅੰਤ ਦੈਹੈ ਤੇਰੇ ਕਰ ਮੈ ਨਿਕਾਰਿ ਕੈ।
ਦੁਹਿਤਾ ਕੋ ਦੈਹੈ ਕੀ ਤੂ ਆਪਨ ਖਬੈ ਹੈ ਤਾ ਕੌ,
ਯੌ ਹੀ ਤੋਹਿ ਮਾਰਿ ਹੈ ਰੇ ਸਦਾ ਸਿਵ ਖਵਾਰਿ ਕੈ। 20

ਭੰਗ ਪੀਣ ਦੀ ਵਕਾਲਤ ਇਹ ਕਹਿਕੇ ਹੋ ਰਹੀ ਕਿ ਭੰਗ ਨ ਪੀਣ ਨਾਲ ਜਦੋਂ ਬੁੱਧੀ ਪ੍ਰਾਪਤ ਨਹੀਂ ਹੋਈ ਤਾਂ ਪੀਣ ਨਾਲ ਬੁੱਧੀ ਹਰੀ ਨਹੀਂ ਜਾਂਦੀ :

ਭਾਂਗ ਪੀਏ ਬੁਧਿ ਜਾਤ ਨ ਹਰੀ। ਬਿਨੁ ਪੀਏ ਤਵ ਬੁਧਿ ਕਹ ਪਰੀ। 37
ਭਾਂਗ ਨ ਏਤੇ ਪਰ ਭਖੈ ਜਾਨਤ ਆਪ ਸੁਚੇਤ। 58
ਸ਼ਵਾਲ ਕਰ ਰਹੀ ਕੰਨਿਆ ਮਹਾਕਾਲ ਦੀ ਪੂਜਕ ਹੈ :
ਦਿਜ ਹਮ ਮਹਾਕਾਲ ਕੋ ਮਾਨੈ। ਪਾਹਨ ਮੈ ਮਨ ਕੋ ਨਹਿ ਆਨੈ।9।

ਬ੍ਰਾਹਮਣ ਨੂੰ ਇਹ ਕਹਿ ਕੇ ਡਰਾ ਦਿੱਤਾ ਕਿ ਆਪਣੇ ਰਾਜਾ ਪਿਤਾ ਨੂੰ ਦੱਸਾਂਗੀ ਕਿ ਤੂੰ ਮੈਨੂੰ ਹੱਥ ਪਾਇਆ ਹੈ :

ਕਹੀ ਕੁਅਰਿ ਪਿਤੁ ਪਹਿ ਮੈ ਜੈ ਹੌ। ਤੈ ਮੁਹਿ ਡਾਰਾ ਹਾਥ ਬਤੈ ਹੌ।
ਤੇਰੇ ਦੋਨੋ ਹਾਥ ਕਟਾਊ। ਤੌ ਰਾਜਾ ਕੀ ਸੁਤਾ ਕਹਾਊ। 122

ਇਸ ਦਬਕੇ ਨੇ ਪੰਡਤ ਨੂੰ ਏਨਾ ਡਰਾ ਦਿੱਤਾ ਕਿ ਉਸਨੇ ਰਾਜ ਕੰਨਿਆ ਦੀ ਹਰ ਗੱਲ ਮੰਨ ਲੈਣ ਦਾ ਯਕੀਨ ਦੁਆ ਦਿੱਤਾ। ਰਾਜ ਕੁਮਾਰੀ ਨੇ ਕਿਹਾ ਕਿ ਤੂੰ ਹੁਣ ਪੱਥਰ ਦੀ ਪੂਜਾ ਨਹੀਂ ਕਰੇਂਗਾ ਅਤੇ ਮਹਾਂਕਾਲ ਦੇ ਚਰਣੀਂ ਲੱਗੇਂਗਾ :

ਪਾਹਨ ਕੀ ਪੂਜਾ ਨਹਿ ਕਰਿਯੈ। ਮਹਾਂਕਾਲ ਕੇ ਪਾਇਨ ਪਰਿਯੈ। 123

ਨਤੀਜਾ ਇਹ ਨਿਕਲ ਆਇਆ ਕਿ ਭਾਹਮਣ ਛਲਿਆ ਗਿਆ ਅਤੇ ਉਸਨੂੰ ਸ਼ਰਾਬ ਅਤੇ ਭੰਗ ਪਿਆ ਕੇ ਮਹਾਂਕਾਲ ਦਾ ਸੇਵਕ ਬਣਾ ਦਿੱਤਾ :

ਇਹ ਛਲ ਸੌ ਮਿਸਰਹਿ ਛਲਾ ਪਾਹਨ ਦਏ ਬਹਾਇ।
ਮਹਾਂਕਾਲ ਕੋ ਸਿਖਯ ਕਰਿ ਮਦਰਾ ਭਾਂਗ ਪਿਵਾਇ। 125

ਇਹ ਸਾਰਾ ਵੇਰਵਾ ਇਸ ਲਈ ਦੇ ਦਿੱਤਾ ਹੈ ਤਾਂ ਕਿ ਦੱਸਿਆ ਜਾ ਸਕੇ ਕਿ ਗੁਰਮਤਿ ਪ੍ਰਭਾਵ ਖਿਲਰਵੇਂ ਜਿਹੇ ਰੂਪ ਵਿਚ ਨਿਰਸੰਦੇਹ ਪ੍ਰਾਪਤ ਹੈ। ਗੁਰੂ ਸਾਹਿਬ ਦੀ ਛਤਰਛਾਇਆ ਹੇਠ ਵਿਚਰਦੇ ਕਵੀਆਂ ਵਿਚ ਅਜਿਹਾ ਹੋ ਜਾਣਾ ਕੁਦਰਤੀ ਵੀ ਹੈ ਅਤੇ 'ਦਸਮ-ਗ੍ਰੰਥ' ਬਾਰੇ ਨਿਰਣਾ ਲੈਣ ਵਿਚ ਰੁਕਾਵਟ ਵੀ ਹੈ। ਵੇਖਣ ਦੀ ਲੋੜ ਹੈ ਕਿ ਲਿਖ਼ਤ ਦਾ ਮੰਤਵ (ਤਾਤਪਰਜ) ਕੀ ਹੈ ਅਤੇ ਪ੍ਰਸੰਗ (ਪ੍ਰਕਰਣ) ਕੀ ਹੈ। ਸਾਰੇ ਹੀ ਤ੍ਰੀਆਂ ਚਰਿਤ੍ਰਾਂ ਦਾ ਮੰਤਵ ਅਤੇ ਪ੍ਰਸੰਗ ਗੁਰਮਤਿ-ਅਨੁਸਾਰੀ ਨਹੀਂ ਹੈ। ਇਹ ਭੁਲੇਖਾ ਵੀ ਮਨੋਂ ਕੱਢ ਦੇਣਾ ਚਾਹੀਦਾ ਹੈ ਕਿ ਇਹਨਾਂ ਚਰਿਤ੍ਰਾਂ ਨਾਲ 'ਕਾਮ ਅਤੇ ਵਿਵਹਾਰ ਵਿਚ ਸਮੰਜਸ' ਲਿਆਇਆ ਜਾ ਸਕਦਾ

ਹੈ। ਪੂਰਬ ਨਾਨਕ ਕਾਲ ਵਿਚ ਇਸਤ੍ਰੀ ਦੀ ਜੋ ਦਸ਼ਾ ਪਰਿਵਾਰ, ਬਰਾਦਰੀ ਅਤੇ ਸਮਾਜ ਵਿਚ ਸੀ, ਉਸਨੂੰ ਬਣਾਈ ਰੱਖਣ ਵਿਚ ਧਰਮ ਵੀ ਹਿੱਸਾ ਪਾ ਰਿਹਾ ਸੀ। ਸਿੱਖ ਧਰਮ ਨੇ ਇਸਤ੍ਰੀ ਨੂੰ ਲਿੰਗ ਭੇਦ ਵਿਚੋਂ ਕੱਢਕੇ ਜਿਸ ਮਾਨ ਸਤਿਕਾਰ ਦਾ ਹੱਕਦਾਰ ਬਣਾਇਆ, ਤੀਆਂ ਚਰਿਤ੍ਰਾਂ ਵਿਚੋਂ ਪੈਦਾ ਹੁੰਦਾ ਪ੍ਰਭਾਵ ਇਸਦੇ ਬਿਲਕੁਲ ਹੀ ਉਲਟ ਹੈ। ਇਸਤ੍ਰੀ ਨੂੰ ਇਕ ਪਾਸੇ ਭੋਗ ਦੀ ਵਸਤੂ ਅਤੇ ਦੂਜੇ ਪਾਸੇ ਚਲਤ੍ਰਿ-ਮਾਧਿਅਮ ਵਜੋਂ ਪੇਸ਼ ਕਰਕੇ, ਨ ਘਰ ਵਿਚ ਵਸਣਯੋਗ ਰਹਿਣ ਦਿੱਤਾ ਹੈ ਅਤੇ ਨ ਹੀ ਕਿਸੇ ਵੀ ਖੇਤਰ ਵਿਚ ਭਰੋਸੇਯੋਗ ਹੋਣ ਦਿੱਤਾ ਹੈ। ਇਸ ਨਾਲ ਕਿਸ ਕਿਸਮ ਦੀ ਸਿੱਖਿਆ ਮਿਲ ਸਕਦੀ ਹੈ, ਇਹ ਤ੍ਰੀਆਂ-ਚਲਿਤ੍ਰਾਂ ਦੇ ਮੁਦੱਈਆਂ ਤੋਂ ਹੀ ਪੁੱਛਿਆ ਜਾ ਸਕਦਾ ਹੈ ?

ਸਿੱਖ ਸਾਹਿਤ ਵਿਚ ਅਜਿਹਾ ਕੋਈ ਭਰੋਸੇਯੋਗ ਹਵਾਲਾ ਨਹੀਂ ਮਿਲਦਾ ਜਿਸ ਤੋਂ ਇਹ ਸਾਬਤ ਹੋ ਸਕੇ ਕਿ 1708 ਈ. ਤੋਂ ਪਹਿਲਾਂ 'ਦਸਮ ਗ੍ਰੰਥ' ਦੀ ਕੋਈ ਬੀੜ ਕਾਇਮ ਸੀ। ਸਿੱਖਾਂ ਵੱਲੋਂ ਦਸਮ-ਗ੍ਰੰਥ ਨਾਮ ਦਾ ਕੋਈ ਟੈਕਸਟ ਤਿਆਰ ਨਹੀਂ ਕੀਤਾ ਗਿਆ। ਪਰ ਨਾਲ ਹੀ ਕਿਸੇ ਕਿਸਮ ਦੀ ਟੈਕਸਚੂਅਲ- ਸਿਆਸਤ ਵੀ ਨਹੀਂ ਕੀਤੀ, ਪਰ ਜੋ ਟੈਕਸਚੂਅਲ-ਸਿਆਸਤ ਇਸ ਵੇਲੇ ਸ਼ੁਰੂ ਹੋ ਗਈ ਹੈ, ਇਹ ਇਸ ਲਈ ਨੁਕਸਾਨਦਾਇਕ ਹੈ ਕਿਉਂਕਿ ਦੋਵੇਂ ਧਿਰਾਂ ਤ੍ਰੀਆਂ-ਚਰਿਤ੍ਰਾਂ ਦੇ ਆਧਾਰ ਤੇ ਹੀ ਫੈਸਲਾ ਕਰਨਾ ਚਾਹੁੰਦੀਆਂ ਹਨ। ਦਸਮ-ਗ੍ਰੰਥ ਦੀ ਕਿਸੇ ਵੀ ਬਾਣੀ ਬਾਰੇ ਫੈਸਲਾ ਕਰਣ ਲਈ ਪਰਖ-ਵਿਧੀ ਗ੍ਰੰਥ ਅਤੇ ਪੰਥ ਦੇ ਰੂਪ ਵਿਚ ਪਹਿਲਾਂ ਹੀ ਪ੍ਰਾਪਤ ਹੈ। ਇਸ ਵਿਧੀ ਨਾਲ ਦਸਮ ਪਾਤਸ਼ਾਹ ਦੀਆਂ ਬਾਣੀਆਂ ਦਾ ਕਾਫ਼ੀ ਹੱਦ ਤਕ ਨਿਤਾਰਾ ਹੋ ਵੀ ਚੁੱਕਾ ਹੈ। ਦਸਮ-ਗ੍ਰੰਥ ਦੇ ਵਿਵਾਦ-ਗ੍ਰਸਤ ਹਿੱਸਿਆਂ ਬਾਰੇ ਵੀ ਨਿਰਣਾ ਇਸੇ ਵਿਧੀ ਵਿਚ ਹੀ ਸੰਭਵ ਹੈ। ਇਸ ਨੂੰ ਵਿਚਕਾਰਲੇ ਰਾਹ ਸੰਗਯਾ ਦੇ ਵੀ ਦੇਈਏ ਤਾਂ ਵੀ ਇਹ ਧਿਆਨ ਵਿਚ ਰੱਖਣਾ ਹੀ ਪਵੇਗਾ ਕਿ ਜੇ ਸਾਰਾ ਦਸਮ-ਗ੍ਰੰਥ ਦਸਮ ਪਾਤਸ਼ਾਹ ਦਾ ਹੀ ਲਿਖਿਆ ਹੋਇਆ ਹੈ ਤਾਂ 52 ਕਵੀਆਂ ਦੀਆਂ ਰਚਨਾਵਾਂ ਕਿੱਥੇ ਗਈਆਂ ? ਭਾਈ ਚੌਪਾ ਸਿੰਘ ਨੇ ਆਪਣੇ ਰਹਿਤ ਨਾਮੇ ਵਿਚ ਮੰਨਿਆ ਹੈ ਕਿ "ਗੁਰੂ ਕਾ ਸਿਖ ਲਿਖਾਰੀ ਹੋਵੇ, ਤਾਂ ਪੋਥੀ, ਗ੍ਰੰਥ ਸਾਹਿਬ ਜੀ ਲਿਖ ਕੇ ਸਿਖ ਨੂੰ ਦੇਵੇ"। ਇਹ ਰਹਿਤਨਾਮਾ ਉਸਨੇ 1780 ਬਿ. ਤੋਂ ਪਿਛੋਂ ਮੁਕਤਿਆਂ ਨਾਲ ਮਿਲ ਕੇ ਲਿਖਿਆ, ਪਰ ਇਸ ਵਿਚ ਦਸਮ-ਗ੍ਰੰਥ ਵੱਲ ਕੋਈ ਸੰਕੇਤ ਪ੍ਰਾਪਤ ਨਹੀਂ ਹੈ। ਜੇ ਵਾਰਸ ਭੋਲੇ ਅਤੇ ਅਗਿਆਨੀ ਹੋਣ ਅਤੇ ਸ਼ਰੀਕ ਚਲਾਕ ਅਤੇ ਮੀਸਣਾ ਹੋਵੇ ਤਾਂ ਵਿਰਾਸਤ ਨੂੰ ਖਤਰੇ ਖੜ੍ਹੇ ਹੋ ਹੀ ਜਾਂਦੇ ਹਨ। ਸਿੱਖਾਂ ਨਾਲ ਕੁਝ ਅਜਿਹਾ ਹੀ ਵਾਪਰਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਮਿਲ ਜਾਣ ਨਾਲ ਟੈਕਸਚੂਅਲ-ਸਿਆਸਤ ਦੀਆਂ ਸੰਭਾਵਨਾਵਾਂ ਘੱਟ ਗਈਆਂ ਸਨ। ਏਸੇ ਕਰਕੇ ਖਰੜਿਆਂ ਦੀ ਸਿਆਸਤ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਪਰ ਦਸਮ-ਗ੍ਰੰਥ ਨੂੰ ਸੌਖਾ ਨਿਸ਼ਾਨਾ (soft-target) ਸਮਝ ਕੇ ਪਵਿੱਤਰ ਗ੍ਰੰਥ ਦੀ ਜੋ ਸਿਆਸਤ ਸ਼ੁਰੂ ਹੋ ਗਈ ਹੈ, ਇਸ ਨਾਲ ਇਕ ਪਾਸੇ ਦਸਮ-ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ-ਗ੍ਰੰਥ ਹੋ ਜਾਣ ਦੇ ਰਾਹ ਪਾ ਦਿੱਤਾ ਗਿਆ ਹੈ ਅਤੇ ਦੂਜੇ ਪਾਸੇ ਦੋਹਾਂ ਗ੍ਰੰਥਾਂ ਦੇ ਵਾਰਸਾਂ ਨੂੰ ਆਪਸੀ-ਟਕਰਾਉ ਵੱਲ ਧੱਕ ਦਿੱਤਾ ਗਿਆ ਹੈ ਇਹ ਪਿਛਲਮੁੱਖੀ ਮਜ਼ਬੂਰੀ ਹੈ ਅਤੇ ਇਸ ਤੋਂ ਜਿੰਨੀ ਛੇਤੀ ਹੋ ਸਕੇ ਬਚ ਸਕਣ ਦਾ ਰਾਹ ਕੱਢ ਲੈਣਾ ਚਾਹੀਦਾ ਹੈ।

ਇਸ ਵੀਚਾਰ ਨਾਲ ਮੈਂ ਇਹ ਗੱਲ ਸਾਹਮਣੇ ਲਿਆਉਣਾ ਚਾਹੁੰਦਾ ਹਾਂ ਕਿ ਪੰਥਕ ਕੇਂਦਰੀ-ਧਾਰਾ ਦਾ ਗ੍ਰੰਥ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਇਸ ਨੂੰ ਹੀ ਜਾਗਤ-ਜੋਤਿ ਅਤੇ ਜ਼ਾਹਰਤ-ਜ਼ਹੂਰ ਦੀ ਗੁਰ-ਪਦਵੀ ਪ੍ਰਾਪਤ ਹੈ। ਦਸਮ-ਗ੍ਰੰਥ ਦਸਮ ਪਾਤਸ਼ਾਹ ਜੀ ਦੇ ਸਮੇਂ ਰਚੇ ਗਏ ਸਾਹਿਤ ਦਾ ਗ੍ਰੰਥ ਹੈ। ਇਸ ਵਿਚ ਦਸਮ ਪਾਤਸ਼ਾਹ ਜੀ ਦੀ ਬਾਣੀ ਵੀ ਸ਼ਾਮਲ ਹੈ। ਇਸ ਤੋਂ ਬਿਨਾ ਜੋ ਰਚਨਾਵਾਂ ਇਸ ਗ੍ਰੰਥ ਵਿਚ ਸ਼ਾਮਲ ਹਨ, ਉਹਨਾਂ ਵਿਚ ਸਿੱਖ-ਚਿੰਤਨ ਦੇ ਪ੍ਰਭਾਵ ਦੇ ਝਲਕਾਰੇ ਤਾਂ ਪ੍ਰਾਪਤ ਹਨ, ਜਿਵੇਂ ਉਪਰ ਚਰਿਤ੍ਰ 266 ਦੇ ਹਵਾਲੇ ਦਸ ਦਿੱਤਾ ਹੈ। ਅਜਿਹੇ ਹਵਾਲੇ ਦੇਣ ਵਾਲਿਆਂ ਨੂੰ ਉਹੋ ਜਿਹੀ ਮਾਨਤਾ ਨਹੀਂ ਮਿਲ ਸਕੀ, ਜਿਹੋ ਜਿਹੀ ਭੱਟਾਂ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸ਼ਾਮਲ ਕਰਣ ਨਾਲ ਮਿਲ ਚੁੱਕੀ ਹੈ। ਇਸ ਗ੍ਰੰਥ ਦਾ ਖਾਲਸਾ ਵਿਧੀ ਵਿਚ ਟੈਕਸਟ-ਨਿਰਧਾਰਨ ਕੀਤੇ ਬਿਨਾ ਇਸ ਨੂੰ 'ਦਸਮ ਗ੍ਰੰਥ ਸਾਹਿਬ' ਕਹਿਣ ਮਾਤਰ ਨਾਲ ਇਹ ਗ੍ਰੰਥ ਆਦਿ ਗ੍ਰੰਥ ਦੇ ਸ਼ਰੀਕੇ ਵਿਚ ਆ ਜਾਂਦਾ ਹੈ ਅਤੇ ਇਸ ਵਿਚਲੀ ਕਵੀਆਂ ਦੀ ਬਾਣੀ ਭੱਟਾਂ ਦੀ ਬਾਣੀ ਵਾਲਾ ਦਰਜਾ ਪ੍ਰਾਪਤ ਕਰਣ ਦੇ ਰਾਹੇ ਪੈ ਜਾਂਦੀ ਹੈ। ਅਜਿਹਾ ਨ ਹੀ ਸਿੱਖ ਧਰਮ ਚਿੰਤਨ ਦਾ ਅਨੁਸਾਰੀ ਹੋ ਸਕਦਾ ਹੈ ਅਤੇ ਨ ਹੀ ਸਿੱਖ-ਸਰੋਕਾਰਾਂ ਦੇ ਅੰਤਰਗਤ ਹਜ਼ਮ ਹੋ ਸਕਦਾ ਹੈ। ਸਿੱਖ ਸਾਹਿਤ ਵਿਚ ਜੋ ਟੂਕ-ਮਾਤਰ, ਦਸਮ-ਗ੍ਰੰਥ ਨੂੰ ਇਵੇਂ ਜਿਵੇਂ ਮੰਨ ਲੈਣ ਦੇ ਹੱਕ ਵਿਚ ਭੁਗਤਾਇਆ ਜਾ ਸਕਦਾ ਹੈ,

ਉਸ ਨਾਲ ਸਮਸਿਆ ਹੱਲ ਨਹੀਂ ਹੁੰਦੀ, ਸਗੋਂ ਪੈਦਾ ਹੁੰਦੀ ਹੈ। ਜਿਹੜੇ ਵਿਦਵਾਨ ਕ੍ਰਿਸ਼ਨਾਵਤਾਰ ਵਿਚੋਂ ਖੜਗ ਸਿੰਘ ਅਤੇ ਅਮਿਟ ਸਿੰਘ ਨੂੰ ਖਾਲਸੇ ਦੇ ਆਰਟਾਈਪਲ ਵਜੋਂ ਵੇਖਣਾ ਚਾਹੁੰਦੇ ਹਨ, ਉਹ ਇਹ ਭੁੱਲ ਜਾਂਦੇ ਹਨ ਕਿ ਸਿੱਖ ਧਰਮ ਨੂੰ ਕਿਸੇ ਵੀ ਹੋਰ ਧਰਮ ਦੀ ਨਿਰੰਤਰਤਾ ਵਿਚ ਨਹੀਂ ਰੱਖਿਆ ਜਾ ਸਕਦਾ। ਜੇ ਸਿੱਖ ਮਾਨਸਿਕਤਾ ਨੂੰ ਜੁਝਾਰੂ ਬਨਾਉਣ ਵਾਸਤੇ ਇਹਨਾਂ ਕਥਾ ਕਹਾਣੀਆਂ ਦੀ ਲੋੜ ਹੁੰਦੀ ਤਾਂ ਅਜਿਹਾ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਜਾਂਦਾ। ਖਾਸਲਾ ਦੀ ਸਾਜਨਾ (1699) ਵੇਲੇ ਤਕ 'ਗੁਰ ਸੰਗਤ ਕੀਨੀ ਖਾਲਸਾ' ਲਈ ਲੋੜੀਂਦਾ ਵਿਕਾਸ-ਪੰਧ ਪੂਰਾ ਹੋ ਚੁੱਕਾ ਸੀ। ਫਿਰ ਸੰਪੂਰਨਤਾ ਦੇ ਇਸ ਪੜਾਅ ਤੇ ਹੀ ਇਹਨਾਂ ਕਥਾ ਕਹਾਣੀਆਂ ਨਾਲ ਜੁਝਾਰੂ-ਸਥਾਪਨਾ ਦੀ ਲੋੜ ਕਿਉਂ ਪਈ ? ਜਿਹੜੀ ਧਾਰਨਾ ਨੂੰ ਬੀਤੇ ਦੀ ਗੱਲ ਸਮਝ ਕੇ ਗੁਰੂ ਨਾਨਕ ਦੇਵ ਜੀ ਨੇ "ਗੁਰਸੰਗਤ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ" ਕਹਿਕੇ ਛੱਡ ਦਿੱਤਾ ਸੀ, ਉਸੇ ਵਿਚ ਮੁੜ-ਵਿਲਯ (relapse) ਹੋਣ ਵੱਲ ਆਪ ਹੀ ਦਸਮ ਪਾਤਸ਼ਾਹ ਨੇ ਕਿਵੇਂ ਅਤੇ ਕਿਉਂ ਤੋਰ ਲਿਆ ? ਇਹ ਤੇ ਇਹੋ ਜਿਹੇ ਹੋਰ ਸਵਾਲਾਂ ਦੇ ਜਵਾਬ ਕੌਮ ਦੇ ਵਾਰਸਾਂ ਨੂੰ ਹੀ ਦੇਣੇ ਪੈਣੇ ਹਨ। ਇਸ ਵਾਸਤੇ ਸਿਰ-ਤੋੜ ਧੜੇਬਾਜੀ ਦੀ ਥਾਂ ਸਿਰ-ਜੋੜ ਵਿਧੀ ਵਿਚ ਚੱਲਦਿਆਂ ਅਜਿਹਾ ਹਲ ਲੱਭ ਲੈਣਾ ਚਾਹੀਦਾ ਹੈ, ਜਿਸ ਨਾਲ ਜੋ ਗੁਰਮਤਿ-ਅਨੁਸਾਰੀ ਹੈ ਲੈਣਾ ਚਾਹੀਦਾ ਹੈ ਅਤੇ ਜੋ ਗੁਰੂ-ਆਸ਼ੇ ਦੇ ਅਨੁਕੂਲ ਨਹੀਂ ਉਸਨੂੰ ਛੱਡ ਲੈਣਾ ਚਾਹੀਦਾ ਹੈ। ਲੈਣ ਲੱਗਿਆਂ ਤ੍ਰੀਆਂ ਚਰਿਤ੍ਰਾਂ ਵਿਚੋਂ ਵੀ ਚੌਪਈ ਵਾਂਗ ਲਿਆ ਜਾ ਸਕਦਾ ਹੈ ਅਤੇ ਛੱਡਣ ਲੱਗਿਆ ਬਚਿਤ੍ਰ-ਨਾਟਕ ਵਿਚੋਂ ਵੀ ਛੱਡਿਆ ਜਾ ਸਕਦਾ ਹੈ। ਬੋਲਬਾਲਾ ਪੰਥਕ ਵਿਧੀ ਦਾ ਹੀ ਰਹਿਣਾ ਚਾਹੀਦਾ ਹੈ। ਪੰਥਕ-ਮਾਨਤਾ ਵਾਲੇ ਪਾਸੇ ਚੁੱਕਿਆ ਹਰ ਕਦਮ ਮੁਬਾਰਕ ਹੈ। ਪਰ ਇਸ ਤੋਂ ਪਹਿਲਾਂ ਲਕੀਰ ਦਾ ਫਕੀਰ ਹੋਣ ਵਾਲੀ ਅਕਲਮੰਦੀ ਵੀ ਉਲਾਰ-ਹਉਮੈ ਹੋਵੇਗੀ। ਇਸ ਪਾਸੇ ਕਦਮ ਪੰਜਾਬੀ ਯੂਨੀਵਰਸਿਟੀ ਨੇ ਕੁਝ ਵਰ੍ਹੇ ਪਹਿਲਾਂ ਚੁੱਕਿਆ ਸੀ ਅਤੇ ਦਸਮ-ਗ੍ਰੰਥ ਦਾ ਟੈਕਸਟ ਤ੍ਰੀਆਂ-ਚਰਿਤ੍ਰਾਂ ਅਤੇ ਹਕਾਇਤਾਂ ਨੂੰ ਕੱਢਕੇ ਛਾਪ ਦਿੱਤਾ ਸੀ। ਇਹ ਟੈਕਸਟ ਰਣਧੀਰ ਸਿੰਘ ਨੇ ਤਿਆਰ ਕੀਤਾ ਸੀ, ਜੋ ਸ਼੍ਰੋਮਣੀ ਕਮੇਟੀ ਵਿਚ ਖੋਜਾਰਥੀ ਵਜੋਂ ਕੰਮ ਕਰਦੇ ਰਹੇ ਸਨ। ਇਸ ਵਾਸਤੇ ਅਕਾਦਮੀਸ਼ਨਾ ਦੀ ਜੋ ਕਮੇਟੀ ਬਣੀ ਸੀ, ਉਸ ਵਿਚ ਡਾ. ਤਾਰਨ ਸਿੰਘ, ਪ੍ਰੋ. ਗੁਲਵੰਤ ਸਿੰਘ, ਡਾ. ਜੀਤ ਸਿੰਘ ਸੀਤਲ ਅਤੇ ਹੋਰ ਵਿਦਵਾਨ ਵੀ ਸ਼ਾਮਲ ਸਨ। ਇਸ ਯਤਨ ਨੂੰ ਮੁਢਲਾ ਯਤਨ ਮੰਨ ਕੇ ਪੰਥਕ-ਸਹਿਮਤੀ ਵੱਲ ਤੁਰਿਆ ਜਾ ਸਕਦਾ ਹੈ।

ਹਵਾਲੇ ਅਤੇ ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ, ਗੁਰੁਮਤ ਸੁਧਾਰਕ, ਪ੍ਰਕਾਸ਼ਕ ਭਾ. ਛਤਰ ਸਿੰਘ ਜੀਵਨ ਸਿੰਘ, 2005, ਪੰਨਾ 33
2. ਉਹੀ ਪੰਨਾ 35

ਦਸਮ ਗ੍ਰੰਥ ਸਾਹਿਬ ਦੀ ਵਿਆਖਿਆਕਾਰੀ : ਇਕ ਸਰਵੇਖਣ

*ਇੰਦਰਜੀਤ ਕੌਰ**

ਜਾਣ ਪਛਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਸਿੱਖ ਧਰਮ ਵਿਚ ਦਸਮ ਗ੍ਰੰਥ ਸਾਹਿਬ ਨੂੰ ਦੂਸਰਾ ਆਦਰਯੋਗ ਸਥਾਨ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਵਾਂਗ ਭਾਵੇ ਦਸਮ ਗ੍ਰੰਥ ਸਾਹਿਬ ਦੇ ਵਿਆਖਿਆ ਸਕੂਲ (ਟੀਕੇ, ਭਾਸ਼, ਕੋਸ਼ ਆਦਿ) ਉਨੰਤ ਨਹੀਂ ਹੋ ਸਕੇ, ਪਰ ਫਿਰ ਵੀ ਇਸ ਸੰਬੰਧੀ ਵਿਆਖਿਆ ਕਾਰਜਾਂ ਦੀ ਅਣਹੋਂਦ ਨਹੀਂ ਕਹੀ ਜਾ ਸਕਦੀ। ਦਸਮ ਗ੍ਰੰਥ ਸਾਹਿਬ ਦੀ ਵਿਆਖਿਆ ਸੰਬੰਧੀ ਕੁਝ ਕੁ ਕਾਰਜ ਮਿਲਦੇ ਹਨ, ਜਿਹੜੇ ਵੱਖ-ਵੱਖ ਵਿਧਾਵਾਂ ਜਿਵੇਂ : ਟੀਕਾ; ਭਾਸ਼ਾ; ਕੋਸ਼ ; ਸ਼ਬਦਾਰਥ ਆਦਿ ਦੇ ਰੂਪ ਵਿਚ ਹਨ। ਇਸ ਪੇਪਰ ਵਿਚ ਅਸੀਂ ਅਜਿਹੇ ਕੁਝ ਵਿਆਖਿਆ ਕਾਰਜਾਂ ਦਾ ਸਰਵੇਖਣ ਕਰਨ ਦੀ ਮੁਢਲੀ ਜਿਹੀ ਕੋਸ਼ਿਸ਼ ਕਰ ਰਹੇ ਹਾਂ, ਪਰ ਇਸ ਤੋਂ ਪਹਿਲਾਂ ਵਿਆਖਿਆਕਾਰੀ ਬਾਰੇ ਜਾਣਨਾ ਜ਼ਰੂਰੀ ਹੈ।

ਵਿਆਖਿਆਕਾਰੀ

ਵਿਆਖਿਆ ਦਾ ਅਰਥ ਟੀਕਾ ਜਾਂ ਸ਼ਾਬਦਿਕ ਅਰਥਾਂ ਵਿਚ ਕੀਤਾ ਪ੍ਰਗਟਾਵਾ ਨਹੀਂ ਹੁੰਦਾ, ਸਗੋਂ ਵਿਆਖਿਆ ਮੂਲ-ਅਨੁਭਵ ਦੇ ਮੂਲ-ਮੰਤਵ ਨੂੰ ਵਿਸਤਾਰ ਅਤੇ ਸਪਸ਼ਟਤਾ ਸਹਿਤ ਸਮਝਣ ਅਤੇ ਬਿਆਨ ਕਰਨ ਦਾ ਇਕ ਜਤਨ ਹੁੰਦਾ ਹੈ। ਹਰੇਕ ਧਰਮ ਦੀ ਆਪਣੀ ਵੱਖਰੀ ਵਿਆਖਿਆ ਪਰੰਪਰਾ ਹੁੰਦੀ ਹੈ ਅਤੇ ਇਹ ਉਸਦਾ ਅਨਿਖੜਵਾਂ ਅੰਗ ਹੁੰਦੀ ਹੈ। ਪਰਮਸਤਿ ਦੇ ਗਿਆਨ ਦਾ ਇਕ ਵਿਸ਼ੇਸ਼ ਸਰੂਪ ਹੁੰਦਾ ਹੈ, ਇਹ ਗਿਆਨ ਸਦੀਵੀ ਥਿਰ ਰਹਿਣ ਵਾਲਾ ਹੁੰਦਾ ਹੈ। ਇਸ ਗਿਆਨ ਦੇ ਪ੍ਰਗਟਾਵੇ ਅਤੇ ਪ੍ਰਚਾਰ ਦਾ ਪਹਿਲਾ ਉੱਦਮ ਵਿਆਖਿਆਕਾਰੀ ਹੀ ਹੁੰਦੀ ਹੈ। ਇਸ ਤਰ੍ਹਾਂ ਕਿਸੇ ਧਰਮ ਦੇ ਬਾਨੀ ਦੀ ਮੂਲ-ਬਾਣੀ ਜਾਂ ਲਿਖਤ ਹੀ ਉਸ ਦੇ ਧਾਰਮਿਕ ਅਨੁਭਵ ਦੀ ਵਿਆਖਿਆ ਦਾ ਪਹਿਲਾ ਜਤਨ ਹੋ ਨਿਬੜਦੀ ਹੈ। ਡਾਕਟਰ ਤਾਰਨ ਸਿੰਘ ਜੀ ਦੇ ਸ਼ਬਦਾਂ ਵਿਚ "ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪਸ਼ਟ ਕਰਨ ਦਾ ਯਤਨ ਕਰਦੀ ਹੈ।" [1]

ਘੇਰਾ ਅਤੇ ਪਹੁੰਚ-ਵਿਧੀ

ਇਸ ਪੇਪਰ ਵਿਚ ਅਸੀਂ ਦਸਮ ਗ੍ਰੰਥ ਸਾਹਿਬ ਦੇ ਸੰਕਲਨ ਤੋਂ ਲੈ ਕੇ ਹੁਣ ਤਕ ਦੇ ਹੋਏ ਕੁਝ ਮੁੱਖ ਕਾਰਜਾਂ -- ਟੀਕਾਵਾਂ, ਵਿਆਖਿਆਵਾਂ ਅਤੇ ਕੁਝ ਹਿੰਦੀ, ਅੰਗਰੇਜ਼ੀ, ਅਨੁਵਾਦਾਂ ਆਦਿ ਨੂੰ ਸ਼ਾਮਿਲ ਕਰ ਰਹੇ ਹਾਂ। ਸਾਡਾ ਦ੍ਰਿਸ਼ਟੀਕੋਣ ਵਧੇਰੇ ਕਰਕੇ ਵਿਵਰਣਾਤਮਕ ਹੈ ਅਤੇ ਅਸੀਂ ਇਸ ਦੇ ਕੁਝ ਮੁਖ ਲੱਛਣਾਂ ਨੂੰ ਹੀ ਨਿਸ਼ਾਨਦੇਹ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਸੰਬੰਧੀ ਕੁਝ ਕਾਰਜ ਪਹਿਲਾਂ ਹੀ ਪ੍ਰਾਪਤ ਹਨ, ਜਿਵੇਂ ਡਾਕਟਰ ਰਤਨ ਸਿੰਘ ਜੱਗੀ[2], ਸੁਆਮੀ ਬ੍ਰਹਮ ਨੰਦ ਉਦਾਸੀ[3] , ਪ੍ਰੋਫੈਸਰ ਗੁਰਤੇਜ ਸਿੰਘ[4] ਆਦਿ।

ਉਪਰੋਕਤ ਕਾਰਜ ਕੇਵਲ ਸੰਖੇਪ ਸਰਵੇਖਣ ਮਾਤਰ ਹਨ ਅਤੇ ਇਹ ਆਪਣੇ ਘੇਰੇ ਵਿਚ ਦਸਮ ਗ੍ਰੰਥ ਸਾਹਿਬ ਦੀ ਵਿਆਖਿਆਵਾਂ ਤੋਂ ਇਲਾਵਾ ਉਪਾਧੀ-ਸਾਪੇਖ ਨਿਰਪੇਖ ਅਤੇ ਵਿਵਾਦਗ੍ਰਸਤ ਕਾਰਜਾਂ ਨੂੰ ਵੀ ਸ਼ਾਮਿਲ ਕਰਦੇ ਹਨ, ਪਰ ਹਥਲਾ ਕਾਰਜ ਆਪਣੀ ਕਿਸਮ ਦਾ ਪਹਿਲਾ ਕਾਰਜ ਹੈ, ਕਿਉਂਕਿ ਜਿਥੇ ਅਸੀਂ ਦਸਮ ਗ੍ਰੰਥ ਸਾਹਿਬ ਦੀਆਂ ਵਿਆਖਿਆਵਾਂ ਦੇ ਸਕੂਲਾਂ ਦੀ ਪਹਿਲੀ ਵਾਰ ਜਾਣ-ਪਛਾਣ ਕਰਵਾ ਰਹੇ ਹਾਂ, ਉਥੇ ਸਾਡਾ ਪੇਪਰ ਇਸ ਸੰਬੰਧੀ ਸਿੱਖ-ਵਿਦਵਤਾ ਦੇ ਝੁਕਾਅ ਅਤੇ ਹੁਣ ਤਕ ਦੇ ਸਰੂਪ ਨੂੰ ਵੀ ਸਿੱਖ ਜਗਤ ਸਾਹਮਣੇ ਪੇਸ਼ ਕਰੇਗਾ। ਇਹ ਕਾਰਜ ਇਹ ਵੀ ਦੱਸੇਗਾ ਕਿ ਦਸਮ ਗ੍ਰੰਥ ਸਾਹਿਬ ਦੀ ਵਿਆਖਿਆ ਸੰਬੰਧੀ ਕਿਹੜੀਆਂ ਸਮਸਿਆਵਾਂ ਦਰਪੇਸ਼ ਹਨ ਅਤੇ ਉਨ੍ਹਾਂ ਨਾਲ ਕਿਵੇਂ ਨਜਿਠਿਆ ਜਾ ਸਕਦਾ ਹੈ, ਆਦਿ-ਆਦਿ।

---

*ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦਸਮ ਗ੍ਰੰਥ ਸਾਹਿਬ ਦੀ ਵਿਆਖਿਆ ਲਈ ਕਾਫੀ ਸਾਰੇ ਖੋਜ-ਸੋਮੇਂ ਵੀ ਪ੍ਰਾਪਤ ਹਨ, ਜਿਨ੍ਹਾਂ ਵਿਚੋਂ :

ਡਾਕਟਰ ਬਲਕਾਰ ਸਿੰਘ (ਸ੍ਰੀ ਮੁੱਖ ਬਾਣੀਆਂ ਪਾਤਸ਼ਾਹੀ ੧੦ : ਪਾਠ, ਤੁਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼), ਗਿਆਨੀ ਲਾਲ ਸਿੰਘ (ਕੋਸ਼ ਸ੍ਰੀ ਦਸਮ ਗ੍ਰੰਥ ਸਾਹਿਬ), ਭਗਵੰਤ ਸਿੰਘ ਹਰੀ ਜੀ (ਦਸਮ ਗ੍ਰੰਥ ਬਾਣੀ ਬਿਊਰਾ) ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਦਸਮ ਗ੍ਰੰਥ ਸਾਹਿਬ ਦੀਆਂ ਵਿਕਲੋਤ੍ਰੀਆਂ ਬਾਣੀਆਂ (ਜਿਵੇਂ : ਜਾਪੁ ਸਾਹਿਬ, ਚੰਡੀ ਦੀ ਵਾਰ, ਬਚਿਤ੍ਰ ਨਾਟਕ ਆਦਿ) ਦੇ ਬੇਅੰਤ ਟੀਕੇ ਤਥਾ ਵਿਆਖਿਆਵਾਂ ਵੀ ਪ੍ਰਾਪਤ ਹਨ, ਜਿਨ੍ਹਾਂ ਬਾਰੇ ਸਮੁੱਚੇ ਰੂਪ ਵਿਚ ਸਰਵੇਖਣ ਅਤੇ ਮੁਲਾਂਕਣ ਕਰਨਾ ਇਕ ਪੂਰੇ ਥੀਸਿਜ ਦਾ ਵਿਸ਼ਾ ਹੈ। ਕੁਝ ਅਜਿਹੇ ਟੀਕਿਆਂ ਦੀ ਸੂਚਨਾ ਵੀ ਪ੍ਰਾਪਤ ਹੈ, ਜਿਹੜੇ ਸਾਨੂੰ ਪ੍ਰਾਪਤ ਨਹੀਂ ਹੋ ਸਕੇ, ਇਨ੍ਹਾਂ ਸੰਬੰਧੀ ਸਿਰਫ ਹਵਾਲੇ ਹੀ ਬਚੇ ਹਨ, ਜਿਵੇਂ ਸੇਵਾ ਸਿੰਘ ਜੀ, ਗਿਆਨੀ ਬਿਸ਼ਨ ਸਿੰਘ ਜੀ ਆਦਿ ਦੇ।

ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਗਿਆ ਹੈ, ਅਸੀਂ ਕੁਝ ਮੁੱਖ ਕਾਰਜਾਂ ਦਾ ਸਰਵੇਖਣ ਹੀ ਕਰ ਸਕੇ ਹਾਂ ਅਤੇ ਇਸ ਦੀ ਤਰਤੀਬ ਛਾਪੇ ਦੀ ਪ੍ਰਾਪਤ ਕਾਲ-ਕ੍ਰਮਕਤਾ ਨੂੰ ਮੁੱਖ ਰੱਖਕੇ ਕੀਤੀ ਗਈ ਹੈ। ਪਾਠਾਂਤਰਾਂ ਜਾਂ ਮੂਲ-ਪਾਠ ਸੰਬੰਧੀ ਟਿੱਪਣੀਆਂ ਦੇਣ ਲਈ ਅਸੀਂ ਦਸਮ ਗ੍ਰੰਥ ਸੋਧਕ ਕਮੇਟੀ ਵਲੋਂ 1897 ਈ. ਵਿਚ ਪ੍ਰਮਾਣਿਕ ਕੀਤੇ ਗਏ ਪਾਠ ਨੂੰ ਹੀ ਅਧਾਰ ਬਣਾਇਆ ਹੈ।

1. ਸ਼ਬਦਾਰਥ ਦਸਮ ਗ੍ਰੰਥ ਸਾਹਿਬ-ਕਰਤਾ ਭਾਈ ਰਣਧੀਰ ਸਿੰਘ

ਦਸਮ ਗ੍ਰੰਥ ਸਾਹਿਬ ਦਾ ਸ਼ਬਦਾਰਥ ਸਵਰਗਵਾਸੀ ਭਾਈ ਰਣਧੀਰ ਸਿੰਘ ਜੀ, ਜਿਹੜੇ ਕਿ ਸਿੱਖ ਇਤਿਹਾਸ ਰਿਸਰਚ ਬੋਰਡ (SGPC) ਦੇ ਰਿਸਰਚ ਸਕਾਲਰ ਸਨ, ਦੁਆਰਾ ਲੰਮੀ ਘਾਲਣਾ ਤੋਂ ਬਾਅਦ ਪੂਰਾ ਕੀਤਾ ਗਿਆ ਇਕ ਮਹੱਤਵਪੂਰਨ ਕਾਰਜ ਹੈ। ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਤਿੰਨ ਭਾਗਾਂ) ਨੂੰ ਪਹਿਲੀ ਵਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1973 ਵਿਚ ਛਾਪਿਆ। ਇਹ ਕਾਰਜ ਭਾਵੇਂ ਉਨ੍ਹਾਂ ਦੇ ਜਿਊਂਦੇ ਜੀਅ ਨਾ ਛਪ ਸਕਿਆ, ਪਰ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਨੂੰ ਛਾਪਿਆ ਗਿਆ। ਇਸ ਦੇ ਕੁਝ ਮੁੱਖ ਲਛਣ ਇਸ ਤਰ੍ਹਾਂ ਹਨ :

1. ਸ਼ਬਦਾਰਥ ਦਸਮ ਗ੍ਰੰਥ ਸਾਹਿਬ ਨੂੰ, ਸ਼ਬਦਾਰਥ ਸ੍ਰੀ ਗ੍ਰੰਥ ਸਾਹਿਬ ਦੇ ਆਧਾਰਿਤ ਮਾਡਲ ਉੱਤੇ ਹੀ ਤਿਆਰ ਕੀਤਾ ਗਿਆ ਹੈ। ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਇਕ ਪਾਸੇ ਮੂਲ-ਪਾਠ ਹੈ ਅਤੇ ਦੂਜੇ ਪਾਸੇ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ, ਇਨ੍ਹਾਂ ਨੂੰ 1, 2, 3... ਅੰਕਾਂ ਰਾਹੀਂ ਸੰਕੇਤ ਕੀਤਾ ਗਿਆ ਹੈ। ਇਸ ਸੰਬੰਧੀ ਕੇਵਲ ਅਰਥ ਹੀ ਨਹੀਂ ਲਗਾਏ ਗਏ, ਬਲਕਿ ਜਿੱਥੇ ਕਿਤੇ ਪ੍ਰਸੰਗ, ਵਿਆਖਿਆ ਮੰਗਦੇ ਹਨ, ਉੱਥੇ ਅਰਥਾਂ ਦੀਆਂ ਪਗ-ਟਿੱਪਣੀਆਂ ਵਿਚ ਵਿਆਖਿਆ ਵੀ ਕੀਤੀ ਗਈ ਹੈ, ਜਿਸ ਨਾਲ ਅਰਥ ਸਪਸ਼ਟਤਾ ਵਿਚ ਭਰਪੂਰ ਮਦਦ ਮਿਲਦੀ ਹੈ, ਜਿਵੇਂ ਪਹਿਲੇ ਭਾਗ ਦੇ ਪੰਨਾ 96 ਉੱਤੇ ਟਿੱਪਣੀ ਨੰਬਰ 19 ਦੀ ਵਿਆਖਿਆ ਵਿਚ ਦੇਖਿਆ ਜਾ ਸਕਦਾ ਹੈ।

2. ਜਿਥੇ ਕਿਤੇ ਅਰਥਾਂ ਵਿਚ ਭਿੰਨਤਾ ਵਿਖਾਈ ਦਿੰਦੀ ਸੀ, ਉਥੇ ਪਾਠਾਂਤਰ ਦੇ ਕੇ ਪਾਠਕ ਨੂੰ ਸਹੀ ਵਸਤੂ-ਸਥਿਤੀ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ, ਮਿਸਾਲ ਵਜੋਂ ਪਹਿਲੇ ਭਾਗ ਦੇ ਪੰਨਾ 85 ਦੇ ਛੰਦ 29 ਵਿਚ 'ਜਾਹਿ' ਸ਼ਬਦ ਉੱਤੇ ਕੀਤੀ ਟਿੱਪਣੀ ਨੂੰ ਦੇਖਿਆ ਜਾ ਸਕਦਾ ਹੈ।

3. ਭਾਈ ਸਾਹਿਬ ਨੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੇ ਮੂਲ-ਪਾਠ ਵਿਚ ਜਾਪਦੇ ਵਾਧੂ ਪ੍ਰਸੰਗ ਸ਼ਾਮਿਲ ਨਹੀਂ ਕੀਤੇ, ਪਰ ਇਕ ਸੁਘੜ ਸੰਪਾਦਕ ਦੀ ਤਰ੍ਹਾਂ ਪਗ-ਟਿੱਪਣੀਆਂ ਵਿਚ ਬਕਾਇਦਾ ਨੋਟ ਦੇ ਕੇ ਛੱਡੇ ਗਏ ਮੂਲ-ਪਾਠ ਵੱਲ ਧਿਆਨ ਦਿਵਾ ਦਿੱਤਾ ਹੈ। ਜਿਵੇਂ ਭਾਗ ਪਹਿਲਾਂ ਵਿਚ ਪੰਨਾ 127 ਉੱਤੇ ਚੰਡੀ ਚਰਿਤ੍ਰ ਵਿਚੋਂ ਛੱਡੀ ਗਈ 137 ਛੰਦਾਂ ਦੀ ਰਚਨਾ ਦਾ ਮੂਲ-ਪਾਠ ਦਿੱਤਾ ਗਿਆ ਹੈ, ਤਾਂ ਕਿ ਕੋਈ ਇਹ ਨਾ ਕਹਿ ਦੇਵੇ ਕਿ ਮੂਲ-ਪਾਠ ਛੱਡਿਆ ਗਿਆ ਹੈ।

4. ਸ਼ਬਦਾਰਥਕਾਰ ਨੇ ਦਸਮ ਗ੍ਰੰਥ ਸਾਹਿਬ ਵਿਚਲੇ ਬਹੁਤ ਸਾਰੇ ਅਜਿਹੇ ਪ੍ਰਸੰਗ ਜਿੰਨ੍ਹਾਂ ਦੀ ਪ੍ਰਕਿਰਤੀ ਗੁਰਬਾਣੀ ਦੇ ਨੇੜੇ ਤਥਾ ਸਿੱਖ ਧਰਮ ਦੀ ਧਾਰਮਿਕ ਭਾਵਨਾ ਨਾਲ ਮਿਲਦੀ ਹੈ, ਉਥੇ ਗੁਰਬਾਣੀ ਵਿਚੋਂ ਹਵਾਲੇ ਦੇ ਕੇ ਉਸ ਨੂੰ ਸਪਸ਼ਟ ਕਰਨ ਦਾ ਜਤਨ ਵੀ ਕੀਤਾ ਹੈ। ਅਜਿਹੇ ਇਕ ਜਤਨ ਦੀ ਉਦਾਹਰਣ ਭਾਗ ਪਹਿਲਾ, ਪੰਨਾ 187 ਉਤੇ ਵਿਸ਼ਨੂੰ ਦੇ 'ਬਾਵਨ ਰੂਪਾਂ' ਦੀ ਪੁਸ਼ਟੀ ਵੇਲੇ ਵੇਖੀ ਜਾ ਸਕਦੀ ਹੈ।

5. ਪ੍ਰਾਪਤ ਸ਼ਬਦਾਰਥ ਦੇ ਤਿੰਨੇ ਭਾਗਾਂ ਵਿਚ ਚਰਿਤ੍ਰੋਪਖਿਯਾਨ ਅਤੇ ਹਕਾਇਤਾਂ ਦਾ ਪਾਠ ਸ਼ਾਮਿਲ

ਨਹੀਂ, ਸੰਭਵ ਹੈ ਕਿ ਇਹ ਮੂਲ-ਪਾਠ ਵਿਚੋਂ ਸੁਧਾਈ ਵੇਲੇ ਸੰਪਾਦਕਾਂ ਨੇ ਆਪੇਖਿਕ ਸਮਝਦਿਆਂ ਹੋਇਆ ਕੱਢ ਦਿੱਤਾ ਹੋਵੇ। ਭਾਈ ਰਣਧੀਰ ਸਿੰਘ ਜੀ, ਜੋ ਕਿ ਸ਼ਬਦਾਰਥ ਦੇ ਕਰਤਾ ਹਨ, ਦੁਆਰਾ ਵਿਚਾਰਾਧੀਨ ਰਚਨਾਵਾਂ ਦਾ ਸ਼ਬਦਾਰਥ ਕੀਤਾ ਗਿਆ ਹੋਣਾ ਵੀ ਸੰਭਵ ਹੈ, ਅਜਿਹਾ ਉਨ੍ਹਾਂ ਦੇ ਦਸਮ ਗ੍ਰੰਥ ਸਾਹਿਬ ਪ੍ਰਤੀ ਝੁਕਾਅ ਤੋਂ ਸਪਸ਼ਟ ਹੈ।[5]

6. ਛਪਾਈ ਤੋਂ ਪਹਿਲਾਂ ਭਾਵੇਂ ਉਪਰੋਕਤ ਖਰੜਾ ਸੁਧਾਈ ਲਈ ਇਕ ਵਿਦਵਾਨ ਕਮੇਟੀ ਨੂੰ ਸੌਂਪਿਆ ਗਿਆ ਸੀ, ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਵਿਚ ਛਪਾਈ ਦੀਆਂ ਇਤਨੀਆਂ ਜ਼ਿਆਦਾ ਉਕਾਈਆਂ ਹਨ ਕਿ ਪਾਠਕ ਦਾ ਮਨ ਉਕਤਾਅ ਜਾਂਦਾ ਹੈ, ਜਿਵੇਂ

ਰੂਪ ਰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ।
ਅਚਲ ਮੂਰਤਿ ਅਨਭਉ ਪ੍ਰਕਾਸ ਅਮਿੱਤੋਜ ਕਹਿਜੈ।...
ਤ੍ਵ ਸਰਥ ਨਾਮ ਕਥੈ ਕਵਨ ਕਰਮ-ਨਾਮ ਬਰਣਤ ਸੁਮੱਤਿ॥

7. ਵਿਆਖਿਆ ਕਰਨ ਵੇਲੇ ਕੇਵਲ ਔਖੇ ਸ਼ਬਦਾਂ ਦੇ ਹੀ ਅਰਥ ਦਿੱਤੇ ਗਏ ਹਨ, ਬਾਕੀ ਤੁਕ-ਵਿਸ਼ੇਸ਼ ਦੇ ਅਰਥ ਨਹੀਂ ਦਿੱਤੇ ਗਏ ਹਨ, ਜਿਵੇਂ :

ਠੀਕਰ ਫੋਰਿ ਦਿਲੀਸ, ਸਿਰਿ[1], ਪ੍ਰਭਪੁਰਿ[2] ਕੀਯਾ ਪਯਾਨ[3]

1. ਦਿਲੀਸ - ਦਿੱਲੀ ਦੇ ਬਾਦਸ਼ਾਹ - ਔਰੰਗਜ਼ੇਬ ਦੇ ਸਿਰ ਉੱਤੇ।
2. ਪ੍ਰਭਪੁਰਿ - ਵਾਹਿਗੁਰੂ ਦੇ ਦੇਸ ਨੂੰ।
3. ਪਯਾਨ - ਚੜ੍ਹਾਈ, ਚਲਾਣਾ।

8. ਸ਼ਬਦਾਰਥ ਦੀਆਂ ਤਿੰਨੇ ਪੋਥੀਆਂ ਦੇ ਮੂਲ-ਪਾਠ ਦੀ ਸਫਾ-ਤਰਤੀਬ ਆਪਣੀ ਹੈ, ਜੋ ਕਿਸੇ ਖਰੜੇ ਜਾਂ ਛਾਪੇ ਦੇ ਗ੍ਰੰਥ ਨਾਲ ਨਹੀਂ ਰਲਦੀ।

9. ਕਠਿਨ ਸ਼ਬਦ ਦੇ ਅਰਥਾਂ ਵਿਚੋਂ ਹੋਰ ਵਿਸਤਾਰ ਜਾਂ ਪ੍ਰਯਾਏਵਾਚੀ ਸ਼ਬਦ ਵੀ ਕਿਤੇ-ਕਿਤੇ ਬਰੈਕਟਾਂ ਵਿਚ ਦਿਤੇ ਗਏ ਹਨ, ਜਿਵੇਂ :

ਕਈ ਉਰਧ-ਬਾਹੁ[1] ਸੰਨਿਆਸ।
ਅਨਭਿੱਜ ਰੂਪ ਦੁਰੰਤ[2]।

1. ਉਰਧ - ਬਾਹੁ -- ਬਾਹਾਂ ਉਤਾਹਾਂ ਚੁੱਕ ਕੇ (ਜਪ ਤਪ ਕਰਦੇ ਹਨ)।
2. ਦੁਰੰਤ - (ਜਿਸ ਦੇ ਰੂਪ ਦਾ) ਅੰਤ ਜਾਨਣਾ ਕਠਨ (ਔਖਾ) ਹੈ। (ਭਾਗ ਪਹਿਲਾ, ਪੰਨਾ 22)

10. ਵਿਆਖਿਆਕਾਰ ਨੇ ਦਸਮ ਗ੍ਰੰਥ ਸਾਹਿਬ ਦੇ ਪਾਠ ਲਈ ਕਿਸ ਮੂਲ-ਖਰੜੇ ਨੂੰ ਆਧਾਰ ਬਣਾਇਆ ਹੈ, ਇਸ ਸੰਬੰਧੀ ਕੋਈ ਵੀ ਸੰਕੇਤ ਪ੍ਰਾਪਤ ਨਹੀਂ ਹੁੰਦਾ ਹੈ, ਇਸ ਸੰਬੰਧੀ ਸੰਪਾਦਕ ਦੇ ਸ਼ਬਦਾਂ ਵਿਚ ਦੇਖਿਆ ਜਾ ਸਕਦਾ ਹੈ।

"ਭਾਈ ਸਾਹਿਬ ਨੇ ਹੀ ਮੂਲ-ਪਾਠ ਦਾ ਪਦ-ਛੇਦ ਕੀਤਾ, ਵਿਸ਼ਰਾਮ ਚਿੰਨ੍ਹ ਲਾਏ, ਮੂਲ ਨੂੰ ਛਪਾਈ ਲਈ ਆਧੁਨਿਕ ਕਾਵਿ-ਤਰਤੀਬ ਦੇ ਰੂਪ ਵਿਚ ਲਿਆਂਦਾ, ਕਈ ਪੁਰਾਤਨ ਹੱਥ-ਲਿਖਤੀ ਦਸਮ ਗ੍ਰੰਥ ਦੇ ਖਰੜੇ ਵਾਚ ਕੇ ਪਾਠ ਸੋਧੇ, ਤੇ ਯੋਗ ਥਾਂਈ ਲੋੜੀਂਦੀਆਂ ਟਿੱਪਣੀਆਂ ਦਰਜ ਕੀਤੀਆਂ।"[6]

11. ਭਾਈ ਸਾਹਿਬ ਅਰਬੀ, ਫ਼ਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਅਤੇ ਪਿੰਗਲ ਸ਼ਾਸਤਰ ਆਦਿ ਦੇ ਚੰਗੇ ਜਾਣੂ ਸਨ, ਇਸ ਦੀ ਉਦਾਹਰਣ ਕਈ ਥਾਵਾਂ ਉੱਤੇ ਦੇਖੀ ਜਾ ਸਕਦੀ ਹੈ, ਜਿਵੇਂ ਭਾਗ ਪਹਿਲਾ ਦੇ ਪੰਨਾ 79, 285 ਉਤੇ।

ਸਬੈ ਬੀਰ ਧਾਏ।
ਸਰੋਘੰ ਚਲਾਏ।

ਸਰੋਘੰ - (ਸਰ+ ਉਘ) ਬਹੁਤ ਸਾਰੇ ਤੀਰ। (ਭਾਗ ਪਹਿਲਾ, ਪੰਨਾ 79)

12. ਛਪਾਈ ਦੇ ਦੌਰਾਨ ਕਈ ਬਾਣੀਆਂ ਦੇ ਸਿਰਲੇਖ ਪੰਨੇ ਉੱਪਰ ਨਹੀਂ ਦਿੱਤੇ ਗਏ, ਜਿਵੇਂ ਦਸਮ ਗ੍ਰੰਥ ਸਾਹਿਬ ਦੀ ਮੁਢਲੀ ਬਾਣੀ 'ਜਾਪੁ' ਦਾ ਸਿਰਲੇਖ ਨਹੀਂ ਦਿੱਤਾ ਗਿਆ, ਸੰਭਵ ਹੈ ਕਿ ਇਹ ਛਪਾਈ ਦੌਰਾਨ ਜਾਂ ਸੋਧ ਕਮੇਟੀ ਵੱਲੋਂ ਹੋਈ ਉਕਾਈ ਹੈ।

II ਸ੍ਰੀ ਦਸਮ ਗ੍ਰੰਥ ਸਾਹਿਬ – ਡਾਕਟਰ ਜੋਧ ਸਿੰਘ (ਹਿੰਦੀ)

ਹਿੰਦੀ ਅਨੁਵਾਦਾਂ ਵਿਚੋਂ ਡਾਕਟਰ ਜੋਧ ਸਿੰਘ ਦੁਆਰਾ ਦਸਮ ਗ੍ਰੰਥ ਸਾਹਿਬ ਦਾ ਕੀਤਾ ਅਨੁਵਾਦ ਤਥਾ ਟੀਕਾ ਜ਼ਿਕਰਯੋਗ ਹੈ। ਇਹ ਕਾਰਜ 'श्री दसम ग्रंथ साहिब : हिन्दी अनुवाद सहित नागरी लिप्यन्तरण' ਸਿਰਲੇਖ ਹੇਠ भुवन वाणी ट्रस्ट, लखनऊ ਵਲੋਂ 1983 ਵਿਚ (ਚਾਰ ਭਾਗਾਂ ਵਿਚ) ਦੁਬਾਰਾ ਪ੍ਰਕਾਸ਼ਿਤ ਹੋਇਆ। ਹਿੰਦੀ ਜਗਤ ਨੂੰ ਇਸ ਵੱਡੀ ਵਿਰਾਸਤ ਤੋਂ ਜਾਣੂ ਕਰਵਾਉਣ ਵਿਚ ਵਿਆਖਿਆਕਾਰ/ਅਨੁਵਾਦਕ ਦਾ ਜਿੱਥੇ ਵੱਡਾ ਯੋਗਦਾਨ ਹੈ, ਉੱਥੇ ਭੁਵਨ ਵਾਣੀ ਟਰੱਸਟ ਨੇ ਇਸ ਨੂੰ ਬੜੇ ਯੋਗ ਮੁੱਲ ਉਤੇ ਛਾਪ ਕੇ ਆਮ ਪਾਠਕਾਂ ਦੀ ਪਹੁੰਚ ਵਿਚ ਵੀ ਕਰ ਦਿੱਤਾ ਹੈ। ਹੇਠਾਂ ਅਸੀਂ ਇਸ ਕਾਰਜ ਦੇ ਮੁੱਖ ਲੱਛਣਾਂ ਦਾ ਜ਼ਿਕਰ ਕਰ ਰਹੇ ਹਾਂ :

1. ਦਸਮ ਗ੍ਰੰਥ ਸਾਹਿਬ ਵਿਚ ਆਏ ਬਹੁ-ਪ੍ਰਕਾਰੀ ਪੌਰਾਣਿਕ ਸੰਦਰਭਾਂ ਨੂੰ ਖੋਲ੍ਹਣ ਵਿਚ ਵਿਆਖਿਆਕਾਰ ਦਾ ਭਾਰਤੀ ਸ਼ਾਸਤਰੀ ਗਿਆਨ ਬੜਾ ਯੋਗ ਸਿੱਧ ਹੋਇਆ ਹੈ, ਜਿਸ ਦੀ ਸਹਾਇਤਾ ਨਾਲ ਨਾ ਕੇਵਲ ਉਨ੍ਹਾਂ ਨੇ ਪਿਛੋਕੜ ਨੂੰ ਹੀ ਠੀਕ ਪ੍ਰਸੰਗ ਵਿਚ ਬਿਆਨ ਕੀਤਾ ਹੈ, ਬਲਕਿ ਗੁਰਮਤਿ ਵਿਚ ਉਨ੍ਹਾਂ ਦਾ ਯਥਾਯੋਗ ਸਥਾਨ ਵੀ ਦਰਸਾ ਦਿੱਤਾ ਹੈ।

2. ਟੀਕਾਕਾਰ ਨੇ ਪਹਿਲਾਂ ਮੂਲ-ਪਾਠ ਦਾ ਦੇਵਨਾਗਰੀ ਲਿਪੀਅੰਤਰ ਦੇ ਕੇ ਫਿਰ ਹੇਠਾਂ ਹਿੰਦੀ ਵਿਚ ਉਸਦੀ ਵਿਆਖਿਆ ਕੀਤੀ ਹੈ। ਇਸ ਸੰਬੰਧੀ ਉਨ੍ਹਾਂ ਨੇ ਇਕ ਦੇਵਨਾਗਰੀ ਲਿਪੀ ਨਾਲ ਸੰਬੰਧਿਤ ਨਿਯਮਾਂਵਲੀ ਵੀ ਦਿੱਤੀ ਹੈ, ਜਿਸ ਰਾਹੀਂ ਅਨੁਵਾਦ ਤਥਾ ਲਿਪੀਅੰਤਰ ਦੇ ਨਿਯਮਾਂ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਸੰਖੇਪ ਅਤੇ ਟਿੱਪਣੀ ਰਹਿਤ ਹੋਣ ਕਾਰਨ ਆਮ ਪਾਠਕ ਦੇ ਪੱਲੇ ਕੁਝ ਨਹੀਂ ਪਾਉਂਦੀ।

3. ਟੀਕਾਕਾਰ ਨੇ ਦਸਮ ਗ੍ਰੰਥ ਸਾਹਿਬ ਦੇ ਕਿਸ ਪਾਠ ਨੂੰ ਆਪਣੀ ਰਚਨਾ ਦਾ ਆਧਾਰ ਬਣਾਇਆ ਹੈ, ਇਸ ਬਾਰੇ ਕੋਈ ਸੂਚਨਾ ਪ੍ਰਾਪਤ ਨਹੀਂ।

4. ਟੀਕਾਕਾਰ ਨੇ ਟੀਕਾ ਕਰਨ ਵੇਲੇ ਪ੍ਰਸੰਗ ਨੂੰ ਮੁੱਖ ਰੱਖਿਆ ਹੈ, ਵਿਆਕਾਰਣ ਜਾਂ ਕਾਵਿ-ਸ਼ਾਸਤਰ ਦੇ ਨਿਯਮਾਂ ਨੂੰ ਨਹੀਂ। ਪ੍ਰਸੰਗ ਨੂੰ ਸਨਮੁਖ ਰੱਖ ਕੇ ਵਿਆਖਿਆ ਕਰਨ ਨਾਲ ਸਮੁੱਚੇ ਤੌਰ ਉੱਤੇ ਭਾਵੇਂ ਸਿਧਾਂਤਕ ਉਕਾਈ ਦੀ ਸੰਭਾਵਨਾ ਘੱਟ ਹੁੰਦੀ ਹੈ ਪਰੰਤੂ ਚਲੰਤ ਪ੍ਰਸੰਗ ਵਿਚ ਕਈ ਵਾਰ ਪਾਠਕ ਇਸ ਤਰ੍ਹਾਂ ਮਹਿਸੂਸ ਕਰਦਾ ਹੈ, ਜਿਸ ਤਰ੍ਹਾਂ ਉਹ ਮੂਲ-ਪਾਠ ਤੋਂ ਕੋਈ ਵੱਖਰਾ ਪ੍ਰਸੰਗ ਪੜ੍ਹ ਰਿਹਾ ਹੋਵੇ ਜਿਵੇਂ :

अउर कही बिनती तुम पै सु मनो अरु अउरन बातन डारो।

अर्थ – तुमसे और जो प्रार्थना की हे कृष्ण । उसे भी सुनो। यशोदा ने कहा कि ब्रजनाथ हमको अत्यन्त प्रिय है।

(ਭਾਗ ਪਹਿਲਾ, ਪੰਨਾ 47)

5. ਵਿਆਖਿਆਕਾਰ ਨੇ ਤੁਕ-ਵਾਰ ਵਿਆਖਿਆ ਕੀਤੀ ਹੈ। ਇਸ ਸੰਬੰਧੀ ਉਨ੍ਹਾਂ ਨੇ ਕੋਈ ਤੁਕ-ਨੰਬਰ ਨਹੀਂ ਦਿੱਤਾ, ਕੇਵਲ ਸਵਈਏ ਜਾਂ ਬੰਦ-ਨੰਬਰ ਤੋਂ ਹੀ ਪਤਾ ਚੱਲਦਾ ਹੈ, ਕਿ ਇਹ ਕਿਸ ਤੁਕ ਦੀ ਵਿਆਖਿਆ ਹੈ। ਇਸ ਨਾਲ ਥੋੜ੍ਹੀ ਪਰੇਸ਼ਾਨੀ ਵੱਧ ਜਾਂਦੀ ਹੈ। ਵਿਆਖਿਆ ਲੱਭਣ ਵਿਚ ਪਰੇਸ਼ਾਨੀ ਉਸ ਮੌਕੇ ਹੋਰ ਵੀ ਵੱਧ ਜਾਂਦੀ ਹੈ, ਜਦੋਂ ਉਹ ਵਿਆਖਿਆ ਪਾਠ ਦੇ ਸਨਮੁਖ ਦੇਣ ਦੀ ਬਜਾਇ ਹੇਠਾਂ ਦੇ ਦਿੰਦੇ ਹਨ। ਇਸ ਸੰਬੰਧੀ ਚਾਰਾਂ ਜਿਲਦਾਂ ਵਿਚ ਕਿਤੇ ਵੀ ਦੇਖਿਆ ਜਾ ਸਕਦਾ ਹੈ।

6. ਟੀਕਾਕਾਰ ਨੇ ਵਧ ਤੋਂ ਵਧ ਕੋਸ਼ਿਸ਼ ਕੀਤੀ ਹੈ ਕਿ ਅਪ੍ਰਸੰਗਕ ਜਾਪਦੇ ਪਾਠਾਂ ਨੂੰ ਗੁਰਮਤਿ ਅਨੁਸਾਰੀ ਬਣਾਇਆ ਜਾਵੇ। ਇਸ ਦੀ ਉਦਾਹਰਣ ਭੂਮਿਕਾ (ਪੰਨਾ 27) ਵਿਚ ਵੇਖੀ ਜਾ ਸਕਦੀ ਹੈ :

"भारतवर्ष में हजारों वर्षों से भिन्न–भिन्न तरीकों से काम को विरुद्ध संघर्ष चलता चला आ रहा है...... काम और व्यवहार में सामंजस्य लाने के लिए ही गुरु गोविंद सिंह ने चरित्रोपाख्यानों की रचना की और इनके माध्यम से काम की तीव्रता, अल्प दृष्टि प्रवंचना और धूर्तताओं को दिखाते हुए अपने अनुग को चेतावनियां दी है।"[7]

7. ਦਸਮ ਗ੍ਰੰਥ ਸਾਹਿਬ ਦੇ ਮੂਲ-ਪਾਠ ਦਾ ਲਿਪੀਅੰਤਰ ਕਰਨ ਵੇਲੇ ਕਾਫ਼ੀ ਉਕਾਈਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ, ਇਹ ਉਕਾਈਆਂ, ਛਾਪੇ ਦੌਰਾਨ ਜਾਂ ਪਰੂਫ ਆਦਿ ਕਾਰਨਾਂ ਕਰਕੇ ਹਨ ਜਾਂ

ਫਿਰ ਲਿਪੀਕਾਰ ਵਲੋਂ ਹੋਈ ਅਣਭੋਲ ਉਕਾਈ ਹੈ ? ਇਸ ਸੰਬੰਧੀ ਅਸੀਂ ਕੁਝ ਨਹੀਂ ਜਾਣਦੇ, ਜਿਵੇ :

ਚਲਿ ਆਇਕੈ ਸੋ ਫਿਰ ਨੰਦ ਕੇ ਧਾਮ ਕਿਧੌਂ ਤਿਨ ਸੌ ਬਿਨਤੀ ਅਤਿ ਕੀਨੀ।

(ਭਾਗ ਦੂਜਾ, ਪੰਨਾ 2)

8. ਸਿੱਖ ਪੰਥ ਵਿਚ 'ਗੁਰੂ' ਦਾ ਦਰਜਾ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਾਪਤ ਹੈ। ਬਾਕੀ ਦਸਮ ਗ੍ਰੰਥ ਸਾਹਿਬ, ਭਾਈ ਗੁਰਦਾਸ ਆਦਿ ਰਚਨਾਵਾਂ ਭਾਵੇਂ ਅਤਿ ਸਤਿਕਾਰਯੋਗ ਹਨ, ਪਰ ਉਨ੍ਹਾਂ ਨਾਲ 'ਗੁਰੂ' ਸ਼ਬਦ ਜੋੜਨਾ ਬੜੀ ਵੱਡੀ ਸਿਧਾਂਤਕ ਉਕਾਈ ਸਮਝਣੀ ਚਾਹੀਦੀ ਹੈ। ਵਿਚਾਰਾਧੀਨ ਰਚਨਾ ਵਿਚੋਂ ਭਾਗ ਪਹਿਲਾ, ਤੀਜਾ ਅਤੇ ਚੌਥਾ ਵਿਚ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਪਾਠ ਛਾਪਿਆ ਗਿਆ ਹੈ। ਜਦਕਿ ਭਾਗ ਦੂਜੇ ਦਾ ਸਿਰਲੇਖ ਸ੍ਰੀ ਦਸਮ ਗ੍ਰੰਥ ਸਾਹਿਬ ਹੈ। ਅਜਿਹੇ ਛਾਪੇ ਦੀ ਉਕਾਈ ਹੈ ਜਾਂ ਅਨੁਵਾਦਕ ਦੀ, ਇਸ ਸੰਬੰਧੀ ਅਸੀਂ ਕੁਝ ਨਹੀਂ ਕਹਿ ਸਕਦੇ।

III ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ- ਗਿਆਨੀ ਨਰੈਣ ਸਿੰਘ

ਗਿਆਨੀ ਨਰੈਣ ਸਿੰਘ ਦੁਆਰਾ ਕੀਤਾ ਗਿਆ ਦਸਮ ਗ੍ਰੰਥ ਸਾਹਿਬ ਦਾ ਟੀਕਾ ਵੀ ਇਕ ਜ਼ਿਕਰਯੋਗ ਕੰਮ ਹੈ। ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵਲੋਂ ਇਹ ਟੀਕਾ ਅੱਠ ਜਿਲਦਾਂ ਵਿਚ ਜੁਲਾਈ 1994 ਵਿਚ ਦੁਬਾਰਾ ਛਾਪਿਆ ਗਿਆ ਹੈ। ਇਸ ਵਿਆਖਿਆ ਕਾਰਜ ਲਈ ਸੋਧ ਦਾ ਕੰਮ ਡਾਕਟਰ ਅਜੀਤ ਸਿੰਘ ਅਤੇ ਗਿਆਨੀ ਮੋਹਨ ਸਿੰਘ ਜੀ ਨੇ ਕੀਤਾ ਹੈ ਅਤੇ ਇਸ ਦੇ ਕੁਲ 4486 ਪੰਨੇ ਹਨ। ਇਸ ਦੇ ਵਿਸ਼ੇਸ਼ ਲੱਛਣ ਇਸ ਤਰ੍ਹਾਂ ਹਨ :

1. ਗਿਆਨੀ ਨਰੈਣ ਸਿੰਘ ਜੀ ਦਾ ਦ੍ਰਿਸ਼ਟੀਕੋਣ ਸੰਪ੍ਰਦਾਈ ਗਿਆਨੀਆਂ ਵਾਲਾ ਹੈ। ਸੰਪ੍ਰਦਾਈ ਗਿਆਨੀ ਆਮ ਤੌਰ ਉੱਤੇ ਭਾਰਤੀ ਸ਼ਾਸ਼ਤਰੀ ਗਿਆਨ ਦੇ ਵਿਸ਼ੇਸ਼ਗ ਹੁੰਦੇ ਸਨ, ਇਸ ਕਰਕੇ ਉਨ੍ਹਾਂ ਦੀ ਵਿਆਖਿਆ ਵਿਚ ਅਕਸਰ ਵੇਦਾਂਤ ਆਦਿਕ ਭਾਰੂ ਹੋ ਜਾਂਦਾ ਸੀ। ਗਿਆਨੀ ਜੀ ਦੇ ਟੀਕੇ ਵਿਚ ਅਜਿਹੀ ਝਲਕ ਆਮ ਦੇਖੀ ਜਾ ਸਕਦੀ ਹੈ।

2. ਟੀਕਾਕਾਰ ਨੇ ਵਿਆਖਿਆ ਕਰਦੇ ਹੋਏ ਕਈ ਥਾਵਾਂ ਉੱਤੇ ਖੁੱਲ੍ਹ ਵੀ ਲਈ ਹੈ, ਜਿਵੇਂ ਪਹਿਲਾਂ ਤੁਕਾਂ ਦੇ ਅਰਥ ਦਿੱਤੇ ਗਏ ਹਨ ਅਤੇ ਫਿਰ ਹੇਠਾਂ ਭਾਵ-ਅਰਥ ਵੀ ਦਿੱਤੇ ਹਨ। ਇਸ ਸੰਬੰਧੀ ਅਕਾਲ ਉਸਤਤਿ ਵਿਚ ਪੰਨਾ 139 ਉਤੇ ਦੇਖਿਆ ਜਾ ਸਕਦਾ ਹੈ।

3. ਟੀਕਾਕਾਰ ਨੇ ਕਈ ਥਾਵਾਂ ਉੱਤੇ ਔਖੇ ਸ਼ਬਦਾਂ ਦੇ ਪ੍ਰਯਾਏਵਾਚੀ ਸ਼ਬਦ ਨਾਲ ਹੀ ਬਰੈਕਟਾਂ ਵਿਚ ਦਿੱਤੇ ਹਨ, ਇਸ ਦੀ ਉਦਾਹਰਣ ਕਿਤੇ ਵੀ (ਅੱਠੇ ਸੈਂਚੀਆਂ ਵਿਚ) ਦੇਖੀ ਜਾ ਸਕਦੀ ਹੈ, ਜਿਵੇਂ ਪੰਨਾ 7 ਉੱਤੇ ਜਾਪੁ ਸਾਹਿਬ ਵਿਚ ਆਦਿ।

4. ਵਿਆਖਿਆ ਲਈ ਕਿਸ ਮੂਲ-ਪਾਠ ਨੂੰ ਅਤੇ ਕਿਹੜੀਆਂ ਸਹਾਇਕ ਪੁਸਤਕਾਂ ਨੂੰ ਆਧਾਰ ਬਣਾਇਆ ਗਿਆ ਹੈ, ਇਸ ਸੰਬੰਧੀ ਕਿਤੇ ਵੀ ਕੋਈ ਸੂਚਨਾ ਦਰਜ਼ ਨਹੀਂ ਹੈ, ਸਿਰਫ਼ ਪਹਿਲੀ ਸੈਂਚੀ ਵਿਚ ਪੰਨੇ 434-35 ਉਤੇ ਇਹ ਟਿੱਪਣੀ ਦਰਜ ਹੈ।

ਇਹ 'ਬ੍ਰਹਮ ਕਵਚ' ਵਰਾਹ ਪੁਰਾਣ ਤੇ ਦੁਰਗਾ ਪਾਠ ਦੇ ਆਰੰਭ ਵਿਚ ਲਿਖਿਆ ਹੈ। (ਪੰਨਾ 434)

ਮਾਰਕੰਡੇਯ ਪੁਰਾਨ ਵਿਚ ਦੇਵੀ ਦੀ ਉਸਤਤੀ ਲਿਖੀ ਹੈ, ਇਹ ਉਸ ਦਾ ਅਨੁਵਾਦ ਹੈ। (ਪੰਨਾ 435)

5. ਵਿਆਖਿਆ ਕਰਦੇ ਹੋਏ, ਜਿਥੇ ਬਾਣੀ ਵਿਚ ਅਸੰਪ੍ਰਦਾਇਕ ਸ਼ਬਦਾਂ ਦੀ ਝਲਕ ਪੈਂਦੀ ਮਹਿਸੂਸ ਹੁੰਦੀ ਹੈ, ਉਥੇ ਟੀਕਾਕਾਰ ਨੇ ਸੰਕੋਚਤਾ ਵਰਤੀ ਹੈ ਅਤੇ ਕੇਵਲ ਇਕ ਜਾਂ ਦੋ ਪੰਕਤੀਆਂ ਵਿਚ ਹੀ ਅਰਥ ਕਰਕੇ ਗੱਲ ਮੁਕਾ ਦਿੱਤੀ ਗਈ ਹੈ, ਜਿਵੇਂ :

ਦੇਖਿ ਤਿਨੈ ਸੁਭ ਅੰਗ ਸੁ ਦੀਰਘ ਕਉਚ ਸਜੇ ਕਟ ਬਾਂਧਿ ਭਥਈਆ॥

ਅਰਥ- ਉਹਨਾਂ ਸੂਰਮਿਆਂ ਦੇ ਸੋਹਣੇ ਤੇ ਵੱਡੇ ਅੰਗ ਦਿਖਾਈ ਦੇਂਦੇ ਹਨ।

ਉਹਨਾਂ ਨੇ ਸੰਜੋਆ ਪਹਿਨੀਆਂ ਹੋਈਆਂ ਹਨ ਤੇ ਲੱਕ ਨਾਲ ਤੀਰਾਂ ਦੇ ਭੱਥੇ ਬੰਨ੍ਹੇ ਹੋਏ ਹਨ।

(ਸੈਂਚੀ ਪਹਿਲੀ, ਪੰਨਾ 329)

6. ਟੀਕਾਕਾਰ ਨੇ ਵਿਆਖਿਆ ਨੂੰ ਵੱਧ ਤੋਂ ਵੱਧ ਗੁਰਮਤਿ ਅਨੁਸਾਰੀ ਬਣਾਉਣ ਦਾ ਜਤਨ ਕੀਤਾ ਹੈ।

7. ਵਿਆਖਿਆ ਸੰਬੰਧੀ ਕੋਈ ਨਿਯਮਾਵਲੀ ਨਹੀਂ ਦਿੱਤੀ, ਜਿਸ ਨੂੰ ਆਧਾਰ ਬਣਾ ਕੇ ਵਿਆਖਿਆ

ਕੀਤੀ ਗਈ ਹੈ।

8. ਕਈ ਬਾਣੀਆਂ ਦੀ ਭੂਮਿਕਾ ਵੀ ਲਿਖੀ ਗਈ ਹੈ, ਜਿਹੜੀ ਕਿ ਬਾਣੀ ਦੇ ਸ਼ੁਰੂ ਵਿਚ ਦਰਜ ਹੈ, ਜਿਵੇਂ ਪਹਿਲੀ ਸੈਂਚੀ ਪੰਨਾ 71 ਉਤੇ ਪ੍ਰਸਾਦਿ ਸਵੈਯੇ ਸੰਬੰਧੀ, ਪੰਨਾ483 ਉਤੇ ਗਿਆਨ ਪ੍ਰਬੰਧ ਸੰਬੰਧੀ ਆਦਿ।

9. ਗਿਆਨੀ ਜੀ ਵਲੋਂ ਹਰੇਕ ਪੰਨੇ ਉੱਤੇ ਬਾਣੀ ਦਾ ਸਿਰਲੇਖ ਅਤੇ ਪੰਨਾ ਨੰਬਰ ਦਿੱਤਾ ਗਿਆ ਹੈ, ਇਸ ਨਾਲ ਪਾਠਕਾਂ ਨੂੰ ਕੋਈ ਵੀ ਬਾਣੀ ਲਭਣ ਵਿਚ ਸੌਖ ਹੋ ਜਾਂਦੀ ਹੈ।

IV. ਸ੍ਰੀ ਦਸਮ ਗ੍ਰੰਥ ਸਾਹਿਬ : ਪਾਠ-ਸੰਪਾਦਨ ਅਤੇ ਵਿਆਖਿਆ – ਡਾਕਟਰ ਰਤਨ ਸਿੰਘ ਜੱਗੀ

ਡਾਕਟਰ ਰਤਨ ਸਿੰਘ ਜੱਗੀ ਅਤੇ ਉਨ੍ਹਾਂ ਦੀ ਸਪੁਤਨੀ ਡਾਕਟਰ ਗੁਰਸ਼ਰਨ ਕੌਰ ਜੱਗੀ ਵਲੋਂ ਦਸਮ ਗ੍ਰੰਥ ਸਾਹਿਬ ਦੀ ਵਿਆਖਿਆ ਸੰਬੰਧੀ ਕੀਤਾ ਇਹ ਕਾਰਜ ਇਕ ਮਹੱਤਵਪੂਰਨ ਕਾਰਜ ਹੈ, ਕਿਉਂਕਿ ਉਨ੍ਹਾਂ ਦਾ ਪੀ-ਐਚ.ਡੀ. ਦਾ ਕਾਰਜ ਵੀ ਦਸਮ ਗ੍ਰੰਥ ਸਾਹਿਬ ਨਾਲ ਹੀ ਸੰਬੰਧਿਤ ਹੈ। ਦਸਮ ਗ੍ਰੰਥ ਸਾਹਿਬ ਦੀ ਵਿਆਖਿਆ ਬਾਰੇ ਉਨ੍ਹਾਂ ਨੇ ਆਪਣਾ ਕਾਰਜ ਸ੍ਰੀ ਦਸਮ ਗ੍ਰੰਥ ਸਾਹਿਬ : ਪਾਠ ਸੰਪਾਦਨ ਅਤੇ ਵਿਆਖਿਆ ਪੰਜ ਭਾਗਾਂ ਵਿਚ ਗੋਬਿੰਦ ਸਦਨ, ਨਵੀਂ ਦਿੱਲੀ ਤੋਂ ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਸਮੇਂ 1999 ਨੂੰ ਪ੍ਰਕਾਸ਼ਿਤ ਕਰਵਾਇਆ ਗਿਆ। ਮੂਲ-ਪਾਠ, ਵਿਆਖਿਆ ਅਤੇ ਛਾਪੇ ਦੀ ਹਰ ਨਿਯਮਾਵਲੀ ਵੱਲ ਦਿੱਤਾ ਮਹੀਨ ਧਿਆਨ, ਜਿੱਥੇ ਇਸ ਕਾਰਜ ਦੇ ਮੁੱਲ ਵਿਚ ਵਾਧਾ ਕਰਦਾ ਹੈ, ਉੱਥੇ ਵਿਆਖਿਆਕਾਰ ਦੇ ਸਿਰੜ ਅਤੇ ਸ਼ਰਧਾ ਦੀ ਇਕਾਗਰਤਾ ਦੀ ਹਾਮੀ ਵੀ ਭਰਦਾ ਹੈ।

ਡਾਕਟਰ ਜੱਗੀ ਭਾਵੇਂ ਪਾਠ-ਸੰਪਾਦਨ ਦਾ ਦਾਅਵਾ ਕਰਦੇ ਹਨ, ਪਰੰਤੂ ਉਨ੍ਹਾਂ ਨੇ ਮੂਲ-ਪਾਠ ਲਈ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ ਦੁਆਰਾ ਸੋਧਕ ਅਤੇ ਪ੍ਰਕਾਸ਼ਿਤ (1897 ਈ.) ਦਸਮ ਗ੍ਰੰਥ ਸਾਹਿਬ ਦੇ ਮੂਲ-ਪਾਠ ਅਤੇ ਵਿਆਖਿਆ ਨੂੰ ਹੀ ਆਧਾਰ ਬਣਾਇਆ ਹੈ। ਭਾਵੇਂ ਕਿ ਪੈਰ-ਟਿੱਪਣੀਆਂ ਵਿਚ ਉਨ੍ਹਾਂ ਦੇ ਕੁਝ ਮਹੱਤਵਪੂਰਨ ਭੇਦਾਂ ਦਾ ਜ਼ਿਕਰ ਵੀ ਕੀਤਾ ਹੈ। ਇਸ ਵਿਆਖਿਆਕਾਰੀ ਦੇ ਮੁੱਖ ਲੱਛਣ ਇਸ ਤਰ੍ਹਾਂ ਹਨ :

1. ਵਿਆਖਿਆ ਨੂੰ ਭਾਵੇਂ ਸੰਖੇਪ ਰੱਖਿਆ ਗਿਆ ਹੈ, ਪਰ ਇਹ ਕਾਵਿ-ਪਾਠ ਦਾ ਨਿਰਾ ਵਾਰਤਕ ਅਨੁਵਾਦ ਹੀ ਨਹੀਂ ਹੈ, ਇਸ ਲਈ ਕਿਤੇ-ਕਿਤੇ ਖੁੱਲ੍ਹ ਵੀ ਲੈ ਲਈ ਗਈ ਹੈ।[8]

2. ਵਿਆਖਿਆ ਕਰਨ ਵੇਲੇ ਪਾਠ ਦੇ ਜ਼ਿਆਦਾ ਤੋਂ ਜ਼ਿਆਦਾ ਨੇੜੇ ਰਹਿਣ ਦੀ ਕੋਸ਼ਿਸ਼ ਕੀਤੀ ਗਈ ਹੈ।

3. ਕਈ ਥਾਵਾਂ ਉਤੇ ਜਿੱਥੇ ਬਾਣੀ ਦੇ ਪ੍ਰਸੰਗ ਤੋਂ ਅਸਪ੍ਰਦਾਇਕ ਝਲਕ ਪੈਂਦੀ ਮਹਿਸੂਸ ਹੁੰਦੀ ਹੈ, ਉਥੇ ਵਿਆਖਿਆਕਾਰਾਂ ਨੇ ਇਸ ਦਾ ਸਮਾਧਾਨ ਕਰਦਿਆਂ ਸੰਕੋਚਤਾ ਵੀ ਵਰਤੀ ਹੈ, ਜਿਵੇਂ :

ਕਿਤੇ ਕ੍ਰਿਸਨ ਸੇ ਕੀਟ ਕੋਟੈ ਉਪਾਏ।
ਉਸਾਰੇ ਗੜ੍ਹੇ ਫੇਰਿ ਮੇਟੇ ਬਨਾਏ।

ਵਿਆਖਿਆ : (ਉਸ ਨੇ) ਕ੍ਰਿਸਨ ਵਰਗੇ ਕਿਤਨੇ ਹੀ ਕਰੋੜਾਂ ਕੀੜੇ ਪੈਦਾ ਕੀਤੇ ਹਨ। (ਪਹਿਲਾਂ) ਉਸਾਰੇ, (ਫਿਰ ਧਰਤੀ ਵਿਚ) ਗਡ ਦਿੱਤੇ, ਫਿਰ ਬਣਾਏ ਅਤੇ ਮਿਟਾ ਦਿੱਤੇ। (ਉਹ ਪਰਮਾਤਮਾ) ਅਤਿ ਗੰਭੀਰ ਹੈ, ਭੈ-ਰਹਿਤ, ਆਦਿ, ਦ੍ਵੈਤ-ਰਹਿਤ ਅਵਿਨਾਸੀ ਹੈ। (ਉਹ) ਪਰੇ ਤੋਂ ਪਰੇ, ਪਰਮ ਸ੍ਰੇਸ਼ਠ ਅਤੇ ਪੂਰਨ ਪ੍ਰਕਾਸ਼ਮਈ ਹੈ।

(ਭਾਗ ਪਹਿਲਾ, ਪੰਨਾ 56-57)

4. ਦਸਮ ਗ੍ਰੰਥ ਸਾਹਿਬ ਵਿਚ ਬੇਅੰਤ ਪੌਰਾਣਿਕ ਸੰਦਰਭ ਵਰਤੇ ਗਏ ਹਨ, ਜਿਨ੍ਹਾਂ ਨੂੰ ਵਿਆਖਿਆਕਾਰ ਨੇ ਬਰੈਕਟਾਂ ਵਿਚ ਠੀਕ ਸੰਦਰਭ ਵਿਚ ਸਮਝਣ ਲਈ ਸੰਕੇਤ ਕਰ ਦਿੱਤਾ ਹੈ। ਇਸ ਦੀ ਉਦਾਹਰਣ ਕਿਤੇ ਵੀ ਦੇਖੀ ਜਾ ਸਕਦੀ ਹੈ, ਜਿਵੇਂ ਭਾਗ ਪਹਿਲਾ ਵਿਚ ਪੰਨਾ 258, 259 ਉੱਤੇ।

5. ਵਿਆਖਿਆਕਾਰੀ ਵਿਚ ਪ੍ਰਯਾਇਵਾਚੀ ਰੁਚੀ ਵੀ ਦੇਖੀ ਜਾ ਸਕਦੀ ਹੈ, ਕਿਉਂਕਿ ਵਿਆਖਿਆਕਾਰ ਨੇ ਵੱਖਰੇ ਸ਼ਾਬਦਿਕ ਅਰਥ ਨਹੀਂ ਦਿੱਤੇ, ਉਨ੍ਹਾਂ ਨੇ ਚਲੰਤ ਵਿਆਖਿਆ ਵਿਚ ਨਾਲ-ਨਾਲ ਔਖੇ ਸ਼ਬਦਾਂ ਦੇ ਅਰਥ ਵੀ ਦਿੱਤੇ ਹਨ, ਜਿਵੇਂ :

ਤਵ ਧਾਮ ਹੋਹਿਗੇ ਪੁਤ੍ਰ ਬਿਸਨੁ।

ਸਬ ਕਾਜ ਸਿਧ ਭਏ ਜਿਸਨੁ।

ਅਰਥ : ਤੇਰੇ ਘਰ ਵਿਚ ਵਿਸਣੂ (ਭਗਵਾਨ) ਪੁੱਤਰ (ਰੂਪ ਵਿਚ ਪੈਦਾ)
ਹੋਣਗੇ ਅਤੇ ਸਾਰੇ ਦੇਵਤਿਆਂ ('ਜਿਸਨ') ਦੇ ਕਾਰਜ ਸਿੱਧ ਹੋਣਗੇ।

(ਭਾਗ ਪਹਿਲਾ, ਪੰਨਾ 510-511)

6. ਵਿਆਖਿਆਕਾਰ ਭਾਵੇਂ ਫ਼ਾਰਸੀ, ਸੰਸਕ੍ਰਿਤ, ਬ੍ਰਜ, ਪਿੰਗਲ ਸ਼ਾਸ਼ਤਰ ਆਦਿ ਦੇ ਜਾਣੂ ਹਨ ਪਰ ਉਹ ਕਿਤੇ ਵੀ ਸਮੁੱਚੀ ਵਿਆਖਿਆ ਵਿਚ ਇਸ ਸੰਬੰਧੀ ਕੋਈ ਟਿੱਪਣੀ ਜਾਂ ਸੰਕੇਤ ਨਹੀਂ ਦਿੰਦੇ।

7. ਵਿਆਖਿਆ ਕਰਨ ਵੇਲੇ ਸਰਲ ਭਾਸ਼ਾ ਤਥਾ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ, ਕਿਸੇ ਵੀ ਕਿਸਮ ਦੀਆਂ ਉਕਤੀਆਂ, ਯੁਕਤੀਆਂ, ਉਦਾਹਰਣਾਂ ਆਦਿ ਦਾ ਸੰਕੋਚ ਹੀ ਕੀਤਾ ਗਿਆ ਹੈ।

V. ਸ੍ਰੀ ਦਸਮ ਗ੍ਰੰਥ ਸਾਹਿਬ- ਡਾਕਟਰ ਜੋਧ ਸਿੰਘ, ਡਾਕਟਰ ਧਰਮ ਸਿੰਘ (ਅੰਗਰੇਜ਼ੀ)

ਸਾਰੇ ਦਸਮ ਗ੍ਰੰਥ ਸਾਹਿਬ ਨੂੰ ਅੰਗਰੇਜ਼ੀ ਵਿਚ ਅਨੁਵਾਦਿਤ ਕਰਨ ਦਾ ਕੰਮ ਪਹਿਲੀ ਵਾਰ ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਦੇ ਅਵਸਰ ਉਤੇ ਡਾਕਟਰ ਜੋਧ ਸਿੰਘ ਅਤੇ ਡਾਕਟਰ ਧਰਮ ਸਿੰਘ ਨੇ ਕੀਤਾ। ਇਸ ਨੂੰ Sri Dasam Granth Sahib : Text and Translation ਦੇ ਸਿਰਲੇਖ ਹੇਠ ਦੋ ਸੈਂਚੀਆਂ ਵਿਚ 1999 ਵਿਚ Heritage Publication, Patiala ਵਲੋਂ ਛਾਪਿਆ ਗਿਆ। ਦੋ ਸੈਂਚੀਆਂ ਦੇ ਕੁਲ 872 ਪੰਨਿਆਂ ਵਿਚ ਕੀਤਾ ਕਾਰਜ ਆਪਣੇ ਆਪ ਵਿਚ ਇਕ ਵਿਲਖਣ ਕਾਰਜ ਹੈ। ਇਸ ਦੇ ਕੁਝ ਮੁੱਖ ਲੱਛਣ ਇਸ ਤਰ੍ਹਾਂ ਹਨ :

1. ਅਨੁਵਾਦ ਦੀਆਂ ਦੋਵੇਂ ਪੋਥੀਆਂ ਵਿਚ ਪ੍ਰਯਾਏਵਾਚੀ ਰੁਚੀ ਆਮ ਦੇਖੀ ਜਾ ਸਕਦੀ ਹੈ। ਅਨੁਵਾਦਕ ਨੇ ਕਠਿਨ ਸ਼ਬਦਾਂ ਦੇ ਅਰਥਾਂ ਨੂੰ ਵਿਸਤਾਰ ਵਿਚ ਦਸਿਆ ਹੈ ਅਤੇ ਕਈ ਥਾਈ ਕਠਿਨ ਸ਼ਬਦਾਂ ਦੇ ਅਰਥ ਬਰੈਕਟਾਂ ਵਿਚ ਨਾਲ ਦੇ ਪੰਨੇ ਉੱਤੇ ਦੇਖੇ ਜਾ ਸਕਦੇ ਹਨ ਜਿਵੇਂ :

ਜੁਧ ਕਾਜ ਨ੍ਰਿਪ ਹਮੈ ਬੁਲਾਯੋ।
ਆਪ ਭਵਨ ਕੀ ਓਰ ਸਿਧਾਯੋ।
ਤਿਨ ਕਠ ਗੜ੍ਹ ਨਵਰਸ ਪਰ ਬਾਂਧੋ।
ਤੀਰ ਤੁਫੰਗ ਨਰੇਸਨ ਸਾਂਧੋ॥

The King (Bhim Chand) called upon us for help in the batttle and himself marched towards Alif Khan to fight. These people did their fartification on a high mound and all the (hill) chiefs took over their arrow and sword and set their aims.

(ਭਾਗ ਪਹਿਲਾ, ਪੰਨਾ, 174, 175)

2. ਅਨੁਵਾਦਕਾਂ ਵਲੋਂ ਵਰਤੀ ਗਈ ਅੰਗਰੇਜ਼ੀ ਭਾਸ਼ਾ ਤਥਾ ਸ਼ੈਲੀ ਨੂੰ ਸਰਲ ਹੀ ਰੱਖਿਆ ਗਿਆ ਹੈ, ਜਿਸ ਨਾਲ ਸਾਧਾਰਨ ਪਾਠਕ ਵੀ ਲਾਭ ਉਠਾ ਸਕਦਾ ਹੈ।

3. ਦੋਵੇਂ ਸੈਂਚੀਆਂ ਵਿਚ ਹਰ ਪੰਨੇ ਉੱਤੇ ਦਿੱਤੇ ਪੰਜਾਬੀ, ਅੰਗਰੇਜ਼ੀ ਸਿਰਲੇਖ ਸਾਨੂੰ ਹਵਾਲੇ ਲੱਭਣ ਵਿਚ ਭਰਪੂਰ ਮਦਦ ਕਰਦੇ ਹਨ।

4. ਅਨੁਵਾਦਕਾਂ ਵਲੋਂ ਵਿਆਖਿਆ ਦੀ ਕਿਹੜੀ ਨਿਯਮਾਵਲੀ ਦੇ ਆਧਾਰ ਉੱਤੇ ਵਿਆਖਿਆ ਅਨੁਵਾਦ ਕੀਤਾ ਗਿਆ ਹੈ, ਇਸ ਸੰਬੰਧੀ ਕੋਈ ਸੂਚਨਾ ਦਰਜ ਨਹੀਂ ਅਤੇ ਕਿਸ ਮੂਲ-ਪਾਠ ਨੂੰ ਮੁੱਖ ਰੱਖ ਕੇ ਵਿਆਖਿਆ ਤਥਾ ਅਨੁਵਾਦ ਕੀਤਾ ਗਿਆ ਹੈ, ਉਸ ਸੰਬੰਧੀ ਵੀ ਕੋਈ ਸੂਚਨਾ ਨਹੀਂ ਮਿਲਦੀ।

VI. ਸ੍ਰੀ ਦਸਮ ਗ੍ਰੰਥ ਸਾਹਿਬ - ਡਾਕਟਰ ਸੁਰਿੰਦਰ ਸਿੰਘ ਕੋਹਲੀ (ਅੰਗਰੇਜ਼ੀ)

ਦਸਮ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦਾਂ ਵਿਚੋਂ ਡਾਕਟਰ ਐਸ.ਐਸ. ਕੋਹਲੀ ਵਲੋਂ ਕੀਤਾ ਗਿਆ ਕਾਰਜ ਹੁਣ ਤਕ ਦੇ ਹੋਏ ਕਾਰਜਾਂ ਵਿਚੋਂ ਪ੍ਰਾਪਤ ਅਖੀਰਲਾ ਕਾਰਜ ਹੈ। ਇਹ ਕਾਰਜ Sri Dasam Granth Sahib ਦੇ ਸਿਰਲੇਖ ਹੇਠ ਤਿੰਨ ਸੈਂਚੀਆਂ ਵਿਚ 2003 ਵਿਚ ਬਰਮਿੰਘਮ (U.K.) ਵਲੋਂ ਪ੍ਰਕਾਸ਼ਿਤ ਹੋਇਆ। ਇਨ੍ਹਾਂ ਤਿੰਨ ਸੈਂਚੀਆਂ ਦੇ ਕੁੱਲ 1740 ਪੰਨੇ ਹਨ। ਇਸ ਦੇ ਕੁਝ ਮੁੱਖ ਲੱਛਣ ਇਸ ਤਰ੍ਹਾਂ ਹਨ :

1. ਅਨੁਵਾਦਕ ਵਲੋਂ ਸ਼ੁਰੂ (ਭੂਮਿਕਾ) ਵਿਚ ਦਸਮ ਗੁਰੂ ਸਾਹਿਬ ਦੇ ਜੀਵਨ, ਵਿਅਕਤਿਤਵ ਅਤੇ ਦਸਮ ਗ੍ਰੰਥ ਸਾਹਿਬ ਦੀਆਂ ਰਚਨਾਵਾਂ ਦਾ 54 ਪੰਨਿਆਂ ਵਿਚ ਕੀਤਾ ਗਿਆ ਵਿਸ਼ਲੇਸ਼ਣ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੇ ਪਿਛੋਕੜ ਨੂੰ ਸਮਝਣ ਵਿਚ ਬਹੁਤ ਸਹਾਈ ਸਿੱਧ ਹੁੰਦਾ ਹੈ।

2. ਅਰਥ ਕਰਨ ਵੇਲੇ ਗੁਰਮਤਿ ਦੇ ਪ੍ਰਸੰਗ ਨੂੰ ਧਿਆਨ ਵਿਚ ਰੱਖ ਕੇ ਹੀ ਮੂਲ-ਪਾਠ ਦਾ ਅਨੁਵਾਦ ਕੀਤਾ ਗਿਆ ਹੈ, ਜ਼ਿਆਦਾ ਖੁੱਲ੍ਹ ਨਹੀਂ ਲਈ ਗਈ।

3. ਅਨੁਵਾਦ ਦੀ ਵਿਉਂਤ ਲਈ ਅਨੁਵਾਦਕ ਨੇ ਇਕੋ ਪਤਰੇ ਦੇ ਪਹਿਲੇ ਕਾਲਮ ਵਿਚ ਮੂਲ ਗੁਰਮੁਖੀ-ਪਾਠ ਅਤੇ ਉਸਦੇ ਹੇਠਾਂ ਰੋਮਨ ਲਿਪੀਅੰਤਰ ਦੇ ਕੇ ਦੂਜੇ ਕਾਲਮ ਵਿਚ ਉਸਦਾ ਸਰਲ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ, ਜਿਸ ਨਾਲ ਪਾਠਕ ਦੀ ਇਕਾਗਰਤਾ ਇਕੋ ਸਮੇਂ ਤਿੰਨੋ -- ਮੂਲ-ਪਾਠ, ਲਿਪੀਅੰਤਰ ਅਤੇ ਅਨੁਵਾਦ ਉੱਤੇ ਬਣੀ ਰਹਿੰਦੀ ਹੈ।

4. ਅਨੁਵਾਦ ਕਰਦੇ ਸਮੇਂ ਵਰਤੀ ਗਈ ਅੰਗਰੇਜ਼ੀ ਭਾਸ਼ਾ ਤਥਾ ਸ਼ੈਲੀ ਸਰਲ ਹੈ ਜੋ ਕਿ ਬਾਣੀਆਂ ਦੇ ਭਾਵ ਨੂੰ ਸੰਚਾਰਿਤ ਕਰਨ ਵਿਚ ਕਾਫੀ ਸਹਾਇਕ ਸਿੱਧ ਹੁੰਦੀ ਹੈ। ਇਸ ਨਾਲ ਆਮ ਪਾਠਕ ਵੀ ਲਾਭ ਪ੍ਰਾਪਤ ਕਰ ਸਕਦੇ ਹਨ।

5. ਦਸਮ ਗ੍ਰੰਥ ਸਾਹਿਬ ਵਿਚਲੀਆਂ ਰਚਨਾਵਾਂ ਚਰਿਤ੍ਰੋਪਾਖਿਯਾਨ ਅਤੇ ਹਿਕਾਇਤਾਂ ਨੂੰ ਅਪੇਖਿਕ ਸਮਝਦਿਆਂ ਹੋਇਆ ਛੱਡ ਦਿੱਤਾ ਗਿਆ ਹੈ।

6. ਮੂਲ-ਪਾਠ ਵਿਚ ਅਨੁਵਾਦਕ ਨੇ ਮਧ-ਕਾਲੀਨ ਗੁਰਮੁਖੀ ਦੀ ਬਣਤਰ ਪਖੋਂ ਕਾਫੀ ਉਕਾਈਆਂ ਕੀਤੀਆਂ ਹਨ। ਉਚਾਰਨ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਵਿਚ ਮੂਲ-ਪਾਠ ਵਿਚ ਕਾਫੀ ਹੇਰ-ਫੇਰ ਕਰ ਦਿੱਤਾ ਗਿਆ ਹੈ। ਜਿਵੇਂ ਤਿੰਨਾਂ ਸੈਂਚੀਆਂ ਵਿਚ ਕਿਤੇ ਵੀ ਅੱਧਕ, ਬਿੰਦੀ ਦੀ ਵਰਤੋਂ ਆਮ ਦੇਖੀ ਜਾ ਸਕਦੀ ਹੈ।

ਸਾਰ

ਭਾਈ ਰਣਧੀਰ ਸਿੰਘ ਜੀ ਦੇ ਸ਼ਬਦਾਰਥ ਦਸਮ ਗ੍ਰੰਥ ਸਾਹਿਬ ਵਾਂਗ ਹੀ ਇਸੇ ਤਰ੍ਹਾਂ ਦੀ ਇਕ ਕੋਸ਼ਿਸ਼ ਗਿਆਨੀ ਲਾਲ ਸਿੰਘ ਵਲੋਂ ਵੀ ਕੀਤੀ ਗਈ ਹੈ, ਜੋ ਕਿ ਚੋਣਵੀ ਬਾਣੀ ਦਸਮ ਗ੍ਰੰਥ ਸਾਹਿਬ ਦੇ ਸਿਰਲੇਖ ਹੇਠ 1987 ਵਿਚ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ ਵਲੋਂ ਛਾਪੀ ਗਈ। ਸ਼ਬਦਾਰਥ ਦਸਮ ਗ੍ਰੰਥ ਸਾਹਿਬ ਸੰਬੰਧੀ ਗਿਆਨੀ ਈਸ਼ਰ ਸਿੰਘ ਰੋਪੜ ਵਾਲਿਆਂ ਵਲੋਂ ਕੀਤੇ ਗਏ ਕਾਰਜ ਦੀ ਸੂਚਨਾ ਵੀ ਪ੍ਰਾਪਤ ਹੋਈ ਹੈ, ਪਰ ਇਹ ਸਾਨੂੰ ਪ੍ਰਾਪਤ ਨਾ ਹੋਣ ਕਾਰਨ ਅਸੀਂ ਇਸ ਬਾਰੇ ਕੋਈ ਟਿੱਪਣੀ ਦੇਣ ਤੋਂ ਅਸਮਰਥ ਹਾਂ।

ਦਸਮ ਗ੍ਰੰਥ ਸਾਹਿਬ ਦੇ ਮੁੱਢਲੇ ਟੀਕਾਕਾਰ ਆਮ ਤੌਰ ਉਤੇ ਸੰਪ੍ਰਦਾਈ ਸਕੂਲਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਵਿਚ ਗਿਆਨੀ ਬਿਸ਼ਨ ਸਿੰਘ, ਗਿਆਨੀ ਨਰੈਣ ਸਿੰਘ ਆਦਿ ਨੂੰ ਰੱਖਿਆ ਜਾ ਸਕਦਾ ਹੈ। ਭਾਈ ਰਣਧੀਰ ਸਿੰਘ, ਗਿਆਨੀ ਲਾਲ ਸਿੰਘ ਆਦਿ ਸਿੰਘ ਸਭਾਈ ਸਕੂਲ ਤੋਂ ਪ੍ਰਭਾਵਿਤ ਹਨ ਅਤੇ ਉਨ੍ਹਾਂ ਦੀ ਕੋਸ਼ਿਸ਼, ਰੁਚੀ ਗੁਰਮਤਿ ਦੀ ਵਿਲਖਣਤਾ ਸਿੱਧ ਕਰਨ ਵਿਚ ਵਧੇਰੇ ਰਹੀ ਹੈ। ਆਧੁਨਿਕ ਵਿਆਖਿਆਕਾਰ ਜਾਂ ਅਨੁਵਾਦਕ ਵਿਆਖਿਆ ਦੀਆਂ ਆਧੁਨਿਕ ਵਿਧੀਆਂ ਦਾ ਇਸਤੇਮਾਲ ਕਰਦੇ ਹਨ। ਅਧਿਐਨ ਸੌਖ ਲਈ ਇਨ੍ਹਾਂ ਨੂੰ ਵਿਆਖਿਆ ਦੇ ਅਕਾਦਮਿਕ ਸਕੂਲਾਂ ਨਾਲ ਜੋੜਿਆ ਜਾ ਸਕਦਾ ਹੈ। ਇਨ੍ਹਾਂ ਵਿਚ ਡਾਕਟਰ ਐਸ.ਐਸ. ਕੋਹਲੀ, ਡਾਕਟਰ ਜੋਧ ਸਿੰਘ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ।

ਉਪਰੋਕਤ ਸਮੁੱਚੇ ਸਰਵੇਖਣ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਦਸਮ ਗ੍ਰੰਥ ਸਾਹਿਬ ਸੰਬੰਧੀ ਵਿਆਖਿਆ ਜਾਂ ਟੀਕੇ ਆਦਿ ਸੰਬੰਧੀ ਬਹੁਤ ਸਾਰਾ ਕਾਰਜ ਸਾਹਮਣੇ ਆ ਚੁੱਕਿਆ ਹੈ, ਪਰ ਫੇਰ ਵੀ ਇਕ ਨਿਸ਼ਚਿਤ ਤਥਾ ਵਿਉਂਤਬਧ ਤਰੀਕੇ ਨਾਲ ਦਸਮ ਗ੍ਰੰਥ ਸਾਹਿਬ ਦੇ ਟੀਕੇ ਦੀ ਭਾਰੀ ਲੋੜ ਬਣੀ ਹੋਈ ਹੈ। ਇਸ ਸੰਬੰਧੀ ਮੁਖ ਮੁਸ਼ਕਿਲਾਂ ਵਿਚੋਂ ਆ ਰਹੀ ਸਭ ਤੋਂ ਵੱਡੀ ਮੁਸ਼ਕਿਲ ਇਸ ਦੇ ਅਪ੍ਰਾਪਤ ਪ੍ਰਮਾਣਿਕ ਪਾਠ ਦੀ ਹੈ ਅਤੇ ਦੂਸਰੀ ਇਸ ਦੇ ਵਿਸ਼ਾਲ ਕੈਨਵਸ ਉੱਤੇ ਫੈਲੇ ਸਾਂਸਕ੍ਰਿਤਕ ਪਿਛੋਕੜ ਦੀ। ਬਹੁ-ਭਾਸ਼ਾਵਾਂ ਦੇ ਮੇਲ, ਪਿੰਗਲ ਸ਼ਾਸ਼ਤਰੀ (ਛੰਦ, ਅਲੰਕਾਰ ਆਦਿ) ਗੰਭੀਰ ਨਿਯਮਾਂ ਦੀ ਵਰਤੋਂ, ਪੌਰਾਣਿਕ ਪ੍ਰਸੰਗਾਂ ਦੀ ਵਰਤੋਂ ਆਦਿ ਇਸ ਦੀ ਟੀਕਾਕਾਰੀ ਵਿਚ ਆਉਣ ਵਾਲੀਆਂ ਕੁਝ ਹੋਰ ਮੁਸ਼ਕਿਲਾਂ ਹਨ। ਆਸ ਕੀਤੀ ਜਾ ਸਕਦੀ ਹੈ ਕਿ ਸਿੱਖ ਪੰਥ ਇਸ ਬਾਰੇ ਕਿਸੇ ਵੱਡੇ ਪੱਧਰ ਉਤੇ ਕੰਮ ਕਰਕੇ ਚਲ ਰਹੇ ਫਜ਼ੂਲ ਦੇ ਵਿਵਾਦਾਂ ਤੋਂ ਜਿਗਿਆਸੂ ਪਾਠਕਾਂ ਦਾ ਖਹਿੜਾ ਛੁਡਵਾਏਗਾ।

ਹਵਾਲੇ ਅਤੇ ਟਿੱਪਣੀਆਂ

1. ਡਾਕਟਰ ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆਂ ਪ੍ਰਣਾਲੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980, ਪੰਨਾ -1
2. ਭਾਈ ਭਗਵੰਤ ਸਿੰਘ ਜੀ ਹਰੀ (ਸੰਕਲਨਕਾਰ), ਦਸਮ ਗ੍ਰੰਥ ਬਾਣੀ ਬਿਉਰਾ, (ਸੰਪਾ.), ਡਾਕਟਰ ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991 (ਭੂਮਿਕਾ)
3. 'ਦਸਮ ਗ੍ਰੰਥ ਵਿਸ਼ੇਸ਼ ਅੰਕ' ਵਿਸਮਾਦੁ ਨਾਦੁ, ਜਵੱਦੀ ਟਕਸਾਲ, ਲੁਧਿਆਣਾ, ਸਤੰਬਰ-ਨਵੰਬਰ, 2007
4. Prof. Gurtej Singh. 'Two views on Dasam Granth : An appreciation of Ashsta's & Jaggi's Approach', in Fundamental Issues in Sikh Studies, (eds) Kharak Singh, G.S. Mansukhani, Jasbir Singh Mann, Institute of Sikh Studies, Chandigarh, 1992 pp. 179-86
5. ਵੇਖੋ : ਸ਼ਬਦ-ਮੂਰਤਿ (ਦਸਵੇਂ ਪਾਤਸ਼ਾਹ ਕੇ ਗ੍ਰੰਥ) ਕਾ ਇਤਿਹਾਸ, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ - 1957
6. ਭਾਈ ਰਣਧੀਰ ਸਿੰਘ (ਕਰਤਾ), ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਭਾਗ ਪਹਿਲਾ, (ਸੰਪਾ.) ਡਾਕਟਰ ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973, ਪੰਨਾ ii (ਭੂਮਿਕਾ)
7. डाक्टर जोध सिंह, श्री दसम ग्रंथ साहिब : हिन्दी अनुवाद साहित नागरी लिप्यन्तरण भाग चार, भुवन वाणी ट्रस्ट, लखनऊ, 1992 पृ 27(भूमिका)
8. ਜੁਧੁ ਮਹਾ ਅਸੁਰੰਗਨਿ ਸਾਥਿ ਭਇਉਤਬ ਚੰਡਿ ਪ੍ਰਚੰਡਹਿ ਭਾਰੀ॥
   ਵਿਆਖਿਆ - ਤਦੋਂ ਦੈਂਤਾਂ ਦੇ ਵਡੇ ਸਮੂਹ ਨਾਲ ਪ੍ਰਚੰਡ ਚੰਡੀ ਦਾ ਭਾਰੀ ਯੁੱਧ ਹੋਇਆ। (ਦੈਂਤਾਂ ਦੀ) ਬੇਹਿਸਾਬੀ ਸੈਨਾ ਨੂੰ ਵੰਗਾਰ ਕੇ, ਖਬਰਦਾਰ ਅਤੇ ਸਾਵਧਾਨ ਕਰ ਕੇ ਕਾਲੀ ਨੇ ਰਣ ਵਿਚ ਨਸ਼ਟ ਕਰ ਦਿਤਾ। ਉਥੇ ਚਾਰ ਸੌ ਕੋਹਾਂ ਤਕ ਯੁੱਧ ਭੂਮੀ ਬਣ ਗਈ ਸੀ, ਉਸ (ਦ੍ਰਿਸ਼) ਨੂੰ ਵੇਖ ਕੇ ਕਵੀ ਨੇ (ਇਹ) ਉਪਮਾ ਵਿਚਾਰੀ ਹੈ ਕਿ (ਅਜੇ) ਇਕ ਘੜੀ ਵੀ ਪੂਰੀ ਨਹੀਂ ਗੁਜ਼ਰੀ ਸੀ ਕਿ ਧਰਤੀ ਉੱਤੇ ਬਲਵਾਨ (ਦੈਂਤ) (ਇਸ ਤਰ੍ਹਾਂ) ਡਿਗੇ ਹਨ ਜਿਸ ਤਰ੍ਹਾਂ ਪਤਝੜ ਵਿਚ ਪੱਤਰ ਡਿਗਦੇ ਹਨ।
   ਡਾਕਟਰ ਰਤਨ ਸਿੰਘ ਜੱਗੀ, ਸ੍ਰੀ ਦਸਮ ਗ੍ਰੰਥ ਸਾਹਿਬ : ਪਾਠ ਸੰਪਾਦਨ ਅਤੇ ਵਿਆਖਿਆ, ਸੈਂਚੀ ਪਹਿਲੀ, ਗੋਬਿੰਦ ਸਦਨ, ਨਵੀਂ ਦਿੱਲੀ, 1999, ਪੰਨੇ -252-53

ਦਸਮ ਗ੍ਰੰਥ ਬਾਣੀ ਦੀ ਵਿਚਾਰਧਾਰਾਈ ਪਰਿਪੇਖ

*ਗੁੰਜਨਜੋਤ ਕੌਰ**

ਭਾਰਤੀ ਅਧਿਆਤਮ ਦਰਸ਼ਨ ਵਿਚ ਗੁਰਮਤਿ ਕਾਵਿ ਪ੍ਰੰਪਰਾ ਵਿਸ਼ੇਸ਼ ਸਥਾਨ ਦੀ ਧਾਰਨੀ ਹੈ। ਇਸ ਪ੍ਰੰਪਰਾ ਦਾ ਅਗਰਸਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕ ਵਿਚਾਰਧਾਰਾ ਤੋਂ ਹੋ ਕੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਸੰਪੰਨ ਹੋਇਆ। ਗੁਰੂ ਸਾਹਿਬਾਨਾਂ ਦੇ ਵਿਚਾਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਬਾਣੀ ਰੂਪ 'ਦਸਮ ਗ੍ਰੰਥ' ਦੇ ਰੂਪ ਵਿਚ ਪ੍ਰਾਪਤ ਹੈ। ਦਸਮ ਗ੍ਰੰਥ ਦੇ ਕਿਰਤਤਿਵ ਸੰਬੰਧੀ ਵਿਚਾਰਕਾਂ ਵਲੋਂ ਸਮੇਂ-ਸਮੇਂ ਕਿੰਤੂ ਪ੍ਰੰਤੂ ਕੀਤਾ ਗਿਆ ਪ੍ਰੰਤੂ ਇਸ ਸਭ ਨੂੰ ਵਿਸ਼ੇ ਦੀ ਸੀਮਾ ਤੋਂ ਬਾਹਰ ਰੱਖਦਿਆਂ ਦਸਮ ਗ੍ਰੰਥ ਵਿਚਲੇ ਵਿਚਾਰਧਾਰਾਈ ਪ੍ਰਸੰਗ ਨੂੰ ਹੀ ਹਥਲੇ ਅਧਿਐਨ ਦਾ ਵਿਸ਼ਾ ਬਣਾਇਆ ਜਾ ਰਿਹਾ ਹੈ।

ਸਿੱਖ ਧਰਮ ਅਤੇ ਦਰਸ਼ਨ ਦੇ ਸ੍ਰੋਤ ਮੋਟੇ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਭਾਈ ਗੁਰਦਾਸ, ਦਸਮ ਗ੍ਰੰਥ ਅਤੇ ਰਹਿਤਨਾਮੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਧਰਮ, ਪ੍ਰਭੂ ਭਗਤੀ, ਸਦਾਚਾਰਕਤਾ ਆਦਿ ਵਿਸ਼ਿਆਂ ਦਾ ਨਿਰੂਪਣ ਹੈ। ਭਾਈ ਗੁਰਦਾਸ ਜੀ ਨੇ ਜਿਥੇ ਗੁਰਮਤਿ ਦੀ ਵਿਸ਼ੇਸ਼ ਤੇ ਤਕਨੀਕੀ ਸ਼ਬਦਾਵਲੀ ਦੁਆਰਾ ਪ੍ਰਮੁਖ ਸੰਕਲਪਾਂ ਦੀ ਵਿਆਖਿਆ ਕੀਤੀ ਉੱਥੇ ਵੇਦਾਂ, ਸ਼ਾਸਤਰਾਂ, ਆਦਿ ਉੱਤੇ ਵੀ ਖੋਜਪੂਰਨ ਟਿੱਪਣੀਆਂ ਕੀਤੀਆਂ। ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਬਾਣੀ ਸੰਸਾਰ ਦੀ ਵਚਿੱਤਰਤਾ ਅਤੇ ਕਲਾ ਕੌਸਲ ਦੀ ਨਿਪੁੰਨਤਾ ਦਾ ਇਕ ਅਨੋਖਾ ਚਮਤਕਾਰ ਹੈ। ਇਹ ਗ੍ਰੰਥ ਸਿਰਫ਼ ਸਿੱਖ ਸਾਹਿਤ ਵਿਚ ਹੀ ਨਹੀਂ, ਸਗੋਂ ਸਾਰੇ ਭਾਰਤੀ ਸਾਹਿਤ ਵਿਚ ਇਕ ਗੌਰਵਪੂਰਣ ਸਥਾਨ ਰੱਖਦਾ ਹੈ।

ਦਸਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ ਦੂਸਰਾ ਮਹਾਨ ਤੇ ਸਤਿਕਾਰਤ ਗ੍ਰੰਥ ਹੈ ਜਿਸ ਵਿਚ ਗੁਰੂ ਸਾਹਿਬਾਨ ਦੀਆਂ ਲੱਗਭੱਗ 16 ਬਾਣੀਆਂ ਦਰਜ਼ ਹਨ। ਵਿਸ਼ੇ ਵਜੋਂ ਪ੍ਰਕਿਰਤੀ ਦੇ ਅਧਾਰ ਤੇ 'ਜਾਪੁ' ਅਕਾਲ ਉਸਤਤਿ, ਗਿਆਨ ਪ੍ਰਬੋਧ, ਸ਼ਬਦ ਰਾਗਾਂ ਦੇ (ਸ਼ਬਦ ਹਜਾਰੇ) ਸਵੈਯੇ ਤੇ ਖਾਲਸਾ ਮਹਿਮਾ ਨੂੰ (ਅਧਿਆਤਮਕ ਰਚਨਾਵਾਂ) ਕਿਹਾ ਜਾਂਦਾ ਹੈ ਜਦੋਂ ਕਿ ਚੰਡੀ ਚਰਿਤ੍ਰ (ਪਹਿਲਾ ਤੇ ਦੂਜਾ), ਵਾਰ ਦੁਰਗਾ ਕੀ, ਚਉਬੀਸ ਅਵਤਾਰ, ਗਿਆਨ ਪ੍ਰਬੋਧ 126 ਤੋਂ ਅੰਤ ਤੱਕ) ਅਸਫੋਟਕ ਹਕਬਿੱਤ ਅਤੇ ਸੁਸਤ੍ਰਨਾਮਾ ਮਾਲਾ ਆਦਿ ਨੂੰ ਮਿਥਹਾਸਿਕ ਪ੍ਰਕਿਰਤੀ ਵਾਲੀਆਂ ਰਚਨਾਵਾਂ ਮੰਨਿਆਂ ਜਾਂਦਾ ਹੈ। ਇਨਾਂ ਰਚਨਾਵਾਂ ਵਿਚਲਾ ਸਾਝਾਂ ਸੰਕਲਪ ਜੋ ਦ੍ਰਿਸ਼ਟਮਾਨ ਹੁੰਦਾ ਹੈ ਉਹ ਹੈ 'ਅਕਾਲ ਪੁਰਖ ਦੀ ਉਸਤਤਿ' ਜੋ ਇਨਾਂ ਰਚਨਾਵਾਂ ਦੀ ਕੇਂਦਰੀ ਇਕਾਈ ਹੈ।

ਦਸਮ ਗ੍ਰੰਥ ਵਿਚ ਜਿਸ ਬਾਣੀ ਤੇ ਕਾਵਿ ਦੀ ਸਿਰਜਨਾ ਕੀਤੀ ਗਈ ਹੈ, ਇਸ ਦਾ ਪ੍ਰਯੋਜਨ ਕੇਵਲ ਸਿਰਜਨਾ ਕਰਨਾ ਨਹੀਂ ਸਗੋਂ ਇਕ ਬਹੁਤ ਵੱਡਾ ਸਮਾਜਿਕ, ਇਤਿਹਾਸਕ ਤੇ ਸਭਿਆਚਾਰਕ ਪ੍ਰਯੋਜਨ ਵੀ ਹੈ। ਜਿਸ ਦੀ ਡੂੰਘੀ ਪਹਿਚਾਣ ਗੁਰੂ ਗੋਬਿੰਦ ਸਿੰਘ ਦਸਮ ਪਾਤਸ਼ਾਹ ਨੂੰ ਹੈ। ਭਾਵੇਂ ਇਹ ਪਹਿਚਾਣ ਗੁਰੂ ਨਾਨਕ ਦੇਵ ਜੀ ਤੋਂ ਹੀ ਆਰੰਭ ਹੋ ਗਈ ਸੀ, ਪਰ ਉਸ ਨਾਲ ਉਹ ਸਮਾਜਿਕ ਤੇ ਸਭਿਆਚਾਰਕ ਪਰਿਵਰਤਨ ਜਾ ਇਨਕਲਾਬ ਪੈਦਾ ਨਹੀਂ ਸੀ ਕੀਤਾ ਜਾ ਸਕਦਾ ਜਿਸ ਦੀ ਉਸ ਇਤਿਹਾਸ ਵਿਚ ਜ਼ਰੂਰਤ ਸੀ ਤੇ ਨਾ ਹੀ ਉਹ ਮਨੁੱਖ ਸਿਰਜਿਆ ਜਾ ਸਕਦਾ ਸੀ, ਜੋ ਮੁਗਲਾਂ ਦੀ ਇਕਹਰੀ ਵਿਚਾਰਧਾਰਾ ਦੇ ਜ਼ੁਲਮ ਜਬਰ ਨੂੰ ਖਤਮ ਕਰ ਸਕਦਾ ਸੀ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਜਿਥੇ 'ਧਰਮ ਚਲਾਵਨ' ਲਈ ਮਨੁੱਖੀ ਜਾਮਾ ਧਾਰਿਆ ਉਥੇ ਨਾਲ ਹੀ ਦੁਸਟ ਦੋਖੀਅਨ ਪਕਰ ਪਛਾਰੋ' ਦਾ ਕਰੜਾਂ ਕੰਮ ਵੀ ਕਰਨਾ ਸੀ। ਪਹਿਲੇ ਕੰਮ ਲਈ ਭਗਤੀ ਤੇ ਦੂਸਰੇ ਕੰਮ ਲਈ ਸ਼ਕਤੀ ਚਾਹੀਦੀ ਸੀ। ਗੁਰੂ ਸਾਹਿਬ ਕਲਮ ਦੇ ਧਨੀ ਸਨ। ਉਨ੍ਹਾਂ ਭਗਤੀ ਤੇ ਸ਼ਕਤੀ ਪੈਦਾ ਕਰਨ ਲਈ

*ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਮ ਦੀ ਵਰਤੋਂ ਕੀਤੀ। ਦਸਮ ਗ੍ਰੰਥ ਆਪ ਦੀ ਬਲਵਾਨ ਕਲਮ ਦਾ ਚਮਤਕਾਰ ਹੈ। ਆਪਣੀਆਂ ਆਤਮ ਕਥਾ ਵਿਚ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :

ਭਿੰਨ ਭਿੰਨ ਸਭਹੂੰ ਕਰ ਜਾਨਾ, ਏਕ ਰੂਪ ਕਿਨਹੂ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ, ਬਿਨ ਸਮਝੇ ਸਿਧਰਾਬ ਨਾ ਆਈ॥[1]

(ਬਚਿਤ੍ਰ ਨਾਟਕ)

ਜੋ ਇਸ ਗੱਲ ਨੂੰ ਸਮਝ ਲੈਂਦਾ ਹੈ, "ਜੋਤਿ ਓਹਾ ਜੁਗਤ ਸਾਇ ਸਹਿ ਕਾਇਅ ਫੇਰ ਪਲਟੀਏ" ਉਸ ਨੂੰ ਦਸਮ ਗ੍ਰੰਥ ਦੀ ਵਿਚਾਰਧਾਰਾ ਸਮਝਣ ਵਿਚ ਕੋਈ ਗਲਤ ਫਹਿਮੀ ਜਾਂ ਸੰਕਾ ਨਹੀਂ ਰਹਿੰਦਾ। ਜੋ ਵਿਚਾਰ ਦਸਮ ਗ੍ਰੰਥ ਦੇ ਹਨ ਬੀਜ ਰੂਪ ਵਿਚ ਉਨਾਂ ਦਾ ਮੂਲ ਆਦਿ ਗ੍ਰੰਥ ਵਿਚ ਮੌਜੂਦ ਹੈ। ਸਿਧਾਂਤਕ ਤੌਰ ਤੇ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੀ ਵਿਚਾਰਧਾਰਾ ਵਿਚ ਕੋਈ ਬੁਨਿਆਦੀ ਫਰਕ ਨਹੀਂ ਸਿਰਫ ਸ਼ੈਲੀ ਦਾ ਭੇਦ ਹੈ। ਜੋ ਭਗਤੀ ਭਾਵ ਸਦਾਚਾਰ ਦਾ ਵਿਚਾਰ ਤੇ ਭਰਮ ਕਰਮਾਂ ਦਾ ਖੰਡਨ ਆਦਿ ਗ੍ਰੰਥ ਵਿਚ ਮਿਲਦਾ ਹੈ, ਉਨਾਂ ਹੀ ਉਪਦੇਸ਼ਾਂ ਨੂੰ ਦਸਮ ਗ੍ਰੰਥ ਸ਼ਸਤਰਾਂ ਦੀ ਸੰਕੇਤਾਵਲੀ ਵਿਚ ਓਜਮਈ ਬਣਾ ਕੇ ਪੇਸ਼ ਕਰਦਾ ਹੈ। ਪਹਿਲੇ ਗੁਰੂ ਸਾਹਿਬਾਨ ਸੰਤ ਭਾਸ਼ਾ ਰਾਹੀਂ ਭਗਤੀ ਸਾਹਿਤ ਦੀ ਧਾਰਾ ਪ੍ਰਵਾਰਿਤ ਕਰਦੇ ਆ ਰਹੇ ਹਨ ਪਰ ਅਜ਼ਾਦੀ ਦੀ ਲਹਿਰ ਨੂੰ ਪੂਰੇ ਹਿੰਦੁਸਤਾਨ ਵਿਚ ਫੈਲਾਉਣ ਲਈ ਉਨਾਂ ਹਿੰਦੀ ਨੂੰ ਮਾਧਿਅਮ ਬਣਾ ਕੇ ਬੀਰ ਰਸੀ ਪ੍ਰੰਪਰਾਵਾਂ ਨੂੰ ਪੂਰੇ ਜ਼ੋਰ ਨਾਲ ਸੁਰਜੀਤ ਕੀਤਾ। ਭਗਤੀ ਨੂੰ ਮੁਕਤੀ ਨਾਲ ਮਿਲਾ ਕੇ ਸੰਤ ਸਿਪਾਹੀ ਜੀਵਨ ਮਾਨਣਾ ਹੀ ਉਨਾਂ ਦੇ ਜੀਵਨ ਦਾ ਮੁੱਖ ਮਕਸਦ ਸੀ। ਜਿਸ ਦੇ ਸਦਕੇ ਭਾਰਤੀ ਸੱਭਿਆਚਾਰ ਅੱਜ ਤੱਕ ਸੁਰੱਖਿਅਤ ਰਹਿ ਸਕਿਆ। ਅਗਰ ਗੁਰੂ ਗੋਬਿੰਦ ਸਿੰਘ ਜੀ ਸ਼ਕਤੀ ਨੂੰ ਭਗਤੀ ਨਾਲ ਨਾ ਮਿਲਾਉਂਦੇ ਤਾਂ ਬੁੱਲ੍ਹੇ ਸ਼ਾਹ ਦੇ ਕਹਿਣ ਵਾਂਗ ਸਾਰਾ ਹਿੰਦੁਸਤਾਨ ਮੁਸਲਮਾਨ ਹੁੰਦਾ।

ਨਾ ਕਹੂੰ ਅਬ ਕੀ, ਨ ਕਹੂੰ ਤਬ ਕੀ। ਬਾਤ ਕਹੂੰ ਅਬ ਕੀ॥
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਭ ਕੀ॥[2]

ਇਸ ਤਰ੍ਹਾਂ ਜਿਸ ਗੁਰੂ ਨੇ ਆਪਣਾ ਜੀਵਨ ਉਦੇਸ਼ ਇਹ ਰੱਖਿਆ ਹੋਵੇ ਕਿ ਉਹ ਧਰਮ ਚਲਾਵਨ, ਸੰਤ ਉਬਾਰਨ, ਤੇ ਦੁਸ਼ਟ ਸੰਘਾਰਨ ਲਈ ਆਇਆ ਹੈ ਉਸ ਲਈ ਜ਼ਰੂਰੀ ਸੀ ਕਿ ਉਹ ਮਨੁੱਖ ਦੀ ਬੀਰ ਸ਼ਕਤੀ ਨੂੰ ਪ੍ਰਚੰਡ ਕਰਦਾ। ਏਸ ਮਕਸਦ ਲਈ ਸਿਰਫ ਪ੍ਰੇਮਾ ਭਗਤੀ ਕੰਮ ਨਹੀਂ ਸੀ ਆ ਸਕਦੀ ਅਤੇ ਨਾ ਹੀ ਦੇਵਤਿਆਂ ਦਾ ਕੋਮਲ ਹਿਰਦਾ ਕੁੱਝ ਕਰ ਸਕਦਾ ਸੀ। ਸੋ ਜੋ ਪਹਿਲਾ ਗੁਰੂ ਜੀ ਨੇ ਕੀਤੀ ਉਸ ਪ੍ਰਮੇਸਰ ਦੀ ਜਲਾਲੀ ਸ਼ਕਤੀ ਦਾ ਨਿਰੂਪਣ ਕੀਤਾ ਤਾਂ ਕਿ ਜਗਿਆਸੂ ਉਸ ਤੋਂ ਨਵਾਂ ਸਾਹਸ ਤੇ ਸਮੱਰਥਾ ਪ੍ਰਾਪਤ ਕਰ ਸਕੇ। ਆਪ ਜੀ ਦੀ ਰਚਨਾ 'ਜਾਪੁ ਸਾਹਿਬ' ਇਸ ਦੀ ਸੁੰਦਰ ਮਿਸਾਲ ਹੈ 'ਜਾਪੁ ਸਾਹਿਬ' ਅਜਿਹੀ ਸਰਬਲੋਹੀ ਮਾਲਾ ਹੈ ਜੋ ਭਗਤੀ ਤੇ ਸ਼ਕਤੀ ਦੋਹਾਂ ਦਾ ਸੁਮੇਲ ਹੈ। ਇਸ ਵਿਚ ਅਧਿਆਤਮਕਤਾ ਦੇ ਨਾਲ ਹੀ ਸਮਾਜਿਕ ਤੇ ਰਾਜਸੀ ਕ੍ਰਾਂਤੀ ਦੇ ਮੂਲ ਸੂਤਰ ਵੀ ਮੌਜੂਦ ਹਨ। ਅਕਾਲ ਪੁਰਖ ਨੂੰ ਜਿਥੇ ਦਿਆਲੂ ਕ੍ਰਿਪਾਲੂ ਬਿਆਨਿਆ ਉਥੇ ਸਸਤ੍ਰਧਾਰੀ ਵੀ ਦੱਸਿਆ।

ਨਮੋ ਸ਼ਸਤ੍ਰ ਪਾਵੇ, ਨਮੋ ਅਸਤ੍ਰ ਮਾਣੇ,
ਨਮੋ ਕਲਰ ਕਰਤਾ, ਨਮੋ ਸਾਂਤ ਰੂਪੈ॥[3]

ਅਤੇ

ਗਰਬ ਗੰਜਨ ਦੁਸ਼ਟ ਭੰਜਨ
ਮੁਕਤਿ ਦਾਇਕ ਕਾਮ ॥[4]

(ਜਾਪੁ ਸਾਹਿਬ)

ਪੁਰਾਤਨ ਸਮੇਂ ਤੋਂ ਸਾਡੇ ਸਾਹਿਤ ਵਿਚ ਚਾਰ ਪੁਰਸ਼ਾਰਥਾ ਨੂੰ ਬਹੁਤ ਮਹੱਤਵ ਦਿੱਤਾ ਗਿਆ ਜਿਨਾਂ ਵਿਚ ਧਰਮ, ਅਰਥ ਕਾਮ ਤੇ ਮੋਖ ਆਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪੁਸਤਕ ਗਿਆਨ ਪ੍ਰਬੋਧ ਵਿਚ ਇਨਾਂ ਚਾਰੇ ਪੁਰਸ਼ਾਰਥਾਂ ਨੂੰ ਆਤਮਾ ਪ੍ਰਮਾਤਮਾ ਦੇ ਪ੍ਰਸ਼ਨੋਤਰ ਵਿਚ ਚਿਤਰਿਤ ਕੀਤਾ। ਜਿਵੇਂ

ਇਕ ਕਰਿਯੋ ਪ੍ਰਸਨ ਆਤਮ ਦੇਵ॥
ਅਨਭੰਗ ਰੂਪ ਅਨਭਉ ਅਭੇਵ॥
ਯਹਿ ਚਤੁਰ ਵਰਗ ਸੰਸਾਰ ਦਾਨ॥

ਕਿਹੁ ਚਤੁਰ ਵਰਗ ਕਿਜੈ ਵਖਿਆਨ॥6॥3॥
ਇਕ ਰਾਜ ਧਰਮ ਵਿਚ ਦਾਨ ਧਰਮ
ਇਕ ਭੋਗ ਧਰਮ ਇਕ ਮੋਛ ਕਰਮ॥
ਇਹ ਚਤੁਰ ਵਰਗ ਸਭ ਜਗ ਭਵੰਤ
ਸੋ ਆਤਮਾਹ ਪਰਾਤਮਾ ਪੁਛੰਤ॥7 ॥32 [5]

(ਗਿਆਨ ਪ੍ਰਬੋਧ)

ਚਾਰ ਪਰਮਾਰਥਾਂ ਵਿਚੋਂ ਧਰਮ ਨੂੰ ਗੁਰੂ ਸਾਹਿਬ ਨੇ ਸਨਮਾਨ ਯੋਗ ਸਥਾਨ ਦਿੱਤਾ ਕਿਉਂਕਿ ਗੁਰੂ ਸਾਹਿਬ ਜੀ ਦਾ ਮੁੱਖ ਮਕਸਦ ਧਰਮ ਨੂੰ ਸ਼ਰਧਾ ਤੇ ਵਿਸ਼ਵਾਸ ਨਾਲ ਚਲਾਉਂਦਿਆਂ ਸੰਤਾਂ ਦਾ ਕਲਿਆਣ ਕਰਨਾ ਤੇ ਦੁਸ਼ਟਾਂ ਦਾ ਨਾਸ਼ ਕਰਨਾ ਸੀ ਜਿਵੇਂ :

ਹਮ ਇਹ ਕਾਜ ਜਗਤ ਮੋ ਆਏ,
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ,
ਦੁਸਟ ਦੋਖਿਅਨ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ,
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ,
ਦੁਸ਼ਟ ਸਭਨ ਕੋ ਮੂਲ ਉਪਾਰਨ॥ [6] *(ਬਚਿਤ੍ਰ ਨਾਟਕ)*

ਇਹ ਧਰਮ ਹੀ ਹੈ ਜਿਹੜਾ ਵਿਅਕਤੀ ਅਤੇ ਸਮਾਜ ਦੀ ਨੈਤਿਕ ਪੱਧਰ ਨੂੰ ਉੱਚਾ ਬਣਾਉਂਦਾ ਹੋਇਆ ਆਮ ਜਨਤਾ ਵਿਚ ਸੰਸਾਰਕ ਸੰਘਰਸ਼ਾਂ ਨਾਲ ਭਿੜਨ ਦੀ ਸਮਰੱਥਾ ਉਪਜਾਉਂਦਾ ਹੈ। ਧਰਮ ਦੇ ਵਿਆਪਕ ਵਿਸਥਾਰ ਵਿਚ ਦੋ ਰੂਪ ਪ੍ਰਮੁਖ ਹਨ – ਇਕ ਵਿਅਕਤੀ ਪਰਕ ਰੂਪ ਤੇ ਦੂਸਰਾ ਸ਼ਪਸਟੀਪਰਕ ਰੂਪ। ਧਰਮ ਦੇ ਵਿਅਕਤੀਪਰਕ ਰੂਪ ਵਿਚ ਮਨ, ਵਚਨ ਤੇ ਕਰਮ ਆਉਂਦੇ ਹਨ ਅਤੇ ਸਪਸ਼ਟੀਪਰਕ ਰੂਪ ਵਿਚ ਕਈ ਤੱਤ ਆ ਜਾਂਦੇ ਹਨ ਜੋ ਸਮਾਜ ਨੂੰ ਸਹੀ ਤੇ ਸੁਚੱਜੇ ਰੂਪ ਵਿਚ ਚਲਾਉਣ ਲਈ ਕੰਮ ਆਉਂਦੇ ਹਨ ਜਿਵੇਂ ਮਨੁੱਖ ਦੀ ਪਛਾਣ ਤੇ ਜ਼ੋਰ, ਮਾਨਵੀ ਕੀਮਤਾਂ ਨਾਲ ਜੁੜਨਾ, ਅਗਿਆਨਤਾ ਦਾ ਖਾਤਮਾ, ਅਚਾਰ ਵਿਧਾਨ ਦੀ ਵਿਉਂਤ, ਪਰਨਾਰੀ ਦੀ ਇੱਛਾ ਨਾ ਕਰਨਾ, ਏਕਤਾ, ਸਮਾਨਤਾ, ਧਰਮ ਯੁੱਧ ਚਾਉਂ ਆਦਿ ਪਦ ਕਿਸੇ ਸਮਾਜਿਕ ਵਿਕਾਸ ਵਿਚ ਬਹੁਤ ਸਹਾਈ ਹੁੰਦੇ ਹਨ। ਗੁਰੂ ਜੀ ਨੇ ਇਨ੍ਹਾਂ ਮੂਲ ਉਦੇਸ਼ਾਂ ਦੀ ਪੂਰਤੀ ਲਈ ਆਪਣੀ ਬਾਣੀ ਤੇ ਅਮਲਾਂ ਰਾਹੀਂ ਅਧਿਆਤਮਕ, ਮਾਨਸਿਕ, ਬੌਧਿਕ ਤੇ ਪਦਾਰਥਕ ਵਿਕਾਸ ਲਈ ਜੀਵਨ ਮਾਰਗ ਦੇ ਕਈ ਜ਼ਰੂਰੀ ਪੱਖਾਂ ਨੂੰ ਦਸਮ ਗ੍ਰੰਥ ਵਿਚ ਰੁਸ਼ਨਾਇਆ ਹੈ।

ਧਰਮ ਮਨੁੱਖ ਨੂੰ ਉੱਚਾ ਤੇ ਸੁੱਚਾ ਜੀਵਨ ਜੀਣ ਦੀ ਜਾਚ ਸਿਖਾਉਂਦਾ ਤੇ ਸ਼ਿੰਗਾਰਦਾ ਹੈ ਪਰ ਜਦੋਂ ਧਰਮ ਵਿਚ ਕਈ ਤਰਾਂ ਦੀਆਂ ਬੁਰਾਈਆਂ, ਪਾਖੰਡ ਤੇ ਦਿਖਾਵੇ ਆ ਜਾਂਦੇ ਹਨ ਉਹ ਮਨੁੱਖ ਨੂੰ ਨੀਵਾਣ ਵੱਲ ਲਿਜਾਂਦੇ ਹਨ। ਦਸਮ ਗ੍ਰੰਥ ਵਿਚ ਗੁਰੂ ਜੀ ਨੇ ਦੇਵੀ-ਦੇਵਤੇ, ਮੂਰਤੀ ਪੂਜਾ, ਤੀਰਥਾਂ ਦੇ ਇਸ਼ਨਾਨ, ਵਰਤ ਆਦਿ ਰੱਖਣ ਨੂੰ ਮਾਨਤਾ ਨਹੀਂ ਦਿੱਤੀ ਬਲਕਿ ਜਾਗਤ ਜੋਤ ਦਾ ਸੰਕਲਪ ਪੇਸ਼ ਕੀਤਾ ਜਿਵੇਂ :

ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨਾ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜੀ ਮੱਠ ਭੂਲ ਨਾ ਮਾਨੈ॥ [7] *(ਸਵੈਯੇ)*

ਇਸ ਤਰ੍ਹਾਂ ਗੁਰੂ ਸਾਹਿਬ ਨੇ ਮਨੁੱਖ ਦੀ ਪਛਾਣ ਤੇ ਜ਼ੋਰ ਦਿੱਤਾ ਅਤੇ ਭਰਾਤ੍ਰੀਅਤਾ ਤੇ ਅਧਾਰਿਤ ਸਮਾਜ ਦੀ ਸਿਰਜਨਾ ਵਾਸਤੇ ਅਧਾਰ ਪੇਸ਼ ਕੀਤੇ। ਸਮੁੱਚੀ ਮਾਨਵਤਾ ਨੂੰ ਇਕ ਲੜੀ ਵਿਚ ਪ੍ਰੋ ਕੇ ਪੇਸ਼ ਕੀਤਾ ਹੈ।

ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸ਼ਾਫੀ
ਮਾਨਸ ਕੀ ਜਾਤਿ ਸਬੈ ਏਕੋ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ।
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ। [8] *(ਅਕਾਲ ਉਸਤਤਿ 15)*

ਕਿਸੇ ਵੀ ਚਿੰਤਨ ਦੀ ਪਰਖ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਕਿਸ ਮਾਤਰਾ ਵਿਚ ਮਾਨਵੀ ਕੀਮਤਾਂ ਨਾਲ ਜੁੜਿਆ ਹੋਇਆ ਹੈ ਮਾਨਵਤਾ ਨਾਲੋਂ ਟੁੱਟੇ ਹੋਏ ਧਰਮ ਖੜੋਤ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੀ ਮਾੜੀ ਸਥਿਤੀ ਤੋਂ ਸਦੀਵੀ ਮੁਕਤੀ ਵਾਸਤੇ ਮਨੁੱਖ ਦਾ ਜੋ ਮਾਰਗ ਦਰਸ਼ਨ ਸਿੱਖ ਗੁਰੂ ਸਾਹਿਬਾਨ ਨੇ ਕੀਤਾ ਹੈ ਉਸ ਦੀ ਸਿਖਰ ਗੁਰੂ ਗੋਬਿੰਦ ਸਿੰਘ ਜੀ ਹਨ। ਆਪਣੇ ਆਪ ਨੂੰ ਧਰਤੀ ਨਾਲ ਜੋੜਦਿਆਂ ਆਪਣੇ ਜਨਮ ਦਾ ਆਦਰਸ਼ ਦੱਸਿਆ :

ਯਾਹੀ ਕਾਜ ਧਰਾ ਹਮ ਜਨਮੰ
ਸਮਝ ਲੇਹੁ ਸਾਧੂ ਸਭ ਮਨਮੰ
ਧਰਮ ਚਲਾਵਨ ਸੰਤ ਉਬਾਰਨ
ਦੁਸ਼ਟ ਸਭਨ ਕੋ ਮੂਲ ਉਧਾਰਨ॥[9] *(ਬਚਿਤ੍ਰ ਨਾਟਕ)*

ਦਸਮ ਗ੍ਰੰਥ ਵਿਚ ਅਧਿਆਤਮਕ ਕੀਮਤਾਂ ਦੇ ਨਾਲ-ਨਾਲ ਸਦਾਚਾਰਕ ਕੀਮਤਾਂ ਦੀ ਵਿਸ਼ੇਸ਼ ਥਾਂ ਹੈ। ਇਨ੍ਹਾਂ ਬਿਨਾਂ ਸਮਾਜਿਕ ਮਰਯਾਦਾ ਤੇ ਵਿਅਕਤੀਗਤ ਜੀਵਨ ਦਾ ਚੱਜ ਅਚਾਰ ਸੰਪੂਰਨ ਨਹੀਂ ਹੁੰਦਾ। ਇਸ ਲਈ ਕਾਮ, ਕ੍ਰੋਧ, ਲੋਭ, ਹੱਠ, ਹੰਕਾਰ ਤੇ ਮੋਹ ਵਰਗੀਆਂ ਬੁਰਾਈਆਂ ਦਾ ਤਿਆਗ ਲਾਜ਼ਮੀ ਹੈ ਤੇ ਨਾਲ ਹੀ ਸੁੰਦਰ ਇਖਲਾਕੀ ਗੁਣਾਂ ਦਾ ਪ੍ਰਫੁੱਲਤ ਹੋਣਾ ਵੀ ਜ਼ਰੂਰੀ ਹੈ ਜਿਵੇਂ ਸ਼ੀਲ, ਸੰਤੋਖ, ਦਇਆ, ਖਿਮਾ ਸੰਜਮ, ਤੇ ਨਿਰਲੇਪਤਾ ਆਦਿ ਤਾਂ ਹੀ ਆਤਮਾ ਕੰਚਨ ਵਾਂਗ ਨਿਖਾਰ ਵਿਚ ਆ ਸਕਦੀ ਹੈ ਜਿਵੇਂ :

ਅਲਪ ਅਗਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ।
ਸੀਲ ਸੰਤੋਖ ਸਦਾ ਨਿਰਬਾਹਬੋ, ਹੈਬੋ ਤ੍ਰਿਗੁਣ ਅਤੀਤ।
ਕਾਮ ਕ੍ਰੋਧ ਅਹੰਕਾਰ ਲੋਭ ਹੱਠ, ਮੋਹ ਨ ਮਨ ਸਿਉ ਲਿਆਵੈ।
ਤਬ ਹੀ ਆਤਮ ਤੱਤ ਕੋ ਦਰਸੈ, ਪਰਮ ਪੁਰਖ ਕਰ ਪਾਵੈ।
ਆਤਮ ਉਪਦੇਸ਼ ਭੇਸ ਸੰਜਮ ਜੋ, ਜਾਪ ਸੁ ਅਜੱਪਾ ਜਾਪੈ
ਸਦਾ ਰਹੇ ਕੰਚਨ ਕੀ ਕਾਇਆ, ਕਲ ਨ ਕਬਹੂੰ ਬਯਾਪੈ॥[10] *(ਸ਼ਬਦ ਹਜ਼ਾਰੇ)*

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਜੋ ਕ੍ਰਾਂਤੀਕਾਰੀ ਕਾਰਜ ਕੀਤਾ ਉਹ ਸੀ ਨੌਂ ਪੀੜ੍ਹੀਆਂ ਤੋਂ ਚਲੇ ਆਉਂਦੇ ਸਿੱਖ ਸਮੁਦਾਇ ਨੂੰ 'ਖਾਲਸਾ' ਬਣਾ ਦੇਣਾ। ਇਹ ਇਕ ਐਸਾ ਮਨੋਵਿਗਿਆਨਕ ਪ੍ਰਯੋਗ ਸੀ ਜਿਸ ਨੇ ਮੁਰਦਾਂ ਲੋਕਾਂ ਵਿਚ ਜੀਵਨ ਦੀ ਝਲਕ ਪੈਦਾ ਕਰ ਦਿੱਤੀ ਤੇ ਸਾਂਝੀਵਾਲਤਾ, ਭਾਈਚਾਰਕ ਪ੍ਰੇਮ, ਸਦਾਚਾਰ ਵਰਗੇ ਗੁਣਾਂ ਦਾ ਸੰਚਾਰ ਕੀਤਾ। ਦੇਸ ਵਾਸੀਆਂ ਅੰਦਰ ਕੌਮਾਂਤਰੀ ਤੇ ਦੇਸ਼ਭਗਤੀ ਦਾ ਜਜਬਾ ਜਗਾਇਆ ਤੇ ਜਨਤਾ ਦੀਆਂ ਕਮਜ਼ੋਰ ਹੱਡੀਆਂ ਵਿਚ ਮਰਦਊ ਸ਼ਕਤੀ ਭਰੀ। ਅੱਜ ਤੱਕ ਜਮਾਨੇ ਨੇ ਤਲਵਾਰ ਜ਼ਰ, ਜ਼ੋਰੂ, ਜ਼ਮੀਨ ਲਈ ਵਰਤੀ ਪਰ ਗੁਰੂ ਸਾਹਿਬ ਨੇ ਸੰਸਾਰ ਵਿਚ ਪਹਿਲੀ ਵਾਰ ਤਲਵਾਰ ਦੀ ਮਾਰੂ ਸ਼ਕਤੀ (Destructive Power) ਨੂੰ ਉਸਾਰੂ ਸ਼ਕਤੀ (Constructive Power) ਵਿਚ ਬਦਲਿਆ ਅਤੇ ਇਸਨੂੰ ਆਪਣੇ ਤੇ ਪਰਾਏ ਦੇ ਹੱਕਾਂ ਲਈ ਵਰਤਣੀ ਸਿਖਾਇਆ।

ਹਵਾਲੇ ਅਤੇ ਟਿੱਪਣੀਆਂ

1. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ
2. ਸੁਰਿੰਦਰ ਸਿੰਘ ਕੋਹਲੀ, ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ, ਪੰਨਾ 38
3. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ 6
4. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ 8
5. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ
6. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ 74
7. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ
8. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ 28
9. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ 74
10. ਭਾਈ ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਨਾ

ਅਕਾਲ ਉਸਤਤਿ ਵਿਚ ਅਕਾਲ ਪੁਰਖ ਦਾ ਸੰਕਲਪ

*ਸੁਖਬੀਰ ਸਿੰਘ**

ਸਮੁੱਚੀ ਮਨੁੱਖਤਾ ਲਈ ਇਕ ਸਹੀ ਸੇਧ ਧਰਮ ਹੈ। ਹਰ ਧਰਮ ਦੀ ਬੁਨਿਆਦ ਇਕ ਧਰਮ ਗ੍ਰੰਥ ਹੁੰਦਾ ਹੈ। 'ਗ੍ਰੰਥ' ਹੀ ਇਕ ਮਨੁੱਖ ਵਿਚ ਅਤੇ ਧਰਮ ਵਿਚ ਅਟੁੱਟ ਰਿਸ਼ਤਾ ਕਾਇਮ ਕਰਦਾ ਹੈ। ਚੰਗਾ ਮਨੁੱਖ ਬਣਨ ਦੇ ਮੂਲ ਸਰੋਤ ਧਰਮ ਗ੍ਰੰਥ ਹੀ ਹੁੰਦਾ ਹੈ। ਧਰਮ ਗ੍ਰੰਥ ਹੀ ਹੈ ਜੋ ਆਪਣੇ ਪੈਗੰਬਰਾ, ਗੁਰੂਆਂ, ਪੀਰਾਂ ਵਲੋਂ ਦਿੱਤੇ ਹੋਏ ਸਿੱਧਾਤਾਂ ਨਾਲ ਆਪਣੇ ਪੈਰੋਕਾਰਾਂ ਨੂੰ ਧਰਮ ਨਾਲ ਜੋੜਨ ਲਈ ਰਾਹ ਨਿਰਧਾਰਤ ਕਰਦੇ ਹਨ। ਸ਼ਾਇਦ ਇਹੀ ਕਾਰਣ ਹੈ ਹਜ਼ਾਰਾਂ ਸਾਲਾਂ ਦੀ ਸਾਰਥਿਕਤਾ ਨੂੰ ਧਾਰਮਿਕ ਗ੍ਰੰਥ ਨਵਾਂ ਨਰੋਆ ਬਣਾਈ ਬੈਠੇ ਹਨ। ਇਹ ਅਤਿਕਥਨੀ ਨਹੀਂ ਹੋਵੇਗੀ ਕਿ ਧਰਮ ਗ੍ਰੰਥ ਹੀ ਧਰਮ ਦੇ ਸਿਧਾਂਤਾਂ ਦੀ ਜਿੰਦ ਜਾਨ ਹੁੰਦੇ ਹਨ। ਸੋ ਜਗਿਆਸੂ ਦੇ ਜੀਵਨ ਦਾ ਆਸਰਾ ਧਰਮ ਹੈ ਅਤੇ ਭਵਸਾਗਰ ਤੋਂ ਪਾਰ ਲੰਘਾਉਣ ਲਈ ਆਸਰਾ ਧਰਮ ਗ੍ਰੰਥ ਹੀ ਬਣਦਾ ਹੈ। ਹਰ ਇਕ ਧਰਮ ਵਿਚ ਉਸ ਧਰਮ ਦੇ ਪਵਿੱਤਰ ਗ੍ਰੰਥ ਤੋਂ ਕੁਝ ਹੋਰ ਗ੍ਰੰਥ ਵੀ ਉਪਲਬਧ ਹੁੰਦੇ ਹਨ, ਜਿਨ੍ਹਾਂ ਨੂੰ ਧਰਮ ਗ੍ਰੰਥ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਜਾਂਦਾ ਹੈ, ਜਿਸ ਨੂੰ ਮਾਡਰਨ ਇਡੀਅਮ ਦੁਆਰਾ ਸਕਰਿਪਚਰਲ ਲਿਟਰੇਚਰ ਦਾ ਨਾਮ ਦਿੱਤਾ ਗਿਆ ਹੈ। ਸਿੱਖ ਧਰਮ ਵਿਚ ਪੂਰਨ ਰੂਪ ਵਿਚ 'ਗੁਰੂ ਗ੍ਰੰਥ ਸਾਹਿਬ' ਦੀ ਪ੍ਰੋੜਤਾ ਕਰਦਾ ਲਿਟਰੇਚਰ ਭਾਈ ਗੁਰਦਾਸ ਦੀਆਂ ਵਾਰਾਂ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਦਸਮ ਗ੍ਰੰਥ ਅਤੇ ਭਾਈ ਨੰਦ ਲਾਲ ਰਚਨਾਵਲੀ ਆਦਿ ਸਤਿਕਾਰਤ ਰਚਨਾਵਾਂ ਨੂੰ ਅਹਿਮ ਉੱਚ ਸਥਾਨ ਪ੍ਰਾਪਤ ਹੈ। ਡਾ. ਤਾਰਨ ਸਿੰਘ ਅਨੁਸਾਰ 'ਦਸਮ ਗ੍ਰੰਥ ਗੈਰਤ ਮੰਦ ਸ੍ਵੈ- ਸਤਿਕਾਰ ਵਾਲੇ ਜੀਵਨ ਦੀ ਪਰਿਭਾਸ਼ਾ ਹੈ। ਸਿੱਖ ਧਰਮ ਵਿਚ 'ਦਸਮ ਗ੍ਰੰਥ' ਦੇ ਸੰਬੰਧ ਵਿਚ ਵਿਦਵਾਨਾਂ ਦੇ ਕੁਝ ਮੱਤਭੇਦ ਵੀ ਰਹੇ ਹਨ, ਪਰ ਅਕਾਲ ਉਸਤਤਿ ਬਾਰੇ ਦੋਵੇਂ ਧਿਰਾਂ ਦੇ ਵਿਦਵਾਨਾਂ ਦੀ ਰਾਇ ਇਕ ਹੈ। 'ਜਾਪੁ ਸਾਹਿਬ' ਤੋਂ ਬਾਅਦ 'ਦਸਮ ਗ੍ਰੰਥ' ਵਿਚ 'ਅਕਾਲ ਉਸਤਤਿ' ਦੂਸਰੀ ਅੰਕਿਤ ਕੀਤੀ ਗਈ ਬਾਣੀ ਹੈ। ਉਸ ਅਕਾਲ ਪੁਰਖ ਦੀ ਹੋਂਦ ਧਿਆਨ ਵਿਚ ਰੱਖਦਿਆਂ ਇਸ ਰਚਨਾਂ ਵਿਚੋਂ ਉਸ ਅਕਾਲ ਪੁਰਖ ਦੇ ਸਰੂਪ ਨੂੰ ਵੇਖਣ ਦਾ ਯਤਨ ਕੀਤਾ ਗਿਆ ਹੈ। ਧਰਮ ਭਾਵੇਂ ਵੱਖਰੇ-ਵੱਖਰੇ ਹਨ ਪਰ ਹਰ ਇਕ ਧਰਮ ਦੀ ਹੋਂਦ ਕਿਸੇ ਵੱਡੀ ਸ਼ਕਤੀ ਤੇ ਆਸਥਾ ਹੁੰਦੀ ਹੈ ਅਤੇ ਇਸ ਗੱਲ ਤੇ ਸਾਰੇ ਧਰਮ ਕੇਂਦਰਿਤ ਹੁੰਦੇ ਹਨ। ਇਹ ਕੇਂਦਰਿਤ ਬਿੰਦੂ ਅਕਾਲ ਪੁਰਖ ਜਾਂ ਸਰਬ ਸ਼ਕਤੀ ਹੀ ਹੈ। ਜੇਕਰ ਬੁੱਧ ਧਰਮ ਵਰਗਾ ਧਰਮ ਜਦੋਂ 'ਸਤ' ਦੀ ਜਗਹ ਸੱਚ ਦੀ ਗੱਲ ਕਰਦਾ ਹੈ ਤਾਂ ਉਹ ਸੱਚ ਵੀ ਕਿਸੇ ਵੱਡੇ ਸੱਚ ਵੱਲ ਇਸ਼ਾਰਾ ਹੈ ਅਤੇ ਵੱਡਾ ਸੱਚ ਕੇਵਲ ਅਕਾਲ-ਪੁਰਖ ਹੀ ਹੈ।[1] ਸੋ ਉਸੇ ਅਕਾਲ ਪੁਰਖ ਦੇ ਗੁਣਾਂ ਨੂੰ 'ਅਕਾਲ ਉਸਤਤਿ' ਰਚਨਾ ਵਿਚ ਲੱਭਣ ਦਾ ਮੇਰਾ ਇਹ ਨਿਮਾਣਾ ਜਿਹਾ ਯਤਨ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿੱਤ 'ਦਸਮ ਗ੍ਰੰਥ' ਵਿਚ 'ਅਕਾਲ ਉਸਤਤਿ' ਦੂਜੀ ਮਹਾਨ ਰਚਨਾ ਹੈ ਜੋ ਅਕਾਲ ਪੁਰਖ ਦੀ ਉਸਤਤਿ ਨੂੰ ਸਮਰਪਿਤ ਹੈ। ਇਸ ਰਚਨਾ ਦੇ 271 ਬੰਦ ਹਨ ਅਤੇ ਆਰੰਭਿਕ ਸ਼ਬਦ ਮੰਗਲਾਚਰਨ ਨਾਲ ਹੈ ;

ੴ ਸਤਿਗੁਰ ਪ੍ਰਸਾਦਿ॥
ਸ੍ਰੀ ਭਗਉਤੀ ਜੀ ਸਹਾਇ॥
ਸ੍ਰੀ ਅਕਾਲ ਜੀ ਕੀ ਉਸਤਤਿ॥
ਉਤਾਰਾ ਖਾਸੇ ਦਸਤਖਤਕਾ॥ ਪਾਤਿਸਾਹੀ॥ ੧੦॥
ਅਕਾਲ ਪੁਰਖ ਕੀ ਰੱਛਾ ਹਮ ਨੈ॥
ਸਰਬ ਲੋਹ ਕੀ ਰੱਛਿਆ ਹਮ ਨੈ॥

---

*ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਰਬ ਕਾਲ ਜੀ ਕੀ ਰੱਛਿਆ ਹਮ ਨੈਂ॥
ਸਰਬ ਲੋਹ ਜੀ ਦੀ ਰੱਛਿਆ ਹਮ ਨੈਂ॥ ੧॥

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਅਕਾਲ ਪੁਰਖ ਨੂੰ ਸਰਬ ਵਿਆਪਕ ਸ਼ਕਤੀ ਅਤੇ ਸਰਬ ਲੋਹ ਸ਼ਕਤੀ ਦਰਸਾਇਆ ਹੈ। ਇਸ ਰਚਨਾ ਵਿਚ ਮੁੱਖ ਰੂਪ ਵਿਚ ਚੌਪਈ, ਕਬਿੱਤ, ਸਵੈਯੇ, ਤੋਮਰ ਛੰਦ, ਲਘੂ ਨਿਰਾਜ ਛੰਦ, ਭੁਜੰਗ ਪ੍ਰਯਾਤ ਛੰਦ, ਪਾਧੜੀ, ਤੋਟਕ, ਨਰਾਜ, ਰੁਆਮਲ, ਦੋਹਰਾ, ਦੋਹਾ, ਦੀਰਘ ਤ੍ਰਿਭੰਗੀ ਆਦਿ ਛੰਦਾ ਦਾ ਪ੍ਰਯੋਗ ਕੀਤਾ ਗਿਆ ਹੈ। 'ਅਕਾਲ ਉਸਤਤਿ' ਦੇ ਪਹਿਲੇ ਦਸ ਛੰਦ ਚੌਪਈ ਵਿਚ ਹਨ ਜਿਸ ਵਿਚ ਗੁਰੂ ਸਾਹਿਬ ਨੇ ਬ੍ਰਹਮਾ ਸੰਬੰਧੀ ਧਾਰਨਾ ਸਪਸ਼ਟ ਕੀਤੀ ਹੈ। ਭਾਰਤੀ ਧਰਮ ਸਾਧਨਾ ਅਨੁਸਾਰ 'ਓਮ' ਸ਼ਬਦ ਦਾ ਮਹੱਤਵ ਪੂਰਨ ਸਥਾਨ ਹੈ, ਇਸੇ ਤਰ੍ਹਾਂ 'ਗੁਰੂ ਗ੍ਰੰਥ ਸਾਹਿਬ' ਦਾ ਅਰੰਭ ਵੀ '੧ਓ' ਸ਼ਬਦ ਨਾਲ ਹੀ ਹੁੰਦਾ ਹੈ ਜਿਸ ਦਾ ਭਾਵ ਉਸ ਇਕ ਸਰਬ ਵਿਆਪਕ ਸ਼ਕਤੀ ਤੋਂ ਹੈ। ਇਸ ਦਾ ਅਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਇਸ ਪਰੰਪਰਾਗਤ ਧਾਰਨਾ ਦਾ ਆਪਣੀ ਰਚਨਾ ਰਾਮਕਲੀ ਰਾਗ ਵਿਚ ਵੀ ਉਚਾਰਣ ਕੀਤਾ ਹੈ :

ਓਅੰਕਾਰ ਬ੍ਰਹਮਾ ਓਤਪਤਿ॥
ਓਅੰਕਾਰ ਕੀਓ ਜਿਨਿ ਚਿਤਿ॥

ਅਕਾਲ ਉਸਤਤਿ ਦੀ ਪਹਿਲੀ ਚੌਪਈ ਵਿਚ ਇਸੇ ਭਾਵ ਦਾ ਸਮਰਥਨ ਕੀਤਾ ਗਿਆ ਹੈ :

ਪ੍ਰਣਵੋਂ ਆਦਿ ਏਕੰਕਾਰਾ॥ ਜਲ ਥਲ ਮਹੀ ਅਲ ਕੀਓ ਪਸਾਰਾ॥
ਆਦਿ ਪੁਰਖ ਅਬਿਗਤ ਅਵਿਨਾਸੀ॥ ਲੋਕ ਚਤ੍ਰਦਸ ਜੋਤਿ ਪ੍ਰਕਾਸੀ॥

ਇਸੇ ਅਵਾਜ਼ ਨੂੰ ਲੋਕਾਂ ਤੱਕ ਪਹੁੰਚਣ ਹਿੱਤ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਸਰਬ ਵਿਆਪਕ ਹੋਂਦ ਨੂੰ ਪ੍ਰਗਟ ਕੀਤਾ ਹੈ। ਇਸੇ ਸਰਬ ਵਿਆਪਕਤਾ ਨੂੰ ਗੁਰੂ ਸਾਹਿਬ ਨੇ ਰੂਪਮਾਨ ਕੀਤਾ ਹੈ, ਗੁਰੂ ਗੋਬਿੰਦ ਸਿੰਘ ਸਾਹਿਤ ਨੂੰ ਕੌਮ ਦੀ ਜਿੰਦ ਜਾਨ ਸਮਝਦੇ ਸਨ, ਇਹ ਗੱਲ ਉਨ੍ਹਾਂ ਦੇ ਨਿੱਜੀ ਸ਼ਾਹਿਤਕ ਰੂਪ ਗ੍ਰੰਥ 'ਦਸਮ ਗ੍ਰੰਥ ਵਿਚਲੀਆਂ 24 ਰਚਨਾਵਾਂ ਵਿਚੋਂ ਪ੍ਰਗਟ ਹੁੰਦੀ ਹੈ। 'ਅਕਾਲ ਉਸਤਤ੍ਰਿ' ਦਸਮ ਗ੍ਰੰਥ ਦੀਆਂ ਸਰਵ ਸ੍ਰੇਸ਼ਟ ਰਚਨਾਵਾਂ ਵਿਚੋਂ ਦੂਜੇ ਸਥਾਨ ਤੇ ਆਉਣ ਵਾਲੀ ਰਚਨਾ ਹੈ ਜਿਸ ਵਿਚ ਇਕ ਵੱਖਰੀ ਹੀ ਕਿਸਮ ਦਾ ਅਨੋਖਾ ਰਸ ਹੈ। ਮੁੱਢਲੀ ਜਾਣ-ਪਛਾਣ ਅਨੁਸਾਰ ਇਸ ਰਚਨਾ ਦੇ 271 ਛੰਦ ਹਨ ਅੰਤ ਵਾਲਾ ਛੰਦ ਪੂਰਾ ਨਹੀਂ ਹੈ ਅਤੇ 17 ਵਾਰ ਛੰਦ ਪਰਿਵਰਤਨ ਹੁੰਦਾ ਹੈ। ਛੰਦ ਵਾਰ ਬਿਓਰਾ ਇਸ ਪ੍ਰਕਾਰ ਹੈ :

1) ਚੌਪਈ = 10 ਛੰਦ (ਸਰਬ ਵਿਆਪਕ ਜੋਤ ਦੇ ਪਸਾਰੇ ਦਾ ਵਰਣਨ)।
2) ਕਬਿੱਤ 11 ਤੋਂ 20 =10 ਛੰਦ (ਸਰਬ ਵਿਆਪਕ ਹਸਤੀ ਦੀ ਵਿਆਖਿਆ)
3) ਸਵੈਯਾ 21 ਤੋਂ 30 = 10 ਛੰਦ (ਕਰਮ ਕਾਂਡੀ ਤੇ ਰਾਜਸੀ ਬੱਲ ਦੇ ਦਾਅਵੇਦਾਰਾਂ ਦਾ ਖੰਡਨ)
4) ਤੋਮਰ ਛੰਦ 31 ਤੋਂ 50 = 20 ਛੰਦ (ਨਾਮ ਅਧਾਰ ਤੋਂ ਬਿਨਾਂ ਸਭ ਭਰਮ ਵਿਚਾਰ ਹੈ)
5) ਲਘੂ ਨਾਰਾਜ 51 ਤੋਂ 70 = 20 ਛੰਦ (ਰੱਬੀ ਵਿਆਪਕਤਾ ਦਾ ਨਿੱਜੀ ਅਨੁਭਵ)
6) ਕਬਿੱਤ 71 ਤੋਂ 90 = 20 ਛੰਦ (ਦੰਭੀ ਮਤ ਮਤਾਂਤਰਾ ਤੇ ਵਿਅੰਗ)
7) ਭੁਜੰਗ 91 ਤੋਂ 120 = 30 ਛੰਦ (15 ਵਿਚ ਰੱਬ ਇਹ ਨਹੀਂ, 15 ਵਿਚ ਰੱਬ ਇਹ ਹੈ)
8) ਪਾਧੜੀ 121 ਤੋਂ 140 = 20 ਛੰਦ (ਕਰਮ ਕਾਂਡ ਤੇ ਚੋਟ)
9) ਤੋਟਕ 141 ਤੋਂ 160 = 20 ਛੰਦ (ਕਰਤਾ ਦੀ ਜੈ- ਜੈ ਕਾਰ)
10) ਨਾਰਾਜ 161 ਤੋਂ 180 = 20 ਛੰਦ (ਰੂਪ ਰੇਖਾ ਤੋਂ ਉੱਪਰ ਜੋਤ ਦੀ ਸਰਬ ਵਿਆਪਕਤਾ)
11) ਰੁਆਮਲ 181 ਤੋਂ 200 = 20 ਛੰਦ (ਸਰਬ ਕਰਤਾ ਦੀ ਮਹਿਮਾ)
12) ਦੀਰਘ ਤ੍ਰਿਭੰਗੀ 201 ਤੋਂ 220 = 20 ਛੰਦ (ਦੁਰਜਨ ਦਲ ਦੰਡਣ ਦੀ ਮਹਿਮਾ)
13) ਦੋਹਰਾ 221 ਤੋਂ 230 = 10 ਛੰਦ (ਆਤਮਾ ਦਾ ਵਰਣਨ)
14) ਪਾਧੜੀ 231 ਤੋਂ 242 = 12 ਛੰਦ (ਬੇਅੰਤ ਪ੍ਰਭੂ ਦੇ ਸਾਰੇ ਦੇਵਤੇ ਸੇਵਕ ਹਨ)
15) ਸਵੈਯਾ 243 ਤੋਂ 252 = 10 ਛੰਦ (ਰੱਬ ਪ੍ਰਤਿਪਾਲਕ ਹੈ, ਉਸ ਨੂੰ ਸਭ ਨੇਤਿ ਨੇਤਿ ਆਖਦੇ ਹਨ)
16) ਕਬਿੱਤ 253 ਤੋਂ 266 = 14 ਛੰਦ (ਦੇਸ਼ਾਂ ਦੇ ਲੋਕਾਂ ਨੂੰ ਰੱਬੀ ਕੀਰਤੀ ਕਰਦੇ ਦਸਿਆ)
17) ਪਾਧੜੀ 267 ਤੋਂ $271^{1/2}$ ਛੰਦ (ਵੇਰਵਾ ਅੰਕਤ[2])

ਗੁਰੂ ਸਾਹਿਬ ਨੇ 'ਅਕਾਲ ਉਸਤਤਿ' ਵਿਚ ਮੁੱਖ ਰੂਪ ਵਿਚ ਪਰਮਾਤਮਾ ਦੇ ਸਰੂਪ, ਅਕਾਲ ਪੁਰਖ ਦੀ ਸਰਬ-ਵਿਆਪਕਤਾ ਪ੍ਰੇਮ ਭਗਤੀ ਵੱਲ ਪ੍ਰੇਰਨਾ, ਅਧਿਆਤਮਕ ਸਾਧਨਾ, ਦੁਨਿਆਵੀ ਮੋਹ ਤੋਂ ਉੱਚੇ ਉੱਠ ਕੇ ਸੱਚੀ ਸੁੱਚੀ ਮਾਨਵਤਾ ਬਾਰੇ ਆਦਿ ਸੰਕਲਪ ਨੂੰ ਰੂਪ ਮਾਨ ਕੀਤਾ ਹੈ, ਪਰ ਆਪਣੇ ਪੇਪਰ ਦੀਆਂ ਸੀਮਾਵਾਂ ਨੂੰ ਨਜ਼ਰ ਅੰਦਾਜ਼ ਰੱਖਦੇ ਹੋਏ ਮੈਂ 'ਅਕਾਲ ਉਸਤਤਿ' ਵਿਚਲੇ ਅਕਾਲ ਪੁਰਖ ਦੇ ਸੰਕਲਪ ਨੂੰ ਰੂਪ ਮਾਨ ਕਰਨ ਦਾ ਯਤਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਦਸਮ ਗ੍ਰੰਥ' ਦੀ ਰਚਨਾ ਮੁੱਖ ਰੂਪ ਵਿਚ 'ਆਦਿ ਅੰਤ ਏਕੈ ਅਵਤਾਰਾ' ਦੀ ਪੁਸ਼ਟੀ ਹੀ ਹੈ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਇਕ ਨਿਰੰਕਾਰੀ ਜੋਤ ਸਨ। 'ਆਦਿ ਗੁਰੂ ਗ੍ਰੰਥ ਸਾਹਿਬ' ਇਕ ਸਿਧਾਂਤ ਹੈ ਅਤੇ 'ਦਸਮ ਗ੍ਰੰਥ' ਪੁਸ਼ਟੀ ਹੈ। ਮਨੁੱਖ ਕੀ ਕੁਝ ਬਣ ਸਕਦਾ ਹੈ, 'ਜਾਪੁ ਸਾਹਿਬ' ਅਤੇ 'ਅਕਾਲ ਉਸਤਤਿ' ਇਸ ਦਾ ਅਹਿਦਨਾਮਾ ਹੈ। ਦੋਵੇਂ ਸਥਾਨਾਂ ਤੇ ਉਸ ਅਕਾਲ ਪੁਰਖ ਦੀ ਗੱਲ ਹੀ ਕੀਤੀ ਹੈ। ਸਿਰਫ ਪਹਿਰਾਵੇ ਅਤੇ ਸ਼ੈਲੀ ਵਿਚ ਅੰਤਰ ਹੋ ਸਕਦਾ ਹੈ।

'ਦਸਮ ਗ੍ਰੰਥ' 1428 ਪੰਨਿਆਂ ਦਾ ਇਕ ਵੱਡਾ ਗ੍ਰੰਥ ਹੈ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਹੀ ਪ੍ਰਕਾਸ਼ਿਤ ਰੂਪ ਵਿਚ ਸੰਗਤ ਦਰਸ਼ਨ ਕਰ ਸਕੀਆਂ। ਇਸੇ ਕਾਰਣ ਹੀ ਇਸ ਗ੍ਰੰਥ ਦੇ ਪੰਜ ਵੱਖਰੇ ਸਰੂਪ ਆਨੰਦਪੁਰ ਸਾਹਿਬ ਵਾਲੀ ਬੀੜ, ਮੋਤੀਬਾਗ ਵਾਲੀ ਬੀੜ, ਸੰਗਰੂਰ ਵਾਲੀ ਬੀੜ, ਪਟਨਾ ਸਾਹਿਬ ਵਾਲੀ ਬੀੜ, ਅਤੇ ਭਾਈ ਮਨੀ ਸਿੰਘ ਵਾਲੀ ਬੀੜ ਮਿਲਦੇ ਹਨ। ਇਨ੍ਹਾਂ ਸਾਰੀਆਂ ਬੀੜਾਂ ਵਿਚ ਕੋਈ ਜ਼ਿਆਦਾ ਅੰਤਰ ਨਹੀਂ ਹੈ, ਸਿਰਫ ਰਚਨਾਵਾਂ ਦੇ ਕ੍ਰਮ ਵਿਚ ਅੰਤਰ ਹੈ। ਇਸ ਬਾਰੇ ਵਿਦਵਾਨਾਂ ਦੇ ਵੱਖਰੇ-ਵੱਖਰੇ ਮਤਭੇਦ ਹਨ। ਸ਼ਾਇਦ ਸਮਰੂਪਤਾ ਨਾ ਹੋਣ ਕਾਰਣ ਹੀ ਇਹ ਗ੍ਰੰਥ ਵਿਦਵਾਨਾਂ ਦਾ ਮਤਭੇਦ ਦਾ ਕਾਰਣ ਬਣਿਆ ਹੋ ਸਕਦਾ ਹੈ। 'ਦਸਮ ਗ੍ਰੰਥ' ਦੀ ਹੋਂਦ ਤੋਂ ਅੱਜ ਤਕ ਵਾਦ-ਵਿਵਾਦ ਚੱਲਦਾ ਆ ਰਿਹਾ ਹੈ ਜੋ ਨਹੀਂ ਹੋਣਾ ਚਾਹੀਦਾ ਸੀ। ਇਕ ਜਗਿਆਸੂ ਲਈ ਅਧਿਆਤਮਕ ਰਚਨਾ ਤਾਂ ਇਕ ਮਾਰਗ ਹੋ ਸਕਦਾ ਹੈ, ਇਕ ਰੱਬ ਦੀ ਗੱਲ ਹੈ। ਮਨੁੱਖੀ ਫਿਤਰਿਤ ਹੈ ਜ਼ਿਆਦਾ ਵਿਦਵਤ ਗ੍ਰਹਿਣ ਕਰਨ ਨਾਲ ਇਸ ਦੇ ਮਨ ਅੰਦਰ ਸ਼ੰਕੇ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਇਹੀ ਸ਼ੰਕੇ ਹੀ ਉਸ ਨੂੰ ਰੱਬ ਤੋਂ ਦੂਰ ਲਿਜਾ ਰਹੇ ਹਨ। ਸਾਰੇ ਵਿਦਵਾਨਾਂ ਨੇ ਗੁਰੂ ਸਾਹਿਬ ਦੀਆਂ ਰਚਨਾਵਾਂ 'ਜਾਪੁ ਸਾਹਿਬ' ਅਤੇ 'ਅਕਾਲ ਉਸਤਤਿ' ਨੂੰ ਸਰਬ ਪ੍ਰਮਾਣਿਕਤਾ ਦਿੱਤੀ ਹੈ। ਜਿਨ੍ਹਾਂ ਵਿਦਵਾਨਾਂ ਨੇ ਵੀ ਕਿੰਤੂ ਪ੍ਰੰਤੂ ਕੀਤਾ ਹੈ, ਪਰ ਇਹ ਦੋਵੇਂ ਰਚਨਾਵਾਂ ਨੂੰ ਪ੍ਰਮਾਣਿਤ ਮੰਨਦੇ ਹਨ।

ਇਸ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਬ੍ਰਹਮ ਦੇ ਨਿਰਾਕਾਰ ਅਤੇ ਸਰਬਵਿਆਪਕ ਰੂਪ ਦਾ ਵਰਣਨ ਕੀਤਾ ਹੈ। ਇਹ ਰਚਨਾ ਮਨੁੱਖੀ ਸਰੀਰ ਤੋਂ ਲੈ ਇਸ ਸਾਰੀ ਸ੍ਰਿਸਟੀ ਵਿਚ ਵਿਆਪਕ ਹੈ। ਗੁਰੂ ਸਾਹਿਬ ਨੇ ਪਰਮਾਤਮਾ ਦੇ ਇਸ ਸਰੂਪ ਨੂੰ ਜਿਸ ਲਈ ਰਾਜਾ ਅਤੇ ਰੰਕ, ਹਾਥੀ ਅਤੇ ਕੀੜੀ ਸਭ ਇਕ ਸਮਾਨ ਹਨ, ਉਸ ਸਰਵ ਵਿਆਪਕ ਸ਼ਕਤੀ ਦਾ ਕੋਈ ਵੀ ਰਿਸ਼ਤੇਦਾਰ ਸੰਬੰਧੀ ਨਹੀਂ ਹੈ, ਸਮਾਜ ਵਿਚ ਸਾਰੇ ਫਰਜ਼ੀ ਰਿਸ਼ਤੇ ਨਾਤੇ ਜਿਨ੍ਹਾਂ ਨਾਲ ਸਾਰੀ ਸ੍ਰਿਸ਼ਟੀ ਨੂੰ ਲੜੀ ਵਾਂਗ ਪਰੋ ਕੇ ਰੱਖਿਆ ਹੋਇਆ ਹੈ, ਪਰਮਾਤਮਾ ਦਾ ਸਰਗੁਣ ਅਤੇ ਅਵਤਾਰੀ ਸਰੂਪ ਜੋ ਸਾਡੇ ਸਮਾਜ ਵਿਚ ਪਰੰਪਰਾਗਤ ਹੈ ਨੂੰ ਵਰਣਨ ਕੀਤਾ ਹੈ। ਸਾਰੀ ਸ੍ਰਿਸ਼ਟੀ ਦੇ ਨਿਰਮਾਤਾ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਹੈ। ਇਹੀ ਨਿਰਮਾਤਾ ਸਾਕਾਰ ਰੂਪ ਵਿਚ ਸੰਸਾਰ ਦੇ ਸਾਰੇ ਪ੍ਰਾਣੀਆਂ ਵਿਚ ਮੌਜੂਦ ਹੈ। ਗੁਰੂ ਸਾਹਿਬ ਨੇ ਪਰਮਾਤਮਾ ਦੀ ਮਹਿਮਾਂ ਵਰਣਨ ਦੇ ਅੰਤਰਗਤ ਸਮਾਜ ਦੀਆਂ ਵਾਸ਼ਨਾਵਾਂ, ਪਾਖੰਡ ਆਦਿ ਦਾ ਵੀ ਖੰਡਨ ਕੀਤਾ ਹੈ। ਆਪ ਜੀ ਦਾ ਸੰਕਲਪ ਲੋਕਾਂ ਨੂੰ ਸਰਵਸ਼ਕਤੀ ਨਾਲ ਜੋੜਨ ਨਾਲ ਹੈ, ਲੋਕਾਂ ਨੂੰ ਦਿਖਾਵੇ ਵਿਚੋਂ ਕੱਢਕੇ ਜਾਂ ਅੱਖਾਂ ਬੰਦ ਕਰਕੇ ਧਿਆਨ ਲਗਾਉਣਾ, ਸੱਤਾ ਸਮੁੰਦਰਾਂ ਵਿਚ ਇਸ਼ਨਾਨ ਕਰਨਾ, ਬੁੱਤ ਅਤੇ ਪੱਥਰਾਂ ਦੀ ਪੂਜਾ ਕਰਨਾ, ਲਿੰਗ ਨੂੰ ਗਲੇ ਵਿਚ ਲਟਕਾਉਣਾ, ਸ਼ਰਾਧ ਆਦਿ ਕਰਨ ਨਾਲ ਈਸ਼ਵਰ ਦੀ ਪ੍ਰਾਪਤੀ ਨਹੀਂ ਹੁੰਦੀ ਸਗੋਂ ਪ੍ਰੇਮ ਭਾਵਨਾ ਨਾਲ ਹੀ ਪ੍ਰਾਪਤੀ ਹੋ ਸਕਦੀ ਹੈ।

ਕਹਾ ਭਯੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ-ਧਯਾਨ ਲਗਾਇਓ॥
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸਿਉ ਬੈਠ ਕੇ ਐਸੇ ਹੀ ਐਸ ਸੋ ਬੈਸ ਬਿਤਾਇਓ॥
ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

ਸਾਡਾ ਸਮਾਜ ਕਿਸ ਤਰ੍ਹਾਂ ਕੁਰੀਤੀਆਂ ਵਿਚ ਫੱਸਿਆ ਹੋਇਆ ਹੈ, ਕਿਵੇਂ ਅੰਧ ਵਿਸ਼ਵਾਸਾਂ ਵਿਚੋਂ

ਕੱਢਿਆਂ ਜਾ ਸਕਦਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਕਿਵੇਂ ਬਿਰਤੀ ਟੁੱਟਦੀ ਹੈ, ਸਾਰੇ ਕਰਮ ਧਰਮ, ਪੂਜਾ-ਅਰਚਾ, ਕਰਮ ਕਾਂਡ ਸਭ ਫੋਕਟ ਹਨ। ਉਸ ਅਕਾਲ ਪੁਰਖ ਦੀ ਅਰਾਧਨਾ ਹੀ ਮੁਕਤੀ ਹੈ।

ਇਕ ਨਾਮ ਬਿਨਾ ਨਹੀਂ ਕੋਟਿ ਬ੍ਰਿਤੀ॥
ਇਸ ਬੇਦ ਉਚਾਰਤ ਸਾਰ ਸੁਤੀ॥
ਜੋਊ ਵਾਰਸ ਕੇ ਚਸਕੇ ਰਸ ਹੈ॥
ਤੇਊ ਭੂਲਿ ਨ ਕਾਲ ਫੰਧਾ ਫਸ ਹੈ॥ ੧੬੦ ॥

ਇਸੇ ਤਰ੍ਹਾਂ ਪਰਮਾਤਮਾ ਦੀ ਸਤਾ ਅਤੇ ਸਰਵਵਿਆਪਕਤਾ ਆਪ ਜੀ ਦੀ ਰਚਨਾ ਅਕਾਲ ਉਸਤਤਿ ਦੇ ਸ਼ਬਦ 'ਤੂੰ ਹੀ ਤੂੰ ਹੀ' ਦੇ ਉਚਾਰਣ ਤੋਂ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਦੁਨਿਆਵੀ ਪ੍ਰਾਣੀ ਨੂੰ ਜਗਿਆਸੂ ਬਣਾ ਕੇ ਉਸ ਅਕਾਲ ਪੁਰਖ ਵਿਚ ਦ੍ਰਿੜ ਵਿਸ਼ਵਾਸ ਪੈਦਾ ਕਰਨਾ ਹੈ ;

ਅਭੂ ਤੂਹੀ॥ ਅਭੈ ਤੂਹੀ॥ ਅਛੂ ਤੂਹੀ॥ ਅਛੈ ਤੂਹੀ॥ ੬੭ ॥
ਜਾਤਸ ਤੂਹੀ ॥ ਬ੍ਰਤਸ ਤੂਹੀ ॥ ਗਤਸ ਤੂਹੀ॥ ਮਤਸ ਤੂਹੀ॥ ੬੮॥
ਤੂਹੀ ਤੂਹੀ॥ ਤੂਹੀ ਤੂਹੀ॥ ਤੂਹੀ ਤੂਹੀ॥ ਤੂਹੀ ਤੂਹੀ॥ ੬੯ ॥
ਤੂਹੀ ਤੂਹੀ॥ ਤੂਹੀ ਤੂਹੀ॥ ਤੂਹੀ ਤੂਹੀ॥ ਤੂਹੀ ਤੂਹੀ॥੭੦ ॥

ਭਾਵ ਹੇ ਅਕਾਲ ਪੁਰਖ ਤੂੰ ਤੱਤਾਂ ਤੋਂ ਰਹਿਤ, ਡਰ ਰਹਿਤ, ਛੂਹ ਰਹਿਤ, ਨਾਸ਼ ਰਹਿਤ, ਜਤੀ ਹੈ, ਬ੍ਰਤ ਧਾਰਨ ਕਰਨ ਵਾਲਾ, ਮੁਕਤੀ ਦਾਤਾ ਹੈ। ਮਤਾਂ ਵਾਲਾ ਹੈ; ਤੂੰ ਹੀ ਹੈ; ਤੂੰ ਹੀ ਹੈ, ਤੂੰ ਹੀ ਹੈ॥ ਤੂੰ ਹੀ ਹੈ॥.....

ਸੰਸਾਰ ਦੇ ਸਾਰੇ ਜੀਵ ਜੰਤੂ ਤੇਰੀ ਰਚਨਾ ਹੈ ਅਤੇ ਸਾਰੇ ਮਨੁੱਖ ਤੇਰੇ ਸਾਜੇ ਹੋਏ ਹਨ, ਹਿੰਦੂ ਤੁਰਕ ਵਿਚ ਕੋਈ ਭੇਦ ਭਾਵ ਨਹੀਂ ਹੈ। ਕਿਸੇ ਵੀ ਮਨੁੱਖ ਦੀ ਕੋਈ ਜਾਤ ਪਾਤ ਨਹੀਂ ਹੈ।

ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸ਼ਾਫ
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥

ਜੇ ਮਨੁੱਖ ਦੀ ਕੋਈ ਜਾਤ ਨਹੀਂ ਹੈ ਤਾਂ ਸ੍ਰਿਸ਼ਟੀ ਦੇ ਮਾਲਕ ਰਚਨਾ ਕਰਨ ਵਾਲੇ ਮਾਲਕ ਦੀ ਵੀ ਕੋਈ ਜਾਤ ਪਾਤ ਨਹੀਂ ਹੈ, ਉਸ ਦਾ ਕੋਈ ਪਿਤਾ, ਮੰਤਰੀ, ਮਾਤਾ, ਮਾਤਾ ਤੇ ਮਿੱਤਰ ਨਹੀਂ ਹੈ। ਉਹ ਹਮੇਸ਼ਾ ਸਭ ਥਾਂਈ ਵਰਤਮਾਨ ਹੈ ;

ਜਾਤਿ ਪਾਤਿ ਨ ਤਾਤ ਜਾ ਕੋ ਮੰਤ੍ਰਿ ਮਾਤ ਨ ਮਿਤ੍ਰ॥
ਸਰਬ ਠਉਰ ਵਿਖੇ ਰਮਿਓ ਜ਼ਿਹ ਚਕ੍ਰ ਚਿਹਨ ਨਾ ਚਿਤ੍ਰ॥
ਆਦਿ ਦੇਵ ਉਦਾਰ ਮੂਰਤਿ ਅਗਾਥ ਨਾਥ ਅਨੰਤ ॥
ਆਦਿ ਅੰਤਿ ਨ ਜਾਨੀਐ ਅਬਿਖਾਦ ਦੇਵ ਦੁਰੰਤ॥ ੧੮੨ ॥

ਐਸੀ ਸ਼ਕਤੀ ਜਿਸ ਦਾ ਭੇਦ ਦੇਵਤੇ, ਵੇਦ ਤੇ ਕਤੇਬ ਆਦਿ ਗ੍ਰੰਥ ਵੀ ਨਹੀਂ ਜਾਣਦੇ। ਜਦ ਬਾਰ-ਬਾਰ ਮਨੁੱਖੀ ਸੁਰਤ ਉਸ ਅਕਾਲ ਪੁਰਖ ਨਾਲ ਜੁੜਨ ਲਈ ਯਤਨਸ਼ੀਲ ਹੁੰਦੀ ਹੈ, ਮਨੁੱਖ ਦੀ ਸੁਰਤ ਦੇ ਅੰਦਰ ਹੌਲੀ-ਹੌਲੀ ਪ੍ਰੇਮ ਭਾਵਨਾ ਪੈਦਾ ਹੋਣੀ ਸ਼ੁਰੂ ਹੁੰਦੀ ਹੈ। ਇਹੀ ਪ੍ਰੇਮ ਭਗਤੀ ਉਸ ਪਰਮ ਸੱਤਾ ਨਾਲ ਇਕਸੁਰਤਾ ਹੋਣ ਲਈ ਉਤੇਜਤ ਹੁੰਦੀ ਹੈ। ਅਕਾਲ ਪੁਰਖ ਨੂੰ ਸਮਾਜ ਵਿਚ ਰਹਿੰਦਿਆਂ ਅਤੇ ਵਿਚਰਦਿਆਂ ਕਿਸ ਤਰ੍ਹਾਂ ਪ੍ਰੇਮ ਮਾਰਗ ਅਪਨਾਉਂਦਿਆਂ ਇਕ ਵਿਅਕਤੀ ਕਬਜ਼ੇ ਜਾਂ ਮਾਲਕੀ ਵਾਲੇ ਭਾਵਾਂ ਤੋਂ ਮੁਕਤ ਹੋ ਕਿ ਉਸ ਅਕਾਲ ਪੁਰਖ ਨਾਲ ਸਾਂਝ ਪੈਦਾ ਕਰ ਲੈਂਦਾ ਹੈ। ਇਹੀ ਸਾਂਝ ਉਸ ਅਕਾਲ ਪੁਰਖ ਦੀ ਇਕਸੁਰਤਾ ਦੁਆਰਾ ਹੀ 'ਇਕ' ਦੇ ਦਰਸ਼ਨ ਕਰਵਾ ਦਿੰਦੀ ਹੈ। ਇਸ ਤਰ੍ਹਾਂ ਅਕਾਲ ਪੁਰਖ ਨਾਲ ਜੁੜੀ ਹੋਈ ਮਨੁੱਖੀ ਸੁਰਤ ਉਸ ਅਕਾਲ ਪੁਰਖ ਨਾਲ ਸਦਾ ਵਾਸਤੇ ਸੰਪਰਕ ਜੋੜ ਲੈਂਦੀ ਹੈ। ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ ਉਸ ਦਾ ਹੀ ਰੂਪ ਨਜ਼ਰ ਆਉਣ ਲੱਗ ਪੈਂਦੀ ਹੈ ਅਤੇ ਸਾਰੀ ਸਿਰਜਣਾ ਹਰ ਵਜੂਦ ਅਤੇ ਕਰਮ ਵਿਚ ਅਕਾਲ ਪੁਰਖ ਆਪ ਹੀ ਨਜ਼ਰ ਆਉਣ ਲੱਗ ਪੈਂਦਾ ਹੈ। ਇਹ ਸਭ ਕੁਝ ਕਿਵੇਂ ਹੋ ਸਕਦਾ ਹੈ, ਗੁਰੂ ਸਾਹਿਬ ਨੇ ਦੋਹਰੇ ਦੇ ਰੂਪ ਵਿਚ ਪ੍ਰਸ਼ਨੋਤਰੀਸ਼ੈਲੀ ਦੁਆਰਾ ਇਸ ਸੰਕਲਪ ਨੂੰ ਸੰਪੂਰਨਤਾ ਦਿੱਤੀ ਹੈ :

ਤ੍ਵ ਪ੍ਰਸਾਦਿ॥ ਦੋਹਰਾ॥
ਏਕ ਸਮੇ ਸ੍ਰੀ ਆਤਮਾ ਉਚਰਿਓ ਮਤਿ ਸੀਉ ਬੈਨ॥

ਸਭ ਪ੍ਰਾਤਪ ਜਗਦੀਸ਼ ਕੋ ਕਹੁ ਸਕਲ ਬਿਧਿ ਤੈਨ॥ ੨੦੧ ॥

ਭਾਵ ਇਕ ਸਮੇਂ ਜੀਵਾਤਮਾ ਨੇ ਬੁੱਧੀ ਪ੍ਰਤੀ ਬਚਨ ਕੀਤਾ ਕਿ ਜਿਸ ਪ੍ਰਕਾਰ ਜਗਤ ਦੇ ਮਾਲਕ ਦਾ ਸਾਰਾ ਪ੍ਰਤਾਪ ਹੈ। ਇਸੇ ਤਰ੍ਹਾਂ :

ਕੋ ਆਤਮਾ ਸਰੂਪ ਹੈ ਕਹਾ ਸ੍ਰਿਸ਼ਟ ਕੋ ਬਿਚਾਰ॥
ਕਉਨ ਧਰਮ ਕੋ ਕਰਮ ਹੈ ਕਹਹੁ ਸਕਲ ਬਿਸਥਾਰ॥

'ਅਕਾਲ ਉਸਤਤਿ' ਬਾਣੀ ਦੇ ਰਚੈਤਾ ਗੁਰੂ ਗੋਬਿੰਦ ਸਿੰਘ ਜੀ ਨੇ ੨੦੧ ਤੋਂ ੨੨੦ ਬੰਦ ਤੱਕ ਦੀਰਘ ਤ੍ਰਿਭੰਗੀ ਛੰਦਾਂ ਦੇ ਅੰਤਰਗਤ ਅਕਾਲ ਪੁਰਖ ਦੇ ਨਿਰਮਾਣ ਨਿਰਾਕਾਰ ਸਰੂਪ ਦੇ ਸੰਕਲਪ ਨੂੰ 'ਚੰਡੀ' ਦੇ ਸਰਗੁਣ ਸਰੂਪ ਦੁਆਰਾ ਦਾਰਸ਼ਨਿਕ ਅਧਿਆਤਮਕ ਅਰਥਾਂ ਵਿਚ ਰੂਪਾਂਤਰਿਤ ਕਰਨਾ ਹੀ ਮੁੱਖ ਰੂਪ ਵਿਚ ਸੰਕਲਪ ਹੈ। ਧਰਤੀ ਅਤੇ ਅਕਾਸ਼ ਵਿਚ ਪਾਪਾਂ ਦਾ ਨਾਸ ਕਰਨ ਵਾਲੀ ਸ਼ਕਤੀ ਪਰਕਾਸ਼ਮਾਨ ਹੈ, ਜੋ ਦੁਨਿਆਵੀ ਸਾਰੀਆਂ ਸ਼ਕਤੀਆਂ ਤੋਂ ਸ਼ਕਤੀਸ਼ਾਲੀ ਮੰਨੀ ਹੈ, ਆਪ ਜੀ ਅਨੁਸਾਰ ਸ਼ਕਤੀਸ਼ਾਲੀ ਦੈਂਤਾਂ ਦੀ ਸ਼ਕਤੀ ਦਾ ਨਾਸ ਕਰਨਾ ਉਸ ਪਰਮ ਸ਼ਕਤੀ ਦਾ ਕਾਰਜ ਹੀ ਹੋ ਸਕਦਾ ਹੈ। ਜੋ ਦੁਨਿਆਵੀ ਸਾਰੀਆਂ ਸ਼ਕਤੀਆਂ ਤੋਂ ਸ਼ਕਤੀਸ਼ਾਲੀ ਮੰਨੀ ਹੈ, ਆਪ ਜੀ ਅਨੁਸਾਰ ਸ਼ਕਤੀਸ਼ਾਲੀ ਦੈਂਤਾਂ ਦੀ ਸ਼ਕਤੀ ਦਾ ਨਾਸ ਕਰਨਾ ਉਸ ਪਰਮ ਸ਼ਕਤੀ ਦਾ ਕਾਰਜ ਹੀ ਹੋ ਸਕਦਾ ਹੈ। ਇਸ ਤਰ੍ਹਾਂ ਸਮੂਹ ਬਾਣੀ ਰਚਨਾ ਵਿਚ ਭਗਤੀ ਭਾਵ ਦੀ ਅਭਿਵਿਅਕਤੀ ਅਤਿ ਪ੍ਰਬਲ ਰੂਪ ਵਿਚ ਦਰਿਸ਼ਟਮਾਨ ਹੁੰਦੀ ਹੈ। ਇਸ ਸਰਬਸ਼ਕਤੀ ਦੇ ਅਨੰਤ ਅਥਾਹ ਸਰੂਪ ਦਾ ਅਨੁਭਵ ਜੋ ਆਮ ਵਿਅਕਤੀ ਦੀ ਕਲਪਨਾ ਅਤੇ ਬੁੱਧੀ ਤੋਂ ਪਰ੍ਹੇ ਹੈ, ਇਸ ਪ੍ਰਕਾਰ ਵਰਣਿਤ ਕੀਤਾ ਗਿਆ ਹੈ :

ਤੁਮ ਕਹੋ ਦੇਵ ਸਰਬੰ ਬਿਚਾਰ। ਜਿਸ ਕੀਓ ਆਪਿ ਕਰਤੇ ਪਾਸਾਰਾ॥
ਜੱਦਿਪ ਅਭੂਤ ਅਨਭੈ ਕ੍ਰਿਪਾਲ॥ ਤਉ ਕਹੋ ਜਥ ਮਤਿ ਤ੍ਰੈਣ ਤੰਤ॥
ਕਰਤਾ ਕਰੀਮ ਕਾਦਿਰ ਕ੍ਰਿਪਾਲ॥ ਅਦ੍ਵੈ ਅਭੂਤ ਅਨਭੈ ਦਿਆਲ॥
ਦਾਤਾ ਦੁਰੰਤ ਦੁਖ ਦੋਖ ਰਹਿਤ। ਜਿਹ ਨੇਤਿ ਨੇਤਿ ਸਭ ਬੰਦ ਕਹਤ॥ ੨੩੨ ॥

ਪਰਮਾਤਮਾ ਦੇ ਸਰੂਪ ਨੂੰ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਆਸਥਾ ਸਿਮਰਨ ਅਤੇ ਭਗਤੀ ਦੁਆਰਾ ਹੀ ਦਰਸਾਈ ਹੈ। ਸਮੁੱਚੀ ਮਨੁੱਖਤਾ ਨੂੰ ਸੰਸਾਰਿਕ ਕਰੱਤਵਾਂ ਦੀ ਪੂਰਤੀ ਕਰਦਿਆਂ ਅਧਿਆਤਮਕ ਖੇਤਰ ਵਿਚ ਅੱਗੇ ਵੱਧਣ ਦੀ ਪ੍ਰੇਰਨਾ ਕੀਤੀ ਹੈ। ਜਿਵੇਂ ਮਨੁੱਖ ਦੁਨਿਆਵੀ ਪ੍ਰਾਪਤੀ ਲਈ ਬਾਹਰ ਵੱਲ ਵੱਧਦਾ ਹੈ ਅਤੇ ਜੱਸ, ਵਡਿਆਈ ਪ੍ਰਾਪਤ ਕਰਦਾ ਦੁਨਿਆਵੀ ਸਤਿਕਾਰ ਵੀ ਪ੍ਰਾਪਤ ਕਰਦਾ ਹੈ, ਇਸੇ ਤਰ੍ਹਾਂ ਉਸ ਸਰਬ ਸ਼ਕਤੀ ਪਰਮਾਤਮਾ ਦੀ ਪ੍ਰਾਪਤੀ ਲਈ ਮਨੁੱਖ ਨੂੰ ਬਾਹਰ ਦੀ ਬਿਜਾਏ ਅੰਦਰ ਵੱਲ ਵੱਧਣਾ ਪਵੇਗਾ ਭਾਵ ਆਪਣੇ ਅੰਦਰ ਡੂੰਘਾਈ ਤੱਕ ਜਾਣਾ ਪਵੇਗਾ, ਆਪਣੇ ਲਾਗੇ ਹੋਣਾ ਪਵੇਗਾ ਅਤੇ ਜਿੰਨਾ ਜ਼ਿਆਦਾ ਆਪਣੇ ਲਾਗੇ ਹੋਵੇਗਾ ਅਪਣੇ ਆਪ ਨੂੰ ਸਮਝਣ ਦੀ ਕੋਸ਼ਿਸ਼ ਕਰੇਗਾ ਉਤਨਾ ਹੀ ਪਰਮਾਤਮਾ ਦੇ ਲਾਗੇ ਹੁੰਦਾ ਜਾਵੇਗਾ, ਇਸ ਰਸਤੇ ਤੇ ਪਹੁੰਚਣਾ ਹੀ ਗੁਰੂ ਸਾਹਿਬ ਦਾ ਸੰਕਲਪ ਹੈ। ਗੁਰੂ ਸਾਹਿਬ ਦਾ ਇਹ ਪ੍ਰਗਟ ਕਰਨਾ ਕਿ ਪਰਮਾਤਮਾ ਸਾਰੀ ਸ਼੍ਰਿਸ਼ਟੀ ਦਾ ਮਾਲਕ ਅਤੇ ਸਾਰੀ ਸ਼੍ਰਿਸ਼ਟੀ ਵਿਚ ਵਿਆਪਕ ਹੈ ਅਤੇ ਹਰ ਜਗਹ ਮੌਜੂਦ ਹੈ ਸ਼ਾਇਦ ਮਨੁੱਖੀ ਜੀਵ ਨੂੰ ਜਗਾਉਣ ਦਾ ਹੀ ਸੰਕਲਪ ਹੈ :

ਜਲੈ ਹਰੀ॥ ਥਲੈ ਹਰੀ॥ ਓਚੈ ਹਰੀ॥ ਬਕੇ ਹਰੀ॥ ੪੧ ॥
ਗਿਰੈ ਹਰੀ ॥ ਗੁਫੇ ਹਰੀ॥ ਛਿਤੇ ਹਰੀ॥ ਨਮੈ ਹਰੀ॥ ੨੧੪੨ ॥
ਈਹਾ ਹਰੀ॥ ਓਹਾਂ ਹਰੀ॥ ਜਿਮੀਹਰੀ ॥ ਜਮਾਂ ਹਰੀ॥ ੪੩

ਭਗਤੀ ਦੇ ਮਹੱਤਵ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਕੇਵਲ ਅਸੰਗਦਿਗਬ ਰੂਪ ਵਿਚ ਸਵੀਕਾਰ ਕੀਤਾ ਹੈ ਸਗੋਂ ਸਾਰੀ ਤਰ੍ਹਾਂ ਉਸਨੂੰ ਪੁਸ਼ਟ ਵੀ ਕੀਤਾ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਕੋਈ ਵੀ ਵਿਅਕਤੀ ਆਪਣੇ ਹੋਰ ਗੁਣਾਂ ਦੇ ਕਰਕੇ ਕਿੰਨਾ ਵੀ ਮਹਾਨ ਕਿਉਂ ਨਾ ਹੋਵੇ ਪਰਮਾਤਮਾ ਦੇ ਸਨਮੁੱਖ ਉਸ ਦੀ ਹੋਂਦ ਕੇਵਲ ਭਗਤੀ ਦੇ ਅਧਾਰ ਤੇ ਹੁੰਦੀ ਹੈ। ਭਗਤੀ ਦੇ ਮਾਰਗ ਤੇ ਗੁਰੂ ਸਾਹਿਬ ਨੇ ਪਾਖੰਡ ਦੇ ਪ੍ਰਭਾਵ ਨੂੰ ਖੰਡਨ ਕਰਦਿਆਂ ਫੋਕਟ ਕਰਮ ਦੱਸਿਆ ਹੈ। ਇਸ ਤਰ੍ਹਾਂ ਦੇ ਪਾਖੰਡੀਆਂ ਨੂੰ ਧਰਮ ਦੇ ਨਾਮ ਤੇ ਲੁਟੇਰੇ ਆਖਿਆ ਹੈ। ਸਾਰੇ ਲੋਕ ਝੂਠੇ ਕੰਮਾਂ ਵਿਚ ਉਲਝੇ ਹੋਏ ਹਨ :

ਕੂਰ ਕ੍ਰਿਆ ਉਰਝਿਓ ਸਭ ਹੀ ਜਗੁ
ਸ੍ਰੀ ਭਗਵਾਨ ਕੋ ਭੇਦ ਨਾ ਪਾਇਓ॥

ਅਕਾਲ ਪੁਰਖ ਦਾ ਸਿਮਰਨ ਹੀ ਪ੍ਰੇਮ-ਭਗਤੀ ਦਾ ਪ੍ਰਥਮ ਸਾਧਨ ਹੈ। ਇਹ ਐਸਾ ਜਾਪੁ ਹੈ ਜਿਸ ਨਾਲ ਮਨੁੱਖ ਕਾਲ ਭਾਵ ਅੰਤ ਦੇ ਸਮੇਂ ਨੂੰ ਜਿੱਤ ਸਕਦਾ ਹੈ। ਉਸ ਅਕਾਲ ਪੁਰਖ ਦੇ ਜਾਪੁ ਤੋਂ ਬਿਨਾਂ ਮਨੁੱਖ ਦੀ ਸਥਿਤੀ ਹੇਠਾਂ ਉਚਾਰਣ ਕੀਤੇ ਅਨੁਸਾਰ ਹੁੰਦੀ ਹੈ।

ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ॥ ੨ ॥
ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗ ਜਹਾਨੁ ਨਿਦਾਨੁ ਚਲੈਂਗੇ॥

ਅਸਲ ਵਿਚ ਮਨੁੱਖਤਾ ਦਾ ਮਨੁੱਖਤਾ ਪ੍ਰਤੀ ਪ੍ਰੇਮ ਹੀ ਪ੍ਰਭੂ ਪ੍ਰੇਮ ਹੈ। ਪ੍ਰੇਮ ਭਗਤੀ ਹੀ ਸ੍ਰੇਸ਼ਟ ਅਤੇ ਸੂਰਮਗਤੀ ਮਾਰਗ ਹੈ ਜੋ ਮਨੁੱਖਤਾ ਨੂੰ ਸਹੀ ਮਾਰਗ ਵੱਲ ਇਕ ਪ੍ਰੇਰਨਾ ਸਰੋਤ ਹੈ। ਇਹ ਸਹੀ ਮਾਰਗ ਹੈ ਉਸ ਅਕਾਲ ਪੁਰਖ ਦੀ ਅਰਾਧਨਾ ਕਰਨੀ, ਅਰਾਧਨਾ ਤਾਂ ਹੀ ਹੋ ਸਕਦੀ ਹੈ ਜੇ ਮਨ ਵਿਚ ਪ੍ਰੇਮ-ਭਗਤੀ ਭਾਵ ਅਕਾਲ ਪੁਰਖ ਪ੍ਰਤੀ ਪ੍ਰੇਮ ਪੈਦਾ ਹੋਵੇਗਾ। ਸਾਰੇ ਫੋਕਟ ਧਰਮ ਕਰਮਾਂ ਦਾ ਤਿਆਗਣਾ ਹੀ ਉੱਤਮ ਹੋਵੇਗਾ। ਮਨੁੱਖੀ ਜੀਵ ਨੂੰ ਇਸ ਤਰ੍ਹਾਂ ਦੇ ਫੋਕਟ ਧਰਮਾਂ ਪ੍ਰਤੀ ਗੁਰੂ ਸਾਹਿਬ ਦਾ ਉਚਾਰਨ ਹੈ :

ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ ਏਕ
ਗਿਆਨ ਕ ਬਹੀਨ ਛੀਨ ਕੈਸੇ ਕੈ ਤਰਤ ਹੈ॥

ਅਕਾਲ ਪੁਰਖ ਦਾ ਸਰੂਪ ਗਿਆਨੀ ਜਾਂ ਬ੍ਰਹਮ ਗਿਆਨੀ ਹੈ ਅਤੇ ਉਸ ਦੀ ਹੋਂਦ 'ਬ੍ਰਹਮ ਆਦਿ ਜੁਗਾਦਿ ਸਚੁ ਹੈ।' ਉਸ ਪ੍ਰਤੀ ਗਿਆਨ ਹੀ ਮਨੁੱਖਤਾ ਲਈ ਪ੍ਰੇਰਨਾ ਬਣਦੀ ਹੈ :

ਬੂਡੇ ਨਰਕ ਧਾਰ ਮੂੜ ਗਿਆਨ ਕੇ ਬਿਨਾ ਬਿਚਾਰ
ਭਾਵਨਾ ਬਿਹੀਨ ਕੈਸੇ ਗਿਆਨ ਕੋ ਬਿਚਾਰ ਹੀ॥ ੨੩ ॥ ੮੩ ॥

ਮਨੁੱਖ ਦੀ ਨਾਮ ਦੀ ਅਰਾਧਨਾ ਹੀ ਮਨੁੱਖ ਨੂੰ ਸੰਸਾਰਕ ਆਵਾਗਵਨ ਵਿਚੋਂ ਕੱਢ ਸਕਦੀ ਹੈ। ਇਹ ਕਿਵੇਂ ਹੋ ਸਕਦਾ ਹੈ, ਗੁਰੂ ਸਾਹਿਬ ਨੇ ਉਸ 'ਅਕਾਲ ਪੁਰਖ' ਨੂੰ 'ਜਗਦੀਸ਼' ਮੰਨ ਕੇ ਉਸਤਤਿ ਕੀਤੀ ਹੈ :

ਏਕ ਸਮੇਂ ਸ੍ਰੀ ਆਤਮਾ ਉਚਾਰਿਓ ਮਤਿ ਸੋ ਬੈਨ॥
ਸਭ ਪ੍ਰਤਾਪ ਜਗਦੀਸ਼ ਕੋ ਕਹੋ, ਸਕਲ ਬਿਧਿ ਤੈਨ॥ ੨੦੧ ॥

ਗੁਰੂ ਸਾਹਿਬ ਨੇ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕਰਦਿਆਂ ਦੋਹਰੇ ਦੇ ਰੂਪ ਵਿਚ ਪੰਜ ਪੰਜ ਸਵਾਲ ਕਰਨ ਉਪਰੰਤ ਦੋਹਰੇ ਦੇ ਅੰਤਮ ਅਰਧ ਵਾਕ ਵਿਚ ਉੱਤਰ ਦੇ ਕੇ ਜਗਿਆਸੂ ਨੂੰ ਅਕਾਲ ਪੁਰਖ ਦੇ ਸੰਕਲਪ ਨੂੰ ਪ੍ਰਗਟਾਉਣ ਦਾ ਇਕ ਉਤਮ ਨਮੂਨਾ ਉਚਾਰਨ ਕੀਤਾ ਹੈ :

ਕੋ ਆਤਮ ਸਰੂਪ ਹੈ, ਕਹਾ ਸ੍ਰਿਸ਼ਟ ਕੋ ਵਿਚਾਰ॥
ਕੌਨ ਧਰਮ, ਕੋ ਕਰਮ ਹੈ, ਕਹੋ, ਸਕਲ ਵਿਸਥਾਰ॥ ੨੭੨ ॥

ਭਾਵ ਆਤਮਾ, ਸ੍ਰਿਸ਼ਟਿ, ਵਿਚਾਰ, ਧਰਮ ਤੇ ਕਰਮ ਦੇ ਸਰੂਪ ਕੀ ਹਨ, ਉੱਤਰ ਹੈ 'ਸਕਲ ਵਿਸਥਾਰ' ਸਾਰਾ ਪਾਸਾਰ ਆਤਮਾ ਦਾ ਹੈ, ਸਾਰੇ ਪਾਸਾਰੇ ਦਾ ਨਾਮ ਸ੍ਰਿਸ਼ਟਿ ਹੈ। ਇਸ ਤਰ੍ਹਾਂ ਇਹ ਕੁਲ ਦਸ ਦੋਹਰੇ ਹਨ ਜਿਨ੍ਹਾਂ ਵਿਚ ਬ੍ਰਹਮ ਸ਼ਕਤੀ ਦਾ ਵਿਵੇਕ ਹੈ। ਇਹ ਸ਼ਕਤੀ ਕਿਸੇ ਨਾ ਕਿਸੇ ਰੂਪ ਵਿਚ ਹਰ ਦੇਸ਼, ਕੌਮ, ਧਰਮ, ਵਰਣ ਵਿਸ਼ੇਸ਼ ਰੂਪ ਵਿਚ ਕਿਸੇ ਨਾ ਕਿਸੇ ਚਮਤਕਾਰ ਸਰੂਪ ਵਿਚ ਸਮੋਈ ਬੈਠੀ ਹੈ। ਅਕਾਲ ਪੁਰਖ ਦੀ ਹੋਂਦ ਹਵਾ ਦੀ ਹੋਂਦ ਵਾਂਗ ਹੈ ਅਤੇ ਅਨੁਭਵ ਗੂੰਗੇ ਦੀ ਮਿਠਿਆਈ ਵਾਂਗ ਹੈ। ਇਹੀ ਪ੍ਰਮਾਤਮਾ ਦੀ ਹੋਂਦ ਦਾ ਸੰਕਲਪ ਹੈ।

ਸਹਾਇਕ ਪੁਸਤਕਾਂ

1. 'ਗੁਰਬਾਣੀ : ਧਰਮ ਅਤੇ ਸਾਹਿਤ - ਡਾ. ਬਲਜੀਤ ਕੌਰ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲਸੈਂਟਰ ਜਲੰਧਰ। ਸਫ਼ਾ 13 ਧਰਮ ਅਤੇ ਸਾਹਿਤ।
2. ਦਸਮ ਗ੍ਰੰਥ ਦਾ ਛੰਦ ਬਿਓਰਾ ਤੇ ਛੰਦ ਵਿਧਾਨ- ਗੁਲਜ਼ਾਰ ਸਿੰਘ ਕੰਗ ਖੋਜ ਪਤ੍ਰਿਕਾ ਗੁਰੂ ਗੋਬਿੰਦ ਸਿੰਘ ਵਿਸ਼ੇਸ਼ ਅੰਕ-47
3. 'ਦਸਮ ਗ੍ਰੰਥ ਰੂਪ ਤੇ ਰਸ' ਡਾ. ਤਾਰਨ ਸਿੰਘ, ਪੰਨਾ 85-86
4. ਹਿੰਦੂ ਸਾਮੀ ਧਰਮ ਪਰਿਪੇਖ ਵਿਚ 'ਅਕਾਲ ਉਸਤਤਿ ਦੀ ਮਹੱਤਤਾ'
5. ਹਿੰਦੀ ਗੁਰੂ ਗੋਬਿੰਦ ਸਿੰਘ ਔਰ ਉਨਕੀ ਹਿੰਦੀ ਕਵਿਤਾ - ਡਾ. ਮਹੀਪ ਸਿੰਘ - ਪੁਸਤਕ ਨੈਸ਼ਨਲ ਪਬਲਿਸ਼ਗ ਹਾਊਸ ਨਵੀਂ ਦਿੱਲੀ ਦੁਆਰਾ ਪ੍ਰਕਾਸ਼ਿਤ
6. ਹਿੰਦੀ ਗੁਰੂ ਗੋਬਿੰਦ ਸਿੰਘ ਔਰ ਉਨਕਾ ਕਾਵਯ। - ਡਾ. ਪ੍ਰਸਿਨੀ ਸਹਗਲ - ਪੁਸਤਕ ਹਿੰਦੀ ਸਾਹਿਤਯ ਭੰਡਾਰ ਲਖਨਊ ਦੁਆਰਾ ਪ੍ਰਕਾਸ਼ਿਤ।
7. ਦਸਮ ਗੁਰੂ ਬਾਣੀ ਸੰਚਾਰ : - ਲੇਖਕ ਡਾ. ਅੰਮ੍ਰਿਤਪਾਲ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਚੰਡੀ ਦੀ ਵਾਰ ਦਾ 'ਸੁਹਜ-ਵਿਧਾਨ'

*ਡਾ. ਹਰਬੰਸ ਸਿੰਘ**

ਕਿਸੇ ਕਾਵਿ-ਰਚਨਾ ਦੀ ਜਦੋਂ ਵੀ ਕਦੀ ਸੁਹਜ ਦੀ ਦ੍ਰਿਸ਼ਟੀ ਤੋਂ ਕੋਈ ਧਾਰਨਾ ਨਿਸਚਿਤ ਕੀਤੀ ਜਾਂਦੀ ਹੈ ਤਾਂ ਉਸ ਸਮੇਂ ਵਧੇਰੇ ਜ਼ੋਰ, ਉਸ ਰਚਨਾ ਰਾਹੀਂ ਪੈਦਾ ਹੋਣ ਵਾਲੇ, ਭਾਵੁਕ ਵੇਗ ਉੱਪਰ ਦਿੱਤਾ ਜਾਂਦਾ ਹੈ, ਅਤੇ ਗ੍ਰਹਿਣ ਉਸ ਨੂੰ ਸੁਹਜ ਆਨੰਦ ਦੇ ਅਰਥਾਂ ਵਿਚ ਕੀਤਾ ਜਾਂਦਾ ਹੈ ਕਿਉਂਕਿ "Poetry is the art of writing pleasure with truth by calling imagination to help of reason."[1] ਇਸ ਤਰ੍ਹਾਂ ਰਚਨਾ ਵਿਚਲੇ ਛਿਪੇ ਵਿਵੇਕ ਦੇ ਪ੍ਰਭਾਵ ਨੂੰ ਸਰੋਤਾ ਗ੍ਰਹਿਣ ਕਰਦਾ ਹੈ ਅਤੇ ਸੁਹਜ ਦੀ ਮਾਨਵੀ ਮਾਨਸਿਕਤਾ ਦੀ ਪ੍ਰਾਪਤੀ ਕਰਦਾ ਹੈ। ਇਸ ਸੁਹਜ ਪਿੱਛੇ ਛੁਪੀਆਂ ਵੰਨ ਸੁਵੰਨੀਆਂ, ਅਰਥ ਘਾੜਤਾਂ ਨੂੰ ਅਡੰਬਰ ਤੇ ਪ੍ਰਪੰਚ ਦੀ ਪਧਤੀ ਰਾਹੀਂ ਸੰਜਮ ਦੇ ਪ੍ਰਬੰਧ ਦੇ ਅਰਥਾਂ ਵਿਚ ਵੇਖਿਆ ਜਾਂਦਾ ਹੈ। ਇਹੋ ਸੁਹਜ ਦੀ ਚਰਮ ਸੀਮਾ ਹੁੰਦੀ ਹੈ।

'ਸੁਹਜ' ਬਾਰੇ ਵਿਭਿੰਨ ਚਿੰਤਨ ਪੱਧਤੀਆਂ ਪ੍ਰਚਲਿਤ ਹਨ। ਆਦਰਸ਼ਵਾਦੀ ਇਸ ਨੂੰ 'ਪਰਮ ਆਦਰਸ਼' ਮੰਨਦੇ ਹਨ। ਪਲੈਟੋ ਇਸ ਚਿੰਤਨ-ਪੱਧਤੀ ਦਾ ਪ੍ਰਮੁਖ ਚਿੰਤਕ ਹੈ। ਉਸ ਨੇ 'ਸੁਹਜ' ਨੂੰ ਇਕ ਕਲਿਆਣਕਾਰੀ ਆਨੰਦ (beneficial joy) ਆਖਿਆ ਸੀ। ਉਸ ਨੇ 'ਸਤਯੰ' ਅਤੇ 'ਸ਼ਿਵੰ' ਦੇ ਨਾਲ ਨਾਲ 'ਸੁੰਦਰੰ' ਦੀ ਇਕਰੂਪਤਾ ਦੇ ਸੁਹਜਾਤਮਕ (ਸੁੰਦਰ) ਗੁਣ ਦੀ ਪੂਰਨਤਾ ਇਸ ਦੇ ਆਨੰਦ ਪ੍ਰਦਾਨ ਕਰਨ ਤੇ ਕਲਿਆਣਕਾਰੀ ਹੋਣ ਵਿਚ ਮੰਨੀ ਹੈ। ਪਲਾਟੀਨਸ, ਅਗਸਤਾਇਨ, ਅਕਵਿਨਸ, ਸ਼ੈਲਿੰਗ ਆਦਿ ਨੇ ਸੁਹਜ ਅਤੇ ਸੁਹਜ-ਪ੍ਰੇਖਕ ਦੀ ਪ੍ਰਕ੍ਰਿਤੀ ਦੇ ਨਿਰਮਾਣ ਵਿਚ ਮਨੁੱਖ ਦੇ ਅੰਦਰ ਮੌਜੂਦ ਆਦਰਸ਼ ਦੀ ਸ਼ਕਤੀ ਨੂੰ ਵਧਾਉਣ ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਵਸਤਾਂ/ਪਾਤਰ ਉਦੋਂ ਸੁੰਦਰ ਹੁੰਦੇ ਹਨ, 'ਜਦੋਂ ਅਸੀਂ ਉਨ੍ਹਾਂ ਵਿਚ ਆਪਣੀਆਂ ਕਿਰਿਆਵਾਂ ਦਾ ਪ੍ਰਵੇਸ਼ ਕਰਾ ਦੇਂਦੇ ਹਾਂ ਅਤੇ ਇਹ ਪ੍ਰੇਖਣ ਸਾਡੇ ਸਜੀਵਤਾ ਦੇ ਬੋਧ ਨੂੰ ਸੂਖਮ ਬਣਾ ਕੇ ਆਨੰਦ ਪ੍ਰਦਾਨ ਕਰਦਾ ਹੈ।'[2]

ਯਥਾਰਥਵਾਦੀ-ਚਿੰਤਕਾਂ ਅਨੁਸਾਰ ਸੁਹਜ ਵਸਤੂ ਦਾ ਆਪਣਾ ਗੁਣ ਹੈ ਨਾ ਕਿ ਕਿਸੇ ਮਨੋ-ਦਸ਼ਾ ਮਨੋ-ਵਿਹਾਰ ਦੀ ਵਿਉਂਤਪਤੀ। ਉਹ ਇਸ ਦੀ ਵਾਸਤਵਿਕਤ ਸਤਾ, ਭਾਵਨਾ ਜਾਂ ਚੇਤਨਾ ਵਿਚ ਨਾ ਮੰਨ ਕੇ ਵਸਤੂ ਦੀ ਆਪਣੀ ਆਕ੍ਰਿਤੀ ਵਿਚ ਮੰਨਦੇ ਹਨ। ਇਸ ਦ੍ਰਿਸ਼ਟੀਕੋਣ ਦਾ ਮੋਢੀ ਅਰਸਤੂ ਸੀ ਜਿਸ ਨੇ ਸੁਹਜ ਨੂੰ ਯਥਾਰਥਕ ਜਗਤ ਦਾ ਇਕ ਪ੍ਰਪੰਚ ਆਖਿਆ। ਉਸ ਨੇ ਆਕਾਰਮਾਨ (Magnitude) ਅਤੇ ਅਨੁਕ੍ਰਮ (Order) ਨੂੰ ਸੁਹਜ ਦਾ ਆਧਾਰ ਮੰਨ ਕੇ ਸੁਹਜਮਈ ਅਵਸਥਾ ਵਿਚ ਅੰਗਾਂ ਦੀ ਅਨੁਕ੍ਰਮਿਕ ਅਵਸਥਾ ਅਤੇ ਨਿਸਚਿਤ ਆਕਾਰ ਨੂੰ ਲਾਜ਼ਮੀ ਕਰਾਰ ਦਿੱਤਾ ਹੈ।[3] ਅਲਬਰਦੀ ਇਸ ਅਨੁਕਰਮਿਕ ਵਿਵਸਥਾ (Magnitude order) ਨੂੰ ਸਾਰੇ ਅੰਗਾਂ ਵਿਚ ਇਕਸੁਰਤਾ ਕਹਿੰਦਾ ਹੈ ਜੋ ਕਿਸੇ ਸੁਹਜਾਤਮਕ ਅਨੁਭਵ ਦਾ ਆਧਾਰ ਬਿੰਦੂ ਬਣਦੀ ਹੈ। ਹਡਸਨ ਹੈਰਲਡ ਔਸਬੋਰਨ ਨੇ ਵੀ ਵਸਤਾਂ ਦੇ ਅੰਗਾਂ ਦੀ ਇਕਸਾਰਤਾ ਅਤੇ ਸੰਬੰਧਾਤਮਿਕਤਾ ਨੂੰ ਸੁਹਜ ਦੇ ਨਿਰੂਪਣ ਦਾ ਆਧਾਰ ਮੰਨਿਆ ਹੈ।

ਪਰਾਭੌਤਿਕ ਚਿੰਤਕ ਦਾ ਸੁਹਜ ਅਨੁਭਵ (Aesthetic experience) ਵਸਤਾਂ ਦੇ ਅੰਤਰੀਵੀ ਪ੍ਰਤੱਖਣ ਤੋਂ ਉਤਪੰਨ ਹੁੰਦਾ ਹੈ। ਵਸਤਾਂ ਦਾ ਆਕਾਰ ਜਾਂ ਉਨ੍ਹਾਂ ਦੇ ਅੰਗਾਂ ਦੀ ਅਨੁਕ੍ਰਮਿਕ ਵਿਵਸਥਾ ਨਾਲ ਪਰਾਭੌਤਿਕ ਚਿੰਤਨ ਦਾ ਕੋਈ ਸਰੋਕਾਰ ਨਹੀਂ, ਉਸ ਲਈ ਇਹ ਲਾਜ਼ਮੀ ਨਹੀਂ ਕਿ ਵਸਤੂ/ਪਾਤਰ ਸੁੰਦਰ ਹੋਵੇ। ਉਹ 'ਕਰੂਪਤਾ' ਵਿਚੋਂ ਵੀ ਸੁਹਜਤਾਮਕ ਆਨੰਦ ਪ੍ਰਾਪਤ ਕਰ ਸਕਦਾ ਹੈ। 'ਚੰਡੀ ਦੀ ਵਾਰ' ਦੇ ਕਰਤਾ ਦਾ ਇਸ ਦੀ ਰਚਨਾ ਵਿਚ ਭਾਵੇਂ ਕੋਈ ਵੀ ਮਨੋਰਥ ਹੋਵੇ, ਪਰ ਇਸ ਦੇ ਪਾਤਰਾਂ ਖਾਸ ਕਰਕੇ ਵਿਰੋਧੀ ਜੁੱਟ ਦੇ ਖਲਨਾਇਕ ਪਾਤਰ ਇਸੇ ਕਰੂਪਤਾ ਦੀ ਮਿਸਾਲ ਕਹੇ ਜਾ ਸਕਦੇ ਹਨ, ਪਰ ਇਨ੍ਹਾਂ ਦੇ ਵਿਵਰਣ ਵਿਚੋਂ ਅਨੰਦ

---

* # 245, ਅਰਬਨ ਅਸਟੇਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦੀ ਪ੍ਰਾਪਤੀ ਹੁੰਦੀ ਹੈ ਜੋ ਅਲੌਕਿਕ ਜਾਪਦੀ ਹੈ :

ਉੱਖਲੀਆਂ ਨਾਸਾਂ ਜਿਨ੍ਹਾਂ ਮੁਹਿ ਜਾਪਨ ਆਲੇ
ਧਾਏ ਦੇਵੀ ਸਾਹਮਣੇ ਵਡ ਮੁੱਛਲੀ ਆਲੇ।[4] *(ਦੋਹਰਾ 13 ਵਾਂ)*

ਪਰਾਭੌਤਿਕ ਕਾਵਿ ਦਾ ਮੂਲ ਸਰੋਤ ਚਿੰਤਨ ਹੈ, ਜੋ ਸੰਵੇਦਨਸ਼ੀਲ ਹੁੰਦਾ ਹੈ। ਕਵੀ ਦਾ ਗਿਆਨ, ਦਲੀਲ-ਯੁਕਤ ਹੁੰਦਾ ਹੈ। ਇਸ ਤਰ੍ਹਾਂ ਉਪਰੋਕਤ ਦੋਹਰੇ ਵਿਚਲਾ ਬਿਆਨ ਲੇਖਕ ਦੀ ਦਲੀਲ ਤੇ ਪੂਰਾ ਉਤਰਦਾ ਹੈ।

ਸੁਹਜ ਸੰਚਾਰ ਅਤੇ ਭਾਵ ਬੋਧ

ਕਾਵਿ ਰਚਨਾ ਵਿਚੋਂ ਸੁਹਜ ਦਾ ਸੰਚਾਰ ਉਦੋਂ ਵੀ ਹੁੰਦਾ ਹੈ ਜਦੋਂ ਸੁਹਜ ਪ੍ਰਤਿਮਾਨ ਦਾ ਗਿਆਨ ਪਾਠਕ ਨੂੰ ਨਹੀਂ ਹੁੰਦਾ ਪਾਠਕ ਤਾਂ ਸਿਰਫ਼ ਕਾਵਿ-ਕਿਰਤ ਵਿਚੋਂ ਆਪਣੀ ਰੁਚੀ ਅਨੁਸਾਰ ਸੁਹਜ ਅਨੁਭੂਤੀ ਹਾਸਿਲ ਕਰਨ ਵਿਚ ਸਫ਼ਲ ਹੁੰਦਾ ਹੈ, ਪਰ ਇਸ ਦਾ ਵਿਸ਼ਲੇਸ਼ਣ ਨਹੀਂ ਕਰ ਸਕਦਾ ਕਿਉਂਕਿ ਉਹ ਸੁਹਜ-ਸੰਚਾਰ ਨੂੰ ਪ੍ਰਤਿਮਾਨ ਕਰਨ ਵਾਲੇ ਤੱਤਾਂ ਤੋਂ ਨਾ-ਵਾਕਿਫ਼ ਹੁੰਦਾ ਹੈ। ਸੁਹਜ-ਅਨੁਭੂਤੀ ਵਿਚ ਵਸਤੂ ਦੀ ਅਨੁਭੂਤੀ ਮੂਲ ਆਧਾਰ ਬਣਦੀ ਹੈ, ਪਰ ਅਨੁਭੂਤੀ ਕਰਤਾ ਦੀਆਂ ਸੰਵੇਦਨਾਤਮਕ ਰੁਚੀਆਂ ਅਤੇ ਅਨੁਭੂਤੀ ਮੂਲਕ ਸ਼ਕਤੀਆਂ ਦੇ ਕਾਰਜਸ਼ੀਲ ਹੋਏ ਬਿਨਾਂ ਵਸਤੂ (ਰਚਨਾ) ਸੁਹਜ ਅਨੁਭੂਤੀ ਦਾ ਆਧਾਰ ਨਹੀਂ ਬਣ ਸਕਦੀ ਜਦੋਂ ਇਸ ਅਨੁਭੂਤੀ ਦੀ ਅਭਿਵਿਅੰਜਨਾ ਕਾਵਿ-ਵਿਸ਼ਲੇਸ਼ਣ ਰਾਹੀਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਅਸੀਂ ਇਨ੍ਹਾਂ ਕਾਰਜਸ਼ੀਲ ਪਹਿਲੂਆਂ ਨੂੰ ਆਧਾਰ ਮੰਨ ਕੇ ਤੁਰ ਸਕਦੇ ਹਾਂ ਜਿਨ੍ਹਾਂ ਰਾਹੀਂ ਕਾਵਿ ਦੇ ਸੁਹਜ ਸੰਚਾਰ ਤੇ ਭਾਵ ਬੋਧ ਨੂੰ ਆਸਾਨੀ ਨਾਲ ਸਮਝਣਯੋਗ ਹੋ ਸਕਦੇ ਹਾਂ :-

ਸੁਹਜ ਪ੍ਰਤਿਮਾਨ ਦੇ ਸਦੀਵੀ ਸਰੋਕਾਰ

ੳ) ਭਾਸ਼ਾ ਸੰਚਾਰ ਜਗਤ			ਅ) ਸੁਹਜਬੋਧ ਦਾ ਕਾਵਿ ਸੰਚਾਰ/ਰੂਪਕ ਪੱਖ
ਅਭਿਧਾ ਸ਼ਬਦ ਸੰਚਾਰ	ਲਕਸ਼ਣਾ ਸ਼ਬਦ ਸੰਚਾਰ	ਵਿਅੰਜਨਾ ਸ਼ਬਦ ਸੰਚਾਰ	1. ਕਾਵਿਕਤਾ/ਕਾਵਿ ਵਿਚਾਰ
2. ਤੀਖਣਤਾ ਤੇ ਤੀਬਰਤਾ			2. ਛੰਦਾਤਮਕਤਾ
3. ਸੰਵਾਦਾਤਮਕ ਵਿਧੀ			3. ਬਿੰਬ ਵਿਧਾਨ
4. ਸੰਬੋਧਨੀ ਵਿਧੀ			4. ਪ੍ਰਤੀਕ
5. ਪ੍ਰਸ਼ਨੋਤਰੀ ਵਿਧੀ			5. ਰਾਗਾਤਮਕਤਾ
6. ਨਾਟਕੀਅਤਾ			6. ਅਲੰਕਾਰ ਉਪਮਾ, ਰੂਪਕ, ਦ੍ਰਿਸ਼ਟਾਂਤ
7. ਸੰਗੀਤਾਤਮਕਤਾ			7. ਰਸ ਸੰਚਾਰ

ਸੁਹਜ ਪ੍ਰਤਿਮਾਨ ਦਾ ਬੋਧ ਕਰਾਉਣ ਵਾਲੇ ਸਰੋਕਾਰਾਂ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਹੈ।

ੳ) ਭਾਸ਼ਾ ਸੰਚਾਰ ਜੁਗਤਾਂ ਦੇ ਸਰੋਕਾਰ

ਅ) ਕਾਵਿਕ ਸੰਚਾਰ ਜੁਗਤਾਂ ਦੇ ਸਰੋਕਾਰ

ੳ) ਭਾਸ਼ਾ ਸੰਚਾਰ ਜੁਗਤਾਂ ਦੇ ਸਰੋਕਾਰ

According to Roeves James, Poetry, then is vital frees and surprising language.

ਕਾਵਿ ਰਚਨਾ ਪ੍ਰਕਿਰਿਆ ਅਤੇ ਕਾਵਿ ਰੂਪ ਦੀ ਸੰਰਚਨਾ ਦੇ ਅੰਤਰਗਤ ਭਾਸ਼ਾ ਦੀ ਵਿਲੱਖਣ ਤੇ ਵਿਸ਼ਿਸ਼ਟ ਹੋਂਦ ਹੈ। ਭਾਸ਼ਾ ਤੋਂ ਬਿਨਾਂ ਕਾਵਿ-ਰਚਨਾ ਦੀ ਹੋਂਦ ਸੰਭਵ ਹੀ ਨਹੀਂ ਹੈ ਕਿਉਂ ਕਿ ਭਾਸ਼ਾ ਹੀ ਕਾਵਿ ਨੂੰ ਮੂਰਤੀਮਾਨ ਕਰਨ ਵਾਲਾ ਬੁਨਿਆਦੀ ਤੱਤ ਹੈ। ਭਾਸ਼ਾ ਦਾ ਮੂਲ ਸੁਭਾਅ ਅਭਿਵਿਅਕਤੀ ਹੈ। ਇਸ ਕਰਕੇ ਹੀ ਇਹ ਕਵੀ ਅਤੇ ਕਾਵਿ ਸਿਰਜਨਾ ਵਿਚਕਾਰਲਾ ਅਜੇਹਾ ਮਾਧਿਅਮ ਹੈ ਜਿਸ ਦੁਆਰਾ ਕਵੀ ਅਨੇਕ ਕਾਵਿ ਰੂਪਾਂ ਦੀ ਸਿਰਜਨਾ ਕਰਦਾ ਹੈ। ਵਿਦਵਾਨਾਂ ਨੇ ਸੰਗੀਤ ਤੋਂ ਬਿਨਾਂ ਬਾਕੀ ਕੋਮਲ ਕਲਾਵਾਂ ਵਿਚੋਂ ਕੇਵਲ ਕਾਵਿ ਦੇ ਭਾਸ਼ਾਈ ਮਾਧਿਅਮ ਨੂੰ ਹੀ ਸ੍ਰੇਸ਼ਠ ਸਵੀਕਾਰ ਕੀਤਾ ਹੈ ਅਤੇ ਇਹ ਸੱਚ

ਵੀ ਹੈ ਕਿ, "ਭਾਸ਼ਾ ਹੀ ਸਾਡੀ ਅਭਿਵਿਅੰਜਨਾਂ ਤੇ ਸੰਚਾਰ ਦਾ ਆਵਸ਼ਕ ਤੇ ਸੰਪੂਰਨ ਮਾਧਿਅਮ ਹੋ ਸਕਦੀ ਹੈ।"[5]

ਕਵੀ ਆਪਣੇ ਮਨੋਭਾਵਾਂ ਤੇ ਵਿਚਾਰਾਂ ਨੂੰ ਸੰਚਾਰਿਤ ਕਰਨ ਹਿੱਤ ਭਾਸ਼ਾ ਨੂੰ ਸੰਚਾਰ ਉਪਕਰਣ ਵਜੋਂ ਵਰਤਦਾ ਹੈ। ਭਾਸ਼ਾ ਦਾ ਜਿਥੇ ਮਾਨਵੀ ਭਾਈਚਾਰੇ ਵਿਚ ਆਪਸੀ ਸੰਚਾਰ ਲਈ ਮਾਧਿਅਮ ਵਜੋਂ ਮਹੱਤਵ ਹੈ। ਕਾਵਿ ਵਿਚ ਮੂਲ ਉਪਕਰਣ ਤੇ ਸੰਚਾਰ ਪ੍ਰਕ੍ਰਿਆ ਦੇ ਅੰਤਰਗਤ ਰਚਨਹਾਰ ਦੇ ਮਨ ਦੀ ਪ੍ਰਕਿਰਤੀ ਦਾ ਕਿਸੇ ਪ੍ਰਕ੍ਰਿਆ ਅਧੀਨ ਉਸ ਦਾ ਉਸ ਰੂਪ ਜਾਂ ਮੁਹਾਂਦਰੇ ਵਿਚ ਪਰਵਰਤਿਤ ਹੋਣਾ ਹੈ। ਰਚਨਹਾਰ ਦਾ ਅਨੁਭਵ ਜਗਤ, ਉਸ ਦੀਆਂ ਅਨੇਕਾਂ ਸਮਰਥਾਵਾਂ, ਸਮੱਸਿਆਵਾਂ, ਸਮੱਗਰੀ ਦੀ ਚੋਣ, ਸਮੱਗਰੀ ਦਾ ਸੰਯੋਜਿਤ ਸਰੂਪ ਤੇ ਵਿਭਿੰਨ ਪਰਿਪੇਖ ਆਦਿ ਦਾ ਆਪਸੀ ਗਹਿਰਾ ਸੰਬੰਧ ਹੈ। ਕਵੀ ਦੀ ਬੋਧਿਕਤਾ, ਮਾਨਸਿਕਤਾ ਤੇ ਉਸ ਦੀ ਸੁਹਜਤਾਮਕ ਬਿਰਤੀ ਆਪਣੇ ਆਂਤਰਿਕ ਰੂਪ ਨੂੰ ਸੰਗਠਤ ਤੇ ਸੰਯੋਗਤ ਕਰਦੀ ਹੈ। ਕਵੀ ਦੀ ਵਿਲੱਖਣਤਾ ਦਾ ਪ੍ਰਗਟਾਅ ਭਾਸ਼ਾ ਦੀ ਸਹੀ ਤੇ ਸੁਨਿਸਚਿਤ ਚੋਣ ਅਤੇ ਵਿਲੱਖਣ ਅਭਿਵਿਅੰਜਨਾ ਦੇ ਮਾਧਿਅਮ ਰਾਹੀਂ ਹੀ ਜਾਣੀ ਪਹਿਚਾਣੀ ਜਾ ਸਕਦੀ ਹੈ। ਭਾਰਤੀ ਕਾਵਿ ਆਲੋਚਨਾ ਵਿਚ ਭਾਸ਼ਾ ਦੀਆਂ ਵਿਭਿੰਨ ਅਰਥ ਸੰਭਾਵਨਾ ਨੂੰ ਸਨਮੁੱਖ ਰੱਖਦਿਆਂ ਆਲੋਚਕਾਂ ਨੇ ਸ਼ਬਦ ਸ਼ਕਤੀਆਂ ਦੀ ਕਲਪਨਾ ਕੀਤੀ ਗਈ ਹੈ ਕਿਉਂਕਿ ਸ਼ਬਦ ਹੀ ਭਾਸ਼ਾ ਦਾ ਮੂਲ ਤੱਤ ਹੈ। ਇਕੋ ਕਾਵਿ ਵਿਚ ਇਕੋ ਸ਼ਬਦ ਦੁਆਰਾ ਕਈ ਅਰਥਾਂ ਜਾਂ ਭਾਵਾਂ ਦਾ ਗਿਆਨ ਹੁੰਦਾ ਹੈ। ਇਸ ਇਕੋ ਅਰਥ ਦੇ ਅਨੇਕਾਂ ਅਰਥ ਪ੍ਰਤੀਤ ਹੁੰਦੇ ਹਨ ਸ਼ਬਦ ਦੇ ਇਸ ਬਹੁ-ਅਰਥੀ ਸੁਭਾਅ ਨੂੰ ਹੀ ਸ਼ਬਦ ਸ਼ਕਤੀਆਂ ਕਿਹਾ ਜਾਂਦਾ ਹੈ। ਇਹ ਸ਼ਕਤੀਆਂ ਹਨ :

1) ਅਭਿਧਾ ਸ਼ਬਦ ਸ਼ਕਤੀ
2) ਲਕਸ਼ਣਾ ਸ਼ਬਦ ਸ਼ਕਤੀ
3) ਵਿਅੰਜਨਾ ਸ਼ਬਦ ਸ਼ਕਤੀ

'ਚੰਡੀ ਦੀ ਵਾਰ' ਵਾਰ ਰਚਨਾ ਗੁਰੂ ਗੋਬਿੰਦ ਸਿੰਘ ਜੀ ਨੇ ਮਾਰਕੰਡੇ ਪੁਰਾਣ ਦੇ ਅਧਿਆਇ 12 ਦੇ ਸਲੋਕ 1-29 ਤੱਕ ਦਾ ਕਾਵਿ ਰੂਪੀ-ਅਨੁਵਾਦ ਕੀਤਾ ਹੈ। ਇਸ ਵਾਰ ਵਿਚਲੀ ਭਾਸ਼ਾ ਤੇ ਸ਼ਬਦਾਵਲੀ ਉਸ ਸਮੇਂ ਦੀ ਪ੍ਰਚਲਿਤ ਪੰਜਾਬੀ ਬੋਲੀ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਫੇਰ ਵੀ ਗੁਰੂ ਜੀ ਦੀ ਭਾਸ਼ਾ ਉੱਤੇ ਉਹਨਾਂ ਦੀ ਜਨਮ ਭੂਮੀ (ਪਟਨੇ) ਦੀ ਵਿਦਿਅਕ ਪ੍ਰਣਾਲੀ (ਪੰਜਾਬੀ, ਫ਼ਾਰਸੀ, ਬ੍ਰਿਜਭਾਸ਼ਾ, ਸੰਸਕ੍ਰਿਤ ਤੇ ਅਰਬੀ ਦਾ ਪ੍ਰਚਲਣ) ਧਾਰਮਿਕ ਤੇ ਸਮਾਜਿਕ ਬੋਲੀ (ਸੰਸਕ੍ਰਿਤ, ਅਰਬੀ, ਫ਼ਾਰਸੀ ਤੇ ਪੰਜਾਬੀ) ਰਾਜ ਭਾਸ਼ਾ (ਫ਼ਾਰਸੀ) ਦਾ ਪ੍ਰਤੱਖ ਅਸਰ ਧਿਆਨ ਮਿਲਦਾ ਹੈ। ਇਸ ਲਈ ਇਸ ਵਾਰ ਉੱਤੇ ਵੀ ਫ਼ਾਰਸੀ ਤੇ ਬ੍ਰਿਜ ਭਾਸ਼ਾ ਦਾ ਰੰਗ ਚੜ੍ਹਿਆ ਹੋਇਆ ਹੈ। ਇਸ ਵਾਰ ਦੀ ਬੋਲੀ ਠੇਠ ਪੰਜਾਬੀ ਨਹੀਂ। ਇਸ ਵਾਰ ਵਿਚ ਵਰਤੇ ਗਏ ਕਈ ਸ਼ਬਦ ਗੁਰਬਾਣੀ ਦੇ ਸ਼ਬਦ ਜੋੜਾਂ ਨਾਲ ਵੀ ਮੇਲ ਖਾਂਦੇ ਹਨ ਜਿਵੇਂ :

ਰਾਮਦਾਸੈ, ਹਰਿਗੋਬਿੰਦ, ਧਿਆਈਐ, ਜਿਸੁ ਨਉਨਿਧ, ਸੈਸਾਰੁ, ਅੰਤੁ, ਜਮੁ, ਨਦਰਿ, ਸੁਵਿਕੈ, ਵਿਚਿ,ਅਗੈ, ਮੁਹਿ, ਨਾਲਹੁ, ਮਾਰੀਅਨੁ, ਪਕੜਿ, ਪਛਾੜਿਅਨਿ, ਅੰਦਰਿ, ਆਦਿ।

ਇਸ ਵਾਰ ਦੀ ਸ਼ਬਦਾਵਲੀ ਬੜੀ ਢੁੱਕਵੀਂ ਅਤੇ ਸਮੇਂ ਦੇ ਅਨੁਕੂਲ ਹੈ। ਸ਼ਬਦਾਂ ਦੀ ਘਾੜਤ ਕਰਨ ਵੇਲੇ ਗੁਰੂ ਜੀ ਵਧੇਰੇ ਪਛੇਤਰਾਂ ਦੀ ਵਰਤੋਂ ਕੀਤੀ ਹੈ ਜਿਸ ਦੇ ਫ਼ਲਸਰੂਪ ਯੁੱਧ ਦੀ ਚਾਲ ਵਿਚ ਤੇਜ਼ ਗਤੀ ਢੁੱਕਵੀਂ ਬਣ ਜਾਂਦੀ ਹੈ। ਜਿਵੇਂ :

ਧਗਾ ਸੰਗਲੀਆਲੀ ਸੰਘਰ ਵਾਲਿਆ
ਬਰਛੀ ਬੰਬਲੀਆਲੀ ਸੂਰੇ ਸੰਘਰੇ।[6]

ਕਾਵਿ ਇਕ ਭਾਸ਼ਾ ਹੈ ਅਤੇ ਕਾਵਿ-ਕਿਰਤ ਇਕ ਪਾਠ ਹੈ ਇਸੇ ਤਰ੍ਹਾਂ ਕਲਾ (ਕਾਵਿ) ਚਿਹਨਮੂਲਕ ਸੰਚਾਰ ਪ੍ਰਬੰਧ ਹੈ। ਇਹ ਰੂਪ ਦਾ ਸਿਸਟਮ ਹੈ ਜੋ ਵਿਸ਼ੇਸ਼ ਕਲਾਤਮਕ ਸੂਚਨਾ ਦਾ ਸੰਚਾਰ ਕਰਦਾ ਹੈ। ਇਸ ਕਰਕੇ ਹੀ ਸ਼ਬਦ ਸ਼ਕਤੀਆਂ ਦਾ ਵਿਸ਼ਲੇਸ਼ਣ ਪਹਿਲ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

ਅਭਿਧਾ ਸ਼ਬਦ ਸ਼ਕਤੀ : ਅਭਿਧਾ ਸ਼ਬਦ ਸ਼ਕਤੀ ਦੀ ਅਭਿਵਿਅਕਤੀ 'ਚੰਡੀ ਦੀ ਵਾਰ' ਦਾ ਪ੍ਰਮੁਖ ਸਾਧਨ ਹੈ ਜਿਸ ਵਿਚ ਪਾਠਕ ਇਸ ਦਾ ਅਧਿਐਨ ਕਰਦਿਆਂ ਹੀ ਪਹਿਲੇ ਪਹਿਲ ਉਤਸ਼ਾਹਿਤ ਹੋ ਜਾਂਦਾ ਹੈ ਉਹ ਇਸ ਦੇ ਮੁੱਢਲੀ ਸ਼ਬਦਾਵਲੀ ਵਿਚੋਂ ਸੁਹਜ ਬੋਧ ਦਾ ਗਿਆਤਾ ਬਣਨ ਯੋਗ ਹੋ ਜਾਂਦਾ ਹੈ। ਜੋ ਇਸ ਦੀ ਪਹਿਲੀ ਪੰਗਤੀ ਤੋਂ ਹੀ, ਸ਼ਕਤੀ ਦੀ ਪ੍ਰਾਥਮਿਕਤਾ ਦਾ ਬੋਧ ਹਾਸਿਲ ਕਰ ਲੈਂਦਾ ਹੈ ਉਹ ਪ੍ਰਮੁਖ ਰੂਪ ਵਿਚ

ਸਿੱਖ ਪਰੰਪਰਾ ਦੇ ਗੁਰੂਆਂ ਦੀਆਂ ਵਿਸ਼ੇਸ਼ਤਾਂਵਾਂ ਤੋਂ ਵੀ ਜਾਣੂੰ ਹੋ ਜਾਂਦਾ ਹੈ :

ਪ੍ਰਥਮਿ ਭਗਉਤੀ ਸਿਮਰਕੈ ਗੁਰੂ ਨਾਨਕ ਲਈ ਧਿਆਇ।
ਅੰਗਦ ਗੁਰੂ ਤੇ ਅਮਰਦਾਸ, ਰਾਮਦਾਸੈ ਹੋਈ ਸਹਾਇ।
ਅਰਜਨ ਹਰਗੋਬਿੰਦ ਨੋ, ਸਿਮਰੌ ਸ੍ਰੀ ਹਰਿ ਰਾਇ।
ਸ੍ਰੀ ਹਰਿ ਕ੍ਰਿਸ਼ਨ ਧਿਆਇਐ, ਜਿਸੁ ਡਿਠੇ ਸਭ ਦੁਖ ਜਾਇ।
ਤੇਗ ਬਹਾਦੁਰ ਸਿਮਰੀਐ, ਘਰ ਨੌ ਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ।[7]

ਇਸ ਵਾਰ ਦੀ ਇਹ ਵੀ ਵਿਲੱਖਣਤਾ ਹੈ ਕਿ 'ਪੰਜਾਬੀ ਸਾਹਿਤ ਵਿਚ ਇਹ ਪਹਿਲੀ ਅਜੇਹੀ ਵਾਰ ਹੈ ਜਿਸ ਵਿਚ ਇਕ ਇਸਤਰੀ ਨੂੰ ਨਾਇਕਾ ਬਣਾਇਆ ਗਿਆ ਹੈ। ਭਾਵੇਂ ਇਸ ਵਾਰ ਦੀ ਕਹਾਣੀ ਤ੍ਰੇਤੇ ਯੁੱਗ ਦੀ ਹੈ ਪਰ ਭਾਰਤ ਵਾਸੀਆਂ ਨੂੰ ਇਸ ਤੋਂ ਵੱਡੀ ਸਿੱਖਿਆ ਮਿਲਦੀ ਹੈ।'[8] ਇਹ ਵੀ ਅਭਿਧਾ ਸ਼ਬਦ ਦੀ ਵਿਲੱਖਣਤਾ ਹੈ ਜੋ ਭਾਸ਼ਾ ਦੀ ਸ਼ਕਤੀ ਰਾਹੀਂ ਚਿਤ੍ਰਸ਼ੈਲੀ ਦੀ ਧਾਰਨੀ ਹੋ ਜਾਂਦੀ ਹੈ। ਇੰਜ ਇਸ ਦਾ ਸੰਚਾਰ ਵਧੇਰੇ ਕਰਕੇ ਅਭਿਧਾ ਸ਼ਕਤੀ ਰਾਹੀਂ ਹੁੰਦਾ ਹੈ।

ਲਕਸ਼ਣਾ ਸ਼ਬਦ ਸ਼ਕਤੀ :- ਲਕਸ਼ਣਾ ਭਾਸ਼ਾ ਦੀ ਦੂਸਰੀ ਸ਼ਕਤੀ ਹੈ ਜਿਸ ਦੇ ਮੂਲ ਵਿਚ ਅਭਿਧਾ ਦਾ ਹੋਣਾ ਮੰਨਿਆ ਜਾਂਦਾ ਹੈ। ਸ਼ਬਦ ਦੇ ਅਰਥ ਦਾ ਭਾਵ ਕੇਵਲ ਉਹ ਵਸਤੂ ਹੀ ਨਹੀਂ ਜਿਸ ਵੱਲ ਉਹ ਇਸ਼ਾਰਾ ਕਰਦਾ ਹੈ ਸਗੋਂ ਉਹ ਸਹਿ-ਸੰਬੰਧ ਤੇ ਸਿਲਸਲੇ ਵੀ ਹੁੰਦੇ ਹਨ ਜੋ ਉਹ ਸ਼ਬਦ ਉਜਾਗਰ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਕਰਕੇ ਹੀ ਸ਼ਬਦ ਦੀਆਂ ਜਟਿਲਤਾਵਾਂ ਤੇ ਸੰਵੇਦਨਾਵਾਂ ਦੀ ਸੂਚਨਾ ਸ਼ਬਦਾਂ ਦੀ ਲਕਸ਼ਣਾ ਸ਼ਕਤੀ ਤੋਂ ਪ੍ਰਾਪਤ ਹੋਣੀ ਸੰਭਵ ਹੁੰਦੀ ਹੈ। ਇਹ ਲਕਸ਼ਣਾ ਸ਼ਕਤੀ ਉਦੋਂ ਰੂਪਮਾਨ ਹੋਣੀ ਸ਼ੁਰੂ ਹੁੰਦੀ ਹੈ ਜਦੋਂ ਅਭਿਧਾ ਸ਼ਬਦ ਸ਼ਕਤੀ ਕਾਵਿ ਦੇ ਸ਼ਬਦਾਂ ਦੇ ਅਰਥਾਂ ਨੂੰ ਤਰਕ ਅਤੇ ਬੁੱਧੀ ਅਨੁਸਾਰ ਢੁੱਕਵਾਂ ਹੱਲ ਨਹੀਂ ਪੇਸ਼ ਕਰ ਸਕਦੀ। 'ਚੰਡੀ ਦੀ ਵਾਰ' ਵਿਚ ਵੀ ਅਨੇਕ ਥਾਵਾਂ ਤੇ ਲਕਸ਼ਣਾ ਸ਼ਕਤੀ ਦੇ ਮਾਧਿਅਮ ਰਾਹੀਂ ਅਨੇਕਾਂ ਰੂਪਕ ਪੇਸ਼ ਕੀਤੇ ਹਨ :

ਦੁਰਗਾ ਬੈਣ ਸੁਣੰਦੀ ਹੱਸੀ ਹੜ ਹੜਾਇ॥
ਓਹੀ ਸੀਹੁ ਮਗਾਇਆ ਰਾਕਸ ਭੱਖਣਾ॥
ਚਿੰਤਾ ਕਰਹੁ ਨਾ ਕਾਈ ਦੇਵਾਂ ਨੂ ਆਖਿਆ॥
ਰੋਹ ਹੋਈ ਮਹਾ ਮਾਈ, ਰਾਕਸਿ ਮਾਰਣੇ॥[9]

ਇਸ ਪਉੜੀ ਵਿਚ ਆਈ ਦੁਰਗਾ ਸ਼ਕਤੀ ਨਾ ਹੋ ਕੇ ਇਸਤ੍ਰੀ ਰੂਪੀ ਨਾਇਕਾ ਵਜੋਂ ਰੂਪਮਾਨ ਹੁੰਦੀ ਹੈ ਅਤੇ (ਸੀਹੁ/ਸ਼ੇਰ ਮੰਗਾਇਆ ਰਾਕਸ ਭੱਖਣਾ) ਰਾਕਸ ਖਾਣ ਵਾਲਾ ਸ਼ੇਰ ਮੰਗਵਾਇਆ। ਅਭਿਧਾ ਸ਼ਬਦ ਸੰਚਾਰ ਰਾਹੀਂ ਅਰਥ ਤਰਕ ਸੰਗਤ ਨਹੀਂ ਬਣਦੇ ਪਰ ਲਕਸ਼ਣਾ ਸ਼ਬਦ ਸ਼ਕਤੀ ਵਿਚ ਸਰਬ-ਸ਼ਕਤੀ ਅਤੇ ਸ਼ੇਰ/ਤਾਕਤ ਦੀ ਪ੍ਰਤੀਨਿਧਤਾ ਕਰਦਾ ਪ੍ਰਤੀਤ ਫਤਹਿ ਹਾਸਿਲ ਕੀਤੀ ਹੈ। ਇਸੇ ਤਰ੍ਹਾਂ ਹੀ ਹੋਰ ਮਿਸਾਲ ਵੇਖੋ :

ਪੈਦਲ ਮਾਰੇ ਹਾਥੀਆਂ, ਸੰਗ ਰਥ ਗਿਰੇ ਅਸਵਾਰ ਕੱਉ॥
ਸੋਹਨ ਸੰਜਾ ਬਾਗੜਾ, ਜਣੁ ਲਗੇ ਫੁੱਲ ਅਨਾਰ ਕੱਉ॥
ਗੁਸੇ ਆਈ ਕਾਲਕਾ, ਹਥਿ ਸਜੇ ਲੈ ਤਰਵਾਰ ਕੱਉ॥
ਏਦੂ ਪਾਰਉ ਓਤਪਾਰ, ਹਰਿ ਨਾਕਸਿ ਕਈ ਹਜਾਰ ਕਉ॥[10]

ਵਿਅੰਜਨਾ ਸ਼ਬਦ ਸ਼ਕਤੀ : Maturity of mind, maturity of manners, maturity of language are perfection of the common style.[11]

ਇਸ ਤਰ੍ਹਾਂ ਕਾਵਿ-ਰਚਨਾ ਦੀ ਪ੍ਰਪੱਕਤਾ ਉਸ ਵਿਚਲੇ ਸ਼ਬਦ-ਸੰਚਾਰ ਤੇ ਨਿਰਭਰ ਕਰਦੀ ਹੈ ਜੋ ਕਵੀ ਦੀ ਅਨੁਭਵ ਤੇ ਗ੍ਰਹਿਣ ਸ਼ਕਤੀ ਤੇ ਨਿਰਭਰ ਹੁੰਦੀ ਹੈ। ਇਸ ਕਰਕੇ ਕਵੀ ਆਪਣੇ ਅਨੁਭਵ ਰਾਹੀਂ 'ਭਾਸ਼ਾ ਨੂੰ ਬਦਲਦਾ ਨਹੀਂ ਸਗੋਂ ਉਸ ਦੀਆਂ ਸੰਭਾਵਨਾਵਾਂ ਦੀ ਖੋਜ ਕਰਦਾ ਹੈ, ਉਹ ਭਾਸ਼ਾ ਨੂੰ ਆਕਾਰ ਪ੍ਰਦਾਨ ਕਰਦਾ ਹੈ।'[12] ਇਸ ਆਕਾਰ ਸੋਝੀ ਵਿਅੰਜਨਾ ਸ਼ਬਦ ਸ਼ਕਤੀ ਰਾਹੀਂ ਉਜਾਗਰ ਹੋਣੀ ਸੰਭਵ ਹੁੰਦੀ ਹੈ। ਇੰਜ 'ਚੰਡੀ ਦੀ ਵਾਰ' ਵਿਚ ਵੀ ਵਿਅੰਜਨਮਈ ਉਕਤੀਆਂ ਬਿੰਬਾਤਮਕ ਸਰੂਪ ਵਿਚ ਵਧੇਰੇ

ਪ੍ਰਭਾਵਸ਼ਾਲੀ ਢੰਗ ਨਾਲ ਕਾਰਜਸ਼ੀਲ ਰਹਿੰਦੀਆਂ ਹਨ ਕਿਉਂ ਜੋ ਗੱਲ ਸਿੱਧੇ ਲਫ਼ਜਾਂ ਵਿਚ ਨਾ ਕਹਿ ਕੇ ਵਿਅੰਗਾਤਮਕ ਤਰੀਕੇ ਨਾਲ ਕਹੀ ਜਾਵੇ ਤਾ ਵਧੇਰੇ ਤੀਬਰ ਤੇ ਤਿੱਖਾ ਪ੍ਰਭਾਵ ਪਾਉਂਦੀ ਹੈ। ਉਹ ਸਮੇਂ ਦੇ ਦੇਵਤਿਆਂ ਦੀ ਦਸ਼ਾ ਵੀ ਇਸੇ ਤਰਕ-ਯੁਕਤ ਵਿਧੀ ਵਿਚ ਕਹੀ ਹੈ :

ਸਾਧੂ ਸਤਯੁਗ ਬੀਤਿਆ, ਅਧ ਸੀਲੀ ਤ੍ਰੇਤਾ ਆਇਆ॥
ਨੱਚੀ ਕਲ ਸਰੋਸਰੀ, ਕਲ ਨਾਰਦ ਡਉਰੂ ਵਾਇਆ॥
ਅਭਮਾਨ ਉਤਾਰਨ ਦੇਵਤਿਆਂ, ਮਹਿਖਾਸੁਰ ਸੁੰਭ ਉਪਾਇਆ॥
ਜੀਤ ਲਏ ਤਿਨ ਦੇਵਤੇ, ਤਿਹ ਲੋਕੀ ਰਾਜ ਕਮਾਇਆ॥
ਦਿੱਤਾ ਇੰਦ੍ਰ ਨਿਕਾਲ ਕੈ, ਤਿਨ ਸਿਰ ਕੈਲਾਸੁ ਤਕਾਇਆ॥
ਡਰਿ ਕੈ ਹੱਥੋ ਦਾਨਵੀ, ਦਿਲ ਅੰਦਰਿ ਤ੍ਰਾਸ ਵਧਾਇਆ॥
ਪਾਸ ਦੁਰਗਾ ਦੇ ਇੰਦ੍ਰ ਆਇਆ॥ 3 ॥[13]

ਇੰਜ ਇਸ ਕਾਵਿ-ਪ੍ਰਬੰਧ ਵਿਚੋਂ ਜੋ ਸ਼ਕਤੀ ਉਭਰਦੀ ਹੈ, ਉਹ ਵਿਸ਼ੇ ਦੇ ਮਹੱਤਵ ਨੂੰ ਨਿਖਾਰਦੀ ਹੈ ਅਤੇ ਵਿਸ਼ੈ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਇਸ ਵਾਰ ਵਿਚਲੀ ਭਾਸ਼ਾ ਜੁਗਤ ਵਿਸ਼ੇ ਅਨੁਕੂਲ ਮਹਾਨ ਤੇ ਉਚੇਰੀ ਸੰਚਾਰ ਪੱਧਤੀ ਤੱਕ ਸਫ਼ਰ ਤੈਅ ਕਰਨ ਵਿਚ ਸਫ਼ਲ ਹੈ ਜੋ ਵਿਸ਼ੈ ਤੇ ਭਾਵ ਨੂੰ ਸਜੀਵ ਤੇ ਉਚੇਰਾ ਕਰਨ ਵਿਚ ਕਾਫ਼ੀ ਹੱਦ ਤੱਕ ਸਹਾਈ ਹੁੰਦੀ ਹੈ।

ਤੀਖਣਤਾ ਅਤੇ ਤੀਬਰਤਾ : ਭਾਸ਼ਾ ਦੀ ਇਹ ਵੀ ਵਿਲੱਖਣਤਾ ਮੰਨੀ ਜਾਂਦੀ ਹੈ ਕਿ ਉਹ ਰਚਨਾ ਵਿਧਾਨ ਵਿਚ ਕਿੰਨਾ ਕੁ ਤੀਖਣ ਤੇ ਤੀਬਰ ਪ੍ਰਭਾਵ ਪਾਉਂਦੀ ਹੈ। ਕਿਉਂਕਿ ਜਿੰਨੀ ਕਾਵਿ-ਭਾਸ਼ਾ ਤੀਖਣ ਤੇ ਤੀਬਰ ਹੁੰਦੀ ਹੈ ਉਨ੍ਹਾਂ ਹੀ ਭਾਵਾਂ ਦਾ ਸੰਚਾਰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਯੋਗ ਹੁੰਦੀ ਹੈ। ਇਸ ਪਹਿਲੂ ਤੋਂ ਗੁਰੂ ਜੀ ਵੱਲੋਂ ਚੰਡੀ ਦੀ ਵਾਰ ਵਿਚ ਵਰਤੀ ਕਾਵਿ-ਭਾਸ਼ਾ ਵਿਚ ਤੀਖਣਤਾ ਤੇ ਤੀਬਰਤਾ, ਪੂਰੀ ਤਰ੍ਹਾਂ ਲੋਕ ਮੁਹਾਵਰੇ ਤੇ ਭਾਸ਼ਾਈ ਜੁਗਤਾਂ ਅਨੁਸਾਰ ਵਰਤੋਂ ਕੀਤੀ ਗਈ ਹੈ, ਜਿਸ ਨਾਲ 'ਵਾਰ' ਵਿਚ ਜਨ ਸਾਧਾਰਣ ਬੋਲੀ ਵਿਚ ਪ੍ਰਚਲਿਤ ਲੋਕ ਭਾਸ਼ਾਈ ਮੁਹਾਵਰੇ ਤੇ ਲੋਕ ਕਹਾਵਤਾਂ ਵਿਚਲੇ ਸੰਸਕ੍ਰਿਤ, ਫ਼ਾਰਸੀ, ਪੰਜਾਬੀ ਤੇ ਬ੍ਰਿਜ ਭਾਸ਼ਾਵਾਂ ਦੇ ਪ੍ਰਚਲਿਤ ਸ਼ਬਦਾਂ ਦੀ ਆਮ ਵਰਤੋਂ ਮਿਲਦੀ ਹੈ। ਜਿਸ ਦੇ ਪ੍ਰਮਾਣ 'ਚੰਡੀ ਦੀ ਵਾਰ' ਵਿਚ ਥਾਂ-ਥਾਂ ਮਿਲਦੇ ਹਨ। ਇਸ ਦੇ ਫ਼ਲਸਰੂਪ ਵਾਰ ਵਿਚਲੀ ਕਾਵਿ-ਭਾਸ਼ਾ ਦੀ ਵਿਸ਼ਸ਼ਟਤਾ, ਕਲਾਤਮਕਤਾ, ਲੋਕ-ਮਨ ਦੇ ਅਤਿ ਨਿਕਟ ਹੈ ਜੋ ਸਮਕਾਲੀਨ ਯੁੱਧ ਚਿੰਤਨ ਦਾ ਬੋਧ ਵੀ ਕਰਾਉਂਦੀ ਹੈ :

ਇਕ ਦਿਹਾੜੇ ਨਾਵਣ ਆਈ ਦੁਰ੍ਗਸਾਹ॥
ਇੰਦ੍ਰ ਬਿਰਥਾ ਸੁਣਾਈ, ਅਪਣੇ ਹਾਲ ਦੀ॥
ਛੀਨ ਲਈ ਠਕੁਰਾਈ ਸਾਤੇ ਦਾਨਵੀ॥
ਲੋਕੀਂ ਤਿਹੀ ਫਿਰਾਈ ਦੋਹੀ ਆਪਣੀ॥
ਬੈਠੇ ਵਾਇ ਵਧਾਈ ਤੇ ਅਮਰਾਵਤੀ॥
ਦਿੱਤੇ ਦੇਵ ਭਜਾਈ ਸਭਨਾ ਰਾਕਸਾਂ॥
ਦਿਨੇ ਨ ਜਿੱਤਾ ਜਾਈ ਮਹਖੇ ਦੈਤ ਨੂ॥
ਤੇਰੀ ਸਾਮ ਤਕਾਈ, ਦੇਵੀ ਦੁਰ੍ਗਸਾਹ॥ 4॥[14]

ਇਹ ਪ੍ਰਸੰਗ, ਜਿੱਥੇ ਮੱਧਕਾਲੀਨ ਸਮਾਜਿਕ ਲੁੱਟ-ਖਸੁੱਟ ਵੱਲ ਸੰਕੇਤ ਕਰਦਾ ਹੈ ਉੱਥੇ ਉਸ ਦੇਵੀ ਦੀ ਪ੍ਰਚਲਿਤ ਪੂਜਾ ਅਤੇ ਸ਼ਕਤੀ ਵੱਲ ਅਤੇ ਧਰਮ ਦਾ ਪ੍ਰਚਲਣ ਅਤੇ ਵਿਸ਼ਵਾਸ ਦੀ ਸ਼ਕਤੀ ਵੱਲ ਵੀ ਸੰਕੇਤ ਹੈ। ਇਹ ਮੱਧਕਾਲੀਨ ਮਾਨਵੀ-ਬ੍ਰਿਤੀ ਨੂੰ ਸਪੱਸ਼ਟ ਕਰਦੀ ਇਕ ਅਜੇਹੀ ਵਾਰ ਹੈ ਜਿਸ ਨੂੰ ਮਿਥਿਹਾਸਿਕ ਪ੍ਰਸੰਗ ਵਿਚੋਂ ਲੈ ਕੇ ਸਜੀਵ ਕੀਤਾ ਗਿਆ ਹੈ।

ਸੰਵਾਦੀ/ਸੰਬੋਧਨੀ/ਪ੍ਰਸ਼ਨੋਤਰੀ ਭਾਸ਼ਾ ਜੁਗਤ :- ਕਾਵਿ-ਰੂਪ ਦੀ ਸੰਰਚਨਾ ਦਾ ਸੰਬੰਧ ਪ੍ਰਸਤੁਤੀ ਦੇ ਆਧਾਰ ਉੱਤੇ ਨਿਰਭਰ ਕਰਦਾ ਹੈ। ਇਹ ਕਾਵਿ-ਰੂਪ ਨਿਸ਼ਚਿਤ ਕਰਦਾ ਹੈ ਕਿ ਕਵਿਤਾ ਕਾਵਿ ਵਿਚ ਕੌਣ ਗੱਲਬਾਤ ਕਰ ਰਿਹਾ ਹੈ ? ਇਸ ਵਿਚ ਕਿਸ ਦੀ ਆਵਾਜ਼ ਹੈ ? ਕਾਵਿ-ਰਚਨਾ ਕਿਸ ਨੂੰ ਸੰਬੋਧਿਤ ਹੈ ? ਆਦਿ ਪ੍ਰਸ਼ਨ ਕਾਵਿ-ਰੂਪ ਦੀ ਪਛਾਣ ਲਈ ਬਹੁਤ ਮਹੱਤਵਪੂਰਨ ਹਨ। ਕਿਰਤ ਦੀ ਪੇਸ਼ ਹੋਈ ਆਵਾਜ਼ ਤੇ

ਸੰਬੋਧਨ ਪ੍ਰਣਾਲੀ ਦੇ ਆਧਾਰ ਤੇ ਟੀ.ਐੱਸ. ਏਲੀਅਟ ਨੇ ਕਾਵਿ ਨੂੰ ਤਿੰਨ ਪ੍ਰਮੁਖ ਰੂਪਾਂ (ਕਵੀ ਦੀ ਆਵਾਜ਼, ਸ੍ਰੋਤਿਆਂ ਦਰਸ਼ਕਾਂ ਨੂੰ ਸੰਬੋਧਿਤ ਆਵਾਜ਼ ਅਤੇ ਨਾਟਕੀ ਪਾਤਰਾਂ ਦੀ ਸਿਰਜਨਾ ਨਾਲ ਪੈਦਾ ਕੀਤੀ ਆਵਾਜ਼) ਦੀ ਆਵਾਜ਼ ਮੰਨੀ ਹੈ।

'ਚੰਡੀ ਦੀ ਵਾਰ' ਬ੍ਰਿਤਾਂਤਕ ਕਾਵਿ-ਰੂਪ ਹੈ ਜਿਸ ਕਰਕੇ, ਇਸ ਦੀ ਪੇਸ਼ਕਾਰੀ ਮੌਖਿਕ, ਸੰਬੋਧਨ (Oral address) ਵਾਲੀ ਹੈ। ਇਸ ਤਰ੍ਹਾਂ ਏਥੇ ਕਵੀ ਆਪਣੇ ਸ੍ਰੋਤਿਆਂ ਨੂੰ ਸੰਬੋਧਿਤ ਹੋ ਕੇ ਕਥਾ/ਕਹਾਣੀ ਸੁਣਾਉਂਦਾ ਹੈ। ਇਹ ਰੂਪ ਲਿਖਤੀ ਹੋ ਜਾਣ ਦੇ ਫ਼ਲਸਰੂਪ ਲਿਖਤੀ-ਸੰਬੋਧਨ ਪ੍ਰਣਾਲੀ ਦਾ ਬਣਦਾ ਹੈ । ਬਗ਼ੈਰ ਕਿਸੇ ਉਚੇਚ ਦੀ ਪਹਿਲੀ ਤੇ ਦੂਜੀ ਪਉੜੀ ਇਕ ਤਰ੍ਹਾਂ ਮੰਗਲਾਚਰਣ ਦਾ ਰੂਪ ਧਾਰਨ ਕਰ ਲੈਂਦੀ ਹੈ ਜੋ ਪਰੰਪਰਾ ਦੀ ਲਖਾਇਕ ਹੈ। ਜਿਸ ਵਿਚ ਉਸ ਸ਼ਕਤੀ ਦੀ ਪੂਜਾ ਦੀ ਗੱਲ ਕੀਤੀ ਗਈ ਹੈ, ਜੋ ਹਰ ਥਾਂ ਤੇ ਵਿਦਮਾਨ ਰਹਿੰਦੀ ਹੈ। ਤੀਜੀ ਪਉੜੀ ਵਿਚ ਕਈ ਸ੍ਰੋਤਿਆਂ ਨੂੰ ਸੰਬੋਧਿਤ ਹੋ ਕੇ ਰਚਨਾ ਦਾ ਆਰੰਭ ਕੀਤਾ ਗਿਆ ਜੋ ਕਾਲ ਦੇ ਵਰਤਾਰਿਆਂ ਤੇ ਦੇਵਤਿਆਂ ਦੀ ਬਿਰਤੀ ਬਾਰੇ ਹੈ :

ਸਾਧੂ ਸਤਜੁਗ ਬੀਤਿਆਂ, ਅਧਸੀਲੀ ਤ੍ਰੇਤਾ ਆਇਆ॥
ਨੱਚੀ ਕਲ ਸਰੋਸਰੀ, ਕਲ ਨਾਰਦ ਡਉਰੂ ਵਾਇਆ॥
ਅਭਮਾਨੁ ਉਤਾਰਨ ਦੇਵਤਿਆ, ਮਹਿਖਾਸੁਰ ਸੁੰਭ ਉਪਾਇਆ॥
ਜੀਤ ਲਏ ਤਿਨ ਦੇਵਤੇ ਇਹ ਲੋਕੀ ਰਾਜ ਕਮਾਇਆ॥3॥[15]

'ਚੰਡੀ ਦੀ ਵਾਰ' ਵਿਚਲੀ ਭਾਸ਼ਾ ਜੁਗਤ ਸੰਬੋਧਨ ਵਾਲੀ ਹੈ ਜਿਸ ਵਿਚ ਰਚਨਾਕਾਰ ਸ੍ਰੋਤਿਆਂ/ਪਾਠਕਾਂ ਨੂੰ ਸੰਬੋਧਿਤ ਹੋ ਕੇ ਕਥਾ ਦਾ ਬਿਰਤਾਂਤ ਸੁਣਾ ਰਿਹਾ ਹੈ। ਯੁੱਧ ਦਾ ਵਰਣਨ ਕਰਦਿਆਂ ਦੱਸ ਰਿਹਾ ਹੈ ਜਿਸ ਕਰਕੇ ਵਾਰ ਵਿਚ ਨਾਟਕੀਅਤਾ ਦੇ ਅੰਸ਼ ਸ਼ਾਮਿਲ ਹਨ ਨਾਇਕ ਤੇ ਖਲਨਾਇਕ ਸਾਰੇ ਪਾਤਰ ਸਿਰਜੇ ਹਨ, ਜੋ ਕਥਾ ਨੂੰ ਰੌਚਿਕ ਤੇ ਗਤੀਸ਼ੀਲ ਬਣਾਉਣ ਵਿਚ ਸਹਾਈ ਹਨ। ਕਵੀ ਇਕ ਨਿਰਲੇਪ ਦਰਸ਼ਕ ਵਾਂਗ ਘਟਨਾ ਕਾਰਜਾਂ ਦਾ ਵਰਣਨ ਕਰਦਾ ਤੁਰਿਆ ਜਾਂਦਾ ਹੈ। ਜਿਸ ਨਾਲ ਇਹ ਪ੍ਰਕ੍ਰਿਤੀ ਸਪਸ਼ਟ ਵੰਡ ਰੇਖਾ ਨਹੀਂ ਖਿੱਚਦੀ ਸਾਧਾਰਨ ਪੱਧਰ ਦਾ ਬਿਰਤਾਂਤ ਪੇਸ਼ ਕਰਦੀ ਹੈ।

ਦੁਹਾਂ ਕੰਧਾਰਾਂ ਮੁਹ ਜੁੜੇ, ਨਾਲ ਧਉਸਾ ਭਾਰੀ॥
ਲਈ ਭਗਉਤੀ ਦੁਰਗਸਾਹ, ਵਰਜਾਗਨ ਭਾਰੀ॥
ਲਾਏ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥
ਸੁੰਭ ਪਲਾਣੋ ਡਿਗਿਆ, ਉਪਮਾ ਬੀਚ਼ਾਰੀ॥
ਡੁਬ ਰਤੂ ਨਾਲਹੁ ਨਿਕਲੀ, ਬਰਛੀ ਦੁ ਧਾਰੀ॥
ਜਾਣ ਰਜਾ ਦੀ ਉਤਰੀ, ਪੈਨ ਸੂਹੀ ਸਾਰੀ॥53॥[16]

ਭਾਸ਼ਾਈ ਸੰਚਾਰ ਵਿਧੀਆਂ ਵਿਚੋਂ ਇਕ ਵਿਧੀ ਪ੍ਰਸ਼ਨੋਤਰੀ ਵਿਧੀ ਵੀ ਹੈ। ਸਾਧਾਰਨ ਤੌਰ ਤੇ ਇਹ ਉਹ ਵਿਧੀ ਹੈ ਜਿਸ ਵਿਚ ਪ੍ਰਸ਼ਨ-ਉੱਤਰ ਦਾ ਪ੍ਰਯੋਗ ਕੀਤਾ ਜਾਂਦਾ ਹੈ ਪ੍ਰੰਤੂ 'ਚੰਡੀ ਦੀ ਵਾਰ' ਵਿਚ ਸੰਵਾਦੀ ਤੇ ਸੰਬੋਧਨੀ ਵਿਧੀ ਦੀ ਹੀ ਵਰਤੋਂ ਕੀਤੀ ਗਈ ਹੈ ਜਿਸ ਨਾਲ ਪਾਠ ਵਿਚਲੀ ਗਤੀਸ਼ੀਲਤਾ ਬਣੀ ਰਹਿੰਦੀ ਹੈ।

ਨਾਟਕੀਅਤਾ : ਬ੍ਰਿਤਾਂਤਕ ਕਾਵਿ-ਰੂਪਾਂ ਵਿਚ ਜਿਥੇ ਕਵੀ ਦੀ ਥਾਂ ਉਸ ਦੇ ਪਾਤਰ, ਸ੍ਰੋਤਿਆਂ ਸਾਹਮਣੇ ਆਉਂਦੇ ਹਨ ਉੱਥੇ ਹੀ ਕਾਵਿ ਵਿਚ ਨਾਟਕੀਅਤਾ ਆਰੰਭ ਹੋ ਜਾਂਦੀ ਹੈ। ਇਸ ਰੂਪ ਦਾ ਮੰਤਵ ਸਟੇਜ ਉਪਰ ਪੇਸ਼ਕਾਰੀ ਕਰਨਾ ਨਹੀਂ ਹੁੰਦਾ। 'ਚੰਡੀ ਦੀ ਵਾਰ' ਦੋ ਵਿਰੋਧੀ ਸ਼ਕਤੀਆਂ ਦੇ ਟਕਰਾਅ ਦਾ ਵਰਣਨ ਪੇਸ਼ ਕਰਦੀ ਬੀਰ-ਰਸੀ, ਕਾਵਿ-ਰਚਨਾ ਹੈ। ਇਸ ਲਈ ਇਸ ਵਿਚ ਦੁਰਗਾ/ਚੰਡੀ ਨਾਇਕਾ ਦੇ ਰੂਪ ਵਿਚ ਪੇਸ਼ ਕੀਤੀ ਗਈ ਹੈ ਜੋ ਈਸ਼ਵਰੀ ਸ਼ਕਤੀ ਦੀ ਧਾਰਨੀ ਹੈ ਅਤੇ ਦੈਂਤ/ਰਾਕਸ਼ਿਸ਼ ਦੇਵਤਿਆਂ ਦਾ ਅਭਿਮਾਨ ਉਤਾਰਨ ਲਈ ਪੈਦਾ ਕੀਤੀਆਂ ਸ਼ਕਤੀਆਂ ਦੇ ਧਾਰਨੀ ਹਨ। ਸਮੁੱਚੀ ਰਚਨਾ ਦੋਹਾਂ ਧਿਰਾਂ ਦੇ ਟਕਰਾਵਾਂ ਨੂੰ ਹੀ ਪੇਸ਼ ਕਰਦੀ ਇਕ ਮਾਤਰ ਰਚਨਾ ਹੈ। ਇਹ ਪਉੜੀਆਂ ਵਿਚ ਕੀਤੀ ਯੁੱਧ ਕਥਾ ਦਾ ਬਿਰਤਾਂਤ ਹੈ। ਇਸ ਕਥਾ ਦੇ ਸੰਪੰਨ ਹੋਣ ਲਈ ਪਾਤਰਾਂ ਦੀਆਂ ਕਾਰਜ ਵਿਧੀਆਂ ਤੇ ਘਟਨਾਵਾਂ ਦਾ ਹੋਣਾ ਲਾਜ਼ਮੀ ਹੋਣ ਕਾਰਨ ਸਾਰਾ ਬਿਰਤਾਂਤ ਕਾਰਜੀ ਨਾਟਕੀਅਤਾ ਵਜੋਂ ਹੀ ਵਿਦਮਾਨ ਰਹਿੰਦਾ ਹੈ। ਕਵੀ ਕਿਸੇ ਕਿਸਮ ਦੇ ਪੱਖਪਾਤ ਤੋਂ ਨਿਰਲੇਪ ਹੋ ਕੇ ਸਿਰਫ਼ ਵਰਣਨ ਕਰਤਾ ਹੀ ਹੈ :

ਧਾਏ ਦੇਵੀ ਸਾਮਣੇ ਬੀਰ ਮੁੱਛਲੀ ਆਲੇ॥
ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨਾ ਟਾਲੇ॥
ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ॥ 13॥[17]

– ਤੇ ਹੋਰ–

ਦੁਰਗਾ ਨੋ ਲਲਕਾਰੇ, ਆਵਨ ਸਾਮਣੇ॥
ਦੁਰਗਾ ਸਭ ਸੰਘਾਰੇ, ਰਾਕਸ ਆਵਦੇ॥
ਰਤੂ ਦੇ ਪਰਨਾਲੇ, ਤਿਨ ਤੇ ਭੁਇ ਪਏ॥
ਉਠੇ ਕਾਰਣਿਆਰੇ, ਰਾਕਸ ਹੜ ਹੜਾਇ॥ 38॥[18]

ਇਸ ਤਰ੍ਹਾਂ ਕਵੀ ਨੇ ਦੋਹਾਂ ਵਿਰੁੱਧੀ ਜੁੱਟਾਂ ਦੀਆਂ ਖ਼ੂਬੀਆਂ, ਬਹਾਦਰੀਆਂ ਤੇ ਤਾਕਤਾਂ ਦਾ ਵਰਣਨ ਬੜੀ ਨਿਰਪੱਖਤਾ ਅਤੇ ਨਾਟਕੀਅਤਾ ਨਾਲ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤਾ ਹੈ ਜਿਸ ਕਰਕੇ ਸ੍ਰੋਤਾਂ/ਪਾਠਕ ਰੋਚਿਕਤਾ ਨਾਲ ਪੜ੍ਹਣ ਲਈ ਉਤਸੁਕ ਰਹਿੰਦਾ ਹੈ। ਯੁੱਧ ਬੀਰ ਲਈ ਯੁੱਧ, ਭੈ ਜਾਂ ਡਰ ਦਾ ਕਾਰਨ ਨਹੀਂ ਹੁੰਦਾ ਇਸੇ ਲਈ ਚੰਡੀ ਦੀ ਵਾਰ ਵਿਚ ਯੁੱਧ ਨੂੰ ਵੀ ਵਿਆਹ, ਹੋਲੀ, ਮੈਖ਼ਾਨੇ, ਇਸ਼ਨਾਨ, ਬਾਗ਼ ਆਦਿ ਰੂਪਾਂ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ।

ਸੋ ਸਾਰੀ ਵਾਰ ਹੀ ਯੁੱਧ ਬਿਰਤਾਂਤ ਦੀ ਰੂਹ ਨੂੰ ਪੇਸ਼ ਕਰਦੀ ਸੰਪੰਨ ਹੁੰਦੀ ਹੈ :

ਸੁੰਭ ਨਿਸੁੰਭ ਪਠਾਇਆ, ਜਮ ਦੇ ਧਾਮ ਨੋ॥
ਇੰਦ੍ਰ ਸੱਦ ਬੁਲਾਇਆ, ਰਾਜੇ ਅਭਖੇਖ ਨੋ॥
ਸਿਰ ਪਰ ਛਤ੍ਰ ਫਿਰਾਇਆ, ਰਾਜੇ ਇੰਦ੍ਰ ਦੈ॥
ਚਉਕਹ ਲੋਕਾ ਛਾਇਆ, ਜਸੁ ਜਗਮਾਤ ਦਾ॥ 55॥[19]

ਸੰਗੀਤਾਤਮਕਤਾ :– ਸਾਰੇ ਸਾਹਿਤ ਰੂਪਾਂ ਵਿਚੋਂ ਕਵਿਤਾ ਹੀ ਅਜੇਹਾ ਕਾਵਿ ਰੂਪ ਹੈ ਜਿਸ ਵਿਚ ਸੰਗੀਤਕ ਸੰਭਾਵਨਾਵਾਂ ਵਧੇਰੇ ਪ੍ਰਬਲ ਰਹਿੰਦੀਆਂ ਹਨ। ਸੰਗੀਤ ਦਾ ਸੰਬੰਧ ਹਿਰਦੇ ਨਾਲ ਹੋਣ ਕਰਕੇ ਪਾਠਕ ਦੇ ਮਨ ਨੂੰ ਖਿੱਚਦਾ ਹੈ। ਸੰਗੀਤ ਦਾ ਗੁਣ ਬੋਧਿਕਤਾ ਦੀ ਥਾਂ ਰਸਾਤਮਕ ਵਧੇਰੇ ਹੈ ਇਸੇ ਲਈ ਛੰਦ, ਲੈਅ ਰਿਦਮ, ਤੁਕਾਂਤ, ਅਲੰਕਾਰ ਆਦਿ ਜੁਗਤਾਂ, ਕਾਵਿ ਵਿਚ ਸੰਗੀਤਾਤਮਕ ਗੁਣ ਪੈਦਾ ਕਰ ਦੇਂਦੀਆਂ ਹਨ।

ਮੱਧਕਾਲੀ ਕਾਵਿ–ਧਾਰਾ ਵਿਚ ਸੰਗੀਤਾਤਮਕ ਗੁਣ ਵਧੇਰੇ ਪ੍ਰਬਲ ਰੂਪ ਵਿਚ ਹਾਜ਼ਰ ਰਹੇ ਹਨ। ਸੰਗੀਤ ਛੰਦਮਈ ਕਵਿਤਾ ਵਿਚ ਵਧੇਰੇ ਸਾਰਥਕ ਰੂਪ ਵਿਚ ਰਹਿੰਦਾ ਹੈ। ਏਲੀਅਟ "ਸੰਗੀਤ ਦਾ ਸੰਬੰਧ ਸਮੁੱਚੀ ਕਵਿਤਾ ਨਾਲ ਮੰਨਦਾ ਹੈ।" ("The music of verse is not a line by line matter but a questions of the whole poem."[20]) 'ਚੰਡੀ ਦੀ ਵਾਰ' ਜਿਥੇ ਨਾਇਕ ਅਤੇ ਖਲਨਾਇਕ ਦੋਹਾਂ ਨੂੰ ਨਿਰਪੱਖ ਰੂਪ ਵਿਚ ਚਿੱਤਰਦੀ ਹੈ, ਉੱਥੇ ਚੰਗੇ ਤੇ ਮੰਦੇ ਪੱਖਾਂ ਤੇ ਰੋਸ਼ਨੀ ਪਾਉਂਦੀ ਪਾਠਕ/ਸ੍ਰੋਤੇ ਲਈ ਪ੍ਰੇਰਨਾ ਸ੍ਰੋਤ ਵੀ ਬਣਦੀ ਹੈ ਇਸ ਨਾਲ ਹੀ ਸੰਗੀਤ ਤੇ ਬੀਰ–ਰਸ ਨਾਲ ਆਪ–ਮੁਹਾਰੇ ਤੁਰੀ ਜਾਂਦੀ ਹੈ। ਚੰਡੀ ਦੀ ਵਾਰ ਵਿਚਲੀ ਹਰ ਸਤਰ ਸੰਗੀਤਕ ਲੈਅ ਵਿਚ ਗਾਉਣ ਦੇ ਗੁਣਾਂ ਦੀ ਧਾਰਨੀ ਹੈ। ਕਾਵਿ–ਸ਼ੈਲੀ ਨੂੰ ਸੰਗੀਤਕ ਲੈਅ ਵਿਚ ਢਾਲਣ ਤੇ ਤੇਜ਼ ਕਰਨ ਲਈ ਸ਼ਬਦਾਵਲੀ ਨੂੰ ਢੁੱਕਵੀਂ ਸਮੇਂ ਅਨੁਕੂਲ ਬਣਾਉਣ ਲਈ ਨਵੇਂ ਸ਼ਬਦਾਂ ਦੀ ਸਿਰਜਣਾ ਕਰਨ ਹਿੱਤ ਪਿਛੇਤਰਾਂ ਦੀ ਆਮ ਵਰਤੋਂ ਕੀਤੀ ਹੈ :

ਬੀਰ ਪਰੋਤੇ ਬਰਛੀ ਏਂ, ਜਣ ਡਾਲਿ ਚਮੁੱਟੇ ਆਵਲੇ ॥
ਇਕ ਵੱਢੇ ਤੇਗ਼ੀ ਤੜਫੀਅਨ, ਮਦ ਪੀਤੇ ਲੋਟਨਿ ਬਾਵਲੇ॥
ਇਕ ਚੁਣ ਚੁਣ ਝਾੜਉ ਕਢੀਅਨ ਰੇਤ ਵਿਚੋ ਸੁਇਨਾ ਡਾਵਲੇ॥
ਗਦਾ ਤ੍ਰਿਸੂਲਾ ਬਰਛੀਆ ਤੀਰ ਵੱਗਨ ਖਰੇ ਉਤਾਵਲੇ॥
ਜਣ ਡਸੇ ਭੁਜੰਗਮ ਸਾਵਲੇ॥ ਮਰ ਜਾਵਨ ਬੀਰ ਰੁਹਾਵਲੇ॥8 ॥[21]

(ਅ) ਕਾਵਿਕ (ਰੂਪਕ) ਸੰਚਾਰ ਜੁਗਤਾਂ ਦੇ ਸਰੋਕਾਰਾਂ

ਕਵਿਤਾ ਵਿਚ ਵਿਚਾਰ ਦੀ ਹੋਂਦ ਦਾ ਸਥਾਨ ਬਹੁਤ ਹੀ ਮਹੱਤਵਪੂਰਨ ਹੈ। ਇਹ ਕਾਵਿ ਵਿਚ ਭਾਵਨਾ ਸੰਵੇਦਨਾ ਅਤੇ ਕਲਾਤਮਕ ਜੁਗਤਾਂ ਤੋਂ ਸ਼ਕਤੀ ਗ੍ਰਹਿਣ ਕਰਦਾ ਹੈ। ਇਸ ਲਈ ਕਾਵਿ ਵਿਚਾਰ ਦੀ ਹੋਂਦ ਰਿਦਮ, ਬਿੰਬਾਵਲੀ, ਸ਼ੈਲੀ, ਭਾਵਨਾ ਤੇ ਕਾਵਿ–ਕਿਰਤ ਵਿਚ ਵਿਚਾਰ (ਬੋਧਿਕਤਾ/ਬੁੱਧੀ ਪੱਖ)

ਦੀ ਕਾਫ਼ੀ ਮਹੱਤਵਪੂਰਨ ਪ੍ਰਿਸ਼ਠ ਭੂਮੀ ਰਹਿੰਦੀ ਹੈ। ਚੰਡੀ ਦੀ ਵਾਰ ਗੁਰੂ ਜੀ ਦੀ ਮੌਲਿਕ ਕਿਰਤ ਨਾ ਹੋ ਕੇ ਮਿਥਿਹਾਸਕ ਪ੍ਰਸੰਗ ਵਿਚੋਂ ਉਤਦ੍ਰਿਤ ਕੀਤੀ ਬਿਰਤਾਂਤਕ ਕਥਾ ਦਾ ਕਾਵਿਕ-ਰੂਪ ਹੈ ਜੋ ਮਾਰਕੰਡੇ ਪੁਰਾਣ ਦੀ ਕਥਾ ਵਿਚੋਂ ਲਈ ਗਈ ਹੈ। ਇੰਜ ਇਹ ਭਾਰਤੀ ਵੈਦਿਕ ਪਰੰਪਰਾ/ਵਿਰਸੇ ਨਾਲ ਸੰਬੰਧਿਤ ਕਾਵਿ ਕਿਰਤ ਹੈ ਜੋ ਧਾਰਮਿਕ ਤੇ ਸਾਹਿਤਕ ਪਰਿਪੇਖ ਦੇ ਨਾਲ-ਨਾਲ ਇਤਿਹਾਸਿਕ ਪਰਿਪੇਖ ਵੀ ਰੱਖਦੀ ਹੈ। ਇਸ ਤਰ੍ਹਾਂ ਇਸ ਰਚਨਾ ਵਿਚ ਮੱਧ ਕਾਲੀ ਭਾਰਤੀ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਵਿਵਸਥਾ ਵਿਚ ਆਈ ਗਿਰਾਵਟ ਪ੍ਰਗਟਾਉਂਦਿਆਂ ਲੋਕਾਂ ਵਿਚ ਹੌਂਸਲਾ, ਦਲੇਰੀ ਤੇ ਤਾਕਤ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਸਾਹਮਣੇ ਰੱਖਿਆ ਹੈ ਅਤੇ ਇਸ ਕਾਵਿ ਕਿਰਤ ਦਾ ਪੁਨਰ-ਸਿਰਜਨ ਕੀਤਾ ਗਿਆ ਹੈ। ਰਾਸ਼ਟਰੀ ਭਾਵਨਾ ਨੂੰ ਪੁਨਰ-ਸੁਰਜੀਤ ਕਰਨ ਹਿਤ ਹੀ, 'ਗੁਰੂ ਜੀ ਨੇ ਪੁਰਾਣਕ ਹਵਾਲੇ ਕੇਵਲ ਭਾਰਤੀ ਜਨਤਾ ਨੂੰ ਆਪਣੇ ਵਡੇਰਿਆਂ ਦੇ ਵਿਰਸੇ ਨਾਲ ਜੋੜਨ ਵਾਸਤੇ ਦਿੱਤੇ ਹਨ ਕਿਉਂ ਕਿ ਭਾਰਤ ਵਿਚ ਧਾਰਮਿਕ ਰੁਚੀਆਂ ਰੱਖਣ ਵਾਲਿਆਂ ਦਾ ਜ਼ੋਰ ਸੀ' ਪੁਰਾਣਾ ਵਿਚਲੇ ਤਿੰਨ ਦੇਵਤਿਆਂ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ 'ਜਪੁ ਜੀ' ਸਾਹਿਬ ਵਿਚ ਕੀਤਾ ਸੀ :

ਏਕਾ ਮਾਈ ਜੁਗਤਿ ਵਿਆਈ ਤਿਨ ਚੇਲੇ ਪਰਵਾਣੁ॥
ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣੁ॥31॥[22]

ਇਸ ਵਾਰ ਵਿਚਲੀ ਬਿਰਤਾਂਤਕ ਕਥਾ ਨੂੰ ਸੱਤ ਦ੍ਰਿਸ਼ਾਂ ਦੀ ਰਚਨਾ ਰਾਹੀਂ ਸੰਪੰਨ ਕੀਤਾ ਗਿਆ ਹੈ। ਇਹ ਵਾਰ ਨੇਕੀ ਤੇ ਬਦੀ ਦੀ ਸੰਘਰਸ਼ ਦੀ ਕਥਾ ਦਾ ਬਿਰਤਾਂਤ ਹੈ। ਇਸ ਵਿਚ ਮੁੱਖ ਪੱਖ ਯੁੱਧਾਂ ਦਾ ਹੈ, ਪਰ ਇਸ ਦਾ ਗੌਣ ਪੱਖ ਸੱਚ ਦੀ ਜਿੱਤ ਤੱਕ ਦਾ ਸਫ਼ਰ ਹੈ। ਇਸ ਵਿਚ, ਚੰਡੀ ਨਾਇਕਾ ਵੱਲੋਂ ਦੇਵਤਿਆਂ ਦੇ ਹੱਕ ਵਿਚ ਖਲਨਾਇਕਾਂ, ਦੈਂਤਾਂ (ਸੁੰਭ ਦਿਸੁੰਭ, ਰਕਤਬੀਜ, ਧੂਮਰ ਲੋਚਨ, ਚੰਡ, ਮੁੰਡ, ਤੇ ਮਹਿਖਾਸੁਰ) ਨਾਲ ਹੋਏ ਯੁੱਧਾਂ ਦਾ ਬਿਰਤਾਂਤ ਹੈ।

'ਸੰਚਾਰ ਕਾਵਿ-ਅਰਥ ਦਾ ਲਾਜ਼ਮੀ ਲੱਛਣ ਹੈ।'[23] ਇਸ ਕਰਕੇ ਕਵਿਤਾ ਵਿਚ ਸੰਚਾਰ ਦਾ ਪੱਖ ਬਹੁਤ ਅਹਿਮ ਹੈ ਜਿਸ ਨੂੰ ਸਮਝਣ ਲਈ ਕਾਵਿ-ਕਿਰਤ ਵਿਚਲੇ ਵਿਚਾਰ ਨੂੰ ਸਮਝਣਾ ਲਾਜ਼ਮੀ ਹੈ। ਇਸੇ ਲਈ ਮਿਡਲਟਨ ਮਰੇ ਨੇ ਕਿਹਾ ਹੈ ਕਿ 'ਸਾਹਿਤ ਵਿਚ ਵਿਚਾਰ/ਵਿਸ਼ੈ-ਵਸਤੂ ਇਸ ਦੇ ਭਾਵਾਂ ਨਾਲ ਸੰਯੁਕਤ ਹੋ ਕੇ ਆਉਂਦਾ ਹੈ।' 'ਚੰਡੀ ਦੀ ਵਾਰ' ਵਿਚ ਵੀ ਵਿਚਾਰ ਪ੍ਰਧਾਨ ਤੱਤ ਹੈ ਜਿਸ ਦੁਆਲੇ ਸਾਰਾ ਕਾਵਿ-ਸੰਸਾਰ ਉਸਾਰਿਆ ਗਿਆ ਹੈ, ਜੋ ਨੇਕੀ ਤੇ ਬਦੀ ਦੀ ਟੱਕਰ ਉਸਾਰੀ ਗਈ ਹੈ। ਦੇਵਤਿਆਂ ਦਾ ਅਭਿਮਾਨ ਮਿਟਾਉਣ ਹਿੱਤ ਹੀ ਇਨ੍ਹਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਵਿਚ ਮਹਿਖਾਸੁਰ (ਜਿਸ ਦੀ ਸ਼ਕਲ ਝੋਟੇ ਵਰਗੀ ਸੀ ਇਹ ਰੰਭ ਦੈਂਤ ਦੇ ਬੀਰਜ ਤੋਂ ਮੱਝ ਪੇਟੋਂ ਜੰਮਿਆ ਮੰਨਿਆ ਜਾਂਦਾ ਹੈ) ਆਦਿ ਹਨ :

ਅਭਿਮਾਨ ਉਤਾਰਨ ਦੇਵਤਿਆਂ,
ਮਹਿਖਾਸੁਰ ਸੁੰਭ ਉਪਾਇਆ॥
ਜੀਤ ਲਏ ਤਿਨ ਦੇਵਤੇ, ਤਿਹ ਲੋਕੀ ਰਾਜੁ ਕਮਾਇਆ॥3॥[24]

ਵਿਚਾਰ ਦੀ ਪ੍ਰਧਾਨਤਾ ਕਰਕੇ ਹੀ ਕਾਵਿ ਕਿਰਤ ਸ਼ਬਦ-ਯੋਜਨਾ ਰਾਹੀਂ ਆਨੰਦ ਪ੍ਰਧਾਨ ਕਰਨ ਵਾਲੀ ਬਣਦੀ ਹੈ, ਜਿਸ ਕਰਕੇ ਕਲਪਨਾ ਦੀ ਤਾਜ਼ਗੀ ਤੇ ਸੁਹਜ ਦੇ ਚਮਤਕਾਰਮਈ ਅਭਿਵਿਅਕਤੀ ਕਰਕੇ ਹੋਰਾਂ ਕਲਾਵਾਂ ਤੋਂ ਵਿਭਿੰਨ ਤੇ ਵਿਸ਼ਿਸ਼ਟ ਹੋ ਜਾਂਦੀ ਹੈ। ਕਲਾ ਦਾ ਕਲਾ-ਪੱਖ ਕਾਫ਼ੀ ਹੱਦ ਤੱਕ ਬੁੱਧੀ ਜਾਂ ਵਿਚਾਰ ਸ਼ਕਤੀ ਉੱਪਰ ਨਿਰਭਰ ਕਰਦਾ ਹੈ। ਇਸ ਤਰ੍ਹਾਂ ਚੰਡੀ ਦੀ ਵਾਰ ਵੀ ਵਿਚਾਰ ਸ਼ਕਤੀ ਪੱਖੋਂ ਮੱਧਕਾਲੀਨ ਸਾਹਿਤਕ ਇਤਿਹਾਸ ਦੀ ਕਾਵਿ-ਕਿਰਤ ਹੈ ਜੋ ਉਸ ਸਮੇਂ ਦੀ ਪੰਜਾਬੀ ਲੋਕ-ਧਾਰਾ ਵਿਚ ਸੋਚ ਪੱਖ ਤੋਂ ਵੱਡਮੁੱਲਾ ਪਰਿਵਰਤਨ ਕੀਤਾ ਸੀ।

ਛੰਦ ਜੁਗਤ : ਕਾਵਿ ਰਚਨਾ ਵਿਚ ਛੰਦ ਦੇ ਲੱਛਣ ਭਾਸ਼ਾ ਮੂਲਕ ਲੱਛਣ ਹਨ ਅਤੇ ਇਹ ਸ਼ਬਦਾਂ ਨੂੰ ਇਕ ਅਨੁਸ਼ਾਸਨ ਪ੍ਰਦਾਨ ਕਰਦੇ ਹਨ। ਭਾਸ਼ਾ ਦੀ ਵਿਸ਼ੇਸ਼ਤਾ ਇਕ ਵਿਸ਼ੇਸ਼ ਪੱਖ ਸ਼ਬਦ-ਧੁਨੀ ਹੈ। ਸੰਗੀਤ ਇਸ ਸ਼ਬਦ-ਧੁਨੀ ਦਾ ਸਹਿਜ ਧਰਮ ਹੈ ਸ਼ਬਦਾਂ ਦੀ ਸੰਗੀਤਕ ਵਿਵਸਥਾ ਤੋਂ ਲੈਅ ਦਾ ਜਨਮ ਹੁੰਦਾ ਹੈ ਇਸੇ ਲੈਅ ਦਾ ਵਿਸ਼ੇਸ਼ੀ ਦ੍ਰਿਤ ਰੂਪ ਹੈ ਛੰਦ। ਛੰਦ ਭਾਸ਼ਾ ਵਿਚ ਲੈਅ ਦਾ ਇਕ ਵਿਸ਼ੇਸ਼ਟੀਕਰਣ ਹੈ ਅਤੇ 'ਛੰਦ, ਇਕ ਕਵੀ ਤੇ ਪਾਠਕ ਦੋਹਾਂ ਨੂੰ ਸੰਭਾਵਿਤ ਲੈਆਂ ਦੇ ਅਨਿਸਚਿਤ ਤੇ ਵਿਸਤ੍ਰਿਤ ਸੰਸਾਰ ਵਿਚ ਇਕ ਠੋਸ ਆਧਾਰ ਅਤੇ ਸਿਲਸਿਲੇ ਦਾ ਨਿਸਚਿਤ ਬਿੰਦੂ ਪ੍ਰਦਾਨ ਕਰਦਾ ਹੈ।'[25]

ਇਸੇ ਪਰੰਪਰਾ ਨੂੰ ਜਾਰੀ ਰੱਖਦਿਆਂ ਗੁਰੂ ਜੀ ਨੇ ਆਪਣੀ ਸਾਰੀ ਰਚਨਾ ਕਿਸੇ ਨਾ ਕਿਸੇ ਛੰਦ-ਵਿਧਾਨ ਵਿਚ ਰਚੀ ਹੈ। 'ਚੰਡੀ ਦੀ ਵਾਰ' ਵਿਚ ਗੁਰੂ ਸਾਹਿਬ ਜੀ ਨੇ ਲੋਕ ਵਾਰਾਂ ਦਾ ਗਾਇਨ ਕਰਨ ਦੀ ਪੱਧਤੀ ਪਉੜੀ ਦੀ ਧਾਰਨਾ ਤੇ ਕੀਤੀ ਹੈ ਜਿਸ ਦੇ ਗਾਣ ਨਾਲ ਬਹਾਦਰਾਂ ਦੀ ਵੀਰਤਾ ਦੇ ਪ੍ਰਸੰਗ ਬੜੇ ਸੁਚੱਜੇ ਢੰਗ ਨਾਲ ਗਾਉਣ ਦੇ ਫ਼ਲਸਰੂਪ ਸਰੋਤਿਆਂ ਅੰਦਰ ਜ਼ਜਬਾ ਤੇ ਉਤਸ਼ਾਹ ਪੈਦਾ ਹੋ ਸਕੇ। ਉਹ ਵੀ ਹੌਂਸਲੇ ਬੁਲੰਦ ਇਨਸਾਨ ਬਣਨ ਯੋਗ ਹੋ ਸਕਣ। ਕਿਉਂਕਿ ਉਸ ਸਮੇਂ ਦੇ ਲੋਕਾਂ ਵਿਚ ਗਿਲਾਨੀ ਫੈਲ ਚੁੱਕੀ ਸੀ ਇਸ ਲਈ ਲੋਕਾਂ ਦੇ ਮਨਾਂ ਨੂੰ ਟੁੰਬਣ ਲਈ ਜਾਗ੍ਰਿਤੀ ਦੀ ਲੋੜ ਸੀ।

'ਚੰਡੀ ਦੀ ਵਾਰ' ਪਉੜੀਆਂ ਵਿਚ ਹੈ ਜੋ ਸਿਰਖੰਡੀ ਛੰਦ ਨਾਲ ਸੰਪੰਨ ਕੀਤੀ ਗਈ ਹੈ। ਸਿਰਖੰਡੀ ਛੰਦ ਦੇ ਤਿੰਨ ਰੂਪ 'ਚੰਡੀ ਦੀ ਵਾਰ' ਵਿਚੋਂ ਉਪਲਬਧ ਹੁੰਦੇ ਹਨ ਜਦੋਂ ਕਿ 'ਪਉੜੀ' ਵਾਰ ਰੂਪ ਦਾ ਕਾਵਿ-ਛੰਦ ਹੈ। ਇਸ ਕਰਕੇ ਪਉੜੀ ਇਸ ਦਾ ਛੰਦ ਰੂਪ ਹੈ ਜਿਸ ਵਿਚ, ਵਾਰ ਦਾ ਸਾਰ ਤੱਤ ਮੌਜੂਦ ਹੁੰਦਾ ਹੈ। ਇਸੇ ਕਰਕੇ 'ਪਉੜੀ ਨਾਮ ਵਿਸ਼ਰਾਮ ਦਾ ਹੈ' ਅਤੇ ਇਹ ਪਉੜੀਆਂ ਵਾਂਗ ਉਤਰੋਤਰ ਚੜ੍ਹਤਲ ਵੱਲ ਜਾਂਦੀਆਂ ਹਨ। ਇਸ ਵਿਚ ਐਨੀ ਫੁਰਤੀ ਤੇ ਲਚਕ ਹੈ ਕਿ ਯੁੱਧ ਕਥਾ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤੀ ਜਾ ਸਕਦੀ ਹੈ।

ਦੁਹਾਂ ਕੰਧਾਰਾਂ ਮੁਹਿ ਜੁੜੇ, ਢੋਲ ਸੰਖ ਨਗਾਰੇ ਬੱਜੇ।
ਰਾਕਸ ਆਏ ਰੋਹਲੇ ਤਰਵਾਰੀਂ ਬਖਤਰ ਸੱਜੇ।
ਜੁੱਟੇ ਸਉਹੇਂ ਜੁੱਧ ਨੌ, ਇਕ ਜਾਤਿ ਨ ਜਾਣਨਿ ਭੱਜੇ।
ਖੇਤ ਅੰਦਰਿ ਜੋਧੇ ਗੱਜੇ॥ 7।[26]

ਸਿਰਖੰਡੀ ਛੰਦ ਦੇ ਤਿੰਨ ਰੂਪਾਂ ਦੀਆਂ ਵੱਖ-ਵੱਖ ਮਾਤਰਾਂ ਵਿਚ ਹੇਠ ਲਿਖੇ ਤਿੰਨ ਰੂਪ 'ਚੰਡੀ ਦੀ ਵਾਰ' ਵਿਚੋਂ ਇੰਜ ਮਿਲਦੇ ਹਨ :

ੳ) ਪਹਿਲਾ ਬਿਸ਼ਰਾਮ 12 ਮਾਤਰਾਂ ਤੇ ਦੂਜਾ 9 ਮਾਤਰਾਂ ਤੇ ਦੋਵਾਂ ਦੇ ਅੰਤ ਵਿਚ ਗੁਰੂ ਦੀ ਵਰਤੋਂ ਮਿਲਦੀ ਹੈ ਜਿਵੇਂ :-

ਚੋਟ ਦਮਾਮੇ ਪਾਈ, ਦਲਾਂ ਮੁਕਾਬਲਾ।
ਦੇਵੀ ਦਸਤਿ ਨਚਾਈ, ਸੀਹਣਿ ਸਾਰ ਦੀ।[27]

-- ਤੇ ਹੋਰ--

ਰੋਹੈ ਹੋਇ ਬੁਲਾਏ, ਰਾਕਸ ਸੁੰਭ ਨੇ।
ਬਹਿ ਕਰਿ ਮਤੇ ਪਕਾਏ, ਦੇਵੀ ਲਿਆਵਣੀ।[28]

ਅ) ਦੂਸਰਾ ਸਿਰਖੰਡੀ ਛੰਦ ਦਾ ਰੂਪ ਪਹਿਲਾ ਬਿਸ਼ਰਾਮ 12 ਮਾਤਰਾਂ ਤੇ ਦੂਸਰਾ 10 ਮਾਤਰਾਂ ਤੇ ਅੰਤ ਵਿਚ ਗੁਰੂ ਤੇ ਮੱਧ ਵਿਚ ਅਨੁਪ੍ਰਾਸ ਦਾ ਮੇਲ ਵਰਤਿਆ ਗਿਆ ਹੈ ਇਸ ਤਰ੍ਹਾਂ ਕੁਲ 22 ਮਾਤਰਾਂ ਦੀ ਵਰਤੋਂ ਕੀਤੀ ਹੈ :

ਵੱਜੇ ਸੰਗਲੀ ਆਲੇ, ਸੰਘਰਿ ਡੋਹਰੇ।
ਖੇਤ ਡਹੇ ਛੱਤਾਲੇ, ਹਾਠਾਂ ਜੜਿ ਕੈ।
ਨੇਜੇ ਬੰਬ ਲਿਆਲੇ, ਦਿਸਨਿ ਓਰੜੇ।
ਚਲੇ ਜਾਣ ਜਟਾਲੇ, ਨਾਵਣੇ ਗੰਗ ਦੇ।[29]

- ਤੇ ਹੋਰ-

ਸੱਟ ਪਠੀ ਜਮਧਾਣੀ, ਦਲਾਂ ਮੁਕਾਬਲਾ।
ਧੂਹਿ ਲਈ ਕਿਰਪਾਣੀ, ਦੁਰਗਾ ਮਿਆਨ ਤੇ।
ਚੰਡੀ ਰਾਕਸ਼ ਖਾਣੀ, ਵਾਹੀ ਦੈਂਤ ਨੂੰ।
ਕੋਪਰ ਚੂਰਿ ਚੁਵਾਣੀ, ਲੱਥੀ ਕਰਗ ਲੈ।
ਰਣ ਵਿਚ ਘਤੀ ਘਾਣੀ, ਲੋਹੂ ਮਿੱਝ ਦੀ ।
ਚਾਰੇ ਜੁਗ ਕਹਾਣੀ, ਚੱਲਗਿ ਤੇਗ ਦੀ।
ਵਿੱਧਣ ਖੇਤਿ ਵਿਹਾਣੀ, ਮਹਿਖੇ ਦੈਂਤ ਨੌਂ।[30]

ੲ) ਸਿਰਖੰਡੀ ਛੰਦ ਦਾ ਤੀਸਰਾ ਰੂਪ 24 ਮਾਤਰਾਂ ਦਾ ਹੈ ਜਿਸ ਵਿਚ ਪਹਿਲਾ ਬਿਸ਼ਰਾਮ 14 ਮਾਤਰਾਂ ਤੇ ਦੂਜਾ ਬਿਸ਼ਰਾਮ 10 ਮਾਤਰਾਂ ਤੇ ਕੀਤਾ ਗਿਆ ਹੈ। ਇਹ ਛੰਦ ਪਉੜੀ ਰੂਪ ਵਿਚ ਸਾਰੰਗੀ ਮਿਰਦੰਗ ਆਦਿ ਸਾਜ਼ਾਂ ਦੀ ਸਹਾਇਤਾ ਨਾਲ ਗਾਉਣ ਦੀ ਪ੍ਰਥਾ ਰਹੀ ਹੈ। ਜਿਸ ਤਰ੍ਹਾਂ ਤੀਸਰੇ ਰੂਪ ਦੀਆਂ ਉਦਾਹਰਣ ਹੈ :

ਦੇਵੀ ਆਪ ਚਲਾਈਆਂ ਤਕਿ ਤਕਿ ਦਾਨਵਾਂ।
ਲੋਹੂ ਨਾਲ ਡੁਬਾਈਆਂ, ਤੇਗਾਂ ਨੰਗੀਆਂ।
ਸਾਰਸੁਤੀ ਜਣੁ ਨਾਈਆਂ, ਮਿਲ ਕੈ ਦੇਵੀਆਂ।
ਸਭੇ ਮਾਰਿ ਗਿਰਾਈਆਂ, ਅੰਦਰਿ ਖੇਤ ਦੈ।
ਤਿਦੂੰ ਫੇਰਿ ਸਵਾਈਆਂ, ਹੋਈਆਂ ਸੂਰਤਾਂ।[31]

ਇਨ੍ਹਾਂ ਤੋਂ ਇਲਾਵਾਂ ਸਿਰਖੰਡੀ ਛੰਦਾਂ ਦਾ ਜੋ ਵੀ ਰੂਪ ਵਰਤਿਆ ਗਿਆ ਹੈ ਉਹ ਕਿਧਰੇ 1। ਚਰਣਾਂ ਵਾਲਾ ਬਣ ਜਾਂਦਾ ਹੈ ਕਿਧਰੇ 23 ਮਾਤਰਾਂ ਵਾਲਾ ਹੈ ਤੇ 14, 9 ਤੇ ਬਿਸ਼ਾਰਾਮ ਤੇ ਮੱਧ ਅਨੁਪ੍ਰਾਸ ਤੇ ਉੱਥੇ ਦੋ ਗੁਰੂਆਂ ਦੀ ਵਰਤੋਂ ਕੀਤੀ ਹੈ। ਇਤਿਹਾਸਕ ਪੱਖ ਤੋਂ ਇਹ ਪਹਿਲੀ ਮਿਸਾਲ ਹੈ ਜਿਸ ਵਿਚ ਪੰਜਾਬੀ ਸਾਹਿਤ ਦੀ ਰਚਨਾ ਸਿਰਖੰਡੀ ਛੰਦ ਵਿਚ ਹੋਈ ਹੈ। ਇਸ ਨਾਲ ਹੀ ਇਸ ਵਾਰ ਵਿਚ ਮਾਤਰਾਵਾਂ ਦੀ ਗਿਣਤੀ ਤੇ ਚਾਲ ਦੀ ਅਧੀਨਗੀ ਨੂੰ ਕਰੜੀ ਨਾਲ ਲਾਗੂ ਨਹੀਂ ਕੀਤਾ ਗਿਆ। ਇਸ ਕਰਕੇ ਹੀ ਮਾਤਰਾਵਾਂ ਦੀ ਗਿਣਤੀ ਦੀ ਵਾਧ-ਘਾਟ ਵਾਰ ਦੇ ਬਹਿਰ ਤੇ ਵਹਾਉ ਉੱਪਰ ਵਧੇਰੇ ਫ਼ਰਕ ਨਹੀਂ ਪੈਣ ਦੇਂਦੀ, ਭਾਵਾਂ ਦੀ ਜ਼ਿਆਦਾ ਸਹੀ ਅਭਿਵਿਅਕਤੀ ਦੇਣ ਵੱਲ ਰੁਚਿਤ ਹੁੰਦੀ ਹੈ। ਸੋ 'ਚੰਡੀ ਦੀ ਵਾਰ' ਦਾ ਛੰਦ ਵਿਧਾਨ ਵੀਰ ਰਸ ਦੇ ਅਨੁਕੂਲ ਰੂਪ ਵਿਚ ਹੋਇਆ ਹੈ।

ਬਿੰਬ ਵਿਧਾਨ : "Every poetic image, therefore, is to some degree metaphorical."[32]

ਬਿੰਬ ਇਕ ਅਜੇਹੀ ਭਾਸ਼ਾ ਜੁਗਤ ਹੈ ਜਿਸ ਰਾਹੀਂ ਕਵੀ ਵਿਸ਼ੇ ਨੂੰ ਕਲਾਤਮਕ ਢੰਗ ਨਾਲ ਨਿਖਾਰਦਾ ਅਤੇ ਮਾਨਣਯੋਗ ਬਣਾਉਂਦਾ ਹੈ। ਇਸ ਕਾਵਿ ਦਾ ਸੁਹਜ ਵੀ ਹੈ ਤੇ ਵਸਤੂ ਨੂੰ ਸਮਝਾਉਣ ਦੀ ਜੁਗਤ ਵੀ ਹੈ। ਇਹ ਇਕ ਇੰਦ੍ਰਿਆਵੀ ਚਿੱਤਰ ਹੈ ਜੋ ਸਰੋਤੇ ਦੇ ਮਨ ਅੰਦਰ ਸੰਵੇਦਨਾਮਈ ਪ੍ਰਤੱਖਣ ਦਾ ਬੋਧ ਜਗਾਉਂਦਾ ਹੈ।

ਸੰਵੇਦਨਾ ਪ੍ਰਦਾਨ ਕਰਨਾ ਬਿੰਬ ਦਾ ਇਕ ਮੁੱਖ ਕਾਰਜ ਹੈ। ਕਾਵਿ-ਬਿੰਬ ਦਾ ਸੰਬੰਧ ਸਾਡੀਆਂ ਸਾਰੀਆਂ ਗਿਆਨ ਇੰਦ੍ਰੀਆਂ ਨਾਲ ਹੁੰਦਾ ਹੈ ਪਰ ਜੀਵਨ ਵਿਚ ਮੁੱਖ ਤੌਰ ਤੇ ਅੱਖਾਂ ਦਾ ਕਾਰਜ ਪ੍ਰਧਾਨ ਹੁੰਦਾ ਹੈ, ਇਸ ਲਈ ਦ੍ਰਿਸ਼ ਬਿੰਬਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਇਸ ਲਈ, "ਬਿੰਬ ਇਕ ਦ੍ਰਿਸ਼ ਚਿਤਰ, ਸੰਵੇਦਨਾ ਦੀ ਅਨੁਕ੍ਰਿਤੀ, ਇਕ ਵਿਚਾਰ ਇਕ ਮਾਨਸਿਕ ਘਟਨਾ, ਇਕ ਅਲੰਕਾਰ ਜਾਂ ਦੋ-ਤਿੰਨ ਅਨੁਭੂਤੀਆਂ ਦੇ ਤਣਾਉ ਤੋਂ ਬਣੀ ਇਕ ਭਾਵ-ਸਥਿਤੀ, ਕੁਝ ਵੀ ਹੋ ਸਕਦਾ ਹੈ।"[33] ਬਿੰਬ ਕਾਵਿ ਦੀ ਸੁੰਦਰਤਾ ਹੀ ਨਹੀਂ ਵਧਾਉਂਦਾ ਸਗੋਂ ਕਾਵਿ ਦੇ ਭਾਵ ਨੂੰ ਦ੍ਰਿਸ਼ ਬਣਾ ਕੇ ਉਸ ਦਾ ਸੰਚਾਰ ਵੀ ਕਰਦਾ ਹੈ। ਵਰਡਜ਼ ਵਾਰਥ ਨੇ ਕਵਿਤਾ ਨੂੰ ਮਨੁੱਖ ਅਤੇ ਪ੍ਰਕ੍ਰਿਤੀ ਦਾ ਬਿੰਬ ਮੰਨਿਆ ਹੈ।

ਸੋ ਕਵਿਤਾ ਦੀ ਮਹਾਨਤਾ ਤੇ ਜੀਵਨ ਹੀ ਬਿੰਬ-ਨਿਰਮਾਣ ਦੀ ਸ਼ਕਤੀ ਵਿਚ ਬਿੰਬ ਚਾਰ ਵਿਸ਼ੇਸ਼ਗਤ ਸਰੂਪਾਂ ਵਿਚ ਵਿਦਮਾਨ ਹੁੰਦਾ ਹੈ।

ੳ) ਅਨੁਭਵ (Feelings) ਅ) ਭਾਵ (Emotion)

ੲ) ਆਵੇਗ (Passion) ਸ) ਇੰਦ੍ਰੀਅਤਾ (Sensuousness)

ਇਸ ਆਧਾਰ ਤੇ 'ਚੰਡੀ ਦੀ ਵਾਰ' ਵਿਚ ਦ੍ਰਿਸ਼ ਚਿੱਤਰਾਂ, ਸੰਵੇਦਨਾ ਦੇ ਬਿੰਬਾਂ ਦੀ ਵਧੇਰੇ ਝਲਕ ਮਿਲਦੀ ਹੈ। ਇਹ ਚਾਰ ਪੱਧਰਾਂ ਤੇ ਵੀ ਸੰਜੀਵ ਹੁੰਦੇ ਹਨ।

ੳ) ਅਨੁਭਵ ਬਿੰਬ ਸਰੂਪ :- ਚੰਡੀ ਦੀ ਵਾਰ ਵਿਚ ਅਨੁਭਵ ਦਾ ਚਿਤ੍ਰਾਤਮਕ ਪ੍ਰਗਟਾਓ ਪੇਸ਼ ਕੀਤਾ ਗਿਆ ਹੈ ਜੋ 'ਵਾਰ' ਦੀ ਵਿਸ਼ੇਸ਼ਤਾ ਨੂੰ ਦਰਸਾਉਂਦਾ ਹੈ :

ਇਕਤ ਦਿਹਾੜੈ ਆਈ ਨਾਵਣ ਦੁਰਗ ਸ਼ਾਹ।
ਦੇਵੀ ਬ੍ਰਿਥਾ ਸੁਣਾਈ ਆਪਣੇ ਹਾਲ ਦੀ।39।[34]

ਲੀਵਿਸ ਅਨੁਸਾਰ, "ਬਿੰਬ ਵਸਤੂ ਦੀ ਕੇਵਲ ਪੁਨਰ-ਸਿਰਜਨਾ ਹੀ ਨਹੀਂ ਕਰਦਾ, ਸਗੋਂ ਵਸਤੂ ਨੂੰ ਉਸ ਦੇ ਅਨੁਭਵ ਦੇ ਸੰਦਰਭ ਵਿਚ ਉਜਾਗਰ ਵੀ ਕਰਦਾ ਹੈ। ਵਸਤੂ ਨੂੰ ਇਸ ਦੇ ਸੰਬੰਧਾਂ ਵਿਚ ਉਜਾਗਰ ਕਰਨਾ ਇਸ ਦੀ ਪ੍ਰਕਿਰਤੀ ਦਾ ਖਾਸਾ ਹੈ। ਬਿੰਬ ਨਿਰਮਾਣ ਦੀ ਵਿਧੀ ਯਾਦਾਂ ਦੇ ਪ੍ਰਕਰਣ ਵਿਚ ਅਨੁਭਵ ਦੀ ਵਿਆਖਿਆ ਪੇਸ਼ ਕਰਦੀ ਹੈ।" ਇਸ ਅਨੁਭਵ ਬਿੰਬ ਦੀਆਂ ਅਨੇਕਾਂ ਝਲਕੀਆਂ 'ਚੰਡੀ ਦੀ ਵਾਰ' ਵਿਚ ਵਿਦਮਾਨ ਹਨ :

ਪ੍ਰਥਮਿ ਭਗਉਤੀ ਸਿਮਰਕੈ, ਗੁਰੂ ਨਾਨਕ ਲਈ ਧਿਆਇ।
ਅੰਗਦ ਗੁਰੂ ਤੇ ਅਮਰਦਾਸ, ਰਾਮਦਾਸੈ ਹੋਈ ਸਹਾਇ।
ਅਰਜਨ ਹਰਗੋਬਿੰਦ ਨੋ, ਸਿਮਰੌ ਸ੍ਰੀ ਹਰਿ ਰਾਇ।
ਸ੍ਰੀ ਹਰਿ ਕ੍ਰਿਸ਼ਨ ਧਿਆਇਐ, ਜਿਸੁ ਡਿਠੇ ਸਭੁ ਦੁਖੁ ਜਾਇ।
ਤੇਗ ਬਹਾਦੁਰ ਸਿਮਰੀਐ, ਘਰ ਨੌ ਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ।।੧।।[35]

ਇਹ ਅਨੁਭਵ ਦਾ ਹੀ ਬਿਰਤਾਂਤ ਹੈ ਜੋ ਕਵੀ ਦੀਆਂ ਸੰਵੇਦਨਾਵਾਂ ਦਾ ਪ੍ਰਗਟਾਅ ਕਰਦਾ ਹੈ :

ਹੋਈ ਲੋਪ ਭਵਾਨੀ ਦੇਵਾਂ ਰਾਜ ਦੇਇ।
ਫਿਰਿ ਸੁੰਭ ਨਿਸੁੰਭ ਗੁਮਾਨੀ ਜੰਮੇ ਸੂਰਮੇ।
ਈਸਰ ਦੀ ਬਰਦਾਨੀ, ਹੋਈ ਜਿਤੁ ਦਿਨ।
ਇਦ੍ਰ ਦੀ ਰਾਜਧਾਨੀ ਤੱਕੀ ਜਿੱਤਣੀ।।੨੧।।[36]

(ਅ) ਭਾਵ ਬਿੰਬ ਸਰੂਪ :- ਭਾਵ ਨੂੰ ਅਭਿਵਿਅਕਤ ਕਰਨਾ ਅਤੇ ਸੰਚਾਰ ਯੋਗ ਬਣਾਉਣਾ ਹੀ ਹਰ ਰਚਨਾਕਾਰ ਦਾ ਪ੍ਰਮੁਖ ਕਾਰਜ ਹੈ। ਭਾਵਾਂ ਦੀ ਗਹਿਰ ਗੰਭੀਰਤਾ ਅਤੇ ਗੂੜ੍ਹ ਅਰਥਾਂ ਤੱਕ ਪਹੁੰਚ ਸਾਧਾਰਨ ਪ੍ਰਸਤੁਤੀ ਦੁਆਰਾ ਸੰਭਵ ਨਹੀਂ ਹੋ ਸਕਦੀ। ਇਸ ਲਈ ਰਚਨਾਕਾਰ, ਰੂਪਕਾਂ/ਬਿੰਬਾਂ ਦੇ ਮਾਧਿਅਮ ਦੀ ਵਰਤੋਂ ਕਰਦਾ ਹੈ ਕਿਉਂਕਿ ਭਾਵ ਤੇ ਬਿੰਬ ਦਾ ਸੰਬੰਧ ਬਹੁਤ ਨਿਕਟ ਹੈ। 'ਚੰਡੀ ਦੀ ਵਾਰ' ਦੇ ਰਚਨਾਹਾਰ ਨੇ ਬਿੰਬਾਂ ਰਾਹੀਂ ਆਪਣੇ ਭਾਵ ਪ੍ਰਗਟਾਏ ਹਨ। ਐਜ਼ਰਾ ਪਾਊਂਡ ਅਨੁਸਾਰ "ਬਿੰਬ ਇਕ ਛਿਣ ਵਿਚ ਬੌਧਿਕ ਤੇ ਭਾਵਾਤਮਕ ਵਿਚਾਰਾਂ ਨੂੰ ਪ੍ਰਗਟ ਕਰ ਜਾਂਦਾ ਹੈ।"[37] ਭਾਵ ਬਿੰਬ ਦੀ ਸਹਿਜ ਉੱਤਪਤੀ ਦਾ ਮੂਲ ਆਧਾਰ ਹੈ ਅਤੇ ਬਿੰਬ ਦੀ ਉੱਤਪਤੀ ਭਾਵਾਂ ਤੇ ਵਿਚਾਰਾਂ ਨਾਲ ਹੀ ਸਜੀਵ ਹੁੰਦੀ ਹੈ । 'ਚੰਡੀ ਦੀ ਵਾਰ' ਵਿਚ 'ਬੀਰ ਰਸੀ' ਭਾਵਾਂ ਨੂੰ ਸੰਪੰਨ ਕਰਨ ਲਈ ਭਾਵ ਬਿੰਬ ਦੀ ਸਿਰਜਣਾ ਕੀਤੀ ਹੈ ਜਿਸ ਦੇ ਫਲਸਰੂਪ ਭੈ, ਅਸਚਰਜਤਾ, ਕ੍ਰੋਧ ਆਦਿ ਭਾਵਾਂ ਦੀ ਅਨੁਭੂਤੀ ਹੁੰਦੀ ਹੈ :

ਰੋਹੇ ਹੋਈ ਕਾਲਿਕਾ, ਹਥਿ ਖੱਬੈ ਲੈ ਤਰਵਾਰ ਕਉ।
ਪੈਦਲ ਮਾਰੇ ਹਾਥੀਆਂ, ਸੰਗਿ ਰਥ ਗਿਰੇ ਅਸਵਾਰ ਕਉ।
ਸੋਹਨਿ ਸੇਜਾਂ ਬਾਗੜਾਂ, ਜਣੁ ਲੱਗੇ ਫੁੱਲ ਅਨਾਰ ਕਉ।
ਏਦੂੰ ਪਾਰੋਂ ਓਤ ਪਾਰ, ਹਣਿ ਰਾਕਸ ਕਈ ਹਜਾਰ ਕਉ।[38] *(ਅਸਚਰਜਤਾ)*

(ੲ) ਆਵੇਗ ਬਿੰਬ ਸਰੂਪ : ਰਚਨਾਕਾਰ ਭਾਵਾਂ ਦੇ ਆਵੇਗ ਤੋਂ ਮੁਕਤ ਨਹੀਂ ਰਹਿ ਸਕਦਾ। ਸੁਚੇਤ ਜਾਂ ਅਚੇਤ ਰੂਪ ਵਿਚ ਰਚਨਾਕਾਰ ਆਪਣੇ ਆਪ ਦੀ ਅਭਿਵਿਅਕਤੀ, ਦੂਜਿਆਂ ਦੀਆਂ ਭਾਵਨਾਵਾਂ ਨਾਲ ਸੰਬੰਧਿਤ ਕਰਕੇ ਪੇਸ਼ ਕਰ ਜਾਂਦਾ ਹੈ। ਇਸ ਸਥਿਤੀ ਵਿਚ ਇਹ ਆਵੇਗਮਈ ਹੁੰਦਾ ਹੈ ਇਸ ਸਮੇਂ ਦੇ ਬਿੰਬ ਵੀ ਆਵੇਗਮਈ ਬਿੰਬ ਹੁੰਦੇ ਹਨ। ਕਾਲਰਿਜ ਅਨੁਸਾਰ, "ਬਿੰਬ ਕਿੰਨਾ ਵੀ ਸੁੰਦਰ ਕਿਉਂ ਨਾ ਹੋਵੇ ਉਹ ਕਵੀ ਦੀ ਸ਼ਕਤੀਸ਼ਾਲੀ ਵਾਸਨਾ ਜਾਂ ਆਵੇਗ ਉਸ ਨਾਲ ਸੰਯੁਕਤ ਨਹੀਂ ਹੁੰਦਾ ਉਹ ਕਵੀ ਦੀ ਵਿਸ਼ੇਸ਼ਤਾ ਪ੍ਰਗਟ ਨਹੀਂ ਕਰ ਸਕਦਾ।"[39] ਇਸ ਪ੍ਰਸੰਗ ਵਿਚ 'ਚੰਡੀ ਦੀ ਵਾਰ' ਦੀ ਵਿਸ਼ੇਸ਼ਤਾ ਵੀ ਇਸ ਗੱਲ ਵਿਚ ਹੈ ਕਿ ਇਸ ਦਾ ਪ੍ਰਾਰੰਭ ਅਜੇਹੇ ਮੰਗਲਾਚਰਣ ਨਾਲ ਕੀਤਾ ਗਿਆ ਹੈ ਜਿਸ ਵਿਚ ਰਚਨਾਕਾਰ ਦੀ ਆਵੇਗ ਦੀ ਸਥਿਤੀ ਪ੍ਰਗਟ ਹੁੰਦੀ ਹੈ ਜੋ ਰਚਨਾ ਦੀ ਵਿਸ਼ਿਸ਼ਟਾ ਵੀ ਸਿੱਧ ਕਰਦੀ ਹੈ। ਇਹ ਪਹਿਲੀਆਂ ਦੋ ਪਉੜੀਆਂ ਵਿਚ ਹੀ ਆਪਣੇ ਸਿਖਰ ਤੇ ਹੈ :

ਪ੍ਰਥਮਿ ਭਗਉਤੀ ਸਿਮਰਕੈ ਗੁਰੂ ਨਾਨਕ ਲਈ ਧਿਆਇ।

.....

ਬਡੇ ਬਡੇ ਮੁਨਿ ਦੇਵਤੇ, ਕਈ ਜੁੱਗ ਤਿਨੀ ਤਨ ਤਾਇਆ।
ਕਿਨੈ ਤੇਰਾ ਅੰਤ ਨਾ ਪਾਇਆ।[40]

ਇਸ ਆਵੇਗ ਦੀ ਸੰਪੂਰਨਤਾ ਤੇ ਨਿਰਣਾਇਕਤਾ ਇਸ ਰਚਨਾ ਦੀ ਅੰਤਮ ਪਉੜੀ ਵਿਚੋਂ ਵੀ ਮਿਲਦੀ ਹੈ ਇਸ ਵਿਚ ਰਚਨਾਕਾਰ ਨੇ ਆਪਣਾ ਫੈਸਲਾ ਆਵੇਗਮਈ ਬਿੰਬਾਵਲੀ ਵਿਚ ਦਿੱਤਾ ਹੈ :

ਸਿਰ ਪਰ ਛਤ੍ਰ ਫਿਰਾਇਆ, ਰਾਜੇ ਇੰਦ੍ਰ ਦੇ।
ਚਉਦੀ ਲੋਕੀਂ ਛਾਇਆ, ਜਗੁ ਜਗਮਾਤ ਦਾ।
ਦੁਰਗਾ ਪਾਠ ਬਣਾਇਆ, ਸਭੇ ਪਉੜੀਆਂ।
ਫੇਰਿ ਨਾ ਜੂਨੀ ਆਇਆ, ਜਿਨਿ ਇਹ ਗਾਇਆ।[41]

ਇਹ ਰਚਨਾਕਾਰ ਦੀ ਆਵੇਗਮਈ ਮਿੱਥ ਹੀ ਹੈ, ਜੋ ਕਵੀ ਦੀ ਨਿਸ਼ਚਤਤਾ ਨੂੰ ਦਰਸਾਉਂਦੀ ਏ। ਇਸ ਨਾਲ ਹੀ ਇਹ ਮਨੁੱਖ ਦੇ ਅਜੂਨੀ ਭਾਵ ਮੁਕਤ ਹੋਣ ਵੱਲ ਵੇਗਮਈ ਸੰਕੇਤ ਵੀ ਹੈ।

(ਸ) ਇੰਦ੍ਰੀਅਤਾ ਬਿੰਬ ਸਰੂਪ : ਬਿੰਬ ਦਾ ਇਹ ਸਰੂਪ ਕਾਵਿ ਰਚਨਾ ਨੂੰ ਸਾਧਾਰਨਤਾ ਦੀ ਪੱਖ ਤੋਂ ਉੱਚਾ ਚੁੱਕ ਕੇ ਵਿਸ਼ੇਸ਼ਤਾ ਪ੍ਰਦਾਨ ਕਰਦਾ ਹੈ। ਇਹ ਇੰਦ੍ਰੀਅਤਾ ਬਿੰਬ ਜ਼ਰੂਰੀ ਨਹੀਂ ਦ੍ਰਿਸ਼ ਦਾ ਹੀ ਵਰਣਨ ਕਰੇ ਸਗੋਂ ਗਿਆਨ ਇੰਦ੍ਰੀ ਨਾਲ ਵੀ ਸੰਬੰਧਿਤ ਹੁੰਦਾ ਹੈ। ਜਿਥੇ ਦ੍ਰਿਸ਼ ਇੰਦ੍ਰੀ ਦਾ ਵਿਉਪਾਰ ਸਾਡੇ ਜੀਵਨ ਨਾਲ ਰਹਿੰਦਾ ਹੈ ਉਥੇ ਕਾਵਿ ਵਿਚ ਇਹ ਕਈ ਵਾਰ ਕਵੀ ਦੀ ਸੰਵੇਦਨਸ਼ੀਲ ਦੇ ਫਲਸਰੂਪ ਅਨੁਭਵ ਵਿਸ਼ੇਸ਼ ਭਾਵਨਾ ਤੇ ਆਵੇਗ ਦੇ ਕਾਰਨ ਗਿਆਨ-ਮੂਲਕ ਬਣਾ ਜਾਂਦਾ ਹੈ। 'ਚੰਡੀ ਦੀ ਵਾਰ' ਵਿਚ ਵੀ ਕਵੀ ਨੇ ਉਤੇਜਨਾ, ਤੀਬਰਤਾ, ਨਵੀਨਤਾ ਤੇ ਤਾਜ਼ਗੀ ਦਾ ਮਿਥਿਕ ਕਥਾ ਦੇ ਪ੍ਰਸੰਗ ਵਿਚ ਉਸ ਸਮੇਂ ਦੀ ਜਨਤਾ ਦਾ ਰਿਸ਼ਤਾ ਜੋੜਿਆ ਹੈ ਜਿਸ ਕਰਕੇ ਨਿਸਲ ਹੋਈ ਲੋਕਾਈ ਵਿਚ ਉਪਜਾਊ ਤੇ ਕ੍ਰਿਆਸ਼ੀਲ ਗੁਣ ਪੈਦਾ ਹੋਣ ਤੇ ਇਸ ਦਾ ਉਚਿਤ ਪ੍ਰਭਾਵ ਬਣੇ। ਧਾਰਮਿਕ ਬਿਰਤੀ ਦੇ ਸਿੱਟੇ ਵਜੋਂ ਹੀ ਮਿਥਿਕ ਕਥਾ ਨੂੰ ਕਾਵਿ ਸ਼ੈਲੀ ਵਿਚ ਢਾਲ ਕੇ ਪੇਸ਼ ਕੀਤਾ ਹੈ ਤੇ ਇਸ ਵਿਚ ਪਾਠਕੀ/ਸ੍ਰੋਤੇ ਦਾ ਨਾਇਕਾ ਨਾਲ ਅਲੰਬਣ ਪੈਦਾ ਕੀਤਾ ਹੈ ਜੋ ਇੰਦ੍ਰੀਆਵੀ ਭਾਵਾਂ ਦੀ ਕਿਰਿਆ ਸੰਪੰਨ ਕਰਦਾ ਹੈ। ਜਦੋਂ ਸ਼੍ਰੋਤਾਂ/ਪਾਠਕ ਇਸ ਟੈਕਸਟ ਦਾ ਅਧਿਐਨ ਕਰਦਾ ਹੈ ਤਾਂ ਉਸ ਵਿਚ ਵੀ ਉਤਸ਼ਾਹ, ਹੌਸਲਾ ਤੇ ਸ਼ਕਤੀ ਵਿਦਮਾਨ ਹੋਣ ਲੱਗਦੀ ਹੈ। 'ਚੰਡੀ ਦੀ ਵਾਰ' ਵਿਚ ਪੇਸ਼ ਕੀਤਾ 'ਮਹਾਤਮ' ਇਸ ਦੀ ਗਵਾਹੀ ਹੈ ਅਤੇ ਦੋਹਰਾ ਵੀ :-

ਚੋਟ ਦਮਾਮੇ ਪਾਈ ਦਲਾਂ ਮੁਕਾਬਲਾ।
ਦੇਵੀ ਦਸਤਿ ਨਚਾਈ, ਸੀਹਣਿ ਸਾਰ ਦੀ।
ਪੇਟਿ ਮਿਲੇ ਦੇ ਲਾਈ, ਮਹਿਖੇ ਦੈਤ ਨੂੰ।
ਮੁਰਦੇ ਆਂਦਾਂ ਖਾਈਂ, ਨਾਲੇ ਰੁੱਕੜੇ।
ਲੈਂਦੀ ਅਘਾਂ ਸਿਧਾਈ, ਫ਼ਿਫ਼ਰ ਕਾਲਜਾ।
ਜੇਹੀ ਦਿਲ ਵਿਚ ਆਈ, ਕਹੀ ਸੁਣਾਇ ਕੈ,
ਚੋਟੀ ਜਾਣੁ ਦਿਖਾਈ, ਤਾਰੇ ਧੂਮ ਕੇਤਿ ॥10॥[42]

ਇੰਜ ਬਿੰਬਾਂ ਦੀ ਸੁੰਦਰ ਤੇ ਪ੍ਰਭਾਵਸ਼ਾਲੀ ਵਰਤੋਂ ਕਰਕੇ ਉਚੇਰੇ ਤੇ ਕਲਾਤਮਕ ਕਾਵਿ ਦੀ ਸ੍ਰੇਸ਼ਠਤਾ ਨਿਰਧਾਰਿਤ ਕੀਤੀ ਮਿਲਦੀ ਹੈ ਜੋ ਪ੍ਰਤੱਖ, ਸਮ੍ਰਿਤੀ ਅਤੇ ਕਲਪਿਤ, ਬਿੰਬਾਂ ਰਾਹੀਂ ਸੰਪੰਨ ਹੋਈ ਮਿਲਦੀ ਹੈ।

ਪ੍ਰਤੀਕ ਜੁਗਤ : ਪ੍ਰਤੀਕ ਇਕ ਵਸਤੂ ਹੈ, ਜੋ ਸੰਬੰਧ, ਸਾਂਝ ਜਾਂ ਰੂੜੀ ਦੇ ਆਧਾਰ ਤੇ ਕਿਸੇ ਹੋਰ ਵਸਤੂ ਦਾ ਸੁਝਾਉ ਦੇਂਦੀ ਹੈ। ਇਹ ਸਮਾਨਤਾ ਅਚੇਤ/ਸੁਚੇਤ ਦੋਹਾਂ ਰੂਪਾਂ ਵਿਚ ਹੋ ਸਕਦੀ ਹੈ। ਐਨਸਾਈਕਲੋਪੀਡੀਆ 'ਬ੍ਰਿਟੈਨਿਕਾ' ਵਿਚ ਅਮੂਰਤ ਦੇ ਮੂਰਤ ਰਾਹੀਂ ਪ੍ਰਗਟਾਉਣ ਨੂੰ ਪ੍ਰਤੀਕ ਦਸਿਆ ਗਿਆ ਹੈ। ਦ੍ਰਿਸ਼ ਵਸਤੂ ਦਾ ਪ੍ਰਤੀਕ, ਸਮਾਨਤਾ ਦੇ ਆਧਾਰ ਤੇ ਸਾਡੇ ਮਨ ਦੇ ਸਾਹਮਣੇ ਅਦ੍ਰਿਸ਼ ਵਸਤੂ ਨੂੰ ਪੇਸ਼ ਕਰ ਜਾਂਦਾ ਹੈ। The term (symbol) given to a visible object representing to the mind the semblance of something which is not shown but realized by association with it. This is conveyed by the idea usually associated with the symbol.'[43] ਇੰਜ ਹੀ ਰੈਨੇ ਵੈਲਕ ਅਨੁਸਾਰ ਸਾਹਿਤ ਸਿਧਾਂਤ ਵਿਚ ਪ੍ਰਤੀਕ ਦਾ ਭਾਵ ਹੈ : ਇਕ ਅਜੇਹੀ ਵਸਤੂ ਜੋ ਕਿਸੇ ਹੋਰ ਵਸਤੂ ਵੱਲ ਸੰਕੇਤ ਕਰਦੀ ਹੈ ਪਰ ਨਾਲ ਹੀ ਪ੍ਰਸਤੁਤੀਕਰਣ ਦੇ ਰੂਪ ਵਿਚ ਉਸ ਦੇ ਆਪਣੇ ਸਰਪ

ਵੱਲ ਧਿਆਨ ਦੇਣ ਦੀ ਵੀ ਲੋੜ ਹੁੰਦੀ ਹੈ।

'ਚੰਡੀ ਦੀ ਵਾਰ' ਵਿਚ ਪ੍ਰਤੀਕ ਜੁਗਤ ਦੀ ਬਹੁ-ਪੱਖੀ ਵਰਤੋਂ ਕੀਤੀ ਗਈ ਹੈ ਜਿਸ ਕਰਕੇ ਇਹ ਵਿਸ਼ਵ-ਵਿਆਪੀ ਤੋਂ ਤੁਰਦੀ ਸਥਾਨਕ, ਪਰੰਪਰਾਗਤ ਅਧਿਆਤਮਕ, ਇਤਿਹਾਸਕ/ਮਿਥਿਹਾਸਕ ਪੜਾਵਾਂ ਤੋਂ ਗੁਜ਼ਰਦੀ ਵਿਅਕਤੀਗਤ ਪਹੁੰਚ ਤੱਕ ਆਉਂਦੀ ਹੈ ਜਿਸ ਦਾ ਪ੍ਰਭਾਵ ਭਾਰਤੀ ਮੱਧਕਾਲੀਨੀ ਲੋਕ-ਧਾਰਾ ਉੱਤੇ ਸਪਸ਼ਟ ਨਜ਼ਰ ਆਉਂਦਾ ਹੈ।

'ਚੰਡੀ ਦੀ ਵਾਰ' ਵਿਚ ਵਿਸ਼ਵ-ਵਿਆਪੀ ਪ੍ਰਤੀਕਾਂ ਵਿਚ ਭਗਉਤੀ ਨੂੰ ਸ਼ਕਤੀ, ਸੀਹਣੀ (ਸ਼ੇਰਨੀ, ਫੌਲਾਦੀ) ਖੜਗ, ਤਲਵਾਰ, ਖੰਡਾ, ਕਿਰਪਾਨੀ, ਭਵਾਨੀ ਦੁਰਗਾ, ਦੁਰਗਾਸਾਹ, ਰਾਵੀ ਕਾਲਿਕਾ, ਚੰਡਿ, ਸਰਬਲੋਹ ਤਰਵਾਰ ਰੂਪਾਂ ਵਿਚ ਵਰਤਿਆ ਗਿਆ ਹੈ। ਸ਼ੇਰ ਸ਼ਕਤੀ ਦਾ ਪ੍ਰਤੀਕ ਹੈ, ਤਲਵਾਰ ਵੀ ਸ਼ਕਤੀ ਦੀ ਨਿਸ਼ਾਨੀ ਹੈ।

ਮਾਰਕੰਡੇ ਪੁਰਾਣ ਦੀ ਕਥਾ ਦਾ ਪੁਨਰ ਸਿਰਜਣ ਵੀ ਸਥਾਨਕ ਪ੍ਰਤੀਕਾਂ ਵਿਚ ਪੁਨਰ ਸੁਰਜੀਤ ਕੀਤਾ ਗਿਆ ਹੈ। ਬ੍ਰਹਮਾ, ਬਿਸ਼ਨੁ ਮਹੇਸ਼, ਰਾਮ, ਕ੍ਰਿਸ਼ਨ, ਕੰਸ ਸਥਾਨਕ ਪ੍ਰਤੀਕਾਂ ਦੇ ਪ੍ਰਤੀਨਿਧ ਪਾਤਰ ਸਿਰਜੇ ਹਨ। ਖਲਨਾਇਕ ਪਾਤਰਾਂ ਵਿਚ ਸੁੰਭ/ਨਿਸੁੰਭ ਮਹਿਖਾਸੁਰ ਵੀ ਇਸੇ ਪੱਧਤੀ ਦੇ ਪ੍ਰਤੀਕ ਹਨ। ਪਰੰਪਰਾਗਤ ਪ੍ਰਤੀਕਾਂ ਵਿਚ ਖੰਡਾ (ਤਲਵਾਰ/ਤਰਵਾਰ), ਗਗਨ, ਕੈਲਾਸ਼, ਇੰਦਰ, ਨਗਾਰੇ, ਚਮੁੱਟੇ ਆਵਲੇ, ਪੀਤੇ ਲੋਟਨਿ ਬਾਵਲੇ, ਉਖਲੀਆਂ ਨਾਸਾਂ, ਆਲੇ, ਬਿੱਜ ਆਦਿ ਸ਼ਬਦ ਪਰੰਪਰਾਗਤ ਪ੍ਰਤੀਕ ਹਨ ਜੋ ਕਿਸੇ ਵੀ ਵਾਰ ਦੀ ਖ਼ੂਬੀ ਤੇ ਸੁਹਜ ਸਮਰੱਥਾ ਨੂੰ ਪ੍ਰਗਟਾਉਣ ਤੇ ਵਧਾਉਣ ਦਾ ਕਾਰਜ ਕਰਦੇ ਹਨ। 'ਚੰਡੀ ਦੀ ਵਾਰ' ਦੀ ਸਾਰੀ ਕਥਾ ਹੀ ਇਤਿਹਾਸਕ/ਮਿਥਿਹਾਸਕ ਬਿਰਤਾਂਤ ਤੇ ਉਸਰੀ ਹੋਣ ਸਦਕਾ ਇਨ੍ਹਾਂ ਦੀਆਂ ਘਟਨਾਵਾਂ ਨੂੰ ਵਿਸ਼ੇਸ਼ ਅਰਥਾਂ ਵਿਚ ਵਰਤਿਆ ਹੈ। ਇੰਜ 'ਚੰਡੀ ਦੀ ਵਾਰ' ਵਿਚਲਾ ਪ੍ਰਤੀਕ ਜੁਗਤ ਸਰੂਪ ਸੂਖਮ ਭਾਵਾਂ ਨੂੰ ਅਭਿਵਿਅਕਤ ਕਰਨ ਵਿਚ ਪੂਰੀ ਤਰ੍ਹਾਂ ਸਹਾਈ ਹੋਇਆ ਹੈ। ਜਿਸ ਨਾਲ ਸਿਰਜਨਾਤਮਕ ਅਭਿਵਿਅਕਤੀ ਦੀਆਂ ਨਵੀਂ ਜੁਗਤਾਂ ਤੇ ਨਵੇਂ ਅਰਥਾਂ ਦੀ ਤਾਜ਼ਗੀ ਤੇ ਪ੍ਰਗਟਾਓ ਦੀ ਨਵੀਨਤਾ ਪੈਦਾ ਹੋਈ ਹੈ। ਮੱਧਕਾਲੀ ਬੀਰ-ਕਾਵਿ ਸਾਹਿਤ ਦੀ ਸਭ ਤੋਂ ਪ੍ਰਮੁਖ ਤੇ ਸ਼ਕਤੀਸ਼ਾਲੀ ਰਚਨਾ ਮੰਨੀ ਗਈ ਹੈ। ਇਸ ਲਈ "In Symbols there is both concealment and revelation."[44]

ਅਲੰਕਾਰ ਜੁਗਤ : ਅਲੰਕਾਰ ਕਾਵਿ ਭਾਸ਼ਾ ਦੀ ਕੁਝ ਵਿਸ਼ੇਸ਼ ਸਮੱਰਥਾ ਦਾ ਨਿਰਮਿਤ ਰੂਪ ਹੈ। ਇਹ ਅਜੇਹੀ ਸਹਾਇਕ ਜੁਗਤ ਹੈ ਜਿਸ ਨਾਲ ਕਵਿਤਾ ਦੀ ਖ਼ੂਬਸੂਰਤੀ ਵਿਚ ਵਾਧਾ ਹੁੰਦਾ ਹੈ। ਇਹ ਸ਼ਬਦ ਰੂਪੀ ਗਹਿਣੇ ਹਨ ਜੋ ਕਾਵਿ ਨੂੰ ਸਜਾਉਣ ਅੰਤੇ ਪ੍ਰਭਾਵ ਵਸਾਉਣ ਦਾ ਕਾਰਜ ਕਰਦੇ ਹਨ। ਕਾਵਿ ਨੂੰ ਸਜਾਉਣ ਦਾ ਕਾਰਜ ਕਰਨ ਵਾਲੇ ਸ਼ਬਦ, ਭਾਵੇ ਅਲੰਕਾਰ ਤਿੰਨ ਵਰਗਾਂ ਦੇ ਪ੍ਰਮੁਖ ਮੰਨੇ ਜਾਂਦੇ ਹਨ :

1. ਸ਼ਬਦ ਅਲੰਕਾਰ
2. ਅਰਥ ਅਲੰਕਾਰ
3. ਸ਼ਬਦਾਰਥ ਅਲੰਕਾਰ

1). ਸ਼ਬਦ ਅਲੰਕਾਰ : ਇਹ ਸ਼ਬਦਾਂ ਤੇ ਨਿਰਭਰ ਕਰਦੇ ਹਨ ਤੇ ਸ਼ਬਦਾਂ ਰਾਹੀਂ ਹੀ ਕਾਵਿ ਚਮਤਕਾਰ ਸਿਰਜਿਆ ਜਾਂਦਾ ਹੈ। 'ਚੰਡੀ ਦੀ ਵਾਰ' ਵਿਚ ਇਨ੍ਹਾਂ ਦੀ ਵਰਤੋਂ ਆਮ ਕੀਤੀ ਗਈ ਹੈ।

ਬੀਰ ਪਰੋਤੇ ਬਰਛੀਏ ਜਣ ਡਾਲਿ ਚਮੁੱਟੇ ਆਵਲੇ।
ਇਕ ਵੱਢੇ ਤੇਗੀ ਤੜਫੀਅਨ, ਮਦ ਪੀਤੇ ਲੋਟਨਿ ਬਾਵਲੇ।
ਇਕ ਚੁਣ ਚੁਣ ਝਾੜਉ, ਕਢੀਅਤ ਰੇਤ ਵਿਚੋਂ ਸੁਇਨਾ ਡਾਵਲੇ।
ਗਦਾ ਤ੍ਰਿਸੂਲਾ ਬਰਛੀਆ, ਤੀਰ ਵੱਗਨ ਖਰੇ ਉਤਾਵਲੇ।
ਜਣ ਡਸੇ ਭੁਜੰਗਮ ਸਾਵਲੇ।[45]

ਅਨੁਪ੍ਰਾਸ : ਇਸ ਸ਼ਬਦ ਅਲੰਕਾਰ ਵਿਚ ਇਕ ਅੱਖਰ/ਵਿਅੰਜਨ ਨੂੰ ਬਾਰ-ਬਾਰ ਦੁਹਰਾਇਆ ਜਾਂਦਾ ਹੈ ਜੋ ਇਕ ਪੰਕਤੀ ਵਿਚ ਸ਼ੁਰੂ ਮੱਧ ਜਾਂ ਅਖੀਰ ਵਿਚ ਹੋ ਸਕਦਾ ਹੈ। 'ਚੰਡੀ ਦੀ ਵਾਰ' ਵਿਚ ਵੀ ਅਨੁਪ੍ਰਾਸ ਅਲੰਕਾਰਾਂ ਰਾਹੀਂ ਕਾਵਿ-ਚਮਤਕਾਰ ਪੈਦਾ ਕੀਤਾ ਗਿਆ ਹੈ :

ਸਾਧੂ ਸਤਿਜੁਗ ਬੀਤਿਆ, ਅਧਸੀਲੀ ਤ੍ਰੇਤਾ ਆਇਆ।

– ਤੇ ਹੋਰ–

ਮਾਰੇ ਚੰਡ ਪ੍ਰਚੰਡ ਨੈ ਬੀਰ ਖੇਤ ਉਤਾਰੇ।
ਮਾਰੇ ਜਾਪਨ ਬਿਜੁਲੀ ਸਿਰ ਭਾਰ ਮੁਨਾਰੇ।[46]

ਯਮਕ : ਇਸ ਸ਼ਬਦ ਅਲੰਕਾਰ ਵਿਚ ਸ਼ਬਦ ਦਾ ਦੁਹਰਾਓ ਹੁੰਦਾ ਹੈ ਜਿਨ੍ਹਾਂ ਦੇ ਅਰਥ ਭਿੰਨ੍ਹ ਭਿੰਨ੍ਹ ਹੋ ਸਕਦੇ ਹਨ। 'ਚੰਡੀ ਦੀ ਵਾਰ' ਵਿਚ ਇਸ ਦਾ ਅਭਾਵ ਹੀ ਰਿਹਾ ਹੈ।

2) **ਅਰਥ ਅਲੰਕਾਰ** : ਅਰਥ ਅਲੰਕਾਰ ਦੀਆਂ ਕਈ ਕਿਸਮਾਂ ਮੰਨੀਆਂ ਗਈਆਂ ਹਨ ਕੁਝ ਸਮਾਨਤਾ ਦੇ ਆਧਾਰ ਤੇ ਕੁਝ ਵਿਰੋਧ, ਸ਼ਿਖਲਾ ਨਿਆਇ ਤੇ ਗੂੜ ਅਰਥ ਦੇ ਆਧਾਰ ਤੇ। ਇਨ੍ਹਾਂ ਦੇ ਪ੍ਰਮੁਖ ਰੂਪ ਹਨ :

ਉਪਮਾ : (Simile) ਇਸ ਦੀ ਪਛਾਣ ਇਹ ਹੈ ਕਿ ਉਪਮਾਨ (ਜਿਸ ਨਾਲ ਤੁਲਨਾ ਕੀਤੀ ਜਾਵੇ) ਅਤੇ ਉਪਮੇਯ (ਜਿਸ ਦੀ ਤੁਲਨਾ ਕੀਤੀ ਜਾਵੇ) ਵਿਚ ਸਾਂਝੇ ਗੁਣ (ਧਰਮ) ਕਾਰਣ ਸਮਾਨਤਾ ਦਿੱਸਦੀ ਹੈ :

ਸੀਹਾਂ ਵਾਂਗੂੰ ਗੱਜਨ ਸਭੇ ਸੂਰਮੇ।
ਤਣ ਤਣ ਕੈਬਰ ਛੱਡਨ ਦੁਰਗਾ ਸਾਹਮਣੇ।[47]

ਇਨ੍ਹਾਂ ਵੀ 'ਸੀਹ' ਉਪਮਾਨ ਹੈ ਤੇ 'ਸੂਰਮੇ' ਉਪਮੇਯ ਦੇ ਰੂਪ ਵਿਚ ਚਿਤਰੇ ਗਏ ਹਨ। ਇਸ ਤਰ੍ਹਾਂ ਲਗਭਗ ਸਾਰੀਆਂ ਪਉੜੀਆਂ ਵਿਚ ਇਸ ਤਰ੍ਹਾਂ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ।

ਰੂਪਕ : (Metaphor) ਇਸ ਅਲੰਕਾਰ ਵਿਚ ਉਪਮਾਨ ਤੇ ਉਪਮੇਯ ਇਕ ਰੂਪ ਹੀ ਦਿਖਾਈ ਦੇਣ ਲੱਗਦੇ ਹਨ ਤਾਂ ਰੂਪਕ ਅਰਥ ਅਲੰਕਾਰ ਨਾਲ ਕਾਵਿ ਚਮਤਕਾਰ ਪੈਦਾ ਹੋ ਜਾਂਦਾ ਹੈ। 'ਚੰਡੀ ਦੀ ਵਾਰ' ਵਿਚ ਦ੍ਰਿਸ਼ ਚਿਤਰਣ ਵੇਲੇ ਰੂਪਕ ਅਲੰਕਾਰ ਦੀ ਸਹਾਇਤਾ ਲਈ ਗਈ ਹੈ, ਜਿਸ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ :

ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ।
ਉਖਲੀਆਂ ਨਾਸਾਂ ਜਿਨਾ ਮੁਹਿ ਜਾਪਣ ਆਲੇ।[48]

- ਤੇ ਹੋਰ-

ਲੋਹੂ ਨਾਲਿ ਡੁਬਾਈਆਂ ਤੇਗਾਂ ਨੰਗੀਆਂ।
ਸਾਰਸੁਤੀ ਜਣੁ ਨਾਈਆਂ, ਮਿਲ ਕੈ ਦੇਵੀਆਂ।[49]

- ਤੇ ਹੋਰ -

ਦਾਨ ਦੇਉ ਅਨਾਗੀ ਸੰਘਰੁ ਰੱਚਿਆ।
ਫੁੱਲ ਖਿੜੇ ਜਣ ਬਾਗੀ ਬਾਣੇ ਜੋਧਿਆ।
ਭੂਤਾਂ ਇੱਲਾਂ ਕਾਗੀ ਗੋਸਤੁ ਭੱਖਿਆ।
ਹੁਮੜ ਧੁਮੜ ਜਾਗੀ ਘੱਤੀ ਸੂਰਿਆ॥ 24।[50]

ਅਤਿਕਥਨੀ : (Hyperbole) ਜਦੋਂ ਕਿਸੇ ਗੱਲ ਨੂੰ ਵਧਾ ਚੜਾ ਕੇ ਬਿਆਨ ਕੀਤਾ ਜਾਂਦਾ ਹੈ ਤਾਂ ਅਤਿਕਥਨੀ ਅਲੰਕਾਰ ਦਾ ਚਮਤਕਾਰ ਪੈਦਾ ਹੋ ਜਾਂਦਾ ਹੈ ਜਿਸ ਨਾਲ ਕਾਵਿ ਦੀ ਸੁਹਜਾਤਮਕ ਕੀਮਤ ਵੱਧ ਜਾਂਦੀ ਹੈ। 'ਚੰਡੀ ਦੀ ਵਾਰ' ਵਿਚ ਵੀ ਅਤਿਕਥਨੀ ਅਲੰਕਾਰ ਦੀਆਂ ਮਿਸਾਲਾਂ ਮਿਲਦੀਆਂ ਹਨ :

ਉਖਲੀਆਂ ਨਾਸਾਂ ਜਿਨਾਂ ਮੁਹਿ ਜਾਪਨ ਆਲੇ।
ਧਾਏ ਦੇਵੀ ਸਾਹਮਣੇ, ਵਡ ਮੁਛਲੀ ਆਲੇ।[51]

- ਤੇ ਹੋਰ-

ਚੁਣਿ ਚੁਣਿ ਜੋਧੇ ਮਾਰੇ ਅੰਦਰ ਖੇਤ ਦੇ।
ਜਾਪਨਿ ਅੰਬਰਿ ਤਾਰੇ, ਡਿਗਦੇ ਸੂਰਮੇ।
ਜਾਣ ਕਰਿ ਪਰਬਤ ਭਾਰੇ ਮਾਰੇ ਬ੍ਰਿਜੁ ਦੇ।
ਦੈਤਾਂ ਦੇ ਦਲ ਹਾਰੇ, ਦਹਸ਼ਤ ਖਾਇ ਕੈ॥[52]

ਦ੍ਰਿਸ਼ਟਾਂਤ : (Examplifiation) ਜਦੋਂ ਇਕ ਵਸਤੂ ਬਾਰੇ ਦੂਜੀ ਸਮਾਨ ਵਸਤੂ ਦੀ ਤੁਲਨਾ ਕੀਤੀ ਜਾਂਦੀ ਹੈ ਤਾਂ ਦ੍ਰਿਸ਼ਟਾਂਤ ਅਲੰਕਾਰ, ਚਮਤਕਾਰ ਬਣ ਜਾਂਦਾ ਹੈ ਜਿਸ ਨਾਲ ਕਾਵਿ ਦਾ ਸੁਹਜ ਵੱਧਦਾ ਹੈ। 'ਚੰਡੀ ਦੀ ਵਾਰ' ਵਿਚ ਵੀ ਇਸ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ :

ਚੜ੍ਹੇ ਰੱਥੀਂ ਗੱਜੇ ਘੋੜਿਈਂ ਮਾਰਿ ਭੁਇੰ ਤੇ ਡਾਰੇ।
ਜਣੁ ਹਲਵਾਈ ਸੀਖ ਨਾਲ ਬਿੰਨ੍ਹ ਵੜੇ ਉਤਾਰੇ।[63]

–ਤੇ ਹੋਰ–

ਕਟਿ ਤੁਫੰਗੀ ਕੈਬਰੀ, ਦਲ ਸਾਹਿ ਨਿਕੱਥੇ।
ਵੇਖਣਿ ਜੰਗੁ ਫਰੇਸ਼ਤੇ ਅਸਮਾਨਹੁੰ ਲੱਥੇ।[64]

ਵਿਰੋਧਾਭਾਸ : (Paradox) 'ਚੰਡੀ ਦੀ ਵਾਰ' ਵਿਚ ਵੇਖੀ, ਸੁਣੀ ਨਾਲੋਂ ਵਿਰੋਧੀ ਗੱਲ ਦਾ ਕਥਨ ਵੀ ਮਿਲਦਾ ਹੈ ਜਿਸ ਨਾਲ ਵਿਰੋਧਾਭਾਸ ਅਰਥ ਅਲੰਕਾਰ, ਚਮਤਕਾਰ ਪੈਦਾ ਹੁੰਦਾ ਹੈ :

ਇੰਦ੍ਰ ਸੱਦਿ ਮੰਗਾਇਆ, ਰਾਜਾ ਅਭਿਖੇਖ ਨੌਂ।
ਸਿਰ ਪਰ ਛਤ੍ਰ ਫਿਰਾਇਆ, ਰਾਜ ਇੰਦ੍ਰ ਦੇ।
ਚਉਂਕੀ ਲੋਕੀਂ ਛਾਇਆ, ਜਸੁ ਜਗਮਾਤ ਦਾ।
ਦੁਰਗਾ ਪਾਠ ਬਣਾਇਆ ਸੱਭੇ ਪਉੜੀਆਂ।
ਫੇਰਿ ਨ ਜੂਨਿ ਆਇਆ, ਜਿਨਿ ਇਹ ਗਾਇਆ।[65]

ਕਾਵਿ ਲਿੰਗ : (Poetic Reason) ਕਾਵਿ ਲਿੰਗ ਤਰਕ ਮੂਲਕ ਅਲੰਕਾਰ ਦਾ ਪ੍ਰਮੁਖ ਰੂਪ ਹੈ । ਇਸ ਅਲੰਕਾਰ ਦੀ ਵਰਤੋਂ ਉਸ ਸਮੇਂ ਹੁੰਦੀ ਹੈ ਜਦੋਂ ਯੁਕਤੀ (ਵਿਉਂਤ) ਦੇ ਨਾਲ–ਨਾਲ ਅਰਥਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਸ ਅਲੰਕਾਰ ਦੀ ਵਰਤੋਂ, ਗੁਰੂ ਜੀ ਨੇ ਇਸ ਵਾਰ ਦੇ ਆਰੰਭ ਵਿਚ ਆਪਣੀ ਰਚਨਾ ਦੀ ਪੁਸ਼ਟੀ ਕਰਨ ਹਿੱਤ ਕੀਤੀ ਹੈ :

ਖੰਡਾ ਪ੍ਰਥਮਿ ਮਨਾਇਕੈ, ਜਿਨ ਸਭ ਸੈਸਾਰ ਉਪਾਇਆ।
ਬ੍ਰਹਮਾ ਬਿਸਨੇ ਮਹੇਸ਼ ਸਾਜਿ ਕੁਦਰਤਿ ਦਾ ਖੇਲ ਬਣਾਇਆ।
ਬਡੇ ਬਡੇ ਮੁਨਿ ਦੇਵਤੇ, ਕਈ ਜੁੱਗ ਤਿਨੀ ਤਨ ਤਾਇਆ।
ਕਿਨੈ ਤੇਰਾ ਅੰਤ ਨਾ ਪਾਇਆ।[66]

3) ਸ਼ਬਦਾਰਥ ਅਲੰਕਾਰ : ਕਾਵਿ ਰਚਨਾ ਵਿਚ ਜਦੋਂ ਸ਼ਬਦ ਤੇ ਅਰਥ ਦੋਹਾਂ ਰੂਪਾਂ ਵਿਚ ਹੀ ਕਾਵਿ–ਚਮਤਕਾਰ ਪੈਦਾ ਹੋਣੇ ਤਾਂ ਉਥੇ ਸ਼ਬਦਾਰਥ ਅਲੰਕਾਰ ਹਾਜ਼ਿਰ ਹੁੰਦਾ ਹੈ। ਇਸ ਸ਼ਬਦਾਰਥ ਅਲੰਕਾਰ ਦੀ ਵਰਤੋਂ ਗੁਰੂ ਜੀ ਨੇ 'ਚੰਡੀ ਦੀ ਵਾਰ' ਵਿਚ ਬਾਰ–ਬਾਰ ਕੀਤੀ ਹੈ :

ਪ੍ਰਥਮਿ ਭਗਉਤੀ ਸਿਮਰਕੈ ਗੁਰੂ ਨਾਨਕ ਲਈ ਧਿਆਇ।
ਅੰਗਦ ਗੁਰੂ ਤੇ ਅਮਰਦਾਸ, ਰਾਮਦਾਸੈ ਹੋਈ ਸਹਾਇ।
ਅਰਜਨ ਹਰਗੋਬਿੰਦ ਨੋ, ਸਿਮਰੋ ਸ੍ਰੀ ਹਰਿ ਰਾਇ।
ਸ੍ਰੀ ਹਰਿ ਕ੍ਰਿਸ਼ਨ ਧਿਆਇਐ, ਜਿਸੁ ਡਿਠੇ ਸਭੁ ਦੁਖੁ ਜਾਇ।
ਤੇਗ ਬਹਾਦੁਰ ਸਿਮਰੀਐ, ਘਰ ਨੌ ਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ।[67]

ਰਸ ਕਾਵਿ ਜੁਗਤ : ਕਾਵਿ ਪ੍ਰਕ੍ਰਿਆ ਅਤੇ ਕਾਵਿ–ਸੰਚਾਰ ਦੌਰਾਨ ਰਸ ਦੀ ਕਾਰਜਸ਼ੀਲ ਅਤੇ ਰਸ ਦਾ ਬਹੁ–ਪਰਤੀ, ਬਹੁ–ਦਿਸ਼ਾਵੀ ਅਤੇ ਬਹੁਮੁਖੀ ਸੌਂਦਰਯਾਤਮਕ ਪ੍ਰਕਾਸ਼ਨ ਸਧਾਰਨ ਦ੍ਰਿਸ਼ਟੀ ਤੋਂ ਕਿਸੇ ਵੀ ਕਾਵਿ ਵਿਦਵਾਨ/ਆਲੋਚਕ ਨੂੰ ਮਾਣ ਤੇ ਗਰਿਮਾ ਦਾ ਅਭਾਸ ਕਰਵਾਉਂਦਾ ਹੈ। 'ਚੰਡੀ ਦੀ ਵਾਰ' ਵਿਚ ਰਸ ਵਿਉਂਤਪਤੀ ਦਾ ਅਜ਼ਬ ਤੇ ਗ਼ਜਬ ਕਾਵਿ–ਪਸਾਰਾ ਫੈਲਿਆ ਮਿਲਦਾ ਹੈ।

'ਚੰਡੀ ਦੀ ਵਾਰ' ਪੰਜਾਬੀ ਸਾਹਿਤ ਦੀ ਸਭ ਤੋਂ ਪਹਿਲੀ ਬੀਰ–ਰਸੀ ਵਾਰ ਹੈ ਜਿਸ ਵਿਚ ਕਾਵਿ ਪਰੰਪਰਾ ਨੂੰ ਹਰ ਪੱਖ ਤੋਂ ਨਿਭਾਉਣ ਦਾ ਯਤਨ ਕੀਤਾ ਗਿਆ ਹੈ। ਇਸ ਵਾਰ ਵਿਚ ਪਹਿਲੀ ਵਾਰ ਇਕ ਇਸਤਰੀ (ਦੁਰਗਾ) ਨੂੰ ਨਾਇਕਾ ਦਾ ਦਰਜਾ ਦਿੱਤਾ ਗਿਆ ਹੈ ਜਿਸ ਦੀ ਕਥਾ ਤ੍ਰੇਤੇ ਯੁੱਗ ਦੀ ਹੈ, ਜੋ ਦੈਂਤਾਂ ਨੂੰ ਪਛਾੜਦੀ ਹੈ। ਇਹ ਜਿੱਥੇ ਬੀਰ–ਰਸੀ ਵਾਰ ਹੈ ਉੱਥੇ ਬੀਰ–ਰਸ ਦੇ ਨਾਲ–ਨਾਲ ਭਿਆਨਕ, ਵੀਭਤਸ, ਰੌਦਰ ਅਤੇ ਕਰੁਣਾ ਰਸ ਦਾ ਸੰਚਾਰ ਵੀ ਕਰਦੀ ਹੈ।

ਬੀਰ ਰਸ ਦੀ ਜੁਗਤ : ਬੀਰ ਰਸ ਦਾ ਸਥਾਈ ਭਾਵ ਉਤਸ਼ਾਹ ਹੁੰਦਾ ਹੈ। ਇਸੇ ਲਈ 'ਚੰਡੀ ਦੀ ਵਾਰ' ਇਸ ਗੱਲ ਦੀ ਵੱਡੀ ਵਿੱਲਖਣਤਾ ਰੱਖਦੀ ਹੈ ਕਿ ਗੁਰੂ ਜੀ ਨੇ ਸੱਚਾਈ ਨੂੰ ਅੱਖੋਂ ਉਹਲੇ ਨਹੀਂ

ਕੀਤਾ ਸਗੋਂ ਦੁਰਗਾ ਦੀ ਬਹਾਦਰੀ ਨੂੰ ਸੁੰਦਰ ਅਲੰਕਾਰਾਂ ਦੁਆਰਾ ਵਰਣਿਤ ਕਰਦਿਆਂ, ਨਾਲ ਹੀ ਦੈਂਤਾਂ ਦੀ ਬਹਾਦਰੀ ਨੂੰ ਵੀ ਪੂਰਾ ਸਨਮਾਨ ਦਿੱਤਾ ਹੈ ਤੇ ਉਹਨਾਂ ਨੂੰ ਵੀ ਉਤਸ਼ਾਹੀ ਸਥਾਈ ਭਾਵਾਂ ਨਾਲ ਓਤਪੋਤ ਦਰਸਾਇਆ ਹੈ :

ਕਦੇ ਨ ਆਖਨ ਹਾਰੇ, ਧਾਵਨ ਸਾਮਣੇ॥
ਹਥੀਂ ਤੇਗਾਂ ਪਕੜਿ ਕੈ ਰਣ ਭਿੜੇ ਕਰਾਰੇ॥
ਕਦੇ ਨ ਨਠੇ ਜੁਧ ਤੈ ਜੋਧੇ ਜੁਝਾਰੇ।[58]

ਦੇਵਤਿਆਂ ਤੇ ਦੈਂਤਾਂ ਦੇ ਸੁਭਾਵਾਂ ਨੂੰ ਵੀ ਚਿਤਰਨ ਦੇ ਨਾਲ-ਨਾਲ ਯੁੱਧ ਦੀ ਚਾਲ ਵੀ ਕਾਇਮ ਰੱਖੀ ਹੈ। ਬੀਰ-ਰਸ ਵਿਚ ਵਿਭਾਵ ਵਿਚ -

ਅਲੰਬਨ : ਬੀਰ-ਰਸੀ ਰਸ ਵਿਚ ਉਤਸ਼ਾਹੀ ਕਰਮ ਯੁੱਧ ਵੈਰੀ ਉਪਰ ਜਿੱਤ/ਅਧੀਨਗੀ ਆਦਿ ਦਾ ਹੁੰਦਾ ਹੈ। 'ਚੰਡੀ ਦੀ ਵਾਰ' ਵਿਚ ਦੇਵੀ ਤੇ ਦੈਂਤਾਂ ਦੇ ਕਰਮ ਇਕ ਦੂਜੇ ਪ੍ਰਤੀ ਅਲੰਬਨ ਦਾ ਰੂਪ ਅਖਤਿਆਰ ਕਰਦੇ ਹਨ :

ਦੁਰਗਾ ਬੈਣ ਸੁਣੰਦੀ, ਹੱਸੀ ਹਿੜ ਹੜਾਇ।
ਓਹੀ ਸੀਂਹੁ ਬੁਲਾਇਆ, ਰਾਕਸ਼ ਭਖਣਾ।
"ਚਿੰਤਾ ਕਰਹੁ ਨ ਕਾਈ।" ਦੇਵਾਂ ਨੂੰ ਆਖਿਆ।
ਰੋਹ ਹੋਈ ਮਹਾਂਮਾਈ, ਰਾਕਸ਼ਿ ਮਾਰਣੇ॥5 ॥[59]

ਬੀਰ-ਰਸੀ ਕਾਵਿ ਵਿਚ ਯੁੱਧ ਵੇਲੇ ਫ਼ੌਜਾਂ ਦਾ ਕੂਚ ਕਰਨਾ, ਡੌਲੇ ਫਰਕਣੇ, ਅੱਖਾਂ ਦੀ ਲਾਲੀ ਦਾ ਵਧਣਾ ਆਦਿ ਦਾ ਅਨੁਭਵ ਆਪਣਾ ਕਾਰਜ ਕਰਦੇ ਹਨ ਅਤੇ 'ਚੰਡੀ ਦੀ ਵਾਰ' ਵਿਚ ਇਹ ਸਾਰੇ ਅਨੁਭਵ ਵੱਖ-ਵੱਖ ਪਉੜੀਆਂ ਵਿਚ ਵਿਦਮਾਨ ਹਨ।

ਸੀਹਾਂ ਵਾਙੂ ਗੱਜਨ ਸੱਭੇ ਸੂਰਮੇ
ਤਣਿ ਤਣਿ ਕੈਬਰ ਛੱਡਨਿ ਦੁਰਗਾ ਸਾਮਣੇ॥12।[60]

- ਤੇ ਹੋਰ-

ਜੋਗਣੀਆਂ ਮਿਲਿ ਧਾਈਆਂ,
ਲੋਹੂ ਭੱਖਣਾਂ ਸਭੇ ਮਾਰਿ ਹਟਾਈਆਂ ਫਉਜਾਂ ਦਾਨਵਾਂ।
ਭਜਦੀਆਂ ਕਥਾ ਸੁਣਾਈਆਂ, ਰਾਜੇ ਸੁੰਭ ਨੋਂ।[61]

ਇਸ ਰਸ ਵਿਚ ਵਿਭਚਾਰੀ ਭਾਵ ਧੀਰਜ, ਮਾਨ, ਅਭਿਮਾਨ ਤੇ ਉਗਰਤਾ ਹੁੰਦੀ ਹੈ, ਜੋ 'ਚੰਡੀ ਦੀ ਵਾਰ' ਵਿਚ ਮੌਜੂਦ ਹੈ। ਦੂਸਰੇ ਬੀਰ ਕਾਵਿ ਵਿਚ ਭਿਆਨਕ ਰਸ ਦਾ ਵੀ ਹੋਣਾ ਮੰਨਿਆ ਗਿਆ ਹੈ। ਭਿਆਨਕ ਰਸ ਦਾ ਸਥਾਈ ਭਾਵ ਭੈ ਹੁੰਦਾ ਹੈ ਅਤੇ ਵਿਭਾਵ ਵਿਚ ਅਲੰਬਨ ਅਤੇ ਭੈਦਾਇਕ ਗੱਲਾਂ ਸੁੰਨਸਾਨ ਜੰਗਲ, ਸ਼ਮਸ਼ਾਨ, ਮਾਰੂ ਜਾਨਵਰ ਆਦਿ ਹੁੰਦੇ ਹਨ ਜੋ ਉਦੀਪਨ ਭੈਦਾਇਕ ਹਰਕਤਾਂ, ਡਰਾਉਣੀਆਂ ਅਵਾਜ਼ਾਂ, ਪਸ਼ੂ ਪੰਛੀਆਂ ਦੀਆਂ ਅਜੀਬ ਹਰਕਤਾਂ ਪੇਸ਼ ਕਰਦੀਆਂ ਹਨ। ਅਨੁਭਾਵ ਭਾਵਾਂ ਵਿਚ ਕੰਬਣੀ, ਰੁਮਾਂਚ ਤ੍ਰੇਲੀ, ਘਬਰਾਹਟ ਤੇ ਪਸੀਨਾ ਆਦਿ ਹੁੰਦੇ ਹਨ ਅਤੇ ਵਿਭਚਾਰੀ ਭਾਵਾਂ ਵਿਚ ਸ਼ੰਕਾਂ, ਚਿੰਤਾ, ਸ਼ੋਕ ਆਵੇਗ ਮੰਨੇ ਗਏ ਹਨ। 'ਚੰਡੀ ਦੀ ਵਾਰ' ਵਿਚ ਭਿਆਨਕ ਰਸ ਦੀ ਹੋਂਦ ਇਸ ਤਰ੍ਹਾਂ ਮੌਜੂਦ ਹੈ :

ਡੁਬਿ ਰਤੂ ਨਾਲਹੁ ਨਿੱਕਲੀ ਬਰਛੀ ਦੋ ਧਾਰੀ।
ਜਾਣੁ ਰਜਾਈ ਉੱਤਰੀ, ਪੈਨਿਸੂਹੀ ਸਾਰੀ।53।[62]

-ਤੇ ਹੋਰ -

ਰਤੂ ਦੇ ਪਰਨਾਲੇ ਤਿਨ ਤੇ ਭੁਇ ਪਏ,
ਉਠੇ ਨਾਰਣਿਆਰੇ ਰਾਕਸ ਹੜ ਹੜਾਇ।[63]

ਤੀਸਰਾ ਰਸ, ਬੀਭਤਸ ਰਸ ਹੈ ਜਿਸ ਦਾ ਸਥਾਈ ਭਾਵ ਘਿਰਣਾ ਹੈ ਤੇ ਵਿਭਾਵ ਵਿਚ ਅਲੰਬਨ ਘਿਣਾਉਣੀਆਂ ਗੱਲਾਂ ਦੁਰਗੰਧ, ਲਹੂ ਮਾਸ ਦਾ ਚਿੱਕੜ ਤੇ ਉਦੀਪਨ ਵਾਤਾਵਰਣ ਭੂਤ, ਇੱਲ, ਕਾਂ ਦਾ ਮਾਸ ਖਾਣਾ ਆਦਿ ਹੈ :

ਸੂਰਿਆਂ ਦੇ ਤਨਿ ਲਾਈਆਂ ਗੋਸ਼ਤ ਗਿਧੀਆਂ,
ਵਿੱਧਣ ਰਾਤੀਂ ਆਈਆਂ ਮਰਦਾਂ ਘੋੜਿਆਂ।
ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾਂ
ਸਭੇ ਮਾਰਿ ਹਟਾਈਆਂ ਫਉਜਾਂ ਦਾਨਵਾਂ।[64]

ਬੀਭਤਸ ਰਸ ਵਿਚ ਅਨੁਭਵ ਮੂੰਹ ਬਣਾਉਣਾ, ਖਰਾਬ ਹੋਣਾ ਹੁੰਦਾ ਹੈ ਤੇ ਵਿਭਚਾਰੀ ਭਾਵ ਗਿਲਾਨੀ/ਚਿੰਤਾ ਦਾ ਹੋਣਾ ਹੈ ਜਦੋਂ ਕਿ 'ਚੰਡੀ ਦੀ ਵਾਰ' ਵਿਚ ਗਿੱਧਾ, ਕਾਵਾਂ ਤੇ ਲਹੂ ਦੀਆਂ ਲਿਬੜੀਆਂ ਲੋਥਾਂ ਦਾ ਜ਼ਿਕਰ ਆਉਂਦਾ ਹੈ ਤਾਂ ਅਜੇਹਾ ਵਿਭਚਾਰੀ ਭਾਵ ਸਵੈ ਸਿਧ ਹੀ ਉਤਪੰਨ ਹੋ ਜਾਂਦਾ ਹੈ।

ਚੋਥਾ ਰਸ 'ਚੰਡੀ ਦੀ ਵਾਰ' ਵਿਚ ਵਿਦਮਾਨ ਹੈ ਉਹ ਹੈ ਰੌਦਰ ਰਸ। ਰੌਦਰ ਰਸ ਦਾ ਸਥਾਈ ਭਾਵ ਹਮੇਸ਼ਾ ਹੀ ਕਰੋਧ ਹੁੰਦਾ ਹੈ। ਬੀਰ-ਰਸੀ ਰਚਨਾ ਵਿਚ ਕ੍ਰੋਧ ਤੇ ਉਤਸ਼ਾਹ ਤੋਂ ਬਗ਼ੈਰ ਜੁੱਟਾਂ ਦਾ ਟਕਰਾਅ ਸੰਭਵ ਹੀ ਨਹੀਂ ਹੁੰਦਾ ਇਸੇ ਲਈ ਇਸ ਵਾਰ ਦੇ ਦੋਹਾਂ ਜੁੱਟਾਂ ਦੇ ਪਾਤਰ ਦੇਵੀ ਤੇ ਦੇਵਤੇ ਕ੍ਰੋਧਿਤ ਹੋ ਕੇ ਯੁੱਧ ਵਿਚ ਤਤਪਰ ਦਿੱਸਦੇ ਹਨ :

ਦੋਹਾਂ ਕੰਧਾਰਾਂ ਮੂੰਹ ਜੁੜੇ, ਢੋਲ ਸੰਖ ਨਗਾਰੇ ਬੱਜੇ।
ਰਾਕਸ ਆਏ ਰੋਹਲੇ ਤਰਵਾਰੀਂ ਬਖਤਰ ਸੱਜੇ।
ਜੁੱਟੇ ਸਉਹੇਂ ਜੁੱਧ ਨੌਂ, ਇਕ ਜਾਤਿ ਨ ਜਾਣਨਿ ਭੱਜੇ।
ਖੇਤ ਅੰਦਰਿ ਜੋਧੇ ਗੱਜੇ।[65]

ਇਸ ਰੌਦਰ ਰਸ ਵਿਚ ਵਿਭਾਵ ਵਿਚ ਅਲੰਬਨ ਦੁਸ਼ਮਨ ਤੇ ਵਿਰੋਧੀ ਹੁੰਦੇ ਹਨ ਤੇ ਇਸ ਵਾਰ ਵਿਚ ਬੀਰ-ਰਸੀ ਵਾਰ ਦੇ ਗੁਣ ਹਨ ਜਿਸ ਕਰਕੇ ਵਿਰੋਧੀ ਦੇ ਕੰਮ, ਕਠੋਰ ਬਚਨ ਉਦੀਪਨ ਦਾ ਰੂਪ ਅਖਤਿਆਰ ਕਰ ਲੈਂਦਾ ਹੈ। ਦੈਂਤਾਂ ਦੇ ਕਾਰਜ ਨੇ ਉਦੀਪਨ ਦਾ ਕਾਰਜ ਕੀਤਾ ਹੈ ਜਿਸ ਦਾ ਜ਼ਿਕਰ ਪਹਿਲੀਆਂ ਪਉੜੀਆਂ ਵਿਚ ਹੀ ਆ ਜਾਂਦਾ ਹੈ।

ਦਿੱਤਾ ਇੰਦ੍ਰ ਨਿਕਾਲ ਕੈ ਤਿਨਿ ਗਿਰਿ ਕੈਲਾਸ ਤਕਾਇਆ।
ਡਰ ਕੈ ਹੱਥੋਂ ਦਾਨਵਾਂ, ਦਿਲ ਅੰਦਰਿ ਤ੍ਰਾਸ ਵਧਾਇਆ।
ਪਾਸ ਦੁਰਗਾਂ ਦੇ ਇੰਦਰ ਆਇਆ।[66]

ਰੌਦਰ ਰਸ ਵਿਚ ਅਨੁਭਵ ਅੱਖਾਂ ਦਾ ਲਾਲ ਹੋਣਾ, ਦੰਦ ਕਰੀਚਣੇ, ਲਲਕਾਰਨਾ, ਗਰਜਣਾ ਤੇ ਹਥਿਆਰ ਚੁੱਕਣਾ ਹੁੰਦਾ ਹੈ ਤੇ ਇਹ ਕਾਰਜ ਦੈਂਤਾਂ ਦੇ ਵਿਰੁੱਧ ਦੁਰਗਾ ਨੇ ਕੀਤਾ ਹੈ ਇਸ ਲਈ ਇਹ ਅਨੁਭਾਵ ਹਨ। ਇਸ ਦਾ ਵਿਭਚਾਰੀ ਭਾਵ ਤੇਜ਼ੀ, ਨਿੰਦਾ, ਹੰਕਾਰ ਵੇਗ ਆਦਿ ਹੁੰਦੇ ਹਨ ਤੇ ਦੇਵੀ ਅਤੇ ਦੈਂਤਾਂ ਦੇ ਯੁੱਧਾਂ ਦੇ ਕਾਰਜ ਤੇਜ਼ੀ ਦੇ ਫ਼ਲਸਰੂਪ ਹੋਏ ਹਨ। ਦੈਂਤ ਹੰਕਾਰ ਤੇ ਵੇਗ ਵੱਸ ਯੁੱਧ ਕਰਦੇ ਰਹਿੰਦੇ ਹਨ। ਅੰਤ ਵਿਚ ਦੇਵੀ ਇਨ੍ਹਾਂ ਦੈਂਤਾਂ ਦੇ ਵਾਰੋ-ਵਾਰੀ ਹੰਕਾਰ ਤੋੜਦੀ ਤੁਰੀ ਆਉਂਦੀ ਹੈ ਇੰਜ ਰੌਦਰ ਰਸ ਦੀ ਭਰਪੂਰ ਉੱਤਪਤੀ ਹੁੰਦੀ ਹੈ।

ਇਨ੍ਹਾਂ ਰਸਾਂ ਤੋਂ ਇਲਾਵਾ ਕਿਧਰੇ-ਕਿਧਰੇ ਅਦਭੁੱਤ ਤੇ ਸ਼ਿੰਗਾਰ ਰਸ ਦੇ ਭਾਵਾਂ ਦੀ ਤਰਜਮਾਨੀ ਮਿਲਦੀ ਹੈ, ਜੋ ਛੇਤੀ ਹੀ ਦੂਸਰੇ ਰਸਾਂ ਵਿਚ ਸਮਾਂ ਜਾਂਦੀ ਹੈ।

ਇਸ ਤਰ੍ਹਾਂ ਅਸੀਂ ਉਪਰੋਕਤ ਵਿਚਾਰ ਚਰਚਾ ਤੋਂ ਇਸ ਸਿੱਟੇ ਤੇ ਅੱਪੜਦੇ ਹਾਂ ਕਿ 'ਚੰਡੀ ਦੀ ਵਾਰ' ਗੁਰੂ ਸਾਹਿਬ ਦੀ ਇਕ ਅਦੁੱਤੀ ਕਾਵਿ-ਰਚਨਾ ਹੈ ਜਿਸ ਵਿਚ ਨਾਇਕਾ ਅਤੇ ਖਲਨਾਇਕਾਂ ਨੂੰ ਨਿਰਪੱਖ ਰੂਪ ਵਿਚ ਚਿਤਰਿਆ ਗਿਆ ਹੈ। ਬੋਲੀ, ਸ਼ੈਲੀ ਅਤੇ ਛੰਦ ਦੇ ਪੱਖੋਂ ਵੀ ਇਹ ਇਕ ਮੱਧ ਕਾਲ ਦੀ ਸ਼੍ਰੇਸ਼ਠ ਰਚਨਾ ਹੈ। ਸੰਗੀਤ ਅਤੇ ਬੀਰ-ਰਸ ਦੇ ਨਾਲ-ਨਾਲ ਵਾਰ ਦੇ ਰੂਪਾਕਾਰ ਦੇ ਤੱਤਾਂ ਨਾਲ ਮਿੱਥਕ ਸੰਕੇਤਾਂ ਨੂੰ ਧਾਰਮਿਕ, ਰਾਜਨੀਤਿਕ ਅਤੇ ਇਤਿਹਾਸਿਕ ਸੰਦਰਭ ਤੋਂ ਸੁਚੇਤ ਹੋ ਕੇ ਚਿਤਰਿਆ ਗਿਆ ਹੈ। ਇਸ ਤਰ੍ਹਾਂ 'ਚੰਡੀ ਦੀ ਵਾਰ' ਦਾ ਸੁਹਜ ਵਿਧਾਨ ਕਾਵਿ ਧਰਮ ਦੇ ਸਾਰੇ ਤੱਤਾਂ ਨੂੰ ਯਥਾ ਸ਼ਕਤੀ ਅਤੇ ਸਮਰੱਥਾ ਨਾਲ ਨਿਭਾਇਆ ਗਿਆ ਹੈ। ਇਸੇ ਲਈ 'ਚੰਡੀ ਦੀ ਵਾਰ' ਮੱਧ ਕਾਲ ਦੀ ਸਰਵ ਸ਼੍ਰੇਸ਼ਠ ਬੀਰ-ਰਸੀ ਕਾਵਿ-ਧਾਰਾ ਦੀ ਕਲਾਸੀਕਲ ਸਾਹਿਤਕ ਰਚਨਾ ਮੰਨੀ ਗਈ ਹੈ।

ਹਵਾਲੇ ਅਤੇ ਟਿੱਪਣੀਆਂ

1. Johnson A Modern Book of Easthaties. P.354
2. Dr. Baljit Kaur
3. Bulcher, S.H.Ed.
4. ਚੰਡੀ ਦੀ ਵਾਰ, ਦੋਹਰਾ 13ਵਾਂ
5. The truth of matter is that language is a essentially perfect means of expression and communication among every known people. (Encyclopeadia of Social Sciences, P.155)
6. ਚੰਡੀ ਦੀ ਵਾਰ, ਪਉੜੀ 39ਵੀਂ
7. ਚੰਡੀ ਦੀ ਵਾਰ, ਪਉੜੀ ਪਹਿਲੀ
8. ਗਿਆਨੀ ਹਰਬੰਸ ਸਿੰਘ, ਚੰਡੀ ਦੀ ਵਾਰ, ਨਿਰਣੈ ਸਟੀਕ, ਪੰਨਾ 79
9. ਚੰਡੀ ਦੀ ਵਾਰ, ਪਉੜੀ 53ਵੀਂ
10. ਚੰਡੀ ਦੀ ਵਾਰ, ਪਉੜੀ 49ਵੀਂ
11. T.S. Eliot.
12. Cleanth Books Understanding Poetry. P.592
13. ਚੰਡੀ ਦੀ ਵਾਰ, ਪਉੜੀ ਤੀਜੀ
14. ਚੰਡੀ ਦੀ ਵਾਰ, ਪਉੜੀ ਚੌਥੀ
15. ਚੰਡੀ ਦੀ ਵਾਰ, ਪਉੜੀ ਤੀਜੀ
16. ਚੰਡੀ ਦੀ ਵਾਰ, ਪਉੜੀ 53ਵੀਂ
17. ਚੰਡੀ ਦੀ ਵਾਰ, ਪਉੜੀ 13ਵੀਂ
18. ਚੰਡੀ ਦੀ ਵਾਰ, ਪਉੜੀ 38ਵੀਂ
19. ਚੰਡੀ ਦੀ ਵਾਰ, ਪਉੜੀ 55ਵੀਂ (ਆਖਰੀ ਪਉੜੀ)
20. T.S. Eliot, The Music of Poetry, On Poetry and Poets. P.36
21. ਚੰਡੀ ਦੀ ਵਾਰ, ਪਉੜੀ 8ਵੀਂ
22. ਗੁਰੂ ਨਾਨਕ ਦੇਵ ਜੀ, ਜਪੁ ਜੀ ਸਾਹਿਬ, ਪਉੜੀ 31 ਵੀਂ
23. ਡਾ. ਹਰਿਭਜਨ ਸਿੰਘ ਸਾਹਿਤ ਤੇ ਸਿਧਾਂਤ (ਜਲੰਧਰ, 1973) ਪੰਨਾ -22
24. ਚੰਡੀ ਦੀ ਵਾਰ, ਪਉੜੀ ਤੀਜੀ
25. I.A.Richards, Practical Criticism (London 1964). P.231
26. ਚੰਡੀ ਦੀ ਵਾਰ, ਪਉੜੀ ਸੱਤਵੀਂ
27. ਚੰਡੀ ਦੀ ਵਾਰ, ਪਉੜੀ ਦਸਵੀਂ
28. ਚੰਡੀ ਦੀ ਵਾਰ, ਪਉੜੀ 30ਵੀਂ
29. ਚੰਡੀ ਦੀ ਵਾਰ, ਪਉੜੀ 46ਵੀਂ
30. ਚੰਡੀ ਦੀ ਵਾਰ, ਪਉੜੀ 19ਵੀਂ
31. ਚੰਡੀ ਦੀ ਵਾਰ, ਪਉੜੀ 40ਵੀਂ
32. C.D. Lewis
33. I.A. Richards.
34. ਚੰਡੀ ਦੀ ਵਾਰ, ਪਉੜੀ 39ਵੀਂ
35. ਚੰਡੀ ਦੀ ਵਾਰ, ਪਉੜੀ ਪਹਿਲੀ
36. ਚੰਡੀ ਦੀ ਵਾਰ, ਪਉੜੀ 21ਵੀਂ
37. ਐਜ਼ਰਾ ਪਾਊਂਡ
38. ਚੰਡੀ ਦੀ ਵਾਰ, ਪਉੜੀ 49ਵੀਂ
39. ਕਾਲਰਿਜ

40. ਚੰਡੀ ਦੀ ਵਾਰ, ਪਉੜੀ ਪਹਿਲੀ ਅਤੇ ਦੂਜੀ
41. ਚੰਡੀ ਦੀ ਵਾਰ, ਪਉੜੀ 55ਵੀਂ
42. ਚੰਡੀ ਦੀ ਵਾਰ, ਪਉੜੀ 10ਵੀਂ
43. Encyclopeadia Britannica.
44. Thomas Carlyle.
45. ਚੰਡੀ ਦੀ ਵਾਰ, ਪਉੜੀ 8ਵੀਂ
46. ਚੰਡੀ ਦੀ ਵਾਰ, ਪਉੜੀ 9ਵੀਂ
47. ਚੰਡੀ ਦੀ ਵਾਰ, ਪਉੜੀ 12ਵੀਂ
48. ਚੰਡੀ ਦੀ ਵਾਰ, ਪਉੜੀ 13ਵੀਂ
49. ਚੰਡੀ ਦੀ ਵਾਰ, ਪਉੜੀ 40ਵੀਂ
50. ਚੰਡੀ ਦੀ ਵਾਰ, ਪਉੜੀ 24ਵੀਂ
51. ਚੰਡੀ ਦੀ ਵਾਰ, ਪਉੜੀ 13ਵੀਂ
52. ਚੰਡੀ ਦੀ ਵਾਰ, ਪਉੜੀ 29ਵੀਂ
53. ਚੰਡੀ ਦੀ ਵਾਰ, ਪਉੜੀ 52ਵੀਂ
54. ਚੰਡੀ ਦੀ ਵਾਰ, ਪਉੜੀ 51ਵੀਂ
55. ਚੰਡੀ ਦੀ ਵਾਰ, ਪਉੜੀ 55ਵੀਂ
56. ਚੰਡੀ ਦੀ ਵਾਰ, ਪਉੜੀ ਦੂਜੀ
57. ਚੰਡੀ ਦੀ ਵਾਰ, ਪਉੜੀ ਪਹਿਲੀ
58. ਚੰਡੀ ਦੀ ਵਾਰ, ਪਉੜੀ ਚੌਥੀ
59. ਚੰਡੀ ਦੀ ਵਾਰ, ਪਉੜੀ 5ਵੀਂ
60. ਚੰਡੀ ਦੀ ਵਾਰ, ਪਉੜੀ 12ਵੀਂ
61. ਚੰਡੀ ਦੀ ਵਾਰ, ਪਉੜੀ 43ਵੀਂ
62. ਚੰਡੀ ਦੀ ਵਾਰ, ਪਉੜੀ 53ਵੀਂ
63. ਚੰਡੀ ਦੀ ਵਾਰ, ਪਉੜੀ 38ਵੀਂ
64. ਚੰਡੀ ਦੀ ਵਾਰ, ਪਉੜੀ 43ਵੀਂ
65. ਚੰਡੀ ਦੀ ਵਾਰ, ਪਉੜੀ 73ਵੀਂ
66. ਚੰਡੀ ਦੀ ਵਾਰ, ਪਉੜੀ ਤੀਸਰੀ

ਰਾਮ ਅਵਤਾਰ : ਕਥਾਨਕ ਦੀ ਵਿਲੱਖਣਤਾ ਅਤੇ ਭਾਸ਼ਾਈ ਸੁਮੇਲ

*ਡਾ. ਨਵਰਤਨ ਕਪੂਰ**

ਕਥਾਨਕ (Plot) ਦੀ ਵਿਲੱਖਣਤਾ

"ਦਸਮ ਗ੍ਰੰਥ" ਵਿਚ 27 ਅਧਿਆਇਆਂ ਵਾਲੀ ਰਚਨਾ ("ਰਾਮ ਅਵਤਾਰ") ਵੀਰ ਰਸ ਪ੍ਰਧਾਨ ਹੈ। ਇਸ ਦੇ ਕਥਾ-ਸ੍ਰੋਤ (Legend sources) ਭਾਵੇਂ "ਬਾਲਮੀਕਿ ਰਾਮਾਯਣ" ਅਤੇ ਭਵਭੂਤਿ ਦੇ ਸੰਸਕ੍ਰਿਤ ਨਾਟਕ "ਉੱਤਰ ਰਾਮ ਚਰਿਤ" ਵਿਚੋਂ ਲੱਭੇ ਜਾ ਸਕਦੇ ਹਨ, ਪਰ ਇਸ ਰਚਨਾ ਵਿਚ ਥਾਓਂ ਥਾਂਈਂ ਕੁਝ ਤਬਦੀਲੀਆਂ ਵੀ ਕੀਤੀਆਂ ਹਨ, ਜਿਵੇ :

(i) ਸੁਅੰਬਰ ਵੇਲੇ ਕੇਵਲ ਭਗਵਾਨ ਰਾਮ ਦਾ ਵਿਆਹ ਸੀਤਾ ਜੀ ਨਾਲ ਹੋਣ ਦੀ ਗੱਲ "ਰਾਮ ਅਵਤਾਰ" ਵਿਚ ਕੀਤੀ ਗਈ ਹੈ। ਪਰ "ਬਾਲਮੀਕਿ ਰਾਮਾਯਣ" ਵਿਚ ਰਾਜਾ ਜਨਕ ਦੀ ਇੱਕ ਪੁੱਤਰੀ ਸੀਤਾ ਦਾ ਵਿਆਹ ਰਾਮ ਚੰਦਰ ਜੀ ਨਾਲ ਅਤੇ ਦੂਜੀ ਪੁੱਤਰੀ ਉਰਮਿਲਾ ਦਾ ਵਿਆਹ ਲਛਮਣ ਜੀ ਨਾਲ ਹੋਣ ਤੋਂ ਇਲਾਵਾ ਭਰਤ ਅਤੇ ਸ਼ਤਰੂਘਨ ਦੀ ਸ਼ਾਦੀ ਰਾਜਾ ਜਨਕ ਦੇ ਛੋਟੇ ਭਰਾ ਕੁਸ਼ਧਵਜ ਦੀਆਂ ਦੋ ਧੀਆਂ ਨਾਲ (ਬਾਲ ਕਾਂਡ, 72) ਹੋਣ ਦਾ ਉਲੇਖ ਮਿਲਦਾ ਹੈ।

(ii) "ਰਾਮ ਅਵਤਾਰ" ਦੀ ਮੰਥਰਾ ਬ੍ਰਹਮਾ ਵੱਲੋਂ ਭੇਜੀ ਹੋਈ ਗੰਧਰਵ ਇਸਤਰੀ (ਗੰਧਰਵਿਣੀ) ਹੈ, ਜਦੋਂ ਕਿ "ਬਾਲਮੀਕਿ ਰਾਮਾਯਣ" ਵਿਖੇ ਉਸ ਨੂੰ ਕੈਕਈ ਦੀ ਦਾਸੀ ਦੱਸਿਆ ਗਿਆ ਹੈ।

(iii) "ਬਾਲਮੀਕਿ ਰਾਮਾਯਣ" ਅਨੁਸਾਰ ਰਾਮ ਚੰਦਰ ਜੀ ਵਿਰਾਧ ਨੂੰ ਮਾਰ ਕੇ ਇੱਕ ਟੋਏ ਵਿਚ ਦੱਬ ਦਿੰਦੇ ਹਨ। "ਰਾਮ ਅਵਤਾਰ" ਵਿਚ ਇਹ ਪ੍ਰਸੰਗ ਨਹੀਂ ਹੈ।

(iv) "ਰਾਮ ਅਵਤਾਰ" ਦੇ ਤ੍ਰਿਸੁੰਡ ਦਾ ਨਾਂ "ਬਾਲਮੀਕਿ ਰਾਮਾਯਣ" ਵਿਚ "ਤ੍ਰਿਸ਼ਿਰਾ" ਦਿੱਤਾ ਗਿਆ ਹੈ। ਪਰ ਦੋਵੇਂ ਸ਼ਬਦਾਂ ਦਾ ਇੱਕੋ ਅਰਥ ਹੈ।

(v) "ਅਤਿਕਾਯ" ਦੋਵੇਂ ਗ੍ਰੰਥਾਂ ਵਿਚ ਹੈ। ਪਰ "ਬਾਲਮੀਕਿ ਰਾਮਾਯਣ" ਦਾ ਇਹ ਪਾਤਰ ਇੰਦਰਜੀਤ ਦੇ ਮਾਰੇ ਜਾਣ ਮਗਰੋਂ ਜੁੱਧ ਵਿਚ ਸ਼ਾਮਿਲ ਨਹੀਂ ਹੁੰਦਾ। "ਅਤਿਕਾਯ" ਤਾਂ ਪਹਿਲਾਂ ਹੀ ਲਛਮਣ ਜੀ ਦੇ ਬ੍ਰਹਮ-ਅਸ਼ਤ੍ਰ ਦੀ ਚੋਟ ਕਾਰਨ ਮਾਰਿਆ ਜਾਂਦਾ ਹੈ।

(vi) "ਰਾਮ ਅਵਤਾਰ" ਦੇ ਅਧਿਆਇ ਨੰ: 22 ਤੋਂ 25 ਤੱਕ ਦੀਆਂ ਘਟਨਾਵਾਂ "ਬਾਲਮੀਕਿ ਰਾਮਾਯਣ" ਵਿਖੇ ਨਹੀਂ ਹਨ। ਇਨ੍ਹਾਂ ਘਟਨਾਵਾਂ ਦੇ ਕੁਝ ਸੰਕੇਤ ਭਵਭੂਤਿ ਦੇ "ਉੱਤਰ ਰਾਮ ਚਰਿਤ" ਨਾਟਕ ਵਿਖੇ ਮਿਲਦੇ ਹਨ। ਲਵ-ਕੁਸ਼ ਦੇ ਜੁੱਧ ਦਾ ਪ੍ਰਸੰਗ ਭਵਭੂਤਿ ਨੇ ਕੇਵਲ ਬੱਚਿਆਂ ਦੀ ਆਪਸੀ ਲੜਾਈ ਤਕ ਸੀਮਿਤ ਰੱਖ ਕੇ ਸੀਤਾ ਜੀ ਦੇ ਉਨ੍ਹਾਂ ਦੋਵੇਂ ਪੁੱਤਰਾਂ ਨੂੰ ਲਛਮਣ ਜੀ ਦੇ ਪੁੱਤਰ ਚੰਦ੍ਰਕੇਤੁ (ਉੱਤਰ ਰਾਮ ਚਰਿਤ) ਨਾਲ ਦੋ-ਦੋ ਹੱਥ ਕਰਦੇ ਵਿਖਾਇਆ ਹੈ। ਸੀਤਾ ਜੀ ਦੇ ਬਨਵਾਸ ਅਤੇ ਜੰਗਲ ਵਿਚ ਬਾਲ-ਜਨਮ ਸਮੇਂ ਪੀੜ ਹੋਣ ਦੇ ਬ੍ਰਿਤਾਂਤ ਸੱਤਵੇਂ ਅੰਕ ਦੇ "ਗਰਭ ਨਾਟਕ" ਵਿਚ ਪੇਸ਼ ਕੀਤੇ ਗਏ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤਾ "ਲਵ ਕੁਸ਼ ਜੁੱਧ" ਦਾ ਵਿਸਥਾਰ ਪੂਰਬਕ ਪ੍ਰਸੰਗ ਭਵਿੱਖ ਵਿਚ ਕਵੀਆਂ ਦੀਆਂ ਰਚਨਾਵਾਂ ਦਾ ਆਧਾਰ ਬਣਿਆ। ਉਦਾਸੀ ਸੰਪ੍ਰਦਾਇ ਨਾਲ ਸੰਬੰਧਤ ਕਵੀ ਸਾਹਿਬ ਦਾਸ ਦੀ ਰਚਨਾ "ਲਵ ਕੁਸ਼ ਕਥਾ" ਇਸ ਦਾ ਪੱਕਾ ਪ੍ਰਮਾਣ ਹੈ।[1]

ਭਾਸ਼ਾਈ ਸਰੂਪ : ਇਸ ਦੇ ਰਚਨਾਕਾਰ ਨੇ ਜਿੱਥੇ ਪ੍ਰਾਚੀਨ ਕਥਾਵਾਂ ਵਿਚ ਲੋੜ ਅਨੁਸਾਰ ਅਦਲਾ-ਬਦਲੀ ਕਰਕੇ ਆਪਣੀ ਮੌਲਿਕਤਾ ਸਥਾਪਿਤ ਕੀਤੀ ਹੈ, ਉੱਥੇ ਸਮੁੱਚੀ ਕਥਾ-ਵਸਤੂ (Plot) ਨੂੰ ਸੁਖਾਲੇ ਢੰਗ ਨਾਲ ਪੇਸ਼ ਕਰਨ ਲਈ ਉਨ੍ਹਾਂ ਨੇ ਅਨੇਕ ਭਾਸ਼ਾਵਾਂ ਦੀ ਵਰਤੋਂ ਵੀ ਕੀਤੀ। ਉਨ੍ਹਾਂ ਦੇ ਬਹੁ-ਭਾਸ਼ੀ

*ਜੀਵਨ ਸੰਤ ਕੁਟੀਆ, ਨੇੜੇ ਆਰੀਆ ਸਮਾਜ, ਪਟਿਆਲਾ

ਗਿਆਨ ਦੇ ਨਮੂਨੇ ਪੇਸ਼ ਹਨ।

ਬ੍ਰਜ ਭਾਸ਼ਾ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਵੇਲੇ "ਬ੍ਰਜ ਭਾਸ਼ਾ" ਦਾ ਬੋਲ ਬਾਲਾ ਸੀ। ਉੱਤਰ ਪ੍ਰਦੇਸ਼ ਦੇ ਮਥੁਰਾ-ਬ੍ਰਿੰਦਾਬਨ ਦੀ ਇਸ ਲੋਕ ਬੋਲੀ ਨੂੰ ਹਿੰਦੀ ਸਾਹਿਤ ਦੇ "ਭਗਤੀ ਕਾਲ" ਦੇ ਸੂਰਦਾਸ ਆਦਿ ਕਵੀਆਂ ਵਾਂਗ "ਰੀਤਿ ਕਾਲ" ਦੇ ਕਵੀ ਕੇਸ਼ਵ ਦਾਸ ਅਤੇ ਬਿਹਾਰੀ ਨੇ ਵੀ ਅਪਣਾਇਆ ਸੀ। ਇਸੇ ਯੁਗ ਦੇ ਕਵੀ ਭਿਖਾਰੀ ਦਾਸ ਨੇ ਆਪਣੇ ਗ੍ਰੰਥ "ਕਾਵਯ ਨਿਰਣਯ" ਵਿਚ ਲਿਖਿਆ ਸੀ ਕਿ ਉਸ ਦੇ ਲੇਖਨ-ਕਾਲ ਤਕ ਬ੍ਰਜ ਭਾਸ਼ਾ ਵਿਚ ਅਨੇਕ ਭਾਸ਼ਾਵਾਂ ਦੇ ਸ਼ਬਦਾਂ ਦਾ ਸੁਮੇਲ ਹੋ ਚੁੱਕਿਆ ਸੀ, ਜਿਵੇਂ :

ਭਾਸ਼ਾ ਬ੍ਰਜ ਭਾਸ਼ਾ ਰੁਚਿਤ, ਰਹੈ ਸੁਕਵਿ ਸਬ ਕੋਈ।
ਮਿਲੈ ਸੰਸਕ੍ਰਿਤ ਪਾਰਸਿਹੁ[2] ਪੈ ਅਤਿ ਪ੍ਰਗਟ ਜੁ ਹੋਈ।
ਬ੍ਰਜ ਮਾਗਧੀ ਮਿਲੈ ਅਮਰ ਨਾਗ ਜਮਨ ਭਾਸ਼ਾਨਿ॥

ਇਸੇ ਕਾਲ ਦੇ ਕਵੀ ਬਿਹਾਰੀ ਦੀ "ਸਤਸਈ" ਵਿਚ ਵੀ ਅਨੇਕ ਰਾਜਸਥਾਨੀ ਅਤੇ ਬੁੰਦੇਲਖੰਡੀ ਸ਼ਬਦ ਦ੍ਰਿਸ਼ਟੀਗੋਚਰ ਹੁੰਦੇ ਹਨ[3] ਦਸ਼ਮੇਸ਼ ਪਿਤਾ ਦੇ ਸਾਮ੍ਹਣੇ ਤਾਂ ਆਪਣੇ ਪੂਰਬਲੇ ਸਿੱਖ ਗੁਰੂ ਸਾਹਿਬਾਨ ਦਾ ਆਦਰਸ਼ ਸੀ ਜਿਨ੍ਹਾਂ ਨੇ ਖੁਦ ਰਾਜਸਥਾਨ, ਮਹਾਂਰਾਸ਼ਟਰ ਅਤੇ ਦੇਸ਼ ਦੇ ਹੋਰ ਖੇਤਰਾਂ ਦੇ ਜੰਮ ਪਲ ਭਗਤਾਂ ਦੀ ਬਾਣੀ ਨੂੰ "ਸ੍ਰੀ ਗੁਰੂ ਗ੍ਰੰਥ" ਸਾਹਿਬ ਰਾਹੀਂ ਸੁਰੱਖਿਅਤ ਰੱਖਿਆ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਵਿਚ ਫ਼ਾਰਸੀ ਜਾਂ ਪੰਜਾਬੀ ਨਾਲ ਬ੍ਰਜ ਭਾਸ਼ਾ ਦੇ ਸ਼ਬਦ ਪ੍ਰਯੋਗ ਕਈ ਥਾਵਾਂ ਤੇ ਮਿਲਦੇ ਹਨ, ਜਿਵੇਂ :

ਸਬਰੋਜ ਗਪਤਮ ਦਰ ਹਵਾ ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ॥
ਬਦਬਖਤ ਹਮਚੁ ਬਖੀਲ ਗਾਫ਼ਿਲ ਨਜਰ ਬੇਬਾਕ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾ ਪਾ ਖਾਕ॥

(ਰਾਗੁ ਤਿਲੰਗ, ਮ: ੧ ਘਰੁ ੧)

ਆਪਣੀ ਮਾਤ ਭਾਸ਼ਾ ਪੰਜਾਬੀ ਅਤੇ ਤਤਕਾਲੀ ਰਾਜ ਭਾਸ਼ਾ ਫ਼ਾਰਸੀ ਉੱਤੇ ਪੂਰਾ ਅਧਿਕਾਰ ਰੱਖਣ ਵਾਲੇ ਦਸ਼ਮੇਸ਼ ਪਿਤਾ ਜੀ ਦੇ "ਰਾਮ ਅਵਤਾਰ" ਵਿਚ ਪੰਜਾਬੀ ਅਤੇ ਫ਼ਾਰਸੀ ਸ਼ਬਦਾਂ ਦਾ ਸੁਮੇਲ ਹੋਣਾ ਇੱਕ ਸੁਭਾਵਿਕ ਗੱਲ ਸੀ। ਕਈ ਥਾਂਵਾਂ ਤੇ ਉਨ੍ਹਾਂ ਦਾ ਸਮੁੱਚਾ ਪਦ ਹੀ ਇੱਕੋ ਭਾਸ਼ਾ ਦੀ ਨੁਹਾਰ ਪੇਸ਼ ਕਰਦਾ ਦਿੱਸਦਾ ਹੈ, ਜਿਵੇਂ :

(ਕ) ਫ਼ਾਰਸੀ :

ਜਾਲਮ ਜਮਾਲ ਖੂਬੀ॥ ਰੋਸਨੁ ਦਿਮਾਗ ਅਖਸਰ॥
ਪੁਰ ਚੁਸਤ ਜਾਂ ਜਿਗਰ ਰਾ॥ ਵਹ ਗੁਲ ਚਿਹਰ ਕਹਾਂ ਹੈ॥

(ਪਦ 664)

(ਖ) ਨਿਰੋਲ ਪੰਜਾਬੀ ਪਦ :

ਜੁੱਟੇ ਵੀਰ ਜੁਝਾਰ ਧੱਗਾਂ ਵੱਜੀਆਂ॥
ਬੱਜੇ ਨਾਦ ਕਰਾਰੇ ਦਲਾ ਮੁਸਾਹਦਾ॥
ਲੁਝੇ ਕਾਰ ਣਯਾਰੇ ਸੰਘਰ ਸੂਰਮੇ॥
ਵੁੱਠੇ ਜਾਣੁ ਡਰਾਰੇ ਘਣੀਅਰ ਕੈਬਰੀ॥ 467॥
ਵੱਜੇ ਸੰਗਲੀਆਲੇ ਹਾਠਾਂ ਜੁਟੀਆਂ॥
ਖੇਤ ਬਹੇ ਮੁੱਛਾਲੇ ਕਹਰ ਤਤਾਰਚੇ॥
ਡਿੱਗੇ ਵੀਰ ਜੁਝਾਰੇ ਹੂਗਾਂ ਫੁਟੀਆਂ॥
ਬੱਕੇ ਜਾਣ ਮਤਵਾਲੇ ਭੰਗਾਂ ਖਾਇਕੈ॥468॥

(ਗ) ਪੰਜਾਬੀ ਦੀ ਉਪ-ਭਾਸ਼ਾ "ਪੁਆਧੀ" ਦੀ ਸ਼ਬਦਾਵਲੀ : ਰਾਮ ਅਵਤਾਰ ਵਿਖੇ ਇਸ ਦੇ ਅਨੇਕ ਸ਼ਬਦ ਮਿਲਦੇ ਹਨ, ਜਿਵੇਂ : ਜਿੰਹ ਤੇ (=ਜਿਸ ਤੋਂ ; ਪਦ -14) ਬਿਵਾਨ (=ਵਿਮਾਨ; ਪਦ 55); ਥਾਪ ਥਾਪੀਏ (=ਅਨੇਕ ਮਾਂਗਲਿਕ ਚਿੰਨ੍ਹ ਬਣਾਣੇ ; ਪਦ 193/4); ਸੂੰਕਤ (ਸੱਪ ਦੀ ਫੂੰਕਾਰ ; ਪਦ 248/3);

ਜਾਨ ਕਲੇਸ (ਮੁਹਾਵਰਾ; ਬੜੀ ਆਫ਼ਤ; ਪਦ 258/4) ਘੁਮੰ ਚੱਕਰ ਚੱਕਰੰ ਫਿਰੀ (ਮੁਹਾਵਰਾ ; ਮੂਰਖਾਂ ਵਾਂਗ ਫਿਰਨਾ, ਪਦ 687/3) ; ਝਟ ਦੈਕਰ (=ਛੇਤੀ ਦੇਣੀ ; ਪਦ 853/3); ਕਸੂਤ (=ਅਵਿਵਸਥਾ ; ਪਦ 275/1)।

(ਘ) ਸੰਸਕ੍ਰਿਤ ਉਨਮੁਖੀ ਭਾਸ਼ਾ : ਵੀਰ ਰਸ ਪੂਰਨ ਕਾਵਿਆਂ ਵਿਚ ਵਾਤਾਵਰਨ ਦੀ ਉਸਾਰੀ ਲਈ ਕਠੋਰ ਸ਼ਬਦਾਂ ਦੀ ਵਰਤੋਂ ਕਰਨੀ ਪੈਂਦੀ ਹੈ। ਸੰਸਕ੍ਰਿਤ ਭਾਸ਼ਾ ਭਾਵੇਂ ਕਿੰਨੀ ਵੀ ਮਿਠਾਸ ਭਰਪੂਰ ਅਤੇ ਸੱਜਰੀ-ਸੁਆਰੀ ਹੋਵੇ, ਫੇਰ ਵੀ ਉਸ ਦਾ ਗਿਆਨ ਨਾ ਰੱਖਣ ਵਾਲਿਆਂ ਨੂੰ ਇਹ ਲੱਠ ਮਾਰ ਹੀ ਨਜ਼ਰ ਆਉਂਦੀ ਹੈ। ਇਹੋ ਕਾਰਨ ਹੈ ਕਿ ਹਿੰਦੀ ਦੇ ਕਵੀ ਵੀਰ ਰਸ ਅਨੁਰੂਪ ਭਾਸ਼ਾ ਪੇਸ਼ ਕਰਨ ਵੇਲੇ ਬਿੰਦੀ (ਅਨੁਸਵਾਰ) ਯੁਕਤ ਅਤੇ ਸਮਾਸ ਪ੍ਰਧਾਨ ਸ਼ਬਦਾਂ ਦੀ ਵਰਤੋਂ ਕਰਕੇ ਉਸ ਨੂੰ ਸੰਸਕ੍ਰਿਤ ਦੇ ਅਨੁਰੂਪ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਵੀਰ ਸ਼ਿਵਾ ਜੀ ਦੇ ਸਮਕਾਲੀ ਕਵੀ ਭੂਸ਼ਣ ਨੇ ਇਸ ਸ਼ੈਲੀ ਨੂੰ ਹਿੰਦੀ ਜਗਤ ਦੇ ਸਾਮ੍ਹਣੇ ਪੇਸ਼ ਕੀਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ "ਰਾਮ-ਅਵਤਾਰ" ਵਿਚੋਂ ਵੀ ਅਜਿਹੇ ਕੁਝ ਨਮੂਨੇ ਪੇਸ਼ ਹਨ :

(ੳ) ਅਨੁਸਵਾਰ ਯੁਕਤ ਸ਼ਬਦਾਵਲੀ

ਸਰ ਧਰ ਪਾਣੰ ॥ ਧਰ ਕਰ ਮਾਣ.॥
ਅਰ ਉਰ ਸਾਲੀ॥ ਧਰ ਉਰ ਮਾਲੀ॥ 31॥
ਕਰ ਬਰ ਕੋਪੰ॥ ਬਰ ਹਰ ਧੋਪੰ॥
ਗਰ ਬਰ ਕਰਣੰ॥ ਘਰ ਬਰ ਹਰਣੰ॥ 32॥

(ਅ) ਸਮਾਸ ਯੁਕਤ ਸ਼ਬਦਾਵਲੀ – ਗੁਰੂ ਸਾਹਿਬ ਨੂੰ ਸਮਾਸਾਂ ਨਾਲ ਡਾਢਾ ਲਗਾਉ ਹੈ। ਅਜਿਹੇ ਕੁਝ ਸਮਾਸ, ਉਨ੍ਹਾਂ ਦੀ ਬਣਤਰ ਅਤੇ ਵਿਆਕਰਣਕ ਸਰੂਪ ਉਦਾਹਰਣ ਵਜੋਂ ਪੇਸ਼ ਹਨ :

ਰਾਮ -ਅਵਤਾਰ ਵਿਚ ਵਰਤਿਆ ਸ਼ਬਦ	ਸ਼ਬਦ ਦੇ ਵੱਖ-ਵੱਖ ਅੰਸ਼ ਅਤੇ ਅਰਥ	ਵਿਆਕਰਣਕ ਰੂਪ
1. ਧੁਨਿਆਰਤ (ਪਦ 3/3)	ਧੁਨਿ +ਆਰਤ (=ਚੀਖ ਚੰਘਾੜਾ)	ਭਾਵ ਬੋਧਕ ਸ਼ਬਦ
2. ਬਨੈਸਨ (ਪਦ 9/3)	ਬਨ (ਵਨ) +ਈਸ਼ + ਨ (=ਜੰਗਲ ਦਾ ਰਾਜਾ ; ਸ਼ੇਰ)	ਅੰਤਲਾ 'ਨ' ਲਗਣ ਕਾਰਨ ਬਨਈਸ਼ ਬਹੁਵਚਨ ਸੂਚਕ ਸ਼ਬਦ ਹੈ।
3. ਠਾਢਭੇ (ਪਦ 67/3)	ਠਾਢ +ਭੇ (=ਡਟ ਕੇ ਖੜੋਨਾ)	ਦੋਵੇਂ ਕ੍ਰਿਆਵਾਚਕ ਸ਼ਬਦ ਹਨ।
4. ਦਿਜੈਕ (ਪਦ 43/3)	ਦਿਜ (ਦਿਵਜ)+ ਏਕ (=ਇੱਕ ਬ੍ਰਾਹਮਣ)	ਨਾਂਵ ਅਤੇ ਗਿਣਤੀਵਾਚਕ ਸ਼ਬਦ (ਏਕ)
5. ਮੁੱਛਾਲੇ (ਪਦ 121/4)	ਮੁੱਛ + (ਵ) ਆਲੇ (ਮੁੱਛਾਂ ਵਾਲੇ)।	'ਵਾਲੇ' ਪਿਛੇਤਰ ਦਾ ਲਘੁਰੂਪ "ਆਲੇ"।
6. ਸੁਹਾਬ	ਸੁਹ+ਆਬ (ਸੁਹਣਾ ਰੰਗ)	"ਸੁਹ" (ਸੁਹਣਾ) ਵਿਸ਼ੇਸ਼ਣ ਪੰਜਾਬੀ ਦਾ ਅਤੇ "ਆਬ" ਫ਼ਾਰਸੀ ਦਾ।

ਭਾਸ਼ਾ ਵਿਚ ਲਾਖਣਿਕ ਤੱਤ

ਪ੍ਰਤਿਭਾਵਾਨ ਕਵੀ ਆਪਣੇ ਕਾਵਿ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਮੁਹਾਵਰਿਆਂ ਅਤੇ ਅਖੌਤਾਂ ਦੀ ਵਰਤੋਂ ਕਰਦਾ ਹੈ। ਪਰਿਭਾਸ਼ਿਕ ਸ਼ਬਦਾਵਲੀ ਵਿਚ ਉਸ ਦੀ ਇਸ ਕਲਾ ਨੂੰ "ਲਾਖਣਿਕਤਾ" ਆਖਿਆ ਜਾਂਦਾ ਹੈ। "ਸ੍ਰੀ ਗੁਰੂ ਗ੍ਰੰਥ ਸਾਹਿਬ"[4] ਵਾਂਗ ਹਿੰਦੀ ਦੇ ਉੱਘੇ ਕਵੀ ਬਿਹਾਰੀ, ਬ੍ਰਜਨਿਧਿ[5] ਅਤੇ ਘਨ ਆਨੰਦ ਦੀ ਪ੍ਰਸਿੱਧੀ ਦਾ ਕਾਰਨ ਉਨ੍ਹਾਂ ਦੇ ਮੁਹਾਵਰਿਆਂ ਅਤੇ ਅਖੌਤਾਂ ਦੀ ਬਣਤਰ ਹੈ, ਜਿਹੜੇ ਕਿ ਲੋਕ ਮਨਾਂ ਨੂੰ ਛੂਹਣ ਦੀ ਸਮਰੱਥਾ ਰੱਖਦੇ ਹਨ। "ਰਾਮ ਅਵਤਾਰ" ਦੀ ਕਾਵਿਗਤ ਸ਼ੋਭਾ ਨੂੰ ਇਨ੍ਹਾਂ ਨੇ ਹੀ ਚਾਰ ਚੰਨ ਲਾਏ ਹਨ। ਗੁਰੂ ਸਾਹਿਬ ਵਲੋਂ ਵਰਤੇ ਗਏ ਕੁਝ ਮੁਹਾਵਰੇ ਪੇਸ਼ ਹਨ,ਜਿਨ੍ਹਾਂ ਤੋਂ ਉਨ੍ਹਾਂ ਦੇ ਬਹੁ ਭਾਸ਼ੀ ਗਿਆਨ ਦੀ ਖ਼ੁਸ਼ਬੂ ਆਉਂਦੀ ਹੈ, ਜਿਵੇਂ :

ਪੰਜਾਬੀ ਮੁਹਾਵਰੇ

(i) ਸੀ ਨ ਕਹੌਂ : (ਪੀੜ ਮਹਿਸੂਸ ਨਾ ਕਰਨਾ)
ਸੂਲ ਸਹੌਂ ਤਨ ਸੂਕ ਰਹੌਂ ਪਰ ਸੀ ਨ ਕਹੌਂ ਸਿਰ ਸੂਲ ਸਹੌਂਗੀ॥

(ਪਦ 294/1)

(ii) ਬੀਸ ਬਿਸਵੇ (ਨਿਸ਼ਚਿਤ ਰੂਪ ਵਿਚ ; ਹਰ ਹਾਲਤ ਵਿਚ)
ਬੀਸ ਬਿਸਵੇ ਛਲ ਦਾਨਵ ਕੋ ਬਨ ਮੈ ਜਿਹ ਆਨ ਭੁਮੈ ਡਹਕਾਯੋ॥

(ਪਦ 353/3)

(iii) ਕਹਿ ਹਾਰਜੋ ਕੋਟ (ਕਰੋੜਾਂ ਵਾਰੀ ਆਖਣ ਤੇ ਵੀ ਪ੍ਰਭਾਵੰ ਨਾ ਹੋਣਾ)
ਕਹਿ ਹਾਰਜੋ ਕਪਿ ਕੋਟ ਦਈਤਪਤੀ ਇਕ ਨ ਮਾਨੀ॥

ਹਿੰਦੀ ਮੁਹਾਵਰੇ

(iv) ਚਾਮ ਕੇ ਦਾਮ ਚਲਾਏ : (ਚੰਮ ਦੀਆਂ ਚਲਾਣੀਆਂ ; ਹਨੇਰ ਮਚਾਉਣਾ) ਦੇ ਮਿਲੋ ਜਾਨਕੀ ਬਾਤ ਹੈ ਸਿਆਨ ਕੀ, ਚਾਮ ਕੇ ਦਾਮ ਕਾਹੇ ਚਲਾਏ॥ (ਪਦ 380/4)

"ਬਾਤ ਹੈ ਸਿਆਨ ਕੀ" – ਇਹ ਵੀ ਪੁਆਧੀ ਦੀ ਪੁੱਠ ਵਾਲਾ ਮੁਹਾਵਰਾ ਹੈ। ਇਸ ਦਾ ਅਰਥ ਹੈ : ਸਿਆਣਿਆਂ (ਸਮਝਦਾਰ ਵਿਅਕਤੀ) ਲਈ ਇਹੋ ਯੋਗ (ਸਮਝਦਾਰੀ ਦੀ) ਗੱਲ ਹੈ।

(v) ਦਾਂਤ (ਮੇਂ) ਘਾਸ ਲੈ (ਲੇਨਾ) : (ਹਾਰ ਮੰਨ ਕੇ ਅਧੀਨਗੀ ਕਬੂਲ ਕਰਨੀ) ਦਲੰਭ ਪੰਤ ਦੰਤੀਯੰ , ਭਜੰਤ ਹਾਰ ਮਾਨ ਕੈ॥

ਮਿਲੰਤ ਦਾਂਤ ਘਾਸ ਲੈ ਰਰੱਛ ਸ਼ਬਦ ਉਚਰੰ ॥(ਪਦ 322/3)

(vi) ਭਉਹ ਚੜਾਇ (ਭੌਂਹੇ ਚੜਾਨਾ = ਭਰਵੱਟੇ ਵੱਟਣੇ) ਕੇਕਈ ਆਦਿਕ ਸਉਤਨ ਕਉਂ ਲਖਿ ਭਉਹ ਚੜਾਇ ਸਦਾ ਗਰਬਾਤੀ॥

(ਪਦ 257/3)

ਅਨੁਕਰਨਾਤਮਕ ਸ਼ਬਦਵਾਲੀ : ਲੜਾਈ ਦੇ ਦ੍ਰਿਸ਼ਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਗੁਰੂ ਸਾਹਿਬ ਨੇ ਕਿਤੇ ਸ਼ਸਤਰਾਂ-ਅਸਤਰਾਂ ਦੀ ਆਵਾਜ਼ ਅਤੇ ਕਿਤੇ ਫ਼ੌਜੀਆਂ ਵਲੋਂ ਵਜਾਏ ਜਾਣ ਵਾਲੇ ਬਾਜਿਆਂ ਦੀ ਚਰਚਾ ਵੀ ਕੀਤੀ ਹੈ, ਜਿਵੇਂ :

ਭਰੰਤ ਪਤਰੰ॥ ਭੁਟੰਤ ਅੱਤਰੰ॥
ਝੜੰਤ ਅਗਨੰ॥ ਜਲਤ ਜਹਾਨੰ॥ 462॥
ਭੁਟੰਤ ਖੋਲੰ ॥ ਜੁਟੰਤ ਟੋਲੰ॥
ਖਿਸੰਤ ਖੱਗੰ॥ ਉਠੰਤ ਅੱਗੰ ॥ 463॥
ਚਲੰਤ ਬਾਣੰ॥ ਰੁਕੰ ਦਿਸਾਣੰ॥
ਪਪਾਤ ਸਸਤ੍ਰੰ॥ ਅਘਾਤ ਅਸਤ੍ਰੰ ॥ 464॥

ਤਲਵਾਰਾਂ ਦੇ ਟਕਰਾਉਣ ਨਾਲ ਅੱਗ ਨਿਕਲਣ, ਮਿਆਣ ਵਿਚੋਂ ਤਲਵਾਰਾਂ ਕੱਢਣ ਅਤੇ ਤੀਰ ਚੱਲਣ ਬਾਰੇ ਦਿੱਤੇ ਸ਼ਬਦ ਜੁੱਧ ਦਾ ਸਜੀਵ ਵਾਤਾਵਰਣ ਪੇਸ਼ ਕਰਦੇ ਹਨ। ਸ਼ਾਦੀ ਵਿਆਹ ਸਮੇਂ ਵੱਜਣ ਵਾਲੀ "ਬੀਨ" ਦੀ ਆਵਾਜ਼ ਸੁਰੀਲੀ ਹੁੰਦੀ ਹੈ, ਪਰ ਲੜਾਈ ਦੇ ਮੈਦਾਨ ਵਿਚ ਵੱਜਣ ਵਾਲੀ "ਨਫ਼ੀਰੀ" ਦੀਆਂ ਧੁਨਾਂ ਭੈ ਉਪਜਾਊ ਅਤੇ ਜੋਸ਼ੀਲੀਆਂ ਹੁੰਦੀਆਂ ਹਨ। ਸ਼ਾਇਦ ਇਹੋ "ਨਫ਼ੀਰੀ" ਸ਼ਬਦ ਹਿੰਦੀ ਵਿਚ 'ਭੇਰੀ" ਅਖਵਾਉਂਦਾ ਹੈ। ਜੋਧਿਆਂ ਦੀ ਹੁੰਕਾਰ (ਗਲਗਿੱਜ) ਨਾਲ ਮੇਲਦੀ ਹੋਈ ਨਫ਼ੀਰੀਆਂ ਦੀ ਧੁਨੀ ਦਾ ਉਲੇਖ ਦਸ਼ਮ ਪਾਤਿਸ਼ਾਹ ਜੀ ਨੇ ਇਨ੍ਹਾਂ ਸ਼ਬਦਾਂ ਰਾਹੀਂ ਕੀਤਾ ਹੈ :

ਨਵ ਨਾਦ ਨਫੀਰਨ ਬਾਜਤ ਭੇ॥
ਗਲਗਿੱਜ ਹਠੀ ਰੰਣ ਰੰਗ ਫਿਰੇ॥
ਲਗ ਬਾਨ ਸਨਾਹ ਦੁਸਾਰ ਕਢੇ॥
ਸੂਅ ਭੱਛਕ ਕੇ ਜਨ ਰੂਪ ਮਢੇ॥[7] *(ਪਦ 342)*

ਹਵਾਲੇ ਅਤੇ ਟਿੱਪਣੀਆਂ

1. ਡਾ. ਨਵ ਰਤਨ ਕਪੂਰ (ਸੰਪਾਦਿਤ : ਹਿੰਦੀ ਪੁਸਤਕ) : ਲਵ ਕੁਸ਼ ਕਥਾ ਕ੍ਰਿਤ ਸਾਹਿਬ ਦਾਸ (ਭਾਸ਼ਾ ਵਿਭਾਗ, ਪੰਜਾਬ, ਪਟਿਆਲਾ : ਸੰਨ 1977)
2. ਫ਼ਾਰਸੀ ਵੀ ਸੰਸਕ੍ਰਿਤ ਨਾਲ ਮਿਲੀ ਹੋਈ ਹੈ।
3. ਦੇਵੇਂਦ੍ਰ ਸ਼ਰਮਾ : ਬਿਹਾਰੀ ਸਤਸਈ, ਪੰਨਾ 83 (ਵਿਨੋਦ ਪੁਸਤਕ ਮੰਦਿਰ ਆਗਰਾ, ਸੰਨ 1961)
4. ਆਲੋਚਨਾ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਜਿਲਦ 16, ਅੰਕ1
ਸੰਪਾਦਕ : ਪ੍ਰੋਫ਼ੈਸਰ ਪ੍ਰੀਤਮ ਸਿੰਘ, ਵਰ੍ਹਾ 1969 (ਡਾ. ਨਵ ਰਤਨ ਕਪੂਰ ਦਾ ਲੇਖ 'ਜਪੁ ਸਾਹਿਬ' ਦੇ ਮੁਹਾਵਰੇ), ਪੰਨਾ 255।
5. ਪ੍ਰਗਯਾ, ਅੰਕ 3, ਭਾਗ 1, ਅਕਤੂਬਰ 1967 ਬਨਾਰਸ ਹਿੰਦੂ ਯੂਨੀਵਰਸਿਟੀ (ਡਾ. ਨਵ ਰਤਨ ਕਪੂਰ ਦਾ ਹਿੰਦੀ ਲੇਖ : ਘਨਾਨੰਦ ਕੀ ਪੰਜਾਬੀ ਕਵਿਤਾ)
6. ਭਾਸ਼ਾ, ਮਾਰਚ 1967 ; ਹਿੰਦੀ ਨਿਦੇਸ਼ਾਲਯ, ਕੇਂਦਰੀ ਸਿੱਖਿਆ ਮੰਤ੍ਰਾਲਯ, ਨਵੀਂ ਦਿੱਲੀ (ਡਾ. ਨਵ ਰਤਨ ਕਪੂਰ ਦਾ ਹਿੰਦੀ ਲੇਖ : ਬ੍ਰਜਨਿਧਿ ਕੇ ਮੁਹਾਵਰੇ)।
7. ਕਵੀ ਨੇ ਵਿਸ਼ੇਸ਼ ਪ੍ਰਕਾਰ ਦੀ ਸ਼ਬਦ ਯੋਜਨਾ ਰਾਹੀਂ ਅਜਿਹਾ ਸ਼ਬਦ ਨਾਦ ਪੈਦਾ ਕੀਤਾ ਹੈ, ਜਿਸ ਤੋਂ ਜੁੱਧ ਭੂਮੀ ਦਾ ਸਮੁੱਚਾ ਕਠੋਰ ਅਤੇ ਬੀਭਤਸ (ਭਿਆਨਕ) ਵਾਤਾਵਰਨ ਸਜੀਵ ਹੋ ਜਾਂਦਾ ਹੈ।
ਡਾ. ਰਵਿੰਦਰ ਸਿੰਘ : ਪੰਜਾਬੀ ਰਾਸ ਕਾਵਿ, ਪੰਨਾ 87 (ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅਗਸਤ, 1971)

ਜ਼ਫ਼ਰਨਾਮਾ : ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੀ ਇਕ ਝਲਕ

*ਡਾ. ਗੁਰਦੀਪ ਸਿੰਘ**

ਕੁਦਰਤ ਨੂੰ ਸਦੀਆਂ ਦਾ ਸਮਾਂ ਲੱਗਦਾ ਹੈ ਅਜਿਹੀ ਪ੍ਰਤਿਭਾ ਸਿਰਜਨ ਲਈ ਜੋ ਇਤਿਹਾਸ ਦਾ ਰੁੱਖ ਬਦਲਦੀ ਹੈ। ਮਾਨਵਤਾ ਦੇ ਇਤਿਹਾਸ ਵਿਚ ਕਦੀ-ਕਦੀ ਹੀ ਅਜਿਹਾ ਵਾਪਰਦਾ ਹੈ ਕਿ ਵਕਤ ਦੀ ਕੁੱਖ ਵਿਚੋਂ ਅਜਿਹੀ ਅਜੀਮ ਰੂਹ ਪ੍ਰਗਟ ਹੁੰਦੀ ਹੈ ਜਿਹੜੀ ਇਕੋ ਸਮੇਂ ਦਾਰਸ਼ਨਿਕ ਖ਼ੂਬੀਆਂ, ਫੌਲਾਦੀ ਹੌਸਲਾ, ਨਿਡੱਰਤਾ, ਸੱਚ ਤੇ ਧਰਮ ਵਿਚ ਅਟੱਲ ਵਿਸ਼ਵਾਸ, ਸਿਆਸੀ ਚੇਤਨਤਾ ਆਦਿ ਉੱਚੀਆਂ ਮਾਨਵੀ ਕੀਮਤਾਂ ਦਾ ਸੁੰਦਰ ਸੁਮੇਲ ਹੁੰਦੀ ਹੈ। ਸਮੁੱਚੀ ਭਾਰਤੀ ਸੰਸਕ੍ਰਿਤੀ ਅਤੇ ਸਿੱਖ ਕੌਮ ਲਈ ਇਹ ਵਿਸ਼ੇਸ਼ ਗੌਰਵ ਹੈ ਕਿ ਅਜਿਹੀ ਸ਼ਖ਼ਸੀਅਤ ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਵਰਗੀ ਮਹਾਨ ਰੂਹ ਉਨ੍ਹਾਂ ਨੂੰ ਪ੍ਰਾਪਤ ਹੋਈ ਹੈ। ਗੁਰੂ ਜੀ ਅਜਿਹੇ ਸੂਝਵਾਨ-ਪੁਰਖ ਸਨ, ਜਿਹਨਾਂ ਦੇ ਵਿਚਾਰਾਂ ਅੰਦਰ ਲੋਕਾਂ ਵਿਚ ਨਵੀਂ ਜਾਗ੍ਰਿਤੀ, ਚੜ੍ਹਦੀਕਲਾ ਦਾ ਭਾਵ, ਕੁਝ ਕਰ ਗੁਜਰਨ ਦੀ ਭਾਵਨਾ, ਅਡੋਲਤਾ, ਦ੍ਰਿੜਤਾ, ਜਿੱਤ ਦੀ ਆਸ਼ਾਵਾਦੀ ਮਨੋ-ਅਵਸਥਾ ਸਿਰਜਨ ਦੀ ਅਥਾਹ ਸਮਰੱਥਾ ਮੌਜੂਦ ਹੈ। ਵਿਦਵਤਾ ਅਤੇ ਵਿਚਾਰਾਂ ਦੀ ਪ੍ਰਪੱਕਤਾ ਦਾ ਅਨੁਮਾਨ ਵਿਦਵਾਨ ਦੀ ਸੋਚ ਦਾ ਲੋਕ-ਮਨਾਂ ਉੱਪਰ ਪੈਣ ਵਾਲੇ ਪ੍ਰਭਾਵ ਅਤੇ ਅਸਰ ਤੋਂ ਲਾਇਆ ਜਾਂਦਾ ਹੈ। ਜਿਹੜਾ ਵਿਅਕਤੀ ਅਸੀਮ ਸ਼ਕਤੀ 'ਅਕਾਲ ਪੁਰਖ' ਤੋਂ ਅਰਦਾਸ ਰਾਹੀਂ ਵਰਦਾਨ ਹੀ 'ਸ਼ੁਭ ਕਰਮਣ' ਦਾ ਮੰਗਦਾ ਹੈ ਅਤੇ ਹੌਸਲਾ-ਤਾਕਤ 'ਜੂਝ ਮਰੋ' (ਕੁਰਬਾਨ ਹੋਣ) ਦਾ ਮੰਗਦਾ ਹੈ , ਉਸ ਦੀ ਸੋਚ ਦਾ ਲੋਕਾਂ ਉੱਪਰ ਉਸਾਰੂ ਤੇ ਅਮਿੱਟ ਅਸਰ ਹੋਣਾ ਨਿਸਚਿਤ ਹੈ। ਅਜਿਹੀ ਪ੍ਰਤਿਭਾ ਦੇ ਵਿਚਾਰ ਅਤੇ ਜਜ਼ਬੇ ਜਦੋਂ ਕਿਸੇ ਸਾਹਿਤਕ ਕਿਰਤ ਦਾ ਜਾਮਾ ਪਹਿਨ ਦੇ ਪ੍ਰਗਟ ਹੁੰਦੇ ਹਨ ਤਾਂ ਉਹ ਸਾਹਿਤ ਅਤੇ ਕਲਾ ਦੀਆਂ ਸਾਰੀਆਂ ਉਚਾਈਆਂ ਤੇ ਬੁਲੰਦੀਆਂ ਨੂੰ ਸਰ ਕਰ ਜਾਂਦੇ ਹਨ। ਕਲਮ ਅਤੇ ਕਰਮ ਦੀ ਜੋ ਉਚਤਮ ਮੇਲਤਾ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਰਾਹੀਂ ਮਾਨਵਤਾ ਦੇ ਇਤਿਹਾਸ ਵਿਚ ਪ੍ਰਗਟ ਹੋਈ ਹੈ ਉਹ ਲਾਸਾਨੀ ਅਤੇ ਅਦੁੱਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਅਤੇ ਉਹਨਾਂ ਦੀ ਰਚਨਾ ਦਾ ਇਕ-ਇਕ ਸ਼ਬਦ ਹੀ ਉਹਨਾਂ ਦੀ ਵਿਲੱਖਣ ਸ਼ਖ਼ਸੀਅਤ ਦੀ ਗਵਾਹੀ ਭਰਦਾ ਹੈ ਪਰੰਤੂ ਮੈਂ ਇਸ ਖੋਜ -ਪੱਤਰ ਵਿਚ ਸਿਰਫ਼ ਉਹਨਾਂ ਦੀ ਮਹਾਨ-ਰਚਨਾ 'ਜ਼ਫ਼ਰਨਾਮਾ' ਨੂੰ ਹੀ ਕੇਂਦਰ ਵਿਚ ਰੱਖਦਿਆਂ, ਇਸ ਸ਼ਾਹਕਾਰ ਰਚਨਾ ਰਾਹੀਂ ਉਨਾਂ ਦੀ ਸ਼ਖ਼ਸ਼ੀਅਤ ਦੇ ਜੋ ਵਿਲੱਖਣ ਗੁਣ ਪ੍ਰਗਟ ਹੁੰਦੇ ਹਨ ਉਹਨਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ।

'ਜ਼ਫ਼ਰਨਾਮਾ' ਗੁਰੂ ਜੀ ਦੁਆਰਾ ਫ਼ਾਰਸੀ ਭਾਸ਼ਾ ਵਿਚ ਕਵਿਤਾ ਦੇ ਮਾਧਿਅਮ ਰਾਹੀਂ ਭਾਰਤ ਉੱਪਰ ਸਥਾਪਿਤ ਮੁਗਲ ਸਲਤਨਤ ਦੇ ਤਾਕਤਵਰ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਗਿਆ ਪੱਤਰ ਹੈ, ਜਿਸ ਵਿਚ ਨੇਕੀ ਦੀ ਬੰਦੀ ਉੱਪਰ ਜਿੱਤ ਦਾ ਖੁੱਲ੍ਹਾ ਐਲਾਨ ਕਰਦਿਆਂ ਗੁਰੂ ਜੀ ਨੇ ਔਰੰਗਜ਼ੇਬ ਦੀ ਹਾਰ ਦਾ ਖੁਲਾਸਾ ਕੀਤਾ ਹੈ। 'ਜ਼ਫ਼ਰਨਾਮਾ' (ਜਿੱਤ ਦੀ ਚਿੱਠੀ) ਕੁਲ 111 ਸ਼ਿਅਰਾਂ ਵਾਲੀ ਕਾਵਿ-ਮਈ ਰਚਨਾ ਹੈ। ਜਿਸ ਦੇ ਆਰੰਭ ਵਿਚ ਪਰਮਾਤਮਾ ਪ੍ਰਤੀ ਸ਼ਰਧਾ, ਅਟੱਲ ਵਿਸ਼ਵਾਸ ਅਤੇ ਸਤਿਕਾਰ ਪ੍ਰਗਟ ਕਰਦਿਆਂ ਇਸ ਜਗਤ ਵਿਚ ਪਰਮਾਤਮਾ ਦੀ ਉੱਚਤਾ ਨੂੰ ਸਥਾਪਿਤ ਕੀਤਾ ਹੈ ਜੋ ਆਪਣੇ ਆਪ ਵਿਚ ਇਕ ਘੁਮੰਡੀ, ਜਾਲਮ ਬਾਦਸ਼ਾਹ ਨੂੰ ਉਸ ਦੀ ਥਾਂ ਦਿਖਾਉਣ ਅਤੇ ਤੁੱਛਤਾ ਦਾ ਅਹਿਸਾਸ ਕਰਾਉਣਾ ਹੈ। ਦੂਸਰੇ ਹਿੱਸੇ ਵਿਚ ਚਮਕੌਰ ਦੇ ਯੁੱਧ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਕਥਾ ਬਿਆਨ ਕਰਦਿਆਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਸਪਸ਼ਟ ਸ਼ਬਦਾਂ ਵਿਚ ਉਸ ਦੀ ਤੰਗ-ਦਿੱਲੀ, ਫਿਰਕਾਪ੍ਰਸਤੀ (ਧਰਮ-ਅੰਧਤਾ), ਲੋਕਾਂ ਪ੍ਰਤੀ ਦੁਸ਼ਟ ਵਿਵਹਾਰ ਦੀ ਸੱਚ ਬਹੁਤ ਹੀ ਸਾਹਸਮਈ ਢੰਗ ਨਾਲ ਸੁਣਾਇਆ ਹੈ। ਸੱਤਾ ਦੇ ਨਸ਼ੇ ਵਿਚ

---

*ਪੰਜਾਬੀ ਵਿਭਾਗ, ਮੁਲਤਾਨੀ ਮਲ ਮੋਦੀ ਕਾਲਜ, ਪਟਿਆਲਾ

ਬਦਮਸਤ ਬਾਦਸ਼ਾਹ ਨੂੰ ਧਰਮ ਅਤੇ ਸੱਚ ਦੇ ਸਦੀਵੀ ਤੇ ਸਹੀ ਰੂਪ ਬਾਰੇ ਦੱਸਿਆ ਹੈ। ਔਰੰਗਜ਼ੇਬ ਦੁਆਰਾ ਧਰਮ ਦੇ ਨਾਂ ਤੇ ਜੋ ਅਧਰਮ ਕਮਾਇਆ ਗਿਆ ਹੈ। ਉਸ ਦਾ ਬਿਆਨ ਜਿਸ ਦਲੇਰੀ ਅਤੇ ਸਪਸ਼ਟਤਾ ਨਾਲ ਇਸ ਮਹਾਨ ਕੌਮੀ ਨਾਇਕ ਅਤੇ ਪ੍ਰਤਿਭਾਸ਼ੀਲ ਸ਼ਾਇਰ ਵਲੋਂ ਇਸ ਜਿੱਤ ਦੀ ਚਿੱਠੀ ਵਿਚ ਪ੍ਰਗਟ ਕੀਤਾ ਹੈ, ਉਹ ਆਪਣੇ ਆਪ ਵਿਚ ਇਸ ਵਿਲੱਖਣ ਸ਼ਖ਼ਸੀਅਤ ਦੀ ਉੱਚਤਾ, ਹਿੰਮਤ, ਵਿਦਵਤਾ ਅਤੇ ਕਲਾਤਮਕਤਾ ਦਾ ਉਲੇਖ ਹੈ।

"ਕਿਹ ਅਜਬ ਅਸਤ ਅਜਬ ਅਸਤ ਫ਼ਤਵਾ ਸ਼ੁਮਾ।
ਬਜੁਜ਼ ਹਾਸਤੀ ਸੁਖਨ ਗ਼ਫ਼ਤਨ ਜਿਯਾਂ।'

(ਸ਼ਿਅਰ 68)

(ਇਹ ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਤਾਂ ਤੂੰ ਮੰਨਦਾ ਹੈ ਕਿ ਸਚਾਈ ਤੋਂ ਬਿਨਾਂ ਕੋਈ ਵੀ ਹੋਰ ਗੱਲ ਕਰਨ ਵਿਚ ਹਾਨੀ ਹੀ ਹਾਨੀ ਹੈ ਤਾਂ ਦੂਜੇ ਪਾਸੇ ਝੂਠੇ ਫਤਵੇ ਤੇ ਇਕ ਪਾਸੜ ਸ਼ਰ੍ਹਈ ਹੁਕਮਾਂ ਨਾਲ ਇਨਸਾਫ ਦਾ ਘਾਣ ਕਰ ਰਿਹਾ ਹੈ। ਤੂੰ ਕਿੱਥੇ ਖੜ੍ਹਾ ਹੈ ?)[1]

ਔਰੰਗਜ਼ੇਬ ਦੇ ਧਾਰਮਿਕ ਪਾਖੰਡ ਅਤੇ ਮਕਾਰ ਮਾਨਵੀ ਚਿਹਰੇ ਨੂੰ ਇਸ ਤੋਂ ਵੱਧ ਕਲਾਮਈ ਢੰਗ ਨਾਲ ਨਹੀਂ ਉਭਾਰਿਆ ਜਾ ਸਕਦਾ ਹੈ।

"ਨ ਈਮਾਂ ਪ੍ਰਸੱਤੀ, ਨ ਔਜ਼ਾਇ ਦੀਂ।
ਨ ਸਾਹਿਬ ਸ਼ਨਾਸੀ, ਮੁਹੰਮਦ ਯਕੀਂ।' *(ਸ਼ਿਅਰ -46)*

(ਨਾ ਤੇਰੇ ; ਪੱਲੇ ਈਮਾਨ ਹੈ, ਤੇ ਨਾ ਹੀ ਧਰਮ ਦਾ ਰਾਹ। ਨਾ ਤੂੰ ਰੱਬ ਨੂੰ ਪਹਿਚਾਨਦਾ ਹੈਂ ਤੇ ਨਾ ਹੀ ਤੈਨੂੰ ਹਜ਼ਰਤ ਮੁਹੰਮਦ ਤੇ ਭਰੋਸਾ ਹੈ।)[2]

ਅਤੇ

"ਕਿ ਈਂ ਮਰਦ ਰਾ ਜੱਰਹ ਏਤਬਾਰ ਨੇਸਤ
ਚਿਹ ਕਸਮਿ ਕੁਰਆਂ ਮਸਤ ਯਜ਼ਦਾਂ ਯਕੇਸਤ।' *(ਸ਼ਿਅਰ 48)*

(ਜਿਸ ਮਨੁੱਖ ਨੂੰ ਕੁਰਾਨ ਦੀ ਕਸਮ ਦੀ ਪਰਵਾਹ ਨਹੀਂ ਤੇ ਜਿਹੜਾ ਪਰਮਾਤਮਾ ਦੀ ਏਕਤਾ ਤੇ ਭਰੋਸਾ ਨਹੀਂ ਰੱਖਦਾ ਉਹਦੇ ਤੇ ਰੀਣ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ।)[3]

'ਜ਼ਫ਼ਰਨਾਮਾ' ਦਾ ਹਰ ਸ਼ਬਦ ਚੜ੍ਹਦੀਕਲਾ ਦਾ ਸੂਚਕ ਹੈ। ਇਸ ਚੜ੍ਹਦੀਕਲਾ ਦਾ ਮੂਲ ਅਧਾਰ ਗੁਰੂ ਗੋਬਿੰਦ ਸਿੰਘ ਜੀ ਦਾ 'ਅਕਾਲ ਪੁਰਖ' ਉੱਤੇ ਅਟਲ ਭਰੋਸਾ ਹੈ, ਜਿਸ ਤੋਂ ਉਨ੍ਹਾਂ ਨੂੰ ਸਾਹਸ, ਦ੍ਰਿੜ੍ਹਤਾ ਅਤੇ ਇਰਾਦੇ ਦੀ ਮਜਬੂਤੀ ਦਾ ਬਲ ਮਿਲਦਾ ਹੈ। ਗੁਰੂ ਜੀ ਦੁਆਰਾ ਇਸ ਰਚਨਾ ਦੇ ਇਸ ਵਿਸ਼ੇਸ਼ ਸਿਰਲੇਖ ਨੂੰ ਚੁਣੇ ਜਾਣ ਤੋਂ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਮਨ ਵਿਚ ਨੇਕੀ ਦੀ ਜਿੱਤ ਦਾ ਕਿੱਡਾ ਵੱਡਾ ਤੇ ਅਟੱਲ ਵਿਸ਼ਵਾਸ ਹੈ ;

"ਕਿ ਸਾਹਿਬਿ ਸ਼ ਉਰੱਸਤ ਆਜਿਜ਼ ਨਵਾਜ਼।
ਗ਼ਰੀਬੁਲ ਪ੍ਰਸਤੋ, ਗ਼ਨੀਮੁਲ ਗੁਦਾਜ਼।" (ਸ਼ਿਅਰ-8)

(ਉਹ ਪੂਰਨ ਬੁੱਧੀਮਾਨ ਨਿਮਾਣਿਆਂ ਨੂੰ ਨਿਵਾਜਣ ਵਾਲਾ ਹੈ। ਗਰੀਬਾ ਦਾ ਪਾਲਕ ਤੇ ਦੁਸ਼ਮਣਾਂ/ ਦੋਖੀਆਂ ਨੂੰ ਖ਼ਤਮ ਕਰਨ ਵਾਲਾ ਹੈ।)[4]

ਅਤੇ

"ਨਾ ਪੇਚੀਦਹ ਮੂਇ ਨ ਰੰਜੀਦਹ ਤਨ।
ਕਿ ਬੇਰੂੰ ਖ਼ੁਦ ਆਵਰੁਦ ਦੁਸ਼ਮਨ-ਸ਼ਿਕਨ।' *(ਸ਼ਿਅਰ -44)*

(ਸਾਡਾ ਵਾਲ ਵੀ ਵਿੰਗਾ ਨਾ ਹੋਇਆ, ਨਾ ਹੀ ਸਰੀਰ ਨੂੰ ਕੋਈ ਕਸ਼ਟ ਹੋਇਆ। ਦੁਸ਼ਮਣ ਨੂੰ ਖ਼ਤਮ ਕਰਨ ਵਾਲਾ ਪਰਮਾਤਮਾ ਸਾਨੂੰ ਆਪ ਬਚਾ ਲਿਆਇਆ।)[5]

ਗੁਰੂ ਜੀ ਦਾ ਇਹ ਅਟੱਲ ਵਿਸ਼ਵਾਸ ਹੈ ਕਿ ਸੱਚ ਦੇ ਰਾਹੀ ਨੂੰ ਕੋਈ ਦੁਨਿਆਵੀ ਤਾਕਤ ਮਾਤ ਨਹੀਂ ਦੇ ਸਕਦੀ :

"ਹਰ ਆਂ ਕਸ ਕਿਜ਼ੂ ਰਾਸਤਬਾਜ਼ੀ ਕੁਨੱਦ।
ਰਹੀਮੇ ਬਰੋ ਰਹਿਮ ਸਾਜ਼ੀ ਕੁਨੱਦ।' *(ਸ਼ਿਅਰ -101)*

(ਜਿਹੜਾ ਮਨੁੱਖ ਸੱਚ ਦੇ ਰਾਹ ਤੇ ਤੁਰਦਾ ਹੈ, ਕ੍ਰਿਪਾਲੂ ਪਰਮਾਤਮਾ ਉਸ ਤੇ ਬਖਸ਼ਿਸ਼ ਕਰਦਾ ਹੈ।)[6]

ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਸੱਚ, ਧਰਮ ਅਤੇ ਕੌਮੀ ਗੌਰਵ ਨੂੰ ਸਥਾਪਿਤ ਕਰਨ ਵਾਲੇ ਮਹਾਂ-ਸੰਗਰਾਮ ਦੇ ਰੂਪ ਵਿਚ ਵਿਚਾਰਿਆ ਜਾਣਾ ਬਣਦਾ ਹੈ। ਮਹਾਨ ਸੰਗਰਾਮ ਵਿਚੋਂ ਲੰਘ ਰਹੇ ਸੰਗਰਾਮੀਏ ਨੂੰ ਕਿਹੜੇ ਹਾਲਾਤਾਂ ਵਿਚੋਂ ਗੁਜਰਨਾ ਪੈ ਸਕਦਾ ਹੈ। ਉਸ ਸੰਗਰਾਮ ਦੌਰਾਨ ਧਰਮ ਯੋਧੇ ਨੂੰ ਕਿਸ ਕਦਰ ਦ੍ਰਿੜ ਅਤੇ ਅਡੋਲ ਰਹਿਣਾ ਚਾਹੀਦਾ ਹੈ।

ਉਸ ਨੂੰ ਕਿਸ ਪੱਧਰ ਦੀ ਚੜ੍ਹਦੀ-ਕਲਾ ਵਾਲੀ ਮਾਨਸਿਕਤਾ ਨੂੰ ਪ੍ਰਾਪਤ ਹੋਣਾ ਪੈਂਦਾ ਹੈ ਇਸ ਦੀ ਸਾਖਸ਼ਾਤ ਤਸਵੀਰ ਗੁਰੂ ਜੀ ਨੇ 'ਜ਼ਫ਼ਰਨਾਮਾ' ਵਿਚ ਉਭਾਰੀ ਹੈ। ਇਸ ਪੰਥ ਦੇ ਰਾਹੀ ਨੂੰ ਗੁਰੂ ਜੀ ਦਾ ਪਹਿਲਾ ਪੈਗਾਮ ਪਰਮਾਤਮਾ ਪ੍ਰਤੀ ਪੂਰਨ ਸਮਰਪਣ ਦਾ ਹੈ। ਉਸ ਵਿਚ ਅਡੋਲ ਵਿਸ਼ਵਾਸ ਅਤੇ ਨਿਸਚਾ ਹੀ ਧਰਮ ਯੋਧੇ ਦੀ ਤਾਕਤ ਬਣਦੀ ਹੈ।

"ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ।
ਕਿ ਬੇਗੂਨੋ ਬੇਚੂਨੋ ਚੂੰ ਬੇਨਮੂੰ।। (ਸ਼ਿਅਰ -3)

(ਉਹ ਰਾਜਿਆਂ ਦਾ ਮਹਾਰਾਜਾ, ਗੁਣਦਾਤਾ, ਬੇਮਿਸਾਲ ਆਗੂ ਹੈ। ਉਹ ਨੇਕੀ ਦੇਣ ਵਾਲਾ ਹੈ ਤੇ ਰੰਗ ਰੂਪ ਤੋਂ ਰਹਿਤ ਹੈ।)[7]

ਅਤੇ

"ਸ਼ਨਾਸਿੰਦਹਇ ਇਲਮਿ ਆੱਲਮ ਖ਼ੁਦਾਇ।
ਕੁਸ਼ਾਇੰਦਹਇ ਕਾਰ ਆਲਮ ਕੁਸ਼ਾਇ।।" (ਸ਼ਿਅਰ -11)

(ਉਹ ਸੰਸਾਰ ਦੇ ਸਾਰੇ ਭੇਦਾਂ ਤੋਂ ਜਾਣੂ ਹੈ ਤੇ ਦੁਨੀਆਂ ਦੀਆਂ ਸਮੂਹ ਔਕੜਾਂ ਦਾ ਹੱਲ ਕਰਨ ਵਾਲਾ ਹੈ।)[8]

ਪਰਮਾਤਮਾ ਉੱਪਰ ਅਥਾਹ ਭਰੋਸੇ ਦੀ ਇਹ ਸ਼ਿੱਦਤ ਹੀ ਧਰਮ ਯੋਧੇ ਦੀ ਅਗਵਾਈ ਕਰਦੀ ਹੈ ਅਤੇ ਉਸ ਦੀ ਸਮਰੱਥਾ ਵਧਾਉਂਦੀ ਹੈ।

"ਤੁਰਾ ਗਰ ਨਜ਼ਰ ਹੱਸਤ ਲਸ਼ਕਰ ਵ ਜ਼ਰ।
ਕਿਹਾ ਮਾ ਰਾ ਨਿਗ੍ਹਾ ਅਸਤ ਯਜਦਾਂ ਸ਼ੁਕਰ" (ਸ਼ਿਅਰ 105)

(ਜੇ ਤੇਰੀ ਨਜ਼ਰ ਫੌਜਾਂ ਅਤੇ ਖਜਾਨੇ ਤੇ ਹੈ ਤਾਂ ਮੈਨੂੰ ਸਿਰਫ ਪਰਮਾਤਮਾ ਦਾ ਸ਼ੁਕਰ ਕਰਨ ਤੇ ਮਾਣ ਹੈ।)[9]

ਅਤੇ

"ਕਿ ਊ ਰਾ ਗ਼ੁਰੂਰ ਅਸਤ ਬਰ ਮੁਲਕੋ ਮਾਲ।
ਵ ਮਾ ਰਾ ਪਨਾਹ ਅਸਤ ਯਜ਼ਦਾ ਅਕਾਲ।" (ਸ਼ਿਅਰ -106)

(ਬਾਦਸ਼ਾਹ ਨੂੰ ਆਪਣੀ ਧਨ-ਦੌਲਤ ਤੇ ਘੁਮੰਡ ਹੈ ਪਰ ਮੈਨੂੰ ਪਰਮਾਤਮਾ ਦੀ ਸ਼ਰਣ ਵਿਚ ਆਉਣ ਦਾ ਮਾਣ ਹੈ।)[10]

ਧਰਮ ਯੋਧੇ ਨੂੰ ਮਹਾਂ-ਸੰਗਰਾਮ ਦੇ ਰਾਹ ਤੇ ਚੱਲਦਿਆਂ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਨੂੰ ਅੰਤਾਂ ਦੇ ਭਿਆਨਕ ਸਦਮੇ ਬਰਦਾਸ਼ਤ ਕਰਨੇ ਪੈਂਦੇ ਹਨ।

"ਚਿਹਾ ਸ਼ੁੱਦ ਕਿ ਚੂ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।"

(ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ ਹਨ, ਅਜੇ ਕੁੰਡਲੀਆਂ ਸੱਪ (ਖਾਲਸਾ) ਬਾਕੀ ਹੈ (ਤੇਰੇ ਨਾਲ ਸਿੱਝਣ ਲਈ)।[11]

ਇਨ੍ਹਾਂ ਸਦਮਿਆਂ ਅਤੇ ਕੁਰਬਾਨੀਆਂ ਤੋਂ ਕਿਸ ਕਦਰ ਨਿਰਭੈ ਹੋਣ ਦੀ ਜ਼ਰੂਰਤ ਹੁੰਦੀ ਹੈ ਅਤੇ ਇਹਨਾਂ ਨੂੰ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਲੜੇ ਜਾ ਰਹੇ ਧਰਮ ਯੁੱਧ ਲਈ ਆਪਣੀ ਤਾਕਤ ਅਤੇ ਹਿੰਮਤ ਵਜੋਂ ਲੈਣ ਦੀ ਤਾਕੀਦ ਗੋਬਿੰਦ ਸਿੰਘ ਜੀ ਵਰਗੀ ਨਿਡਰ ਤੇ ਸਰਬੰਸਦਾਨੀ ਸ਼ਖ਼ਸੀਅਤ ਹੀ ਕਰ ਸਕਦੀ ਹੈ,

"ਚਿਹ ਮਾਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ।
ਕਿ ਆਤਿਸ਼ ਦਮਾ ਰਾਂ ਬਦੋਸ਼ਾਂ ਕੁਨੀ।।" (ਸ਼ਿਅਰ -79)

(ਤੂੰ ਇਕ ਚੰਗਿਆੜੀ ਨੂੰ ਬੁਝਾ ਕੇ ਕੀ ਬਹਾਦਰੀ ਕੀਤੀ, ਤੂੰ ਪ੍ਰਜਵੱਲਤ ਅਗਨੀ ਨੂੰ ਮੋਢਿਆਂ ਤੱਕ (ਭਾਵ ਉੱਚੀ) ਕਰ ਦਿੱਤਾ ਹੈ।)[12]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਜ਼ਫ਼ਰਨਾਮਾ' ਅੰਦਰ ਸੱਚ ਅਤੇ ਧਰਮ ਦੀ ਸਥਾਪਨਾ ਲਈ ਸੰਗਰਾਮ ਕਰ ਰਹੇ 'ਧਰਮ ਯੋਧੇ' ਦੇ ਚਰਿੱਤਰ ਦੀ ਜੋ ਉਸਾਰੀ ਹੋਈ ਹੈ, ਉਸ ਨੂੰ 'ਕੌਮੀ ਨਾਇਕ' ਦੀ ਉਸਾਰੀ ਦੇ ਰੂਪ ਵਿਚ ਵੀ ਵਿਚਾਰਿਆ ਜਾਣਾ ਬਣਦਾ ਹੈ। ਅਜਿਹੇ ਮਹਾ-ਸੰਗਰਾਮ ਜੋ ਇਨਸਾਨੀ ਗੌਰਵ ਅਤੇ ਮਾਨਵ ਕਲਿਆਣ ਦੇ ਆਦਰਸ਼ ਨੂੰ ਸਨਮੁੱਖ ਰੱਖ ਕੇ ਘਾਲੇ ਜਾਂਦੇ ਹਨ, ਉਹਨਾਂ ਦੌਰਾਨ 'ਯੋਧਿਆਂ' ਨੂੰ ਵਿਰੋਧੀ ਤਾਕਤ ਨਾਲ ਟਕਰਾਉਂਦਿਆਂ ਆਪਣੇ ਵਿਅਕਤਿਤਵ ਅੰਦਰ ਧਰਮ, ਇਮਾਨ, ਉੱਚੀਆਂ ਮਾਨਵੀ ਕਦਰਾਂ-ਕੀਮਤਾਂ, ਦ੍ਰਿੜਤਾ, ਅਡੋਲਤਾ, ਨਿਰਭੈਤਾ ਅਤੇ ਸੰਜਮ ਦਾ ਜੋ ਸੁਮੇਲ ਕਾਇਮ ਰੱਖਣਾ ਚਾਹੀਦਾ ਹੈ, ਉਸ ਦੀ ਸੁੰਦਰ ਤਸਵੀਰ 'ਕੌਮੀ ਨਾਇਕ' ਦੀ ਚਰਿੱਤਰ ਉਸਾਰੀ ਦੇ ਰੂਪ ਵਿਚ 'ਜ਼ਫ਼ਰਨਾਮਾ' ਰਾਹੀਂ ਪ੍ਰਗਟ ਹੁੰਦੀ ਹੈ।

ਗੁਰੂ ਜੀ ਅਨੁਸਾਰ ਧਰਮ ਯੋਧੇ ਨੂੰ ਰਣ ਭੂਮੀ ਵਿਚ ਆਪਣੇ ਬਚਾਅ ਅਤੇ ਵਿਰੋਧੀ ਨੂੰ ਪਛਾੜਨ ਲਈ ਹਥਿਆਰਬੰਦ ਹੋ ਕੇ ਉਦੋਂ ਹੀ ਉਤਰਨਾ ਚਾਹੀਦਾ ਹੈ ਜਦੋਂ ਵਿਰੋਧੀ ਹਮਲਾਵਰ ਦੇ ਰੂਪ ਵਿਚ ਸਾਹਮਣੇ ਖੜਾ ਹੋਵੇ;

"ਬ ਲਾਚਾਰਗੀ ਦਰ ਮਯਾਂ ਆਮਦਮ।
ਬ ਤਦਬੀਰਿ ਤੀਰੋ ਤੁਫ਼ੰਗ ਆਮਦਮ।" (ਸ਼ਿਅਰ -21)

(ਮਜ਼ਬੂਰੀ ਅਧੀਨ ਮੈਂ ਵੀ ਰਣਭੂਮੀ ਵਿਚ ਆਇਆ ਤੀਰਾਂ ਬੰਦੂਕਾਂ ਦਾ ਪ੍ਰਬੰਧ ਕਰ ਕੇ।)[13]

ਧਰਮ ਯੋਧੇ ਨੂੰ ਹਥਿਆਰ ਉਸ ਸਮੇਂ ਹੀ ਚੁੱਕਣੇ ਚਾਹੀਦੇ ਹਨ ਜਦੋਂ ਬਾਕੀ ਹੀਲੇ ਪ੍ਰਭਾਵਸ਼ਾਲੀ ਨਾ ਰਹਿਣ ;

"ਚੂੰ ਕਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।" (ਸ਼ਿਅਰ -22)

(ਜਦੋਂ ਕੋਈ ਹੀਲਾ ਬਾਕੀ ਨਾ ਰਹੇ ਤਾਂ ਤਲਵਾਰ ਨੂੰ ਹੱਥ ਪਾਉਣਾ ਜਾਇਜ ਹੈ)।[14]

ਧਰਮ ਯੋਧੇ ਲਈ ਨੈਤਿਕਤਾ ਦਾ ਦਰਜਾ ਉੱਚਾ ਹੁੰਦਾ ਹੈ। ਲੜਾਈ, ਸੰਗਰਾਮ ਦੇ ਪਲਾਂ ਵਿਚ ਉਸ ਨੂੰ ਇਨ੍ਹਾਂ ਤੋਂ ਥਿੜਕਣਾ ਨਹੀਂ ਚਾਹੀਦਾ ਸਗੋਂ ਉੱਚੀਆਂ ਮਾਨਵੀ ਨੈਤਿਕ ਕਦਰਾਂ-ਕੀਮਤਾਂ ਨੂੰ ਹਰ ਹੀਲੇ ਸਥਾਪਿਤ ਕਰਨਾ ਚਾਹੀਦਾ ਹੈ। ;

"ਹਰਾ ਕਸ ਕਿਹ ਕੌਲਿ ਕੁਰਆਂ ਆਯਦਸ਼।
ਨ ਜ਼ੇ ਬਸਤਨੋ, ਕੁਸ਼ਤਨੋ ਬਾਯਦਸ਼।"

(ਜਿਹੜਾ ਮਨੁੱਖ ਕੁਰਾਨੀ ਕੌਲ ਤੇ ਭਰੋਸਾ ਕਰੇ, ਉਹਨੂੰ ਕੈਦ ਕਰਨਾ ਜਾ ਜਾਨੋਂ ਮਾਰਨਾ ਨਹੀਂ ਚਾਹੀਦਾ।)[15]

ਗੁਰੂ ਜੀ 'ਯੋਧੇ' ਨੂੰ ਇਸ ਪੂਰੇ-ਸੂਰੇ ਮਰਦ ਦੇ ਰੂਪ ਵਿਚ ਚਿਤਰਦੇ ਹਨ। ਉਹਨਾਂ ਅਨੁਸਾਰ ਮਨੁੱਖ ਨੂੰ ਸਭ ਤੋਂ ਪਹਿਲਾਂ ਸੰਪੂਰਨ ਮਨੁੱਖ ਹੋਣਾ ਚਾਹੀਦਾ ਹੈ। ਉਸ ਨੰ ਆਪਣੇ ਵਿਅਕਤਿਤਵ ਵਿਚੋਂ ਮਕਾਰੀ ਅਤੇ ਜਾਲਸਾਜ਼ੀ ਨੂੰ ਖਾਰਜ ਕਰਨਾ ਚਾਹੀਦਾ ਹੈ;

"ਹਮਾਂ ਮਰਦ ਬਾਯਦ ਸ਼ਵੱਦ ਸੁਖ਼ਨਵਰ।
ਨ ਸ਼ਿਕਮਿ ਦਿਗਰ ਦਰ ਦਹਾਨਿ ਦਿਗਰ।" (ਸ਼ਿਅਰ -55)

(ਮਰਦ ਦਾ ਫਰਜ਼ ਹੈ ਕਿ ਉਹ ਜਬਾਨ ਦਾ ਧਨੀ ਹੋਵੇ। ਇਹ ਠੀਕ ਨਹੀਂ ਕਿ ਉਹਦੇ ਦਿਲ ਵਿਚ ਕੁਝ ਹੋਰ ਤੇ ਮੂੰਹ ਵਿਚ ਕੁਝ ਹੋਰ ਹੋਵੇ।)[16]

ਧਰਮ ਅਤੇ ਇਮਾਨ ਇਹ ਮੰਗ ਕਰਦਾ ਹੈ ਕਿ ਮਨੁੱਖ ਆਪਣੇ ਵਾਅਦੇ ਤੋਂ ਥਿੜਕੇ ਨਾ। ਔਰੰਗਜ਼ੇਬ ਨੇ ਕੁਰਾਨ ਦੀ ਕਸਮ ਖਾ ਕੇ ਗੁਰੂ ਗੋਬਿੰਦ ਸਿੰਘ ਨਾਲ ਧੋਖਾ ਕੀਤਾ। ਉਸ ਦੀ ਇਸ ਕਸਮ ਤੋੜਨ ਨੂੰ ਗੁਰੂ ਜੀ ਉਸ ਦੀ ਹਾਰ ਦੇ ਰੂਪ ਵਿਚ ਮੰਨਦੇ ਹਨ। ਇਹ ਉਸਦੀ ਕਾਇਰਤਾ ਹੈ। ਸੂਰਬੀਰਤਾ ਅਤੇ ਬਾਹਦਰੀ ਯੋਧੇ ਤੋਂ ਵਾਅਦੇ ਤੇ ਖਰੇ ਉਤਰਨ ਦੀ ਆਸ ਕਰਦੀ ਹੈ;

"ਹਰਾ ਕਸ ਕਿਹ ਈਮਾ-ਪ੍ਰਸੱਤੀ ਕੁਨੱਦ।

ਨਾ ਪੈਮਾ ਖੁਦਸ਼ ਪੇਸ਼ੋ ਪਸਤੀ ਕੁਨੱਦ।' *(ਸ਼ਿਅਰ –47)*

(ਈਮਾਨ ਵਾਲੇ ਲੋਕ ਕਦੀ ਵੀ ਆਪਣੇ ਵਾਅਦੇ ਤੋਂ ਅੱਗੇ ਪਿੱਛੇ ਨਹੀਂ ਹੁੰਦੇ।)[17]

'ਜ਼ਫ਼ਰਨਾਮਾ' ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਜੋ ਯੁੱਧ ਨੀਤੀ ਉਜਾਗਰ ਹੁੰਦੀ ਹੈ, ਉਸ ਵਿਚੋਂ ਵੀ ਗੁਰੂ ਜੀ ਦੀ ਵਿਲੱਖਣਤਾ ਪ੍ਰਗਟ ਹੁੰਦੀ ਹੈ। ਗੁਰੂ ਜੀ ਦਾ ਇਹ ਅਟੱਲ ਵਿਸ਼ਵਾਸ ਹੈ ਕਿ ਯੁੱਧ-ਨੀਤੀ ਵਿਚ ਮਕਾਰੀ, ਛਲ, ਧੋਖਾ ਨਹੀਂ ਹੋਣਾ ਚਾਹੀਦਾ। ਨਿਹੱਥੇ ਅਤੇ ਸ਼ਰਨ ਵਿਚ ਆਏ ਵਿਅਕਤੀ ਉੱਪਰ ਹਮਲਾ ਨਹੀਂ ਕਰਨਾ ਚਾਹੀਦਾ। ਮਕਾਰ ਅਤੇ ਫਰੇਬੀ ਵਿਰੋਧੀ ਦੀਆਂ ਕਸਮਾਂ ਤੇ ਵਾਅਦਿਆਂ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਯੁੱਧ ਵਿਚ ਬਹਾਦਰੀ ਦੇ ਨਾਲ ਨਾਲ ਵਿਰੋਧੀ ਦੀ ਸਮਰੱਥਾ ਦਾ ਅਹਿਸਾਸ ਹੋਣਾ ਵੀ ਜ਼ਰੂਰੀ ਹੈ। ਜੋਸ਼ ਲੜਾਈ/ਯੁੱਧ ਦਾ ਇਕ ਮਹੱਤਵਪੂਰਨ ਅੰਗ ਹੈ ਪਰ ਜੋਸ਼ ਤੇ ਹੋਸ਼ ਦੇ ਸੁਮੇਲ ਨੂੰ ਸਿਰਜਨ ਦੀ ਵੀ ਲੋੜ ਹੁੰਦੀ ਹੈ। ਯੁੱਧ-ਨੀਤੀ ਦੀਆਂ ਸਮੁੱਚੀਆਂ ਪਰਤਾਂ ਦਾ ਉਲੇਖ ਵੀ ਗੁਰੂ ਜੀ ਨੇ 'ਜ਼ਫ਼ਰਨਾਮਾ' ਅੰਦਰ ਕੀਤਾ ਹੈ।

"ਨ ਕਤਰਹ ਮਰਾ ਏਤਾਬਾਰਿ ਬਰੋਸਤ।
ਕਿ ਬਖਸ਼ੀ-ਓ ਦੀਵਾਂ ਹਮਹ ਕਿਜ਼ਬ ਗੋਸਤ।' *(ਸ਼ਿਅਰ –14)*

(ਜਿਸ ਦੇ ਫੌਜਦਾਰ ਅਤੇ ਵਜ਼ੀਰ ਆਦਿ ਝੂਠ ਬੋਲਣ ਵਾਲੇ ਹੋਣ ਮੈਨੂੰ ਉਸ ਵਿਅਕਤੀ ਤੇ ਉੱਕਾ ਭਰੋਸਾ ਨਹੀਂ।)[18]

'ਨ ਦਾਨਮ ਕਿਹ ਈਂ ਮਰਦਿ ਰੋਬਾਹ ਪੇਚ।
ਮਗਰ ਹਰਗਿਜ਼ੀਂ ਰਾਹ ਨਿਆਰਦ ਬ ਹੇਚ।' *(ਸ਼ਿਅਰ–24)*

(ਮੈਨੂੰ ਇਹ ਨਹੀਂ ਸੀ ਪਤਾ ਕਿ ਉਹ ਆਦਮੀ ਏਨਾ ਮਕਾਰ ਹੈ, ਨਹੀਂ ਤਾਂ ਮੈਂ ਇਸ ਰਾਹ ਤੇ ਕਦੀ ਨਾ ਪੈਂਦਾ।)[19]

ਅਜਿਹੇ ਮਕਾਰ ਵਿਰੋਧੀ ਤੋਂ ਧਰਮ-ਯੋਧੇ ਨੂੰ ਅਤਿਅੰਤ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ ਕਿਉਂਕਿ ਉਹ ਮਜ਼ਬੂਰੀ ਤੇ ਲਾਚਾਰੀ ਦਾ ਫਾਇਦਾ ਉਠਾਉਂਦਿਆਂ ਕਿਸੇ ਪੱਧਰ ਦਾ ਵੀ ਹਮਲਾ ਤੇ ਨੁਕਸਾਨ ਕਰ ਸਕਦਾ ਹੈ।

"ਗੁਰਸਨਹ ਚਿਹ ਕਾਰਿ ਕੁਨੱਦ ਚਿਹਲ ਨਰ।
ਕਿਹ ਦਹ ਲੱਕ ਬਰਾਯਦ ਬਰੋ ਬੇਖ਼ਬਰ।' *(ਸ਼ਿਅਰ–19)*

(ਚਾਲੀ ਭੁੱਖਣ ਭਾਣੇ ਬੰਦੇ ਕੀ ਕਰ ਸਕਦੇ ਸੀ ਜਦੋਂ ਉਨ੍ਹਾਂ ਉਤੇ ਦਸ ਲੱਖ ਫੌਜ ਅਚਾਨਕ ਟੁੱਟ ਪਈ।)[20]

ਯੁੱਧ ਵਿਚ ਇਕੱਲੀ ਬਹਾਦਰੀ ਹੀ ਵਿਜੇਤਾ ਨਹੀਂ ਬਣਾ ਸਕਦੀ, ਅਡੋਲਤਾ ਅਤੇ ਹਰ ਸਦਮੇ ਨੂੰ ਸਹਿਣ ਦੀ ਸਮਰੱਥਾ ਵੀ ਹੋਣੀ ਲਾਜ਼ਮੀ ਹੈ :

"ਹਮਾਖ਼ਰ ਚਿਹ ਮਰਦੀ ਕੁਨੱਦ ਕਾਰਜ਼ਾਰ
ਕਿਹ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ।' *(ਸ਼ਿਅਰ–41)*

(ਆਖ਼ਰ ਲੜਾਈ ਵਿਚ ਇਕੱਲੀ ਬਹਾਦਰੀ ਕੀ ਕਰਦੀ ਜਦ ਕਿ ਚਾਲੀ ਸੂਰਮਿਆਂ ਉੱਤੇ ਬੇਸ਼ੁਮਾਰ ਫੌਜ ਟੁੱਟ ਪਈ।)[21]

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਜਿੱਤ ਦੀ ਚਿੱਠੀ ਵਿਚ ਉਪਰੋਕਤ ਤੋਂ ਬਿਨਾਂ ਸਮਕਾਲੀ ਰਾਜਸੀ ਪ੍ਰਬੰਧ ਦੇ ਨਿਘਾਰ ਅਤੇ ਲੋਕ-ਵਿਰੋਧੀ ਰੂਪ ਦੇ ਸੱਚ ਨੂੰ ਵੀ ਬਿਆਨਿਆ ਹੈ। ਸਦੀਵੀ ਸੱਚ ਅਤੇ ਧਰਮ ਦੇ ਸੰਦਰਭ ਵਿਚ ਸਮਕਾਲੀ ਸੱਚ ਨੂੰ ਬੜੇ ਕਲਾਮਈ ਰੂਪ ਵਿਚ ਬੇਪਰਦਾ ਕੀਤਾ ਹੈ। ਧਰਮ ਅਧਿਕਾਰੀ ਦਾ ਦਰਜਾ ਹਮੇਸ਼ਾ ਰਾਜੇ ਤੋਂ ਉੱਚਾ ਰਿਹਾ ਹੈ। ਹਮੇਸ਼ਾਂ ਰਾਜਸੱਤਾ ਧਰਮ ਤੋਂ ਸੇਧ ਲੈਣ ਲਈ ਉਸ ਤੱਕ ਪਹੁੰਚ ਕਰਦੀ ਹੈ ਅਤੇ ਉਸ ਦੀ ਉੱਤਮਤਾ ਨੂੰ ਸਥਾਪਿਤ ਕਰਦੀ ਹੈ। ਜਦੋਂ ਵੀ ਰਾਜਸ਼ਾਹੀ ਨੇ ਧਰਮ ਦੇ ਇਸ ਉੱਚੇ ਮਰਤਬੇ ਨੂੰ ਢਾਹ ਲਾਉਂਦਿਆਂ ਆਪਣੀ ਸਥਾਪਤੀ ਲਈ ਉਸ ਨੂੰ ਵਰਤਿਆ ਹੈ। ਉਹਨਾਂ ਸਮਿਆਂ ਵਿਚ ਧਰਮ ਖੇਰੂੰ-ਖੇਰੂੰ ਹੋਇਆ ਹੈ, ਲੋਕ-ਮਨਾਂ ਵਿਚੋਂ ਉਸ ਦਾ ਸਤਿਕਾਰ ਘਟਿਆ ਹੈ ਅਤੇ ਇਨ੍ਹਾਂ ਅਧਾਰਾਂ ਤੇ ਉਸਰਿਆ ਰਾਜ ਲੋਕ-ਹਿਤੈਸ਼ੀ ਨਹੀਂ ਰਿਹਾ ਸਗੋਂ ਲੋਕ-ਵਿਰੋਧੀ, ਤਾਨਸ਼ਾਹ ਹੀ ਮੰਨਿਆ ਗਿਆ ਹੈ। ਔਰੰਗਜ਼ੇਬ ਜੋ ਮੁਗਲ ਸਲਤਨਤ ਦਾ ਉਤਰਾਧਿਕਾਰੀ ਹੈ, ਕਾਜ਼ੀ (ਧਰਮ ਅਧਿਕਾਰੀ) ਨੂੰ ਆਪਣੇ ਦੁਸ਼ਟ

ਮੈਤਵ ਦੀ ਪੂਰਤੀ ਲਈ ਵਰਤਦਾ ਹੈ। ਗੁਰੂ ਜੀ, ਜੋ ਧਰਮ ਅਤੇ ਧਰਮ ਅਧਿਕਾਰੀ ਦਾ ਸਤਿਕਾਰ ਕਰਨ ਵਾਲੀ ਅਜ਼ੀਮ ਸ਼ਖ਼ਸੀਅਤ ਸਨ, ਇਸੇ ਕਾਰਣ ਔਰੰਗਜ਼ੇਬ ਦੀ ਕੁਰਾਨ ਦੀ ਜਿਲਦ ਤੇ ਲਿਖੀ ਕਸਮ ਦਾ ਇਤਬਾਰ ਕਰ ਲੈਂਦੇ ਹਨ ਜਿਸ ਉੱਪਰ ਕਾਜ਼ੀ ਦੀ ਗਵਾਹੀ ਹੈ। ਇਸ ਸਮਕਾਲੀ ਸੱਚ ਨੂੰ ਜਦੋਂ ਸਦੀਵੀ ਸੱਚ ਦੇ ਸਨਮੁੱਖ ਵਿਚਾਰਿਆ ਜਾਂਦਾ ਹੈ ਤਾਂ ਇਹ ਰਾਜਸੱਤਾ ਦੇ ਲੜਖੜਾਣ ਅਤੇ ਕਮਜ਼ੋਰ ਹੋਣ ਦਾ ਸਪਸ਼ਟ ਸੰਕੇਤ ਬਣਦਾ ਹੈ। ਇਸ ਸੱਚ ਦੇ ਆਧਾਰ ਹੀ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਹਾਰਿਆ ਹੋਇਆ ਅਸਫਲ ਬਾਦਸ਼ਾਹ ਮੰਨਦੇ ਹਨ ਤੇ ਆਪਣੀ ਜਿੱਤ ਦੀ ਘੋਸ਼ਣਾ ਕਰਦੇ ਹਨ। ਗੁਰੂ ਜੀ ਔਰੰਗਜ਼ੇਬ ਨੂੰ ਅਜਿਹੀ ਫਿਟਕਾਰ ਪਾਉਂਦੇ ਹਨ ਜੋ ਇਕ ਜੇਤੂ ਹੀ ਹਾਰੇ ਹੋਏ ਨੂੰ ਪਾ ਸਕਦਾ ਹੈ;

"ਨ ਦਾਨਮ ਕਿਹ ਈਂ ਮਰਦਿ ਪੈਮਾਂ-ਸ਼ਿਕਨ
ਕਿ ਦੌਲਤ ਪ੍ਰਸੱਤ ਅਸਤੋ ਈਮਾ-ਫ਼ਿਗਨ (ਸ਼ਿਅਰ-45)

(ਮੈਨੂੰ ਨਹੀਂ ਸੀ ਪਤਾ ਕਿ ਬਾਦਸ਼ਾਹ ਬਚਨ-ਤੋੜ, ਮਾਇਆ-ਪੁਜਾਰੀ ਤੇ ਬੇਈਮਾਨ ਹੈ।)[22]

ਅਤੇ

"ਨ ਈਮਾ ਪ੍ਰਸੱਤੀ, ਨ ਔਜ਼ਾਇ ਦੀਂ।
ਨ ਸਾਹਿਬ ਸ਼ਨਾਸੀ, ਮਹੁੰਮਦ ਯਕੀਂ।' (ਸ਼ਿਅਰ-46)

(ਨਾ ਤੇਰੇ ਪੱਲੇ ਈਮਾਨ ਹੈ, ਤੇ ਨਾ ਹੀ ਧਰਮ ਦਾ ਰਾਹ ਨਾ ਤੂੰ ਰੱਬ ਨੂੰ ਪਹਿਚਾਣਦਾ ਹੈ ਤੇ ਨਾ ਹੀ ਤੈਨੂੰ ਹਜ਼ਰਤ ਮੁਹੰਮਦ ਤੇ ਭਰੋਸਾ ਹੈ।)[23]

ਔਰੰਗਜ਼ੇਬ ਦੇ ਨੈਤਿਕ-ਪਤਨ ਅਤੇ ਗਿਰਾਵਟ ਨੂੰ ਪੇਸ਼ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਬਾਦਸ਼ਾਹ ਨੂੰ ਫਿਟਕਾਰ ਪਾ ਰਹੇ ਹਨ ਉਥੇ ਨਾਲ ਹੀ ਬਾਦਸ਼ਾਹ ਦੇ ਧਰਮ ਅਤੇ ਫਰਜ਼ ਪ੍ਰਤੀ ਵੀ ਆਪਣੇ ਵਿਚਾਰ ਪ੍ਰਗਟ ਕਰ ਰਹੇ ਹਨ। ਗੁਰੂ ਜੀ ਅਨੁਸਾਰ ਗੱਦੀ ਤੇ ਬੈਠੇ ਬਾਦਸ਼ਾਹ ਦਾ ਪਹਿਲਾ ਫਰਜ਼ ਧਰਮ ਅਨੁਸਾਰ ਨਿਆਂ ਸਥਾਪਿਤ ਕਰਨਾ ਹੁੰਦਾ ਹੈ, ਇਨਸਾਫ ਅਤੇ ਧਰਮ ਪ੍ਰਸੱਤੀ, ਈਮਾਨ ਉੱਪਰ ਅਟੱਲ ਰਹਿਣਾ ਵੀ ਰਾਜੇ ਦਾ ਫਰਜ਼ ਹੈ। ਸਭ ਤੋਂ ਵੱਧ ਉਹ ਸੱਤਾ ਦੇ ਨਸ਼ੇ ਵਿਚ ਕਮਜ਼ੋਰ ਨੂੰ ਭੈ-ਭੀਤ ਕਰਨਾ ਤੇ ਜ਼ੁਲਮ ਦਾ ਸ਼ਿਕਾਰ ਬਣਾਉਣਾ ਰਾਜੇ ਲਈ ਬੱਜਰ ਗੁਨਾਹ ਦਰਸਾਉਂਦੇ ਹਨ। ਔਰੰਗਜ਼ੇਬ ਇਕ ਬਾਦਸ਼ਾਹ ਵਜੋਂ ਇਨ੍ਹਾਂ ਸਾਰੇ ਪੱਖਾਂ ਤੋਂ ਨਿਸਫਲ ਤੇ ਹਾਰਿਆ ਹੋਇਆ ਸਾਬਤ ਹੁੰਦਾ ਹੈ। ਇਕ ਤਾਕਤਵਰ ਬਾਦਸ਼ਾਹ ਨੂੰ ਧਰਮ-ਯੋਧੇ ਦੀ ਇਸ ਤੋਂ ਵੱਡੀ ਤੇ ਜੇਤੂ ਵੰਗਾਰ ਹੋਰ ਕੀ ਹੋ ਸਕਦੀ ਹੈ।

"ਤੂ ਮਸਨਦ ਨਸ਼ੀਂ ਸਰਵਰਿ ਕਾਇਨਾਤ।
ਕਿਹ ਅਜਬੱਸਤ ਇਨਸਾਫ ਈਂ ਹਮ ਸ਼ਿਫ਼ਾਤ।' (ਸ਼ਿਅਰ-66)

(ਤੂੰ ਗੱਦੀ ਤੇ ਬੈਠਾ ਬਾਦਸ਼ਾਹ ਹੈ ਪਰ ਇਹਨਾਂ ਸਾਰੀਆਂ ਸਿਫਤਾਂ ਦੇ ਹੁੰਦਿਆਂ ਤੇਰਾ ਇਹ ਨਿਆਂ ! ਤੋਬਾ ਹੈਰਾਨੀ ਦੀ ਗੱਲ ਹੈ।)[24]

ਇਸ ਤੋਂ ਵੱਧ ਗੁਰੂ ਜੀ ਉਸ ਨੂੰ ਮੁਕੰਮਲ ਹਾਰੇ ਹੋਏ ਰਾਜੇ ਦੇ ਰੂਪ ਵਿਚ ਫਿਟਕਾਰ ਪਾਉਂਦੇ ਹਨ;

"ਕੀ ਅਜਬੱਸਤ ਇਨਸਾਫ਼ੋ ਦੀ ਪਰਵਰੀ।
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ।' (ਸ਼ਿਅਰ-67)

(ਤੇਰੀ ਬਾਦਸ਼ਾਹਤ ਉਤੇ ਅਫ਼ਸੋਸ ਹੈ। ਤੇਰੇ ਇਨਸਾਫ ਤੇ ਦੀਨਾਦਾਰੀ ਜਾਂ ਧਰਮ-ਪ੍ਰਸੱਤੀ ਉੱਤੇ ਹੈਰਾਨੀ ਹੈ।)[25]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਸ ਜਿੱਤ ਦੀ ਚਿੱਠੀ (ਜ਼ਫ਼ਰਨਾਮਾ) ਨੂੰ ਕਵਿਤਾ ਦੇ ਮਾਧਿਅਮ ਵਿਚ ਲਿਖਣਾ ਅਤੇ ਫਿਰ ਆਪਣੇ ਅਤਿ ਭਰੋਸੇ ਦੇ ਵਿਅਕਤੀ ਰਾਹੀਂ ਇਸ ਨੂੰ ਵਿਅਕਤੀਗਤ ਰੂਪ ਵਿਚ ਔਰੰਗਜ਼ੇਬ ਤੱਕ ਪਹੁੰਚਾਉਣ ਦਾ ਇਕ ਸਪਸ਼ਟ ਮਕਸਦ ਹੈ ਕਿ ਉਹ ਔਰੰਗਜ਼ੇਬ ਖਿਲਾਫ ਖੁੱਲ੍ਹੀ ਬਗਾਵਤ ਦਾ ਐਲਾਨ ਕਰਦਿਆਂ ਹੋਇਆ ਉਸ ਨੂੰ ਉਸ ਦੀ ਹਾਰ ਦਾ ਅਹਿਸਾਸ ਕਰਾਉਣਾ ਚਾਹੁੰਦੇ ਸਨ। ਇਹ ਇਕ ਇਤਿਹਾਸਕ ਸੱਚ ਹੈ ਕਿ ਔਰੰਗਜ਼ੇਬ ਦੇ ਰਾਜਕਾਲ ਵਿਚ ਸੰਗੀਤ, ਕਲਾ, ਨਾਚ, ਗਾਣਾ ਆਦਿ ਸਮੁੱਚੀਆਂ ਕਲਾਵਾਂ ਦੀ ਮਨਾਹੀ ਦੇ ਹੁਕਮ ਲਾਗੂ ਕੀਤੇ ਗਏ ਤੇ ਇਸ ਦੀ ਅਵੱਗਿਆ ਕਰਨ ਵਾਲੇ ਨੂੰ ਸਖ਼ਤ ਸਜਾ ਦਿੱਤੀ ਜਾਂਦੀ ਸੀ। ਔਰੰਗਜ਼ੇਬ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਇਹ ਵਿਜੈ-ਪੱਤਰ ਆਪਣੇ ਹੱਥੀਂ ਪ੍ਰਾਪਤ ਕਰਨ ਦੇ ਇਤਿਹਾਸਕ ਹਵਾਲੇ ਮੌਜੂਦ ਹਨ। ਇਹ ਘਟਨਾ ਇਸ ਇਤਿਹਾਸਕ ਤੱਥ ਦੀ

ਗਵਾਹੀ ਹੈ ਕਿ ਔਰੰਗਜ਼ੇਬ ਨੇ ਹਾਰ ਸਵੀਕਾਰ ਕੀਤੀ। ਇਸ ਸਚਾਈ ਅਤੇ ਨਿੱਜੀ-ਅਨੁਭਵ ਵਿਚੋਂ ਉਪਜੀ ਸਾਹਿਤਕ ਕ੍ਰਿਤ ਦਾ ਔਰੰਗਜ਼ੇਬ ਦੀ ਜ਼ਮੀਰ ਨੂੰ ਝੰਜੋੜਨਾ ਨਿਸ਼ਚਿਤ ਸੀ ਕਿਉਂਕਿ ਅਜਿਹੀਆਂ ਕਲਾਤਮਕ ਰਚਨਾਵਾਂ ਆਪਣਾ ਪ੍ਰਭਾਵ ਨਿਸਚਿਤ ਤੌਰ ਤੇ ਛੱਡਦੀਆਂ ਹਨ। (ਔਰੰਗਜ਼ੇਬ ਵੱਲੋਂ ਆਪਣੇ ਪੁੱਤਰਾਂ ਨੂੰ ਲਿਖੇ ਪੱਤਰਾਂ ਵਿਚ ਇਸ ਦਾ ਸਪਸ਼ਟ ਸੰਕੇਤ ਪ੍ਰਾਪਤ ਹੁੰਦਾ ਹੈ ਜੋ ਇਤਿਹਾਸਕ ਪ੍ਰਮਾਣ ਵਜੋਂ ਮੌਜੂਦ ਹੈ)

ਗੁਰੂ ਗੋਬਿੰਦ ਸਿੰਘ ਜੀ ਦੀ ਇਹ ਮਹਾਨ ਰਚਨਾ ਹਰ ਸਮੇਂ ਵਿਚ ਪ੍ਰਸੰਗਕ ਹੈ। ਇਸ ਵਿਚਲੀ ਸਾਮਰਾਜੀ ਤਾਕਤਾ ਪ੍ਰਤੀ ਵੰਗਾਰ, ਧਰਮ ਅਤੇ ਸੱਚ ਦੇ ਸੰਗਰਾਮ ਵਿਚ ਜੂਝਣ ਵਾਲੇ 'ਧਰਮ-ਯੋਧਿਆਂ' ਦੇ ਜਜ਼ਬਿਆਂ ਨੂੰ ਉਭਾਰਨ ਦਾ ਸਦੀਵੀ ਪ੍ਰਭਾਵ ਪ੍ਰਵਾਹਮਾਨ ਅਤੇ ਕਾਇਮ ਹੈ।

ਹਵਾਲੇ ਅਤੇ ਟਿੱਪਣੀਆਂ

1. ਨਿਰੰਜਨ ਸਿੰਘ, ਨੂਰ ਗੁਰੂ ਗੋਬਿੰਦ ਸਿੰਘ ਰਚਿਤ ਜ਼ਫ਼ਰਨਾਮਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999 ਪੰਨਾ -65
2. ਉਹੀ, ਪੰਨਾ - 54
3. ਉਹੀ, ਪੰਨਾ - 55
4. ਉਹੀ, ਪੰਨਾ - 35
5. ਉਹੀ, ਪੰਨਾ - 53
6. ਉਹੀ, ਪੰਨਾ - 81
7. ਉਹੀ, ਪੰਨਾ - 32
8. ਉਹੀ, ਪੰਨਾ - 36
9. ਉਹੀ, ਪੰਨਾ - 83
10. ਉਹੀ, ਪੰਨਾ - 84
11. ਉਹੀ, ਪੰਨਾ - 70
12. ਉਹੀ
13. ਉਹੀ, ਪੰਨਾ - 41
14. ਉਹੀ, ਪੰਨਾ - 42
15. ਉਹੀ, ਪੰਨਾ - 43
16. ਉਹੀ, ਪੰਨਾ - 58
17. ਉਹੀ, ਪੰਨਾ - 54
18. ਉਹੀ, ਪੰਨਾ - 38
19. ਉਹੀ, ਪੰਨਾ - 43
20. ਉਹੀ, ਪੰਨਾ - 40
21. ਉਹੀ, ਪੰਨਾ - 51
22. ਉਹੀ, ਪੰਨਾ - 53
23. ਉਹੀ, ਪੰਨਾ - 54
24. ਉਹੀ, ਪੰਨਾ - 64
25. ਉਹੀ

ਭਾਈ ਮਨੀ ਸਿੰਘ ਦੀਆਂ ਲਿਖਤਾਂ ਵਿਚ ਗੁਰੂ ਗੋਬਿੰਦ ਸਿੰਘ ਜੀ

*ਡਾ. ਮਲਕਿੰਦਰ ਕੌਰ**

ਗੁਰੂ ਨਾਨਕ ਦੇਵ ਜੀ ਵਲੋਂ ਆਰੰਭ ਕੀਤੇ ਧਰਮ ਦੀ ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਜੀ ਹਨ ਜਿਨ੍ਹਾਂ ਨੂੰ ਬਾਦਸ਼ਾਹ-ਦਰਵੇਸ਼, ਸੰਤ ਸਿਪਾਹੀ, ਸਰਬੰਸ ਦਾਨੀ, ਕਲਮਧਾਰੀ ਕਵੀ ਅਤੇ ਸਮਾਜ ਸੁਧਾਰਕ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਹੋਣ ਕਾਰਨ ਉਨ੍ਹਾਂ ਦਾ ਸਮੁੱਚਾ ਜੀਵਨ ਮਹੱਤਵਪੂਰਨ ਘਟਨਾਵਾਂ, ਪਰਿਵਰਤਨਾਂ ਅਤੇ ਤਬਦੀਲੀਆਂ ਨਾਲ ਭਰਿਆ ਪਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਲੇਖਕਾਂ ਵਿਚੋਂ ਹਰੇਕ ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿੱਤਵ ਨੂੰ ਆਪਣੇ ਆਪਣੇ ਨਜ਼ਰੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਸਮਕਾਲੀ ਲੇਖਕਾਂ ਦੀ ਕੜੀ ਵਿਚੋਂ ਭਾਈ ਮਨੀ ਸਿੰਘ ਜੀ ਇਕ ਹਨ ਜਿਨ੍ਹਾਂ ਦੀਆਂ ਲਿਖਤਾਂ ਰਾਹੀਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਉੱਤੇ ਝਾਤ ਮਾਰਨ ਦਾ ਯਤਨ ਕਰ ਰਹੇ ਹਾਂ।

ਭਾਈ ਮਨੀ ਸਿੰਘ ਜੀ ਅਠ੍ਹਾਰਵੀਂ ਸਦੀ ਦੇ ਸਿੱਖ ਸ਼ਹੀਦਾਂ ਦੀ ਮਾਲਾ ਦਾ ਇਕ ਅਦੁੱਤੀ ਮੋਤੀ ਹਨ ਜਿਨ੍ਹਾਂ ਨੇ ਆਪਣੇ ਬੰਦ-ਬੰਦ ਕਟਵਾ ਕੇ ਸੰਕਟ ਕਾਲ ਵਿਚ ਸਿੱਖ ਧਰਮ ਦੀ ਸ਼ਾਨ ਅਤੇ ਗੌਰਵ ਨੂੰ ਕਾਇਮ ਰੱਖਿਆ। ਭਾਈ ਮਨੀ ਸਿੰਘ ਜੀ ਦਾ ਗੁਰੂ ਘਰ ਨਾਲ ਸੰਬੰਧ ਸੰਮਤ 1714 (1657 ਈ.) ਵਿਚ ਹੋਇਆ। ਉਹ 13 ਸਾਲ ਦੀ ਉਮਰ ਵਿਚ ਆਪਣੇ ਪਿਤਾ ਜੀ ਦੇ ਨਾਲ ਗੁਰੂ ਹਰਿ ਰਾਇ ਜੀ ਦੇ ਦਰਸ਼ਨਾਂ ਲਈ ਕੀਰਤਪੁਰ ਸਾਹਿਬ ਆਏ ਸਨ ਅਤੇ ਫਿਰ ਇਸ ਤੋਂ ਬਾਅਦ ਗੁਰੂ ਹਰਿ ਕ੍ਰਿਸ਼ਨ, ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਰਹੇ।[1] ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਰਹਿੰਦਿਆਂ ਹੋਇਆਂ ਭਾਈ ਮਨੀ ਸਿੰਘ ਨੇ ਪਹਿਲਾਂ ਕੁਝ ਚਿਰ ਲੰਗਰ ਦੀ ਸੇਵਾ ਕੀਤੀ ਅਤੇ ਵਿਹਲੇ ਸਮੇਂ ਗੁਰੂ ਸਾਹਿਬ ਪਾਸੋਂ ਪੜ੍ਹਦੇ ਲਿਖਦੇ ਅਤੇ ਗੁਰਮਤਿ ਦੀ ਸਿੱਖਿਆ ਲੈਂਦੇ ਰਹੇ। ਦਰਅਸਲ ਗੁਰੂ ਗੋਬਿੰਦ ਸਿੰਘ ਜੀ ਦੀ ਸਰਬਪੱਖੀ ਸ਼ਖ਼ਸੀਅਤ ਦੇ ਮਾਲਕ ਸਨ, ਉਹ ਜਾਣਦੇ ਸਨ ਕਿ ਜੇਕਰ ਖਾਲਸਾ ਪੰਥ ਨੂੰ ਆਪਣੇ ਪੈਰਾਂ ਉਤੇ ਖੜ੍ਹਾ ਕਰਨਾ ਹੈ ਤਾਂ ਇਸ ਲਈ ਅਜਿਹੇ ਗੁਣੀ ਗਿਆਨੀਆਂ ਦੀ ਵੱਡੀ ਲੋੜ ਹੈ ਜੋ ਦੂਰ ਦੁਰਾਡੇ ਜਾ ਕੇ ਲੋਕਾਂ ਨੂੰ ਗੁਰਮਤਿ ਰਹਿਤ ਮਰਯਾਦਾ ਅਤੇ ਗੁਰ ਇਤਿਹਾਸ ਤੋਂ ਜਾਣੂੰ ਕਰਵਾ ਸਕਣ। ਇਸ ਲਈ ਉਨ੍ਹਾਂ ਨੇ ਆਪਣੇ ਦਰਬਾਰੀ ਕਵੀਆਂ ਵਿਚੋਂ ਭਾਈ ਮਨੀ ਸਿੰਘ ਨੂੰ ਇਸ ਮਹਾਨ ਯੋਜਨਾ ਲਈ ਤਿਆਰ ਕੀਤਾ। ਇਸ ਗੱਲ ਦੀ ਪ੍ਰੋੜ੍ਹਤਾ ਇਨ੍ਹਾਂ ਪੰਕਤੀਆਂ ਤੋਂ ਵੀ ਹੋ ਜਾਂਦੀ ਹੈ :

ਕਵੀ ਬਵੰਜਾ ਥੇ ਗੁਰ ਪਾਸ ਉਨਮੇਂ ਗਨਨਾ ਇਕ ਕੀ ਖਾਸ।[2]

ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਧ ਨਜ਼ਦੀਕੀ ਅਤੇ ਵਿਸ਼ਵਾਸਪਾਤਰ ਸਨ ਉਨ੍ਹਾਂ ਨੇ ਹਰੇਕ ਔਖੇ ਸੌਖੇ ਸਮੇਂ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ। 17 ਵੈਸਾਖ, 1742 ਬਿਕਰਮੀ (1687 ਈ.) ਨੂੰ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਉਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਨਾਹਨ ਗਏ।[3] 4 ਸਤੰਬਰ, 1687 ਈ. ਨੂੰ ਬਾਬਾ ਰਾਮ ਰਾਇ ਦੀ ਮ੍ਰਿਤੂ ਉਪਰੰਤ ਉਨ੍ਹਾਂ ਦੀ ਪਤਨੀ ਵਲੋਂ ਬੁਲਾਵਾ ਆਉਣ 'ਤੇ ਗੁਰੂ ਗੋਬਿੰਦ ਸਿੰਘ ਜੀ ਭਾਈ ਮਨੀ ਸਿੰਘ ਨੂੰ ਆਪਣੇ ਨਾਲ ਲੈ ਕੇ ਦੇਹਰਾਦੂਨ ਗਏ ਅਤੇ ਮਸੰਦਾਂ ਦੀ ਸੋਧ ਕੀਤੀ।[4] ਇਸ ਉਪਰੰਤ 1688 ਈ. ਵਿਚ ਭੰਗਾਣੀ ਦਾ ਯੁੱਧ ਅਤੇ 1690 ਈ. ਵਿਚ ਨਦੌਣ ਦੇ ਯੁੱਧ ਵਿਚ ਗੁਰੂ ਜੀ ਦਾ ਪੂਰਾ ਸਾਥ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ 1691 ਈ. ਦੀ ਵਿਸਾਖੀ ਨੂੰ ਭਾਈ ਮਨੀ ਸਿੰਘ ਨੂੰ ਦੀਵਾਨ ਦੀ ਉਚ ਪਦਵੀ ਉਤੇ ਨਿਯੁਕਤ ਕੀਤਾ। ਉਹ ਹਰ ਰੋਜ਼ ਅਨੰਦਪੁਰ ਸਾਹਿਬ ਵਿਖੇ ਸਿੱਖ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਾਇਆ ਕਰਦੇ ਸਨ।[5] ਭਾਈ ਮਨੀ ਸਿੰਘ ਦੀ ਵਿਦਵਤਾ ਅਤੇ ਗਿਆਨ

---

*ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਦਕਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਉਪਰੰਤ ਭਾਈ ਸਾਹਿਬ ਨੂੰ ਹਰਿਮੰਦਰ ਸਾਹਿਬ ਦਾ ਗ੍ਰੰਥੀ ਅਤੇ ਅਕਾਲ ਬੁੰਗੇ ਦਾ ਮੁਖੀ ਨਿਯੁਕਤ ਕਰਕੇ ਅੰਮ੍ਰਿਤਸਰ ਭੇਜ ਦਿੱਤਾ।[6] ਰਵਾਇਤ ਅਨੁਸਾਰ ਭਾਈ ਮਨੀ ਸਿੰਘ ਨੇ ਪਰਿਵਾਰ ਵਿਛੋੜੇ ਸਮੇਂ ਗੁਰ ਮਹਿਲਾਂ ਨੂੰ ਪੂਰਨ ਸਹਿਯੋਗ ਦਿੱਤਾ ਅਤੇ ਜਦੋਂ ਗੁਰੂ ਸਾਹਿਬ ਦੱਖਣ ਵੱਲ ਗਏ ਤਾਂ ਭਾਈ ਮਨੀ ਸਿੰਘ ਬਘੌਰ ਤੀਕ ਉਨ੍ਹਾਂ ਦੇ ਨਾਲ ਗਏ ਅਤੇ ਫਿਰ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਚਲੇ ਗਏ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਨੂੰ 'ਤੱਤ ਖਾਲਸਾ' ਅਤੇ 'ਬੰਦਈ ਖਾਲਸੇ' ਵਿਚ ਸਮਝੌਤਾ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ।[7]

ਉਪਰੋਕਤ ਵਿਵਰਣ ਤੋਂ ਪਤਾ ਲੱਗਦਾ ਹੈ ਕਿ ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਦੇ ਕਿਤਨੇ ਨਿਕਟਵਰਤੀ ਅਤੇ ਵਿਸ਼ਵਾਸਪਾਤਰ ਸਨ। ਇਸ ਲਈ ਉਨ੍ਹਾਂ ਦੀਆਂ ਲਿਖਤਾਂ ਅਤੇ ਉਨ੍ਹਾਂ ਦੇ ਕਥਾ ਵਿਖਿਆਨਾਂ ਵਿਚ ਨਿੱਜੀ ਤਜ਼ਰਬਾ ਅਤੇ ਪ੍ਰਮਾਣਿਕ ਇਤਿਹਾਸਕ ਗਵਾਹੀ ਵਰਗੇ ਠੋਸ ਤੱਤ ਮੌਜੂਦ ਹੋ ਸਕਦੇ ਹਨ। ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਵਿਆਖਿਆ ਨਾਲ ਸੰਬੰਧਿਤ ਜੋ ਰਚਨਾਵਾਂ ਉਪਲਬਧ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

(1) ਪੋਥੀਆਂ ਦੀ ਲਿਖਾਈ
(2) ਦਮਦਮੀ ਬੀੜ ਦੀ ਸੰਪਾਦਨਾ
(3) ਸਾਖੀਆਂ ਦੀ ਰਚਨਾ (ਗਿਆਨ ਰਤਨਾਵਲੀ, ਭਗਤ ਰਤਨਾਵਲੀ, ਗੁਰਬਿਲਾਸ ਪਾਤਸ਼ਾਹੀ ੬ਵੀਂ ਅਤੇ ਗੁਰਬਿਲਾਸ ਪਾਤਸ਼ਾਹੀ ੧੦)
(4) ਦਸਮ ਗ੍ਰੰਥ ਦੀ ਸੰਪਾਦਨਾ
(5) ਗੁਰੂ ਗ੍ਰੰਥ ਸਾਹਿਬ ਦੀ ਪੁਨਰ-ਸੰਪਾਦਨਾ
(6) ਫੁਟਕਲ ਰਚਨਾਵਾਂ ਜਿਵੇਂ ਜਪੁਜੀ ਦੀ ਟੀਕਾ, ਸ਼ਰਧਾ ਪੂਰਨ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦੀਆਂ ਉਥਾਨਕਾਵਾਂ ਤੇ ਇਕ ਚਿੱਠੀ।

ਪਰੰਤੂ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੇ ਨਾਮ ਨਾਲ ਜੁੜੀਆਂ ਰਚਨਾਵਾਂ ਸੰਬੰਧੀ ਵਿਵਾਦ ਉਨ੍ਹਾਂ ਦੇ ਜੀਵਨ ਨਾਲੋਂ ਵੀ ਗਹਿਰੇ ਜਾਪਦੇ ਹਨ। ਉਨ੍ਹਾਂ ਸੰਬੰਧੀ ਪ੍ਰਾਪਤ ਪੁਸਤਕਾਂ ਤੋਂ ਤਾਂ ਇਹ ਰਾਇ ਬਣਦੀ ਹੈ ਕਿ ਉਨ੍ਹਾਂ ਦੀ ਆਪਣੀ ਇਕ ਵੀ ਪੁਸਤਕ ਨਹੀਂ। ਕੀ ਇਹ ਸੰਭਵ ਹੈ ਕਿ ਜਿਸ ਲਿਖਾਰੀ ਦੀ ਆਪਣੀ ਕੋਈ ਵੀ ਰਚਨਾ ਨਾ ਹੋਵੇ ਦੂਜੇ ਰਚਨਕਾਰ ਆਪਣੇ ਗ੍ਰੰਥ ਉਨ੍ਹਾਂ ਦੇ ਨਾਮ ਨਾਲ ਜੋੜਨ ਦੇ ਚਾਹਵਾਨ ਹੋਣਗੇ। ਇਹ ਵੱਖਰੀ ਗੱਲ ਹੈ ਕਿ ਬਹੁਤੇ ਗ੍ਰੰਥ ਉਨ੍ਹਾਂ ਆਪ ਨਹੀਂ ਲਿਖੇ, ਸਗੋਂ ਉਨ੍ਹਾਂ ਦੇ ਕਥਾ ਵਿਖਿਆਨਾਂ ਦੀ ਸੰਭਾਲ ਲਈ ਉਨ੍ਹਾਂ ਦੇ ਨਿਕਟਵਰਤੀ ਪ੍ਰੇਮੀ ਸਿੱਖਾਂ ਨੇ ਲਿਖੇ ਹਨ।

ਗੁਰਬਿਲਾਸ ਪਾਤਸ਼ਾਹੀ ੧੦ ਵੀ ਇਕ ਅਜਿਹਾ ਗ੍ਰੰਥ ਹੈ ਜਿਸ ਨੂੰ ਭਾਈ ਮਨੀ ਸਿੰਘ ਦੇ ਵਿਖਿਆਨਾਂ 'ਤੇ ਆਧਾਰਿਤ ਉਨ੍ਹਾਂ ਦੇ ਕਿਸੇ ਪ੍ਰੀਤਵਾਨ ਨਿਕਟਵਰਤੀ ਸਿੱਖ ਨੇ ਲਿਖਤੀ ਰੂਪ ਦਿੱਤਾ। ਸਿੱਖ ਰਵਾਇਤ ਅਨੁਸਾਰ ਗੁਰਬਿਲਾਸ ਪਾਤਸ਼ਾਹੀ ੧੦ ਦੀ ਰਚਨਾ ਕੁਇਰ ਸਿੰਘ ਕਲਾਲ ਨੇ 1751 ਈ. ਵਿਚ ਮੌਖਿਕ ਸਰੋਤ ਦੇ ਆਧਾਰ 'ਤੇ ਲਿਪੀਬਧ ਕੀਤੀ।[8] ਇੱਥੇ ਈ.ਐਚ.ਕਾਰ. ਦੀ ਇਤਿਹਾਸ ਸੰਬੰਧੀ ਦਿੱਤੀ ਗਈ ਟਿੱਪਣੀ ਬਿਲਕੁਲ ਢੁਕਵੀਂ ਪ੍ਰਤੀਤ ਹੁੰਦੀ ਹੈ; "ਇਤਿਹਾਸ ਤਾਂ ਆਰੰਭ ਵਿਚ ਆਖੀ (ਮੌਖਿਕ) ਰੂਪ ਵਿਚ ਸੀ ਉਹੀ ਫੇਰ ਸਾਖੀ ਬਣਿਆ, ਉਸ ਉਪਰੰਤ ਬਿਲਾਸ ਅਤੇ ਫਿਰ ਬਿਲਾਸ ਤੋਂ ਪ੍ਰਕਾਸ਼ ਤੇ ਇਤਿਹਾਸ।"[9] ਇਸੇ ਤਰ੍ਹਾਂ ਇਹ ਰਚਨਾ ਭਾਈ ਮਨੀ ਸਿੰਘ ਦੇ ਕਥਾ ਵਿਗਿਆਨਾਂ ਦਾ ਇਕੱਠ ਹੈ, ਇਸ ਗੱਲ ਦੀ ਪ੍ਰੋੜਤਾ ਇਨ੍ਹਾਂ ਪੰਕਤੀਆਂ ਤੋਂ ਵੀ ਹੋ ਜਾਂਦੀ ਹੈ :

ਮਨੀ ਸਿੰਘ ਏ ਬਚਨ ਅਲਾਏ। ਸੁਨੋ ਖਾਲਸਾ ਜੀ ਚਿਤ ਲਾਏ।
ਇਹ ਧਰਮਗ ਕਥਾ ਮੈਂ ਭਾਖੀ। ਬਡ ਵਿਸਥਾਰ ਸੂਖਮ ਕਰ ਰਾਖੀ।[10]

ਇਸ ਪੁਸਤਕ ਵਿਚ ਕਈ ਥਾਂ ਭਾਈ ਮਨੀ ਸਿੰਘ ਦੇ ਨਾਮ ਦੀ ਵਰਤੋਂ ਹੋਣ ਕਰਕੇ ਇਸ ਦਾ ਲੇਖਕ ਭਾਈ ਸਾਹਿਬ ਨੂੰ ਹੀ ਸਮਝਿਆ ਜਾਂਦਾ ਰਿਹਾ ਹੈ। ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਨੇ ਇਕ ਥਾਂ 'ਤੇ ਲਿਖਿਆ ਹੈ :

ਸੈਨਾ ਸਿੰਘ ਕਹੀ ਗੁਰ ਸੋਭਾ। ਸਤ੍ਰਾ ਸਹਸ ਅਠਸਠ ਨਿਜ ਓਭਾ।
ਮਨੀ ਸਿੰਘ ਹੂ ਗ੍ਰੰਥ ਬਨਾਯੋ। ਗੁਰ ਬਿਲਾਸ ਅਤਿ ਅਨੂਪਮ ਗਾਯੋ।[11]

ਇਸ ਗ੍ਰੰਥ ਦਾ ਅੰਤਲਾ ਅਧਿਆਇ ਵੀ ਭਾਈ ਮਨੀ ਸਿੰਘ ਦੇ ਨਾਮ ਨਾਲ ਹੀ ਸਮਾਪਤ ਹੁੰਦਾ ਹੈ ਜੋ ਇਸ ਰਚਨਾ ਦੇ ਕਰਤਾ ਸੰਬੰਧੀ ਭੁਲੇਖੇ ਨੂੰ ਵਧਾਉਣ ਵਿਚ ਸਹਾਈ ਸਿੱਧ ਹੁੰਦਾ ਹੈ :

ਇਤਿ ਸ੍ਰੀ ਗੁਰ ਬਿਲਾਸ ਸ੍ਰੀ ਮਨੀ ਸਿੰਘ ਮਤ ਵਖਯਾਨ ਬਰਨਨੰ ਨਾਮ
ਇਕੀਸਮੋ ਧਯਾਇ ਕਬਿ ਖਾਲਸਾ ਪੰਥ ਵਰਨਨੰ, ਪਯਾਨ ਚਾਰ ਸਮਾਪਤੰ।
ਸ੍ਰੀ ਅਕਾਲ ਜੀ ਸਹਾਇ ਸੁਭਮਸਤੁ ਸੁਭਸਮਤੁ ਸੁਭਮਸਤੁ।[12]

ਉਪਰੋਕਤ ਕਥਨ ਦੇ ਬਾਵਜੂਦ ਇਸ ਪੁਸਤਕ ਦੀ ਅੰਦਰਲੀ ਗਵਾਹੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਦਾ ਕਰਤਾ ਕੁਇਰ ਸਿੰਘ ਕਲਾਲ ਹੈ :

ਕੁਇਰ ਸਿੰਘ ਕਲਾਲ ਅਤਿ ਜੋਈ
ਰਹੈ ਕੰਬੋਅਨ ਅੰਗਨ ਸੋਈ।
ਨਾਮ ਮਾਤ੍ਰੀ ਸਿੰਘ ਹੋ ਭਾਈ। ਪੂਰਬ ਖੰਡੇ ਪਾਹੁਲ ਨ ਲਈ।[13]

ਕੁਇਰ ਸਿੰਘ ਦਾ ਗੁਰਬਿਲਾਸ ਇਕੋ ਇਕ ਅਜਿਹੀ ਪੁਸਤਕ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। 'ਸਿੱਖ ਇਤਿਹਾਸ ਦੇ ਸੋਮੇ' ਪੁਸਤਕ ਦੇ ਕਰਤਾ ਸੋਹਣ ਸਿੰਘ ਸੀਤਲ ਦੀ ਟਿੱਪਣੀ ਨੂੰ ਗਹੁ ਨਾਲ ਵਾਚਿਆ ਜਾ ਸਕਦਾ ਹੈ: "ਇਸ ਪੁਸਤਕ ਵਿਚ ਥੋੜ੍ਹੇ ਜਿਹੇ ਸ਼ਬਦਾਂ ਵਿਚ ਬਹੁਤ ਕੁਝ ਦਰਜ ਹੈ। ਕੋਈ ਘਟਨਾ ਨਹੀਂ ਛੱਡੀ ਗਈ– ਕੋਈ ਭੁਲੇਖਾ ਨਹੀਂ ਰਹਿ ਜਾਂਦਾ।" [14] ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਡਾ. ਫੌਜਾ ਸਿੰਘ ਲਿਖਦੇ ਹਨ: "ਕੁਇਰ ਸਿੰਘ ਦੇ ਗੁਰ ਬਿਲਾਸ ਤੋਂ ਪਹਿਲਾਂ ਦੀ ਹੁਣ ਤੱਕ ਲੱਭੀ ਲਿਖਤ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਪੂਰਬ ਕਾਲ ਦਾ ਵੇਰਵੇ ਸਹਿਤ ਹਾਲ ਨਹੀਂ ਮਿਲਦਾ।" [15] ਇਨ੍ਹਾਂ ਟਿੱਪਣੀਆਂ ਤੋਂ ਇਹ ਰਾਇ ਬਣਦੀ ਹੈ ਕਿ ਕੁਇਰ ਸਿੰਘ ਦੁਆਰਾ ਰਚਿਆ ਗੁਰਬਿਲਾਸ ਸਿੱਖ ਇਤਿਹਾਸ ਦਾ ਮਹੱਤਵਪੂਰਨ ਸੋਮਾ ਹੈ।

ਗੁਰਬਿਲਾਸ ਪਾਤਸ਼ਾਹੀ ੧੦ ਕੇਵਲ ਭਾਈ ਮਨੀ ਸਿੰਘ ਦੇ ਜ਼ਬਾਨੀ ਕਥਾ ਵਿਖਿਆਨਾਂ ਉਤੇ ਹੀ ਆਧਾਰਿਤ ਨਹੀਂ, ਸਗੋਂ ਇਸ ਗ੍ਰੰਥ ਦੇ ਕਰਤਾ ਨੇ ਚੋਖੀ ਮਿਹਨਤ ਕਰਕੇ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਜੋ ਗ੍ਰੰਥ ਪਹਿਲਾਂ ਲਿਖੇ ਜਾ ਚੁੱਕੇ ਸਨ, ਜਿਵੇਂ ਬਚਿਤ੍ਰ ਨਾਟਕ, ਗੁਰ ਸੋਭਾ, ਜੰਗਨਾਮਾ, ਕੁਲਿਆਤ ਆਦਿ ਗ੍ਰੰਥਾਂ ਨੂੰ ਚੰਗੀ ਤਰ੍ਹਾਂ ਘੋਖਿਆ, ਵਿਚਾਰਿਆ ਅਤੇ ਉਨ੍ਹਾਂ ਤੋਂ ਜੋ ਲਾਭ ਉਠਾਇਆ ਜਾ ਸਕਦਾ ਸੀ, ਉਠਾਇਆ ਹੈ। ਇਸ ਤਰ੍ਹਾਂ ਭਾਵੇਂ ਮਨੀ ਸਿੰਘ ਇਸ ਰਚਨਾ ਦੇ ਰਚੈਤਾ ਨਹੀਂ, ਪਰੰਤੂ ਉਨ੍ਹਾਂ ਦੀ ਸ਼ਖ਼ਸੀਅਤ ਦੀ ਅਮਿੱਟ ਛਾਪ ਇਸ ਰਚਨਾ ਉੱਤੇ ਲੱਗੀ ਹੋਈ ਹੈ। ਹੁਣ ਮੈਂ ਇਸ ਗ੍ਰੰਥ ਨੂੰ ਆਪਣੇ ਪੇਪਰ ਦੀ ਆਧਾਰ ਸੀਮਾ ਨਿਸ਼ਚਿਤ ਕਰਕੇ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਚਿਤਰਨ ਦਾ ਉਪਰਾਲਾ ਕਰਾਂਗੀ, ਪਰੰਤੂ ਜਿੱਥੇ ਕਿਤੇ ਲੋੜ ਮਹਿਸੂਸ ਹੋਈ ਉੱਥੇ ਨਾਲ ਦੂਸਰੇ ਸਮਕਾਲੀ ਲੇਖਕਾਂ ਦੇ ਵਿਚਾਰਾਂ ਤੋਂ ਵੀ ਲਾਭ ਲਿਆ ਜਾਵੇਗਾ।

ਕੁਇਰ ਸਿੰਘ ਰਚਿਤ ਗੁਰਬਿਲਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸੰਬੰਧੀ ਬਹੁਤ ਘੱਟ ਵੇਰਵੇ ਪ੍ਰਾਪਤ ਹੁੰਦੇ ਹਨ ਕੇਵਲ ਇਹੀ ਸੰਕੇਤ ਮਿਲਦਾ ਹੈ :

ਸੰਮਤ ਅਗਨੀ ਬਿਸੰਤੌ ਮੁਨਿ ਸਸਿ ਜਨਮਤ ਭਾਲ।[16]

ਪਰੰਤੂ ਸੁੱਖਾ ਸਿੰਘ ਰਚਿਤ ਗੁਰਬਿਲਾਸ ਗੁਰੂ ਸਾਹਿਬ ਦੇ ਜਨਮ ਸੰਬੰਧੀ ਤਾਰੀਕ ਅੰਕਿਤ ਕਰਨ ਵਿਚ ਕਾਰਗਾਰ ਸਾਬਤ ਹੁੰਦਾ ਹੈ :

ਸੰਬਤ ਸੱਤਰਹ ਸਹਸ ਭਣਿਜੈ। ਬੀਸ ਤੀਨ ਸੰਗ ਬਰਖ ਗਣਿਜੈ।
ਮਹਿ ਪੌਖ ਪੁਨ ਅਧਿਕ ਸੁਚੀਨੈ। ਜਗਤ ਪ੍ਰਵੇਸ ਕ੍ਰਿਪਾ ਨਿਧਿ ਕੀਨੈ।[17]

ਇਹ ਤਾਰੀਕ ਅਜੋਕੇ ਇਹਿਤਾਸਕਾਰਾਂ ਅਤੇ ਲੇਖਕਾਂ ਵਲੋਂ ਸਵੀਕਾਰ ਕੀਤੀ ਗਈ ਹੈ ਜੋ ਪੋਹ ਸੁਦੀ 7, 1723 ਬਿਕਰਮੀ ਅਰਥਾਤ 22 ਦਸੰਬਰ, 1666 ਈ. ਬਣਦੀ ਹੈ। ਉਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਢਾਕੇ ਵਿਚ ਸਨ ਜਦੋਂ ਉਨ੍ਹਾਂ ਨੂੰ ਇਹ ਮੁਬਾਰਕ ਖ਼ਬਰ ਮਿਲੀ। ਉਸ ਸਮੇਂ ਗੁਰੂ ਸਾਹਿਬ ਨੇ ਪਟਨੇ ਦੀ ਸੰਗਤ ਦੇ ਨਾਂ 'ਤੇ ਪੱਤਰ ਲਿਖਿਆ ਕਿ ਉਨ੍ਹਾਂ ਦੇ ਪਰਿਵਾਰ ਦੀ ਪਹਿਲਾਂ ਵਾਂਗ ਦੇਖ ਰੇਖ ਕੀਤੀ ਜਾਵੇ।[18] ਕੁਇਰ ਸਿੰਘ ਲਿਖਦਾ ਹੈ ਕਿ ਬਾਲ ਗੋਬਿੰਦ ਰਾਏ ਨੇ ਅਜਿਹੇ ਕਾਰਨਾਮੇ ਕੀਤੇ ਜਿਸ ਤੋਂ ਉਨ੍ਹਾਂ ਦੇ ਵੱਡਾ ਹੋ ਕੇ ਮਹਾਨ ਵਿਅਕਤੀ ਬਣਨ ਦੇ ਸੰਕੇਤ ਮਿਲਦੇ ਹਨ। ਉਹ ਲਿਖਦਾ ਹੈ ਕਿ ਬਾਲ ਗੋਬਿੰਦ ਬਚਪਨ ਵਿਚ ਤੀਰਾਂ ਨਾਲ ਖੇਡਦਿਆਂ ਮਿੱਟੀ ਦੇ ਮਟਕੇ ਤੋੜ ਭੰਨ ਦਿੰਦੇ।[19] ਗੁਰੂ ਸਾਹਿਬ ਦੇ ਮਹਾਨ ਵਿਅਕਤੀ ਬਣਨ ਬਾਰੇ

ਭਾਈ ਸੁੱਖਾ ਸਿੰਘ ਨੇ ਵੀ ਗੁਰਬਿਲਾਸ ਵਿਚ ਲਿਖਿਆ ਹੈ ਕਿ ਬਾਲ ਗੋਬਿੰਦ ਰਾਏ ਆਪਣੇ ਸਾਥੀਆਂ ਨਾਲ ਖੇਡਦਿਆਂ ਹੋਇਆਂ ਆਗੂ ਬਣ ਕੇ ਉਨ੍ਹਾਂ ਦੀ ਅਗਵਾਈ ਕਰਦੇ। ਉਨ੍ਹਾਂ ਦੀਆਂ ਖੇਡਾਂ ਵਿਚ ਤੀਰ ਅਤੇ ਤੀਰ ਕਮਾਨ ਸ਼ਾਮਲ ਹੁੰਦੇ ਅਤੇ ਬੱਚਿਆਂ ਨੂੰ ਲੜਾਈ ਲਈ ਟੋਲੀਆਂ ਵਿਚ ਵੰਡ ਕੇ ਖੇਡਦੇ ਅਤੇ ਜਿੱਤ ਉਪਰੰਤ ਇਨਾਮ ਵੰਡਦੇ।[20]

ਗੁਰੂ ਤੇਗ ਬਹਾਦਰ ਸਾਹਿਬ ਨੇ ਪਟਨੇ ਤੋਂ ਆਪਣੇ ਪਰਿਵਾਰ ਨੂੰ ਪੰਜਾਬ ਬੁਲਾਵਾ ਭੇਜਿਆ। ਇਸ ਗੱਲ ਦਾ ਸੰਕੇਤ ਕੁਇਰ ਸਿੰਘ ਦੀ ਲਿਖਤ ਤੋਂ ਲੱਗ ਜਾਂਦਾ ਹੈ। ਇਹ ਵਾਰਤਾ 1672 ਈ. ਦੀ ਹੈ ਜਦੋਂ ਪਟਨੇ ਦੀ ਸੰਗਤ ਬਾਲ ਗੁਰੂ ਨੂੰ ਪਿਆਰ ਨਾਲ ਤੋਰਨ ਹਿਤ 14 ਮੀਲ ਦੀ ਦੂਰੀ ਉੱਤੇ ਇਕ ਸਥਾਨ ਦਾਨਪੁਰ ਤੱਕ ਪਹੁੰਚੀ।[21] ਕੁਇਰ ਸਿੰਘ ਤੇ ਸੁੱਖਾ ਸਿੰਘ ਨੇ ਉਨ੍ਹਾਂ ਅਸਥਾਨਾਂ ਦਾ ਵੇਰਵਾ ਦਿੱਤਾ ਹੈ ਜਿੱਥੋਂ ਦੀ ਬਾਲ ਗੋਬਿੰਦ ਰਾਏ ਪਰਿਵਾਰ ਸਮੇਤ ਵਿਚਰੇ। ਦੁਮਰਾਉ, ਬਕਸਰ, ਛੋਟਾ ਮਿਰਜਾਪੁਰ, ਬਨਾਰਸ, ਪ੍ਰਯਾਗ, ਮਥਰਾ, ਅਯੁਧਿਆ, ਨਾਨਕਮਤਾ ਆਦਿ। ਇਸ ਤਰ੍ਹਾਂ ਇਹ ਪਰਿਵਾਰ ਲਖਨੌਰ ਵਿਖੇ ਪੁੱਜਾ। ਗੁਰੂ ਸਾਹਿਬ ਦੇ ਲਖਨੌਰ ਠਹਿਰਨ ਦਾ ਜ਼ਿਕਰ ਭਾਈ ਸੁੱਖਾ ਸਿੰਘ ਦੀ ਲਿਖਤ ਤੋਂ ਇਸ ਤਰ੍ਹਾਂ ਹੁੰਦਾ ਹੈ :

ਪੁਰ ਲਖਨੌਰ ਅਜਬ ਅਸਥਾਨਾ।
ਕਰ ਚਰਿਤ੍ਰ ਪ੍ਰਭੁ ਜਿਹ ਥਾਨਾ।[22]

ਕੁਝ ਮਹੀਨਿਆਂ ਬਾਅਦ ਗੁਰੂ ਕੇ ਮਹੱਲ ਤਿਆਰ ਹੋਣ ਉਪਰੰਤ ਗੁਰੂ ਸਾਹਿਬ ਨੇ ਪਰਿਵਾਰ ਸਮੇਤ ਮਾਖੋਵਾਲ ਨਿਵਾਸ ਕੀਤਾ। ਇੱਥੇ ਹੀ ਗੁਰੂ ਸਾਹਿਬ ਨੇ ਵਿਦਿਆ ਪ੍ਰਾਪਤ ਕੀਤੀ। ਕੁਇਰ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਵੇਦ, ਪੁਰਾਣ ਅਤੇ ਧਰਮ ਸ਼ਾਸਤਰਾਂ ਦਾ ਵੀ ਅਧਿਐਨ ਕੀਤਾ।[23] ਅਨੰਦਪੁਰ ਸਾਹਿਬ ਵਿਖੇ ਕਸ਼ਮੀਰੀ ਪੰਡਤਾਂ ਦੇ ਗੁਰੂ ਤੇਗ਼ ਬਹਾਦਰ ਪਾਸ ਆਉਣ ਦਾ ਸੰਕੇਤ ਅਤੇ ਔਰੰਗਜ਼ੇਬ ਦੀ ਕੱਟੜਤਾ ਦਾ ਪ੍ਰਮਾਣ ਇਨ੍ਹਾਂ ਪੰਕਤੀਆਂ ਤੋਂ ਹੋ ਜਾਂਦਾ ਹੈ :

ਸਵਾ ਮਣ ਤੂਟਤ ਜਨੇਊ ਏਕ ਦਿਨਸੁ ਮੰਝਾਰ।
ਗਣਤ ਭਈ ਮਹਾਰਾਜ ਜੂ ਸਭ ਦੁਖਤ ਜਰੈ ਅਪਾਰ।[24]

ਪੂਰਬ ਖਾਲਸਾ ਕਾਲ

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੀਆਂ ਗਈਆਂ ਲੜਾਈਆਂ ਦਾ ਕੁਇਰ ਸਿੰਘ ਨੇ ਆਪਣੀ ਰਚਨਾ ਵਿਚ ਅਜਿਹਾ ਵੇਰਵਾ ਦਿੱਤਾ ਹੈ ਜਿਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਲੜਾਈਆਂ ਦਾ ਵੇਰਵਾ ਦੂਸਰੇ ਸਮਕਾਲੀ ਲੇਖਕ ਸੈਨਾਪਤਿ ਨੇ ਦਿੱਤਾ ਹੈ। ਕੁਇਰ ਸਿੰਘ ਨੇ ਭੰਗਾਣੀ ਅਤੇ ਨਾਦੌਣ ਦੀਆਂ ਲੜਾਈਆਂ ਦਾ ਵਿਸਥਾਰਪੂਰਵਕ ਵਰਣਨ ਕਰਨ ਤੋਂ ਬਾਅਦ ਖਾਲਸਾ ਪੰਥ ਦੀ ਸਿਰਜਨਾ ਦਾ ਜ਼ਿਕਰ ਕੀਤਾ ਹੈ ਅਤੇ ਉਸ ਤੋਂ ਪਿੱਛੋਂ ਖਾਨਜ਼ਾਦਾ, ਹੁਸੈਨੀ ਆਦਿ ਨਾਲ ਹੋਈਆਂ ਲੜਾਈਆਂ ਦਾ ਵਰਣਨ ਕੀਤਾ ਹੈ। ਗੁਰਬਚਨ ਸਿੰਘ ਨਈਅਰ ਦਾ ਵਿਚਾਰ ਹੈ ਕਿ ਕੁਇਰ ਸਿੰਘ ਦੁਆਰਾ ਦਿੱਤੀ ਇਹ ਤਰਤੀਬ ਕ੍ਰਮਵਾਰ ਇਤਿਹਾਸਕ ਘਟਨਾਵਾਂ ਨਾਲ ਨਹੀਂ ਮਿਲਦੀ, ਕਿਉਂਕਿ ਖਾਨਜ਼ਾਦਾ ਅਤੇ ਹੁਸੈਨੀ ਨਾਲ ਹੋਈਆਂ ਲੜਾਈਆਂ ਖਾਲਸੇ ਦੀ ਸਿਰਜਨਾ ਤੋਂ ਪਹਿਲਾਂ ਹੋਈਆਂ ਸਿੱਧ ਹੁੰਦੀਆਂ ਹਨ :

ਧਨੁਖ ਬਾਨ ਲੈ ਥਾਨ ਭੰਗਾਣੀ
ਕਰਤ ਜੁੱਧ ਸਤਿਗੁਰ ਸੁਖਦਾਨੀ।[25]

ਕੁਇਰ ਸਿੰਘ ਦੀ ਲਿਖਤ ਤੋਂ ਜਾਣਕਾਰੀ ਮਿਲਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੀ ਲੜਾਈ ਤੋਂ ਪਹਿਲਾਂ ਜਦੋਂ ਪਾਉਂਟਾ ਸਾਹਿਬ ਗਏ ਤਾਂ ਆਪਣੇ ਨਾਲ ਝੰਡਾ, ਨਗਾਰਾ ਅਤੇ ਫੌਜ ਲੈ ਕੇ ਗਏ ਸਨ, ਉਥੇ ਬਹੁ-ਗਿਣਤੀ ਵਿਚ ਸੰਗਤਾਂ ਦਰਸ਼ਨ ਕਰਨ ਲਈ ਆਉਣ ਲੱਗੀਆਂ।[26] ਪਹਾੜੀ ਰਾਜੇ ਜੋ ਝੂਲਦੇ ਨਿਸ਼ਾਨ ਅਤੇ ਵੱਜਦੇ ਨਗਾਰਿਆਂ ਨਾਲ ਨਿਕਲਣਾ ਕੇਵਲ ਆਪਣਾ ਹੀ ਅਧਿਕਾਰ ਸਮਝਦੇ ਸਨ ਉਹ ਗੁਰੂ ਸਾਹਿਬ ਦੀ ਸੈਨਿਕ ਕਾਰਵਾਈ ਨੂੰ ਪਸੰਦ ਨਹੀਂ ਸਨ ਕਰਦੇ। ਇਹ ਸੂਚਨਾ ਕੇਵਲ ਤੇ ਕੇਵਲ ਕੁਇਰ ਸਿੰਘ ਦੇ ਗੁਰਬਿਲਾਸ ਤੋਂ ਹੀ ਮਿਲਦੀ ਹੈ।

ਗੁਰੂ ਸਾਹਿਬ ਦੇ ਸਮਕਾਲੀ ਹੁੰਦਿਆਂ ਹੋਇਆਂ ਵੀ ਸੈਨਾਪਤਿ ਇਹ ਵਰਣਨ ਨਹੀਂ ਕਰਦਾ ਕਿ ਫਤਹਿ ਸ਼ਾਹ ਨੇ ਗੁਰੂ ਸਾਹਿਬ ਨਾਲ ਭੰਗਾਣੀ ਦੇ ਯੁੱਧ ਲਈ ਕਿਹੜੇ ਰਾਜੇ ਆਪਣੇ ਨਾਲ ਮਿਲਾਏ ਸਨ। ਸੈਨਾਪਤਿ ਦੀ ਲਿਖਤ ਵਿਚ ਪਏ ਘਾਪੇ ਦੀ ਪੂਰਤੀ ਇਹ ਲਿਖਤ ਕਰਦੀ ਹੈ। ਕੁਇਰ ਸਿੰਘ ਰਚਿਤ ਗੁਰਬਿਲਾਸ ਵਿਚ

ਹਰੀ ਚੰਦ, ਰਾਮ ਸਿੰਘ, ਜਸਵਾਰ ਆਦਿ ਇਸ ਲੜਾਈ ਵਿਚ ਸ਼ਾਮਲ ਸਨ।

ਪੁਨਿ ਪਹਾੜ ਕੇ ਰਾਜੇ ਆਏ। ਫਤੈ ਸਾਹ ਸ੍ਰੀ ਨਗ ਨਿਪਾਏ।
ਹਰੀ ਚੰਦ ਪੁਨਿ ਰਾਜ ਸੁ ਚੰਦੈਂ। ਕੁਲੂ ਪਤਿ ਆਏ ਕਾਲ ਪ੍ਰਚੰਡੈਂ।
ਰਾਮ ਸਿੰਘ ਮੀਆਂ ਜੰਮੂ ਪਤਿ। ਸਾਹਿਬ ਚੰਦ ਆਯੋ ਮਧੁਕਰ ਅਤਿ।
ਬਾਣੀ ਧਾਰ ਨ੍ਰਿਪਤਿ ਤਹਿ ਆਏ। ਪੂਰਬ ਖਾਨ ਨਿਜਾਬਤ ਆਏ।
ਪੁਨਿ ਹਯਾਤ ਖਾਨ ਸੋ ਆਯੋ। ਜਹਿ ਧਨ ਗੁਰ ਕੋ ਅਤਿ ਲਖ ਪਾਯੋ।[27]

ਕੁਇਰ ਸਿੰਘ ਪਹਿਲਾ ਲੇਖਕ ਹੈ ਜਿਸ ਨੇ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਭੀਮ ਚੰਦ ਨੇ ਆਪਣੇ ਪੁੱਤਰ ਦੀ ਸ਼ਾਦੀ ਸਮੇਂ ਗੁਰੂ ਜੀ ਪਾਸੋਂ 'ਪ੍ਰਸ਼ਾਦੀ ਹਾਥੀ' ਦੀ ਮੰਗ ਕਰਕੇ ਆਪਣੇ ਦੂਤ (ਨੁਮਾਇੰਦੇ) ਭੇਜੇ ਸਨ।[28] ਗਿਆਨੀ ਗਿਆਨ ਸਿੰਘ[29] ਤੇ ਮੈਕਾਲਿਫ[30] ਵੀ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ। ਕੁਇਰ ਸਿੰਘ ਲਿਖਦਾ ਹੈ ਕਿ ਗੁਰੂ ਸਾਹਿਬ ਜਾਣਦੇ ਸਨ ਕਿ ਭੀਮ ਚੰਦ ਇਹ ਹਾਥੀ ਕਦਾਚਿਤ ਵਾਪਸ ਨਹੀਂ ਕਰੇਗਾ। ਇਸ ਲਈ ਉਨ੍ਹਾਂ ਨੇ ਇਹ ਸੰਦੇਸ਼ ਭੇਜ ਦਿੱਤਾ ਕਿ ਉਹ ਸ਼ਰਧਾ ਵਜੋਂ ਭੇਟ ਕੀਤੀ ਗਈ ਵਸਤੂ ਨੂੰ ਅੱਗੇ ਦੇਣ ਤੋਂ ਅਸਮੱਰਥ ਹਨ, ਹੋਰ ਜੋ ਕੁਝ ਚਾਹੇ ਉਨ੍ਹਾਂ ਕੋਲੋਂ ਮੰਗ ਲਵੇ। ਰਾਜਾ ਭੀਮ ਚੰਦ ਦੂਤ ਦੁਆਰਾ ਗੁਰੂ ਸਾਹਿਬ ਦਾ ਇਹ ਸੁਨੇਹਾ ਸੁਣ ਕੇ ਕ੍ਰੋਧ ਵਿਚ ਆ ਗਿਆ ਅਤੇ ਗੁਰੂ ਜੀ ਨਾਲ ਲੜਾਈ ਕਰਨ ਦਾ ਨਿਸ਼ਚਾ ਕੀਤਾ।[31]

ਸਿੱਖ ਪਰੰਪਰਾ ਅਨੁਸਾਰ ਭੀਮ ਚੰਦ ਨੇ ਆਪਣੇ ਪੁੱਤਰ ਅਜਮੇਰ ਚੰਦ ਦੀ ਸ਼ਾਦੀ ਸ੍ਰੀਨਗਰ ਦੇ ਰਾਜੇ ਫਤਹਿ ਸ਼ਾਹ ਦੀ ਲੜਕੀ ਨਾਲ ਨਿਯਤ ਕੀਤੀ ਅਤੇ ਭੀਮ ਚੰਦ ਨੇ ਗੁਰੂ ਸਾਹਿਬ ਪਾਸੋਂ ਕਹਿਲੂਰ ਤੋਂ ਸ੍ਰੀਨਗਰ ਜਾਣ ਲਈ ਰਸਤੇ ਦੀ ਮੰਗ ਕੀਤੀ। ਗੁਰੂ ਜੀ ਨੇ ਲਾੜੇ ਸਮੇਤ ਕੁਝ ਆਦਮੀਆਂ ਨੂੰ ਆਪਣੇ ਇਲਾਕੇ ਵਿਚੋਂ ਲੰਘਣ ਦੀ ਪ੍ਰਵਾਨਗੀ ਦੇ ਦਿੱਤੀ, ਪਰੰਤੂ ਬਰਾਤ ਨੂੰ ਦੂਸਰੇ ਰਸਤੇ ਤੋਂ ਜਾਣਾ ਪਿਆ ਜਿਸ ਕਰਕੇ ਭੀਮ ਚੰਦ ਨੇ ਗੁੱਸੇ ਵਿਚ ਆ ਕੇ ਫਤਿਹ ਸ਼ਾਹ ਦੀ ਲੜਕੀ ਲਈ ਗੁਰੂ ਸਾਹਿਬ ਵਲੋਂ ਭੇਜਿਆ ਗਿਆ ਤੰਬੋਲ ਵਾਪਸ ਕਰਵਾ ਦਿੱਤਾ। ਕਈ ਵਿਦਵਾਨਾਂ ਦਾ ਇਹ ਮਤ ਹੈ ਕਿ ਫਤਿਹ ਸ਼ਾਹ ਅਤੇ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦਾ ਇਲਾਕਾ ਵੰਡ ਤੋਂ ਆਪਸੀ ਝਗੜਾ ਸੀ। ਫਤਿਹ ਸ਼ਾਹ ਝਗੜੇ ਵਾਲੇ ਇਲਾਕੇ ਨੂੰ ਆਪਣੇ ਅਧੀਨ ਲਿਆਉਣਾ ਚਾਹੁੰਦਾ ਸੀ। ਗਿਆਨੀ ਗਿਆਨ ਸਿੰਘ ਦਾ ਮਤ ਹੈ ਕਿ ਇਸ ਸਮੇਂ ਫਤਿਹ ਸ਼ਾਹ ਕੁਝ ਇਲਾਕੇ ਨੂੰ ਆਪਣੀ ਰਿਆਸਤ ਵਿਚ ਮਿਲਾਉਣ ਉਤੇ ਤੁਲ ਗਿਆ ਅਤੇ ਉਸ ਲਈ ਜ਼ਰੂਰੀ ਹੋ ਗਿਆ ਸੀ ਕਿ ਉਹ ਗੁਰੂ ਸਾਹਿਬ ਦੇ ਪਉਂਟਾ ਸਾਹਿਬ ਵਿਖੇ ਕੇਂਦਰ ਉਤੇ ਹਮਲਾ ਕਰੇ।[32] ਗੁਰੂ ਸਾਹਿਬ ਨੇ ਫਤਿਹ ਸ਼ਾਹ ਦੇ ਇਸ ਰਵੱਈਏ ਕਰਕੇ ਪਾਉਂਟਾ ਸਾਹਿਬ ਤੋਂ ਲਗਭਗ ਛੇ ਮੀਲ ਉੱਤਰ-ਪੂਰਬ ਵੱਲ ਭੰਗਾਣੀ ਦੇ ਸਥਾਨ ਉਤੇ ਫਤਿਹ ਸ਼ਾਹ ਦੀਆਂ ਫੌਜਾਂ ਦਾ ਮੁਕਾਬਲਾ ਕੀਤਾ।

ਭੰਗਾਣੀ ਦੀ ਲੜਾਈ ਦੇ ਕਾਰਨ ਭਾਵੇਂ ਕੁਝ ਵੀ ਹੋਣ, ਪਰੰਤੂ ਕੁਇਰ ਸਿੰਘ ਦੀ ਲਿਖਤ ਇਕੋ ਇਕ ਅਜਿਹੀ ਲਿਖਤ ਹੈ ਜੋ ਇਸ ਲੜਾਈ ਸੰਬੰਧੀ ਕਈ ਪੱਖਾਂ ਤੋਂ ਸਾਡੇ ਗਿਆਨ ਵਿਚ ਵਾਧਾ ਕਰਦੀ ਹੈ ਅਤੇ ਇਤਿਹਾਸਕ ਪਰਤਾਂ ਨੂੰ ਖੋਲ੍ਹਣ ਦਾ ਯਤਨ ਕਰਦੀ ਹੈ।

ਨਾਦੌਣ ਦੀ ਲੜਾਈ

ਨਾਦੌਣ ਦੀ ਲੜਾਈ ਸੰਬੰਧੀ ਕੁਇਰ ਸਿੰਘ ਦੀ ਲਿਖਤ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਪਹਾੜੀ ਰਾਜਿਆਂ ਨੇ ਲੰਮੇ ਸਮੇਂ ਤੋਂ ਦਿੱਲੀ ਦੀ ਸਲਤਨਤ ਨੂੰ ਕਰ ਦੇਣਾ ਬੰਦ ਕੀਤਾ ਹੋਇਆ ਸੀ। ਇਸ ਦੇ ਨਤੀਜੇ ਵਜੋਂ ਮੀਆਂ ਖਾਂ ਨੂੰ ਦਿੱਲੀ ਵਲੋਂ ਹੁਕਮ ਭੇਜਿਆ ਗਿਆ ਕਿ ਪਹਾੜੀ ਰਾਜਿਆਂ ਕੋਲੋਂ ਇਹ ਕਰ ਉਗਰਾਹਿਆ ਜਾਵੇ। ਕੁਇਰ ਸਿੰਘ ਦੀ ਲਿਖਤ ਅਨੁਸਾਰ ਜੰਮੂ ਦਾ ਮੀਆਂ ਖਾਂ ਕਰ ਇਕੱਠਾ ਕਰਨ ਲਈ ਜੰਮੂ ਵੱਲ ਆਪਣੀਆਂ ਫੌਜਾਂ ਨਾਲ ਵਧਿਆ ਅਤੇ ਅਲਫ ਖਾਂ ਨਾਦੌਣ ਵੱਲ ਰਵਾਨਾ ਕੀਤਾ। ਅਲਫ ਖਾਂ ਦੀ ਟੱਕਰ ਭੀਮ ਚੰਦ ਨਾਲ ਹੋਈ। ਭੀਮ ਚੰਦ ਨੇ ਕਰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਲੜਾਈ ਕਰਨ ਲਈ ਮੈਦਾਨ ਵਿਚ ਨਿਕਲ ਆਇਆ।

ਗੁਰੂ ਗੋਬਿੰਦ ਸਿੰਘ ਜੀ ਦੀਆਂ ਖਾਨਜ਼ਾਦਾ ਅਤੇ ਹੁਸੈਨੀ ਨਾਲ ਹੋਈਆਂ ਲੜਾਈਆਂ ਨੂੰ ਸਪਸ਼ਟ ਰੂਪ ਵਿਚ ਦਰਸਾਉਣ ਸੰਬੰਧੀ ਵੀ ਕੁਇਰ ਸਿੰਘ ਦੀ ਲਿਖਤ ਸਾਡੀ ਸਹਾਇਤਾ ਕਰਦੀ ਹੈ।[33]

ਖਾਲਸਾ ਸਿਰਜਨਾ : ਪੂਰਬ ਖਾਲਸਾ ਕਾਲ ਵਿਚ ਗੁਰੂ ਗੋਬਿੰਦ ਸਿੰਘ ਦੁਆਰਾ ਕੀਤੀਆਂ ਗਈਆਂ

ਲੜਾਈਆਂ ਉਪਰੰਤ ਇਹ ਜ਼ਰੂਰੀ ਜਾਪਦਾ ਹੈ ਕਿ ਕੁਇਰ ਸਿੰਘ ਦੁਆਰਾ ਅੰਕਿਤ ਖਾਲਸੇ ਦੀ ਸਿਰਜਨਾ ਦਾ ਵਰਣਨ ਕੀਤਾ ਜਾਵੇ। ਕੁਇਰ ਸਿੰਘ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਿਰਜਨਾ ਸਮੇਂ ਦੀਵਾਨ ਵਿਚ ਸੰਗਤਾ ਪਾਸੋਂ ਸੀਸ ਦੀ ਮੰਗ ਕੀਤੀ।[34] ਗੁਰੂ ਸਾਹਿਬ ਦੇ ਤੀਸਰੀ ਵਾਰ ਸੀਸ ਮੰਗ ਕਰਨ ਉਪਰੰਤ ਇਕ ਸਿੰਘ ਭਰੇ ਦੀਵਾਨ ਵਿਚੋਂ ਖੜ੍ਹਾ ਹੋਇਆ। ਗੁਰੂ ਸਾਹਿਬ ਉਸ ਨੂੰ ਆਪਣੇ ਨਾਲ ਤੰਬੂ ਵਿਚ ਲੈ ਗਏ ਅਤੇ ਇਕ ਬੱਕਰਾ ਝਟਕਾਇਆ। ਇਸ ਉਪਰੰਤ ਖੂਨ ਨਾਲ ਲਿਬੜੀ ਤਲਵਾਰ ਸਮੇਤ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸੀਸ ਦੀ ਮੰਗ ਕੀਤੀ। ਪਹਿਲੇ ਸਿੱਖ ਵਾਂਗ ਇਕ ਹੋਰ ਸਿੱਖ ਦੀਵਾਨ ਵਿਚੋਂ ਖੜ੍ਹਾ ਹੋਇਆ। ਗੁਰੂ ਸਾਹਿਬ ਉਸ ਨੂੰ ਵੀ ਤੰਬੂ ਵਿਚ ਲੈ ਗਏ ਅਤੇ ਇਕ ਹੋਰ ਬੱਕਰਾ ਝਟਕਾਇਆ। ਇਸੇ ਤਰ੍ਹਾਂ ਤਿੰਨ ਹੋਰ ਸਿੱਖ ਆਪਣੇ ਸੀਸ ਭੇਟ ਕਰਨ ਲਈ ਦੀਵਾਨ ਵਿਚੋਂ ਨਿੱਤਰ ਕੇ ਸਾਹਮਣੇ ਆਏ। ਕੁਇਰ ਸਿੰਘ ਲਿਖਦਾ ਹੈ ਕਿ ਦੀਵਾਨ ਵਿਚ ਹਾਹਾਕਾਰ ਮਚ ਗਈ ਅਤੇ ਸੰਗਤ ਗੁਰੂ ਸਾਹਿਬ ਦੀ ਨਿੰਦਾ ਕਰਨ ਲੱਗੀ ਕਿ ਉਹ ਬੱਕਰਿਆਂ ਵਾਂਗ ਸਿੱਖਾਂ ਨੂੰ ਝਟਕਾ ਰਹੇ ਸਨ।[35]

ਮੁੱਢਲੇ ਸਰੋਤਾਂ ਵਿਚੋਂ ਕੁਇਰ ਸਿੰਘ ਦੀ ਲਿਖਤ ਇਕ ਅਜਿਹੀ ਰਚਨਾ ਹੈ ਜਿਸ ਵਿਚ ਸਭ ਤੋਂ ਪਹਿਲਾਂ ਇਸ ਘਟਨਾ ਨੂੰ ਕਲਮਬੰਦ ਕਰਨ ਦਾ ਮਾਣ ਪ੍ਰਾਪਤ ਹੋਇਆ। ਕੁਇਰ ਸਿੰਘ ਨੇ ਉਪਰੋਕਤ ਘਟਨਾ ਸੰਬੰਧੀ ਪੰਜ ਪਿਆਰਿਆਂ ਦੇ ਨਾਂ ਵੀ ਅੰਕਿਤ ਕੀਤੇ ਹਨ ਅਤੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਵੀ ਦਰਸਾਈ ਹੈ। ਕੁਇਰ ਸਿੰਘ ਲਿਖਦਾ ਹੈ ਕਿ ਤਿਆਰ ਕੀਤੇ ਗਏ ਅੰਮ੍ਰਿਤ ਵਿਚ ਮਾਤਾ ਨੇ ਪਤਾਸੇ ਪਾ ਕੇ ਅੰਮ੍ਰਿਤ ਨੂੰ ਹੋਰ ਵੀ ਪ੍ਰਭਾਵਸ਼ਾਲੀ ਕਰ ਦਿੱਤਾ। ਇਹ ਅੰਮ੍ਰਿਤ ਪੰਜ ਪਿਆਰਿਆਂ ਨੂੰ ਪਿਲਾਇਆ ਗਿਆ। ਇਨ੍ਹਾਂ ਪੰਜ ਪਿਆਰਿਆਂ ਦੇ ਨਾਂ ਤਰਤੀਬਵਾਰ ਇਸ ਤਰ੍ਹਾਂ ਅੰਕਿਤ ਕੀਤੇ ਗਏ ਹਨ : ਦਯਾ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ, ਧਰਮ ਸਿੰਘ ਤੇ ਹਿੰਮਤ ਸਿੰਘ। ਕੁਇਰ ਸਿੰਘ ਦੀ ਲਿਖਤ ਅਨੁਸਾਰ ਭਾਈ ਦਯਾ ਸਿੰਘ ਲਾਹੌਰ ਦਾ ਖੱਤਰੀ ਸੀ। ਮੁਹਕਮ ਸਿੰਘ ਦੁਆਰਕਾ ਨਿਵਾਸੀ ਛੀਂਬਾ ਜਾਤ ਨਾਲ ਸੰਬੰਧਿਤ ਸੀ। ਸਾਹਿਬ ਸਿੰਘ ਬਿਦਰ ਦਾ ਰਹਿਣ ਵਾਲਾ ਨਾਈ ਸੀ। ਧਰਮ ਸਿੰਘ ਹਸਤਨਾਪੁਰ ਦਾ ਰਹਿਣ ਵਾਲਾ ਜੱਟ ਅਤੇ ਹਿੰਮਤ ਸਿੰਘ ਜਗਨਨਾਥ ਵਾਸੀ ਝਿਉਰ ਸੀ।[36]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਲਈ ਜੋ ਰਹਿਤ ਮਰਯਾਦਾ ਨਿਰਧਾਰਿਤ ਕੀਤੀ ਉਸ ਦਾ ਜ਼ਿਕਰ ਕੁਇਰ ਸਿੰਘ ਨੇ ਆਪਣੀ ਲਿਖਤ ਵਿਚ ਕੀਤਾ ਹੈ। ਉਸ ਅਨੁਸਾਰ ਗੁਰੂ ਸਾਹਿਬ ਨੇ ਰਹਿਤ ਮਰਯਾਦਾ ਵਿਚ ਸ਼ਸਤਰ ਨਾਲ ਮੇਲ ਕਰਨਾ, ਕੱਛ, ਕੇਸ, ਕਿਰਪਾਨ ਅਤੇ ਕੰਘਾ ਰੱਖਣ ਦੀ ਮਰਯਾਦਾ ਦਾ ਆਦੇਸ਼ ਦਿੱਤਾ।[37] ਹੋ ਸਕਦਾ ਹੈ ਕੜਾ ਸ਼ਸਤਰਾਂ ਵਿਚ ਸ਼ਾਮਲ ਹੋਵੇ। ਰਹਿਤ ਮਰਯਾਦਾ ਦੇ ਨਾਲ ਨਾਲ ਕੁਰਹਿਤ ਦਾ ਜ਼ਿਕਰ ਵੀ ਕੀਤਾ ਹੈ ਜਿਵੇਂ ਜੂਆ ਖੇਡਣਾ, ਵੇਸਵਾ ਦਾ ਤਿਆਗ ਅਤੇ ਮਲੇਛ ਰੂਪ ਨੂੰ ਤਿਆਗਣਾ ਆਦਿ। ਬੋਦੀ ਹੀਣ, ਕੁੜੀ ਮਾਰ, ਪ੍ਰਿਥੀ ਚੰਦ ਦੇ ਖਾਨਦਾਨ ਅਤੇ ਮਸੰਦਾਂ ਨਾਲ ਸੰਬੰਧ ਰੱਖਣ ਵਾਲਿਆਂ ਨਾਲ ਸੰਗਤ ਦੇ ਮਿਲਾਪ ਦੀ ਮਨਾਹੀ ਕੀਤੀ ਹੈ।[38]

ਉਤਰ ਖਾਲਸਾ ਕਾਲ

ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਿਰਜਨਾ ਉਪਰੰਤ ਮੁਗਲਾਂ ਅਤੇ ਪਹਾੜੀ ਰਾਜਿਆਂ ਨਾਲ ਜੋ ਲੜਾਈਆਂ ਕੀਤੀਆਂ ਉਨ੍ਹਾਂ ਸੰਬੰਧੀ ਵੇਰਵਾ ਵੀ ਕੁਇਰ ਸਿੰਘ ਦੀ ਲਿਖਤ ਤੋਂ ਮਿਲ ਜਾਂਦਾ ਹੈ। ਅਨੰਦਪੁਰ ਦੀ ਲੜਾਈ ਸੰਬੰਧੀ ਦੋਹਾਂ ਪਾਸਿਆਂ ਦੀਆਂ ਫੌਜਾਂ ਦੀ ਤਿਆਰੀ ਅਤੇ ਹਥਿਆਰਾਂ ਬਾਰੇ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਕੁਇਰ ਸਿੰਘ ਨੇ ਅਨੰਦਪੁਰ ਦੀ ਲੜਾਈ ਵਿਚ ਹਿੱਸਾ ਲੈਣ ਵਾਲੇ ਰਾਜਿਆਂ ਦੇ ਨਾਂ ਵੀ ਅੰਕਿਤ ਕੀਤੇ ਹਨ। ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਸੰਬੰਧੀ ਸੂਰਮਿਆਂ ਦੀ ਰਣਭੂਮੀ ਵਿਚ ਬਹਾਦਰੀ ਅਤੇ ਲੜਾਈ ਦੇ ਦਿਲਖਿਚਵੇਂ ਤਰੀਕਿਆਂ ਨੂੰ ਰੌਚਕ ਢੰਗ ਨਾਲ ਪੇਸ਼ ਕੀਤਾ ਹੈ। ਕੁਇਰ ਸਿੰਘ ਦੀ ਲਿਖਤ ਤੋਂ ਇਹ ਵੀ ਸੂਚਨਾ ਮਿਲਦੀ ਹੈ ਕਿ ਔਰੰਗਜ਼ੇਬ ਨੇ ਕੁਰਾਨ ਦੀ ਕਸਮ ਖਾ ਕੇ ਗੁਰੂ ਸਾਹਿਬ ਨੂੰ ਲਿਖ ਕੇ ਬੇਨਤੀ ਕੀਤੀ ਕਿ ਉਹ ਜੇਕਰ ਅਨੰਦਪੁਰ ਤੋਂ ਆਪਣਾ ਨਿਵਾਸ ਹਟਾ ਲੈਣ ਤਾਂ ਪਹਾੜੀ ਰਾਜੇ ਇਸ ਸੰਬੰਧੀ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ।[39] ਕੁਇਰ ਸਿੰਘ ਦੀ ਲਿਖਤ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ ਕਿ ਸਿੱਖਾਂ ਨੇ ਮਾਤਾ ਜੀ ਕੋਲ ਬੇਨਤੀ ਕੀਤੀ ਕਿ ਗੁਰੂ ਗੋਬਿੰਦ ਸਿੰਘ ਨੂੰ ਅਨੰਦਪੁਰ ਛੱਡਣ ਲਈ ਪ੍ਰੇਰਿਆ ਜਾਵੇ। ਗੁਰੂ ਸਾਹਿਬ ਨੇ ਇਹ ਦਲੀਲ ਦਿੱਤੀ ਕਿ ਉਹ ਪਹਾੜੀ ਰਾਜਿਆਂ ਦਾ ਛਲ ਕਪਟ ਸਪਸ਼ਟ ਰੂਪ ਵਿਚ ਦਰਸਾਉਣਗੇ। ਇਸ ਉਪਰੰਤ ਉਨ੍ਹਾਂ ਨੇ ਪੁਰਾਣੀਆਂ ਵਸਤਾਂ ਜਿਵੇਂ ਘੋੜਿਆਂ ਦੀਆਂ ਪੁਰਾਣੀਆਂ

ਕਾਠੀਆਂ ਅਤੇ ਪੁਰਾਣੇ ਟੁੱਟੇ ਹੋਏ ਜੁੱਤੇ ਆਦਿ ਬੈਲਾਂ ਉਤੇ ਲੱਦ ਕੇ ਭੇਜ ਦਿੱਤੇ। ਤੁਰਕਾਂ ਨੇ ਜਦੋਂ ਲਪੇਟੀਆਂ ਹੋਈਆਂ ਵਸਤੂਆਂ ਦੇਖੀਆਂ ਤਾਂ ਲੁੱਟਣ ਲਈ ਆ ਗਏ।[40]

ਚਮਕੌਰ ਦੀ ਲੜਾਈ

ਕੁਇਰ ਸਿੰਘ ਦੀ ਲਿਖਤ ਅਨੁਸਾਰ ਗੁਰੂ ਸਾਹਿਬ ਦੇ ਨਾਲ ਕੇਵਲ 40 ਸਿੰਘ ਸਨ। ਕੁਇਰ ਸਿੰਘ ਦੁਆਰਾ ਦਿੱਤੀ ਗਈ ਖਾਲਸੇ ਦੀ ਗਿਣਤੀ ਸਪਸ਼ਟ ਕਰਦੀ ਹੈ ਕਿ ਦੁਸ਼ਮਣ ਦੇ ਮੁਕਾਬਲੇ ਸਿੱਖ ਬਹੁਤ ਘੱਟ ਗਿਣਤੀ ਵਿਚ ਸਨ, ਪਰੰਤੂ ਫਿਰ ਵੀ ਲੜਾਈ ਲਈ ਜੂਝ ਪਏ। ਕੁਇਰ ਸਿੰਘ ਅਨੁਸਾਰ ਗੁਰੂ ਜੀ ਨੇ ਆਪਣੇ ਸ਼ਰਧਾਲੂ ਸੰਤ ਸਿੰਘ ਨੂੰ ਕਲਗੀ ਅਤੇ ਸ਼ਸਤਰ ਬਖਸ਼ੇ ਸਨ।[41] ਸੁੱਖਾ ਸਿੰਘ ਅਤੇ ਗਿਆਨੀ ਗਿਆਨ ਸਿੰਘ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ। ਕੁਇਰ ਸਿੰਘ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਤੋਂ ਰਵਾਨਾ ਹੋਏ ਤਾਂ ਮਾਛੀਵਾੜੇ ਦੇ ਨਜ਼ਦੀਕ ਗਨੀ ਖਾਂ ਤੇ ਨਬੀ ਖਾਂ ਪਠਾਨ ਭਰਾਵਾਂ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੁਕਮਨਾਮੇ ਦੀ ਬਖਸ਼ਿਸ਼ ਕੀਤੀ।[42]

ਮੁਕਤਸਰ ਦੀ ਲੜਾਈ

ਮੁਕਤਸਰ ਦੀ ਲੜਾਈ 1705 ਈ. ਵਿਚ ਮਾਘ ਦੀ ਸੰਗਰਾਂਦ ਵਾਲੇ ਦਿਨ ਹੋਈ। ਇਸ ਲਿਖਤ ਅਨੁਸਾਰ ਇਸ ਲੜਾਈ ਵਿਚ ਇਕ ਹਜ਼ਾਰ ਸਿੱਖ ਸਨ ਅਤੇ ਸਵਾ ਪਹਿਰ ਲੜਾਈ ਹੁੰਦੀ ਰਹੀ, ਉਪਰੰਤ ਵੈਰੀ ਮੈਦਾਨ ਛੱਡ ਕੇ ਚਲੇ ਗਏ। ਜੋ ਸਿੰਘ ਜੀਵਤ ਰਹੇ ਉਹ ਜੰਗਲਾਂ ਵਿਚ ਲੁਕ ਛਿਪ ਗਏ। ਸ਼ਹੀਦ ਸਿੰਘਾਂ ਦਾ ਖਿਦਰਾਣੇ ਦੀ ਢਾਬ ਉਤੇ ਸੰਸਕਾਰ ਕੀਤਾ ਗਿਆ।[43]

ਮੁਕਤਸਰ ਦੀ ਲੜਾਈ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪਹੁੰਚਦੇ ਹਨ। ਇਸ ਗ੍ਰੰਥ ਵਿਚ ਗੁਰੂ ਜੀ ਦੇ ਛੋਟੇ ਤੋਂ ਛੋਟੇ ਸਫ਼ਰ ਦਾ ਜ਼ਿਕਰ ਮਿਲਦਾ ਹੈ। ਗੁਰੂ ਜੀ ਦੇ ਮੁਕਤਸਰ ਤੋਂ ਤਲਵੰਡੀ ਸਾਬੋ ਪਹੁੰਚਣ ਸਮੇਂ ਕੀਤੇ ਸਫ਼ਰ ਦਾ ਜ਼ਿਕਰ ਇਨ੍ਹਾਂ ਪੰਕਤੀਆਂ ਤੋਂ ਹੋ ਜਾਂਦਾ ਹੈ :

ਸੁਣਿ ਕੇ ਸਦੁ ਮਾਹੀ ਦਾ ਮੇਹੀ ਪਾਣੀ ਘਾਹੁ ਮੁਤੋ ਨੇ।
ਕਿਸੇ ਨਾਲ ਨ ਰਲੀਆ ਕਾਈ, ਕੋਈ ਸ਼ੌਕ ਪਾਇਓ ਨੇ।
ਗਇਆ ਫਿਰਾਕ ਮਿਲਿਆ ਮਿਤ ਮਾਹੀ, ਤਾਹੀ ਸੁਕਰ ਕੀਤੋ ਨੇ।[44]

ਬਠਿੰਡੇ ਵਿਚਲੇ ਲੱਖੀ ਜੰਗਲ ਵਿਚ ਠਹਿਰਨ ਤੋਂ ਬਾਅਦ ਗੁਰੂ ਸਾਹਿਬ ਤਲਵੰਡੀ ਪਹੁੰਚਦੇ ਹਨ। ਇੱਥੇ ਉਨ੍ਹਾਂ ਨੇ ਦਮਦਮਾ, ਜੰਡਸਰ, ਗੁਰੂ ਸਰ, ਲਿਖਣਸਰ ਨਾਮਕ ਸਥਾਨ ਬਣਾਏ ਜਿਨ੍ਹਾਂ ਦਾ ਜ਼ਿਕਰ ਮਿਲਦਾ ਹੈ। ਤਲਵੰਡੀ ਸਾਬੋ ਤੋਂ ਗੁਰੂ ਜੀ ਦੱਖਣ ਵੱਲ ਰਵਾਨਾ ਹੁੰਦੇ ਹਨ। ਗੁਰੂ ਜੀ ਵਲੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਭੇਜਣ ਅਤੇ ਔਰੰਗਜ਼ੇਬ ਦੀ ਮੌਤ ਉਪਰੰਤ ਭਾਈ ਦਇਆ ਸਿੰਘ ਦੇ ਵਾਪਸ ਪਰਤਣ ਵਰਗੀਆਂ ਘਟਨਾਵਾਂ ਦਾ ਬੜੀ ਬਾਰੀਕੀ ਨਾਲ ਵਰਣਨ ਕੀਤਾ ਹੈ। ਬਹਾਦਰ ਸ਼ਾਹ ਦੀ ਸ਼ਾਸਨ ਸੰਭਾਲਣ ਵਿਚ ਮਦਦ ਕਰਨ ਦਾ ਜ਼ਿਕਰ ਕੀਤਾ ਹੈ।

ਗੁਰੂ ਜੀ ਦੇ ਨਾਂਦੇੜ ਵਿਚ ਨਿਵਾਸ ਕਰਨ ਸਮੇਂ ਇਕ ਪਠਾਣ ਦੇ ਵਾਰ ਨਾਲ ਗੁਰੂ ਜੀ ਦੇ ਸੀਨੇ ਵਿਚ ਹੋਏ ਜ਼ਖਮ ਅਤੇ ਜ਼ਖਮ ਠੀਕ ਹੋਣ ਉਪਰੰਤ ਕਮਾਨ ਖਿੱਚਣ ਨਾਲ ਮੁੜ ਜ਼ਖਮ ਖੁੱਲ੍ਹਣ ਬਾਰੇ ਜ਼ਿਕਰ ਮਿਲਦਾ ਹੈ।[45]

ਉਪਰੋਕਤ ਤੋਂ ਸਪਸ਼ਟ ਹੈ ਕਿ ਕੁਇਰ ਸਿੰਘ ਦੀ ਲਿਖਤ ਹਰ ਘਟਨਾ ਨੂੰ ਬੜੀ ਬਰੀਕੀ ਨਾਲ ਚਿਤਰਦੀ ਹੈ। ਕੁਇਰ ਸਿੰਘ ਦੀ ਲਿਖਤ ਪਹਿਲੀ ਪੁਸਤਕ ਹੈ ਜਿਸ ਵਿਚ ਆਦਿ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਕਿਤ ਕੀਤਾ ਗਿਆ ਹੈ :

ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੀ। ਸੁਨੋ ਗਾਥ ਪੁਰਾਨ ਕੀ ਚੀਤ ਰੰਗੀ।
ਜਹਾਂ ਧਰਮਸਾਲਾ ਤਹਾਂ ਨੀਤ ਜੈਯੇ। ਗੁਰੂ ਦਰਸ ਕੀਜੈ ਮਹਾਂ ਸੁਖ ਪੈਯੇ।[46]
ਤਾਂ ਤੇ ਜੋ ਮੁਹ ਸਿਖ ਸੁਜਾਨਾ। ਮਾਨੇ ਗੁਰੂ ਗ੍ਰੰਥ ਭਗਵਾਨਾ।[47]

ਕੁਇਰ ਸਿੰਘ ਦੀ ਲਿਖਤ ਅਨੁਸਾਰ ਗੁਰੂ ਜੀ 1766 ਬਿਕਰਮੀ ਵਿਚ ਜੋਤੀ ਜੋਤ ਸਮਾ ਗਏ। ਜਿਸ ਨਾਲ ਬਹੁਤੇ ਵਿਦਵਾਨ ਸਹਿਮਤ ਨਹੀਂ ਹਨ। ਗੁਰੂ ਜੀ 1765 ਬਿਕਰਮੀ ਅਰਥਾਤ 1708 ਈ. ਵਿਚ ਜੋਤੀ ਜੋਤ ਸਮਾ ਗਏ ਅਤੇ ਉਸ ਤੋਂ ਪਹਿਲਾਂ ਕਿਸੇ ਦੇਹਧਾਰੀ ਵਿਅਕਤੀ ਨੂੰ ਗੁਰਗੱਦੀ ਨਹੀਂ ਸੌਂਪੀ, ਸਗੋਂ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਦਾ ਦਰਜਾ ਦੇਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ :

ਤਬ ਪੁਨਿ ਆਪ ਉਠੇ ਸਭ ਗੰਗਾ। ਪੈਸੇ ਪਾਂਚ ਨਲੀਏਰ ਸੁ ਐਗਾ।
ਲੈ ਕੇ ਤਾਹਿ ਅਰਪ ਕੀ ਬੰਦਨ। ਪ੍ਰਦਖਨ ਕਰਤੇ ਮਨ ਰੰਗਨ।
ਕਹਾ "ਜੋ ਇ ਬਚ ਕੀਨਾ ਚਾਹੇ। ਪਾਠ ਕਰੈ ਗੁਰੂ ਕੋ ਸੁਖ ਪਾਏ।
ਯਾ ਸਮ ਔਰ ਕੋਈ ਗੁਰ ਨਾਹੀ। ਬਿਨਾ ਕਾਨ ਸਚੁ ਬਾਕ ਭਨਾਹੀ।"[48]

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਕੁਇਰ ਸਿੰਘ ਰਚਿਤ ਗੁਰਬਿਲਾਸ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਵੱਧ ਤੋਂ ਵੱਧ ਯਥਾਰਥਕਤਾ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਨ ਵਾਲਾ ਇਕ ਮਹੱਤਵਪੂਰਨ ਕਾਵਿ ਗ੍ਰੰਥ ਹੈ। ਜੋ ਕਿ ਭਾਈ ਮਨੀ ਸਿੰਘ ਦੇ ਕਥਾ ਵਿਗਿਆਨਾਂ 'ਤੇ ਆਧਾਰਿਤ ਹੋਣ ਕਰਕੇ ਪ੍ਰਮਾਣਿਕ ਸ੍ਰੋਤ ਹੈ।

ਹਵਾਲੇ ਅਤੇ ਟਿੱਪਣੀਆਂ

1 ਸੇਵਾ ਸਿੰਘ, ਸ਼ਹੀਦ ਬਿਲਾਸ (ਸੰਪਾ. ਗਿਆਨੀ ਗਰਜਾ ਸਿੰਘ), ਪੰਨਾ 55
2 ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 677
3 ਸੇਵਾ ਸਿੰਘ, ਸ਼ਹੀਦ ਬਿਲਾਸ, ਪੰਨਾ 55
4 ਰਤਨ ਸਿੰਘ ਜੱਗੀ, ਭਾਈ ਮਨੀ ਸਿੰਘ ਜੀਵਨੀ ਅਤੇ ਰਚਨਾ, ਪੰਨਾ 4
5 ਸੇਵਾ ਸਿੰਘ, ਸ਼ਹੀਦ ਬਿਲਾਸ, ਪੰਨਾ 29
6 ਉਹੀ
7 ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਪੰਨੇ 216-217
8 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦ (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਪੰਨਾ 2
9 ਉਦ੍ਰਿਤ, ਗੁਰਬਚਨ ਸਿੰਘ ਨਈਅਰ ਮੌਖਿਕ ਇਤਿਹਾਸ - ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿਚ, ਪੰਨਾ IX
10 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 2
11. ਉਹੀ, ਪੰਨਾ viii
12. ਉਹੀ, ਪੰਨਾ 296
13. ਉਹੀ, ਪੰਨਾ 295
14 ਸੋਹਣ ਸਿੰਘ ਸੀਤਲ, ਸਿੱਖ ਇਤਿਹਾਸ ਦੇ ਸੋਮੇ, ਪੰਨਾ 14
15 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 2
16 ਉਹੀ, ਪੰਨਾ 30
17 ਸੁੱਖਾ ਸਿੰਘ, ਗੁਰਬਿਲਾਸ ਦਸਵੀਂ ਪਾਤਸ਼ਾਹੀ (ਸੰਪਾ. ਗੰਡਾ ਸਿੰਘ), ਪੰਨਾ 46
18 ਉਦ੍ਰਿਤ ਗੁਰਬਚਨ ਸਿੰਘ ਨਈਅਰ, ਮੌਖਿਕ ਇਤਿਹਾਸ - ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿਚ, ਪੰਨਾ 172
19 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 32
20 ਸੁੱਖਾ ਸਿੰਘ, ਉਹੀ, ਪੰਨੇ 35, 39
21 ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ 32
22 ਸੁੱਖਾ ਸਿੰਘ, ਉਹੀ, ਪੰਨਾ 71
23 ਕੁਇਰ ਸਿੰਘ, ਪੰਨਾ 48
24 ਉਹੀ।
25 ਉਹੀ, ਪੰਨਾ 96
26 ਉਹੀ, ਪੰਨਾ 81
27 ਉਹੀ, ਪੰਨਾ 75
28 ਉਹੀ, ਪੰਨਾ 93
29 ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 193
30 ਐੱਮ.ਏ. ਮੈਕਾਲਿਫ, ਦ ਸਿੱਖ ਰਿਲੀਜਨ, ਪੰਨਾ 4
31 ਕੁਇਰ ਸਿੰਘ, ਪੰਨਾ 77

32 ਗਿਆਨੀ ਗਿਆਨ ਸਿੰਘ, ਤਵਾਰੀਖ-ਏ- ਗੁਰੂ ਖਾਲਸਾ, ਪੰਨਾ 140
33 ਕੁਇਰ ਸਿੰਘ, ਉਹੀ, ਪੰਨੇ 172-173
34 ਉਹੀ, ਪੰਨਾ 127
35 ਉਹੀ, ਪੰਨੇ 127-128
36 ਉਹੀ, ਪੰਨੇ 129-131
37 ਸ਼ਸਤ੍ਰ ਮੇਲ ਗੁਰ ਸ਼ਬਦ ਸੋ, ਕਛ ਕੇਸਨ ਸਦ ਪ੍ਰੇਮ।
ਕਰਦ ਰਾਖਨੀ ਪੰਚ ਏ, ਤਜੈ ਨ ਕਬ ਹੀ ਨੇਮ।। ਉਹੀ, ਪੰਨਾ 130
38 ਉਹੀ, ਪੰਨਾ 190
39 ਉਹੀ, ਪੰਨਾ 190
40 ਉਹੀ, ਪੰਨਾ 189
41 ਉਹੀ, ਪੰਨਾ 205
42 ਉਹੀ, ਪੰਨਾ 217
43 ਉਹੀ, ਪੰਨਾ 228
44 ਉਹੀ, ਪੰਨਾ 230
45 ਉਹੀ, ਪੰਨੇ 278-80
46 ਉਹੀ, ਪੰਨਾ 130
47 ਉਹੀ, ਪੰਨਾ 283
48 ਉਹੀ, ਪੰਨਾ 284

ਭਾਈ ਨੰਦ ਲਾਲ ਜੀ ਦੀਆਂ ਨਜ਼ਰਾਂ ਵਿਚ ਗੁਰੂ ਗੋਬਿੰਦ ਸਿੰਘ

*ਕੁਲਵਿੰਦਰ ਸਿੰਘ**

ਨਾਨਕ ਸੋ ਅੰਗਦ ਗੁਰ ਦੇਵਨਾ। ਸੋ ਅਮਰ ਦਾਸ ਹਰਿ ਸੇਵਨਾ॥ ੨੭ ॥
ਸੋ ਰਾਮ ਦਾਸ ਸੋ ਅਰਜਨਾ। ਸੋ ਹਰਿ ਗੋਬਿੰਦ ਹਰਿ ਪਰਸਨਾ॥ ੨੮॥
ਸੋ ਕਰਤਾ ਹਰਿ ਰਾਇ ਦਾਤਾਰਨੰ। ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ॥ ੨੯ ॥
ਸੋ ਤੇਗ ਬਹਾਦੁਰ ਸਤਿ ਸਰੂਪਨਾ। ਸੋ ਗੁਰੂ ਗੋਬਿੰਦ ਸਿੰਘ ਹਰਿ ਕਾ ਰੂਪਨਾ॥ ੩੦ ॥
ਸਭ ਏਕੋ ਏਕੋ ਕਰਨਾ। ਨਹੀਂ ਭੇਦ ਨਾ ਕਛੁ ਭੀ ਪੇਖਨਾ॥ ੩੧ ॥

(ਜੋਤਿ ਬਿਗਾਸ, ਪੰਜਾਬੀ)

ਜਿਸ ਤਰ੍ਹਾਂ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਉੱਪਰ ਚਾਨਣਾ ਪਾਉਣ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਦੂਜੀ ਪ੍ਰਮਾਣਿਕ ਰਚਨਾ ਭਾਈ ਗੁਰਦਾਸ ਜੀ ਦੀ ਹੈ, ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਉੱਪਰ ਚਾਨਣਾ ਪਾਉਣ ਵਾਲੀ ਦਸਮ ਗ੍ਰੰਥ ਤੋਂ ਬਾਅਦ ਦੂਜੀ ਪ੍ਰਮਾਣਿਕ ਰਚਨਾ ਭਾਈ ਨੰਦ ਲਾਲ ਜੀ ਦੀ ਹੈ। ਭਾਈ ਨੰਦ ਲਾਲ ਜੀ ਗੁਰੂ ਦਰਬਾਰ ਦੇ ਉਹ ਸ਼੍ਰੋਮਣੀ ਕਵੀ ਸਨ, ਜਿਨ੍ਹਾਂ ਨੂੰ ਅਰਬੀ ਫ਼ਾਰਸੀ ਦੀ ਚੰਗੀ ਮੁਹਾਰਤ ਹਾਸਿਲ ਸੀ। ਭਾਈ ਨੰਦ ਲਾਲ ਜੀ ਦੀ ਜਨਮ ਮਿਤੀ ਅਤੇ ਸਥਾਨ ਬਾਰੇ ਭਾਵੇਂ ਵਿਦਵਾਨ ਇਕ ਮੱਤ ਨਹੀਂ ਪਰ ਬਹੁ ਗਿਣਤੀ ਉਨ੍ਹਾਂ ਵਿਦਵਾਨਾਂ[1] ਦੀ ਹੈ ਜੋ ਆਪ ਜੀ ਦਾ ਜਨਮ 1633 ਈ. ਵਿਚ ਗਜ਼ਨੀ ਦਾ ਮੰਨਦੇ ਹਨ। ਉਨ੍ਹਾਂ ਦੇ ਪਿਤਾ ਮੁਨਸ਼ੀ ਛੱਜੂ ਰਾਮ ਗਜ਼ਨੀ ਵਿਖੇ ਨਵਾਬ ਮੁਈਨੁੱਦ-ਦੀਨ ਦੇ ਦੀਵਾਨ ਸਨ। 17 ਵਰ੍ਹੇ ਦੀ ਉਮਰ ਵਿਚ ਮਾਤਾ ਅਤੇ 19 ਵਰ੍ਹੇ ਦੀ ਉਮਰ ਵਿਚ ਪਿਤਾ ਉਨ੍ਹਾਂ ਦਾ ਸਾਥ ਛੱਡ ਗਏ। ਨਵਾਬ ਪਾਸੋਂ ਪਿਤਾ ਜੀ ਵਾਲੀ ਨੌਕਰੀ ਨਾ ਮਿਲਣ ਕਰਕੇ ਆਪ ਮਕਾਨ ਆਦਿ ਵੇਚ ਨਗਦੀ ਪੱਲੇ ਬੰਨ੍ਹ ਕੇ ਮੁਲਤਾਨ ਦੇ ਇਲਾਕੇ ਵਿਚ ਪਹੁੰਚ ਗਏ ਅਤੇ ਉੱਥੇ ਪੁਜ ਕੇ ਆਗ਼ਾਪੁਰਾ[2] ਨਾਮ ਦਾ ਇਕ ਨਗਰ ਵਸਾਇਆ। ਇਥੇ ਹੀ ਆਪ ਜੀ ਦੀ ਸ਼ਾਦੀ ਇਕ ਅਜਿਹੇ ਖੱਤ੍ਰੀ ਘਰਾਣੇ ਵਿਚ ਹੋਈ ਜੋ ਗੁਰੂ ਨਾਨਕ ਦੇਵ ਜੀ ਦੇ ਸੇਵਕ ਸਨ। ਸੁਪਤਨੀ ਅਤੇ ਮੁਲਤਾਨ ਵਿਚ ਸਥਾਪਤ ਸਿੱਖ ਸੰਗਤਾਂ ਦੇ ਪ੍ਰਭਾਵ ਕਾਰਨ ਭਾਈ ਸਾਹਿਬ ਦਾ ਝੁਕਾਅ ਸਿੱਖੀ ਵੱਲ ਹੋ ਗਿਆ। ਇਸ ਸਮੇਂ ਦੌਰਾਨ ਭਾਈ ਸਾਹਿਬ ਨੇ ਗੁਰਮੁੱਖੀ ਅਖਰਾਂ ਅਤੇ ਗੁਰਬਾਣੀ ਦਾ ਅਧਿਐਨ ਕੀਤਾ। ਇਸ ਸਥਾਨ ਤੇ ਭਾਈ ਸਾਹਿਬ ਨੇ ਕਾਫੀ ਰਚਨਾਵਾਂ[3] ਰਚੀਆਂ। ਜਦੋਂ ਭਾਈ ਸਾਹਿਬ ਦਾ ਦਿਲ ਮੁਲਤਾਨ ਤੋਂ ਉਦਾਸ ਹੋ ਗਿਆ ਤਾਂ ਆਪ ਅੰਮ੍ਰਿਤਸਰ ਦੇ ਦਰਸ਼ਨ ਕਰਨ ਉਪਰੰਤ ਆਗਰੇ ਪਹੁੰਚੇ, ਜਿਥੇ ਆਪ ਦੀ ਮੁਲਾਕਾਤ ਬਹਾਦਰ ਸ਼ਾਹ ਨਾਲ ਹੋਈ। ਆਪ ਜੀ ਦੀ ਸ਼ਾਇਰੀ ਅਤੇ ਵਿਦਵਤਾ ਤੋਂ ਪ੍ਰਸੰਨ ਹੋ ਕੇ ਬਹਾਦਰ ਸ਼ਾਹ ਨੇ ਆਪ ਨੂੰ ਆਪਣਾ ਮੀਰ ਮੁਨਸ਼ੀ ਨਿਯੁਕਤ ਕਰ ਲਿਆ। ਔਰੰਗਜ਼ੇਬ ਜੋ ਕਿ ਕੁਰਾਨ ਦੀ ਇਕ ਆਇਤ ਪ੍ਰਤੀ ਸ਼ੰਕਾ ਗ੍ਰਸਤ ਸੀ, ਜਦੋਂ ਉਹ ਆਗਰੇ ਆਇਆ ਤਾਂ ਉਸਨੇ ਆਪਣੇ ਪੁੱਤਰ ਬਹਾਦਰ ਸ਼ਾਹ ਨੂੰ ਇਸ ਆਇਤ ਦੇ ਅਰਥ ਕਰਨ ਲਈ ਕਿਹਾ। ਭਾਈ ਸਾਹਿਬ ਪਾਸੋਂ ਅਰਥ ਪੁੱਛ ਕੇ ਜਦੋਂ ਬਹਾਦਰ ਸ਼ਾਹ ਨੇ ਅਰਥ ਦੱਸੇ ਤਾਂ ਔਰੰਗਜ਼ੇਬ ਦਾ ਜਿਥੇ ਸ਼ੰਕਾ ਨਵਿਰਤ ਹੋਇਆ, ਉਥੇ ਆਪਣੇ ਪੁੱਤਰ ਤੋਂ ਆਇਤ ਦੇ ਅਸਲ ਅਰਥਕਾਰ ਬਾਰੇ ਵੀ ਸਫਾਈ ਮੰਗੀ। ਸਚਾਈ ਸਾਮ੍ਹਣੇ ਆਉਣ 'ਤੇ ਔਰੰਗਜ਼ੇਬ ਨੇ ਕਿਹਾ ਕਿ ਐਨਾ ਬੁੱਧੀਮਾਨ ਵਿਅਕਤੀ ਜਿੰਨੀ ਜਲਦੀ ਹੋ ਸਕੇ, ਸ਼ਰ੍ਹਾਂ ਵਿਚ ਆ ਜਾਣਾ ਚਾਹੀਦਾ ਹੈ। ਇਸ ਗੱਲ ਦਾ ਪਤਾ ਲੱਗਣ 'ਤੇ ਭਾਈ ਸਾਹਿਬ ਆਪਣੀ ਨੌਕਰੀ ਛੱਡ ਕੇ (ਸੰਮਤ 1741-42 ਵਿਚ) ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਆ ਗਏ। ਇਥੇ ਭਾਈ ਸਾਹਿਬ ਨੇ ਇਕ ਕਾਵਿ ਦੀ ਰਚਨਾ ਕੀਤੀ ਅਤੇ ਇਸ ਦਾ ਨਾਮ 'ਬੰਦਗੀ ਨਾਮਾ' ਰੱਖਿਆ, ਪਰ ਜਦੋਂ ਆਪ ਜੀ ਨੇ ਗੁਰੂ ਸਾਹਿਬ ਨੂੰ ਇਹ ਰਚਨਾ

*ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਦੇਹਰਾਦੂਨ

ਪੜ੍ਹ ਕੇ ਸੁਣਾਈ ਤਾਂ ਉਨ੍ਹਾਂ ਨੇ ਇਸਦਾ ਨਾਮ 'ਜ਼ਿੰਦਗੀ ਨਾਮਾ' ਰੱਖ ਦਿੱਤਾ ਅਤੇ ਐਨੇ ਦਿਆਲ ਹੋਏ ਕਿ ਆਪ ਜੀ ਨੂੰ ਭਾਈ ਪਦ ਦੀ ਬਖਸ਼ਿਸ਼ ਵੀ ਕੀਤੀ। "ਇਸ ਤਰ੍ਹਾਂ 72 ਬਰਸ ਦੀ ਆਯੂ ਤਕ ਸੱਚੇ ਪ੍ਰੇਮ ਨਾਲ ਸਤਿਗੁਰਾਂ ਦੀ ਤਨ, ਮਨ,ਧਨ, ਬਾਣੀ ਕਰਕੇ ਟਹਿਲ ਸੇਵਾ ਕਰਦੇ ਹੋਏ ਉਨ੍ਹਾਂ ਦੇ ਚਰਨਾਂ ਵਿਚ ਸਮਾ ਗਏ।"[4]

ਭਾਵੇਂ ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ[5] ਦੁਆਰਾ ਦਸ ਗੁਰੂ ਸਾਹਿਬਾਨ ਬਾਰੇ ਚਾਨਣਾ ਪਾਇਆ ਹੈ ਪਰ ਇਸ ਲੇਖ ਰਾਹੀਂ ਮੈਂ ਸਿਰਫ਼ ਉਨ੍ਹਾਂ ਦੁਆਰਾ ਜੋ ਕੁਝ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਕਿਹਾ ਗਿਆ ਹੈ, ਉਸ ਨੂੰ ਪੇਸ਼ ਕਰਨ ਦਾ ਯਤਨ ਕਰ ਰਿਹਾ ਹਾਂ। ਭਾਈ ਸਾਹਿਬ ਦੀ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਪੱਖ ਇਤਿਹਾਸਕ ਨਾਲੋਂ ਅਧਿਆਤਮਕਤਾ ਦੇ ਵਧੇਰੇ ਨੇੜੇ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਲਈ ਵਰਤੇ ਫ਼ਾਰਸੀ ਵਰਣਮਾਲਾ ਦੇ ਅਖਰਾਂ ਮੁਤਾਬਕ ਵਿਆਖਿਆ ਕਰਦੇ ਹੋਏ ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਉਨ੍ਹਾਂ ਦੇ ਪਵਿੱਤਰ ਨਾਮ ਦੀ 'ਗਾਫ਼' ਜ਼ਮਾਨੇ ਨੂੰ ਸਰ ਕਰਨ ਵਾਲੀ। 'ਵਾਓ' ਜ਼ਮੀਨ ਅਤੇ ਜ਼ਮਾਨੇ ਦੀ ਸਥਿਤੀ ਵਾਲੀ। ਅਮਰ ਜ਼ਿੰਦਗੀ ਵਾਲੀ 'ਬੇ' ਸ਼ਰਨਾਰਥੀਆਂ ਨੂੰ ਬਖ਼ਸ਼ਣ ਵਾਲਾ। ਉਸ ਦੇ ਨਾਮ ਦੀ ਮੁਬਾਰਕ 'ਨੂੰਨ' ਦੀ ਸੁਗੰਧੀ ਭਗਤਾਂ ਨੂੰ ਨਿਵਾਜਣ-ਹਾਰੀ। ਉਸ ਦੀ ਵਡਿਆਈ ਅਤੇ ਸ਼ਾਨ ਸੌਕਤ ਦਾ ਰੂਪ 'ਦਾਲ' ਮੌਤ ਦੇ ਜਾਲ ਨੂੰ ਤੋੜ ਦੇਣ ਵਾਲੀ। ਉਸ ਦੇ ਵੱਡੇ ਦਬਦਬੇ ਵਾਲੀ 'ਸੀਨ' ਜੀਵਨ ਦੀ ਪੂੰਜੀ। 'ਨੂੰਨ' ਸਦਾ ਉਸ ਸਰਬ ਸ਼ਕਤੀਮਾਨ ਦਾ ਸੰਗੀ ਸਾਥੀ। 'ਗਾਫ਼' ਨਾ-ਫ਼ਰਮਾਨੀ ਦੇ ਜੰਗਲ ਵਿਚ ਭਟਕਣ ਵਾਲੇ ਮਨਮੁਖਾਂ ਦੀ ਜਾਨ ਨੂੰ ਗਾਲ ਦੇਣ ਵਾਲਾ ਅਤੇ 'ਹੇ' ਦੋਹਾਂ ਜਹਾਨਾਂ ਦੀ ਸੱਚੀ ਰਾਹ ਵਿਖਾਊ ਹੈ।

'ਰਹਿਤ ਨਾਮੇ' ਵਿਚ ਗੁਰੂ ਜੀ ਦੇ ਸਰੂਪ ਨੂੰ ਜਾਨਣ ਲਈ ਜਦੋਂ ਗੁਰੂ ਸਾਹਿਬ ਅੱਗੇ ਭਾਈ ਸਾਹਿਬ ਇਹ ਬੇਨਤੀ ਕਰਦੇ ਹਨ ਕਿ 'ਲਖੀਏ ਤੁਮਰਾ ਦਰਸ ਕਹਾਂ ਕਹੋ ਮੋਹਿ ਸਮਝਾਇ।' ਤਾਂ ਗੁਰੂ ਸਾਹਿਬ ਆਪਣੇ ਸਰੂਪ ਦਾ ਵਰਣਨ ਕਰਦੇ ਹੋਏ ਦਸਦੇ ਹਨ -

ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿੱਤ ਲਾਇ,
ਨਿਰਗੁਣ ਸਰਗੁਣ ਗੁਰਸ਼ਬਦ ਹੈਂ ਕਹੇ ਤੋਹਿ ਸਮਝਾਇ॥ ੧੦ ॥

(ਰਹਿਤ ਨਾਮਾ)

1. ਨਿਰਗੁਣ - 'ਤ੍ਰਿਹ ਗੁਣ ਤੇ ਪ੍ਰਭ ਭਿੰਨ'[6] ਭਾਵ ਰੱਬੀ ਸਰੂਪ -

ਏਕ ਰੂਪ ਤਿਹ ਗੁਣ ਤੇ ਪਰੇ
ਨੇਤ ਨੇਤ ਜਿਹ ਨਿਗਮ ਉਚਰੇ ।੧੧ ॥
ਘਟਿ ਘਟਿ ਬਿਆਪਕ ਅੰਤਰਜਾਮੀ
ਪੂਰ ਰਹਿਓ ਜਿਉਂ ਜਲ ਘਟ ਭਾਨੀ।੧੨ ॥

(ਰਹਿਤ ਨਾਮਾ)

2. ਗੁਰ ਸ਼ਬਦ - 'ਬਾਣੀ ਗੁਰੂ ਗੁਰੂ ਹੈ ਬਾਣੀ'[7] ਭਾਵ ਸ਼ਬਦ ਸਰੂਪ-

ਮੇਰਾ ਰੂਪ ਗ੍ਰੰਥ ਜੀ ਜਾਣ
ਇਸ ਮੇ ਭੇਦ ਨਹੀਂ ਕੁਝ ਮਾਨ।੨੦ ॥

(ਰਹਿਤ ਨਾਮਾ)

3. ਸਰਗੁਣ - ਪ੍ਰਤੱਖ ਸਰੂਪ -

ਤੀਸਰ ਰੂਪ ਸਿੱਖ ਹੈਂ ਮੋਰ
ਗੁਰਬਾਣੀ ਰੱਤ ਜਿਹ ਨਿਸ ਭੋਰ।੨੧ ॥
ਵਿਸਾਹ ਪ੍ਰੀਤ ਗੁਰ ਸ਼ਬਦ ਜੋ ਧਰੇ
ਗੁਰ ਕਾ ਦਰਸ ਨਿਤ ਉੱਠ ਕਰੇ।੨੨ ॥

(ਰਹਿਤ ਨਾਮਾ)

ਗੁਰੂ ਸਾਹਿਬ ਦਾ ਇਹ ਸਰੂਪ ਸਿੱਖ ਧਰਮ ਦੇ ਸਿਧਾਂਤ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ' ਦੇ ਨਾਲ ਮੇਲ ਖਾਂਦਾ ਹੈ। ਤਿੰਨ ਗੁਣਾਂ ਵਿਚ ਸੰਪੰਨ ਗੁਰੂ ਗੋਬਿੰਦ ਸਿੰਘ ਜੀ ਦਾ ਹੁਸਨ ਜਮਾਲ ਰੱਬ ਦੇ ਜਾਹੋ ਜਲਾਲ ਦਾ ਘੇਰਾ ਹੈ। ਉਸ ਦੇ ਬਚਨ ਰੱਬੀ ਗਿਆਨ ਦਾ ਪ੍ਰਕਾਸ਼ ਹਨ ਅਤੇ ਮੁਖੜੇ ਦੇ ਦਰਸ਼ਨ

ਰੱਬ ਦੇ ਸਰਗੁਣ ਸਰੂਪ ਦੇ ਸਾਕਸਾਤ ਦਰਸ਼ਨ ਹਨ। ਇਸ ਲਈ ਉਨ੍ਹਾਂ ਦੇ ਕਰਨ ਵਾਲੇ ਉਸ ਦੀ ਗਲੀ ਦੀ ਪ੍ਰੀਤ ਵਿਚ ਮਸਤ ਹੋ ਜਾਂਦੇ ਹਨ :

ਨਾਜ਼ਿਰਾਨਿ ਰੁਇ ਗੁਰ ਗੋਬਿੰਦ ਸਿੰਘ
ਮਸਤਿ ਹੱਕ ਦਰ ਕੂਇ ਗੁਰ ਗੋਬਿੰਦ ਸਿੰਘ ॥ ੧੩੪ ॥

(ਗੰਜ ਨਾਮਾ)

ਗੁਰੂ ਨਾਨਕ ਦੇਵ ਜੀ ਦੇ ਅਬਿਨਾਸ਼ੀ ਤਖ਼ਤ ਉਤੇ ਬਿਰਾਜਮਾਨ ਦਸਵੀਂ ਪਾਤਸ਼ਾਹੀ ਜ਼ਮਾਨੇ ਤੇ ਗ਼ਲਬਾ ਪਾਉਣ ਵਾਲੇ ਦੇਵਾਂ ਨੂੰ ਨਸ਼ਟ ਕਰਕੇ ਸੱਚ ਨੂੰ ਰੌਸ਼ਨ ਕਰਨ ਦੇ ਲਈ ਪ੍ਰਗਟ ਹੋਈ ਉਹ ਇਲਾਹੀ ਸ਼ਕਤੀ ਹੈ ਜੋ ਰੱਬ ਵਲੋਂ ਪ੍ਰਵਾਨ (ਈਜ਼ਦ ਮਨਜ਼ੂਰ) ਹੈ। ਗੁਰੂ ਗੋਬਿੰਦ ਸਿੰਘ ਪਰਮਾਤਮਾ ਵਿਚ ਅਭੇਦ (ਵਾਸਲੋ ਮੌਸੂਲ) ਉਹ ਗੁਰੂ-ਜੋਤਿ ਹੈ, ਜੋ ਪਰਮਾਤਮਾ ਵਾਂਗ ਹੀ ਸਦੀਵੀ ਹੈ -

ਜਮਾਲਿਸ਼ ਹਮਾ ਕੁੱਰਾ-ਇ-ਜ਼ੁਲਜਲਾਲ
ਸ਼ੁਕੋਹਸ਼ ਹਮਾ ਅਜ਼ਮਤਿ ਨਾ-ਜ਼ਵਾਲ ॥ ੬੨ ॥
ਉਸ ਦਾ ਹੁਸਨ ਜਮਾਲ ਰੱਬ ਦੇ ਜਾਹੋ ਜਲਾਲ ਦਾ ਘੇਰਾ ਹੈ,
ਉਸ ਦੀ ਸ਼ਾਨ ਸ਼ੌਕਤ ਸਦੀਵੀ ਅਤੇ ਵਡਿਆਈ ਅਬਿਨਾਸ਼ੀ ਹੈ।

(ਜੋਤਿ ਬਿਗਾਸ)

ਲਕਾਇਸ਼ ਮੁਨੱਵੁਰ ਜ਼ਿ ਨੂਰਿ ਅਜ਼ਲ
ਵਜੂਦਸ ਬ-ਅਨਵਾਰਿ ਹੱਕ ਲਮ ਯਜ਼ਲ ॥75॥
ਉਸ ਦਾ ਮੁਖੜਾ ਅਜ਼ਲੀ ਨੂਰ ਨਾਲ ਰੌਸ਼ਨ ਹੈ,
ਉਸ ਦਾ ਵਜੂਦ ਰੱਬ ਦੇ ਨੂਰ ਸਦਕਾ ਅਬਿਨਾਸ਼ੀ ਹੈ।

(ਜੋਤਿ ਬਿਗਾਸ)

ਕਦਰ ਕੁਦਰਤ ਪੇਸ਼ਿ ਗੁਰ ਗੋਬਿੰਦ ਸਿੰਘ
ਲੰਨਕਿਯਾਦ ਅੱਦੇਸ਼ਿ ਗੁਰ ਗੋਬਿੰਦ ਸਿੰਘ ॥੧੪੧ ॥
ਗੁਰੂ ਗੋਬਿੰਦ ਸਿੰਘ ਦੇ ਸਾਮ੍ਹਣੇ ਕੁਦਰਤ ਦੀ ਕੀ ਕਦਰ ਹੈ ?
ਉਹ ਵੀ ਗੁਰੂ ਗੋਬਿੰਦ ਸਿੰਘ ਦੀ ਬੰਦਗੀ ਵਿਚ ਬੱਧੀ ਰਹਿਣਾ ਚਾਹੁੰਦੀ ਏ ।

(ਗੰਜ ਨਾਮਾ)

ਲੁਕਾਈ ਨੂੰ ਕੂਰ ਕ੍ਰਿਆ ਤੋਂ ਵਰਜ ਕੇ ਸੱਚ ਦਾ ਰਾਹ ਦੱਸਣ ਵਾਲਾ ਸਦੀਵੀ ਸੱਚ ਵਿਚੋਂ ਪ੍ਰਗਟਿਆ ਗੁਰੂ ਗੋਬਿੰਦ ਸਿੰਘ ਆਪ ਸੱਚ ਹੈ ਅਤੇ ਸੱਚ ਦਾ ਸ਼ੀਸ਼ਾ ਹੈ। ਗੁਰੂ ਗੋਬਿੰਦ ਸਿੰਘ ਪਹਿਲੀਆਂ ਸੱਚ ਨੂੰ ਰੌਸ਼ਨ ਕਰਨ ਵਾਲੀਆਂ ਨੌਂ ਮਸ਼ਾਲਾਂ ਦਾ ਨਜ਼ਾਰਾ ਦਰਸਾਉਣ ਵਾਲੀ ਅਤੇ ਝੂਠ ਅਤੇ ਅਸਤਿ ਦੀ ਰਾਤ ਦੇ ਅੰਨ੍ਹੇਰੇ ਨੂੰ ਨਾਸ਼ ਕਰਨ ਵਾਲੀ ਦਸਵੀਂ ਮਸ਼ਾਲ ਹੈ। ਇਸ ਕਰਕੇ ਸੱਚ ਦੇ ਚਾਹੁਣ ਵਾਲਿਆਂ ਲਈ ਉਸ ਗੁਰੂ ਤੋਂ ਵੱਧ ਰੌਸ਼ਨ ਰਾਹ ਦਖਾਉਣ ਵਾਲਾ ਕੋਈ ਹੋਰ ਨਹੀਂ ਹੋ ਸਕਦਾ-

ਬਹੱਕ ਦਾਨੀ ਅਜ਼ ਜੁਮਲਾ ਵਾਲਾ ਨਜ਼ਰ
ਬਹੱਕ ਬੀਨੀ ਅਜ਼ ਜੁਮਲਾ ਰੋਸ਼ਨ ਬਸਰ॥ ੧੫੦ ॥
ਸੱਚ ਦੇ ਜਾਣਨ ਵਿਚ ਉਸ ਦੀ ਸਭ ਨਾਲੋਂ ਉਚੇਰੀ ਦਿਬ-ਦ੍ਰਿਸ਼ਟੀ ਹੈ,
ਸੱਚ ਦੇ ਵੇਖਣ ਵਿਚ ਉਹ ਸਭ ਨਾਲੋਂ ਰੋਸ਼ਨ ਨਿਗਾਹ ਰੱਖਦਾ ਹੈ।

(ਜੋਤਿ ਬਿਗਾਸ)

ਹੱਕ ਹੱਕ ਅੰਦੇਸ ਗੁਰ ਗੋਬਿੰਦ ਸਿੰਘ
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ॥੧੨੫। ॥
ਗੁਰੂ ਗੋਬਿੰਦ ਸਿੰਘ ਸੱਚ ਦਾ ਸੱਚਾ ਅਨੁਭਵੀ ਹੈ,
ਦਰਵੇਸ਼ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਹੈ।

(ਗੰਜ ਨਾਮਾ)

ਜਿਸ ਤਰ੍ਹਾਂ ਭਾਈ ਗੁਰਦਾਸ ਜੀ, ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੀ ਹਾਲਤ ਦਾ

ਜ਼ਿਕਰ ਕਰਦੇ ਹੋਏ ਦਸਦੇ ਹਨ ਕਿ ਉਸ ਸਮੇਂ ਪਾਪ ਦੇ ਵਰਤਾਰੇ ਕਾਰਨ ਸੱਚ ਪਾਸੇ ਰਹ ਗਿਆ ਸੀ ਅਤੇ ਜ਼ੁਲਮ ਦਾ ਧੁੰਧੂਕਾਰ ਛਾਇਆ ਹੋਇਆ ਸੀ, ਜੋ ਗੁਰੂ ਨਾਨਕ ਦੇਵ ਜੀ ਦੇ ਆਉਣ ਨਾਲ ਦੂਰ ਹੋਇਆ।[8] ਉਸੇ ਤਰ੍ਹਾਂ ਹਕੀਕਤ ਦੇ ਸਜੇ ਸਜਾਏ ਹੁਸਨ ਜਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਦੁਨੀਆਂ ਉੱਪਰ ਆਉਣ ਨਾਲ ਜ਼ੁਲਮ ਦੀ ਅੰਨ੍ਹੇਰੀ ਮਿਟ ਗਈ ਅਤੇ ਅਕਲ਼ ਇਨਸਾਫ਼ ਦਾ ਝੰਡਾ ਉੱਚਾ ਹੋਇਆ –

ਰੁਖ਼ਿ ਅਦਲੋ ਇਨਸਾਫ਼ ਅਫ਼ਰੋਖ਼ਤਾ
ਦਿਲਿ ਜਬਰੋ ਬੇਦਾਦ ਰਾ ਸੋਖ਼ਤਾ ॥ ੯੩ ॥

ਨਿਆਇ ਅਤੇ ਇਨਸਾਫ਼ ਦਾ ਮੁਖੜਾ ਚਮਕ ਪਿਆ,
ਜ਼ੁਲਮ ਅਤੇ ਵਧੀਕੀ ਦਾ ਦਿਲ ਸੜ ਕੇ ਸੁਆਹ ਹੋ ਗਿਆ।

(ਜੋਤਿ ਬਿਗਾਸ)

ਬਿਨਾਇ ਸਿਤਮ ਰਾ ਬਰ-ਅੰਦਾਖ਼ਤਾ
ਸਰਿ ਮਾਅਦਲਤ ਰਾ ਬਰ-ਅਫ਼ਰਾਖ਼ਤਾ॥੯੪ ॥

ਜ਼ੁਲਮ ਦੀ ਬੁਨਿਆਦ ਪੁੱਟ ਦਿੱਤੀ ਗਈ,
ਇਨਸਾਫ਼ ਦਾ ਸਿਰ ਉਚੇਰਾ ਹੋਇਆ।

(ਜੋਤਿ ਬਿਗਾਸ)

ਭਾਈ ਸਾਹਿਬ ਦਸਦੇ ਹਨ ਕਿ ਨਿਰਵੈਰ ਅਕਾਲ ਪੁਰਖ ਦੀ ਜੋਤਿ ਗੁਰੂ ਗੋਬਿੰਦ ਸਿੰਘ ਦਿਲ ਦਾ ਸਾਫ਼ ਅਤੇ ਵੈਰ ਭਾਵ ਤੋਂ ਖਾਲੀ ਹੈ। ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਸਾਹਿਬ ਦੇ ਚਾਹੁਣ ਵਾਲਿਆਂ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਧਰਮਾਂ ਦੇ ਅਨੁਯਾਈ ਸਨ। 'ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ' ਦਾ ਨਾਹਰਾ ਦੇਣ ਵਾਲੇ ਗੁਰੂ ਸਾਹਿਬ ਦਾ ਜਨਮ ਕਲਯੁਗ ਵਿਖੇ ਅਕਾਲ ਪੁਰਖ ਦੇ ਦਿਤੇ ਆਦੇਸ਼ ਅਨੁਸਾਰ ਇਨਸਾਨੀਅਤ ਨੂੰ ਦਲਣ ਵਾਲੇ ਰਾਖਸ਼ ਬੁੱਧੀ ਸਾਸ਼ਕਾਂ ਦਾ ਨਾਸ਼ ਕਰਨ ਲਈ ਅਤੇ ਰੱਬ ਤੋਂ ਤੋੜ ਕੇ ਆਪਣੇ ਨਾਲ ਜੋੜਨ ਵਾਲੇ ਉਨ੍ਹਾਂ ਅਵਤਾਰਾਂ 'ਸਭਿ ਤੇ ਅਪਨਾ ਨਾਮੁ ਜਪਾਯੋ। ਸਤਿ ਨਾਮੁ ਕਾਹੂੰ ਨ ਦ੍ਰਿੜਾਯੋ'[9] ਦੀ ਪੂਜਾ ਤੋਂ ਹਟਾ ਕੇ ਪਰਮਾਤਮਾ ਨਾਲ ਜੋੜਨ ਲਈ ਹੋਇਆ ਸੀ। ਗੁਰੂ ਗੋਬਿੰਦ ਸਿੰਘ ਦਾ ਹੁਕਮ ਦੋਹਾਂ ਜਹਾਨਾਂ ਵਿਚ ਚੱਲਦਾ ਹੈ। ਭਾਵੇਂ ਦੋਹਾਂ ਜਹਾਨਾਂ ਦੀ ਫ਼ਤਹਿ ਲਈ ਉਸਨੂੰ ਤਲਵਾਰਾਂ ਅਤੇ ਭਾਲੇ ਦੀ ਲੋੜ ਨਹੀਂ –

ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ
ਖ਼ਸਮ ਰਾ ਜਾਂ ਕਾਹ ਗੁਰ ਗੋਬਿੰਦ ਸਿੰਘ ॥ ੧੦੮ ॥

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ,
ਗੁਰੂ ਗੋਬਿੰਦ ਸਿੰਘ ਦੁਸ਼ਮਨ ਦੀ ਜਾਨ ਨੂੰ ਕਬਜ਼ ਕਰ ਲੈਣ ਵਾਲਾ ਹੈ।

(ਗੰਜ ਨਾਮਾ)

ਬ-ਹਰ ਦੀਪੋ ਹਰ ਸੂਇ ਕੌਸਸ਼ ਬੁਲੰਦ
ਬ-ਹਰ ਮਮਿਲਕਤ ਨਾਮਿ ਊ ਅਰਜਮੰਦ ॥੪੭ ॥

ਹਰ ਦੀਪ ਵਿਚ ਅਤੇ ਹਰ ਦਸ਼ਾ ਵਲ ਉਸ ਦਾ ਡੰਕਾ ਵੱਜ ਰਿਹਾ ਹੈ,
ਹਰ ਦੇਸ਼ ਅਤੇ ਰਾਜ ਵਿਚ ਉਸ ਦਾ ਨਾਮ ਸਤਿਕਾਰਿਆ ਜਾਂਦਾ ਹੈ।

(ਜੋਤਿ ਬਿਗਾਸ)

ਪਰ ਫਿਰ ਵੀ 'ਦੁਸ਼ਟ ਸਭਨ ਕੋ ਮੂਲ ਉਪਾਰਨ' ਕੇ ਮਕਸਦ ਦੀ ਪੂਰਤੀ ਲਈ ਦੁਨੀਆਂ ਉੱਪਰ ਆਏ ਗੁਰੂ ਸਾਹਿਬ, ਜਦੋਂ ਹੋਰ ਸਾਰੇ ਵਸੀਲੇ ਫੇਲ੍ਹ ਹੁੰਦੇ ਵੇਖ ਤੇਗ਼ ਚੁੱਕਦੇ ਹਨ, ਤਾਂ ਉਨ੍ਹਾਂ ਦੀ ਬੀਰਤਾ ਦੇਖ ਕੇ ਨਾਮਵਰ ਜਰਨੈਲ ਰਣ ਛੱਡ ਕੇ ਦੌੜ ਜਾਂਦੇ ਹਨ। ਜੰਗ ਦੇ ਮੈਦਾਨ ਵਿਚ ਕੋਈ ਵੀ ਸੂਰਮਾ ਉਨ੍ਹਾਂ ਦੀ ਤੇਗ਼ ਦੀ ਵਾਰ ਸਹਿਣ ਦੇ ਯੋਗ ਦਿਖਾਈ ਨਹੀਂ ਦਿੰਦਾ।

ਵਲੇ ਜੌਹਰਿ ਤੇਗ਼ ਅਫ਼ਰੋਖ਼ਤਾ
ਜ਼ਿ ਬਰਕਸ਼ ਦਿਲਿ ਦੁਸ਼ਮਨਾਂ ਸੋਖ਼ਤਾ ॥੧੫੬ ॥

ਉਸ ਦੀ ਤਲਵਾਰ ਦਾ ਹਰ ਜੌਹਰ ਜਦ ਰੌਸ਼ਨ ਹੁੰਦਾ ਹੈ

ਤਾਂ ਉਸ ਦੀ ਬਿਜਲੀ ਨਾਲ ਦੁਸ਼ਮਨਾ ਦਾ ਦਿਲ ਬਲ ਉਠਦਾ ਹੈ। (ਜੋਤਿ ਬਿਗਾਸ)

ਧਰਮ ਨੂੰ ਉਬਾਰਨ ਲਈ 'ਜੈ ਤੇਗੰ ਜੈ ਤੇਗੰ' ਦੀ ਗੂੰਜ ਨਾਲ ਜਦੋਂ ਸੰਤ ਸਿਪਾਹੀ ਗੁਰੂ ਸਾਹਿਬ ਸ਼ੁਭ ਕਰਮਨ ਦੇ ਲਈ, ਨਿਸਚੈ ਕਰ ਜਿੱਤਣ ਲਈ ਮੈਦਾਨ ਵਿਚ ਉਤਰਦੇ ਹਨ ਤਾਂ ਉਸ ਵਰਗਾ ਹੋਰ ਯੋਧਾ ਨਜ਼ਰ ਨਹੀਂ ਆਉਂਦਾ –

ਬ–ਮੈਦਾਨਿ ਜੰਗ ਆਵਰੀ ਸ਼ਹਿਸਵਾਰ
ਬ–ਜੌਲਾਨਿ ਖ਼ਸਮ ਅਫ਼ਗਨੀ ਨਾਮਦਾਰ॥੧੨੧ ॥

ਜੰਗਾਂ ਜੁੱਧਾਂ ਦੇ ਮੈਦਾਨ ਵਿਚ ਉਹ ਸ਼ਾਹਸਵਾਰ ਹੈ,
ਉਹ ਸ਼ਤਰੂਆਂ ਨੂੰ ਡੇਗਣ ਵਾਲੀ ਦੌੜ ਲਈ ਪ੍ਰਸਿੱਧ ਹੈ।

(ਜੋਤਿ ਬਿਗਾਸ)

ਗੁਰੂ ਸਾਹਿਬ ਦੀ ਤੇਗ਼ 'ਸੁਖ ਸੰਤਾਂ ਕਰਣੰ ਅਤੇ ਦੁਰਮਤਿ ਹਰਣੰ' ਦੇ ਲਈ ਹੀ ਉੱਠਦੀ ਹੈ। ਗੁਰੂ ਸਾਹਿਬ ਦੇ ਯੁੱਧਾਂ ਦਾ ਮਕਸਦ ਪਰਉਪਕਾਰ ਹੈ, ਕਿਉਂਕਿ ਲੁਕਾਈ ਨੂੰ ਜ਼ੁਲਮ ਤੋਂ ਛੁਟਕਾਰਾ ਦੇਣ ਲਈ ਹੀ ਗੁਰੂ ਸਾਹਿਬ ਇਹ ਬਖਸ਼ਿਸ਼ ਕਰ ਰਹੇ ਸਨ। ਅਸਲ ਵਿਚ ਰੱਬੀ ਨੂਰ ਦੀ ਬਖਸ਼ਿਸ਼ (ਫ਼ਾਇਜ਼ੁਲ ਅਨਵਾਰ) ਗੁਰੂ ਸਾਹਿਬ ਤਾਂ–

ਜਾਂ–ਫ਼ਰੋਜ਼ਿ ਦਹਿਰ ਗੁਰ ਗੋਬਿੰਦ ਸਿੰਘ
ਫੇਜ਼ਿ ਹੱਕ ਰਾ ਬਹਿਰ ਗੁਰ ਗੋਬਿੰਦ ਸਿੰਘ॥੧੧੨ ॥

ਗੁਰੂ ਗੋਬਿੰਦ ਸਿੰਘ ਜ਼ਮਾਨੇ ਨੂੰ ਜਾਨ ਬਖ਼ਸ਼ਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦਾ ਸਮੁੰਦਰ ਹੈ।

(ਗੰਜ ਨਾਮਾ)

ਉਨ੍ਹਾਂ ਦੇ ਅਜਿਹੇ ਕਾਰਜਾਂ ਕਾਰਣ ਹੀ ਬਖਸ਼ਿਸ਼ ਦੀ ਨੀਂਹ ਪੱਕੀ ਅਤੇ ਮਜ਼ਬੂਤ ਹੋਈ ਹੈ। ਉਨ੍ਹਾਂ ਦੇ ਹਰ ਕਾਰਜ ਪਿਛੇ ਬਖਸ਼ਿਸ਼ ਲੁਕੀ ਹੋਈ ਹੈ। ਉਨ੍ਹਾਂ ਦੀ ਇਸ ਬਖਸ਼ਿਸ਼ ਸਦਕਾ ਹੀ ਲੁਕਾਈ ਨੇ ਸੱਚ ਦੇ ਮਾਰਗ ਨੂੰ ਧਾਰਨ ਕੀਤਾ ਹੈ।

ਇਸ ਰਹਿਮਤ ਵਿਚੋਂ ਰੱਬੀ ਨੂਰ ਝਲਕਦਾ ਹੈ, ਜਿਸ ਕਾਰਨ ਰੱਬੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਸਾਹਿਬ ਦੇ ਨਾਮ ਦੀ ਮਹਿਮਾ ਕਰਦੇ ਹੋਏ ਭਾਈ ਸਾਹਿਬ ਫ਼ਰਮਾਉਂਦੇ ਹਨ–

ਸਾਮਿਆਨਿ ਨਾਮਿ ਗੁਰ ਗੋਬਿੰਦ ਸਿੰਘ
ਹੱਕ –ਬੀਂ ਜ਼ਿ ਇਨਆਮਿ ਗੁਰ ਗੋਬਿੰਦ ਸਿੰਘ॥੧੩੧ ॥

ਗੁਰੂ ਗੋਬਿੰਦ ਸਿੰਘ ਦਾ ਨਾਮ ਸੁਣਨ ਵਾਲੇ
ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਨਾਲ ਰੱਬ ਨੂੰ ਵੇਖਣ ਵਾਲੇ ਹੋ ਜਾਂਦੇ ਹਨ।

(ਗੰਜ ਨਾਮਾ)

ਜਿਸ ਤਰ੍ਹਾਂ ਭਟ ਮਥੁਰਾ ਜੀ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਕਰਦੇ ਹੋਏ ਫ਼ਰਮਾਣ ਕਰਦੇ ਹਨ, 'ਜਪ੍ਹਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨਾ ਆਯਉ' ਉਸੇ ਤਰ੍ਹਾਂ ਭਾਈ ਨੰਦ ਲਾਲ ਜੀ, ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਕਰਦੇ ਹੋਏ ਵਰਣਨ ਕਰਦੇ ਹਨ ਕਿ ਗੁਰੂ ਸਾਹਿਬ ਦੀ ਸਿਫਤ ਸਲਾਹ ਰੱਬੀ ਉਸਤਤ ਵਾਂਗ ਹੈ। ਭਾਈ ਸਾਹਿਬ 'ਗੁਰ ਪਰਮੇਸਰੁ ਏਕੁ ਹੈ' ਦੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੀ ਹਰ ਥਾਂ ਵਰਤ ਰਿਹਾ ਹੈ–

ਜਹਾਨੇ ਜ਼ਿ ਫੈਜ਼ਸ਼ ਹਮ ਆਗ਼ੋਸ਼ਿ ਕਾਮ
ਦੋ ਆਲਮ ਅਜ਼ੋ ਯਾਫ਼ਤ ਨਸਕੋ ਨਿਜ਼ਾਮ॥੧੦੦ ॥

ਉਸ ਦੇ ਮਿਹਰ ਸਦਕਾ ਇਸ ਜਹਾਨ ਦੀ ਕਾਮਨਾ ਪੂਰੀ ਹੁੰਦੀ ਹੈ,
ਦੋਵੇਂ ਜਹਾਨ ਉਸ ਸਦਕਾ ਕਿਸੇ ਪ੍ਰਬੰਧ ਅਤੇ ਨਿਯਮ ਵਿਚ ਹਨ।

(ਜੋਤਿ ਬਿਗਾਸ)

ਗੁਰੂ ਗੋਬਿੰਦ ਸਿੰਘ ਹੀ ਸਾਰੇ ਸੰਸਾਰ ਦਾ ਰੋਜ਼ੀ ਦਹਿੰਦ ਹੈ–

ਜੁਮਲਾ ਰੋਜ਼ੀ ਖ਼ਾਰਿ ਗੁਰ ਗੋਬਿੰਦ ਸਿੰਘ

ਫੈਜ਼ਿ ਹੱਕ ਇਮਤਾਰ ਗੁਰ ਗੋਬਿੰਦ ਸਿੰਘ॥੧੫੩ ॥

ਸਾਰੇ ਹੀ ਗੁਰੂ ਗੋਬਿੰਦ ਸਿੰਘ ਦੇ (ਦਰ ਤੋਂ) ਰੋਜ਼ੀ ਪਰਾਪਤ ਕਰਨ ਵਾਲੇ ਹਨ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦੇ ਬੱਦਲ ਵਰਸਾਉਣ ਵਾਲੇ ਹਨ।

(ਗੰਜ ਨਾਮਾ)

ਭਾਵੇਂ ਕਿ ਸਾਹਿਬੇ ਕਮਾਲ ਗੁਰੂ ਦੀ ਵਡਿਆਈ ਅਨੇਕਾਂ ਢੰਗਾਂ ਦੁਆਰਾ ਕੀਤੀ ਜਾ ਰਹੀ ਹੈ, ਪਰ ਬੇਅੰਤ ਪਰਮੇਸ਼ਰ ਦੇ ਰੂਪ ਗੁਰੂ ਸਾਹਿਬ ਦੀ ਕਥਾ ਤਾਂ ਅਕਥ ਅਤੇ ਬੇਅੰਤ ਹੈ-

ਜ਼ੁਬਾਂ-ਹਾ ਬ-ਤੌਸੀਫ਼ਿ ਊ ਗੁੰਗੋ ਲਾਲ
ਸਖ਼ੁਨ ਰਾ ਬ-ਵਸਫ਼ਸ਼ ਚਿ ਹੱਦੋ ਮਜਾਲ ॥ ੫੧ ॥

ਉਸ ਦਾ ਸਿਫ਼ਤ ਉਸਤਤਿ ਕਰਨ ਤੋਂ ਜੀਭਾਂ ਗੁੰਗੀਆਂ ਹਨ,
ਉਸ ਦੀ ਸਿਫ਼ਤ ਦੀ ਗੱਲ ਕਰਨ ਦੀ ਨਾ ਕੋਈ ਹੱਦ ਹੈ ਅਤੇ ਨਾ ਕਿਸੇ ਨੂੰ ਮਜਾਲ।

(ਜੋਤਿ ਬਿਗਾਸ)

ਜ਼ਿ ਹੱਦ ਬਰਤਰ ਆਮਦ ਕਮਲਾਤਿ ਊ॥੧੭੩ ॥
ਉਸ ਦੇ ਕਮਾਲ ਕਿਸੇ ਵੀ ਹੱਦ ਬੰਨੇ ਵਿਚ ਨਹੀਂ ਆ ਸਕਦੇ।

(ਜੋਤਿ ਬਿਗਾਸ)

ਅੰਤ ਵਿਚ ਭਾਈ ਸਾਹਿਬ ਇਹ ਹੀ ਦ੍ਰਿੜ੍ਹਾਉਂਦੇ ਹਨ, ਭਾਵੇਂ ਗੁਰੂ ਸਾਹਿਬ ਦੀ ਸਿਫ਼ਤ ਕਹਿਣ ਕਥਨ ਤੋਂ ਬਾਹਰੀ ਹੈ ਅਤੇ ਮੇਰੀ ਲਿਖਿਤ ਦੇ ਘੇਰੇ ਵਿਚ ਨਹੀਂ ਸਮਾ ਸਕਦੀ। ਪਰ ਸੱਚੇ ਦਿਲੋਂ ਗੁਰੂ ਗੋਬਿੰਦ ਸਿੰਘ ਦੀ ਸਿਫ਼ਤ ਕਰਨ ਵਾਲਿਆਂ ਨੇ ਉਨ੍ਹਾਂ ਦੀ ਬਖਸ਼ਿਸ਼ ਸਦਕਾ ਆਪਣੇ ਜੀਵਨ ਨੂੰ ਸਫਲਾ ਕਰ ਲਿਆ। ਭਾਈ ਸਾਹਿਬ ਕਹਿੰਦੇ ਹਨ ਕਿ ਜੋ ਮਾਣ ਮੈਨੂੰ ਗੁਰੂ ਸਾਹਿਬ ਨੇ ਬਖ਼ਸਿਆ ਹੈ ਉਹ ਮੇਰੀ ਹੈਸੀਯਤ ਨਾਲੋਂ ਬਹੁਤ ਜ਼ਿਆਦਾ ਹੈ। ਅਸਲ ਵਿਚ ਨੰਦ ਲਾਲ ਤਾਂ 'ਲਾਅਲ ਸਗੇ ਗੁਲਾਮ' ਹੈ, ਬਲਕਿ ਉਸਦੇ ਦਰ ਦੇ ਕੂਕਰਾਂ ਤੋਂ ਵੀ ਨੀਚ ਭੋਰੇ ਚੁਗਣ ਵਾਲਾ ਹੈ। ਇਸ ਸਰਬਗ ਗੁਰੂ ਦੇ ਪ੍ਰੇਮ ਵਸ ਹੋਏ, ਭਾਈ ਸਾਹਿਬ ਰੱਬ ਅੱਗੇ ਅਰਦਾਸ ਕਰਦੇ ਹੋਏ ਕਹਿੰਦੇ ਹਨ ਕਿ ਹੇ ਵਾਹਿਗੁਰੂ !

ਬ਼ਾਦ ਜਾਨਸ਼ ਫ਼ਿਦਾਇ ਗੁਰ ਗੋਬਿੰਦ ਸਿੰਘ॥
ਫ਼ਰਕਿ ਊ ਬਰ ਪਾਇ ਗੁਰ ਗੋਬਿੰਦ ਸਿੰਘ॥੧੬੦ ॥

ਇਸ (ਨੰਦ ਲਾਲ) ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋ ਜਾਵੇ,
(ਅਤੇ) ਉਸ ਦਾ ਸੀਸ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਤੇ ਟਿਕਿਆ ਰਹੇ।

(ਗੰਜ ਨਾਮਾ)

ਹਵਾਲੇ ਅਤੇ ਟਿੱਪਣੀਆਂ

1. ਡਾ. ਗੰਡਾ ਸਿੰਘ, ਭਾਈ ਮੇਘ ਰਾਜ, ਭਾਈ ਰਾਮ ਦਿਆਲ, ਪਰਮਾਨੰਦ ਅਰੋੜਾ
2. ਜਿਸ ਤਰ੍ਹਾਂ ਅਫਗਾਨਿਸਤਾਨ ਦੇ ਲੋਕ ਆਪਣੇ ਸਰਦਾਰ ਨੂੰ ਆਗਾ ਕਹ ਬੁਲਾਂਦੇ ਹਨ, ਇਸੇ ਤਰ੍ਹਾਂ ਭਾਈ ਸਾਹਿਬ ਨੂੰ ਉਨ੍ਹਾਂ ਦੇ ਦੋਨੋਂ ਨੌਕਰ ਆਗਾ ਕਹ ਬੁਲਾਉਂਦੇ ਸਨ, ਇਸ ਅਬਾਦੀ ਦਾ ਨਾਮ ਲੋਕ ਆਗਾ ਪੁਰਾ ਕਹਿੰਦੇ ਰਹੇ, ਇਸ ਲਈ ਹੁਣ ਤਕ ਮੁਲਤਾਨ ਵਾਸੀ ਇਸ ਜਗ੍ਹਾ ਨੂੰ ਆਗਾ ਪੁਰਾ ਕਹਿੰਦੇ ਹਨ। ਦੀਵਾਨ ਗੋਯਾ - ਭਾਈ ਮੇਘ ਰਾਜ, ਪੰਨਾ ੮
3. ਤੌਸੀਫੋ ਸਨਾ, ਖਾਤਿਮਹ, ਇਨਸ਼ਾਦਸਤੂਰ, ਅਰਜ਼ੁਲ ਅਲਫਾਜ਼, ਦੀਵਾਨ ਗੋਯਾ ਆਦਿ।
4. ਦੀਵਨਾ ਗੋਯਾ, ਭਾਈ ਮੇਘ ਰਾਜ, ਪੰਨਾ ੧੮-੧੯
5. ਜ਼ਿੰਦਗੀ ਨਾਮਾ ਅਤੇ ਗੰਜ਼ ਨਾਮਾ।
6. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੨੮੩
7. ਉਹੀ ਪੰਨਾ ੯੮੨
8. ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਇਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਿਪੇ ਅੰਧੇਰੁ ਪਲੋਆ। ਭਾਈ ਗੁਰਦਾਰ ਵਾਰ ੧(੨੮)
9. ਬਚਿਤ੍ਰ ਨਾਟਕ, ਅਧਿਆਇ ੬ - ਬੰਦ ੨੭

ਗੁਰੂ ਗੋਬਿੰਦ ਸਿੰਘ ਜੀ : ਭਾਈ ਜੈਤਾ ਦੀ ਨਜ਼ਰ ਵਿਚ

*ਡਾ. ਗੁਰਮੁਖ ਸਿੰਘ**

ਗੁਰੂ ਗੋਬਿੰਦ ਸਿੰਘ ਜੀ ਪਰਮਪੁਰਖ ਦਾ ਰੂਪ ਸਨ ਜਿਹਨਾਂ ਨੂੰ ਉਹਨਾਂ ਦੇ ਸਮਕਾਲੀਆਂ, ਸ਼ਰਧਾਲੂਆਂ ਤੇ ਇਤਿਹਾਸਕਾਰਾਂ ਨੇ ਆਪਣੀ ਸਮਝ ਅਨੁਸਾਰ ਆਪਣੀਆਂ ਲਿਖਤਾਂ ਵਿਚ ਪੇਸ਼ ਕੀਤਾ ਹੈ। ਭਾਈ ਜੈਤਾ ਜੀ ਸੂਰਬੀਰ ਸਨ। ਯੋਧੇ ਸਨ। ਰੰਘਰੇਟੇ ਗੁਰੂ ਕੇ ਬੇਟੇ ਸਨ ਤੇ ਉਹ ਕਵੀ ਵੀ ਸਨ ਜਿਹਨਾਂ ਦੀ ਇਕ ਰਚਨਾ ਸ੍ਰੀ ਗੁਰ ਕਥਾ ਹੁਣ ਪ੍ਰਾਪਤ ਹੈ ਜੋ ਉਹਨਾਂ ਨੇ ਦਸਮ ਸਤਿਗੁਰ ਦੇ ਜੀਵਨ ਤੇ ਵਿਚਾਰਧਾਰਾ ਬਾਰੇ ਲਿਖੀ ਹੈ। ਇਹ ਸਮਕਾਲੀ ਸ੍ਰੋਤ ਹੈ ਜਿਸ ਤੋਂ ਬਹੁਤ ਗੱਲਾਂ ਸਪਸ਼ਟ ਹੁੰਦੀਆਂ ਹਨ।

ਸ੍ਰੀ ਗੁਰ ਕਥਾ ਇਕ ਸੰਖਿਅਤ ਰਚਨਾ ਹੈ ਜਿਸ ਦੇ 124 ਬੰਦ ਹਨ ਜਿਹਨਾਂ ਵਿਚ ਸਤਿਗੁਰੂ ਬਾਰੇ ਅਧਿਕਾਰਿਤ ਪਰਿਚਯ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿਚ ਸਵੈਯਾ, ਦੋਹਿਰਾ, ਸਿਰਖੰਡੀ, ਕਬਿਤ, ਕੁੰਡਲੀਆ, ਚੌਪਈ, ਸ਼ਬਦ (ਬਿਸ਼ਨਪਦਾ) ਸੋਰਠਾ ਅਤੇ ਅੜਿਲ ਛੰਦਾ ਦੀ ਬਾਖੂਬੀ ਵਰਤੋਂ ਕੀਤੀ ਗਈ ਹੈ। ਕਵੀ ਛੰਦ ਸ਼ਾਸਤ੍ਰ ਦਾ ਪਰਮਗਿਆਤਾ ਹੈ। ਸਤਾਰਵੀ ਸਦੀ ਵਿਚ ਸਿੱਖ ਕਵੀ ਕਵਿਤਾ ਦੀ ਰਚਨਾ ਬ੍ਰਜ ਭਾਸ਼ਾ ਵਿਚ ਕਰਦੇ ਸਨ ਕਿਉਂਕਿ ਉਸ ਸਮੇਂ ਸਹਿਤ ਦੀ ਭਾਸ਼ਾ ਇਸੇ ਨੂੰ ਸਵੀਕਾਰ ਕੀਤਾ ਜਾਂਦਾ ਸੀ ਤੇ ਇਸ ਦੀ ਵਰਤੋਂ ਦੀ ਲੰਮੀ ਪਰੰਪਰਾ ਵੀ ਸੀ ਜਿਸ ਕਾਰਨ ਭਾਈ ਜੈਤਾ ਜੀ ਨੇ ਆਪਣੀ ਰਚਨਾ ਲਈ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਹੈ ਜੋ ਉਹਨਾਂ ਦੀ ਵਿਦਵਤਾ ਦੀ ਗਵਾਹੀ ਦਿੰਦਾ ਹੈ।

ਸ੍ਰੀ ਗੁਰ ਕਥਾ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਹੀ ਨਹੀਂ ਪ੍ਰਸਤੁਤ ਕਰਦੀ ਸਗੋਂ ਸਮਕਾਲੀ ਲੋਕ ਜੀਵਨ ਤੇ ਸਭਿਆਚਾਰਾ ਬਾਰੇ ਵੀ ਮੁਲਵਾਨ ਜਾਣਕਾਰੀ ਉਪਲਬਧ ਕਰਵਾਉਂਦੀ ਹੈ ਸਿੱਖਾਂ ਦੇ ਸਾਹਸੀ ਕਾਰਨਾਮੇ, ਗੁਰੂ ਜੀ ਦੇ ਯੁੱਧ। ਸਤਿਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਸਿੱਖਾਂ ਦੀ ਦਸ਼ਾ, ਅੰਮ੍ਰਿਤ ਦੀ ਦਾਤ ਬਖਸ਼ਣ ਦੀ ਸਾਖੀ ਆਦਿ ਬਾਰੇ ਬੜੀ ਪ੍ਰਮਾਣਿਕ ਜਾਣਕਾਰੀ ਇਸ ਛੋਟੇ ਆਕਾਰ ਦੀ ਰਚਨਾ ਵਿਚ ਉਪਲਬਧ ਹੈ ਇਸ ਬਾਰੇ ਸੰਖਿਪਤ ਪਰਿਚਯ ਪੇਸ਼ ਕੀਤਾ ਜਾਂਦਾ ਹੈ।

ਸਿੱਖ ਵਿਚਾਰਧਾਰਾ ਅਨੁਸਾਰ ਗੁਰੂ ਸਾਹਿਬਾਨ ਵਿਚ ਇਕ ਜੋਤ ਵਰਤਮਾਨ ਰਹੀ ਤੇ ਬਾਅਦ ਵਿਚ ਉਹੀ ਜੋਤ ਬਾਣੀ ਸਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾ ਗਈ। ਭਾਈ ਗੁਰਦਾਸ ਨੇ ਇਸ ਤਰ੍ਹਾਂ ਦੇ ਵਿਚਾਰ ਕਰਦਿਆਂ ਸਤਿਗੁਰੂ ਨੂੰ ਆਦਿ ਜੁਗਾਦੀ ਮੰਨਿਆ ਹੈ- ਜੁਗ ਜੁਗ ਸਤਿਗੁਰ ਧਰੇ ਅਵਤਾਰੀ। ਸੱਤੇ ਬਲਵੰਡ ਨੇ ਵੀ ਇਕੋ ਜੋਤ ਤੇ ਜੁਗਤ ਦੀ ਗੱਲ ਕੀਤੀ ਹੈ। ਭੱਟ ਬਾਣੀ ਵਿਚ ਸਾਰੇ ਸਤਿਗੁਰੂ ਸਾਹਿਬਾਨ ਵਿਚ ਇਕ ਅਖੰਡ ਜੋਤ ਦੇ ਵਿਆਪਕ ਹੋਣ ਦਾ ਚਰਚਾ ਹੈ। ਭਾਈ ਜੀਵਨ ਸਿੰਘ ਨੇ ਵੀ ਗੁਰ ਮਹਿਮਾ ਕਰਦਿਆਂ ਸਾਰੇ ਗੁਰੂ ਸਾਹਿਬਾਨ ਵਿਚ ਇਕ ਜੋਤ ਦੀ ਵਿਆਪਕਤਾ ਦਾ ਜ਼ਿਕਰ ਕੀਤਾ ਹੈ। ਗੁਰੂ ਸਾਹਿਬਾਨ ਸਿੱਖਾਂ ਨੂੰ ਜਮ-ਮਾਰਗ ਤੋਂ ਬਚਾਉਣ ਤੇ ਸੱਚਖੰਡ ਵਿਚ ਨਿਵਾਸ ਕਰਵਾਉਣ ਦੀ ਵਿਧੀ ਦੱਸਣ ਲਈ ਜਗਤ ਵਿਚ ਆਏ ਸਨ। ਜਿਹਨਾਂ ਨੇ ਜਿਸ ਰੂਪ ਵਿਚ ਸਤਿਗੁਰ ਦੀ ਪੂਜਾ ਕੀਤੀ ਹੈ ਜਾਂ ਸ਼ਰਧਾ ਨਾਲ ਚਿਤਵਿਆ ਹੈ, ਉਹਨਾਂ ਦੀ ਮਦਦ ਸਤਿਗੁਰ ਨੇ ਹਰ ਖੇਤਰ ਵਿਚ ਕੀਤੀ ਹੈ। ਸਤਿਗੁਰੂ ਨਾਮ-ਦਾਨ ਦਾ ਦਾਤਾ ਹੈ -

ਗੁਰੂ ਰਾਮਦਾਸ ਜਗਤ ਤਾਰਣ ਕੌ
ਗੁਰ ਅਰਜਨੁ ਬਯਾ ਜਸ ਭਾਲ ਦਿਖਾਈ।
ਗੁਰ ਅਰਜੁਨ ਬੋਹਿਥ ਬਾਣੀ ਕੈ
ਬੋਹਯੋ ਜਿਨ ਸੁਰ ਨਰ ਗਣ ਸਮੁਦਾਈ।
ਸਿਖਨ ਕਉ ਨਾਮ ਕਾ ਦਾਨ ਦੀਓ

*8, ਦਸ਼ਮੇਸ਼ ਨਗਰ, ਪੁਲਿਸ ਲਾਈਨ ਰੋਡ, ਪਟਿਆਲਾ

ਧੁਨਿ ਰਾਮ ਨਾਮ ਅਤਿ ਉਚ ਚਲਾਈ।
ਜਿਨ ਨੀਕ ਸੁਣੀ ਚਿਤ ਲਾਇ ਧੁਨੀ।
ਫੁਨ ਗਰਭ ਨਹਿ ਪਾਯੋ ਦੁਖਦਾਈ।

ਇਉਂ ਪਹਿਲੇ ਪੰਜ ਸਾਹਿਬਾਨ ਦੇ ਨਾਮ ਬਾਣੀ ਦੀ ਦਾਤ ਦਾ ਜ਼ਿਕਰ ਕੀਤਾ ਗਿਆ ਹੈ। ਛੇਵੇਂ ਸਤਿਗੁਰ ਦੇ ਸਮੇਂ ਨੂੰ ਪਹਿਲੇ ਨਾਲੋਂ ਚਾਲ ਢਾਲ ਵਿਚ ਫਰਕ ਆ ਗਿਆ ਜਿਸ ਦੇ ਕਾਰਨ ਰਾਜਨੀਤਕ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਜਿਥੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ ਉਥੇ ਦੀਨ ਦੁਖੀਆਂ ਦੀ ਮਦਦ ਲਈ ਤਲਵਾਰ ਵੀ ਵਰਤੀ। ਇਸ ਦਾ ਜ਼ਿਕਰ ਕਰਦਿਆਂ ਭਾਈ ਸਾਹਿਬ ਜੀ ਨੇ ਲਿਖਿਆ ਹੈ :

ਗੁਰੂ ਹਰਿਗੋਬਿੰਦ ਪ੍ਰਤਖ ਹਰੀ।
ਜਿਨ ਦੀਨ ਦੁਖੀ ਕੋ ਕਸਟ ਹਤਾਈ।
ਨਹਿ ਅੰਤ ਸਮੇਂ ਯਮ ਦੀਨ ਕੀਆ,
ਜਪਯੋ ਹਰਿ ਗੋਬਿੰਦ ਜਿਨ ਰੁਘਾਈ,
ਸੁਭ ਮਸਤ ਨਿਹਾਰ ਛਠਮ ਗੁਰਕਾ
ਮਨ ਪਾਇਸ ਸਾਂਤਿ ਰਿਦੇ ਰੁਸਨਾਈ
ਬਡ ਬੀਰ ਔ ਸੰਤ ਮਹੰਤ ਗੁਰੂ
ਧਰ ਧਰਮ ਕਰਮ ਕੀ ਪੈਜ ਰਖਾਈ।[2]

ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਪਰਸਨ ਭਾਈ ਜੀ ਨੇ ਕੀਤੇ ਸਨ ਤੇ ਉਹਨਾਂ ਦਾ ਪਿਆਰ ਭੇ ਸੰਗ ਮਾਣਿਆ ਸੀ। ਉਹਨਾਂ ਦਾ ਜ਼ਿਕਰ ਆਪ ਨੇ ਬੜੀ ਸ਼ਿਦਤ ਨਾਲ ਕੀਤਾ ਹੈ। ਸਤਿਗੁਰ ਜੀ ਨੇ ਸ਼ਹਾਦਤ ਦੇ ਕੇ ਆਮ ਸਿੱਖ ਸ਼ਰਧਾਲੂਆਂ ਨੂੰ ਇਹ ਉਪਦੇਸ਼ ਦ੍ਰਿੜਾਇਆ ਜਾਂ ਵਿਚਾਰਾਂ ਨੂੰ ਅਮਲੀ ਜਾਮ ਪਹਿਨਾਇਆ ਕਿ ਲੋਕ ਪ੍ਰਲੋਕ ਦੋਨੋਂ ਹੀ ਸੁਖਦਾਈ ਹਨ। ਪਰਮਾਤਮਾ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ ਤੇ ਉਸ ਦੇ ਭਾਣੇ ਵਿਚ ਦੁਖ ਸੁਖ ਨੂੰ ਸਮ ਕਰਕੇ ਜਾਣਨਾ ਚਾਹੀਦਾ ਹੈ। ਭਾਈ ਜੀ ਦੇ ਸ਼ਬਦਾਂ ਵਿਚ :

ਗੁਰੂ ਤੇਗ ਬਹਾਦਰ ਸੁ ਜੋਤਿ ਅਮਰ
ਭੀਰੁਨ ਤੇ ਭੀਰੁਨ ਰਿਦੇ ਜਗਾਈ।
ਤਿਹ ਬੋਧ ਦੀਆਂ ਨਰੁ ਨਾਰਨਿ ਕਉ
ਪ੍ਰਲੋਕ ਔ ਲੋਕ ਸੁ ਸਮੁ ਸੁਖਦਾਈ।
ਨਹਿ ਰੰਚ ਕਲੇਸ ਕੀਆ ਮਨ ਮਹਿ
ਉਪਦੇਸ ਕੀਓ ਜੋਊ ਕਰਤ ਦਿਖਾਈ।
ਯਾ ਬੋਧ ਉਪਾਵਨ ਹੇਤ ਸੁਨੋ
ਗੁਰ ਨਵਮ ਭੇਟਾ ਸੀਸ ਝਰਾਈ।

ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲਾਂ ਦੇ ਭੰਵਰੇ ਭਾਈ ਜੀਵਨ ਸਿੰਘ ਨੇ ਸਾਹਿਬੇ ਕਮਾਲ ਦਾ ਜ਼ਿਕਰ ਬੜਾ ਭਾਵੁਕ ਹੋ ਕੇ ਕੀਤਾ ਹੈ ਤੇ ਸਤਿਗੁਰਾਂ ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਦਾ ਕੋਈ ਅਵਤਾਰ ਚਾਰ ਜੁਗਾਂ ਵਿਚ ਨਹੀਂ ਹੋਇਆ ਜਿਸ ਨੇ ਨੀਚਾਂ ਜਾਂ ਮਜ਼ਲੂਮਾਂ ਦੀ ਰੱਖਿਆ ਕੀਤੀ ਤੇ ਦੁਸ਼ਟਾਂ ਜਾਂ ਜ਼ਾਲਮਾਂ ਨੂੰ ਮੈਦਾਨ ਵਿਚ ਲੰਮੇ ਹੱਥੀਂ ਲਿਆ :

ਗੁਰੂ ਗੋਬਿੰਦ ਸਮ ਅਵਤਾਰ ਨਹਿ
ਚਹੁੰ ਜੁਗਨ ਮਹਿ ਹਰਿ ਜੂ ਪ੍ਰਗਟਾਈ।
ਜਿਨ ਦੀਨਨ ਕਾ ਅਤਿ ਹੇਤ ਕੀਆ
ਔ ਦੁਸ਼ਟਨ ਕਉ ਜਿਨ ਖੇਤ ਰਹਾਈ।[4]

ਸਤਿਗੁਰ ਦੇ ਅੰਮ੍ਰਿਤ ਬਚਨਾਂ ਵਿਚ ਅਜਿਹੀ ਸ਼ਕਤੀ ਸੀ ਕਿ ਉਹਨਾਂ ਨੂੰ ਸੁਣਨ ਵਾਲੇ ਕਾਇਰ ਵੀ ਯੋਧੇ ਬਣ ਗਏ। ਚਿੜੀਆਂ ਨੇ ਬਾਜ਼ਾਂ ਨੂੰ ਭਜਾ ਦਿੱਤਾ ਤੇ ਗਿੱਦੜ ਵੀ ਸ਼ੇਰਾਂ ਵਾਂਗ ਵਿਚਰਨ ਲੱਗੇ।

ਮ੍ਰਿਤਕ ਸੁਰਜੀਤ ਕੀਏ ਜਿਸ ਨੇ
ਅਸਕਤ ਭੁਜਹਿ ਜਿਨ ਸ਼ਕਤੀ ਪਾਈ।

ਜਿਨ ਸਿੰਘ ਕੀਏ ਸ੍ਰਿਗਾਲ ਜਿਤੇ
ਅਰ ਜੈ ਤੇਰੀ ਜੈ ਤੇਰੀ ਗਾਈ।
ਰਸ ਬੀਰ ਦੀਆਂ ਜਿਨ ਚਟਕਨ ਕਉ
ਰਣ ਅਟਕਲ ਬਾਜਹਿ ਸਿਉਂ ਟਕਰਾਈ।
ਜੈ ਜੈ ਜੈ ਗੋਬਿੰਦ ਸਿੰਘ ਗੁਰੂ
ਜੈ ਜੈ ਜੈ ਗੋਬਿੰਦ ਗੁਰ ਰਘੁਰਾਈ।

ਭਾਈ ਜੀਵਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ ਚਿੱਤਰ ਉਲੀਕਦੀਆਂ ਕਮਾਲ ਕਰ ਵਿਖਾਈ ਹੈ। ਜਾਪਦਾ ਹੈ ਜਿਵੇਂ ਕਿਸੇ ਚਿੱਤਰਕਾਰ ਨੇ ਪੂਰਨ ਸ਼ਰਧਾ ਨਾਲ ਰੰਗ ਭਰ-ਭਰ ਕੇ ਅਨੁਪਮ ਚਿੱਤਰ ਤਿਆਰ ਕੀਤਾ ਹੈ। ਕਵੀ ਚਿੱਤਰਕਾਰ ਬਣ ਨਿਬੜਿਆ ਹੈ। ਭਾਈ ਜੀ ਨੇ ਆਪਣਾ ਸਾਰਾ ਜੀਵਨ ਦਸਮ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗੁਜ਼ਾਰਿਆ ਸੀ ਤੇ ਬੜੀ ਨੀਝ ਨਾਲ ਸਤਿਗੁਰੂ ਦੇ ਰੋਜ਼ ਦੀਦਾਰ ਕੀਤੇ ਸਨ। ਇਸ ਦਾ ਅਨੁਮਾਨ ਨਿਮਨ ਪੰਗਤੀਆਂ ਤੋਂ ਸਹਿਜੇ ਲਗਾਇਆ ਜਾ ਸਕਦਾ ਹੈ :

ਪਾਤਸ਼ਾਹ ਦਿਆਲ ਪੁੰਜ ਸਿਖਨ ਬਿਸਾਲ ਮਾਨੋ
ਅੰਬਰ ਮਹਿ ਸਸਿ ਤਾਰਾਗਣ ਮਹਿ ਸੋਹੈ ਸੁਹਾਤ ਹੈਂ।
ਕਚ ਲਾਂਬੇ ਘਨੇ ਕੇਸੋਂ ਪਰ ਕੇਸਕੀ ਬਿਸੇਸ
ਫੁਨ ਸੀਸ ਦਸਤਾਰ ਮੁਖ ਅਤਿ ਸੋਭਾ ਪਾਤ ਹੈਂ।
ਭਾਲ ਗਜ ਕੇ ਸਮਾਨ ਸੋਹੇ ਭ੍ਰਿਕੁਟੀ ਮਹਾਨ
ਦ੍ਰਿਗ ਸੁੰਦਰ ਸਰੋਜ ਨਾਕ ਕਾਨ ਮਨ ਭਾਤ ਹੈਂ।
ਸਬਲ ਕਮਲ ਕਪੋਲ ਗੁਲਾਨਾਰੀ ਮੁਖ ਗੋਲ।
ਸਮਸ੍ਰ ਮੂਛ ਸਸਿ ਘੇਰੇ ਜਨ ਹਿਮ ਦੰਦ ਪਾਤਿ ਹੈ।[6]
ਛਬਿ ਰੂਪ ਕੀ ਅਨੂਪ ਜਨ ਅੰਬਰਹਿ ਕੇ ਭੂਪ
ਦ੍ਰਿਗ ਕੰਜ ਸੀਰ ਬੋਲ ਨਵ ਜੋਬਨ ਲੁਭਾਤ ਹੈਂ।
ਅਤਿ ਸੁੰਦਰ ਸੁਕੰਧ ਕੰਠ ਸੋਹੈ ਸ੍ਰੀ ਕੰਠ
ਦੰਡ ਭੁਜਨ ਅਖੰਡ ਸੁੰਡ ਗਜ ਭਰਮਾਤ ਹੈਂ।
ਅਤਿ ਪੀਨ ਘਨ ਹਸਤ ਔਰ ਅੰਗਲ ਅੰਗੁਸਟ
ਪ੍ਰਤਿਦਵੰਧੀ ਸੁ ਨਿਹਾਰ ਅਤਿ ਬਰੋ ਭਯ ਖਾਤ ਹੈਂ।
ਉਰ ਉਤਮ ਬਿਸਾਲ ਘਨ ਪੀਨ ਉਰੂ ਪਾਲ
ਪਗ ਪੰਕਜ ਨਿਹਾਲ ਫੂਲ ਰਾਜੀ ਨਖਨਾਤ ਹੈ।[7]

ਅਜਿਹੇ ਸੁੰਦਰ ਸਰੂਪ ਦਾ ਸੁਆਮੀ ਸਤਿਗੁਰੂ, ਸਿੱਖਾਂ ਦੇ ਮਨ ਵਿਚ ਹਮੇਸ਼ਾ ਵਸਦਾ ਹੈ। ਭਾਈ ਜੀ ਨੇ ਸਤਿਗੁਰੂ ਜੀ ਦੇ ਗੁਣਾਂ ਦਾ ਬਿਆਨ ਕਰਦਿਆਂ ਦੱਸਿਆ ਹੈ ਕਿ ਇਹ ਖਿਮਾ ਤੇ ਕਰੁਣਾ ਜਾਂ ਦਇਆ ਦੇ ਪੁੰਜ ਹਨ। ਦੀਨ ਦੁਖੀ ਲੋਕਾਂ ਦੇ ਦੁੱਖ ਦੂਰ ਕਰਨ ਵਾਲੇ ਹਨ। ਯੁੱਧ ਤੇ ਬੁੱਧ ਦੋਨਾਂ ਵਿਚ ਕਮਾਲ ਕਰਨ ਵਾਲੇ ਹਨ। ਧੀਰਜਵਾਨ ਹਨ। ਅਜਿਹੇ ਸਤਿਗੁਰੂ ਦੇ ਆਗਮਨ ਦਾ ਪ੍ਰਮੁਖ ਪ੍ਰਯੋਜਨ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਕੇ ਅਰਥ ਭਰਪੂਰ ਤੇ ਸਨਮਾਨ ਭਰਪੂਰ ਜੀਵਨ ਜਿਊਂਣ ਦੀ ਪ੍ਰੇਰਨਾ ਦੇਣਾ ਸੀ। ਭਾਈ ਜੀ ਗੁਰੂ ਮਹਾਰਾਜ ਦੀ ਉਪਮਾ ਇਉਂ ਕਰਦੇ ਹਨ :

ਸੂਰਨ ਸੁਰਾਨੀ ਛਬਿ ਨੂਰਨ ਨੂਰਾਨੀ ਦਿਖ
ਕਰਨ ਕਰਾਨ ਗੁਰੂ ਮੇਰੇ ਮਨ ਭਾਇ ਹੈ।
ਸਾਹਿਨ ਕੇ ਸਾਹੁ ਅਰ ਪੀਰਨ ਕੇ ਪੀਰ ਗੁਰੂ
ਦੇਖ ਕੇ ਦਰਸ ਸਿਖ ਤ੍ਰਿਪਤ ਅਘਾਇ ਹੈ।
ਧਰਨੀ ਧਰਨ ਅਰ ਨਭ ਪ੍ਰਕਾਸ਼ ਪ੍ਰਭੂ
ਬੀਰਨ ਕੇ ਬੀਰ ਨਿਜ ਦਰ ਪੈ ਝੁਕਾਇ ਹੈ।
ਤੇਗਨ ਕੇ ਤੇਜ ਅਰ ਤੀਰਨ ਕੀ ਚੋਂਚ ਸੰਗ

ਸੋਈ ਹੁਈ ਹਿੰਦ ਕੋ ਜਗਾਨੇ ਪ੍ਰਭੂ ਆਇ ਹੈ।[8]

ਭਾਈ ਜੀ ਨੇ ਸਤਿਗੁਰੂ ਨੂੰ ਸਖੀ, ਦਾਨੀ, ਦਾਤਾ, ਜਤੀ, ਸ਼ਸਤਰਧਾਰੀ ਤੇ ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਆਖਦਿਆਂ ਦੱਸਿਆ ਹੈ ਕਿ ਜਦੋਂ ਸਤਿਗੁਰੂ ਜੀ ਕੂਚ ਕਰਦੇ ਹਨ ਤਾਂ ਨਾਲ ਮੈਂ ਭਾਵ ਭਾਈ ਜੀ ਖੁਦ ਨਗਾਰਾ ਵਜਾਉਂਦੇ ਹਨ ਜਿਸ ਤੋਂ ਸਵੈ ਸਪਸ਼ਟ ਹੈ ਕਿ ਸਤਿਗੁਰੂ ਜੀ ਬੜੀ ਠਾਠ ਬਾਠ ਨਾਲ ਰਹਿੰਦੇ ਸਨ ਤੇ ਇਹਨਾਂ ਦਾ ਇਹ ਰੰਗ ਰੂਪ ਦੇਖ ਪਹਾੜੀ ਰਾਜਾਂ ਤੇ ਮੁਗ਼ਲ ਰਾਜ ਦਰਬਾਰ ਵਿਚ ਹਲਚਲ ਹੋਈ, ਕਿਉਂਕਿ ਇਕ ਰਾਜ ਵਿਚ ਇਕ ਹੋਰ ਵੱਖਰਾ ਰਾਜ ਸਥਾਪਿਤ ਕਰਨ ਦਾ ਯਤਨ ਜਾਪਣ ਲੱਗਾ। ਭਾਈ ਜੀ ਇਸ ਚੜ੍ਹਤ ਬਾਰੇ ਲਿਖਦੇ ਹਨ :

ਆਨੰਦ ਸੁਰੂਪ ਗੁਰੂ ਗੋਬਿੰਦ ਸਮਾਨ ਸਖੀ
ਦਾਨੀ ਦਾਤਾ ਜਤੀ ਕੋਊ ਦੂਸਰਾ ਨਾ ਪਾਊ ਹੂੰ।
ਤੀਰ ਤਲਵਾਰ ਖੰਡਾ ਖੜਗ ਕੈ ਧਾਰਣੀ ਕਉ
ਤਬਰ ਬੰਦੂਕ ਨੇਜਾ ਢਾਲ ਪਹਿਨਾਊ ਹੂੰ।
ਚਰਨ ਸਰਨ ਜਬ ਆਇ ਕੋਊ ਦੀਨ ਦੁਖੀ
ਦੁਖੀਏ ਮਨਿੰਦ ਦੁਖੀ ਪ੍ਰਭੂ ਜੀ ਕਉ ਪਾਊਂ ਹੂੰ।
ਦੁਖ ਕੇ ਨਿਵਾਰਨਹਿ ਕਉ ਪ੍ਰਭੂ ਜੀ ਚਲਤ ਜਬਹਿ
ਨਾਗਰ ਨਗਾਰਹਿ ਤਬਹਿ ਚੋਟ ਹਉਂ ਲਗਾਊ ਹੂੰ।[9]

ਭਾਈ ਜੀ ਨੇ ਆਪਣੀ ਸ਼ਰਧਾਲੂ ਦ੍ਰਿਸ਼ਟੀ ਨਾਲ ਸਤਿਗੁਰ ਦਾ ਦਰਸ਼ਨ ਕਰਦਿਆਂ ਸਤਿਗੁਰੂ ਨੂੰ ਕਲਪ ਬ੍ਰਿਛ ਵਾਂਗੂ ਮੰਨਿਆ ਹੈ ਜੋ ਇੱਛਾ ਪੂਰਕ ਹੈ ਤੇ ਚਿੜੀਆਂ ਨੂੰ ਬਾਜ ਬਣਾਉਣ ਦੇ ਸਮਰਥ ਹਨ। ਅਜਿਹਾ ਕਾਰਜ ਬਲੀ ਮਹਾਂਪੁਰਖ ਹੀ ਕਰ ਸਕਦਾ ਹੈ :

ਮਨ ਇਛਤ ਸੋ ਫਲ ਪਾਇਤ ਹੈ ਨਰ,
ਜੋ ਗੁਰੁ ਗੋਬਿੰਦ ਸਰਨ ਪਰੇ ਹੈ।
ਜੋ ਜੁਧ ਕੋ ਇਛਤ-ਆਇਤ ਹੈਂ।
ਤਿਹ ਸਰਨ ਪਰੇ ਹੋ ਕੇ ਜੂਝ ਮਰੇ ਹੈਂ।
ਨਹਿ ਗੋਬਿੰਦ ਜੈਸ ਬਲੀ ਧਰ ਪੈ
ਜਿਹ ਚਟਕਨ ਬਾਜਹਿ ਸੰਗ ਲਰੇ ਹੈਂ।
ਨਹਿ ਬਰਨ ਸਕਹੁੰ ਮਹਿਮਾਂ ਗੁਰ ਕੀ
ਜੋਇ ਹੋਰ ਤੇ ਹੋਰ ਤੇ ਹੋਰ ਪਰੇਂ ਹੈਂ।[10]

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ

ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਬਾਰੇ ਸਮਕਾਲੀ ਲਿਖਤਾਂ ਵਿਚੋਂ ਅਨੇਕਾਂ ਪ੍ਰਮਾਣ ਮਿਲਦੇ ਹਨ ਤੇ ਉਸ ਦੇ ਜੀਵਨ ਮੰਤਵ ਜਾਂ ਮਨੋਰਥ ਦਾ ਵੀ ਪਤਾ ਲੱਗਦਾ ਹੈ- ਉਹ ਇਕ ਹੀ ਸੀ ਕਿ ਸਾਰੇ ਹਿੰਦੁਸਤਾਨ ਵਿਚ ਇਕ ਧਰਮ ਕਰਨਾ ਹੈ- ਇਸਲਾਮ। ਉਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਹਰ ਹੀਲਾ ਕੀਤਾ ਗਿਆ 'ਲਾਲਚ, ਡਰ, ਤਸ਼ੱਦਦ ਤੇ ਕਤਲਾਮ'। ਗੁਰੂ ਤੇਗ ਬਹਾਦਰ ਸਾਹਿਬ ਪਾਸ ਪੰਡਿਤਾਂ ਨੇ ਫ਼ਰਿਆਦ ਕੀਤੀ, ਆਪਨੇ ਸ਼ਹੀਦੀ ਦੇ ਕੇ ਹਿੰਦੂ ਧਰਮ ਨੂੰ ਬਚਾਉਣ ਲਈ ਮਨ ਵਿਚ ਧਾਰ ਲਿਆ।

ਦਿੱਲੀ ਵਿਚ ਪੁੱਜ ਗਏ। ਸ਼ਾਹੀ ਹਿਰਾਸਤ ਵਿਚ, ਔਰੰਗਜ਼ੇਬ ਦੀ ਕੋਈ ਸ਼ਰਤ ਨਹੀਂ ਮੰਨੀ। ਡਰ ਨਾ ਮੰਨਿਆ। ਆਪਣੀ ਆਖੀ ਸੱਚੀ ਸੁੱਚੀ ਤੇ ਸਿੱਟਾ ਨਿਕਲਿਆ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਆਦੇਸ਼ ਦੇ ਦਿੱਤਾ ਗਿਆ। ਸਤਿਗੁਰੂ ਨੇ ਸਾਕਾ ਕਰ ਵਿਖਾਇਆ। ਸੀਸ ਦੀਆ ਪਰ ਸਿਰਰ ਨਾ ਦੀਆ। ਔਰੰਗਜ਼ੇਬ ਦੀ ਹਾਰ ਹੈ ਇਹ ਬੜੀ ਵੱਡੀ ਕਿ ਇਕ ਫ਼ਕੀਰ ਨੂੰ ਆਪਣੀ ਗੱਲ ਨਾ ਤਾਂ ਤਰਕ ਜਾਂ ਵਿਚਾਰ ਦੇ ਪੱਧਰ ਤੇ ਮੰਨਾ ਸਕਿਆ ਤੇ ਨਾ ਤਸ਼ੱਦਦ ਨਾਲ। ਗੁਰੂ ਗੋਬਿੰਦ ਸਿੰਘ ਜੀ ਨੇ ਸਤਿਗੁਰੂ ਦੇ ਸੀਸ ਨੂੰ ਅਨੰਦਪੁਰ ਵਿਖੇ ਲਿਆਉਣ ਦਾ ਬਿਖਮ ਕਾਰਜ ਭਾਈ ਜੀਵਨ ਸਿੰਘ ਨੂੰ ਸੌਂਪਿਆ ਜੋ ਸ਼ਹੀਦੀ ਸਾਕਾ ਵਰਤਣ ਤੋਂ ਪਹਿਲਾਂ ਭੇਸ ਬਦਲ ਕੇ ਦਿੱਲੀ ਜਾ ਪੁੱਜੇ। ਸ਼ਾਹੀ ਹੰਕਾਰ ਦਾ ਸਿਖਰ ਸੀ ਕਿ ਕਤਲਗਾਹ ਵਿਚ ਸੀਸ ਤੇ ਧੜ ਪਿਆ ਰਹਿਣ ਦਿੱਤਾ ਤੇ ਢੰਡੋਰਾ ਪਿਟਵਾ ਦਿੱਤਾ ਕਿ ਜੇਕਰ ਕੋਈ ਸਿੱਖ ਹੈ ਗੁਰੂ ਕਾ ਤਾਂ ਉਹ ਇਹ ਸੀਸ ਉਠਾ

ਲਵੇ। ਸਰਕਾਰੀ ਭੈ ਤੇ ਤਸ਼ੱਦਦ ਤੋਂ ਡਰਦਿਆਂ ਦਿੱਲੀ ਨਿਵਾਸੀ ਕਿਸੇ ਸਿੱਖ ਨੇ ਇਹ ਮਹਾਨ ਕਾਰਜ ਕਰਨ ਦਾ ਹੌਸਲਾ ਹੀ ਨਾ ਕੀਤਾ ਤੇ ਆਪਣੇ ਆਪ ਨੂੰ ਰਾਮ ਭਗਤ ਅਖਵਾ ਕੇ ਜਾਨ ਬਚਾਉਣ ਦੀ ਸੋਚੀ। ਭਾਈ ਜੀ ਦੇ ਸ਼ਬਦ ਹਨ :

ਹਿੰਦਵਾਨੀ ਜਿੰਮ ਕੀਓ ਕੁਕਾਜਾ।
ਪ੍ਰਭ ਸਿਵਕਨ ਕਉ ਆਵਹਿ ਲਾਜਾ।
ਆਪਨ ਕਉ ਨਹਿ ਸਿਖ ਬਖਾਨੈ।
ਸਭ ਸਿਖ ਰਾਮ-ਭਗਤ ਪ੍ਰਮਾਨੈ।[11]

ਅਜਿਹੀ ਦਸ਼ਾ ਸੀ ਲੋਕਾਂ ਦੀ, ਸਿੱਖਾਂ ਦੀ, ਹਿੰਦੂਆਂ ਦੀ ਜਿਹਨਾਂ ਦੇ ਧਰਮ ਦੀ ਰਾਖੀ ਲਈ ਸਾਹਿਬ ਨੇ ਸੀਸ ਭੇਟ ਕੀਤਾ।

ਭਾਈ ਜੈਤਾ ਜੀ ਤਰਲੋਮੱਛੀ ਹੋਏ ਹਾਲਤ ਬਾਰੇ ਵਿਚਾਰ ਕਰਦੇ ਰਹੇ ਤੇ ਅਖੀਰ ਆਪਣੇ ਪਿਤਾ ਨੂੰ ਕਹਿਣ ਲੱਗੇ ਸੀਸ ਤਾਂ ਹਨ੍ਹੇਰ ਵਿਚ ਰਾਤ ਬਰਾਤੇ ਚੁੱਕਿਆ ਜਾ ਸਕਦਾ ਹੈ ਪਰ ਮੁਗ਼ਲ ਪਹਿਰੇਦਾਰਾਂ ਨੂੰ ਭਰਮ ਵਿਚ ਰੱਖਣ ਲਈ ਉਥੇ ਹੋਰ ਸੀਸ ਰੱਖਣਾ ਪਵੇਗਾ। ਧੰਨ ਸਿੱਖੀ ਧੰਨ ਗੁਰੂ ਕਾ ਪਿਆਰ। ਸਤਿਗੁਰੂ ਦੇ ਚਰਨ ਕਮਲਾਂ ਦੇ ਭਉਰੇ ਭਾਈ ਜੀ ਦੇ ਪਿਤਾ ਨੇ ਆਖਿਆ ਠੀਕ ਹੈ ਮੇਰਾ ਸੀਸ ਕੱਟ ਕੇ ਲੈ ਜਾਹ ਤੇ ਸਤਿਗੁਰੂ ਜੀ ਦਾ ਸੀਸ ਸੰਭਾਲ ਕੇ ਅਨੰਦਪੁਰ ਪੁੱਜ। ਭਾਈ ਜੀ ਨੇ ਅਜਿਹਾ ਕੀਤਾ। ਗੁਰੂ ਜੀ ਦੀ ਪ੍ਰੀਤ ਹਿੱਤ ਪਿਤਾ ਵਾਰ ਦਿੱਤਾ ਤੇ ਹਨ੍ਹੇਰੇ ਵਿਚ ਸੀਸ ਵਟਾ ਕੇ ਨਿਕਲ ਤੁਰੇ। ਮੰਜ਼ਲਾਂ ਮਾਰਦੇ ਲੁਕਦੇ ਛਿਪਦੇ ਅਨੰਦਪੁਰ ਵਿਖੇ ਸਤਿਗੁਰੂ ਗੋਬਿੰਦ ਸਿੰਘ ਜੀ ਪਾਸ ਪੁੱਜ ਗਏ। ਸਤਿਗੁਰੂ ਜੀ ਦਾ ਸੀਸ ਦੇਖਕੇ ਸੰਗਤਾਂ ਵਿਆਕੁਲ ਹੋ ਗਈਆਂ। ਭਾਈ ਜੀ ਨੇ ਇਸ ਸਮੇਂ ਨੂੰ ਇਉਂ ਆਪਣੀ ਰਚਨਾ ਵਿਚ ਅੰਕਿਤ ਕੀਤਾ ਹੈ :

ਸੀਸ ਨਿਹਾਰ ਕੇ ਗੁਰੂਵਰ ਕਾ
ਨਰ ਨਾਰ ਸਬਹਿ ਅਤਿ ਹੀ ਅਕੁਲਾਏ।
ਤਿਨ ਪਾਵਕ ਜਾਨ ਲਗੀ ਉਰ ਮਹਿ।
ਜਨ ਸੋਕ ਦਿਵਾਗਨਿ ਦੇਹ ਤਪਾਏ।
ਗੁਰ ਸਿਖਨ ਮਨ ਇਮ ਕ੍ਰੋਧ ਭਯਾ
ਜਿਮ ਬਿਖ ਕੇ ਬ੍ਰਿਖ ਉਰ ਮਹਿ ਪਲ ਆਏ।
ਜਨ ਜੀਵਨ ਅਬ ਦੁਸਵਾਰ ਭਯਾ
ਤਨ ਮਨ ਸਬ ਤੁਰਕਨ ਦੀਓ ਜਲਾਏ।[12]

ਗੁਰੂ ਸਾਹਿਬ ਨੇ ਸੰਗਤਾਂ ਨੂੰ ਧੀਰਜ ਰੱਖਣ ਦਾ ਉਪਦੇਸ਼ ਦਿੱਤਾ ਤੇ ਭਾਈ ਜੈਤੇ ਨੂੰ ਗਲ ਲਗਾਕੇ ਆਪਣਾ ਬੇਟਾ ਆਖਿਆ :

ਜਗਤੇ ਤਾਰਣਹਾਰ ਗੁਰ ਤਾਰ ਦੀਏ ਰੰਘਰੇਟੜੇ
ਗੁਰ ਪਾਰਸ ਕੇ ਕਰ ਦੀਏ ਰੰਘਰੇਟੇ ਗੁਰ ਬੇਟੜੇ।[13]

ਗੁਰ ਤੇਗ ਬਹਾਦਰ ਸਾਹਿਬ ਦਾ ਸੀਸ ਦਾ ਸਸਕਾਰ ਕਰਨ ਤੇ ਅੰਤਮ ਰੀਤਾਂ ਗੁਰ ਮਰਿਆਦਾ ਅਨੁਸਾਰ ਕਰਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਮਨ ਵਿਚ ਵਿਚਾਰਾਂ ਕੀਤੀਆਂ ਕਿ ਇਹ ਸਭ ਕੁਝ ਕਿਉਂ ਹੋਇਆ? ਸਿੱਖਾਂ ਨੇ ਸਤਿਗੁਰੂ ਦੇ ਪਾਵਨ ਸੀਸ ਨੂੰ ਉਥੋਂ ਉਠਾਉਣ ਤੇ ਆਦਰ ਸਹਿਤ ਸਸਕਾਰ ਕਰਨ ਲਈ ਕਿਉਂ ਹਿੰਮਤ ਨਾ ਕੀਤੀ ? ਇਤਿਆਦ, ਇਸ ਬਾਰੇ ਭਾਈ ਜੀ ਦੇ ਸ਼ਬਦ ਹਨ :

ਕਾਹੇ ਦਿਲ ਵਾਲੀ ਸਿਖ ਗੁਰ ਤੇ ਬੇਮੁੱਖ ਹੋਇ
ਕਾਹੇ ਨਰ ਨਾਰ ਨਾਹਿ ਗੁਰ ਪ੍ਰਮਾਨਯੋ॥
ਕਾਹੇ ਗੁਰ ਸਿਖਨ ਕੈ ਮਨ ਲਜਿਆਏ ਨਾਹੀ
ਕਾਹੇ ਨਾਹੀ ਤੁਰਕੂ ਭੀ ਸਿਖ ਪਹਿਚਾਨਯੋ॥
ਕਾਹੇ ਨਵ ਸ੍ਰੋਣਤ ਅਭਾਖ ਰਹਿਓ ਸੰਗ ਸਮ
ਕਾਹੇ ਨਾਹੀ ਹਿੰਦ ਸੁ ਖੁਨਸ ਮਨਹਿ ਆਨਯੋ॥
ਕਾਹੇ ਭੁਜ ਦੰਡ ਭੀ ਆਸਕਤਿ ਭਏ ਤ੍ਰਿਣ ਸਮ

ਕਾਹੇ ਬਡ ਬੋਧ ਕਰਤਵਯ ਨਹੀਂ ਜਾਨਯੋ॥[14]

ਗੁਰੂ ਗੋਬਿੰਦ ਸਿੰਘ ਨੇ ਫਿਰ ਫੈਸਲਾ ਕੀਤਾ ਕਿ ਮੈਂ ਸਿੱਖ ਨੂੰ ਹੁਣ ਅਜਿਹਾ ਸਰੂਪ ਪ੍ਰਦਾਨ ਕਰਾਂਗਾ ਕਿ ਉਹ ਲੱਖਾਂ ਕਰੋੜਾਂ ਵਿਚ ਵੀ ਪਛਾਣਿਆ ਜਾਵੇ ਕਿ ਇਹ ਗੁਰੂ ਦਾ ਸਿੱਖ ਹੈ। ਇਸ ਬਾਰੇ ਭਾਈ ਜੈਤਾ ਜੀ ਦੇ ਸ਼ਬਦ ਹਨ :

ਯਾਹੀ ਸੁ ਵਿਚਾਰ ਗੁਰ ਮਨ ਲੀਨਾ ਧਾਰ ਅਬ,
ਸਿਖ ਕਉ ਆਯੁਧ ਸਬ ਹਾਥ ਪਕੜਾਊਂਗੋ॥
ਸਾਬਤ ਸਰੂਪ ਸਿਖ ਜਤੀ ਸਤੀ ਹੋਇਗੋ ਔ,
ਗਿਆਨੀ ਧਿਆਨੀ ਯੋਧਾ ਗੁਰ ਸਿਖ ਕੋ ਬਨਾਊਂਗੋ॥
ਕੋਟਨ ਮਹਿ ਸੋਭਾ ਅਰ ਦਿਖ ਪ੍ਰਮਾਨ ਪਾਵੇ,
ਐਸੇ ਹੀ ਅਨੂਪ ਰੂਪ ਸਿਖ ਕੋ ਸਜਾਊਂਗੋ॥
ਦੀਨਨ ਕਾ ਸਖਾ ਬਡ ਸਿਖ ਮੇਰੋ ਹੋਇਗੋ ਔ,
ਦੰਡ ਨੀਤ ਬਿਦਿਆ ਕੋ ਬੋਧ ਕਰਵਾਊਂਗੋ ॥[15]

ਇਸ ਉਪਰੰਤ ਕਈ ਦਿਨ ਦਮਦਮੇ ਵਿਚ ਬੈਠ ਕੇ ਚਿੰਤਨ ਕਰਨ ਉਪਰੰਤ ਆਪ ਨੇ ਘਿਓ ਆਦਿ ਸਮੱਗਰੀ ਨੂੰ ਅਗਨੀ ਦਿੱਤੀ ਤੇ ਉਸ ਦੀਆਂ ਲਾਟਾਂ ਉਚੀਆਂ ਉੱਠੀਆਂ। ਸਤਿਗੁਰੂ ਨੰਗੀ ਤਲਵਾਰ ਹੱਥ ਲੈ ਕੇ "ਜੈ ਤੇਗੀ ਜੈ ਤੇਗੀ" ਉਚਾਰਦੇ ਦੀਵਾਨ ਵਿਚ ਆ ਗਏ ਤੇ ਕਹਿਣ ਲੱਗੇ ਇਕ ਸੀਸ ਦੀ ਜ਼ਰੂਰਤ ਹੈ। ਇਕ ਸੇਵਕ ਹੱਥ ਜੋੜ ਕੇ ਖੜੋ ਗਿਆ। ਆਪ ਉਸ ਨੂੰ ਤੰਬੂ ਵਿਚ ਲੈ ਗਏ ਤੇ ਫਿਰ ਇਉਂ ਪੰਜ ਸਿੱਖਾਂ ਨੂੰ ਵਾਰੀ ਵਾਰੀ ਤੰਬੂ ਵਿਚ ਲੈ ਗਏ । ਕਾਫ਼ੀ ਚਿਰ ਸਤਿਗੁਰੂ ਤੇ ਕੋਈ ਸਿੱਖ ਬਾਹਰ ਨਾ ਨਿਕਲਿਆ ਤਾਂ ਸਿੱਖਾਂ ਵਿਚ ਘੁਸਰ ਮੁਸਰ ਹੋਣ ਲੱਗੀ ਕਿ ਸਤਿਗੁਰੂ ਨੇ ਸਾਰੇ ਸਿੱਖ ਮਾਰ ਮੁਕਾਏ ਹਨ :

ਕੇਤੀ ਬਾਰ ਭਈ ਸਤਿਗੁਰ ਤਉ
ਪੁਨ ਤੰਬੂ ਤੇ ਬਾਹਰ ਨਾ ਆਯੋ॥
ਖੁਸਰ ਮੁਸਰ ਸਿਖਨ ਮਹਿ ਹੋਇਹੈ
ਪਾਂਚਹੁ ਕੋ ਗੁਰ ਮਾਰ ਮੁਕਾਯੋ॥[16]

ਫਿਰ ਹੌਲੀ ਹੌਲੀ ਕੱਚੇ ਸਿੱਖ ਬਾਹਰ ਨਿਕਲਣ ਲੱਗੇ ਪਰ ਸਿਦਕਵਾਨ ਟਿਕੇ ਰਹੇ ਤੇ ਉਹਨਾਂ ਦੀ ਇੱਛਾ ਸੀ ਸਤਿਗੁਰੂ ਜੀ ਦੇ ਲੇਖੇ ਸੀਸ ਲੱਗੇ। ਸਿੱਖਾਂ ਦੀ ਮਨੋਦਸ਼ਾ ਬਾਰੇ ਭਾਈ ਜੀ ਲਿਖਦੇ ਹਨ :

ਧੀਰੇ ਧੀਰੇ ਨਿਕਸਨ ਲਾਗੈ
ਜਿਹ ਸਿਖ ਕਾਚਾ ਨਾਮ ਧਰਾਯੋ॥
ਕਿਛ ਕਿਛ ਬੈਠ ਰਹਯੋ ਨਹਿ ਗਮਨੇ
ਕਿਵ ਗੁਰ ਘਰ ਮਹਿ ਮਾਨ ਰਹਾਯੋ॥
ਕਿਛੁ ਪੂਰੇ ਪ੍ਰੇਮੀ ਪਦ-ਪੰਕਜ
ਬੈਠ ਰਹਯੋ ਨਹਿ ਬਾਰੀ ਪਾਯੋ॥
ਅਬ ਕੀ ਬਾਰ ਸੁ ਮੰਚ ਸੁਹਾਏ।
ਪਾਂਚ ਸਿਖਨ ਕਉ ਸਿੰਘ ਸਜਾਯੋ॥[17]

ਫਿਰ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਵਿਚ ਬੈਠ ਕੇ ਉਹਨਾਂ ਸਿੰਘਾਂ ਨੂੰ ਸਿੱਖ ਦੀਆਂ ਰਹਿਤਾਂ-ਕੁਰਹਿਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਸਤਿਸੰਗਤ ਵਿਚ ਬੈਠੇ ਸਿੱਖ ਹੈਰਾਨ ਸਨ ਕਿ ਇਹ ਸਿੱਖ ਜੀਵਤ ਕਿਵੇਂ ਹੋ ਗਏ ? ਪਰ ਇਹ ਰਹਸ ਹੈ। ਇਸ ਦਾ ਥਹੁ ਕੌਣ ਪਾ ਸਕਦਾ ਹੈ ? ਭਾਈ ਜੀ ਦੇ ਸ਼ਬਦ ਹਨ :

ਪੁਨ ਕੈਸੇ ਸਿਖ ਜੀਵਤ ਭਏ ਹੈਂ
ਸਬਹਿਨ ਕੇ ਮਨ ਅਤਿ ਭਰਮਾਯੋ॥
ਸਰਧਾਹੀਨ ਭਏ ਅਤਿ ਬੌਨੇ
ਗੁਰ ਮਹਿਮਾ ਕੋ ਭੇਦ ਨਾ ਪਾਯੋ॥[18]

ਇਉਂ ਸਤਿਗੁਰੂ ਜੀ ਨੇ ਖਾਲਸਾ ਸਾਜਣ ਦਾ ਕੌਤਕ ਕੀਤਾ। ਭਾਈ ਜੈਤਾ ਜੀ ਗੁਰੂ ਸਾਹਿਬ ਦੇ ਸਮਕਾਲੀ ਹੀ ਨਹੀਂ ਸਨ ਸਗੋਂ ਅਤਿ ਪ੍ਰਿਆ ਅਤੇ ਨਿਕਟ-ਵਰਤੀ ਸਿੱਖ ਵੀ ਸਨ। ਆਪ ਨੇ ਉਹਨਾਂ ਪ੍ਰਚਲਤ ਵਿਚਾਰਾਂ ਨਾਲੋਂ ਵੱਖਰੀ ਗੱਲ ਕੀਤੀ ਹੈ। ਲੋਕਾਂ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਸੰਗਤ ਨੂੰ ਭੁਲੇਖੇ ਵਿਚ ਪਾ ਕੇ ਰੱਖਿਆ ਅਤੇ ਤੰਬੂ ਵਿਚ ਪਹਿਲਾਂ ਤੋਂ ਹੀ ਬੰਨ੍ਹੇ ਹੋਏ ਬੱਕਰਿਆਂ ਨੂੰ ਝਟਕਾ ਕੇ ਇਹ ਪ੍ਰਭਾਵ ਦਿੱਤਾ ਕਿ ਉਹਨਾਂ ਨੇ ਵਾਰੋ ਵਾਰੀ ਦੀਵਾਨ ਵਿਚੋਂ ਉਠਾਏ ਸਿੱਖਾਂ ਨੂੰ ਝਟਕਾ ਦਿੱਤਾ ਹੈ। ਕੁਝ ਨੇ ਇਹ ਲਿਖਿਆ ਕਿ ਗੁਰੂ ਸਾਹਿਬ ਨੇ ਵਾਸਤਵ ਵਿਚ ਹੀ ਸਿੱਖਾਂ ਨੂੰ ਵਾਰੀ ਵਾਰੀ ਸ਼ਹੀਦ ਕਰ ਦਿੱਤਾ ਅਤੇ ਫਿਰ ਸੁਰਜੀਤ ਕਰ ਵਿਖਾਇਆ। ਸ਼ਰਧਾਵਾਨ ਸਿੱਖਾਂ ਅਤੇ ਵਿਵੇਕ ਬੁੱਧੀ ਵਾਲੇ ਲੋਕਾਂ ਨੂੰ ਇਹ ਦੋਹਵੇਂ ਗੱਲਾਂ ਸਹੀ ਨਹੀਂ ਜਾਪਦੀਆਂ। ਪਹਿਲੀ ਗੱਲ ਇਸ ਲਈ ਸਹੀ ਨਹੀਂ ਜਾਪਦੀ ਕਿਉਂਕਿ ਬੱਕਰੇ ਝਟਕਾਉਣਾ ਸੰਗਤਾਂ ਨਾਲ ਛਲ ਦੇ ਤੁੱਲ ਹੈ ਜਿਸ ਦਾ ਗੁਰੂ ਪਰੰਪਰਾ ਵਿਚ ਕੋਈ ਥਾਂ ਨਹੀਂ। ਮ੍ਰਿਤਕਾਂ ਨੂੰ ਸੁਰਜੀਤ ਕਰਨਾ ਕਰਾਮਾਤੀ ਅੰਸ਼ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਮੂਲੋਂ ਹੀ ਨਕਾਰਿਆ ਹੋਇਆ ਸੀ। ਭਾਈ ਜੈਤਾ ਜੀ ਇਹਨਾਂ ਦੋਹਵੇਂ ਪਰੰਪਰਾਈ ਵਿਚਾਰਾਂ ਤੋਂ ਅੱਡਰੀ ਗੱਲ ਕਰਦੇ ਦਸਦੇ ਹਨ ਕਿ ਗੁਰੂ ਸਾਹਿਬ ਦੀ ਸਿਰਾਂ ਦੀ ਮੰਗ ਚਿੰਨ੍ਹਾਤਮਿਕ ਸੀ। ਜਿਸ ਦਾ ਭਾਵ ਸੀ ਕਿ ਗੁਰੂ ਲੇਖੇ ਲੱਗਾ ਸੀਸ, ਤਲਵਾਰ ਲੇਖੇ ਲੱਗਾ ਸੀਸ ਜਾਣਿਆ ਜਾਵੇ। ਜੋ ਗੁਰੂ ਸਾਹਿਬ ਦੇ ਇਸ ਭਾਵ ਨੂੰ ਸਮਝ ਗਏ ਉਹਨਾਂ ਗੁਰੂ ਸਾਹਿਬ ਦਾ ਫੁਰਮਾਨ ਮੰਨ ਲਿਆ ਅਤੇ ਗੁਰੂ ਸਾਹਿਬ ਨੇ ਤੰਬੂ ਵਿਚ ਲਿਜਾ ਕੇ ਉਹਨਾਂ ਨੂੰ ਆਪਣੇ ਸੰਕਲਪ ਵਰਗੇ ਸਿੱਖ ਸਜਾਇਆ ਅਤੇ ਸੰਗਤਾਂ ਦੇ ਸਾਹਮਣੇ ਉਹਨਾਂ ਸਿੱਖਾਂ ਨੂੰ ਆਦਰਸ਼ ਸਰੂਪ ਵਿਚ ਪੇਸ਼ ਕਰਕੇ ਰਹਿਤ ਮਰਿਯਾਦਾ ਸਮਝਾਈ। ਕਈ ਭੁੱਲੜ, ਸ਼ੰਕਾਵਾਦੀ, ਡਰਪੋਕ ਅਤੇ ਕਾਇਰ ਕਿਸਮ ਦੇ ਲੋਕਾਂ ਨੇ ਜਾਣ ਲਿਆ ਕਿ ਜੇ ਗੁਰੂ ਸਾਹਿਬ ਤੇਗ਼ ਲਹਿਰਾ ਕੇ ਸਿਰਾਂ ਦੀ ਮੰਗ ਕਰਦੇ ਹਨ ਤਾਂ ਉਹ ਸੱਚ ਮੁੱਚ ਹੀ ਅਜਿਹੇ ਸਿੱਖਾਂ ਨੂੰ ਜਿਹਨਾਂ ਸੀਸ ਦੇਣੇ ਪ੍ਰਵਾਨ ਕਰ ਲਏ ਕਤਲ ਕਰ ਦੇਣਗੇ।

ਪਹਾੜੀ ਰਾਜਿਆਂ ਨਾਲ ਲੜਾਈਆਂ

ਔਰੰਗਜ਼ੇਬ ਦੀ ਨੀਤੀ ਇਸਲਾਮ ਦਾ ਪ੍ਰਚਾਰ ਸੀ ਜਿਸ ਲਈ ਉਸ ਨੇ ਹਰ ਵਿਧੀ ਅਪਨਾਈ। ਡਰਾਉਣ ਤੋਂ ਲੈ ਕੇ ਤਸ਼ਦਦ ਤੱਕ ਤੇ ਤਸ਼ਦਦ ਤੋਂ ਲੈ ਕੇ ਜ਼ੁਰਮਾਨੇ ਕਰਨ ਤਕ ਸਭ ਢੰਗ ਵਰਤੇ ਜਿਸ ਦੇ ਫਲਸਰੂਪ ਕਈ ਤਾਂ ਪਲਾਂ ਵਿਚ ਹੀ ਧਰਮ ਤਿਆਗ ਕੇ ਮੁਸਲਮਾਨ ਬਣ ਗਏ।

ਗੁਰੂ ਗੋਬਿੰਦ ਸਿੰਘ ਜੀ ਦੀਆਂ ਬੀਰ ਰਸੀ ਕਾਰਵਾਈਆਂ ਦੀਆਂ ਖ਼ਬਰਾਂ ਜਦੋਂ ਔਰੰਗਜ਼ੇਬ ਨੂੰ ਪੁੱਜੀਆਂ ਤਾਂ ਉਸ ਨੇ ਪਹਾੜੀ ਰਾਜਿਆਂ ਕੋਲ ਗੁਰੂ ਸਾਹਿਬ ਨੂੰ ਖ਼ਤਮ ਕਰਨ ਲਈ ਹੁਕਮਨਾਮਾ ਭੇਜਿਆ। ਪਹਾੜੀ ਰਾਜਿਆਂ ਨੇ ਲੜਾਈ ਦਾ ਕੋਈ ਕਾਰਨ ਲੱਭਣ ਲਈ ਬੜੀਆਂ ਕੋਸ਼ਿਸ਼ਾਂ ਕੀਤੀਆਂ ਪਰ ਸਤਿਗੁਰੂ ਤਾਂ ਹਮੇਸ਼ਾਂ ਧਰਮ ਕਰਮ ਜਾਂ ਨਾਮ ਸਿਮਰਨ ਲਈ ਹੀ ਉਪਦੇਸ਼ ਦਿੰਦੇ ਸਨ ਤੇ ਸਦਾ ਪਰਉਪਕਾਰ ਕਰਦੇ ਸਨ। ਕਿਸੇ ਨੂੰ ਖੁਆਰ ਨਹੀਂ ਕਰਦੇ ਸਨ ਤੇ ਨਾ ਹੀ ਰਾਜਿਆਂ ਨੂੰ ਤੰਗ ਕਰਦੇ ਸਨ। ਅਖ਼ੀਰ ਉਹਨਾਂ ਨੇ ਬਹਾਨਾ ਬਣਾ ਹੀ ਲਿਆ ਕਿ ਸਤਿਗੁਰੂ ਜੀ ਆਪ ਨਗਾਰਾ ਨਾ ਵਜਾਇਆ ਕਰੋ ਕਿਉਂਕਿ ਬੜੀ ਭਿਆਨਕ ਆਵਾਜ਼ ਉੱਠਦੀ ਹੈ। ਪਹਾੜੀ ਰਾਜਿਆਂ ਦਾ ਬਚਾ ਇਸ ਵਿਚ ਹੈ ਕਿ ਆਪ ਇਸ ਥਾਂ ਨੂੰ ਤਿਆਗ ਕੇ ਕਿਧਰੇ ਹੋਰ ਡੇਰਾ ਕਰੋ ਪਰ ਸਤਿਗੁਰੂ ਨੇ ਮਨ ਵਿਚ ਰਾਜਿਆਂ ਦੀ ਕੂਟ-ਨੀਤੀ ਜਾਣ ਲਈ ਤੇ ਉਥੋਂ ਨਾਹਨ ਨਰੇਸ਼ ਦੇ ਇਲਾਕੇ ਵੱਲ ਨੂੰ ਕੂਚ ਕੀਤਾ। ਸ਼ਾਇਦ ਗੁਰੂ ਸਾਹਿਬ ਪਹਿਲਾਂ ਹੀ ਆਪਣੇ ਇਸ ਮਿੱਤਰ ਦੇ ਦੇਸ਼ ਵਿਚ ਕਿਆਮ ਕਰਨ ਦਾ ਮਨ ਬਣਾਈ ਬੈਠੇ ਸਨ। ਭਾਈ ਜੀ ਦੇ ਸ਼ਬਦਾਂ ਵਿਚ :

ਗੁਰ ਗੋਬਿੰਦ ਜਾਨ ਲੀਆ ਮਨ ਮਹਿ ਕੂਟਾਸਤਿ ਬਿਨਤੀ ਰਾਜਨ ਕੀ।
ਕਿਛੁ ਕਸਟ ਦੁੰਦੁਭਿ ਨਹਿ ਦੇਤ ਇਨੈ ਕਸੁ ਨਹਿ ਅਖੇਟਹਿ ਭਾਜਨ ਕੀ।
ਕੂਟਾਸਤਿ ਰਾਜਨ ਕਪਟ ਮਨਹਿ ਗੁਰ ਯਾਦ ਬਸਹਿ ਮਨ ਸਾਜਨ ਕੀ।
ਪ੍ਰਸਥਾਨ ਕੀਓ ਨਾਹਨੇਸ ਕਨੇ ਘਨਘੋਰ ਉਠੀ ਗਜ ਗਾਜਨ ਕੀ।[19]

ਜਦੋਂ ਸਤਿਗੁਰੂ ਜਮੁਨਾ ਦੇ ਤਟ ਤੇ ਜਾ ਰਹੇ ਸਨ ਤਾਂ ਅਗਿਓ ਮੇਦਨੀ ਪ੍ਰਕਾਸ਼ ਰਾਜਾ ਆ ਮਿਲਿਆ ਤੇ ਬੜਾ ਪ੍ਰਸੰਨ ਹੋਇਆ। ਉਹਨਾਂ ਦਿਨਾਂ ਵਿਚ ਹੀ ਬਦਰੁਦੀਨ ਸ਼ਾਹ, ਨੌਕਰ ਲਗਵਾਉਣ ਲਈ ਉਹਨਾਂ ਬੰਦਿਆਂ ਨੂੰ ਆਪਣੇ ਨਾਲ ਲੈ ਕੇ ਗੁਰੂ ਸਾਹਿਬ ਪਾਸ ਆਇਆ ਜਿਹਨਾਂ ਨੂੰ ਔਰੰਗਜ਼ੇਬ ਨੇ ਕੱਢ ਦਿੱਤਾ ਸੀ। ਇਹਨਾਂ ਵਿਚ ਭੀਖਨ ਸ਼ਾਹ ਤੇ ਕਾਲੇ ਖਾਂ ਆਦਿ ਸ਼ਾਮਲ ਸਨ। ਭਾਈ ਜੀ ਦੇ ਸ਼ਬਦਾਂ ਵਿਚ :

ਗੁਰ ਪਾਂਵ ਟਿਕਾਯ ਕੈ ਪਾਵਟਾਂ ਮਹਿ
ਪਿਖ ਕਾਲ ਭਵਿਖ ਬਯੌਂਤ ਬਨਾਯੋ॥
ਕਿਛ ਰਖਸਿਕ ਕੋਟ ਉਸਾਰ ਲੀਏ
ਸਭ ਅਸਤਰ ਸਸਤਰ ਬੀਚ ਟਿਕਾਯੋ॥
ਕਿਛ ਤੁਰਕ ਔਰੰਗ ਜੋ ਕਾਢ ਦੀਏ
ਸਾਹ ਬਦਰੁਦੀਨ ਗੁਰ ਪੈ ਲੈ ਆਯੋ॥
ਖਾਂ ਕਾਲਾ ਭੀਖਨ ਖਾਂ ਆਦਿਕ
ਆਇ ਚਰਨਨ ਮਹਿ ਸੀਸ ਨਿਵਾਯੋ।[20]

ਇਸ ਥਾਂ ਟਿਕਿਆਂ ਅਜੇ ਥੋਹੜਾ ਚਿਰ ਹੀ ਹੋਇਆ ਸੀ ਕਿ ਔਰੰਗਜ਼ੇਬ ਨੇ ਆਪਣੇ ਚਰਨ ਸੇਵਕ ਭੀਮ ਚੰਦ ਨੂੰ ਪ੍ਰਵਾਨਾ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਤੇ ਹਮਲਾ ਕਰੋ ਤੇ ਉਸ ਨੂੰ ਹਰਾ ਦਿਓ। ਉਸ ਨੇ ਹਮਲਾ ਕਰ ਦਿੱਤਾ ਤੇ ਭੰਗਾਣੀ ਦਾ ਯੁੱਧ ਸ਼ੁਰੂ ਹੋ ਗਿਆ। ਲੂਣਹਰਾਮੀ ਭੀਖਨ, ਹਯਾਤ ਤੇ ਨਜ਼ਾਬਤ ਖਾਂ ਗੁਰੂ ਜੀ ਦਾ ਸਾਥ ਛੱਡ ਕੇ ਭੀਮ ਚੰਦ ਵੱਲ ਚਲੇ ਗਏ। ਇਸ ਯੁੱਧ ਵਿਚ ਗੁਰੂ ਜੀ ਨੇ ਆਪ ਵੀ ਹਿੱਸਾ ਲਿਆ ਤੇ ਤੀਰਾਂ ਦੀ ਵਰਖਾ ਕਰ ਦਿੱਤੀ। ਭਾਈ ਜੀ ਦੇ ਸ਼ਬਦਾਂ ਵਿਚ :

ਸਰ ਕਾਨੋ ਖੇਚ ਗੁਰੂ ਛੋਰੈ
ਘਮਸਾਨ ਮਚਾ ਯੁੱਧ ਖੇਤ ਮਝਾਰੇ॥
ਮਾਰਾ ਗੁਰ ਤੁਰਕਨ ਕੋ ਸਮ ਹੀ
ਗੜਵਾਲ ਹੰਡੂਰ ਕਹਿਲੂਰੀ ਮਾਰੇ॥
ਬਰ ਬੀਰ ਸੰਗੋਸ਼ਾਹ ਜੀਤ ਮਲ
ਗੁਰੂ ਕਾਮ ਆਏ ਰਣ ਅਤਿ ਕਰਾਰੇ॥
ਜਨ ਸੂਹਾ ਪਹਿਰ ਚਲੀ ਯੁਵਤੀ
ਫੀਕੇ ਪ੍ਰਕਾਸ ਮਹਿ ਸ਼ੋਣ ਦਿਸਾਰੇ।[21]

ਭਾਈ ਜੈਤਾ ਜੀ ਨੇ ਅੱਖੀ ਡਿੱਠਾ ਯੁੱਧ ਦਾ ਹਾਲ ਬੜੇ ਸੁੰਦਰ ਸ਼ਬਦਾਂ ਵਿਚ ਪੇਸ਼ ਕੀਤਾ ਹੈ :

ਅਸ ਬੀਰ ਪੈ ਬੀਰ ਪ੍ਰਹਾਰ ਕਰੇ
ਜਨ ਅਹਿਰਨ ਚੋਟ ਹੈ ਕੀਨ ਲੋਹਾਰੈ॥
ਮੁਖ ਬੀਰਨ ਕੈ ਪ੍ਰਤਖ ਉਜਲ
ਮੁਖ ਭੀਰਨ ਕੈ ਡਰ ਛਾਰ ਪਸਾਰੇ॥
ਯੋ ਸਾਰ ਪੈ ਸਾਰ ਸੰਮੁਖ ਚਲੇ
ਘਨਘੋਰ ਫਟੇ ਜਨ ਬਾਦਰ ਕਾਰੇ॥
ਗੁਰਤੀਰਨ ਕੈ ਪ੍ਰਹਾਰ ਕਰਹਿ
ਜਨ ਖੇਤ ਕਿਸਾਨ ਧਰੇ ਕਟਵਾਰੇ।[22]

ਅਜਿਹੇ ਭਿਆਨਕ ਯੁੱਧ ਵਿਚ ਬਦਰੁਦੀਨ, ਕਿਰਪਾਲ ਦਾਸ, ਕਾਲੇ ਖਾਂ ਆਦਿ ਗੁਰੂ ਜੀ ਦੇ ਸਿਦਕਵਾਨਾਂ ਨੇ ਕਮਾਲ ਦੇ ਜੌਹਰ ਵਿਖਾਏ ਤੇ ਅਖ਼ੀਰ ਪਹਾੜੀ ਰਾਜੇ ਭੀਮ ਚੰਦ ਦੀ ਫੌਜ ਮਾਰ ਨਾ ਸਹਾਰਦੀ ਹੋਈ ਭੱਜ ਨਿਕਲੀ। ਭਾਈ ਜੀ ਦੇ ਸ਼ਬਦਾਂ ਵਿਚ :

ਸਾਹ ਬਦਰੁਦੀਨ ਕ੍ਰਿਪਾਲ ਦਾਸ
ਕਾਲੇ ਖਾਂ ਗੁਰ ਕੇ ਸਖੇ ਸਹੇਲੇ
ਇਵ ਲੋਥ ਪੈ ਲੋਥ ਰਣਹਿ ਭਾਰੀ,
ਜਿਮ ਗੇਹੂੰ ਕੇ ਖਲਹਾਨਿ ਰਖੇਲੈ॥
ਬਹੁ ਰਾਜਨ ਸੈਨ ਮਰੀ ਜੁਧ ਮਹਿ
ਔ ਨਮਕ ਹਰਾਮ ਪਠਾਨ ਰੁਹੇਲੇ॥
ਜਬ ਭੀਮ ਚੰਦਰਿ ਗੁਰ ਤੀਰ ਦੀਆ।

ਅਰ ਭਾਗ ਗਏ ਰਣ ਛਾਡ ਸੁਖੇਲੇ।[23]

ਇਉਂ ਸਤਿਗੁਰੂ ਨੇ ਭੰਗਾਣੀ ਦਾ ਯੁੱਧ ਜਿੱਤ ਲਿਆ। ਦੁਸ਼ਮਨ ਦੀ ਹਾਰ ਹੀ ਨਹੀਂ ਹੋਈ ਸਗੋਂ ਉਹਨਾਂ ਦੇ ਮਨਾਂ ਵਿਚ ਦਹਿਲ ਵੀ ਪੈ ਗਿਆ ਕਿ ਮਰਜੀਵੜਿਆਂ ਨਾਲ ਯੁੱਧ ਕਰਨਾ ਸੌਖਾ ਨਹੀਂ ਹੈ।

ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਸਾਜਣ ਮਗਰੋਂ ਸਭ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂਆਂ ਨੂੰ ਹੁਕਮ ਕੀਤਾ ਕਿ ਅੰਮ੍ਰਿਤ ਛਕੋ। ਰਹਿਤਵਾਨ ਬਣੋ। ਆਪਣਾ ਸੀਸ ਸਤਿਗੁਰੂ ਨੂੰ ਭੇਟਾ ਕਰੋ ਤੇ ਵਾਹਿਗੁਰੂ ਮੰਤ੍ਰ ਦੀ ਬਖਸ਼ਿਸ਼ ਪ੍ਰਾਪਤ ਕਰੋ। ਖ਼ਾਲਸੇ ਦੇ ਕਰਤਵ ਤੇ ਸਰੂਪ ਬਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰਾਂ ਨੂੰ ਭਾਈ ਜੀਵਨ ਸਿੰਘ ਨੇ ਇਉਂ ਅੰਕਿਤ ਕੀਤਾ ਹੈ :

ਗੁਰੂ ਗੋਬਿੰਦ ਸਿੰਘ ਸੁ ਪੰਥ ਕੀਆ
ਜਗ ਭੀਤਰ ਜੋ ਜਨ ਕੋ ਸੁਖਦਾਈ॥
ਜਹਿ ਸੋਂ ਸਬ ਬੰਧ ਮਿਟੇ ਜਮੇ ਕੈ
ਪਰਮਾਤਮਾ ਸਾਥ ਜੋ ਬੇਗ ਮਿਲਾਈ॥
ਜਗ ਤੀਰਥ ਜੋਗ ਸੋਂ ਮੁਕਤ ਭਇਆ
ਗੁਰ ਸਬਦਿ ਸੁ ਜਾਨ ਲੀਓ ਰਘੁਰਾਈ॥
ਕੁਹਹੁ ਜੀਵਨ ਸਿੰਘ ਅਚਿੰਤ ਭਏ
ਪਗ ਗੋਬਿੰਦ ਸਿੰਘ ਲੀਏ ਪ੍ਰਸਾਈ।[24]

ਖ਼ਾਲਸੇ ਨੂੰ ਪਰਉਪਕਾਰ ਕਰਨ ਲਈ ਦੀਨਾ ਦੀ ਰੱਖਿਆ ਕਰਨ ਤੇ ਯੁੱਧ ਵਿਚ ਜੂਝਣ ਲਈ ਤਤਪਰ ਰਹਿਣ ਲਈ ਉਪਦੇਸ਼ ਦਿੰਦਿਆਂ ਸਤਿਗੁਰੂ ਨੇ ਇਉਂ ਫੁਰਮਾਇਆ :

ਪ੍ਰਤਿਪਾਲ ਕਰੁਹੁ ਅਬ ਦੀਨਨ ਕੀ
ਗੁਰ ਬਾਤ ਯਾਹੀ ਮੁਖ ਤੈ ਪ੍ਰਕਾਸੀ॥
ਨਹਿ ਬਿਲੰਬ ਕਰਹੁ ਰਣ ਜੂਝਨ ਤੇ
ਜਗਜੀਵਨ ਜਾਨ ਲੇਹੁ ਜਨ ਦਾਸੀ॥
ਭਟ ਔਰ ਨਹਿ ਮੁਖ ਜੋਰਤ ਜਹਿ
ਸਿੰਘ ਜੂਝ ਮਰਹਿ ਰਣ ਮਹਿ ਅਬਨਾਸੀ॥
ਸਿੰਘ ਰਖਗੁ ਧਰਮ ਕੋ ਹੇਤ ਸਦਾ
ਆਧਰਮ ਪਕਰ ਜੜ ਮੂਲ ਬਿਨਾਸੀ।[25]

ਸਰਬਤ ਸਿੱਖ ਸੰਗਤ ਨੂੰ ਹੁਕਮ ਕੀਤਾ :

ਜਨ ਸੰਤ ਮਹੰਤ ਬਡੇ ਭਗਵੰਤ,
ਦੈ ਅੰਮ੍ਰਿਤ ਪੂਰਨ ਕਾਜ ਕੀਓ॥
ਫੁਨ ਕਹੀਅਨ ਅੰਮ੍ਰਿਤਪਾਨ ਕਰਹੁ,
ਸਬ ਬੰਧ ਕਟਹਿ ਤੁਮਰੇ ਸੁਤ ਜੀਉ॥
ਸਿਰ ਭੇਟ ਕਰਹੁ ਅਪਨੇ ਗੁਰ ਕਉ
ਗੁਰ ਨਦਰਿ ਤੇ ਗੁਰਮੁਖ ਅੰਮ੍ਰਿਤ ਪੀਓ॥
ਫੁਨ ਰਹਿਤ ਕੁਰਹਿਤ ਬਦਾਇ ਸਬੀ
ਗੁਰ ਵਾਹਿਗੁਰੂ ਗੁਰ ਮੰਤ੍ਰ ਦੀਓ।[26]

ਅੰਮ੍ਰਿਤ ਤਿਆਰ ਕਰਨ ਦੀ ਵਿਧੀ

ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਾਜਣ ਤੋਂ ਪਹਿਲਾਂ ਸਿੱਖਾਂ ਨੂੰ ਚਰਨਾਮ੍ਰਿਤ ਦੇ ਕੇ ਪੰਥ ਵਿਚ ਸ਼ਾਮਲ ਕੀਤਾ ਜਾਂਦਾ ਸੀ। ਉਹ ਗੁਰੂ ਜੀ ਦੇ ਦੱਸੇ ਅਨੁਸਾਰ ਆਚਾਰ ਵਿਹਾਰ ਕਰਦੇ ਤੇ ਨਿਤਨੇਮ ਦੇ ਧਾਰਨੀ ਬਣਕੇ ਜੀਵਨ ਵਿਚ ਚੰਗਾ ਰਾਹ ਅਖਤਿਆਰ ਕਰਦੇ ਤੇ ਪਰਮਪਦ ਦੀ ਪ੍ਰਾਪਤੀ ਲਈ ਸਾਰੀ ਉਮਰ ਯਤਨਸ਼ੀਲ ਰਹਿੰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਸੰਤ ਸਿਪਾਹੀ ਤਿਆਰ ਕਰਨ ਲਈ ਅੰਮ੍ਰਿਤ ਛਕਾਉਣ ਦੀ ਵਿਧੀ ਨਿਸਚਿਤ ਕੀਤੀ ਤੇ ਰਹਿਤ ਬਹਿਤ ਵਿਚ ਲੋੜੀਂਦੇ ਤੇ

ਮਹੱਤਵਪੂਰਨ ਪਰਿਵਰਤਨ ਕੀਤੇ।

ਅੰਮ੍ਰਿਤ ਤਿਆਰ ਕਰਨ ਦੀ ਵਿਧੀ-ਵਿਸ਼ੇਸ਼ ਨਿਸਚਿਤ ਕੀਤੀ ਜਿਸ ਬਾਰੇ ਵੱਖ ਵੱਖ ਲੇਖਕਾਂ ਨੇ ਆਪਣੇ ਆਪਣੇ ਢੰਗ ਅਨੁਸਾਰ ਲਿਖਿਆ ਹੈ। ਭਾਈ ਜੀਵਨ ਸਿੰਘ ਗੁਰੂ ਜੀ ਦੇ ਲਾਡਲੇ ਸੇਵਕ ਸਿੱਖ ਸਨ ਤੇ ਆਪਣੇ ਆਪ ਨੂੰ "ਗੁਰੂ ਸੁਤ" ਲਿਖਦੇ ਹਨ। ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਰਹਿੰਦਿਆਂ ਸਭ ਕੁਝ ਅੱਖੀਂ ਦੇਖਿਆ। ਉਹਨਾਂ ਨੇ ਜੋ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਲਿਖੀ ਹੈ। ਉਸ ਬਾਰੇ ਵਿਸਤਾਰ ਨਾਲ ਵਿਚਾਰ ਕਰਨੀ ਲੋੜੀਂਦੀ ਹੈ।

ਜਦੋਂ ਅੰਮ੍ਰਿਤ ਛਕਣ ਦੇ ਅਭਿਲਾਸ਼ੀ ਸਿੱਖ ਆਉਣ ਤਾਂ ਪੰਜ ਅੰਮ੍ਰਿਤਧਾਰੀ ਸਿੱਖਾਂ ਨੂੰ ਚੁਣਨਾ ਚਾਹੀਦਾ ਹੈ ਜੋ ਅੰਮ੍ਰਿਤ ਤਿਆਰ ਕਰਨ। ਉਹ ਸਣ-ਕੇਸੀ ਇਸ਼ਨਾਨ ਕਰਨ, ਸਵੱਛ ਬਸਤਰ ਧਾਰਨ ਕਰਨ। ਫਿਰ ਧਰਤੀ ਉੱਪਰ ਕੰਬਲ ਵਿਛਾਇਆ ਜਾਵੇ ਜਿਸ ਉਪਰ ਉਹ ਪੰਜੇ ਆਸਣ ਗ੍ਰਹਿਣ ਕਰਨ। ਲੋਹੇ ਦਾ ਬਾਟਾ ਉਸ ਕੰਬਲ ਉੱਪਰ ਰੱਖ ਕੇ ਉਸ ਵਿਚ ਜਲ ਪਾ ਲੈਣ ਤੇ ਆਪਣੀ ਨਜ਼ਰ ਉਸ ਬਾਟੇ ਵਿਚ ਟਿਕਾਉਣ। ਅੰਮ੍ਰਿਤ ਅਭਿਲਾਖੀ ਸਿੱਖਾਂ ਨੂੰ ਪੰਜ ਕਕਾਰ ਪਵਾਕੇ ਸਾਹਮਣੇ ਬੈਠਾ ਲੈਣਾ ਤੇ ਸਰਬਲੋਹ ਦੇ ਬਾਟੇ ਵਿਚ ਜਲ ਵਿਚ ਪਤਾਸੇ ਪਾ ਕੇ ਬੀਰ-ਆਸਣ ਗ੍ਰਹਿਣ ਕਰਕੇ ਹੱਥ ਵਿਚ ਖੰਡਾ ਲੈ ਕੇ ਇਕ ਸਿੰਘ ਬਾਟੇ ਵਿਚ ਖੰਡਾ ਫੇਰੇ ਤੇ ਨਾਲ ਜਪੁਜੀ ਸਾਹਿਬ ਦਾ ਪਾਠ ਕਰੇ। ਦੂਜਾ ਹੱਥ ਬਾਟੇ ਉੱਪਰ ਰੱਖੇ। ਪੰਜਾਂ ਵਿਚੋਂ ਜੋ ਦੂਸਰੇ ਚਾਰ ਹਨ ਉਹ ਵੀ ਬਾਟੇ ਤੇ ਹੱਥ ਰੱਖਣ ਤੇ ਆਪਣੀ ਆਪਣੀ ਵਾਰੀ ਤੇ ਪੰਜਾਂ ਬਾਣੀਆਂ ਦਾ ਪਾਠ ਕਰਨ। ਉਹ ਪੰਜ ਬਾਣੀਆਂ ਹਨ : ਜਪੁਜੀ, ਜਾਪ ਸਾਹਿਬ, ਸਵਈਏ, ਚੌਪਈ ਅਤੇ ਅਨੰਦ ਸਾਹਿਬ। ਇਉਂ ਪੰਜ ਬਾਣੀਆਂ ਦੇ ਪਾਠ ਸੰਪੰਨ ਹੋਣ ਨਾਲ ਅੰਮ੍ਰਿਤ ਦਾ ਬਾਟਾ ਤਿਆਰ ਹੋ ਜਾਂਦਾ ਹੈ। ਫਿਰ ਹਰ ਅੰਮ੍ਰਿਤ ਅਭਿਲਾਸ਼ੀ ਦੇ ਪੰਜ ਚੂਲੇ ਮੂੰਹ ਵਿਚ, ਪੰਜ ਚੂਲੇ ਕੇਸਾਂ ਵਿਚ, ਪੰਜ ਚੂਲੇ ਅੱਖਾਂ ਵਿਚ ਪਾਏ ਜਾਣ। ਹਰ ਵਾਰ ਚੂਲੇ ਨਾਲ ਅੰਮ੍ਰਿਤ ਜਾਚਕ ਵਾਹਿਗੁਰੂ ਜੀ ਕੀ ਫਤਹਿ ਬੁਲਾਵੇ। ਗਜਾਵੇ। ਇਕੋ ਬਾਟੇ ਵਿਚ ਸਾਰੇ ਅੰਮ੍ਰਿਤ ਛਕਣ। ਫਿਰ ਉਹ ਪੰਜ ਸਿੰਘਾਂ ਵਿਚੋਂ ਇਕ ਜਾਂ ਮੁੱਖੀ ਸਿੰਘ ਅੰਮ੍ਰਿਤ ਪਾਨ ਕਰਨ ਵਾਲਿਆਂ ਨੂੰ ਰਹਿਤ ਮਰਿਆਦਾ ਬਾਰੇ ਦੱਸੇ ਇਸ ਉਪਰੰਤ ਅਰਦਾਸ ਕਰਕੇ ਪ੍ਰਸ਼ਾਦ ਵਰਤਾਇਆ ਜਾਵੇ। ਫਿਰ ਸਭ ਨੂੰ ਇਕੱਠੇ ਬੈਠਾ ਕੇ ਇਕ ਬਰਤਨ ਵਿਚ ਲੰਗਰ ਪਾਣੀ ਛਕਾਇਆ ਜਾਵੇ।

ਪੰਜ ਕਕਾਰ

ਭਾਈ ਜੀਵਨ ਸਿੰਘ ਜੀ ਸਿੱਖ ਧਰਮ ਵਿਚ ਪੰਜ ਦੀ ਮਹੱਤਤਾ ਸਵੀਕਾਰ ਕਰਦੇ ਹਨ। ਪੰਚ ਪਰਵਾਨ ਪੰਚ ਪ੍ਰਧਾਨ ਤੇ ਫਿਰ ਦੱਸਦੇ ਹਨ ਪੰਜ ਕਕਾਰ ਸਿੱਖ ਹਰ ਹਾਲਤ ਵਿਚ ਧਾਰਨ ਕਰੇ ਉਹ ਕਕਾਰ ਹਨ- ਕ੍ਰਿਪਾਨ, ਕੜਾ, ਕਛ, ਕੇਸ ਤੇ ਕੰਘਾ। ਇਹ ਪੰਜ ਕਕਾਰ ਜੋ ਸਤਿਗੁਰੂ ਨੇ ਦਿੱਤੇ ਹਨ। ਇਹ ਪੰਜ ਵਿਕਾਰਾਂ ਦਾ ਨਾਸ਼ ਕਰਦੇ ਹਨ ਤੇ ਸਤਿਗੁਰੂ ਨੂੰ ਇਹ ਪੰਜ ਕਕਾਰ ਬੜੇ ਹੀ ਪਿਆਰੇ ਹਨ।

ਰਹਿਤ ਮਰਿਯਾਦਾ

ਭਾਈ ਜੀਵਨ ਸਿੰਘ ਨੇ ਸਿੱਖਾਂ ਦੀ ਰਹਿਤ ਬਾਰੇ ਬੜੇ ਹੀ ਵਿਸਥਾਰ ਨਾਲ ਲਿਖਿਆ ਹੈ ਤੇ ਪੂਰਨ ਗੁਰਸਿੱਖ ਜਾਂ ਖ਼ਾਲਸਾ ਬਣਨ ਲਈ ਕਿਹੜੇ ਕਿਹੜੇ ਨਿਯਮ ਅਪਨਾਏ ਜਾਣੇ ਚਾਹੀਦੇ ਹਨ ਉਹਨਾਂ ਦੀ ਵਿਆਖਿਆ ਕੀਤੀ ਗਈ ਹੈ ਉਹ ਆਚਾਰ ਸੰਕਲਪ ਦਾ ਹੈ।

1. ਹਿਰਦੇ ਵਿਚ ਪਰਮਾਤਮਾ ਦਾ ਧਿਆਨ ਧਾਰਨ ਕਰੇ ਤੇ ਮਨ ਵਿਚ ਯੁੱਧ ਚਿਤਾਰੇ। ਯੁੱਧ ਤੋਂ ਭਾਵ ਧਰਮ ਯੁੱਧ ਹੈ।
2. ਜਦੋਂ ਕੋਈ ਦੁਖੀ ਦੀਨ, ਮਜ਼ਲੂਮ ਆ ਕੇ ਸਹਾਇਤਾ ਲਈ ਬੇਨਤੀ ਕਰੇ ਤਾਂ ਆਪਣੇ ਨਿੱਜੀ ਆਰਾਮ ਸੁੱਖ ਚੈਨ ਆਨੰਦ ਨੂੰ ਤੁਰੰਤ ਤਿਆਗ ਕੇ ਉਸ ਦੀ ਸਹਾਇਤਾ ਲਈ ਚੱਲ ਪਵੇ।
3. ਜਾਤ-ਸੁਜਾਤ ਦਾ ਵਿਚਾਰ ਨਾ ਕਰੇ। ਸਾਰੀ ਮਨੁੱਖ ਜਾਤੀ ਨੂੰ ਪਰਮਾਤਮਾ ਦੇ ਬੱਚੇ ਕਰਕੇ ਜਾਣੇ।
4. ਬ੍ਰਾਹਮਣੀ ਰੀਤ ਰਿਵਾਜ ਕਰਮਕਾਂਡ ਪੂਜਾ ਪਾਠ ਦਾ ਤਿਆਗ ਕਰੇ ਤੇ ਗੁਰਮਤਿ ਅਨੁਸਾਰ ਚੱਲੇ। ਫਿਰ ਮੁਕਤੀ ਪ੍ਰਾਪਤ ਹੋ ਜਾਵੇਗੀ।
5. ਸਰੀਰ ਤੇ ਪਿਆਰ ਸਹਿਤ ਸ਼ਸਤਰ ਸਜਾਵੇ ਜੋ ਪਰਮਾਤਮਾ ਦੇ ਸੁੰਦਰ ਚਿੰਨ੍ਹ ਹਨ। ਬਿਨਾਂ ਸ਼ਸਤਰ ਬੰਦਾ ਗਿੱਦੜ ਹੀ ਰਹਿ ਜਾਂਦਾ ਹੈ। ਸ਼ਸਤਰਧਾਰੀ ਖ਼ਾਲਸਾ ਜਪ, ਤਪ, ਸਤ, ਸੰਜਮ ਆਦਿ ਸ਼ਸਤਰਾਂ ਤੋਂ ਪ੍ਰਾਪਤ ਕਰਦਾ ਹੈ ਤੇ ਹਮੇਸ਼ਾ ਤਪ ਸਾਧਨਾ ਵਿਚ ਲੱਗਿਆ ਰਹਿੰਦਾ ਹੈ।

6. ਕਦੇ ਆਪਣੇ ਰੋਮਾਂ ਭਾਵ ਕੇਸਾਂ ਦੀ ਬੇਅਦਬੀ ਨਾ ਕਰੇ। ਉਹ ਔਜਾਰ ਜਿਸ ਨਾਲ ਕੇਸ ਕਤਲ ਹੋ ਸਕਦੇ ਹਨ ਨੂੰ ਕਦੇ ਕੇਸਾਂ ਨੂੰ ਨਾ ਲੱਗਣ ਦੇਵੇ।
7. ਦਸਤਾਰ ਸਜਾ ਕੇ ਰੱਖੇ।
8. ਨੱਕ ਕੰਨ ਨਾ ਵਿਨ੍ਹਾਵੇ।
9. ਜਦੋਂ ਸਿੱਖ ਮਿਲੇ ਤਾਂ ਵਾਹਿਗੁਰੂ ਜੀ ਕੀ ਫਤਹਿ ਗਜਾਵੇ ਤੇ ਪ੍ਰਸ਼ਾਦਾ ਤਿਆਰ ਹੋ ਜਾਵੇ ਤਾਂ ਆਪ ਖਾਣ ਤੋਂ ਪਹਿਲਾਂ ਗ਼ਰੀਬਾਂ ਜਾਂ ਭੁੱਖਿਆਂ ਲੋਕਾਂ ਨੂੰ ਛਕਾਵੇ।
10. ਹੁੱਕਾ, ਕੁੱਠਾ, ਚਰਸ, ਤਮਾਕੂ ਆਦਿ ਨਸ਼ੀਲੀਆਂ ਤੇ ਮਾੜੀਆਂ ਵਸਤਾਂ ਨੂੰ ਕਦੇ ਭੁੱਲ ਕੇ ਵੀ ਹੱਥ ਨਾ ਲਗਾਵੇ। ਹੁੱਕਾ ਪੀਣ ਵਾਲੇ ਨਾਲ ਸਾਂਝ ਨਾ ਬਣਾਏ ਤੇ ਲਾਲ ਸੂਹਾ ਕੱਪੜਾ ਅਤੇ ਨਸਵਾਰ ਨੂੰ ਹਮੇਸ਼ਾ ਲਈ ਤਿਆਗ ਦੇਵੇ।
11. ਹਮੇਸ਼ਾ ਚੰਗੇ ਸਿੰਘਾਂ ਦੀ ਸੰਗਤ ਕਰੇ ਤੇ ਸਿੱਖੀ ਤੋਂ ਪਤਿਤ ਲੋਕਾਂ ਨਾਲ ਬਿਲਕੁਲ ਪਿਆਰ ਨਾ ਪਾਵੇ।
12. ਆਪਣੀ ਇਸਤਰੀ ਭਾਵ ਪਤਨੀ ਨਾਲ ਰੱਜ ਕੇ ਪਿਆਰ ਕਰੇ। ਪਰਾਈ ਬਹੁ ਬੇਟੀ ਨੂੰ ਆਪਣੀ ਮਾਤਾ ਸਮਾਨ ਜਾਣੇ।
13. ਬ੍ਰਾਹਮਣੀ ਕਰਮਕਾਂਡ-ਅਰਪਣ, ਪੂਜਾ, ਸੁੱਖਾਂ ਮੰਗਣੀਆਂ, ਤਰਪਣ, ਪੁੱਛਾਂ ਲੈਣੀਆਂ, ਵਰਤ ਆਦਿ ਸਭ ਨੂੰ ਖ਼ਾਲਸਾ ਤਿਆਗ ਦੇਵੇ। ਸ਼ਗਨ, ਮਹੂਰਤ, ਜੰਤਰ, ਮੰਤਰ, ਤੰਤਰ ਆਦਿ ਵਿਚ ਨਾ ਭਰਮੇ, ਸ਼ਰਾਧ ਖ਼ਾਲਸੇ ਨੂੰ ਮਨ੍ਹਾ ਹਨ।
14. ਝੂਠ, ਕਪਟ, ਛਲ ਚੋਰੀ, ਯਾਰੀ, ਨਿੰਦਿਆ, ਜੂਆ, ਅਨਿਆਂ, ਆਦਿ ਸਭ ਦਾ ਸਿੱਖ/ਖ਼ਾਲਸਾ ਤਿਆਗ ਕਰੇ।
15. ਲੋਕ ਮਤ ਦੇ ਉਲਟ ਭਾਈ ਜੀਵਨ ਸਿੰਘ ਨੇ ਖੇਤੀ ਦੀ ਬਜਾਏ ਵਪਾਰ ਨੂੰ ਉੱਤਮ ਕਿਰਤ ਮੰਨਿਆ ਹੈ। ਵਪਾਰ ਵੀ ਇਮਾਨਦਾਰੀ ਨਾਲ ਕਰੇ। ਦੂਜੇ ਦਰਜੇ ਦਾ ਕੰਮ ਖੇਤੀਬਾੜੀ ਮੰਨਿਆ ਹੈ। ਸਿੱਖ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਲਈ ਹਦਾਇਤ ਕੀਤੀ ਹੈ। ਖ਼ਾਲਸੇ ਨੂੰ ਅਵੱਲ ਤਾਂ ਚਾਕਰ ਬਣਨਾ ਹੀ ਨਹੀਂ ਚਾਹੀਦਾ ਤੇ ਜੇਕਰ ਮਜ਼ਬੂਰੀ ਵੱਸ ਚਾਕਰੀ ਕਰਨੀ ਹੀ ਪਵੇ ਤਾਂ ਫੌਜ ਵਿਚ ਨੌਕਰੀ ਕਰੇ।
16. ਕੇਵਲ ਅਕਾਲ ਪੁਰਖ ਨੂੰ ਮੰਨੇ ਤੇ ਉਸ ਨੂੰ ਨਮਸਕਾਰ ਕਰੇ। ਹੋਰ ਕਿਸੇ ਦੇਵੀ ਦੇਵਤੇ ਨੂੰ ਸੀਸ ਨਾ ਝੁਕਾਵੇ।
17. ਖ਼ਾਲਸਾ ਪਰਾਏ ਧਨ, ਪਰਾਈ ਸੰਪਤੀ ਤੇ ਕਦੇ ਅੱਖ ਨਾ ਰੱਖੇ।
18. ਕਿਸੇ ਹੋਰ ਦਾ ਹੱਕ ਬਿਲਕੁਲ ਨਾ ਮਾਰੇ।
19. ਨਿਹੱਥੇ ਤੇ ਵਾਰ ਨਾ ਕਰੇ। ਕਿਸੇ ਤੇ ਪਿਛਿਓਂ ਜਾਂ ਪਿੱਠ ਤੇ ਵਾਰ ਨਾ ਕਰੇ।
20. ਮੜ੍ਹੀ, ਮਸਾਣੀ, ਗੋਰ ਜਾਂ ਕਬਰ, ਬੁੱਤ ਆਦਿ ਨੂੰ ਖ਼ਾਲਸਾ ਭੁੱਲ ਕੇ ਵੀ ਮੱਥਾ ਨਾ ਟੇਕੇ।
21. ਜੋ ਸਿੱਖ ਆਪਣੇ ਆਪ ਨੂੰ ਪ੍ਰਤਿਪਾਲਕ ਜਾਣਦਾ ਹੈ ਉਹ ਮੂੜ੍ਹ ਹੈ, ਖ਼ਾਲਸਾ ਉਸ ਤੋਂ ਪ੍ਰਸ਼ਾਦ ਨਾ ਛਕੇ। ਆਪਣੇ ਇਸ਼ਟ ਬਿਨਾ ਕਿਸੇ ਹੋਰ ਦਾ ਪ੍ਰਸ਼ਾਦ ਨਾ ਛਕੇ ਕਿਉਂਕਿ ਅਜਿਹਾ ਕਰਨ ਨਾਲ ਮਤ ਭ੍ਰਸ਼ਟ ਹੋ ਜਾਂਦੀ ਹੈ। ਉਸ ਦਾ ਸਿਦਕ ਵੀ ਡੋਲਣ ਲੱਗਦਾ ਹੈ।
22. ਖ਼ਾਲਸਾ ਘੱਟ ਖਾਵੇ। ਘੱਟ ਸੌਵੇ ਤੇ ਲਾਲਚ ਵਸ ਕਦੇ ਵੀ ਜ਼ਿਆਦਾ ਪ੍ਰਸ਼ਾਦ ਨਾ ਛਕੇ। ਪ੍ਰਸ਼ਾਦ ਜਿਹੋ ਜਿਹਾ ਮਰਜ਼ੀ ਬਣਿਆ ਹੋਵੇ, ਸ਼ਰਧਾ ਸਹਿਤ ਛਕ ਲਵੇ ਤੇ ਕਦੇ ਭੁੱਲ ਕੇ ਵੀ ਪ੍ਰਸ਼ਾਦ ਦੀ ਨਿੰਦਿਆ ਨਾ ਕਰੇ। ਇਸ ਨੂੰ ਵਾਹਿਗੁਰੂ ਦੀ ਦੇਣ ਕਰਕੇ ਪ੍ਰਵਾਨ ਕਰੇ।
23. ਉਹ ਖਾਣਾ ਪੀਣਾ ਸਭ ਪਵਿੱਤਰ ਹੈ ਜੋ ਸਰੀਰ ਨੂੰ ਮਾਫ਼ਿਕ ਹੋਵੇ। ਸਭ ਅੰਨ ਪਵਿੱਤਰ ਹੈ।
24. ਜਦੋਂ ਸਿੰਘ ਖ਼ਾਲਸਾ ਸਰੀਰ ਤਿਆਗੇ ਤਾਂ ਉਸ ਦਾ ਸੋਗ ਨਾ ਮਨਾਇਆ ਜਾਵੇ ਕਿਉਂਕਿ ਇਹ ਵਾਹਿਗੁਰੂ ਦੇ ਭਾਣੇ ਵਿਚ ਹੀ ਹੁੰਦਾ ਹੈ। ਸਰੀਰ ਤਿਆਗਣ ਉਪਰੰਤ ਦੇਹ ਨੂੰ ਮੰਜੇ ਤੇ ਹੀ ਰਹਿਣ ਦੇਵੇ, ਭੁੰਜੇ ਧਰਤੀ ਤੇ ਨਾ ਲਿਟਾਇਆ ਜਾਵੇ । ਇਸ ਨੂੰ ਹਰਿ ਦਾ ਹੁਕਮ ਮੰਨੇ ਤੇ ਜਿਸ ਚੀਜ਼ ਨੂੰ ਮੰਨ ਮੰਨੇ ਛਕ ਲਵੇ। ਸੂਤਕ ਪਾਤਕ ਦਾ ਵਿਚਾਰ ਨਾ ਕਰੇ। ਐਸੀ ਘੜੀ ਵਿਚ ਮਨ ਵਿਚ ਪਰਮਾਤਮਾ ਦਾ ਨਾਮ ਜਪੇ ਤੇ ਉਸ ਦੀ ਕੀਰਤੀ ਗਾਵੇ।

ਹਵਾਲੇ ਅਤੇ ਟਿੱਪਣੀਆਂ

1. ਗੁਰਮੁਖ ਸਿੰਘ (ਡਾ.) ਭਾਈ ਜੈਤਾ ਜੀ : ਜੀਵਨ ਤੇ ਰਚਨਾ, ਲਿਟਰੇਚਰ ਹਾਊਸ, ਅੰਮ੍ਰਿਤਸਰ, 2003, ਪੰਨਾ 54
2. ਉਕਤ – ਪੰਨਾ 54
3. ਉਕਤ – ਪੰਨਾ 55
4. ਉਕਤ – ਪੰਨਾ 55
5. ਉਕਤ – ਪੰਨੇ 55-56
6. ਉਕਤ – ਪੰਨਾ 57
7. ਉਕਤ – ਪੰਨੇ 57-58
8. ਉਕਤ – ਪੰਨਾ 58
9. ਉਕਤ – ਪੰਨਾ 59
10. ਉਕਤ – ਪੰਨਾ 59
11. ਉਕਤ – ਪੰਨਾ 63
12. ਉਕਤ – ਪੰਨਾ 63
13. ਉਕਤ – ਪੰਨਾ 63
14. ਉਕਤ – ਪੰਨਾ 64
15. ਉਕਤ – ਪੰਨਾ 64
16. ਉਕਤ – ਪੰਨਾ 66
17. ਉਕਤ – ਪੰਨਾ 66
18. ਉਕਤ – ਪੰਨਾ 66
19. ਉਕਤ – ਪੰਨਾ 70
20. ਉਕਤ – ਪੰਨੇ 70-71
21. ਉਕਤ – ਪੰਨੇ 71-72
22. ਉਕਤ – ਪੰਨਾ 72
23. ਉਕਤ – ਪੰਨਾ 72
24. ਉਕਤ – ਪੰਨਾ 73
25. ਉਕਤ – ਪੰਨੇ 73-74
26. ਉਕਤ – ਪੰਨਾ 74
27. ਵਿਸਤਾਰ ਲਈ ਦੇਖੋ ਪੰਨੇ 78 ਤੋਂ 82

ਬੰਸਾਵਲੀਨਾਮੇ ਵਿਚ ਪ੍ਰਸਤੁਤ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬ੍ਰਿਤਾਂਤ

*ਡਾ. ਗੁਲਜਾਰ ਸਿੰਘ ਕੰਗ**

'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਸਿੱਖ ਇਤਿਹਾਸ ਦਾ ਇਕ ਬਹੁ-ਚਰਚਿਤ ਗ੍ਰੰਥ ਹੈ ਜਿਸ ਦਾ ਲੇਖਕ ਗੁਰੂ-ਘਰ ਦਾ ਨਿਕਟਵਰਤੀ ਭਾਈ ਕੇਸਰ ਸਿੰਘ ਛਿੱਬਰ ਹੈ। ਇਸ ਗ੍ਰੰਥ ਦੇ ਕੁਲ 14 ਚਰਣ ਹਨ ਜਿਹਨਾਂ ਵਿਚ ਪਹਿਲੇ ਦਸਾਂ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਦੇ ਸਾਰੇ ਗੁਰੂ ਸਾਹਿਬਾਨ ਦੇ ਜੀਵਨ ਬ੍ਰਿਤਾਂਤ ਅੰਕਿਤ ਹਨ। ਗਿਆਰ੍ਹਵੇਂ ਵਿਚ ਬੰਦਾ ਬਹਾਦਰ, ਬਾਰ੍ਹਵੇਂ ਵਿਚ ਜੀਤ ਸਿੰਘ (ਅਜੀਤ ਸਿੰਘ), ਤੇਰ੍ਹਵੇਂ ਵਿਚ ਮਾਤਾ ਸਾਹਿਬ ਦੇਵਾਂ ਅਤੇ ਚੌਧਵੇਂ ਵਿਚ ਸਮਕਾਲੀ ਸਿੱਖਾਂ ਦੀ ਸਥਿਤੀ ਨੂੰ ਬਿਆਨ ਕੀਤਾ ਹੈ। ਗ੍ਰੰਥ ਦੇ ਕੁਲ 2563 ਛੰਤ ਹਨ ਅਤੇ ਸਭ ਤੋਂ ਵੱਡਾ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਜਿਸ ਦੇ 737 ਛੰਤ ਹਨ। ਲੇਖਕ ਨੇ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ 50 ਸਾਲ ਬਾਅਦ 1826 ਬਿਕਰਮੀ ਨੂੰ ਸੰਪੂਰਨ ਕੀਤਾ ਸੀ -

ਅਸੂ ਸੁਦੀ ਇਕਾਦਸੀ ਇਹ ਪੋਥੀ ਪੂਰੀ ਕੀਤੀ।
ਟੁਟੀ ਭੱਨੀ ਜੋੜ ਜਾੜ ਸਾਬਤ ਕਰ ਲੀਤੀ।
ਸੰਮਤ ਅਠਾਰਾਂ ਸੈ ਛਬੀ ਸੇ ਬੀਤੇ ਭੋਗ ਪੋਥੀ ਦਾ ਪਾਇਆ।। (14/626)

ਏਨੀ ਨਜ਼ਦੀਕ ਦੀ ਰਚਨਾ ਹੋਣ ਕਰਕੇ ਭਾਈ ਕੇਸਰ ਸਿੰਘ ਛਿੱਬਰ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਰਤੀ ਕਾਲ ਦੇ ਵਧੇਰੇ ਸਿੱਖ ਸੰਗਠਨਾਂ ਅਤੇ ਪ੍ਰਸਿੱਧ ਸਿੱਖ ਆਗੂਆਂ ਦੇ ਸੰਪਰਕ ਵਿਚ ਰਿਹਾ ਹੋਵੇਗਾ। ਉਸ ਨੇ ਬਹੁਤਾ ਸਮਾਂ ਮਾਤਾ ਜੀ ਦੇ ਦਰਬਾਰ ਦਿੱਲੀ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਬਿਤਾਇਆ। ਜਿਨ੍ਹਾਂ ਉੱਘੇ ਸਿੱਖਾਂ ਦੇ ਸੰਪਰਕ ਵਿਚ ਉਹ ਰਿਹਾ ਉਨ੍ਹਾਂ ਵਿਚੋਂ ਮਾਮਾ ਕਿਰਪਾਲ, ਭਾਈ ਮਨੀ ਸਿੰਘ, ਭਾਈ ਤਾਰਾ ਸਿੰਘ ਆਦਿ ਨਾਮ ਵਿਸ਼ੇਸ਼ ਜ਼ਿਕਰ ਯੋਗ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਖ਼ਰਚ ਖਜ਼ਾਨੇ ਦੀ ਵਹੀ ਉਸ ਪਾਸ ਹੋਣ ਕਰਕੇ ਉਹ ਹਰ ਘਟਨਾ ਨੂੰ ਸੰਮਤ ਸੰਨਾਂ ਦੇ ਵੇਰਵੇ ਨਾਲ ਲਿਖਦਾ ਹੈ ਤੇ ਇਹ ਸੰਮਤ ਵਧੇਰੇ ਕਰਕੇ ਠੀਕ ਹੀ ਬੈਠਦੇ ਹਨ। ਉਹ ਖ਼ੁਦ ਲਿਖਦਾ ਹੈ :-

ਸੋ ਤਿਸ ਦਸਵੇਂ ਪਾਤਸ਼ਾਹ ਦੇ ਖ਼ਰਚੇ ਖਜਾਨੇ ਦੀ ਵਹੀ ਆਹੀ ਮੇਰੇ ਪਾਸ।
ਸੰਮਤੁ ਦਿਨ ਕੁਛੁ ਵਹੀ ਉਪਰੋ ਦੇਖ ਲਿਖੇ ਤਾਸ।
ਸੋ ਵਹੀ ਬਸੰਤ੍ਰ ਦੇਵਤਾ ਭਖ ਲਈ। ਜਮੂ ਨਗਰ ਐ ਅਗੁ ਲਾਗਤ ਭਈ।
ਸੰਗਤਿ ਕੀਤੀ ਵਡਿਆਈ ਮਾਮਾ ਕ੍ਰਿਪਾਲ ਸਿੰਘ ਸੁ ਤਿਖੀ।
ਸਾਹਿਬ ਦਸਵੇਂ ਪਾਤਸ਼ਾਹ ਦਾਸ ਕਾ ਮਾਮਾ ਡਿਠਾ ਅਖੀ।
ਭਾਈ ਮਨੀ ਸਿੰਘ ਤਾਰਾ ਸਿੰਘ ਜੀ ਕੀ ਸੰਗਤ।
ਕਉਰ ਸਿੰਘ ਚੰਦ੍ਰਾ ਡਿਠਾ ਵਿਚਿ ਪੰਗਤ।
ਹੋਰ ਬਹੁਤੇ ਸਿਖ ਡਿਠੇ ਗੁਰੂ ਕੇ ਪਿਆਰੇ।
ਲਿਖੇ ਬਚਨ ਸੁਨੇ ਸੁਨਾਏ ਤਿਸ ਸੰਗਤ ਮੰਝਾਰੇ।
ਭਲਿਆ ਗੁਰਮੁਖਾਂ ਸਿਖਾ ਵਡਿਆ ਦੇ ਕੀਤੇ ਦੀਦਾਰ।
ਮਾਤਾ ਸੁੰਦਰੀ ਮਾਤਾ ਸਾਹਿਬ ਦੇਈ ਜੀ ਦੇ ਦਿਲੀ ਦਰਬਾਰ।
ਦੋਨੋ ਦੀਵਾਨ ਸਾਹਿਬ ਚੰਦ ਦੀਵਾਨ ਧਰਮ ਚੰਦੁ ਦਸਵੇਂ ਪਾਤਿਸ਼ਾਹ ਦੇ।
ਹਉ ਧਰਮ ਚੰਦੁ ਕਾ ਨਾਤੀ ਲਿਖੀ ਪੋਥੀ ਮਨਕਰ ਚਾਹ ਕੇ। *(14/189-92)*

---

*ਔਸਟੀ ਕਲੋਨੀ, ਨੰਗਲ ਡੈਮ

ਜਿੱਥੋਂ ਤਕ ਭਾਈ ਕੇਸਰ ਸਿੰਘ ਛਿੱਬਰ ਦੇ ਜੀਵਨ ਦਾ ਸੰਬੰਧ ਹੈ, ਆਪ ਛਿੱਬਰ ਗੋਤ ਦੇ ਕਸ਼ਮੀਰੀ ਪੰਡਤ ਸਨ। ਇਨ੍ਹਾਂ ਦੇ ਬਜ਼ੁਰਗ ਜ਼ਿਲ੍ਹਾ ਜਿਹਲਮ ਦੇ ਪਿੰਡ 'ਕੜਿਆਲਾ' ਵਿਚ ਆ ਵੱਸੇ ਸਨ। ਸਿੱਖੀ ਨਾਲ ਇਸ ਘਰਾਣੇ ਦਾ ਸੰਬੰਧ ਭਾਈ 'ਪਿਰਾਗਾ' ਤੋਂ ਜੁੜਿਆ ਹੋਇਆ ਹੈ ਜੋ ਪੰਜਵੇਂ ਪਾਤਸ਼ਾਹ ਦਾ ਸਿੱਖ ਬਣਿਆ ਅਤੇ ਛੇਵੇਂ ਗੁਰੂ ਸਾਹਿਬ ਦੇ ਧਰਮ-ਯੁੱਧਾਂ ਵਿਚ ਸੂਰਮਿਆਂ ਵਾਂਗ ਜੂਝਿਆ ਸੀ। ਪਿਰਾਗਾ ਦਾ ਪੁੱਤਰ ਭਾਈ ਲੱਖੀ ਦਾਸ ਹੋਇਆ ਹੈ। ਲੱਖੀ ਦਾਸ ਦੇ ਅੱਗੇ ਦੋ ਪੁੱਤਰ ਭਾਈ ਦਰਗਹ ਮੱਲ (ਦਰਘਾ ਮੱਲ) ਤੇ ਭਾਈ ਹੀਰਾ ਨੰਦ ਹੋਏ। ਦਰਗਹ ਮੱਲ ਸੱਤਵੇਂ ਅਤੇ ਅੱਠਵੇਂ ਗੁਰੂ ਜੀ ਦਾ ਦੀਵਾਨ ਰਿਹਾ ਹੈ। ਭਾਈ ਹੀਰਾ ਨੰਦ ਦੇ ਭਾਈ ਮਤੀ ਦਾਸ, ਸਤੀ ਦਾਸ, ਜਤੀ ਦਾਸ, ਸਖੀਦਾਸ ਪੁੱਤਰ ਹੋਏ ਹਨ। ਭਾਈ ਮਤੀ ਦਾਸ ਤੇ ਸਤੀ ਦਾਸ ਨੌਵੇਂ ਪਾਤਿਸ਼ਾਹ ਦੇ ਦੀਵਾਨ ਸਨ ਤੇ ਇਨ੍ਹਾਂ ਨੂੰ ਦਿੱਲੀ ਵਿਖੇ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ਸੀ। ਦੀਵਾਨ ਦਰਗਾਹ ਮੱਲ ਦੇ ਅੱਗੇ ਧਰਮ ਚੰਦ ਤੇ ਸਾਹਿਬ ਚੰਦ ਪੁੱਤਰ ਸਨ ਅਤੇ ਇਹ ਦੋਵੇਂ ਗੁਰੂ-ਘਰ ਦੇ ਦੀਵਾਨ ਰਹੇ ਹਨ। ਧਰਮ ਚੰਦ ਦੇ ਪੁੱਤਰ ਗੁਰਬਖਸ਼ ਸਿੰਘ ਤੇ ਚਰਨ ਦਾਸ ਹੋਏ ਹਨ। ਗੁਰਬਖਸ਼ ਸਿੰਘ ਦੇ ਪੁੱਤਰ ਭਾਈ ਕੇਸਰ ਸਿੰਘ ਛਿੱਬਰ ਸਨ। ਇਸ ਦਾ ਵੇਰਵਾ ਬੰਸਾਵਲੀਨਾਮੇ ਵਿਚ ਇਸ ਪ੍ਰਕਾਰ ਆਉਂਦਾ ਹੈ –

(1) ਦੀਵਾਨ ਦੁਰਘਾ ਮੱਲ ਬ੍ਰਾਹਮਣ ਛਿੱਬਰ।
ਸੋ ਚਰਨੀ ਆਇ ਲਗਾ ਤਜਿ ਮਨ ਕਾ ਕਿਬਰ।
ਸਿਰੋਪਾਇ ਦੀਵਾਨੀ ਦਾ ਗੁਰੂ ਤੇਗ ਬਹਾਦਰ ਤਿਸ ਨੂੰ ਦਿਤਾ।
ਤਿਸ ਦਾ ਸਰੀਰ ਹੈਸੀ ਵਡਾ ਉਸ ਨੇ ਕੰਮ ਵਿਚ ਦੋਨੋ ਭਤੀਜੇ ਖੜੇ ਕੀਤਾ।
ਸਤੀਦਾਸ ਮਤੀਦਾਸ ਏਹ ਦੋਨੋਂ ਭਾਈ।
ਗੁਰ ਦੇ ਘਰਿ ਦੀ ਕੰਮ ਟਹਿਲ ਏਨਾ ਸਭ ਉਠਾਈ।
ਦੁਰਘਾਮਲ ਦਾ ਬੇਟਾ ਧਰਮ ਚੰਦ ਕਹਾਈ
ਸੋ ਆਹ ਨਿਕੜਾ ਕੰਮੁ ਗੁਰੂ ਕਾ ਭਾਈ ਉਠਾਇਆ ਨਹੀਂ ਜਾਈ। (9/33-34)

(2) ਸਾਹਿਬ ਚੰਦ ਅਤੇ ਧਰਮ ਚੰਦ ਦੁਇ ਆਏ।
ਬਚਨ ਕੀਤਾ ਗੁਰੂ ਕਾ ਕਮ ਲੇਹ ਉਠਾਏ।
ਤਿਨਾ ਬੇਨਤੀ ਆਪਨੀ ਸਭ ਕਹੀ ਉਚਾਰੀ।
ਜੀ ਅਸੀਂ ਹਾਂ ਦਾਸ ਕੰਮ ਗੁਰੂ ਕਾ ਭਾਰੀ।
ਬਚਨ ਕੀਤਾ ਤੁਸਾਡੇ ਵਡੇ ਹਮੇਸਾ ਕੰਮ ਗੁਰੂ ਕੇ ਵਿਚਿ ਰਹੇ।
ਤੁਸੀਂ ਆਦੀ ਕਦੀਮੀ ਸਿੱਖ ਅਸਾਡੇ ਘਰਿ ਵਿਚਿ ਅਹੇ।
ਤਿਸ ਧਰਮ ਚੰਦ ਕਾ ਹੋ ਨਾਤੀ ਸਿੰਘ ਕੇਸਰ ਮੇਰਾ ਨਾਉਂ।
ਬਚਨ ਕੀਤਾ ਚੌਪਾ ਸਿੰਘ ਦੁਹਾਂ ਨੂੰ ਸਿਰੋਪਾਉ ਪਹਨਾਉ।
ਦਰਬਾਰ ਦਾ ਦੀਵਾਨ ਸਾਹਿਬ ਚੰਦ ਕੀਤਾ।
ਖਜਾਨਾ ਡੋਸੇਖਾਨਾ ਕਹਿਆ ਧਰਮ ਚੰਦੁ ਨੂੰ ਸੋ ਉਸ ਨੇ ਲੀਤਾ।

(10/26-28)

ਗੁਰਬਖ਼ਸ਼ ਸਿੰਘ ਜਿਸ ਨੂੰ ਮਹਾਨ ਕੋਸ਼ ਦਾ ਕਰਤਾ ਮਤੀ ਦਾਸ ਦਾ ਭਤੀਜਾ ਅਤੇ ਦਸਵੇਂ ਗੁਰੂ ਦਾ ਹਜ਼ੂਰੀ ਸਿੱਖ ਦੱਸਦਾ ਹੈ। ਧਰਮ ਚੰਦ ਦਾ ਪੁੱਤਰ ਅਤੇ ਕੇਸਰ ਸਿੰਘ ਦਾ ਪਿਤਾ ਸੀ। ਇਸ ਦਾ ਜ਼ਿਕਰ ਵੀ ਬੰਸਾਵਲੀਨਾਮੇ ਵਿਚ ਹੋਇਆ ਹੈ –

ਧਰਮ ਚੰਦ ਪੁਤ ਨੂੰ ਦਿਲੀ ਪਠਾਇਆ।
ਨਾਲੇ ਹੁੰਡੀ ਨਾਲੇ ਸਿਖਾਂ ਵਲ ਲਿਖ ਭਿਜਿਵਾਇਆ।
ਕਾਸੀ ਤੇ ਵਿਸਨਪਾਲ ਬ੍ਰਹਮਨ ਆਇਆ।
ਤ੍ਰੈ ਸੈ ਵਿਦਿਆਰਥੀ ਨਾਲ ਲੈ ਆਇਆ।
ਕਸਮੀਰੋਂ ਸਿਵਬਾਕ੍ਰ ਬ੍ਰਹਮਨ ਟੁਰ ਆਇਆ।
ਅਤੇ ਦਿਲੀਓਂ ਗੁਰਬਖਸ਼ ਸਿੰਘ ਮਸਾਲਾ ਹੋਮ ਦਾ ਲੈ ਮੁੜਿਆ।

(10/56-57)

ਸੰਮਤ 1784 ਨੂੰ ਜਦ ਮਾਤਾ ਸਾਹਿਬ ਦੇਈ ਜੀ ਨੇ ਸਿੱਖ ਸੰਗਠਨ ਦਾ ਪ੍ਰਚਾਰ ਕੇਂਦਰ ਦਿੱਲੀ ਤੋਂ ਬਦਲ ਕੇ ਅੰਮ੍ਰਿਤਸਰ ਸਥਾਪਤ ਕਰਨ ਦਾ ਹੁਕਮ ਕੀਤਾ ਤਾਂ ਗੁਰਬਖਸ਼ ਸਿੰਘ ਮਾਮੇ ਕ੍ਰਿਪਾਲ ਨਾਲ ਦਰੋਗੇ ਦੀ ਹੈਸੀਅਤ ਵਿਚ ਅੰਮ੍ਰਿਤਸਰ ਗਿਆ ਸੀ ਤੇ ਉਸ ਸਮੇਂ ਕੇਸਰ ਸਿੰਘ ਛਿੱਬਰ ਅਜੇ ਬਾਲ ਅਵਸਥਾ ਵਿਚ ਸੀ –

ਫੇਰ ਮਾਮਾ ਕ੍ਰਿਪਾਲ ਸਿੰਘ ਜੀ ਅੰਮ੍ਰਿਤਸਰ ਜੀ ਆਏ।
ਰਾਮਦਾਸਪੁਰ ਦੇ ਪੈਂਚ ਮਿਲੇ ਸਭ ਜਾਏ। ....
ਨਗਰ ਲੋਕ ਬਹੁਤ ਮਿਲ ਆਏ। ਮੈਂ ਥਾ ਬਾਲਕੁ ਸਭ ਨਹੀਂ ਜਾਤਿ ਗਿਨਾਏ।
ਮਾ ਮਾ ਕ੍ਰਿਪਾਲ ਸਿੰਘ ਜੀ ਕੋਈ ਕਾਲ ਅੰਮ੍ਰਿਤਸਰ ਜੀ ਰਹੇ।
ਗੁਰੂ ਕੇ ਕੰਮ ਵਿਚ ਮੁਸੰਦੀ ਚਾਰਿ ਕਹੇ।
ਸਹਜਿ ਸਿੰਘ ਤ੍ਰਿਹਨਿ ਚਬੂਤ੍ਰਾ ਜਗਾਤ।
ਦਿਆਨਤਿ ਰਾਇ ਬ੍ਰਹਮਨ ਕੰਮ ਗਿਰਾਵਾ ਦਾ ਦਿਤਾ ਥਾਪ।
ਮਾਨ ਸਿੰਘ ਮਵੇੜਾ ਅਰੋੜਾ ਬੰਸੁ ਅਰਦਾਸਾ ਕਰੇ।
ਗੁਰਬਖਸ਼ ਸਿੰਘ ਛਿਬਰੁ ਬੇਟਾ ਧਰਮ ਚੰਦ ਦੀਵਾਨ ਦਾ ਦਰੋਗਾ ਕਰਿ ਧਰੇ।
ਗਊਖਾਨਾ ਖਜਾਨਾ ਹੋਰੁ ਕਾਰਖਾਨਾ ਸਭਨਾ ਦਾ ਦਰੋਗਾ।

(13/10-15)

ਜਿੱਥੋਂ ਤਕ 'ਬੰਸਾਵਲੀ ਨਾਮੇ' ਦੇ ਲਿਖਣ ਦਾ ਪ੍ਰਸ਼ਨ ਹੈ ਇਸ ਬਾਰੇ ਲੇਖਕ ਖੁਦ ਲਿਖਦਾ ਹੈ ਕਿ ਇਕ ਦਿਨ ਜੰਮੂ ਇਕ ਧਰਮਸਾਲਾ ਵਿਚ ਬੈਠੇ ਸਾਂ ਤਾਂ ਕੁਝ ਸਿੱਖਾਂ ਨੇ ਇਸ ਗੱਲ ਉੱਤੇ ਚਰਚਾ ਕੀਤੀ ਕਿ 'ਧਰਤੀ ਹੋਰ ਪਰੇ ਹੋਰ ਹੋਰ' ਦਾ ਅਰਥ ਕੀ ਹੈ ? ਮੇਰੇ ਪੁੱਤਰ ਸੇਵਾ ਸਿੰਘ ਨੇ ਮੇਰੀ ਰਾਏ ਪੁੱਛੀ ਤਾਂ ਉਸ ਦੇ ਉੱਤਰ ਵਿਚ ਇਹ ਗ੍ਰੰਥ ਲਿਖਿਆ ਗਿਆ –

ਸਾਧ ਸੰਗ ਕੀ ਸਭਾ ਮੈਂ ਬੈਠੇ ਸਭ ਬੁਧਵਾਨ।
ਪਾਠ ਹੋਵੇ ਤਾਂ ਗ੍ਰੰਥ ਜੀ ਗੁਰ ਚਰਚਾ ਕਰਤ ਗਿਆਨ।
ਕਰ ਮਜਨ ਧਰਮਸਾਲ ਸਭ ਆਏ ਥੇ ਸਿਖ ਭੋਰ।
ਤਹਾ ਬਚਨ ਐਸੇ ਨਿਕਸਾ 'ਧਰਤੀ ਹੋਰੁ ਮਰੇ ਹੋਰੁ ਹੋਰੁ।
ਇਸ ਦਾ ਅਰਥ ਬਿਚਾਰ ਤੇ ਗੁਜਰ ਗਏ ਦੁਇ ਜਾਮ।
ਤਬ ਸੁਤ ਸੇਵਾ ਸਿੰਘ ਕਹਾ ਪਿਤਾ ਤੁਮ ਕੁਛ ਕਰੋ ਬਿਆਨ।
ਸੰਬਤ ਅਠਾਰਾਂ ਸੋ ਛਬੀਸ ਮੈ ਸਾਵਨ ਸੁਦਿ ਦਸ ਚਾਰ।
ਜੰਮੂ ਨਗਰੀ ਕੇ ਬਿਖੈ ਬੈਠੇ ਥੇ ਧਰਮ ਸਾਲ।।

(1/7-10)

ਕੇਸਰ ਸਿੰਘ ਛਿੱਬਰ ਦੀ ਇਹ ਰਚਨਾ ਉਨ੍ਹਾਂ ਦੀ ਬਿਰਧ ਅਵਸਥਾ (ਬਿਰਦ ਅਵਸਥਾ ਕਿਸੇ ਮਠਾ ਅਠਾ ਸਠਾ ਕਹਿ ਲਿਤਾ। 14/463) ਦੀ ਹੈ। ਇਸ ਗ੍ਰੰਥ ਵਿਚੋਂ ਹੀ ਇਹ ਗੱਲ ਵੀ ਸਪਸ਼ਟ ਹੁੰਦੀ ਹੈ ਕਿ ਇਹ 70 ਸਾਲਾਂ ਦੀ ਲੰਮੀ ਸਾਧਨਾ (ਸਤਰ ਬਰਸ਼ ਸੋਧ ਮੈਂ ਕੀਤੀ ਤਾਂ ਇਹੁ ਕਥਾ ਬਣਾਈ। 14/624) ਦਾ ਸਿੱਟਾ ਹੈ। ਲੇਖਕ ਦੇ ਪਿਓ-ਦਾਦੇ ਗੁਰੂ-ਘਰ ਵਿਚ ਅਹਿਮ ਜ਼ੁੰਮੇਵਾਰੀਆਂ ਤੇ ਰਹੇ। ਇਹ ਸਾਰਾ ਕੁਝ ਦੱਸਦਾ ਹੈ ਕਿ ਇਹ ਰਚਨਾ ਸਿੱਖ ਇਤਿਹਾਸ ਨੂੰ ਨੇੜਿਓਂ ਬਿਆਨ ਕਰਨ ਵਾਲੀ ਮਹੱਤਵਪੂਰਨ ਰਚਨਾ ਹੈ, ਪਰ ਜੇਕਰ ਇਸ ਨੂੰ ਗੁਰਮਤਿ ਦੀ ਕਸਵੱਟੀ ਤੇ ਪਰਖੀਏ ਤਾਂ ਇਹ ਰਚਨਾ ਬ੍ਰਾਹਮਣੀ ਨਜ਼ਰੀਏ ਤੋਂ ਲਿਖੀ ਗਈ ਹੈ। ਲੇਖਕ ਖੁਦ ਬ੍ਰਾਹਮਣ ਹੁੰਦਾ ਹੋਇਆ ਹਰ ਥਾਂ ਬ੍ਰਾਹਮਣਾਂ ਦੀਆਂ ਤਾਰੀਫ਼ਾਂ ਕਰਦਾ ਹੈ ਜਿਵੇਂ 'ਉਤਮ ਜਾਮਾ ਬ੍ਰਹਮਨ ਹੈ।' (14/630) ਇਵੇਂ ਹੀ ਦਸਵੇਂ ਚਰਣ ਵਿਚ ਜਿੱਥੇ ਸਿੱਖ ਦੀਆਂ ਰਹਿਤਾਂ ਅਤੇ ਗੁਰੂ ਹੁਕਮਾਂ ਦਾ ਜ਼ਿਕਰ ਆਇਆ ਹੈ, ਉਥੇ ਵੀ ਲੇਖਕ ਲਿਖਦਾ ਹੈ – 'ਜੋ ਬ੍ਰਾਹਮਣ ਸਿਖ ਹੋਵੈ, ਤਿਸ ਦਾ ਆਦਰ ਸਨਮਾਨ ਬੜਾ ਕਰਨਾ।' (10/354)। ਇਸੇ ਪ੍ਰਕਾਰ ਜਦੋਂ ਮੁਸਲਮਾਨ ਹਾਕਮਾਂ ਵਲੋਂ ਅੰਮ੍ਰਿਤਸਰ ਸਰੋਵਰ ਦੀ ਬੇਅਦਬੀ ਹੁੰਦੀ ਹੈ ਤਾਂ ਲੇਖਕ ਪੰਡਤਾਂ ਪਾਸੋਂ ਹੋਮ ਕਰਵਾ ਕੇ ਉਸ ਨੂੰ ਪਵਿੱਤਰ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿੱਤਵ ਨੂੰ ਵੀ ਲੇਖਕ ਤੋੜ ਮਰੋੜ ਕੇ ਦੇਵੀ ਦੇ ਉਪਾਸਕ ਰੂਪ ਵਿਚ ਬਿਆਨ ਕਰਦਾ ਹੈ। ਇਵੇਂ ਇਹ ਰਚਨਾ ਗੁਰੂ ਵਿਅਕਤਿੱਤਵ ਨੂੰ ਸਿੱਖ ਦ੍ਰਿਸ਼ਟੀ ਤੋਂ ਨਹੀਂ ਨਿਹਾਰਦੀ, ਸਗੋਂ ਬ੍ਰਾਹਮਣੀ ਕਰਮ-ਕਾਂਡੀ ਦ੍ਰਿਸ਼ਟੀ

ਤੋਂ ਨਿਹਾਰਦੀ ਹੈ। ਇਸ ਰਚਨਾ ਵਿਚ ਪ੍ਰਸਤੁਤ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬ੍ਰਿਤਾਂਤ ਜਦੋਂ ਅਸੀਂ ਅਗਲੇ ਪੰਨਿਆਂ ਵਿਚ ਵੇਖਾਂਗੇ ਤਾਂ ਇਸ ਦਾ ਖੁਲਾਸਾ ਆਪਣੇ ਆਪ ਹੀ ਹੋ ਜਾਵੇਗਾ। ਇੱਥੇ ਇਸ ਰਚਨਾ ਨੂੰ ਲੈਣ ਦਾ ਸਾਡਾ ਮਕਸਦ ਵੀ ਇਹੀ ਹੈ ਕਿ ਅਜਿਹੀਆਂ ਰਚਨਾਵਾਂ ਨੂੰ ਬਿਨਾਂ ਵਿਚਾਰਿਆਂ ਜਦੋਂ ਅਸੀਂ ਸੱਚ ਮੰਨ ਬੈਠਦੇ ਹਾਂ ਤਾਂ ਇਸ ਨਾਲ ਸਿੱਖ ਧਰਮ ਦੀ ਸਹੀ ਤਸਵੀਰ ਸਾਹਮਣੇ ਨਹੀਂ ਆਉਂਦੀ, ਸਗੋਂ ਉਹ ਬਿੰਬ ਸਾਹਮਣੇ ਆਉਂਦਾ ਹੈ ਜਿਸ ਉੱਪਰ ਬਿਪਰਨ ਕੀ ਰੀਤ ਵਾਲੀ ਪਾਣ ਚਾੜ੍ਹੀ ਗਈ ਹੈ। ਸਿੱਖ ਸੰਸਥਾਵਾਂ ਅਤੇ ਵਿਦਵਾਨਾਂ ਨੂੰ ਨਿੱਠ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਅਜਿਹੀਆਂ ਰਚਨਾਵਾਂ ਵਿਚ ਲੇਖਕਾਂ ਦੇ ਲਿਖਣ ਪਿਛੋਂ ਘੁਸਪੈਠ ਹੋਈ ਹੈ ਜਾਂ ਫਿਰ ਲੇਖਕਾਂ ਨੇ ਜਾਣ-ਬੁੱਝ ਕੇ ਬ੍ਰਾਹਮਣੀ ਦ੍ਰਿਸ਼ਟੀਕੋਣ ਤੋਂ ਇਹ ਰਚਨਾਵਾਂ ਲਿਖੀਆਂ ਹਨ।

ਭਾਵੇਂ ਬੰਸਾਵਲੀ ਨਾਮੇ ਵਿਚ ਦਸਾਂ ਹੀ ਗੁਰੂ ਸਾਹਿਬਾਨ ਦਾ ਜੀਵਨ ਬ੍ਰਿਤਾਂਤ ਬਿਆਨ ਹੋਇਆ ਹੈ, ਪਰ ਅਸੀਂ ਇੱਥੇ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਜੀਵਨ-ਬ੍ਰਿਤਾਂਤ ਨੂੰ ਹੀ ਲਵਾਂਗੇ ਜੋ 10ਵੇਂ ਚਰਣ ਵਿਚ ਪ੍ਰਸਤੁਤ ਹੋਇਆ ਹੈ। ਚਰਣ ਦੇ ਆਰੰਭ ਵਿਚ ਹੀ ਗੁਰੂ ਜੀ ਦੇ ਜਨਮ ਬਾਰੇ ਸੰਮਤ ਸਹਿਤ ਸੂਚਨਾ ਇਸ ਪ੍ਰਕਾਰ ਦਰਜ ਹੈ :-

ਸੰਮਤੁ ਸਤਾਰਾਂ ਸੋ ਅਠਾਰਾਂ ਸਾਲ। ਤੀਰ ਤ੍ਰਿਬੇਨੀ ਨਗਰ ਪਟਨਾ ਬਿਸਾਲ।
ਪਿਤਾ ਤੇਗ ਬਹਾਦਰ ਜੀ ਕੇ ਧਾਮ।
ਮਾਤਾ ਗੁਜਰੀ ਕੇ ਉਦਰ ਤੇ ਜਨਮੇ ਗੁਰੂ ਗੁਬਿੰਦ ਸਿੰਘ ਜੀ ਨਾਮ।1
ਧਨੇਸਟਾ ਨਿਰਤ੍ਰ ਤੀਜੇ ਚਰਨ।
ਰਵਿਵਾਰ ਮਹੀਨੇ ਮਾਹ ਥਿਤ ਅਸਟਮੀ ਦੇਵੀ ਸਰਨ।
ਸੁਕਲਾ ਪਖ ਪਿਛਲੀ ਰੈਨ। ਅਨਹਦ ਧੁਨ ਹੋਈ ਮਧੇ ਮੈਨ।। 2।।

ਦਾਈ ਦਾ ਨਾਮ ਬੂਪੀ ਲਿਖਿਆ ਹੈ। ਪੰਡਤਾਂ ਨੇ 'ਗੋਬਿੰਦ ਰਾਇ' ਨਾਮ ਧਰਿਆ ਤੇ ਫਿਰ ਪੰਜਾਬ ਆ ਗਏ। ਮਤੀਦਾਸ ਤੇ ਸਤੀਦਾਸ ਦੇ ਭਤੀਜੇ ਹਰਿਜਸ ਰਾਏ ਤੋਂ ਗੁਰਮੁਖੀ ਪੜ੍ਹੀ। ਚਉਪਤਿ ਰਾਇ (ਚੌਪਾ ਸਿੰਘ) ਗੁਰੂ ਜੀ ਦਾ ਖਿਡਾਣਾ ਸੀ। ਸਤ ਸਾਲ ਦੀ ਉਮਰ ਹੋਈ ਤਾਂ ਫ਼ਾਰਸੀ ਪੜ੍ਹਨੀ-ਲਿਖਣੀ ਸ਼ੁਰੂ ਕੀਤੀ ਤੇ ਇਕ ਸਾਲ ਵਿਚ ਇਹ ਪੜ੍ਹਾਈ ਮੁਕੰਮਲ ਕਰ ਲਈ –

ਸਤ ਸਾਲ ਕੀ ਅਵਸਥਾ ਹੋਤੀ ਭਈ। ਤਬ ਪਾਰਸੀ ਲਿਖਣ ਦੀ ਸੌਕ ਪਈ। ੯।।
ਪਾਰਸੀ ਲਿਖਣ ਪੜਨ ਸਿਖਣ ਸਾਹਿਬ ਲਗੇ। ਉਹ ਸਿੱਖ ਮੁਨਸੀ ਬੈਠ ਰਹੇ ਚਰਨਾ ਅਗੇ।
ਏਕ ਸਾਲ ਮੋ ਪਾਰਸੀ ਸਿਖ ਲਈ। ਕਰਨ ਕਾਰਨ ਪੁਰਖ ਆਹਾ ਸਭ ਮਈ। ੧੦।।

ਸੰਮਤ 1726 (ਭਾਵ 9 ਸਾਲ ਦੀ ਉਮਰ) ਵਿਚ ਆਪ ਨੇ ਸ਼ਸਤਰ ਵਿਦਿਆ ਸਿੱਖਣੀ ਸ਼ੁਰੂ ਕੀਤੀ, ਜਿਸ ਵਿਚ ਤੀਰ-ਅੰਦਾਜ਼ੀ, ਤਲਵਾਰ, ਗਤਕਾ ਤੇ ਢਾਲ ਦੇ ਕਰਤੱਵ ਸਿੱਖੇ –

ਸੰਮਤ ਸਤਾਰਾ ਸੈ ਛਬੀ ਜਬ ਭਏ। ਤਬ ਸਸਤ੍ਰ ਵਿਦਿਆ ਸਿਖਨ ਦਿਲ ਭਏ।
ਛੋਟੀ ਧਨੁਖ ਅਰੁ ਛੋਟੇ ਹੀ ਤੀਰ। ਸੰਗ ਬਾਲਕ ਕੀ ਬਹੁਤੀ ਭੀੜ। ੧੧।।
ਸਿਪਰ ਤਲਵਾਰ ਭੀ ਨਿਕੜੀ ਬਨਵਾਈ। ਨਾਲੇ ਫੁਲਬੇ ਦੀ ਖੇਡ ਮਚਾਈ।
ਖਾਕ ਤੋਦੇ ਬਿੰਜਰ ਕਵਾਦੇ ਲੈਸਾ ਬਨਵਾਏ। ਤੀਨ ਜਾਮ ਵਿਚਿ ਖੇਡ ਬਿਚਾਏ।੧੨।।

ਲੇਖਕ ਗੁਰੂ ਜੀ ਦੇ ਸਾਰੇ ਦਿਨ ਦੇ ਰੁਝੇਵਿਆਂ ਬਾਰੇ ਵਿਸਥਾਰ ਨਾਲ ਬਿਆਨ ਕਰਦਾ ਹੈ ਕਿ :

ਏਕੁ ਜਾਮ ਭਜਨ ਦੋ ਜਾਮ ਖੇਡ ਏਕੁ ਜਾਮ ਕਥਾ ਸੁਨੀਐ
ਸੰਧਿਆ ਸਮੇਂ ਰਹੁਰਾਸ ਅਰੁ ਸੰਥਿਆ ਭਨੀਐ।
ਰੈਨ ਭੋਜਨ ਜਬ ਕਰ ਬਹੀਐ।
ਤਬ ਰਾਜਨੀਤ ਕਹਾਨੀ ਗੁਨੀਆ ਤੇ ਲਹੀਐ। ੧੪ ।।

ਭਾਵੇਂ ਹੋਰ ਇਤਿਹਾਸਕਾਰ ਪਹਿਲੇ ਮਹਿਲ ਮਾਤਾ ਜੀਤੋ ਨੂੰ ਮੰਨਦੇ ਹਨ ਪਰ ਛਿੱਬਰ ਅਨੁਸਾਰ 1730 ਬਿਕਰਮੀ ਵਿਚ ਆਪ ਦਾ ਵਿਆਹ ਮਾਤਾ ਸੁੰਦਰੀ ਨਾਲ ਹੋਇਆ – *ਸੰਮਤ ਸਤਾਰਾ ਸੈ ਤੀਸ ਜਬ ਭਏ। ਤਬ ਮਾਤਾ ਸੁੰਦਰੀ ਜੀ ਬਿਆਹ ਕਰ ਲਏ।* ਜਦ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਸੀਸ ਦਿੱਤਾ ਤਾਂ ਆਪ ਦੀ ਉਮਰ 14 ਸਾਲ ਦੀ ਸੀ –

ਦਿਤਾ ਸੀਸੁ ਰਖਿਆ ਧਰਮੁ। ਕੀਤਾ ਏਹੁ ਬਹਾਦਰੀ ਦਾ ਕਰਮੁ। ੨੦॥
ਚਉਦਾ ਬਰਸਾ ਦੀ ਗੁਬਿੰਦ ਸਿੰਘ ਕੀ ਆਉ।
ਏਹ ਸੁਣ ਕੇ ਸਭ ਸੋਢੀ ਤਜ ਗਏ ਮਾਖੋਵਾਲ ਗਾਉ।੨੧॥

ਗੁਰੂ ਜੀ ਪਾਸ ਜਦ ਸਿੱਖ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਆਏ ਤਾਂ ਆਪ ਨੇ ਵਿਧੀਵਤ ਢੰਗ ਇਸ ਦਾ ਸਸਕਾਰ ਕੀਤਾ ਤੇ ਇਸ ਪਿੱਛੋਂ ਕੁਝ ਸਮਾਂ ਸਮਾਧੀ ਵਿਚ ਬਹਿ ਕੇ ਤਪ ਕਰਦੇ ਰਹੇ। ਹਜ਼ੂਰ ਨੂੰ ਇਸ ਸਮਾਧੀ ਦੌਰਾਨ ਇਹ ਅਕਾਸ਼ਬਾਣੀ ਹੋਈ ਕਿ ਹੁਣ ਖੰਡਾ ਉਠਾਓ –

ਪਾਛੇ ਬੈਠੇ ਅੰਦਰ ਸਮਾਧਿ ਲਗਾਇ।
ਲਗੇ ਕਰਨ ਤਪੁ ਜੋ ਤੁਰਕਾਂ ਦਾ ਨਾਸ ਹੋਇ ਜਾਇ। ੨੨॥
ਤਬ ਤੇ ਸਾਹਿਬ ਕੋ ਅਕਾਸ ਬਾਣੀ ਭਈ ਪਕੜੋ ਖੰਡਾ ਇਨ ਕੀ ਬਾਜੀ ਹੈ ਗਈ।

ਇਸ ਪਿੱਛੋਂ ਸਾਰੇ ਮਸੰਦਾਂ ਨੂੰ ਬੁਲਾ ਕੇ ਤੇ ਦੇਵੀ ਦਿੱਤੇ ਬ੍ਰਾਹਮਣ ਪਾਸੋਂ ਸ਼ੁਭ ਮਹੂਰਤ ਕਢਵਾ ਕੇ ਗੁਰੂ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਇਸ ਸਮੇਂ ਆਪ ਨੇ ਗੁਰੂ ਘਰ ਦੇ ਪ੍ਰਬੰਧ ਦੀ ਸਾਂਭ ਸੰਭਾਲ ਵੀ ਵੱਖ-ਵੱਖ ਸਿੱਖਾਂ ਨੂੰ ਦਿੱਤੀ। ਸਾਹਿਬ ਚੰਦ ਨੂੰ ਦੀਵਾਨ ਤੇ ਧਰਮ ਚੰਦ ਨੂੰ ਤੋਸ਼ੇ ਦਾ ਖਜ਼ਾਨਚੀ ਬਣਾਇਆ ਗਿਆ।

ਬਾਕੀ ਜ਼ੁੰਮੇਵਾਰੀਆਂ ਉਵੇਂ ਹੀ ਰਹੀਆਂ। ਜਿਸ ਜਿਸ ਇਲਾਕੇ ਦਾ ਕੋਈ ਮਸੰਦ ਸੀ, ਉਹ ਉਥੇ ਹੀ ਰਿਹਾ। ਇਸ ਸਮੇਂ ਸਿੱਖਾਂ ਤੇ ਮਸੰਦਾਂ ਨੇ ਗੁਰੂ ਜੀ ਨੂੰ ਨਜ਼ਰਾਨੇ ਭੇਟ ਕੀਤੇ। ਚੌਪਾ ਸਿੰਘ ਨੇ ਸਾਰਿਆਂ ਨੂੰ ਸਿਰੋਪਾਉ ਦਿੱਤੇ। ਗੁਰੂ ਜੀ ਨੇ ਵਿਸਾਖੀ ਤੇ ਆਉਣ ਲਈ ਕਹਿ ਕੇ ਸਭ ਸਿੱਖ ਸੰਗਤਾਂ ਨੂੰ ਰੁਖਸਤ ਕੀਤਾ –

ਰਾਜ ਸਿੰਘਾਸਣ ਗੁਰਿਆਈ ਦੇ ਸਾਹਿਬ ਬੈਠੇ ਤਿਲਕੁ ਲਾਇਆ।
ਬਚਨ ਕੀਤਾ ਕੋਈ ਸਿਖਾਂ ਛਿਬਰਾਂ ਵਿਚੋਂ ਹੈ ਸੋ ਆਵੈ।
ਉਹ ਕਦੀਮੀ ਸਿਖ ਹੈਨ ਅਸਾਡੇ ਹਰਿ ਦੇ ਆਵੈ ਤਾ ਕੰਮ ਉਠਾਵੈ।੨੫॥
ਸਾਹਿਬ ਚੰਦ ਤੇ ਧਰਮ ਚੰਦ ਦੁਇ ਆਏ। ਬਚਨ ਕੀਤਾ ਗੁਰੂ ਕਾ ਕਮ ਲੇਹ ਉਠਾਏ।
ਤਿਨਾ ਬੇਨਤੀ ਅਪਨੀ ਸਭ ਕਹੀ ਉਚਾਰੀ।
ਜੀ ਅਸੀ ਹਾਂ ਦਾਸ ਕੰਮ ਗੁਰੂ ਕਾ ਭਾਰੀ। ੨੬॥
ਬਚਨ ਕੀਤਾ ਤੁਸਾਡੇ ਵਡੇ ਹਮੇਸਾ ਕੰਮ ਗੁਰੂ ਕੇ ਵਿਚਿ ਰਹੇ।
ਤੁਸੀਂ ਆਦੀ ਕਦੀਮੀ ਸਿਖ ਅਸਾਡੇ ਘਰਿ ਵਿਚਿ ਅਹੇ।
ਤਿਸ ਧਰਮ ਚੰਦ ਕਾ ਹੌਂ ਨਾਤੀ ਸਿੰਘ ਕੇਸਰ ਮੇਰਾ ਨਾਉਂ।
ਬਚਨ ਕੀਤਾ ਚੌਪਾ ਸਿੰਘ ਦੁਹਾਂ ਨੂੰ ਸਿਰੋਪਉ ਪਹਨਾਉ।੨੭॥
ਦਰਬਾਰ ਦਾ ਦੀਵਾਨ ਸਾਹਿਬ ਚੰਦ ਕੀਤਾ।
ਖਜਾਨਾ ਤੋਸੇਖਾਨਾ ਕਹਿਆ ਧਰਮ ਚੰਦੁ ਨੂੰ ਸੋ ਉਸ ਨੇ ਲੀਤਾ।
ਨਜਰਾ ਭੇਟ ਸਭ ਸਿਖ ਅਰੁ ਮਸੰਦ ਲੈ ਆਏ।
ਸਿਰਪਾਉ ਸਭਨਾਂ ਮਸੰਦਾਂ ਅਤੇ ਭਾਈਆਂ ਨੂੰ ਦੇਸਿ ਦੇਸਿ ਪਠਾਏ।੨੮॥
ਜਿਥੇ ਜਿਥੇ ਕੋਈ ਆਹਾ ਸੋ ਉਥੇ ਹੀ ਠਹਰਾਇਆ।
ਦਿਲਬਰੀ ਦਿਲਾਸਾ ਕਰਿ ਬਹੁਤ ਪਠਾਇਆ।
ਸੰਗਤਾਂ ਦਾ ਗਊਰ ਖਸਮਾਨਾ ਕਰਨਾ।
ਮੇਲੇ ਵੈਸਾਖੀ ਦੇ ਆਵਣ ਆਇ ਦਰਸਨ ਕਰਨਾ ਚਰਨਾ। ੨੯॥

1733 ਬਿ. ਦਾ ਵਿਸਾਖੀ ਦਾ ਮੇਲਾ ਬਹੁਤ ਭਰਿਆ ਪੰਡਤ ਦੇਵੀ ਦਿੱਤਾ ਰੋਜ ਕਥਾ ਕਰਦਾ ਸੀ। ਭੀਮ ਸੈਣ ਦੀ ਕਥਾ ਸੁਣ ਕੇ (ਕਿ ਉਸ ਨੇ ਹਾਥੀ ਪੂਛੋਂ ਫੜ ਕੇ ਅਕਾਸ਼ ਵਿਚ ਵਗਾ ਮਾਰੇ) ਗੁਰੂ ਜੀ ਨੇ ਪੁੱਛਿਆ ਕਿ ਭੀਮ ਸੈਣ ਨੇ ਏਨਾ ਬਲ ਕਿੱਥੋਂ ਪਾਇਆ ਸੀ ? ਤਾਂ ਪੰਡਤ ਨੇ ਦੱਸਿਆ ਕਿ ਉਸ ਨੇ ਜੱਗ ਕਰਕੇ ਇਕ ਲੱਖ ਬ੍ਰਾਹਮਣਾਂ ਨੂੰ ਭੋਜਨ ਕਰਾਇਆ ਸੀ। ਗੁਰੂ ਜੀ ਨੇ ਪੁੱਛਿਆ, ਤੂੰ ਜੱਗ ਕਰਕੇ ਭਵਾਨੀ ਸਿੱਧ ਕਰੇਂਗਾ ? ਦੇਵੀ ਦਿੱਤੇ ਨੇ ਕਿਹਾ, ਕਿ ਮੇਰੇ ਵਿਚ ਸਮਰੱਥਾ ਨਹੀਂ ਹੈ। ਗੁਰੂ ਜੀ ਨੇ ਚੰਗੇ ਬ੍ਰਹਮਣ ਦੀ ਭਾਲ ਲਈ ਜੱਗ ਕੀਤਾ। ਮਾਸ ਵੀ ਪਕਾਇਆ ਤੇ ਵੈਸ਼ਨੋ ਭੋਜਨ ਵੀ। ਮਾਸ ਖਾਣ ਵਾਲੇ ਨੂੰ ਰੁਪਈਆ ਤੇ ਵੈਸ਼ਨ ਭੋਜਨ ਵਾਲੇ ਨੂੰ ਇਕ ਟਕਾ ਦੱਛਣਾ ਠਹਿਰਾਈ। ਫਿਰ ਦੁਬਾਰਾ ਜੱਗ ਕੀਤਾ, ਤਾਂ ਦੱਛਣਾ ਚਾਰ ਆਨੇ ਤੇ ਦਸ

ਰੁਪਏ ਰੱਖੀ। ਇਸੇ ਤਰ੍ਹਾਂ ਗੁਰੂ ਜੀ ਲੱਖ ਰੁਪਏ ਦੱਛਣਾ ਤਕ ਪੁੱਜੇ। ਸਿਰਫ਼ ਤਿੰਨ ਬ੍ਰਹਿਮਣ ਨਿਕਲੇ ਜਿਨ੍ਹਾਂ ਮਾਸ ਨਾ ਖਾਧਾ। ਇਹ ਸਨ ਹਰਿਦਾਸ, ਹਰਿਭਗਵਾਨ ਤੇ ਲੱਛੀ ਰਾਮ। ਗੁਰੂ ਜੀ ਨੇ ਦਸ ਲੱਖ ਦੇਣ ਲਈ ਵੀ ਕਿਹਾ, ਪਰ ਉਹ ਨਾ ਡੋਲੇ। ਗੁਰੂ ਜੀ ਨੇ ਕਿਹਾ ਜੇ ਇਹ ਮਾਸ ਨਹੀਂ ਖਾਂਦੇ ਤਾਂ ਇਨ੍ਹਾਂ ਨੂੰ ਫਾਂਸੀ ਦੇ ਦਿਉ। ਉਹ ਮਰਨ ਵਾਸਤੇ ਵੀ ਤਿਆਰ ਹੋ ਗਏ। ਸਿੱਖਾਂ ਨੇ ਉਨ੍ਹਾਂ ਦੇ ਗਲਾਂ ਵਿਚ ਰੱਸੇ ਪਾ ਲਏ ਤੇ ਕਿਹਾ, ਐਵੇਂ ਜਾਨ ਨਾ ਗੁਆਉ ਪਰ ਉਹ ਧਰਮੋਂ ਨਾ ਡੋਲੇ। ਗੁਰੂ ਜੀ ਨੇ ਉਨ੍ਹਾਂ ਦੀ ਪੂਜਾ ਕੀਤੀ –

ਸੋ ਮਰਨ ਨਾ ਦਿਤੇ ਮੋੜ ਮੰਗਾਏ। ਡੇਰੇ ਜਾਇ ਤਿੰਨਾ ਦੇ ਚਰਨ ਧੁਆਏ।
ਚਰਨ ਧੁਆਏ ਚਰਨਾਮ੍ਰਿਤ ਲੀਤਾ।
ਤਿਨ ਕਹਿਆ ਜੀ ਗਰੀਬ ਨਿਵਾਜ ਏਹ ਤੁਸਾਂ ਕੀ ਕੀਤਾ।੫੦॥
ਨਾਲੇ ਫਾਹੇ ਦੇਣੇ ਮਾਰਨ ਚਲਾਏ। ਨਾਲੇ ਫੇਰੁ ਉਨ੍ਹਾਂ ਦੇ ਚਰਨ ਧੁਆਏ।
ਇਹ ਗਲਿ ਦਾ ਅਸਾਨੂੰ ਕਛੂ ਨਹੀਂ ਹਥਿ ਆਇਆ।
ਮਰਨੋ ਛਡਾਇਆ ਅੰਮ੍ਰਿਤ ਭੋਜਨ ਜਿਵਾਇਆ। ੫੧।
ਬਚਨ ਕੀਤਾ ਬ੍ਰਹਮਨ ਹੋ ਤੁਸੀਂ ਓਹੁ ਸਭੇ ਹੈਨ ਅਨਚਾਰੀ।
ਅਸਾਂ ਬ੍ਰਹਮਨ ਦੇਖਨ ਦੀ ਆਹੀ ਮਨ ਧਾਰੀ।

ਸੰਮਤ 1734 ਨੂੰ ਗੁਰੂ ਜੀ ਨੇ ਦੇਵੀ ਪ੍ਰਗਟ ਕਰਨ ਲਈ ਹੋਮ ਜੱਗ ਕੀਤਾ। ਦਸ ਹਜ਼ਾਰ ਰੁਪਏ ਦੀ ਸਮਗਰੀ ਕੇਸਰ ਸਿੰਘ ਛਿੱਬਰ ਦੇ ਪਿਤਾ ਗੁਰਬਖਸ਼ ਸਿੰਘ ਰਾਹੀਂ ਦਿੱਲੀ ਤੋਂ ਮੰਗਵਾਈ। ਹਵਨ ਕਰਨ ਲਈ ਕਾਸ਼ੀ ਤੋਂ ਪੰਡਤ ਵਿਸ਼ਨ ਪਾਲ, ਆਪਣੇ ਤਿੰਨ ਸੌ ਚੇਲਿਆਂ ਨਾਲ ਅਤੇ ਕਸ਼ਮੀਰ ਤੋਂ ਸ਼ਿਵ ਬਾਕਰ ਆਏ। ਹੋਰ ਵੀ ਅਨੇਕਾਂ ਬ੍ਰਾਹਮਣ ਅਤੇ ਤਿੰਨ ਉਹ ਉਨ੍ਹਾਂ ਮਾਸ ਨਹੀਂ ਸੀ ਖਾਧਾ। ਇਸ ਹਵਨ ਵਿਚ ਸ਼ਾਮਿਲ ਹੋਏ। ਇਨ੍ਹਾਂ ਪੰਡਿਤਾਂ ਨੇ ਕਿਹਾ ਕਿ ਅਸੀਂ ਹੋਮ ਤਾਂ ਕਰਾਂਗੇ, ਪਰ ਦੇਵੀ ਪ੍ਰਗਟ ਹੋਣ ਦੀ ਜ਼ਿੰਮੇਵਾਰੀ ਨਹੀਂ ਲੈਂਦੇ। ਗੁਰੂ ਜੀ ਨੇ ਕਿਹਾ ਤਾਂ ਜਿਧਰੋਂ ਆਏ ਹੋ, ਓਧਰੇ ਚਲੇ ਜਾਉ। ਪੰਡਤਾਂ ਸੋਚਿਆ ਇਵੇਂ ਤਾਂ ਸਾਡੀ ਮਾਨਤਾ ਖ਼ਤਮ ਹੋ ਜਾਵੇਗੀ। ਉਨ੍ਹਾਂ ਨੇ ਵਰਤ ਰੱਖਣੇ ਸ਼ੁਰੂ ਕਰ ਦਿੱਤੇ। ਤੀਸਰੇ ਦਿਨ ਉਨ੍ਹਾਂ ਨੂੰ ਆਕਾਸ਼ ਬਾਣੀ ਹੋਈ ਕਿ ਇਹ ਕਾਰਜ ਪੰਡਿਤ ਕਾਲਕ ਦਾਸ ਕਰ ਸਕਦਾ ਹੈ। ਗੁਰੂ ਜੀ ਨੇ ਕਾਲਕ ਦਾਸ ਨੂੰ ਸੱਦਿਆ, ਪਰ ਉਸ ਨੇ ਦੇਵੀ ਪ੍ਰਗਟ ਕਰਨਾ ਇਕ ਕਠਿਨ ਕੰਮ ਦੱਸਿਆ।

ਕਾਲਕਦਾਸ ਕਹਆ ਜੀ ਕਹੋ ਜੋ ਤੁਮਾਰੀ ਹੈ ਚਾਹ।
ਸਾਹਿਬ ਬਚਨੁ ਕੀਤਾ ਦੀਦਾਰੁ ਦੇਵੈ ਮਾਤਾ ਏਹੀ ਚਾਹ ਮਨ ਮਾਹ।
ਤਿਨ ਕਹਿਆ ਬਡਾ ਹੈ ਜਤਨ ਕਸਟ ਸਹੋਗੇ।
ਬਚਨ ਕੀਤਾ ਕਰਾਂਗੇ ਜੋ ਕੁਛ ਤੁਸੀਂ ਕਹੋਗੇ।੮੬॥
ਤਿਨ ਕਹਿਆ ਚਾਲੀ ਦਿਨ ਰਖ ਬ੍ਰਤ ਨਿਰਾਹਾਰੁ।
ਬੈਠਨਾ ਇਕ ਆਸਨ ਨ ਉਠਨਾ ਅੰਦਰਿ ਬਾਹਰਿ ਵਾਰੁ।
ਨ ਝਾੜੇ ਨ ਪਿਸਾਬ ਨ ਸਜੇ ਖਬੇ ਸਿਰ ਫੇਰਨਾ।
ਆਹੂਤੀ ਪਾਂਦੇ ਰਹਣੀ ਨ ਬਚਨੁ ਕਿਸੇ ਨਾਲ ਟੇਰਨਾ। ੮੭॥
ਇਕ ਆਸਨ ਬੈਠੇ ਰਹਣਾ ਦਿਨ ਚਾਲੀ। ਤਾ ਦਰਸਨ ਦੇਵੇਗੀ ਦੇਵੀ ਮਾਤਾ ਕਾਲੀ।
ਤਬ ਸਾਹਿਬ ਜੀ ਨੇ ਮੰਨੀ ਸਭੋ ਗਲਿ।
ਬਚਨ ਕੀਤਾ ਇਉਂ ਹੀ ਕਰਾਂਗੇ ਕੋਈ ਨਹੀ ਹਲਿ। ੮੮॥

ਕਾਲਕਦਾਸ ਗੁਰੂ ਜੀ ਨੂੰ ਕਹਿੰਦਾ ਹੈ ਕਿ ਤੁਸੀਂ ਦੇਵੀ ਨੂੰ ਪ੍ਰਗਟ ਕਿਉਂ ਕਰਨਾ ਚਾਹੁੰਦੇ ਹੋ ? ਗੁਰੂ ਜੀ ਦੱਸਦੇ ਹਨ ਕਿ ਦੈਂਤਾਂ ਦਾ ਵਿਨਾਸ਼ ਕਰਨ ਲਈ ਅਜਿਹਾ ਕੀਤਾ ਜਾ ਰਿਹਾ ਹੈ। ਕਾਲਕਦਾਸ ਕਹਿੰਦਾ ਹੈ ਅਜਿਹੀ ਦੁਬਿਧਾ ਵਿਚ ਨਾ ਪਓ, ਸਗੋਂ ਦੈਂਤਾਂ ਦਾ ਨਾਸ ਕਰਨ ਲਈ ਨਿਆਰੇ ਪੰਥ ਦੀ ਸਾਜਨਾ ਕਰੋ। ਗੁਰੂ ਜੀ ਨੇ ਪੰਥ ਸਾਜਨ ਦੀ ਇੱਛਾ ਮਨ ਵਿਚ ਪੈਦਾ ਕੀਤੀ ਅਤੇ ਨਾਲ ਹੀ ਇਸ ਪੰਥ ਨੂੰ ਸ਼ਾਸਤਰ-ਬੱਧ ਕਰਨ ਲਈ ਜੰਞੂ ਟਿਕਾ ਧੋਤੀ ਦੀ ਦੇਵੀ ਤੋਂ ਮੁਆਫ਼ੀ ਕਰਵਾਈ –

ਜੋ ਪੰਥ ਨਿਆਰਾ ਰਾਜੁ ਦਾ ਜਗਤ ਤੇ ਕਰੀਏ।
ਕਟਿ ਸ਼ਸਤ੍ਰ ਬੰਧਵਾਇ ਸਿਪਾਹੀ ਕਰਿ ਧਰੀਏ।

ਜੰਞੂ ਟਿਕਾ ਧੋਤੀ ਦੇਵੀ ਤੇ ਮਾਫ ਕਰਾਈਏ।
ਨਿਸਾਨੀ ਆਪਨੀ ਲਾਇ ਨਾਲਿ ਦੈਂਤਾਂ ਦੇ ਜੁਧੁ ਕਰਵਾਈਏ। ੧੨੩॥

ਕਾਲਕਦਾਸ ਇੱਥੇ ਇਹ ਵੀ ਕਹਿੰਦਾ ਹੈ ਕਿ ਤੁਹਾਡਾ ਪੰਥ ਦੈਂਤਾਂ ਨੂੰ ਮਾਰ ਕੇ ਰਾਜ ਪ੍ਰਾਪਤ ਕਰੇਗਾ। ਰਾਜ ਪ੍ਰਾਪਤ ਕਰਨ ਪਿੱਛੋਂ ਇਸ ਵਿਚ ਪਾਪ ਕਰਮ ਵੀ ਆ ਜਾਣਗੇ ਤੇ ਧਰਮ ਰਾਇ ਇਸ ਪਾਪ ਦੀ ਪੁੱਛ-ਪ੍ਰਤੀਤ ਵੀ ਕਰੇਗਾ। ਪੰਥ ਦੇ ਰਾਜ ਦੇ ਪਾਪ-ਪੁੰਨ ਬਾਰੇ ਤੁਹਾਡੇ ਪਾਸੋਂ ਪੁੱਛਿਆ ਜਾਵੇਗਾ। ਇਸ ਪਿੱਛੋਂ ਗੁਰੂ ਜੀ ਅੰਤਰ ਧਿਆਨ ਹੋ ਕੇ ਚੁੱਪ ਹੋ ਜਾਂਦੇ ਹਨ। ਕਾਲਕਦਾਸ ਦੇ ਕਹਿਣ ਤੇ ਗੁਰੂ ਜੀ ਪੰਥ ਵਿਚ ਪਾਪ ਵਾਸਤੇ ਥਾਂ ਰੱਖਣ ਲਈ ਇਸ ਦੇ ਚਾਰ ਭਾਗ ਇਸ ਪ੍ਰਕਾਰ ਕਰਦੇ ਹਨ –

ਤਬ ਪੰਥ ਚਾਰ ਭਾਗ ਸਾਹਿਬ ਬਨਾਇਆ। ਏਕੁ ਭਾਗ ਮੋ ਪਾਪ ਠਹਿਰਾਇਆ।
ਦੀਦਾਰੀ ਮੁਕਤੇ ਮਾਇਕੀ ਮੁਰੀਦ ਕੀਤੇ।
ਏਕ ਭਾਗ ਮੋ ਰਖੇ ਪਾਪ ਤ੍ਰੈ ਭਾਗ ਆਪਨੇ ਕਰਿ ਲੀਤੇ। ੧੩੮॥
ਇਕ ਭਾਗ ਦਾ ਲੇਖਾ ਧਰਮੁਰਾਇ ਜੀ ਕਰਣਾ।
ਤ੍ਰੈ ਭਾਗ ਰਖੇ ਅਕਾਲ ਪੁਰਖ ਦੀ ਸਰਣਾ।

ਮਾਮਾ ਕ੍ਰਿਪਾਲ ਜੀ ਦੇ ਪੁੱਛਣ ਤੇ ਗੁਰੂ ਜੀ ਇਸ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ :-

ਬਚਨ ਕੀਤਾ ਦੀਦਾਰੀ ਸੋ ਜੋ ਰਹਨਿ ਅਸਾਡੇ ਨਾਲਿ।
ਇਹ ਇਥੇ ਉਥੇ ਸੰਗ ਅਸਾਡੇ ਜਪਨ ਜਾਪ। ੧੪੦॥
ਮੁਕਤੇ ਸੋ ਜੋ ਅਸਾਡੇ ਪਿਛੇ ਹਰਿ ਸਨਿ ਸਿਖ।
ਤੁਰਕਾਂ ਕਰਨੀ ਹੈ ਥਾਂ ਪੰਥ ਨਾਲਿ ਖਹੇੜ ਜਾਗਾ ਜਾਗਾ ਪਰਵਾਨੇ ਲਿਖ।
ਤਿਨਾਂ ਵਿਚੋਂ ਜੋ ਰਖਨਗੇ ਸਿਖੀ ਸੋਈ ਮੁਕਤੇ।
ਰਖਨਗੇ ਧਰਮੁ ਸਿਖੀ ਦਾ ਕਰ ਅਨੇਕ ਜਤਨ। ੧੪੧॥
ਇਨ੍ਹਾਂ ਦੋਹਾਂ ਦੇ ਤਪ ਕਰਕੇ ਆਵੈਗਾ ਰਾਜੁ। ਰਾਜੋਂ ਹੋਸੀ ਨਰਕ ਪਾਪ ਸਮਾਜੁ।
ਜੋ ਰਾਜੇ ਸਿਖ ਮਾਇਕੀ ਭਏ। ਤੀਜਾ ਭਾਗ ਸਿਖੀ ਦਾ ਏਹ ਗਿਣੇ ਲਏ। ੧੪੨॥
ਚਉਥਾ ਹਿਸਾ ਮੁਰੀਦ ਕਰੁ ਦੇਖੁ। ਜੋ ਮਾਇਆ ਹੋਂਦੀ ਰਾਜੁ ਵਿਚਿ ਰਹੇ ਨਿਰਲੇਪੁ।
ਸਭ ਕਿਛੁ ਦਾਤ ਗੁਰੂ ਦੀ ਜਾਣੇ।
ਸਿਖਾਂ ਵਿਚਿ ਸਿਖ ਹੋਇ ਵਰਤੇ ਸਬਦ ਪੋਥੀ ਗੁਰਵਾਕ ਪਛਾਣੇ।
ਰਾਜੁ ਭਾਗ ਦੇਸ ਅਰੁ ਮਾਇਆ।
ਦਾਤ ਜਾਣੇ ਗੁਰੂ ਕੀ ਸਿਖਾਂ ਨਾਲਿ ਬਨਿ ਸਿਖ ਰਲ ਵੰਡ ਖਾਇਆ। ੧੪੫॥
ਦੀਦਾਰੀ ਮੁਕਤੇ ਮੁਰੀਦ ਏਹ ਤਿਨ ਅਸਾਡੇ।
ਮਾਇਕੀ ਸਿਖ ਰਾਜੇ ਧਰਮਰਾਇ ਦੇ ਦਰਵਾਜੇ।
ਭਾਵੈ ਭੋਗਨ ਸੁਅਰਗ ਅਤੇ ਭਾਵੈ ਭੋਗਨ ਨਰਕ।
ਇਹ ਮੋ ਜਰਾ ਨ ਜਾਨੋ ਫਰਕ। ੧੪੭॥

ਗੁਰੂ ਜੀ ਦੇ ਇਹ ਵਾਕ ਸੁਣ ਕੇ ਕਾਲਕਦਾਸ ਨੇ ਕਿਹਾ ਕਿ ਇਸ਼ਨਾਨ ਕਰਕੇ ਜਗਿਉਪਵੀਤ (ਜਨੇਊ) ਪਾਓ। ਕੇਸਰ ਸਿੰਘ ਛਿੱਬਰ ਜਾਣ-ਬੁੱਝ ਕੇ ਗੁਰੂ ਜੀ ਉੱਪਰ ਬ੍ਰਹਮਨੀ ਕਰਮ-ਕਾਂਡ ਠੋਸਦਾ ਹੈ ਕਿਉਂਕਿ ਉਹ ਆਪ ਬ੍ਰਾਹਮਣ ਹੈ –

ਐਸੇ ਜਬ ਸਾਹਿਬ ਸਿੱਖਾਂ ਨੂੰ ਆਖ ਸੁਨਾਇਆ।
ਤਬ ਕਾਲਕ ਦਾਸ ਏਹ ਬਚਨ ਅਲਾਇਆ।
ਜੇ ਪਾਪਾਂ ਨੂੰ ਪੰਥ ਵਿਚਿ ਦਿਤਾ ਹੈ ਥਾਉ।
ਤਾਂ ਕਰਿ ਇਸਨਾਨ ਜਗਿਉਪਵੀਤ ਪਾਉ। ੧੫੬॥
ਤਬ ਸਾਹਿਬ ਜਗਿਉਪਵੀਤ ਨਵਾ ਉਰ ਧਾਰਿਆ।
ਕਰਿਕੇ ਮਜਨੁ ਕਟਿ ਪੀਤੰਬਰ ਬੰਧ ਸਵਾਰਿਆ।
ਕਰਿਕੇ ਸੰਕਲਪੁ ਬੈਠੇ ਜਾਇ। ਸੁਭ ਨਿਛਤ੍ਰ ਦੇਵਤੇ ਮਨਾਇ। ੧੫੭॥

ਇਸ ਪਿਛੋਂ ਹੋਮ ਕਰਨ ਵਾਸਤੇ ਗੁਰੂ ਜੀ ਦੇਵੀ ਮੰਡਪ ਵਿਚ ਬੈਠੇ ਜਿਸ ਦਾ ਵਰਨਣ ਛਿੱਬਰ ਇਸ ਪ੍ਰਕਾਰ ਕਰਦਾ ਹੈ :-

ਗਿਰਦੇ ਲੀਨੀ ਤਾਣਿ ਕਨਾਤਿ। ਵਿਚਿ ਮਾਨਸ ਬੈਠੇ ਤ੍ਰਿਹਿ ਸਾਤਿ।
ਮਾਤਾ ਦੇਵੀ ਜੀ ਦੇ ਭਉਨ। ਬ੍ਰਹਮਨ ਅੰਦਰ ਬੈਠੇ ਕਉਨ ਕਉਨ। ੧੫੮ ॥
ਮੁਖ ਤੌਂ ਬੈਠੇ ਬਡੇ ਪੰਡਿਤ ਕਾਲਕਦਾਸ।
ਦੂਜੇ ਸਿਉਬਕ੍ਰ ਤੀਜੇ ਵਿਸਨਪਾਲ ਬ੍ਰਹਮਨੁ ਪਾਸ।
ਚਉਥੇ ਸਾਹਿਬ ਕਰਨ ਕਰਾਵਨਹਾਰ। ਹੋਰ ਬ੍ਰਹਮਨੁ ਸਭ ਬੈਠੇ ਬਾਹਰਿਵਾਰ। ੧੫੯॥

ਇਕ ਹਜ਼ਾਰ ਬ੍ਰਹਿਮਣ ਵੇਦਾਂ ਦੇ ਮੰਤ੍ਰ ਉਚਾਰਨ ਲੱਗੇ। ਸ਼ਰਤ ਸੀ ਕਿ ਚਾਲੀ ਦਿਨ ਕੋਈ ਅੰਦਰ ਨਾ ਆਵੇ। ਗੁਰੂ ਜੀ ਤੇ ਕਾਲਕਦਾਸ ਨਿਰਾਹਾਰ ਸਨ। ਬਾਕੀ ਪੰਡਤ ਦੁੱਧ ਤੇ ਛੁਹਾਰੇ ਖਾਂਦੇ ਸਨ। ਚਾਲੀਵੇਂ ਦਿਨ ਕਾਲਕ ਦਾਸ ਨੇ ਕਿਹਾ -

ਜਬ ਦਿਨ ਚਾਲੀਸਵਾਂ ਆਇਆ। ਤਬ ਕਾਲਦਾਸ ਕਹਿ ਪ੍ਰਗਟਿ ਸੁਨਾਇਆ।
ਮਹਾਰਾਜ ਰਹੀਓ ਸੁਚੇਤ ਮਾਤਾ ਦੇਵੀ ਜੀ ਸਾਹਿਬ ਆਜੁ ਆਵੈ।
ਜੋ ਮਨ ਧਾਰੋਗੇ ਆਸ ਪੁਜਾਵੇ। ੧੬੪॥

ਲੇਖਕ ਗੁਰੂ ਜੀ ਦੀ ਬਾਣੀ ਨੂੰ ਵੀ ਆਪਣੇ ਮਨੋਰਥ ਵਾਸਤੇ ਵਰਤਦਾ ਹੈ। ਬੰਸਾਵਲੀਨਾਮੇ ਅਨੁਸਾਰ ਗੁਰੂ ਜੀ ਦੇਵੀ ਮਾਤਾ ਅੱਗੇ ਅਰਦਾਸ ਕਰਦੇ ਹਨ -

ਠਾਢ ਭਯੋ ਮੈ ਜੋਰਿ ਕਰਿ, ਬਚਨ ਕਹਾ ਸਿਰ ਨਯਾਇ।
ਪੰਥ ਚਲੇ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ। ੧੬੫॥

ਛਿੱਬਰ ਅਨੁਸਾਰ ਅਕਾਲ ਪੁਰਖ ਦੀ ਸਹਾਇਤਾ ਨਾਲ ਨਹੀਂ, ਦੇਵੀ ਮਾਤਾ ਦੀ ਸਹਾਇਤਾ ਨਾਲ ਪੰਥ ਚੱਲਦਾ ਹੈ। ਸਿੱਖ ਸਿਧਾਂਤਾਂ ਦਾ ਘਾਣ ਕਰਦਾ ਇਹ ਵਿਖਿਆਨ ਇਵੇਂ ਹੈ :-

ਇਹ ਬਾਛਾ ਸਾਹਿਬ ਮਨ ਧਾਰੀ। ਕਰਿ ਪੂਰਨ ਯਹਿ ਆਸ ਹਮਾਰੀ।
ਸੰਮਤ ਸਤਾਰਾਂ ਸੈ ਪੈਤ੍ਰੀ ਥੇ ਭਏ। ਮਾਹ ਦਿਨ ਬੀਸ ਥੇ ਗਏ। ੧੬੬॥
ਸਤਾਰਾਂ ਬਰਸਾਂ ਕੇ ਸਾਹਿਬ ਥੇ ਬੁਧਵਾਨੁ। ਸੁਕਲ ਪਖ ਦਿਨ ਅਸਟਮੀ ਪ੍ਰਮਾਨ।
ਗਹਿਰੀ ਰੈਨ ਬਾਦਰਿ ਘਿਰਿ ਆਏ। ਦੋਨੋ ਬ੍ਰਹਮਨ ਸੋਇ ਗਏ ਅਕਲਾਏ। ੧੬੭॥
ਨਉ ਘਟਿਕਾ ਰੈਨ ਜਬ ਆਇ ਰਹੀ। ਚਮਤਕਾਰੁ ਦੇਵੀ ਕਾ ਪ੍ਰਗਟਿਆ ਤਬ ਹੀ।
ਤਤਕਾਲ ਲਾਟ ਉਪਰਿ ਆਇ ਸਿੰਘਾਸਨ ਪੜਿਆ।
ਮਾਨ ਕੋਟ ਪ੍ਰਕਾਸ ਭਾਨ ਹੈ ਕਰਿਆ। ੧੬੮॥
ਅਸਟ ਭੁਜਾ ਆਯੁਧ ਸਭ ਧਾਰੇ। ਮੰਦ ਮੰਦ ਹਾਸ ਸੀਸ ਮੁਕਟ ਜਗਮਗਾਰੇ।
ਏਕ ਝਲਕ ਦੀਦਾਰ ਸਾਹਿਬ ਪਾਈ। ਦੂਜੀ ਝਲਕ ਨ ਪਲਕ ਉਠਾਈ। ੧੬੯॥
ਕਾਲਕਾ ਭਨਾ ਸੀਸ ਅਬ ਦੀਜੈ। ਇਸ ਮੈ ਢੀਲ ਨ ਪਲਕ ਕਰੀਜੈ।
ਸਾਹਿਬ ਕਹਿਆ ਦੀਜੈ ਤੁਮ ਦਾਸ। ਅਬ ਹਮਾਰੇ ਨਹੀਂ ਹਵਾਸ। ੧੭੦॥
ਮਨੂਆ ਗੁਰ ਮੁਰਿ ਮਨਸਾ ਮਾਈ। ਜਿਨ ਮੋਕੋ ਸੁਭ ਕ੍ਰਿਆ ਪੜਾਈ।
ਸੋ ਸਜਨੀ ਢਿਗ ਮੇਰੇ ਹੈ ਆਈ। ਲਾਜਿ ਨੈਨ ਉਠਾਹੀ ਨਹੇਰਿਆ ਜਾਈ। ੧੭੧॥
ਮੈ ਹਾਂ ਪੂਤ ਏਹ ਮਾਤਾ ਹੈ ਮੇਰੀ। ਸਰਨ ਲਈ ਮਾਤਾ ਮੈ ਤੇਰੀ।
ਕਾਲਕਦਾਸ ਹਾਥਿ ਅਗੇ ਦੁਇ ਧਰੇ। ਸੋ ਖੰਡਾ ਹਾਥੋ ਕਾਲਕ ਉਪਰ ਪਰੇ। ੧੭੨॥
ਰੁਧਰ ਭਛਿ ਮਾਤਾ ਭਈ ਅੰਤਰਿ ਧਿਆਨ।
ਬ੍ਰਹਮਨ ਜਗਾਇ ਕਾਲਕ ਕਰਿਆ ਬਖਾਨ।
ਅਮਕੀ ਪੋਥੀ ਲੇਹੁ ਉਠਾਇ। ਇਸਤੋਤ੍ਰ ਉਚਾਰੋ ਸੁਧ ਬਨਾਇ। ੧੭੩॥
ਦਿਜੋ ਰਟਾ ਮਾਤਾ ਕਬਿ ਥੀ ਆਈ। ਹਮ ਤੋ ਗਏ ਸੋ ਇਨ ਹੀ ਦਰਸਨ ਪਾਈ।
ਇਕ ਕਾਲਕ ਇਕ ਸਾਹਿਬ ਦੀਦਾਰ ਪਾਇਆ।
ਤਬ ਦਿਜੋ ਇਸਤੋਤ੍ਰ ਕਾ ਪਾਠ ਉਠਾਇਆ। ੧੭੪॥

ਏਕ ਮਹੂਰਤਿ ਸਾਹਿਬ ਅਨੰਦ ਮੂਰਛਾ ਪਾਈ।
ਵਹੁ ਪਲਕ ਦੀਦਾਰੁ ਲੀਆ ਰਿਦੇ ਸਮਾਈ।
ਅਨੰਦ ਹੁਲਾਸ ਨੇ ਮਨ ਕੀਆ ਨਿਵਾਸ। ਪੂਰੀ ਹੋਈ ਸਤਿਗੁਰ ਆਸ। ੧੭੫॥

ਗੁਰੂ ਜੀ ਅਕਾਲ ਪੁਰਖ ਦੇ ਉਪਾਸਕ ਹਨ ਜਿਸ ਦੇ ਚਰਨਾਂ ਵਿਚ ਦੇਵੀ ਭਵਾਨੀ ਵੱਸਦੀ ਹੈ। ਪਰ ਕੇਸਰ ਸਿੰਘ ਛਿੱਬਰ ਨੂੰ ਕੌਣ ਸਮਝਾਵੇ ਉਹ ਤਾਂ ਗੁਰੂ ਜੀ ਨੂੰ ਦੇਵੀ ਉਪਾਸਕ ਸਿੱਧ ਕਰਨ ਲਈ ਸਾਰਾ ਜ਼ੋਰ ਲਾ ਦਿੰਦਾ ਹੈ। ਲੇਖਕ ਹਰ ਥਾਂ ਬ੍ਰਾਹਮਣਾਂ ਨੂੰ ਸਤਿਕਾਰ ਦਿੰਦਾ ਹੈ। ਗੁਰਬਾਣੀ ਤੇ ਦਸਮ ਗੁਰੂ ਜੀ ਦੀ ਬਾਣੀ ਨੂੰ ਵੀ ਜਾਣ-ਬੁੱਝਕੇ ਇਸ ਪਾਸੇ ਵਰਤਦਾ ਹੈ। ਜਦੋਂ ਹੋਮ ਸੰਪੂਰਨ ਹੋ ਜਾਂਦਾ ਹੈ ਤਾਂ ਗੁਰੂ ਜੀ ਸਾਹਿਬ ਚੰਦ ਤੇ ਧਰਮ ਚੰਦ ਨੂੰ ਹੁਕਮ ਕਰਦੇ ਹਨ ਕਿ ਸਾਰੇ ਬ੍ਰਾਹਮਣਾਂ ਨੂੰ ਬਸਤਰ ਤੇ ਦਾਨ-ਦੱਛਣਾ ਦਿੱਤੀ ਜਾਵੇ। ਇਸ ਸਮੇਂ ਪੰਡਤ ਦੇਵੀ ਦਿੱਤਾ ਰੁੱਸ ਜਾਂਦਾ ਹੈ ਕਿ ਮੈਨੂੰ ਕਿਉਂ ਨਹੀਂ ਬੁਲਾਇਆ ਕਿਉਂਕਿ ਮੈਂ ਹੀ ਇਹ ਕਥਾ ਸੁਣਾਈ ਸੀ। ਗੁਰੂ ਜੀ ਉਸ ਨੂੰ ਵੀ ਪਾਸ ਬਿਠਾਉਂਦੇ ਹਨ। ਇਸ ਸਮੇਂ ਲੇਖਕ ਸਿੱਖਾਂ ਦੀ ਉਪਮਾ ਵਿਚ ਉਚਾਰਿਆ ਸਵੱਈਆ ਪੰਡਤਾਂ ਦੀ ਮਹਿਮਾ ਨਾਲ ਜੋੜ ਕੇ ਇਤਿਹਾਸ ਨੂੰ ਪੁੱਠਾ ਗੇੜਾ ਦਿੰਦਾ ਹੈ। ਜਿਵੇਂ :-

ਇਕ ਉਚਾ ਅਸਥਾਨ ਬਨਵਾਇਆ। ਤਿਸ ਉਪਰਿ ਖਟਿ ਦਿਜ ਬਠਾਇਆ।
ਸਭ ਤੇ ਪਹਿਲੇ ਮੁਖ ਕਾਲਕ ਦਾਸੁ। ਵਿਸ਼ਨਪਾਲ ਸਿਵ ਬਕ੍ਰ ਤਿਸ ਪਾਸ।
ਲਛੀ ਰਾਮ ਤੇ ਹਰਿਭਗਵਾਨੁ। ਪੁਨ ਹਰਿਦਾਸ ਬਹਮਨ ਏ ਖਟ ਮਾਨ। ੧੮੯॥
ਦੇਵੀ ਦਿਤਾ ਅਪਨੇ ਪਾਸ ਬੈਠਾਇਆ।
ਤਿਨ ਖਟਿ ਕੀ ਸੋਭਾ ਕਹਿ ਤਿਸੈ ਸੁਨਾਇਆ।
ਰਸਨੀ ਆਪ ਸਵਯੇ ਆਖੇ। ਤਿਸ ਕੀ ਉਸਤਤੁ ਕੇ ਸਤਿਗੁਰ ਭਾਖੇ। ੧੯੦॥
ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ।
ਦਾਨ ਦਯੋ ਇਨ ਕੋ ਹੀ ਭਲੋ ਅਰੁ ਆਨਕੋ ਦਾਨ ਨ ਲਾਗਤ ਨੀਕੋ।
ਆਗੋ ਫਲੈ ਇਨ ਹੀ ਕੋ ਦਯੋ ਜਗੁ ਮੋ ਜਸੁ ਅਉਰ ਦਯੋ ਸਭ ਫੀਕੋ।
ਮੋ ਗ੍ਰਹ ਮੈ ਤਨੁ ਤੇ ਮਨ ਤੇ। ਸਿਰ ਲਉ ਧਾਨ ਹੈ ਸਬ ਹੀ ਇਨ ਹੀ ਕੋ। ੧੯੧॥

ਇਸ ਪਿੱਛੋਂ ਬ੍ਰਾਹਮਣਾਂ ਦੀ ਸਿਫ਼ਤ ਅਤੇ ਦਸ ਉਤਮ ਗੋਤਾਂ ਦਾ ਵਰਨਣ ਹੈ। ਇਹ ਹੋਮ ਨੈਣਾਂ ਦੇਵੀ ਦੇ ਮੰਦਰ ਵਿਚ 1735 ਬਿ. ਦੇ ਮਹੀਨੇ ਕੱਤਕ ਤੇ ਮੱਘਰ ਵਿਚ ਕੀਤਾ ਗਿਆ ਲੇਖਕ ਦੱਸਦਾ ਹੈ। ਇਸ ਤੋਂ ਅੱਗੇ ਮਾਤਾ ਜੀਤੋ ਦੇ ਵਿਆਹ ਦਾ ਵਰਣਨ ਹੈ। ਜੀਤੋ ਜੀ ਦੇ ਪਿਤਾ ਦੇ ਕਹਿਣ ਅਨੁਸਾਰ ਆਪ ਲਾਹੌਰ ਨਾ ਗਏ, ਸਗੋਂ ਇਥੇ ਹੀ ਲਾਹੌਰ ਵਸਾ ਕੇ ਵਿਆਹ ਕੀਤਾ –

ਉਥੇ ਨਗਰ ਲਹੌਰੁ ਬਨਵਾਇਆ। ਆਣਿ ਸਿਖਾਂ ਨੂੰ ਵਿਚਿ ਵਸਾਇਆ।
ਸਮੰਤ ਸਤਾਰਾਂ ਸੈ ਬੀਤੇ ਬੈਤਾਲੀ। ਮਾਤਾ ਜੀਤੋ ਬਿਆਹੀ ਥੀ ਇਸ ਚਾਲੀ। ੨੭੭॥
ਚਵੀ ਬਰਸ ਕੀ ਅਵਸਥਾ ਸਾਹਿਬ ਕੀ ਭਈ।
ਰਾਜਾ ਪਰਜਾ ਸਭ ਆਇ ਚਰਨੀ ਪਈ।
ਸਾਹਿਬ ਯੁਧ ਕਰਨ ਦੀ ਮਨਸਾ ਮਨ ਧਾਰੀ।
ਪਾਂਵਟੇ ਜਾਣ ਦੀ ਕੀਤੀ ਤਯਾਰੀ। ੨੭੮॥

ਸੰਮਤ 1745 ਨੂੰ ਮਾਤਾ ਸੁੰਦਰੀ ਦੀ ਕੁੱਖੋਂ ਜੀਤ ਸਿੰਘ (ਅਜੀਤ ਸਿੰਘ) ਦਾ ਜਨਮ ਹੋਇਆ। ਪਾਂਉਟੇ ਰਹਿੰਦੇ ਹੋਏ ਰਾਜਾ ਫ਼ਤਹਿ ਸਿੰਹੁ ਨਾਲ ਹੋਈ ਲੜਾਈ ਦਾ ਮਾਮੂਲੀ ਜ਼ਿਕਰ ਹੈ। ਸੰਮਤ 1746 ਨੂੰ ਵਾਪਸ ਅਨੰਦਪੁਰ ਆ ਜਾਂਦੇ ਹਨ। ਸੰਮਤ 1747 ਵੈਸਾਖ ਦੇ ਮਹੀਨੇ ਜੁਝਾਰ ਸਿੰਘ ਦਾ ਜਨਮ ਮਾਤਾ ਜੀਤੋ ਦੇ ਉਦਰ ਤੋਂ ਹੋਇਆ। ਪਹਾੜੀ ਰਾਜੇ ਰਾਜਾ ਜਸਵਾਲ, ਕਹਲੂਰੀਏ, ਹਡੂਰੀਏ ਸਭ ਗੁਰੂ ਦੀ ਚਾਕਰੀ ਕਬੂਲ ਲੈਂਦੇ ਹਨ। ਜਦ ਜਸਵਾਲੀਏ ਤੇ ਕਟੋਚੀਏ ਆਪਸ ਵਿਚ ਲੜ ਪਏ ਤਾਂ ਗੁਰੂ ਜੀ ਇਕ ਧਿਰ ਦੀ ਮਦਦ ਕਰਦੇ ਹਨ। ਰਾਜੇ ਤੁਰਕਾਂ ਨਾਲ ਮਿਲ ਗਏ ਤਾਂ ਗੁਰੂ ਜੀ ਸਾਥ ਛੱਡ ਕੇ ਅਨੰਦਪੁਰ ਆ ਗਏ। ਸੰਮਤ 1750 ਜਦ ਪੂਰਾ ਹੋਇਆ ਤਾਂ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਕਿਸੇ ਬਜ਼ੁਰਗ ਦੇ ਮਰਨ ਉੱਤੇ ਸਿਰ ਨਹੀਂ ਮਨਾਉਣਾ ਕਿਉਂਕਿ ਅਸੀਂ ਯੁੱਧ ਕਰਨੇ ਹਨ ਤੇ ਇਹ ਰਹਿਤਾਂ ਔਖੀਆਂ ਹਨ। ਇਹਨਾਂ ਨੂੰ ਦੇਵੀ ਪਾਸੋਂ ਮੁਆਫ਼ ਕਰਵਾ ਲਿਆ ਹੈ –

ਆਦਿ ਸਾਹਿਬ ਬਚਨ ਕੀਤਾ ਜੋ ਸਿਖ ਚਲੇ ਭਧਨ ਨਹੀਂ ਕਰਾਣਾ।
ਜੋ ਸਿਖ ਚਲਿਆ ਸੋ ਗੁਰੂ ਕੇ ਘਰਿ ਨਾਇ ਧੋਇ ਪ੍ਰਸਾਦਿ ਵੰਡ ਖਾਣਾ।
ਅਸਾਂ ਕਰਨਾ ਜੁਧ ਪੰਥ ਦੈਂਤਾਂ ਨਾਲਿ ਹੈ ਟਰਕਾਣਾ।
ਇਸ ਵਾਸਤੇ ਦੇਵੀ ਪਾਸੋਂ ਆਦਿ ਹੀ ਹੈ ਭਧਨ ਕਿਰਿਆ ਮਾਫ਼ ਕਰਾਇਣਾ। ੨੮੯॥
ਜੰਞੂ ਟਿਕਾ ਭਧਨੁ ਕਿਰਿਆ ਏਹ ਰਹਤਿ ਹੈ ਅਉਖੀ।
ਜੁਧ ਵਿਚਿ ਏਹ ਨ ਚਲਸੀ ਚਾਲ ਕਰੀਏ ਸਉਖੀ।
ਏਹ ਸਭ ਕਰੂਮ ਸਿਖਾਂ ਨੂੰ ਦੇਵੀ ਪਾਸੂ ਮਾਫ ਕਰਾਏ
ਅਤੇ ਪੰਥ ਕੀਤਾ ਜੁਦਾ ਨੀਸਾਨੀ ਕੇਸ ਲਾਏ। ੨੯੦॥

ਸੰਮਤ 1753 ਜਦ ਆਇਆ ਤਾਂ ਜੋਰਾਵਰ ਸਿੰਘ ਦਾ ਜਨਮ ਮਾਤਾ ਜੀਤੋ ਦੀ ਕੁੱਖੋਂ ਹੋਇਆ। ਇਸੇ ਸਮੇਂ ਧੀਰ ਮਲ੍ਹ ਤੋਂ ਆਦਿ ਗ੍ਰੰਥ ਸਾਹਿਬ ਦੀ ਬੀੜ ਮੰਗੀ, ਪਰ ਉਸ ਨੇ ਨਾ ਦਿੱਤੀ। ਉਸ ਨੇ ਕਿਹਾ, ਜੇ ਗੁਰੂ ਹੈਂ ਤਾਂ ਆਪ ਲਿਖ ਲਵੈ। ਗੁਰੂ ਜੀ ਨੇ ਹੋਰ ਉਤਾਰਾ ਕਰਵਾ ਲਿਆ। ਸੰਮਤ 1754 ਨੂੰ ਆਪ ਨੇ ਪੰਥ ਨੂੰ ਨਵਾਂ ਮੁਹਾਂਦਰਾ ਦਿੱਤਾ। ਪੰਥ ਸਾਜਨ ਦਾ ਕਾਰਨ ਕੇਸਰ ਸਿੰਘ ਛਿੱਬਰ ਪਿਤਾ ਦਾ ਵੈਰ ਲੈਣਾ ਮੰਨਦਾ ਹੈ –

ਇਕ ਪੀਉ ਦੇ ਵੈਰ ਨਾਲਿ ਪੰਥ ਉਸ ਨੇ ਜੁਦਾ ਕੀਤਾ।
ਅਸਾਡੇ ਨਾਲਿ ਹੈ ਦੁਹਾਂ ਵਿਗਾੜੀ ਅਸਾਨੂੰ ਚਾਹੀਐ।
ਤੀਸਰਾ ਅਪਨਾ ਪੰਥ ਨਿਆਰਾ ਕਰ ਲੀਤਾ।
ਹਿੰਦੂ ਮੁਸਲਮਾਨ ਦੋਹਾਂ ਨੂੰ ਤ੍ਰੋੜ ਤੀਸਰਾਂ ਬਣਾਈਐ।

ਪੰਜਾਂ ਪਿਆਰਿਆਂ ਦਾ ਜ਼ਿਕਰ ਕੀਤੇ ਬਗ਼ੈਰ ਛਿੱਬਰ ਅੰਮ੍ਰਿਤ ਛਕਾਉਣ ਦੀ ਵਿਧੀ ਇਸ ਤਰ੍ਹਾਂ ਬਿਆਨ ਕਰਦਾ ਹੈ –

ਸੰਮਤੁ ਸਤਾਰਾ ਸੈ ਚਉਰੰਜਾ ਗਏ। ਦਿਨ ਚੇਤ੍ਰ ਦੇ ਅਠਾਈ ਬਾਕੀ ਆਇ ਰਹੇ।
ਦਿਨ ਤ੍ਰੈ ਗੁਜਰੇ ਤਾਂ ਚੌਪਾ ਸਿੰਘ ਬੁਲਾਇਆ।
ਦਰਬਾਰ ਲਗਾ ਹੋਆ ਦੀਵਾਨ ਦੋਨੋ ਪਾਸੇ ਬਹਾਇਆ। ੩੧੯॥
ਬਚਨ ਕੀਤਾ ਕਟੋਰਾ ਸੁਚੇਤ ਕਰਿਕੇ ਜਲੁ ਲੈ ਆਉ।
ਸੋ ਲੈ ਆਇਆ ਦਿਤੀ ਕਰਦ ਭਨਾ ਹਲਾਉ।
ਜਪ ਅਤੇ ਅਨੰਦ ਦਾ ਰਸਨੀ ਕਰ ਉਚਾਰ।
ਤਾ ਦੀਵਾਨ ਸਾਹਿਬ ਚੰਦ ਹਥਿ ਜੋੜ ਖਲੋਤਾ ਵਿਚਿ ਦਰਬਾਰ। ੩੨੦॥
ਕਹਿਆ ਗਰੀਬ ਨਿਵਾਜ ਵਿਚਿ ਮਿਠਾ ਪਾਵੋ ਤਾ ਬਣੇ ਸੁਆਦੁ।
ਬਚਨ ਕੀਤਾ ਲੈ ਆਉ ਧਰਮ ਚੰਦਾ ਪਤਾਸੇ ਪ੍ਰਸਾਦੁ।
ਪਤਾਸੇ ਪਵਾਏ ਤੇ ਕਰਦ ਚਲਾਈ।
ਨਾਉ ਧਰਿਆ ਪਾਹੁਲ ਏਹ ਪਾਹੁ ਲਗਾਈ। ੩੨੧॥
ਚੌਪਾ ਸਿੰਘ ਬਣਾਇ ਹਥਿ ਅਪਨੇ ਉਪਰਿ ਧਰਿ ਅਗੇ ਲੈ ਆਇਆ।
ਸਾਹਿਬ ਉਂਗਲ ਨਾਲਿ ਲਾਇ ਨਿਜ ਰਸਨੀ ਲਾਇਆ।
ਚੌਪੇ ਸਿੰਘ ਨੂੰ ਬਚਨ ਕੀਤਾ ਬੈਠ ਜਾਹ।
ਖਬੇ ਉਪਰਿ ਹਥਿ ਸਜਾ ਧਰਿ ਅਤੇ ਪੀਂਦਾ ਜਾਹ। ੩੨੨॥
ਵਾਹਿਗੁਰੂ ਜੀ ਕਾ ਖਾਲਸਾ ਵਾਹੁਗੁਰੂ ਜੀ ਕੀ ਫਤੇ ਮੁਹੋ ਬੋਲ।
ਤ੍ਰੈ ਚੁਲੀਆਂ ਸਾਹਿਬ ਅਪਨੀ ਹਥੀ ਦਿਤੀਆ ਤਿਨ ਪੀਤਾ ਰਸਨਾ ਖੋਲ।
ਪਹਿਲੇ ਬੋਦੀ ਰੰਚਕ ਕਟਿ ਕੇ ਮੁਖ ਪਰਿ ਛਿਟੈ ਲਗਾਏ।
ਨਾਲੇ ਨੇਤ੍ਰੀ ਸੀਸ ਉਪਰਿ ਭੀ ਪਾਏ। ੩੨੩॥
ਕਰਦ ਨਾਲਿ ਸਿਖਾ ਰੰਚਕ ਬੋਦੀ ਦੂਰ ਕਰਾਈ। ਤਬ ਪਾਛੇ ਜਾਮ ਪਾਹੁਲ ਦਿਵਾਈ।
ਇਸੇ ਤਰ੍ਹਾਂ ਪੰਜ ਸਤਿ ਸਿਖ ਉਸ ਵਖਤ ਹੋਏ।
ਅਗੇ ਕੀਤਾ ਬਚਨੁ ਇਸੇ ਜੁਗਤ ਕਰ ਲਉ ਸਭ ਕੋਏ। ੩੨੪॥

ਸੰਮਤ 1754 ਨੂੰ ਮਾਤਾ ਜੀਤੋ ਦੇ ਉਦਰ ਤੋਂ ਫਤਹਿ ਸਿੰਘ ਦਾ ਜਨਮ ਹੋਇਆ। ਇਸੇ ਸਮੇਂ ਕਾਬਲ ਦਾ ਸਿੱਖ ਬਲੀਰਾਮ ਬੇਔਲਾਦ ਗੁਜ਼ਰ ਗਿਆ। ਉਸ ਦੀ ਪਤਨੀ ਨੇ ਚੇਤੋ ਮਸੰਦ ਹੱਥ ਮਾਇਆ ਭੇਜੀ। ਚੇਤੋ ਨੇ ਸਭ ਆਪ ਹੀ ਰੱਖ ਲਈ ਤੇ ਮਾਈ ਨੂੰ ਝੂਠੀ ਰਸੀਦ ਦੇ ਦਿੱਤੀ। ਫਿਰ ਉਸ ਨੇ ਹੀਰੇ ਮੋਤੀ ਸੋਨਾ ਭੇਜਿਆ, ਚੇਤੋ ਨੇ ਉਹ ਵੀ ਘਰੇ ਰੱਖ ਲਿਆ। ਫਿਰ ਉਹ ਮਾਈ ਆਪ ਆਈ। ਉਸ ਨੇ ਹੋਰ ਭੇਟਾ ਵੀ ਧਰੀਆਂ ਤੇ ਨਾਲੇ ਪਿਛਲੀਆਂ ਰਸੀਦਾਂ ਵੀ ਦਿੱਤੀਆਂ। ਗੁਰੂ ਜੀ ਨੇ ਚੇਤੋ ਨੂੰ ਬੁਲਾ ਕੇ ਪੁੱਛਿਆ ਕਿ ਇਹ ਵਸਤੂ ਕਿੱਥੇ ਹਨ ? ਇਹ ਤਾੜਨਾ ਸੁਣ ਕੇ ਸਾਰੇ ਮਸੰਦ ਇਕਮੁੱਠ ਹੋ ਗਏ। ਉਨ੍ਹਾਂ ਗੁਰੂ ਜੀ ਦੇ ਖਾਣੇ ਦਾ ਵੀ ਵਿਰੋਧ ਕੀਤਾ। ਇਸ ਪਿੱਛੋਂ ਮਸੰਦ ਸੋਧੇ ਗਏ ਤੇ ਨਾਲੇ ਸਿੱਖਾਂ ਨੂੰ ਹੁਕਮ ਕੀਤਾ ਕਿ ਮਸੰਦਾਂ ਨੂੰ ਕੋਈ ਭੇਟਾ ਨਹੀਂ ਦੇਣੀ। ਸੰਮਤ 1757 ਨੂੰ ਮਾਤਾ ਜੀਤੋ ਦਾ ਦੇਹਾਂਤ ਹੋ ਗਿਆ। ਇਸ ਸਮੇਂ ਵੀ ਛਿੱਬਰ ਕਈ ਬ੍ਰਾਹਮਣੀ ਕਰਮ ਕਾਂਡਾਂ ਦਾ ਜ਼ਿਕਰ ਕਰਦਾ ਹੈ ਜੋ ਗੁਰਮਤਿ ਤੋਂ ਉਲਟ ਸਨ। ਜਿਵੇਂ :-

ਸੰਮਤੁ ਸਤਾਰਾਂ ਸੈ ਸਤਿਵੰਜਾ ਜਬ ਗਏ। ਮਾਤਾ ਜੀਤੋ ਜੀ ਸੁਰਪੁਰ ਨੂੰ ਗਏ।
ਸਾਹਿਬ ਬੈਰਾਗ ਬਹੁਤ ਸੀ ਕੀਤਾ। ਬਧੀ ਕੁਪੀਨ ਜਤ ਤਪਕਾ ਗਹਿ ਲੀਤਾ। ੩੬੯॥
ਸਾਸਤ੍ਰੋ ਕਤ ਸਭ ਕਰਮੁ ਕਰਾਏ। ਜੀਤ ਸਿੰਘ ਜੀ ਬੈਠੇ ਸਤਰੰਜੀ ਪਾਏ।
ਚਾਰੇ ਸਾਹਿਬਜਾਦੇ ਆਹੇ ਕੇਸਾਧਾਰੀ।
ਭਦਨ ਨ ਕੀਤਾ ਹੋਰੁ ਕਿਰਿਆ ਸਭ ਕੀਤੀ ਸਾਰੀ। ੩੭੦॥
ਫੁਲ ਹਰਿਸਰ ਦਿਤੇ ਪਠਾਇ।

ਸੱਤਾਂ ਮਹੀਨਿਆਂ ਪਿੱਛੋਂ ਸਿੱਖਾਂ ਦੇ ਜ਼ੋਰ ਦੇਣ ਉੱਤੇ ਗੁਰੂ ਜੀ ਨੇ ਪਹਿਲੀ ਕੁਪੀਨ (ਲੰਗੋਟ) ਖੋਲ੍ਹ ਕੇ ਹੋਰ ਨਵੀਂ ਬੱਧੀ। ਇਹ ਸਾਰਾ ਕਰਮਕਾਂਡ ਬ੍ਰਾਹਮਣੀ ਹੈ ਜੋ ਛਿੱਬਰ ਜਾਣ-ਬੁੱਝ ਕੇ ਗੁਰੂ ਵਿਅਕਤਿਤਵ ਨਾਲ ਜੋੜ ਰਿਹਾ ਹੈ। ਕਛਹਿਰੇ ਦੀ ਲੰਗੋਟ ਬੰਨ੍ਹਾ ਦੇਣਾ ਇਹ ਗਲਤ ਬਿਆਨੀ ਦਾ ਸਿਖਰ ਹੈ। ਇਸ ਪਿਛੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੁੜ ਤਿਆਰ ਕਰਨ ਦਾ ਜ਼ਿਕਰ ਹੈ।

1759 ਬਿਕਰਮੀ ਦੀ ਗੱਲ ਕਰਦਾ ਲੇਖਕ ਕਹਿੰਦਾ ਹੈ ਕਿ ਇਕ ਦਾਣੇ ਚੁਗਣ ਵਾਲਾ ਜਾਨਵਰ ਰਾਜੇ ਹਰੀਚੰਦ ਨੇ ਮੰਗ ਲਿਆ। ਗੁਰੂ ਜੀ ਨੇ ਉਸ ਨੂੰ ਨਾ ਦਿੱਤਾ। ਇਸ ਗੱਲੋਂ ਰਾਜਾ ਨਾਰਾਜ਼ ਹੋ ਗਿਆ। ਹਰੀ ਚੰਦ ਨੇ ਪਹਾੜੀ ਰਾਜਿਆਂ ਨਾਲ ਰੀਢ-ਤੁਪ ਕਰਕੇ ਔਰੰਗਜ਼ੇਬ ਪਾਸ ਗੁਰੂ ਜੀ ਦੇ ਖਿਲਾਫ਼ ਅਰਜ਼ੀ ਲਿਖ ਭੇਜੀ। 1760 ਵਿਚ ਪਿਆਰਿਆਂ ਦੀ ਚੋਣ ਕੀਤੀ ਗਈ। ਵੇਖਣ ਵਾਲੀ ਗੱਲ ਇਹ ਹੈ ਕਿ ਅੰਮ੍ਰਿਤ ਪਹਿਲਾਂ ਹੀ 1754 ਬਿ. ਵਿਚ ਛਕਾਇਆ ਜਾ ਚੁੱਕਾ ਹੈ ਤੇ ਫਿਰ ਦੁਬਾਰਾ ਪਿਆਰਿਆਂ ਦੀ ਚੋਣ ਕੀਤੀ ਜਾਂਦੀ ਹੈ -

ਸੰਮਤ ਸਤਰਾਂ ਸੈ ਸਠਿ ਜਬ ਬੀਤੇ। ਤਬ ਸਾਹਿਬ ਦੇ ਗਲਿ ਆਈ ਜੀ ਤੇ।
ਜੋ ਪੰਥ ਨੂੰ ਰਾਜੁ ਦਿਤਾ ਚਾਹੀਐ। ਕੇਹੜੀ ਕੌਮ ਅਗੇ ਕਰ ਬਹਾਈਐ
ਖਤ੍ਰੀ ਬਹਮਣ ਸੂਦ ਵੈਸ ਚਾਰੇ ਬਰਨ। ਸਭੇ ਪੰਥ ਗੁਰੂ ਕੇ ਵਿਚਿ ਆਏ ਗੁਰੂ ਦੀ ਸਰਨ।
ਤਾਂ ਸਾਹਿਬ ਕਨਾਤ ਤਨਾਈ। ਕੀਤਾ ਪੜਦਾ ਅਤੇ ਸਿਖਾਂ ਨੂੰ ਕਹਿਆ ਸੁਨਾਈ।
ਭਾਈ ਸਿਖੋ ਅਸਾਂ ਤ੍ਰੈ ਸਿਖ ਦੇਣੇ ਹੈਨ ਦੇਵੀ ਦਾ ਬਲੁ।
ਜੋ ਸਰੀਰੁ ਨ ਕਰੇ ਪਿਆਰਾ ਸੋ ਸਿਰੇ ਦ ਆਉ ਚਲੁ। ੪੦੪॥
ਇਕ ਸਿਖ ਆਇਆ ਹਥ ਜੋੜ।
ਬਚਨ ਕੀਤਾ ਸੀਸ ਹੈ ਦੇਣਾ ਘਰੁ ਪੁਛਿ ਆਉ ਦਉੜ।
ਤਿਨ ਕਹਿਆ ਜੀ ਮੈਂ ਵਿਦਿਆ ਹੋਇ ਆਇਆ ਹਾਂ।
ਬਚਨ ਕੀਤਾ ਲੈ ਜਾਉ ਇਸ ਨੂੰ ਤਹਾਂ।
ਅੰਦਰ ਜਾਇ ਸਿਖ ਨੂੰ ਬਹਾਇਆ।
ਜਲ ਰੰਗੀਨ ਲੋਹੂ ਜੇਹਾ ਵੀਟਿਆ ਬਾਹਰਿ ਆਇਆ।
ਸਰਬਤਿ ਜਾਤਾ ਜੋ ਸਿਖ ਮਾਰਿਆ।
ਦੁਇ ਸਿਖ ਹੋਰ ਬਲ ਦੇਣੇ ਹੈਨਿ ਸਾਹਿਬ ਉਚਾਰਿਆ। ੪੦੬॥
ਦੂਜੇ ਦਿਨ ਹੋਰੁ ਸਿਖ ਇਕ ਆਇਆ। ਉਸੇ ਤਰ੍ਹਾਂ ਓਭੀ ਅੰਦਰ ਬਹਾਇਆ।
ਅਤੇ ਜਲ ਰੰਗੀਨ ਰੰਗ ਲੋਹੂ ਜੇਹਾ ਵੀਟਨ ਕੀਤਾ।

ਲੋਹੂ ਬਾਹਰਿ ਆਇਆ ਸਭ ਨੇ ਦੇਖ ਲੀਤਾ।੪੦੭।
ਤੀਜੇ ਪਹਿਰ ਹੋਰੁ ਸਿਖ ਆਇਆ ਤੀਜਾ।
ਅੰਦਰਿ ਕਨਾਤ ਦੇ ਗਇਆ ਓਭੀ ਤੀਜਾ।
ਦੀਵਾਨ ਹਥਿ ਜੋੜਿ ਕੇ ਕਹਿਆ। ਗਰੀਬ ਨਿਵਾਜ ਤ੍ਰੈ ਸਿਖ ਹੋਇ ਰਹਿਆ। ੪੦੮।।
ਦੀਵਾਨ ਬੇਨਤੀ ਕੀਤੀ ਆਹੀ ਜਾਂ ਦੁਇ ਸਿਖ ਹੋਰ ਆਏ।
ਬਚਨ ਕੀਤਾ ਭਾਈ ਜਿਸ ਨੂੰ ਮਾਤਾ ਦੇਵੈ ਸੋਈ ਲੈ ਜਾਏ।
ਕਨਾਤ ਪੜਦਾ ਕਿਤਾ ਦੂਰ ਕਰਾਏ। ਓਹੁ ਤਿਨੇ ਸਿਖ ਸਾਬਤੁ ਨਿਕਲ ਆਏ।
ਤ੍ਰੈ ਸਿਖ ਓਹੁ ਅਤੇ ਦੁਇ ਪਿਛਲੇ ਪੰਜੇ ਖੜੇ ਕੀਤੇ। ਰੋਬਰੋ ਸੰਗਤ ਦੇ ਵਿਚ ਤੇ।
ਪਹਿਲੇ ਨੂੰ ਪੁਛਿਆ ਸਿਖਾ ਕੀ ਬਰਨ ਹੈ ਤੇਰਾ।
ਤਿਨ ਕਹਿਆ ਜੀ ਜਿਮੀਦਾਰ ਬਰਨ ਹੈ ਮੇਰਾ। ੪੧੦।।
ਦੂਜੇ ਨੂੰ ਪੁਛਿਆ ਤਿਨ ਭੀ ਜਿਮੀਦਾਰ ਕਹਿਆ। ਤੀਜੇ ਨੂੰ ਪੁਛਿਆ ਸੋ ਅਰੋੜਾ ਬੰਸ ਲਹਿਆ।
ਦੋਨੋ ਪੁਛੇ ਇਕ ਖਤ੍ਰੀ ਇਕ ਤ੍ਰਿਖਾਨ ਲੁਹਾਰੁ।
ਬਚਨ ਕੀਤਾ ਪੰਜ ਪਰਵਾਨ ਪਰੁ ਜਿਸ ਨੂੰ ਦੇਵੇ ਕਰਤਾਰ। ੪੧੧।।
ਅਗੇ ਆਏ ਹੋਏ ਕਲਿਜੁਗ ਰਾਜੁ ਸੂਦ੍ਰ ਪਰਵਾਨ। ਸੰਗ ਦੁਹਾਂ ਦੇ ਤੀਨੋ ਜਾਨ।
ਮੁਖ ਭਏ ਦੋਓ ਤੀਨ ਮਿਲੇ ਸਾਥਿ। ਸਭ ਕਛੁ ਹੈ ਮਾਤਾ ਦੇਵੀ ਕੇ ਹਾਥਿ।
ਇਸ ਜੁਗਤਿ ਕਰਿ ਰਾਜੁ ਸੂਦ੍ਰ ਗ੍ਰਿਹ ਆਇਆ।
ਦੇਵੀ ਦਾ ਕੀਤਾ ਕੋ ਸਕੇ ਨ ਮਿਟਾਇਆ।।

ਏਡਾ ਲੰਮਾ ਵਿਖਿਆਨ ਇਸ ਲਈ ਦਿੱਤਾ ਹੈ ਤਾਂਕਿ ਪਾਠਕ ਛਿੱਬਰ ਦਾ ਅਸਲੀ ਮਨੋਰਥ ਸਮਝ ਲੈਣ। ਇਥੇ ਵੀ ਗੱਲ ਦੇਵੀ ਦੀ ਕਰਾਮਾਤ ਦੀ ਕੀਤੀ ਗਈ ਹੈ। ਇਹੋ ਜਿਹੀਆਂ ਲਿਖਤਾਂ ਵਿਚੋਂ ਸੱਚ ਨੂੰ ਨਿਤਾਰਨਾ ਬਹੁਤ ਔਖਾ ਹੈ। ਲੇਖਕ ਦੀ ਨਜ਼ਰ ਵਿਚ ਬ੍ਰਾਹਮਣ ਤੋਂ ਬਿਨਾ ਬਾਕੀ ਸਾਰੇ ਸਿੱਖ ਸ਼ੂਦਰ ਹੀ ਹਨ ਤੇ ਰਾਜ ਦੇਵੀ ਮਾਤਾ ਦੀ ਬਖਸ਼ਿਸ਼ ਦਾ ਸਿੱਟਾ ਹੈ। ਗੁਰੂ ਦੀ ਬਖਸ਼ਸ਼ ਨਹੀਂ।

ਔਰੰਗਜ਼ੇਬ ਉਸ ਸਮੇਂ ਔਰੰਗਾਬਾਦ ਸੀ। ਪਹਾੜੀ ਰਾਜੇ ਉਸ ਪਾਸ ਅਰਜ਼ੀਆਂ ਭੇਜਣ ਲੱਗੇ। ਏਧਰ ਗੁਰੂ ਜੀ ਵੀ ਜੰਗ ਦੀ ਤਿਆਰੀ ਕਰਨ ਲੱਗ ਪਏ। ਇਥੇ ਲੇਖਕ ਗੁਰੂ ਜੀ ਦੇ ਪਿਛਲੇ ਜਨਮ ਦੀ ਇਕ ਕਹਾਣੀ ਬਿਆਨ ਕਰਦਾ ਹੈ ਜੋ ਇਸ ਪ੍ਰਕਾਰ ਹੈ :-

ਗੁਰੂ ਜੀ ਦੀਵਾਨ ਵਿਚ ਤਿੰਨ ਦਿਨ ਇਹ ਸਵਾਲ ਕਰਦੇ ਰਹੇ ਕਿ ਜਦ ਅਸੀਂ ਮਾਨਸਰ ਰਹਿੰਦੇ ਸਾਂ, ਤੁਹਾਡੇ ਵਿਚੋਂ ਇਕ ਸਿੱਖ ਸਾਡੇ ਨਾਲ ਸੀ। ਕੋਈ ਨਿਸ਼ਾਨੀ ਦੱਸੋ ? ਤੀਜੇ ਦਿਨ ਇਕ ਗਰੀਬ ਸਿੱਖ ਨੇ ਕਿਹਾ, ਮਹਾਰਾਜ ਜੀ ! ਮੈਂ ਸਾਂ। ਆਪ ਉਸ ਸਮੇਂ 'ਹੰਸ ਅਉਤਾਰ' ਬਣ ਕੇ ਆਏ ਸੀ। ਆਪ ਦੇ ਪਿਤਾ ਦਾ ਨਾਮ 'ਮਨਸਰੁ' ਤੇ ਮਾਤਾ ਦਾ ਨਾਮ 'ਸੰਖਾਵਤੀ' ਸੀ। ਲੋਕ ਆਪ ਜੀ ਨੂੰ 'ਸਿਧ ਪ੍ਰਬੀਨ' ਕਹਿੰਦੇ ਸਨ। ਆਪ ਨੇ 'ਸੰਖਾਸੁਰ' ਨੂੰ ਮਾਰਿਆ ਸੀ। ਪਿਤਾ ਮਨਸਰੁ ਇਸ ਕਾਰਜ ਤੇ ਬਹੁਤ ਪ੍ਰਸੰਨ ਹੋਏ। ਸਾਰੇ ਹੰਸ ਆਪ ਦੇ ਸੇਵਕ ਸਨ। ਇਕ ਦਿਨ ਸਾਹਿਬ ਇਸ਼ਨਾਨ ਕਰ ਰਹੇ ਸਨ ਤਾਂ ਇਕ ਛੋਟੀ ਮੱਛਲੀ ਹਜ਼ੂਰ ਦੇ ਚਰਨਾਂ ਦੀ ਮੈਲ ਖਾਣ ਲੱਗੀ। ਉਸ ਨੂੰ ਤੀਨ-ਲੋਕ ਦੀ ਖ਼ਬਰ ਹੋ ਗਈ। ਮੈਂ ਹੰਸਾਂ ਦਾ ਦਾਸ ਸਾਂ। ਹੰਸਾਂ ਨੇ ਮੈਨੂੰ ਹਜ਼ੂਰ ਦੀ ਸੇਵਾ ਸੌਂਪੀ। ਗੁਰਦੇਵ ਨੇ ਮੈਨੂੰ ਹੰਸਾਂ ਦਾ ਸਰਦਾਰ ਬਣਾ ਦਿੱਤਾ। ਇਕ ਦਿਨ ਉਹ ਮੱਛਲੀ ਮੇਰੇ ਦਰਸ਼ਨਾਂ ਨੂੰ ਆਈ। ਮੈਂ ਉਸ ਨੂੰ ਨੀਚ ਕਿਹਾ ਤਾਂ ਉਸ ਨੇ ਮੈਨੂੰ ਨੀਚ ਹੋਣ ਦਾ ਸਰਾਪ ਦੇ ਦਿੱਤਾ। ਇਸ ਲਈ ਮੈਂ ਨੀਚ ਹਾਂ। ਮੈਂ ਮੱਛਲੀ ਨੂੰ ਪੁੱਛਿਆ, ਇਹ ਸਰਾਪ ਦੂਰ ਕਿਵੇਂ ਹੋਵੇਗਾ ਤਾਂ ਉਸ ਨੇ ਕਿਹਾ, ਬਸ ਗੁਰੂ ਜੀ ਹੀ ਸਰਾਪ ਤੋਂ ਬਖਸ਼ਣਗੇ। ਸੋ ਮੈਂ ਹੁਣ ਚੌਂਦਾਂ ਕੋਸ ਤੋਂ ਦੋਵੇਂ ਵੇਲੇ ਆਉਂਦਾ ਹਾਂ ਤੇ ਫਿਰ ਚਲਾ ਜਾਂਦਾ ਹਾਂ। ਗੁਰੂ ਜੀ ਨੇ ਕਿਹਾ, ਜਿੰਨਾ ਚਿਰ ਤੂੰ ਹੁਣ ਤਕ ਆਉਂਦਾ ਰਿਹਾ ਹੈ, ਏਨਾ ਚਿਰ ਹੋਰ ਆਇਆ ਕਰ, ਫਿਰ ਤੇਰਾ ਨੀਚਪੁਣਾ ਦੂਰ ਹੋ ਜਾਵੇਗਾ ਤੇ ਤੇਰਾ ਰਾਜ ਤੈਨੂੰ ਮਿਲ ਜਾਵੇਗਾ। ਅੱਗੇ ਸਿੱਖ ਦੀ ਨਿਤ ਕਿਰਿਆ ਦਾ ਜ਼ਿਕਰ ਹੈ।

ਸੰਮਤ 1761 ਦੀ ਵਿਸਾਖੀ ਦੇ ਮੇਲੇ ਵਿਚ ਸਭ ਸਿੱਖ ਸੰਗਤਾਂ ਆਉਂਦੀਆਂ ਹਨ। ਇਥੇ ਗੁਰੂ ਜੀ ਦੇ 14 ਮੁਕਤਿਆਂ ਦਾ ਜ਼ਿਕਰ ਹੈ -

ਹਜ਼ੂਰ ਮੁਕਤੇ ਹੋਏ ਦਸ ਤੇ ਚਾਰ।
ਹਛੇ ਸਿੱਖ ਰਹਤੇ ਬਬੇਕ ਬੁਧਿ ਬਿਚਾਰ। ੪੪੯॥

ਇਹ ਮੁਕਤੇ ਸਿੱਖਾਂ ਨੂੰ ਉਪਦੇਸ਼ ਕਰਦੇ ਹਨ –

ਬ੍ਰਹਮੇ ਮਹੰਮਦ ਦੀ ਕਾਣ ਨ ਕਰੇ। ਸਿਖ ਨਾਤਾ ਸਿਖ ਸੰਗ ਕਰੇ।
ਜੰਞੂ ਟਿਕਾ ਧੋਤੀ ਚਉਕਾ ਕਰੇ ਤਿਆਗੁ।
ਨਾ ਤਤੇ ਦੀ ਸੰਗਤ ਨ ਤਤੇ ਦੀ ਸੁਪਨੇ ਵਿਚਿ ਲਾਗੁ।
ਨਾਤਾ ਸਿੱਖ ਨਾਲ ਕਰੇ ਜਾਤਿ ਬਰਨ ਕਛੁ ਪੁਛੈ ਨਾਹੀ।
ਏਹ ਉਪਦੇਸ ਮੁਕਤੇ ਕਰਨ ਸਹੀ। ੪੫੦॥

ਇਸ ਬਾਰੇ ਸਿੱਖਾਂ ਵਿਚ ਬਹੁਤ ਚਰਚਾ ਚੱਲੀ। ਅੰਤ ਮਾਮਲਾ ਗੁਰੂ ਜੀ ਕੋਲ ਗਿਆ ਤਾਂ ਗੁਰੂ ਜੀ ਨੇ ਫ਼ੈਸਲਾ ਦਿੱਤਾ –

ਬਚਨ ਕੀਤਾ ਪੂਰਨ ਅਬਨਾਸੀ।
ਚਾਰੇ ਬਰਨ ਹੈਨ ਮੇਰੇ ਸਿਖ ਮੈ ਧਰਮ ਨਾ ਕਰਨਾ ਨਾਸੀ। ੪੫੮।
ਵਡਿਆਂ ਅਸਾਡਿਆਂ ਲਿਖਿਆ ਹੈ ਗ੍ਰੰਥ ਵਿਚਿ ਸਹੀ।
"ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।"
ਅਸਾਂ ਧਰਮ ਵਾਸਤੇ ਪੰਥ ਹੈ ਜੁਦਾ ਬੁਨਾਇਆ।
ਐਸਾ ਸਾਹਿਬ ਕਹਿ ਬਚਨ ਸੁਨਾਇਆ। ੪੫੯॥
'ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ। ਸੀਸੁ ਦੀਯਾ ਪਰ ਸੀ ਨ ਉਚਰੀ। ੪੬੦॥
ਕਲਜੁਗੁ ਖਤ੍ਰੀਆਂ ਗਲਿ ਜੰਞੂ ਗੁਰ ਤੇਗ ਬਹਾਦਰ ਪਾਏ।
ਅਉਰੰਗੇ ਇਕ ਬਚਨ ਵਾਸਤੇ ਸਾਹਿਬ ਨੂੰ ਕਸਟਿ ਦਿਵਾਏ।
ਜੋ ਸਤਿਗੁਰੂ ਉਥੇ ਸੀਸ ਨ ਦੇਦੇ।
ਤਾਂ ਹਿੰਦੂਆਂ ਨੂੰ ਪਕੜ ਪਕੜ ਅਪਨੇ ਪੰਥ ਵਲ ਕਰਿ ਲੈਦੇ। ੪੬੧॥
ਇਤ ਕਾਰਨ ਤੇਗ ਬਹਾਦਰਿ ਜੀ ਸਿਰੁ ਹੈ ਦਿਤਾ।
ਜੰਞੂ ਟੱਟਾ ਧਰਮ ਰਖ ਹੈ ਲਿਤਾ। ੪੯॥

....

ਚਾਰੇ ਬਰਨ ਗੁਰੂ ਕੇ ਪੰਥ ਵਿਚਿ ਹੈ ਆਏ।
ਅਪਨੀ ਖੁਸ਼ੀ ਕੋਈ ਲਾਹੇ ਜੰਞੂ ਅਪਨੀ ਖੁਸੀ ਕੋਈ ਪਾਏ।
ਜੋ ਲਾਹੇ ਜੰਞੂ ਤਿਸਨੂ ਨਹੀਂ ਅਖਣਾ ਪਾਇ।
ਜੋ ਕੋਈ ਪਾਏ ਜੰਞੂ ਤਿਸ ਨੂੰ ਨਹੀਂ ਆਖਣਾ ਲਾਹਿ। ੪੯੨॥

ਅੱਗੇ ਭਾਈ ਨੰਦ ਲਾਲ ਦਾ ਜ਼ਿਕਰ ਹੈ। ਕੁਰਾਨ ਦੇ ਸਹੀ ਅਰਥ ਕਰਨ ਬਦਲੇ ਮੌਲਵੀਆਂ ਕਿਹਾ, ਇਸ ਕਾਬਲ ਆਦਮੀ ਨੂੰ ਮੁਸਲਮਾਨ ਬਣਾ ਲਵੋ। ਹਜ਼ਰਤ ਮੁਹੰਮਦ ਸਾਹਿਬ ਬਾਰੇ ਇਸ਼ਾਰਾ ਹੈ ਕਿ ਉਹਨਾਂ ਬਵੰਜਾ ਸਾਲ ਸ਼ਿਵ ਦੀ ਅਰਾਧਨਾ ਕੀਤੀ ਤੇ ਵਰ ਮੰਗਿਆ ਕਿ ਮੇਰਾ ਦੀਨ ਵਧੇ। ਗੁਰੂ ਜੀ ਦੇ ਹੁਕਮ ਨਾਲ ਚੌਪਾ ਸਿੰਘ ਰਹਿਤਨਾਮਾ ਲਿਖਦਾ ਹੈ ਜਿਸ ਦਾ ਉਤਾਰਾ ਸੀਤਲ ਸਿੰਘ ਬਹੁਰੂਪੀਆ ਕਰਦਾ ਹੈ। ਇਸ ਵਿਚ 18 ਸੌ ਰਹਿਤਾ ਤੇ ਤਨਖਾਹਾਂ ਹਨ। ਇਸ ਦਾ ਉਤਾਰਾ ਸੂਦ ਸਿੱਖ ਨੇ ਵੀ ਕੀਤਾ ਤੇ ਸਾਰਿਆਂ ਉੱਪਰ ਗੁਰੂ ਜੀ ਦੇ ਦਸਖ਼ਤ ਹਨ। ਇਸ ਪਿੱਛੋਂ ਗੁਰੂ ਜੀ ਦੇ ਯੁੱਧਾਂ ਦਾ ਵਰਣਨ ਹੈ। 1762 ਬਿਕਰਮੀ ਵਿਚ ਰਾਜਿਆਂ ਨਾਲ ਲੜਾਈ ਸ਼ੁਰੂ ਹੋ ਗਈ। ਔਰੰਗਜੇਬ ਦੇ ਭੇਜੇ ਰੁਸਤਮ ਖਾਂ ਤੇ ਦਿਲਾਵਰ ਖਾਂ ਆਏ। ਗੁਰੂ ਜੀ ਨੇ ਨਕਦੀ ਤੇ ਹੀਰੇ ਜਵਾਹਰ ਸਤਲੁਜ ਦੇ ਸਪੁਰਦ ਕਰ ਦਿੱਤੇ ਤੇ ਕੱਪੜੇ ਅੱਗ ਵਿਚ ਸਾੜ ਦਿੱਤੇ। ਸਤਾਰਾਂ ਲੱਖ, ਬੱਤੀ ਹਜ਼ਾਰ ਸੱਤ ਸੌ ਪੈਂਤੀ ਰੁਪਏ ਨਕਦ ਜਲ ਪਰਵਾਹ ਕੀਤੇ ਗਏ ਤੇ ਚਾਰ ਲੱਖ ਪੈਂਤੀ ਹਜ਼ਾਰ ਢਾਈ ਸੌ ਦਾ ਕੱਪੜਾ ਅਗਨੀ ਭੇਟ ਕੀਤਾ ਗਿਆ।

ਰਾਜਿਆਂ ਨੇ ਕਿਹਾ ਕਿ ਜੇਕਰ ਗੁਰੂ ਜੀ ਕੁਝ ਸਮੇਂ ਵਾਸਤੇ ਅਨੰਦਪੁਰ ਛੱਡ ਦੇਣ, ਤਾਂ ਅਸੀਂ ਤੁਰਕਾਂ

ਨੂੰ ਵਾਪਸ ਮੋੜ ਦੇਈਏ। ਗੁਰੂ ਜੀ ਨੇ ਮਾਤਾ ਜੀ ਨੂੰ ਜਾਣ ਵਾਸਤੇ ਕਿਹਾ, ਪਰ ਉਹ ਨਾ ਮੰਨੇ। ਫਿਰ ਗੁਰੂ ਜੀ ਨੇ ਚਉਪਾ ਸਿੰਘ ਨਾਲ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾ ਜੀ ਨੂੰ ਤੋਰ ਦਿੱਤਾ। ਇਸ ਦੇ ਨਾਲ ਹੀ ਸਾਹਿਬ ਅਜੀਤ ਸਿੰਘ ਦਾ ਕੁਆਰਾ ਡੋਲਾ ਤੇ ਘਰ ਦਾ ਨੌਕਰ ਬਨਾਰਸੀ ਦਾਸ ਵੀ ਸੀ। ਪਿੱਛੇ-ਪਿੱਛੇ ਸਮਾਨ ਤੋਰ ਦਿੱਤਾ ਜੋ ਰਾਜਿਆਂ ਨੇ ਹਮਲਾ ਕਰਕੇ ਲੁੱਟ ਲਿਆ। ਪਰ ਇਸ ਵਿਚੋਂ ਟੁੱਟੇ ਛਿੱਤਰ, ਕਾਠੀਆਂ ਤੇ ਕਬਾੜ ਹੀ ਨਿਕਲਿਆ। ਮਾਲ ਨੇਰੀਏ ਪਠਾਣਾਂ (ਜੋਧਪੁਰ ਇਲਾਕੇ ਦੇ ਰਾਜਪੂਤ) ਨੇ ਗੁਰੂ ਜੀ ਦੇ ਮਹਿਲਾਂ ਨੂੰ ਘੇਰ ਲਿਆ।

ਚੌਂਪਾ ਸਿੰਘ ਤੇ ਸਾਹਿਬ ਸਿੰਘ ਨੇ ਇਹਨਾਂ ਦਾ ਟਾਕਰਾ ਕੀਤਾ ਪਰ ਫਿਰ ਵੀ ਉਹ ਅਜੀਤ ਸਿੰਘ ਦਾ ਡੋਲਾ ਖੋਹ ਕੇ ਲੈ ਗਏ।

ਚਉਪਾ ਸਿੰਘ ਅਤੇ ਸਾਹਿਬ ਸਿੰਘ ਮੁੜ ਕੇ ਲੜੇ ਅਤੇ ਜਨਾਨੇ ਲੋਕ ਟੋਰ ਦਿਤੇ ਪਰੇ।
ਸਾਹਿਬ ਜੀਤ ਸਿੰਘ ਦਾ ਡੋਲਾ ਤੁਰਕ ਖੋਹਿ ਲਏ ਗਏ।
ਚਉਪਾ ਸਿੰਘ ਸਾਹਿਬ ਸਿੰਘ ਪਿਛੇ ਪਏ। ੫੪੮॥
ਹਥਿ ਨ ਲਗਾ ਲੜਿ ਭਿੜਿ ਰਹੇ ਤਦ ਅਕੇ।
ਮੁੜ ਗਏ ਨਾਲ ਜਨਾਨੀਆਂ ਦੇ ਜਦ ਥਕੇ।

ਪਿੱਛੇ ਅਨੰਦਪੁਰ ਦਾ ਘੇਰਾ ਰਾਜਿਆਂ ਨੇ ਹੋਰ ਪੱਕਾ ਕਰ ਲਿਆ। ਸਿੱਖਾਂ ਨੂੰ ਭੁੱਖ ਤੋਂ ਤੰਗ ਆ ਕੇ ਦਰਖਤਾਂ ਦੇ ਪੱਤੇ ਖਾਣੇ ਪਏ -

ਤੂਤਾਂ ਦੇ ਪਤ੍ਰ ਖਾਇ-ਖਾਇ ਸਿੱਖ ਲੜੇ।
ਪ੍ਰਤੀਤ ਵਾਲੇ ਸਿੱਖ ਗੁਰੂ ਦੇ ਜੁਧ ਵਿਚਿ ਹਛੇ ਲੜੇ। ੫੫੧॥

ਰਾਜਿਆਂ ਤੇ ਮੁਸਲਮਾਨ ਅਫਸਰਾਂ ਨੇ ਕਸਮਾਂ ਖਾਧੀਆਂ ਕਿ ਅਨੰਦਪੁਰ ਛੱਡ ਦਿਓ ਅਸੀਂ ਕੁਝ ਨਹੀਂ ਕਹਾਂਗੇ। ਸਿੱਖਾਂ ਨੇ ਰੁਸਤਮੁ ਖਾਂ ਤੇ ਦਿਲਾਵਰ ਖਾਂ ਤੋਂ ਕਸਮਾਂ ਲਿਖਵਾ ਲਈਆਂ। ਕੁਝ ਸਿੱਖ ਗੁਰੂ ਜੀ ਨੂੰ ਤੁਰਨ ਵਾਸਤੇ ਕਹਿਣ ਲੱਗੇ। ਗੁਰੂ ਜੀ ਨੇ ਕਿਹਾ ਅੱਠ ਦਿਨ ਹੋਰ ਵੇਖੋ। ਸਿੱਖ ਕਹਿਣ ਲੱਗੇ ਜੇ ਤੁਸਾਂ ਨਹੀਂ ਜਾਣਾ ਤਾਂ ਸਾਨੂੰ ਜਾਣ ਦਿਓ। ਕੁਝ ਸਿੱਖਾਂ ਨੇ ਬੇਦਾਵਾ ਲਿਖ ਕੇ ਦੇ ਦਿੱਤਾ ਤੇ ਚਲੇ ਗਏ। ਮੱਘਰ ਮਹੀਨੇ ਵਿਚ ਗੁਰੂ ਜੀ ਨੇ ਅਨੰਦਪੁਰ ਤੋਂ ਕੂਚ ਕੀਤਾ। ਰਾਤ ਦੇ ਹਨੇਰੇ ਵਿਚ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਵਾਲਾ ਰੱਥ ਰਸਤਾ ਭੁੱਲ ਕੇ ਸਹੇੜੀ ਪਿੰਡ ਪਹੁੰਚ ਗਿਆ ਜਿਥੇ ਰੰਗੜਾਂ ਨੇ ਇਨ੍ਹਾਂ ਨੂੰ ਧੋਖੇ ਨਾਲ ਸਰਹੰਦ ਦੇ ਨਵਾਬ ਵਜ਼ੀਰ ਖਾਂ ਨੂੰ ਫੜਵਾ ਦਿੱਤਾ -

ਮੰਘ੍ਰ ਮਹੀਨੇ ਅਸੀਂ ਨਿਸਾ ਕੂਚੁ ਕੀਤਾ। ਲੋਕ ਅਪਨਾ ਸਭ ਇਕਠਾ ਕਰਿ ਲੀਤਾ।
ਨਿਸਾ ਕਾਲੀ ਰਥ ਮਾਤਾ ਦਾ ਭੁਲ ਗਇਆ।
ਸਹੇੜੀ ਗਿਰਾਉਂ ਰੰਗੜਾਂ ਦਾ ਤਿਤ ਮਾਰਗ ਪਇਆ। ੫੫੬॥
ਦੁਇ ਸਾਹਿਬਜਾਦੇ ਨਿਕੜੇ ਨਾਲ ਗਏ।
ਰਥ ਵਿਚ ਮਾਤਾ ਜੀ ਨਾਲਿ ਦਾਦੀ ਜੀ ਸੁਤੇ ਪਏ।
ਸੋ ਰਥ ਰੰਗੜਾਂ ਤੁਰਕਾਂ ਨੂੰ ਹਥ ਆਇਆ ਉਨ੍ਹਾਂ ਤੁਰਕਾਂ ਰਥ ਸਿਰਹੰਦ
ਪਕੜ ਪਹੁੰਚਾਇਆ । ੫੫੭॥
ਨਵਾਬ ਵਜੀਰ ਖ਼ਾਂ ਪਾਸ ਪਕੜੇ ਗਏ।
ਸਿਰਹੰਦੀ ਜਾਇ ਦਾਦੀ ਪੋਤ੍ਰੇ ਤਿਨੇ ਕੈਦ ਪਏ। ੫੫੮।

ਗੁਰੂ ਜੀ ਲੜਦੇ ਭਿੜਦੇ ਰੋਪੜ ਜਾ ਪੁੱਜੇ। ਉਥੋਂ ਅੱਗੇ ਮਹਾਰਾਜ ਚਮਕੌਰ ਜਾ ਪੁੱਜੇ। ਵੈਰੀ ਨੇ ਘੇਰ ਲਿਆ। ਇਥੇ ਅਜੀਤ ਸਿੰਘ, ਜੁਝਾਰ ਸਿੰਘ, ਚੰਦਨ ਰਾਉ, ਗੁਲਾਬ ਸਿੰਘ, ਸੰਗੋ ਸਿੰਘ ਤੇ ਹੋਰ ਅਨੇਕਾਂ ਸਿੱਖ ਲੜਦੇ ਸ਼ਹੀਦ ਹੋ ਗਏ। ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦਾ ਸਸਕਾਰ ਕੀਤਾ ਗਿਆ।

ਚਉਦਾਂ ਮੁਕਤੇ ਚਾਲੀ ਸਿੰਘ ਚਉਰੰਜਾ।
ਸਿਖਾਂ ਕਹਿਆ ਗਰੀਬ ਨਿਵਾਜ ਤੁਸੀਂ ਚਲੋ ਡੇਰਾ ਰਹੋ ਮੰਜਾ॥ ੫੭੭॥
ਡੇਰਾ ਰਹਿਆ ਲਗਾ ਸਾਹਿਬ ਨਿਕਲ ਆਏ। ਕੰਧ ਪਾੜਿ ਕਰਿ ਰਾਹ ਸਿਧਾਏ।
ਚਾਰ ਸਿਖ ਪੰਜਵੇਂ ਆਪ।

ਦੁਇ ਕੇਸਧਾਰੀ ਦੁਇ ਸਹਜਧਾਰੀ ਸੰਗ ਲੀਨੇ ॥ ੫੭੩॥

ਗੁਰੂ ਜੀ ਰਾਤ ਨੂੰ ਨਿਕਲ ਕੇ ਮਾਛੀਵਾੜੇ ਤੇ ਫਿਰ ਉਥੋਂ ਦੀਨਪੁਰ (ਦੀਨੇ) ਜਾ ਪੁੱਜੇ। ਕੁਝ ਸਿੱਖ ਚਮਕੌਰ ਵਿਚੋਂ ਬਚ ਕੇ ਆ ਮਿਲੇ। ਉਹਨਾਂ ਚਮਕੌਰ ਦੀ ਕਥਾ ਸੁਣਾਈ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ, ਕੁਝ ਮੰਗੋ। ਸਿੱਖਾਂ ਕਿਹਾ –

ਕਾਗਤ ਪਾੜੋ ਜੋ ਸਿਖਾਂ ਹੈ ਲਿਖ ਦਿਤਾ। ਬਚਨ ਕੀਤਾ ਕੁਛ ਹੋਰ ਮੰਗੋ ਹਛ ਮਿਠਾ।
ਸਿਖਾਂ ਕਹਿਆ ਗਰੀਬ ਨਿਵਾਜ ਸਿਖੀ ਦਾਨੁ ਕਰਿ।
ਕਾਗਤ ਪਾੜ ਸਿੱਖਾਂ ਦੇ ਸਿਰ ਹਥਿ ਧਰਿ। ੫੭੮॥
ਕਾਗਤ ਕਢਿ ਕੇ ਸਿੱਖ ਸਾਹਿਬ ਪਾਸੋਂ ਪੜਵਾਇਆ।
ਬਚਨ ਕੀਤਾ ਸਿੱਖਾਂ ਨੂੰ ਸਿੱਖੀ ਦਾਨੁ ਦਿਵਾਇਆ..... ੫੭੯॥

ਇਸ ਤੋਂ ਅੱਗੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਜ਼ਿਕਰ ਹੈ, ਜੋ ਇਸ ਪ੍ਰਕਾਰ ਹੈ–

ਨਵਾਬ ਵਜੀਰ ਖਾਂ ਸੇ ਛਡਣੇ ਲਾਏ, ਸੁਚੇ ਪੁਰੀ ਨੇ ਚੁਗਲੀ ਕਰੁ ਦੋਨੋ ਮਰਿਵਾਏ।
ਸਤਿਵਾਰੀ ਮੁਹੁ ਫਿਟਕਾਰੁ ਕੇ ਨਾਉ ਝੂਠੇ ਦਾ ਲਈਐ।
ਫਿਟੇ ਮੁਹੁ ਸੁਚੇ ਝੂਠੇ ਪੁਰੀ ਖਤ੍ਰੀ ਦਾ ਕਹੀਏ। ੫੮੦॥
ਨਉ ਸਾਲ ਅਵਸਥਾ ਜੋਰਾਵਰ ਸਿੰਘ ਜੀ ਭਏ।
ਸਾਢੇ ਸਤਿ ਸਾਲ ਅਵਸਥਾ ਫਤੇ ਸਿੰਘ ਜੀ ਲਏ।
ਜੋਰਾਵਰ ਸਿੰਘ ਦੇ ਪ੍ਰਾਨ ਖੰਡੇ ਨਾਲ ਬੇਗ ਛੁਟ ਗਏ।
ਅਧੀ ਘੜੀ ਫਤੇ ਸਿੰਘ ਜੀ ਚਰਨ ਮਾਰਦੇ ਭਏ॥ ੫੮੧॥
ਪੁਰੀ ਝੂਠੇ ਨੇ ਚੁਗਲੀ ਕਰਿ ਕੇ ਮਰਵਾਏ। ਨਵਾਬ ਵਜੀਰ ਖਾਂ ਛਡਣੇ ਸੇ ਲਾਏ।
ਓਹ ਪੁਰੀ ਸਾਹੀਆਂ ਦਾ ਕੁੜਮੁ ਆਹਾਂ। ਹੋਰੁ ਵਖਰਾ ਵੈਰ ਕੋਈ ਨਾਹਾ। ੫੮੨॥
ਮਾਤਾ ਗੁਜਰੀ ਵਿਹੁ ਖਾਇ ਪ੍ਰਾਨ ਦਿਤੇ।
ਐਸੇ ਕਰਮ ਤਤਿਆਂ ਖਤਿਆਂ ਸਤਿਗੁਰੁ ਨਾਲਿ ਕਿਤੇ। .... ੫੮੪॥

ਗੁਰੂ ਜੀ ਦੀਨੇ ਤੋਂ ਮੁਕਤਸਰ ਤੇ ਓਥੋਂ ਕਾਂਗੜੇ ਆਏ। ਕਾਂਗੜ ਤੋਂ ਜ਼ਫ਼ਰਨਾਮਾ ਲਿਖ ਕੇ ਦਇਆ ਸਿੰਘ ਹੱਥ ਭੇਜਿਆ। ਦਇਆ ਸਿੰਘ ਨੀਲੇ ਕੱਪੜੇ ਪਾ ਕੇ ਹਾਜੀ ਬਣ ਕੇ ਗਿਆ। ਔਰੰਗਾਬਾਦ ਜਾ ਕੇ ਬਾਦਸ਼ਾਹ ਨੂੰ ਮਿਲਿਆ ਤੇ ਕਿਹਾ ਕਿ ਮੱਕੇ ਤੋਂ ਕੁਰਾਨ ਸ਼ਰੀਫ ਲਿਆਇਆ ਹਾਂ। ਔਰੰਗਜ਼ੇਬ ਨੇ ਇਹ ਆਪਣੇ ਹੱਥੀਂ ਲਿਆ। ਔਰੰਗਜ਼ੇਬ ਪੜ੍ਹਦਾ-ਪੜ੍ਹਦਾ ਹੀ ਮਰ ਗਿਆ।

ਪੜਦਾ ਪੜਦਾ ਵਿਚੇ ਹੀ ਮਰਿ ਗਇਆ।
ਮੁਹੁ ਬੋਲਣ ਜੋਗਾ ਮੂਲ ਨ ਰਹਿਆ। ੫੯੨॥

ਇਥੇ ਇਕ ਅਜੀਬ ਕਹਾਣੀ ਬਿਆਨ ਕੀਤੀ ਗਈ ਹੈ। ਇਕ ਮੌਲਵੀ ਗੁਰੂ ਜੀ ਨੂੰ ਕਹਿੰਦਾ ਹੈ ਕਿ ਔਰੰਗਜ਼ੇਬ ਮੱਕੇ ਤੋਂ ਰੋਜ਼ ਬੇਰ ਲੈ ਕੇ ਆਉਂਦਾ ਹੈ। ਗੁਰੂ ਜੀ ਨੇ ਕਿਹਾ ਮੈਨੂੰ ਮੱਕੇ ਦੇ ਬੇਰਾਂ ਦੀ ਪਛਾਣ ਹੈ, ਲਿਆ ਕੇ ਦਿਖਾਓ। ਔਰੰਗਜ਼ੇਬ ਤੋਤਾ ਬਣ ਕੇ ਬੇਰ ਲੈਣ ਜਾਵੇ, ਗੁਰੂ ਜੀ ਉਥੇ ਬੇਰੀ ਹੇਠ ਖੜੇ ਗੁਲੇਲਾਂ ਮਾਰ ਕੇ ਉਡਾ ਦੇਣ। ਅੱਠ ਦਿਨ ਇਹ ਕੰਮ ਚੱਲਦਾ ਰਿਹਾ ਅੰਤ ਔਰੰਗਜ਼ੇਬ ਹਾਰ ਗਿਆ। ਔਰੰਗਜ਼ੇਬ ਦੀ ਮੌਤ ਪਿਛੋਂ ਬਹਾਦਰ ਸ਼ਾਹ ਬਾਦਸ਼ਾਹ ਬਣਿਆ। ਜੋ ਕਾਬਲ ਦਾ ਸੂਬੇਦਾਰ ਸੀ। ਇਸ ਘਟਨਾ ਕ੍ਰਮ ਪਿਛੋਂ ਗੁਰੂ ਜੀ ਜਿਮੀਦਾਰਾਂ ਦੇ ਦੇਸ ਪਹੁੰਚੇ ਜਿਥੇ ਲਛਮਨ ਦਾਸ ਚਰੰਨਜੀਤ ਬੈਰਾਗੀ ਰਹਿੰਦਾ ਸੀ। ਗੁਰੂ ਜੀ ਨੇ ਸਾਹਿਬ ਚੰਦ ਧਰਮ ਚੰਦ ਨੂੰ ਸਲਾਹ ਪੁੱਛੀ ਕਿ ਦਸੋ ਹੁਣ ਗੁਰਿਆਈ ਕਿਸ ਨੂੰ ਦਈਏ। ਉਨਾਂ ਕਿਹਾ ਜਿਵੇਂ ਹਜ਼ੂਰ ਨੂੰ ਭਾਵੇ। ਗੁਰੂ ਜੀ ਲਛਮਨ ਦਾਸ ਦੇ ਬਾਗ ਵਿਚ ਜਾਂਦੇ ਹਨ। ਉਹ ਕਈ ਕਰਾਮਾਤ ਵਿਖਾਉਂਦਾ ਹੈ, ਅਖੀਰ ਗੁਰੂ ਜੀ ਦੇ ਚਰਨੀ ਡਿੱਗ ਪੈਂਦਾ ਹੈ। ਗੁਰੂ ਜੀ ਪਾਹੁਲ ਛਕਾ ਕੇ ਉਸ ਨੂੰ ਸਿੱਖ ਬਣਾ ਲੈਂਦੇ ਹਨ –

ਦੁਹਾਂ ਗੱਲਾਂ ਕੀਤੀਆਂ ਆਪਸ ਵਿਚ ਬੈਠ ਕੇ ਮਸਕੂਰ।
ਆਖਰ ਸਾਧੂ ਉਠ ਕੇ ਚਰਨੀ ਢਠਿਆ।
ਪਾਹੁਲ ਗੁਰ ਕੀ ਛਕ ਕੇ ਬਣਿਆ ਸਿੰਘ ਹਠੀਆ
ਮਾਮਲਾ ਗਲਿ ਉਸ ਦੇ ਪਾਇਕੈ ਸਾਹਿਬ ਉਥੋਂ ਪਏ ਟੁਰੇ।

ਨਾਲ ਦਰਵਾਜੇ ਤੋੜੀ ਓਹੁ ਆਇਆ ਫਿਰ ਗਇਆ ਮੁਰੇ। ੬੨੩॥
ਮੁੜਨ ਲਗਾ ਤਬ ਤਿਸਨੇ ਸਾਹਿਬ ਨੂੰ ਕਹਿਆ।
ਅਜੀ ਮੁਦਤਿ ਕਿਤਨੀ ਵਿਚਿ ਪੜਦਾ ਰਹਿਆ।
ਸਾਹਿਬ ਨਉ ਮਹੀਨੇ ਅਤੇ ਨਉ ਦਿਨਾਂ ਤਿਸਨੂ ਕਹੇ।
ਇਸ ਦੇ ਉਪਰੰਤ ਕਰਨਾ ਜਿਤਨਾ ਚਹੇ। ੬੨੪॥

ਇਸ ਪਿਛੋਂ ਗੁਰੂ ਬੁਰਾਨਪੁਰ ਚਲੇ ਗਏ। ਉਥੋਂ ਗੁਰੂ ਜੀ ਨੇ ਸੰਗਤਾਂ ਨੂੰ ਦਿੱਲੀ ਨੂੰ ਮੋੜ ਦਿੱਤਾ।

ਮਾਤਾ ਸੁੰਦਰੀ ਲਗੀ ਰੋਵਨ, ਮੇਰਾ ਜੀਤ ਸਿੰਘ ਕਿਥੇ।
ਮੈ ਕੀ ਜਾਇ ਕੇ ਦੇਖਣਾ ਰਹਾਂਗੀ ਇਥੇ। ੬੨੫॥
ਬਚਨ ਕੀਤਾ ਲੈ ਜੀਤ ਸਿੰਘ ਅਤੇ ਦਿਲੀ ਜਾਹੁ।
ਸਨਮੁਖ ਖੜਾ ਸੀ ਸਿਖ ਨਾਮ ਜੀਤ ਸਿੰਘ ਸੀ ਤਾਹ।
ਸੋ ਦਿਤਾ ਨਾਲ ਕਰਿ ਪਕੜਾਇ ਤਿਸਦੀ ਬਾਹ।
ਮਾਤਾ ਲੈ ਟੁਰੀ ਕਰਿ ਬੇਟਾ ਜੀਤ ਵਾਹ। ੬੨੬॥

ਸਭ ਸਾਜੋ ਸਮਾਨ ਦਿੱਲੀ ਭੇਜ ਕੇ ਗੁਰੂ ਜੀ ਪੰਜ ਸਿੰਘਾਂ ਦੇ ਨਾਲ ਬੁਰਾਨਪੁਰ ਤੋਂ ਬਾਦਸ਼ਾਹ ਬਹਾਦਰ ਸ਼ਾਹ ਦੇ ਮਗਰ ਨੰਦੇੜ ਜਾ ਪੁੱਜੇ। ਓਥੇ ਹਜ਼ੂਰ ਨੇ ਕਬਰਸਤਾਨ ਵਿਚ ਜਾ ਡੇਰਾ ਲਾਇਆ। ਮੁਲਾਣਿਆਂ ਨੇ ਇਤਰਾਜ਼ ਕੀਤਾ ਤਾਂ ਗੁਰੂ ਜੀ ਨੇ ਕਿਹਾ, ਇਹ ਥਾਂ ਸਾਡੀ ਹੈ। ਜਦ ਥਾਂ ਪੁੱਟੀ ਤਾਂ ਹੇਠੋਂ ਗੰਗਾ ਸਾਗਰ ਤੇ ਚੌਕੀ ਨਿਕਲੇ ਜੋ ਗੁਰੂ ਜੀ ਨੇ ਦੱਸੀ ਸੀ। ਮੁਸਲਮਾਨ ਓਥੋਂ ਕਬਰਾਂ ਪੁੱਟ ਕੇ ਮੁਰਦੇ ਲੈ ਗਏ। ਅੱਗੇ ਕੁਝ ਪੁਰਾਣ ਕਥਾਵਾਂ ਹਨ ਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਹੈ ਤੇ ਉਮਰ 48 ਸਾਲ ਲਿਖੀ ਹੈ। ਇਸ ਤੋਂ ਅੱਗੇ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ ਕਿ ਉਹ ਹਰ ਜੁਗ ਵਿਚ ਅਵਤਾਰ ਧਾਰਨ ਕਰਦੇ ਰਹੇ ਹਨ। ਅੱਗੇ ਕਲਕੀ ਅਵਤਾਰ ਵਿਚੋਂ ਟੂਕਾਂ ਹਨ 'ਭਲ ਭਾਗ ਭਯਾ ਇਹ ਸੰਭਲ ਕੇ ਹਰਿਜੂ ਹਰਿਮੰਦਰ ਆਵਹਗੇ।' ਇੱਥੇ ਇਹ ਵੀ ਅੰਕਿਤ ਕੀਤਾ ਗਿਆ ਹੈ ਕਿ ਚਾਰੇ ਜੁਗਾਂ ਵਿਚ ਗੁਰੂ ਨਾਨਕ ਦਸ ਜਾਮੇ ਧਾਰ ਕੇ ਆਏ –

ਚਾਰੇ ਜੁਗ ਬਾਬਾ ਨਾਨਕ ਦਸ ਜਾਮੇ ਧਰਿ ਆਇਆ।
ਜੁਗ ਜੁਗ ਵਿਚ ਬਾਬਾ ਨਾਨਕ ਗੁਬਿੰਦ ਸਿੰਘ ਜੀ ਹੈ ਗਇਆ।
ਸੋ ਗੁਰੂ ਗੋਬਿੰਦ ਸਿੰਘ ਜੀ ਮਨਸਾ ਇਹ ਧਾਰੀ।
ਤਜੀਏ ਸਰੀਰੁ ਬਿਧਾਤਾ ਦੀ ਲਿਖੀ ਨ ਟਾਰੀ। ੬੬੩॥
ਪੈਂਦੇ ਖਾਂ ਦੇ ਪੁਤ੍ਰ ਪੋਤਰੇ ਨਾਲ ਚਾਕਰ ਆਹੇ।
ਸੋ ਤਿਸ ਨੂੰ ਦੇਖ ਸਾਹਿਬ ਮਨ ਕੀਤੀ ਸਲਾਹੇ।
ਤਿਨਾ ਨੂੰ ਸੁਣਾਏ ਲੱਗੇ ਬੋਲੀਆਂ ਮਾਰਨ।
ਜਿਸ ਦਾ ਪਿਉ ਦਾਦਾ ਕੋਈ ਮਾਰੇ,
ਅਤੇ ਪੁਤ ਪੋਤੇ ਵੈਰ ਨਹੀਂ ਸੰਭਾਰਨ। ੬੬੪॥

ਇਹਨਾਂ ਬੋਲੀਆਂ ਕਾਰਨ ਪਠਾਣ ਨੇ ਗੁਰੂ ਜੀ ਦੇ ਕਟਾਰ ਖੋਭ ਦਿੱਤੀ। ਗੁਰੂ ਜੀ ਨੇ ਉਸ ਨੂੰ ਤਲਵਾਰ ਨਾਲ ਮਾਰ ਦਿੱਤਾ। ਗੁਰੂ ਜੀ ਦੇ ਜ਼ਖ਼ਮ ਸੀਤੇ ਗਏ। ਖ਼ਬਰ ਸੁਣ ਕੇ ਬਾਦਸ਼ਾਹ ਨੇ ਹਕੀਮ ਭੇਜੇ। ਮੁੜ ਕਮਾਨਾਂ ਖਿੱਚਣ ਨਾਲ ਜਖ਼ਮ ਖੁੱਲ੍ਹ ਗਏ। ਸਿੱਖਾਂ ਨੇ ਅੰਤ ਸਮੇਂ ਪੁੱਛਿਆ –

ਗਰੀਬ ਨਿਵਾਜ ਸਿੱਖ ਸੰਗਤਿ ਹੈ ਤੇਰੀ ਇਸਦਾ ਕੀ ਹਵਾਲੁ।
ਬਚਨ ਕੀਤਾ ਗ੍ਰੰਥ ਹੈ ਗੁਰੁ ਲੜ ਪਕੜੋ ਅਕਾਲ। ੬੭੯॥
ਗੁਰੂ ਹੈ ਖਾਲਸਾ ਖਾਲਸਾ ਹੈ ਗੁਰੂ।
ਗੋਦੀ ਸ੍ਰੀ ਸਾਹਿਬ ਦੇਵੀ ਮਾਤਾ ਜੀ ਪਾਏ ਭਜਨ ਕੀਤਾ ਸ਼ੁਰੂ।
ਆਪਸ ਵਿਚਿ ਕਰਨਾ ਪਿਆਰੁ ਪੰਥ ਦੇ ਵਾਧੇ ਨੂੰ ਲੋਚਨਾ।
ਆਗਿਆ ਗ੍ਰੰਥ ਸਾਹਿਬ ਦੀ ਕਰਨੀ ਸਬਦ ਦੀ ਖੋਜਨਾ। ੬੮੦॥

ਇਸ ਪਿਛੋਂ ਗੁਰੂ ਜੀ ਜੋਤੀ-ਜੋਤ ਸਮਾ ਜਾਂਦੇ ਹਨ ਜੋ ਸੰਮਤ 1766 ਦਾ ਵਾਕਿਆ ਹੈ –

ਦੋ ਘੜੀਆਂ ਸਿਖ ਜਬਾਬੁ ਸੁਆਲ ਪੁਛਦੇ ਰਹੇ।

ਫੇਰ ਸਾਹਿਬ ਬੇਕੁੰਠ ਨੂੰ ਸਵਾਰਾ ਕਰਿ ਗਏ।
ਜੋਤਿ ਨਾਲਿ ਜਾਇ ਜੋਤ ਅਕਾਲ ਪੁਰਖ ਵਿਚਿ ਸਮਾਣੀ।

....

ਸੰਮਤੁ ਸਤਾਰਾਂ ਸੈ ਛਿਆਹਟਿ ਕਤਕ ਸੁਦੀ ਪੰਜ ਰਵਿਵਾਰ।
ਕਰਨ ਕਾਰਨ ਸਭ ਬਿਧ ਜਾਨਨਹਾਰੁ। ੬੮੩॥

ਇਸ ਤੋਂ ਅੱਗੇ ਸਿੱਖਾਂ ਨੂੰ ਉਪਦੇਸ਼, ਰਾਜਾ ਪ੍ਰੀਛਤ, ਸੁਕਦੇਵ ਤੇ ਕ੍ਰਿਸ਼ਨ ਦੀਆਂ ਕਥਾਵਾਂ ਬਿਆਨ ਕੀਤੀਆਂ ਗਈਆਂ ਹਨ।

ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਇਸ ਰਚਨਾ ਦਾ ਬੇਸ਼ਕ ਸਿੱਖ ਇਤਿਹਾਸ ਵਿਚ ਬਹੁਤ ਜ਼ਿਕਰ ਆਉਂਦਾ ਹੈ ਪਰ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਨੂੰ ਗੁਰਮਤਿ ਵਿਚਾਰਧਾਰਾ ਅਨੁਸਾਰ ਨਹੀਂ ਬਿਆਨ ਕਰਦੀ ਸਗੋਂ ਤੋੜ-ਮਰੋੜ ਕੇ ਉਨ੍ਹਾਂ ਨੂੰ ਦੇਵੀ ਦੇ ਉਪਾਸਕ ਅਤੇ ਬ੍ਰਾਹਮਣਾਂ ਦੇ ਸਨੇਹੀ ਸਿੱਧ ਕਰਦੀ ਹੈ। ਇਸ ਦਾ ਕਾਰਨ ਕੇਵਲ ਤੇ ਕੇਵਲ ਇਹ ਹੈ ਕਿ ਕੇਸਰ ਸਿੰਘ ਛਿੱਬਰ ਖ਼ੁਦ ਬ੍ਰਾਹਮਣ ਹੋਣ ਕਰਕੇ ਇਹ ਸਭ ਕੁਝ ਜਾਣ ਬੁਝ ਕੇ ਕਰਦਾ ਹੈ। ਗੁਰੂ ਘਰ ਨਾਲ ਨੇੜਤਾ ਅਤੇ ਗੁਰੂ ਸਾਹਿਬ ਦਾ ਨੇੜਲਾ ਸਮਕਾਲੀ ਹੋਣ ਕਰਕੇ ਸਿੱਖਾਂ ਵਿਚ ਇਸ ਪ੍ਰਤੀ ਸ਼ਰਧਾ ਪੈਦਾ ਹੋਣਾ ਸੁਭਾਵਿਕ ਹੈ। ਲੋੜ ਹੈ ਕਿ ਅਕਾਦਮਿਕ ਪੱਧਰ ਤੇ ਅਜਿਹੀਆਂ ਰਚਨਾਵਾਂ ਦੀ ਪੁਣ-ਛਾਣ ਕੀਤੀ ਜਾਵੇ ਤੇ ਇਸ ਵਿਚ ਹੋਈ ਗਲਤ ਬਿਆਨੀ ਤੇ ਘੁਸਪੈਂਠ ਨੂੰ ਪੜਚੋਲਿਆ ਜਾਵੇ ਤਾਂਕਿ ਸਿੱਖ ਸੰਗਤਾਂ ਅਜਿਹੀਆਂ ਰਚਨਾਵਾਂ ਤੋਂ ਗੁੰਮਰਾਹ ਹੋਣ ਤੋਂ ਬਚ ਸਕਣ।

ਮਹਿਮਾ ਪ੍ਰਕਾਸ਼ 'ਵਾਰਤਕ' ਅਨੁਸਾਰ ਗੁਰੂ ਗੋਬਿੰਦ ਸਿੰਘ ਦਾ ਜੀਵਨ ਉਦੇਸ਼

*ਡਾ. ਕੁਲਵਿੰਦਰ ਸਿੰਘ ਬਾਜਵਾ**

ਸੰਪੂਰਨ ਸਿੱਖ ਇਤਿਹਾਸ ਅਤੇ ਖਾਸ ਕਰਕੇ ਸਿੱਖ ਗੁਰੂ ਸਾਹਿਬਾਨਾਂ ਦੇ ਜੀਵਨ ਉਦੇਸ਼ਾਂ ਤੇ ਪ੍ਰਾਪਤੀਆਂ ਨੂੰ ਸਮਝਣ ਤੇ ਲਿਖਣ ਵਾਸਤੇ ਇਤਿਹਾਸਕ ਦਸਤਾਵੇਜ਼ਾਂ ਦੀ ਹੁਣ ਕੋਈ ਥੁੜ੍ਹ ਨਹੀਂ, ਪਰ ਮੱਧਕਾਲੀਨ ਪੰਜਾਬ ਦੇ ਇਤਿਹਾਸ ਨੂੰ ਵਿਗਿਆਨਕ ਵਿਧੀ ਅਨੁਸਾਰ ਲਿਖਣ ਵਾਲੇ ਆਧੁਨਿਕ ਇਤਿਹਾਸਕਾਰਾਂ ਨੇ ਜ਼ਿਆਦਾ ਭਰੋਸਾ ਫ਼ਾਰਸੀ ਅਤੇ ਅੰਗਰੇਜ਼ੀ ਸਰੋਤਾਂ ਤੇ ਹੀ ਕੀਤਾ ਹੈ। ਪੰਜਾਬੀ ਸ੍ਰੋਤ ਦੂਜੇ ਲਫਜ਼ਾਂ ਵਿਚ ਜਿਨ੍ਹਾਂ ਨੂੰ ਸਿੱਖ ਸਰੋਤ ਵੀ ਕਿਹਾ ਜਾਂਦਾ ਹੈ, ਨੂੰ ਕੋਈ ਜ਼ਿਆਦਾ ਮਹੱਤਵ ਨਹੀਂ ਦਿੱਤਾ ਗਿਆ। ਰਤਾ ਗਹੁ ਨਾਲ ਵੇਖੀਏ ਤਾਂ ਸਿੱਖ ਸਰੋਤ ਆਪਣੇ ਆਪ ਵਿਚ ਤਕਰੀਬਨ ਛੇ ਸਦੀਆਂ ਦਾ ਸਮਾਂ ਸਮੋਈ ਬੈਠੇ ਹਨ। ਇਹ ਸਮਾਂ ਸਿੱਖ ਮੱਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਸ਼ੁਰੂ ਹੋ ਕੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਚੇ ਗਏ ਸਿੱਖ ਇਤਿਹਾਸ ਤੇ ਸਾਹਿਤ ਦਾ ਬਣਦਾ ਹੈ। ਖੈਰ ਮਹਿਮਾ ਪ੍ਰਕਾਸ਼ (ਵਾਰਤਕ), ਸਿੱਖ ਇਤਿਹਾਸ ਅਤੇ ਪੰਜਾਬੀ ਸਾਹਿਤ ਨਾਲ ਸੰਬੰਧਿਤ ਅਠਾਰਵੀਂ ਸਦੀ ਦੇ ਪ੍ਰਮੁਖ ਸ੍ਰੋਤਾਂ ਵਿਚੋਂ ਇਕ ਮਹੱਤਵਪੂਰਨ ਗੁਰਮੁਖੀ ਸ੍ਰੋਤ ਹੈ। ਇਹ ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (1776 ਈ.) ਤੋਂ ਬਾਅਦ ਤੇ ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ (ਕਵਿਤਾ) 1776 ਈ. ਤੋਂ ਪੂਰਬਲਾ ਸੋਮਾ ਹੈ, ਜਿਸ ਵਿਚ ਦਸ ਆਤਮਦਰਸ਼ੀ ਗੁਰੂ ਸਾਹਿਬਾਨ ਦੇ ਜੀਵਨ ਉਦੇਸ਼ਾਂ ਤੇ ਪ੍ਰਾਪਤੀਆਂ ਬਾਰੇ ਅਖੰਡਤ ਵਿਵਰਣ ਮਿਲਦਾ ਹੈ। ਇਸ ਰਚਨਾ ਨੂੰ ਅਤੇ ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਨੂੰ ਜਨਮਸਾਖੀ ਪ੍ਰੰਪਰਾ ਅਤੇ ਗੁਰਬਿਲਾਸ ਪ੍ਰੰਪਰਾ ਵਿਚਕਾਰ ਇਕ ਕੜੀ ਵਜੋਂ ਖ਼ਿਆਲ ਕੀਤਾ ਜਾਂਦਾ ਹੈ। ਪ੍ਰੋ. ਡਬਲਯੂ. ਐਚ. ਮੈਕਲਾਉਡ ਅਨੁਸਾਰ ਇਸ ਨੂੰ ਪਿਛਲੇਰੀ ਜਨਮ ਸਾਖੀ ਪ੍ਰੰਪਰਾ ਅਧੀਨ ਲਿਖੇ ਗਏ ਸਾਹਿਤ ਅਧੀਨ ਵਿਚਾਰਿਆ ਜਾ ਸਕਦਾ ਹੈ।[1] ਇਸ ਵਿਚ ਦਰਜ 170 ਸਿਖਿਆਦਾਇਕ ਸਾਖੀਆਂ ਦੀ ਤਰਤੀਬ ਇਸ ਤਰ੍ਹਾਂ ਹੈ :-

1.	ਸ੍ਰੀ ਗੁਰੂ ਨਾਨਕ ਦੇਵ ਜੀ	20
2.	ਸ੍ਰੀ ਗੁਰੂ ਅੰਗਦ ਦੇਵ ਜੀ	11
3.	ਸ੍ਰੀ ਗੁਰੂ ਅਮਰ ਦਾਸ ਜੀ	28
4.	ਸ੍ਰੀ ਗੁਰੂ ਰਾਮ ਦਾਸ ਜੀ	07
5.	ਸ੍ਰੀ ਗੁਰੂ ਅਰਜਨ ਦੇਵ ਜੀ	15
6.	ਸ੍ਰੀ ਗੁਰੂ ਹਰਗੋਬਿੰਦ ਜੀ	20
7.	ਸ੍ਰੀ ਗੁਰੂ ਹਰ ਰਾਇ ਜੀ	18
8.	ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ	01
9.	ਸ੍ਰੀ ਗੁਰੂ ਤੇਗ ਬਹਾਦਰ ਜੀ	05
10.	ਸ੍ਰੀ ਗੁਰੂ ਗੋਬਿੰਦ ਸਿੰਘ ਜੀ	38
11.	ਫੁਟਕਲ	07
		170

ਖੈਰ ਹਥਲੇ ਲੇਖ ਦਾ ਉਦੇਸ਼ ਮਹਿਮਾ ਪ੍ਰਕਾਸ਼ (ਵਾਰਤਕ) ਵਿਚ ਉਪਲਬਧ ਇਤਿਹਾਸਕ ਗਵਾਹੀਆਂ ਦੇ ਆਧਾਰ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਉਦੇਸ਼ ਤੇ ਪ੍ਰਾਪਤੀਆਂ ਤੇ ਵਿਚਾਰ ਕਰਨਾ ਹੈ, ਪਰ ਇਸ

*ਪੰਜਾਬ ਇਤਿਹਾਸ ਖੋਜ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਚਨਾ ਵਿਚ ਆਈਆਂ ਗਵਾਹੀਆਂ ਦੇ ਸਰੂਪ (Nature of evidence) ਨੂੰ ਸਮਝਣ ਤੇ ਉਨ੍ਹਾਂ ਦਾ ਸਹੀ ਮੁਲਾਂਅੰਕਣ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਰਚਨਾ ਦੇ ਰਚਨਹਾਰ ਤੇ ਰਚਨਾ ਕਾਲ ਬਾਰੇ ਜਾਣਿਆ ਜਾਵੇ। ਭਾਈ ਕਾਨ੍ਹ ਸਿੰਘ ਜੀ ਪਹਿਲੇ ਸਿੱਖ ਵਿਦਵਾਨ ਸਨ ਜਿਨ੍ਹਾਂ ਨੇ ਇਸ ਰਚਨਾ ਨੂੰ ਬਾਬਾ ਕ੍ਰਿਪਾਲ ਸਿੰਘ ਭੱਲਾ ਦੀ ਰਚਨਾ ਮੰਨਿਆ, ਪਰ ਆਪਣੇ ਵਿਚਾਰ ਦੀ ਪੁਸ਼ਟੀ ਵਾਸਤੇ ਉਨ੍ਹਾਂ ਨੇ ਕੋਈ ਗਵਾਹੀ ਪੇਸ਼ ਨਹੀਂ ਕੀਤੀ।[2] ਭਾਈ ਵੀਰ ਸਿੰਘ ਨੇ ਵੀ ਬਿਨਾ ਕੋਈ ਦਲੀਲ ਦਿੱਤਿਆਂ ਇਸ ਰਚਨਾ ਦਾ ਕਰਤਾ ਬਾਵਾ ਕ੍ਰਿਪਾਲ ਸਿੰਘ ਨੂੰ ਮੰਨਿਆ ਹੈ।[3] ਪ੍ਰੋ. ਕ੍ਰਿਪਾਲ ਸਿੰਘ ਨੇ ਵੀ ਇਸ ਦਾ ਕਰਤਾ ਬਾਵਾ ਕ੍ਰਿਪਾਲ ਸਿੰਘ ਮੰਨਿਆ ਹੈ, ਪਰ ਦਲੀਲ ਉਨ੍ਹਾਂ ਵੀ ਕੋਈ ਨਹੀਂ ਪੇਸ਼ ਕੀਤੀ।[4] ਪ੍ਰੋ. ਗੰਡਾ ਸਿੰਘ ਨੇ 'ਏ ਬਿਬਲਿਉ ਆਫ਼ ਦਾ ਪੰਜਾਬ' ਵਿਚ ਇਸ ਰਚਨਾ ਨੂੰ ਬਾਬਾ ਕ੍ਰਿਪਾਲ ਸਿੰਘ ਦੇ ਨਾਮ ਅਧੀਨ ਹੀ ਦਰਜ ਕੀਤਾ ਹੈ, ਪਰ ਇਸੇ ਰਚਨਾ ਵਿਚ ਆਪ ਲਿਖਦੇ ਹਨ ਕਿ ਸਰੂਪ ਦਾਸ, ਸਰੂਪ ਚੰਦ ਤੇ ਸਰੂਪ ਸਿੰਘ ਤਿੰਨੇ ਨਾਮ ਇਕੋ ਵਿਅਕਤੀ ਦੇ ਹਨ, ਜਿਸ ਨੇ ਮਹਿਮਾ ਪ੍ਰਕਾਸ਼ ਦੀ ਰਚਨਾ ਕੀਤੀ। ਇਹ ਰਚਨਾ ਵਾਰਤਕ ਵਿਚ ਵੀ ਹੈ ਤੇ ਕਵਿਤਾ ਵਿਚ ਵੀ, ਪਰ ਵਾਰਤਕ ਦਾ ਲਿਖਾਰੀ ਕ੍ਰਿਪਾਲ ਦਾਸ ਹੈ।[5] ਫਿਰ ਇਕ ਥਾਂ ਹੋਰ ਲਿਖਦੇ ਹਨ ਕਿ ਸਰੂਪ ਚੰਦ ਭੱਲਾ ਦਾ ਮਹਿਮਾ ਪ੍ਰਕਾਸ਼ ਵਾਰਤਕ ਵਿਚ ਵੀ ਹੈ ਤੇ ਕਵਿਤਾ ਵਿਚ ਵੀ। ਇਹ ਸਵੈ-ਵਿਰੋਧੀ ਕਥਨ ਸ਼ੱਕ ਨੂੰ ਜਨਮ ਦਿੰਦੇ ਹਨ। ਪਰ ਇਸ ਆਪੇ ਸਿਰਜੇ ਸ਼ੱਕ ਨੂੰ ਨਵਿਰਤ ਕਰਨ ਲਈ ਪ੍ਰੋਫੈਸਰ ਸਾਹਿਬ ਨੇ ਕੋਈ ਗਵਾਹੀ ਪੇਸ਼ ਨਹੀਂ ਕੀਤੀ।[6] ਪ੍ਰੋ. ਮੈਕਲਾਊਡ ਨੇ ਇਸ ਰਚਨਾ ਨੂੰ ਬਾਵਾ ਕ੍ਰਿਪਾਲ ਸਿੰਘ ਭੱਲਾ ਦੀ ਮੰਨਿਆ ਹੈ।[7] ਪਰ ਭੱਲਾ ਖਾਨਦਾਨ ਦੇ ਕੁਰਸੀਨਾਮੇ ਵਿਚ ਕ੍ਰਿਪਾ ਦਿਆਲ ਸਿੰਘ ਦਾ ਨਾਮ ਤਾਂ ਮਿਲਦਾ ਹੈ ਪਰ ਕ੍ਰਿਪਾਲ ਸਿੰਘ ਭੱਲਾ ਦਾ ਕੋਈ ਜ਼ਿਕਰ ਨਹੀਂ।[8] ਪ੍ਰੋ. ਮਦਨਜੀਤ ਕੌਰ ਨੇ ਇਸ ਨੂੰ ਕ੍ਰਿਪਾ ਦਿਆਲ ਦੀ ਰਚਨਾ ਮੰਨਿਆ ਹੈ।[9] ਪਰ ਬੰਸਾਵਲੀਨਾਮਾ ਬਾਵਾ ਸਰੂਪ ਦਾਸ ਤੋਂ ਸਾਫ ਜਾਹਰ ਹੈ ਕਿ ਕ੍ਰਿਪਾ ਦਿਆਲ ਸਿੰਘ ਬਾਵਾ ਸਰੂਪ ਦਾਸ ਦਾ ਸਪੁੱਤਰ ਸੀ ਅਤੇ ਉਸਦੀ ਆਪਣੀ ਮੌਲਿਕ ਰਚਨਾ ਫਤੇਹਨਾਮਾ ਸ੍ਰੀ ਗੁਰੂ ਜੀ ਕੇ ਪੰਥ ਕਾ ਹੈ, ਜੋ ਉਸ ਨੇ ਸੰਮਤ 1853 ਬਿ. (1796 ਈ.) ਵਿਚ ਲਿਖਿਆ ਸੀ।[10] ਹਾਂ, ਉਸ ਨੇ ਸਰੂਪ ਦਾਸ ਭੱਲਾ ਵਾਲੇ ਮਹਿਮਾ ਪ੍ਰਕਾਸ਼ ਤੋਂ ਇਕ ਕਾਪੀ ਜ਼ਰੂਰ ਤਿਆਰ ਕੀਤੀ ਸੀ, ਜਿਸ ਦਾ ਉਤਾਰਾ ਉਸ ਨੇ ਸੰਮਤ 1853 ਬਿ. (1800 ਈ.) ਵਿਚ ਪੂਰਾ ਕੀਤਾ ਸੀ। ਜੋ ਇਹ ਸਤਿਗੁਰ ਮਹਿਮਾ ਪ੍ਰਕਾਸ਼, ਕ੍ਰਿਪਾ ਸਿੰਘ ਦੇ ਨਾਮ ਹੇਠ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ ਵਿਖੇ ਖਰੜਾ ਨੰ: 234 ਅਧੀਨ ਸੁਰੱਖਿਅਤ ਹੈ। ਖੈਰ, ਹੈਰਾਨੀ ਅਤੇ ਮਜੇ ਦੀ ਗੱਲ ਇਹ ਹੈ ਕਿ ਉਪਰੋਕਤ ਸਾਰੇ ਵਿਦਵਾਨਾਂ ਨੇ ਆਪਣੇ ਆਪਣੇ ਵਿਚਾਰਾਂ ਦੀ ਪੁਸ਼ਟੀ ਵਾਸਤੇ ਨਾ ਤਾਂ ਕੋਈ ਵਿਚਾਰ ਅਧੀਨ ਰਚਨਾ ਦੀ ਕੋਈ ਅੰਦਰੂਨੀ ਗਵਾਹੀ ਪੇਸ਼ ਕੀਤੀ ਹੈ ਅਤੇ ਨਾ ਹੀ ਬਾਹਰੀ। ਜਿੱਥੋਂ ਤਕ ਰਚਨਾ ਦੀ ਅੰਦਰੂਨੀ ਗਵਾਹੀ ਦਾ ਸਵਾਲ ਹੈ ਸਾਰੀ ਦੀ ਸਾਰੀ ਰਚਨਾ ਵਿਚ ਕਿਤੇ ਵੀ ਬਾਵਾ ਕ੍ਰਿਪਾਲ ਸਿੰਘ (ਦਾਸ) ਦਾ ਜ਼ਿਕਰ ਨਹੀਂ ਅਤੇ ਨਾ ਹੀ ਹੁਣ ਤਕ ਦੀ ਖੋਜ ਅਨੁਸਾਰ ਇਸ ਨਾਮ ਦੀ ਪ੍ਰੋੜ੍ਹਤਾ ਲਈ ਕੋਈ ਬਾਹਰੀ ਠੋਸ ਗਵਾਹੀ ਮਿਲੀ ਹੈ। ਅਧਾਰ ਹੱਥ-ਲਿਖਤ ਦੇ ਪੰਨਾ ਨੰ. 126 ਤੇ ਗੁਰਦਾਸ ਸਿੰਘ ਭਾਗਨਗਰ ਵਾਸੀ ਦਾ ਜ਼ਿਕਰ ਹੈ -

ਭੁਲ ਚੁਕ ਬਖਸ਼ਨੀ ਸਦਕਾ ਗੁਰੂ ਕੀ ਸੰਗਤ ਕਾ
ਟੋਹਿਲੀਆਂ ਗੁਰਦਾਸ ਸਿੰਘ ਭਾਗ ਨਗਰੀ [11]

ਇਸੇ ਹੱਥ ਲਿਖਤ ਦੇ ਪੰਨਾ 127 ਤੇ ਨਿਹਾਲ ਸਿੰਘ ਦਾ ਜ਼ਿਕਰ ਹੈ। ਲਿਖਿਆ ਹੈ : ਪੋਥੀ ਸਾਖੀਆਂ ਕੀ ਸੰਪੂਰਨ ਹੋਈ। ਗੁਰੂ ਅਕਾਲ ਪੁਰਖ ਦੀ ਕ੍ਰਿਪਾ ਸੇ ਨਿਹਾਲ ਸਿੰਘ ਟਹਿਲ ਕਰੀ। ਗੁਰੂ ਦਿਆਲ ਹੋਇਆ। ਭਾਗ ਨਗਰ ਮੇ ਪੋਥੀ ਸਾਹਿਬ ਸੰਪੂਰਨ ਹੋਇਆ।[12]

ਜੇਕਰ ਉਪਰੋਕਤ ਟਿੱਪਣੀਆਂ ਦੇ ਆਧਾਰ 'ਤੇ ਇਹ ਮੰਨ ਲਿਆ ਜਾਵੇ ਕਿ ਇਸ ਦਾ ਰਚਨਾਕਾਰ ਗੁਰਦਾਸ ਸਿੰਘ ਵਾਸੀ ਭਾਗ ਨਗਰ ਹੈ ਅਤੇ ਮੌਜੂਦਾ ਹੱਥ-ਲਿਖਤ ਇਸ ਦੀ ਨਕਲ ਹੈ ਜੋ ਨਿਹਾਲ ਸਿੰਘ ਨੇ ਸੰਮਤ 1881 ਬਿ. (1824 ਈ.) ਵਿਚ ਸੰਪੂਰਨ ਕੀਤੀ। ਫਿਰ ਸਵਾਲ ਉੱਠਦਾ ਹੈ ਕਿ ਇਹ ਗੁਰਦਾਸ ਸਿੰਘ ਕੌਣ ਸੀ। ਹੁਣ ਤਕ ਦੀ ਖੋਜ ਅਨੁਸਾਰ ਸਿੱਖ ਇਤਿਹਾਸ ਨਾਲ ਸੰਬੰਧਿਤ ਸੱਤ ਗੁਰਦਾਸ ਨਾਮ ਦੇ ਵਿਅਕਤੀ ਹੋਏ ਹਨ। 1. ਭਾਈ ਗੁਰਦਾਸ ਭੱਲਾ, 2. ਗੁਰਦਾਸ ਸਿੰਘ (ਕਵੀ), 3. ਗੁਰਦਾਸ ਸਿੰਘ (ਭਾਈ ਆਲਮ ਸਿੰਘ ਨਚਣਾ ਦਾ ਭਰਾ), 4. ਗੁਰਦਾਸ (ਗੁਰੂ ਤੇਗ਼ ਬਹਾਦਰ ਜੀ ਦਾ ਅਨਿੰਨ ਸਿੱਖ), 5. ਗੁਰਦਾਸ ਭਰਤੀਆਂ (ਭਾਈ ਕੀਰਤ ਦਾ ਸਪੁੱਤਰ ਤੇ ਗੁਰੂ ਤੇਗ਼ ਬਹਾਦਰ ਦਾ ਅਨਿੰਨ ਸਿੱਖ), 6. ਗੁਰਦਾਸ ਦੁਗਲ (ਅੰਮ੍ਰਿਤਸਰ

ਵਾਸੀ), 7. ਗੁਰਦਾਸ (ਪੁੱਤਰ ਭਾਈ ਬਹਿਲੋ) ਭਾਈ ਗੁਰਦਾਸ ਤੇ ਗੁਰਦਾਸ ਸਿੰਘ ਤੋਂ ਤਾਂ ਸਾਰੇ ਵਿਦਵਾਨ ਜਾਣੂ ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਵੀ ਕੋਈ ਵਿਵਾਦ ਨਹੀਂ, ਪਰ ਬਾਕੀ ਪੰਜਾਂ ਦੇ ਕੰਮਾਂਕਾਰਾਂ ਬਾਰੇ ਕੋਈ ਸੂਚਨਾ ਨਹੀਂ ਮਿਲਦੀ, ਸਿਵਾਏ ਭਾਈ ਬਹਿਲੋ ਦੇ ਗੁਰਦਾਸ ਦੇ। ਭਾਈ ਬਹਿਲੋ ਦਾ ਸਪੁੱਤਰ ਗੁਰਦਾਸ ਬਾਬਾ ਰਾਮ ਰਾਏ ਦਾ ਮਸੰਦ ਸੀ, ਜੋ ਬਾਬਾ ਜੀ ਦੇ ਚਲਾਣੇ ਪਿੱਛੋਂ ਆਪਣੇ ਭਰਾ ਤਾਰੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਆ ਗਿਆ ਸੀ। ਕੁਝ ਚਿਰ ਗੁਰੂ ਸਾਹਿਬ ਦੀ ਨੌਕਰੀ ਕਰਨ ਪਿੱਛੋਂ ਦੋਵੇਂ ਭਰਾ ਆਪਣੇ ਜੱਦੀ ਪਿੰਡ ਭਗਤਾ ਭਾਈਕਾ ਵਿਖੇ ਚਲੇ ਗਏ ਸਨ। ਜਦ ਗੁਰੂ ਗੋਬਿੰਦ ਸਿੰਘ ਮਾਲਵੇ ਦੀ ਧਰਤੀ 'ਤੇ ਵਿਚਰ ਰਹੇ ਸਨ ਤਾਂ ਉਹ ਭਗਤਾ ਭਾਈਕਾ ਵਿਖੇ ਠਹਿਰੇ ਸਨ। ਉਸ ਵਕਤ ਗੁਰਦਾਸ ਆਪਣੇ ਪਿਤਾ ਤੇ ਭਾਈਆਂ ਸਮੇਤ ਗੁਰੂ ਸਾਹਿਬ ਦੇ ਹਜ਼ੂਰ ਹਾਜ਼ਰ ਹੋਇਆ ਸੀ ਤੇ ਉਸ ਨੇ ਬਹੁਤ ਸੁੰਦਰ ਘੋੜਾ ਗੁਰੂ ਸਾਹਿਬ ਨੂੰ ਭੇਟ ਕੀਤਾ ਸੀ। ਗੁਰੂ ਸਾਹਿਬ ਤਿੰਨ ਦਿਨ ਉਹਨਾਂ ਪਾਸ ਠਹਿਰੇ ਸਨ। ਜਦ ਇਹ ਗੁਰੂ ਸਾਹਿਬ ਪਾਸ ਅਨੰਦਪੁਰ ਸਾਹਿਬ ਮੁਲਾਜ਼ਮਤ ਕਰਦੇ ਸਨ, ਉਸ ਦੌਰਾਨ ਹੀ ਇਸ ਨੇ ਅੰਮ੍ਰਿਤਪਾਨ ਕੀਤਾ ਸੀ ਅਤੇ ਗੁਰਦਾਸ ਤੋਂ ਗੁਰਦਾਸ ਸਿੰਘ ਬਣ ਗਿਆ ਸੀ। ਪਰ ਹੁਣ ਤਕ ਕੋਈ ਵੀ ਇਤਿਹਾਸਕ ਗਵਾਹੀ ਨਹੀਂ ਮਿਲੀ, ਜਿਸ ਦੇ ਆਧਾਰ 'ਤੇ ਇਹ ਕਿਹਾ ਜਾ ਸਕੇ ਕਿ ਇਸ ਨੂੰ ਪੜ੍ਹਨ ਲਿਖਣ ਦਾ ਵੀ ਸ਼ੌਕ ਸੀ।[13] ਨਾਲੇ ਰਚਨਾ ਵਿਚਲਾ ਗੁਰਦਾਸ ਸਿੰਘ ਆਪਣੇ ਆਪ ਨੂੰ ਭਾਗਨਗਰ ਵਾਸੀ ਦੱਸਦਾ ਹੈ। ਸੋ ਜ਼ਾਹਰ ਤੌਰ ਤੇ ਇਹ ਭਾਈ ਬਹਿਲੋ ਦੇ ਗੁਰਦਾਸ (ਸਿੰਘ) ਤੋਂ ਵੱਖਰਾ ਵਿਅਕਤੀ ਹੈ।[14] ਉਪਰੋਕਤ ਤੱਥਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਮਹਿਮਾ ਪ੍ਰਕਾਸ਼ (ਵਾਰਤਕ) ਦੀ ਮੂਲ ਪਰਤੀ ਨਾ ਮਿਲਣ ਕਾਰਨ ਤੇ ਮਜੋਦਾਂ ਖਰੜੇ ਵਿਚੋਂ ਅੰਦਰੂਨੀ ਗਵਾਹੀ ਦੀ ਅਣਹੋਂਦ ਕਰਕੇ ਅਤੇ ਬਾਹਰੀ ਕੋਈ ਠੋਸ ਗਵਾਹੀ ਨਾ ਪ੍ਰਾਪਤ ਹੋਣ ਦੀ ਸੂਰਤ ਵਿਚ ਇਸ ਰਚਨਾ ਦਾ ਕਰਤਾ ਕ੍ਰਿਪਾਲ ਸਿੰਘ (ਦਾਸ) ਨੂੰ ਨਹੀਂ ਮੰਨਿਆ ਜਾ ਸਕਦਾ ਅਤੇ ਇਹ ਨੁਕਤਾ ਹੋਰ ਖੋਜ ਮੰਗਦਾ ਹੈ।

ਰਚਨਾਕਾਰ ਵਾਂਗ ਇਸ ਰਚਨਾ ਦਾ ਰਚਨਾਕਾਲ ਬਾਰੇ ਵੀ ਵਿਦਵਾਨ ਇਕ ਮੱਤ ਨਹੀਂ ਹਨ। ਉਦਾਹਰਣ ਵਜੋਂ, ਭਾਈ ਵੀਰ ਸਿੰਘ (1741 ਈ.), ਪ੍ਰੋ. ਗੰਡਾ ਸਿੰਘ (1741 ਈ.), ਪ੍ਰੋ. ਹਰੀ ਦਾਸ ਗੁਪਤਾ (1739 ਈ.), ਪ੍ਰੋ. ਮੈਕਲਾਉਡ (1741 ਈ.; 1773 ਈ.; 1776 ਈ.), ਪ੍ਰੋ. ਕ੍ਰਿਪਾਲ ਸਿੰਘ (1773 ਈ.), ਰਾਏ ਜਸਬੀਰ ਸਿੰਘ (1776-1824 ਈ.) ਆਦਿ, ਨੂੰ ਇਸ ਦਾ ਰਚਨਾ ਕਾਲ ਮੰਨਦੇ ਹਨ। ਇਹਨਾਂ ਬਾਰੇ ਵਿਦਵਾਨਾਂ ਨੇ ਆਪਣੇ-ਆਪਣੇ ਮੱਤ ਦੀ ਪੁਸ਼ਟੀ ਵਾਸਤੇ ਕੋਈ ਠੋਸ ਦਲੀਲ ਪੇਸ਼ ਨਹੀਂ ਕੀਤੀ।[15] ਨਿਰਸੰਦੇਹ ਮਹਿਮਾ ਪ੍ਰਕਾਸ਼ (ਵਾਰਤਕ) 18ਵੀਂ ਸਦੀ ਦੇ ਪਿਛਲੇਰੇ ਅੱਧ ਦੀ ਰਚਨਾ ਹੈ। ਇਹ ਮਹਿਮਾ ਪ੍ਰਕਾਸ਼ (ਕਵਿਤਾ) (1776 ਈ.) ਤੋਂ ਪਹਿਲਾਂ ਦੀ ਰਚਨਾ ਹੈ ਕਿਉਂਕਿ ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ (ਕਵਿਤਾ) ਲਿਖਣ ਵੇਲੇ ਵਿਚਾਰ ਅਧੀਨ ਰਚਨਾਂ ਨੂੰ ਆਪਣੀ ਅਧਾਰ ਸਾਮੱਗਰੀ ਵਿਚ ਸ਼ਾਮਲ ਕੀਤਾ ਸੀ।[16] ਇਸ ਤੋਂ ਇਲਾਵਾ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (1769 ਈ.) ਦਾ ਪ੍ਰਭਾਵ ਵੀ ਮਹਿਮਾ ਪ੍ਰਕਾਸ਼ (ਵਾਰਤਕ) ਵਿਚ ਸਾਫ਼ ਦਿੱਸਦਾ ਹੈ। ਇਸ ਲਈ ਇਹ 1776 ਈ. ਤੋਂ ਪਹਿਲਾਂ ਦੀ ਰਚਨਾ ਹੈ। ਨਾਲੇ ਸਰੂਪ ਦਾਸ ਭੱਲਾ ਦਾ ਮਹਿਮਾ ਪ੍ਰਕਾਸ਼, ਮਹਿਮਾ ਪ੍ਰਕਾਸ਼ (ਵਾਰਤਕ) ਨਾਲੋਂ ਜ਼ਿਆਦਾ ਵਿਸਤ੍ਰਿਤ ਵੀ ਹੈ ਤੇ ਭਿੰਨ ਵੀ। ਇਸ ਲਈ ਮਹਿਮਾ ਪ੍ਰਕਾਸ਼ (ਵਾਰਤਕ) ਬਾਅਦ ਦੀ ਰਚਨਾ ਹੋਣ ਦੀ ਵਧੇਰੇ ਸੰਭਾਵਨਾ ਹੈ; ਕਿਉਂਕਿ ਵਿਸਤਾਰ ਆਮ ਤੌਰ ਤੇ ਪਿਛੋਂ ਆਉਂਦਾ ਹੈ।

ਖੈਰ, ਹੁਣ ਅਸੀਂ ਇਸ ਲੇਖ ਦੇ ਉਦੇਸ਼ ਵੱਲ ਆਉਂਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਕਾਲ ਦੀ ਅਤਿ ਮਹੱਤਵਪੂਰਨ ਘਟਨਾ 1699 ਈ. ਨੂੰ ਵਿਸਾਖੀ ਵਾਲੇ ਦਿਨ ਖਾਲਸੇ ਦੀ ਸਿਰਜਨਾ ਦੀ ਸੀ। ਇਸ ਦਿਨ ਖਾਲਸਾ ਸਾਜ ਕੇ ਗੁਰੂ ਸਾਹਿਬ ਨੇ ਭਾਰਤੀਆਂ ਦਾ ਕਾਇਆ ਕਲਪ ਕਰਨ ਦਾ ਮੁੱਢ ਬੱਧਾ ਸੀ। ਇਹ ਖਾਲਸਾ ਸੀ ਜਿਸ ਨੇ ਆਪਣੇ ਜਨਮ ਤੋਂ ਅੱਧੀ ਸਦੀ ਦੇ ਅੰਦਰ ਸਮੁੱਚੇ ਉਤਰੀ ਭਾਰਤ ਦਾ ਰਾਜਨੀਤਿਕ ਇਤਿਹਾਸ ਬਦਲ ਕੇ ਰੱਖ ਦਿੱਤਾ ਸੀ। ਪਰ ਇਸ ਰਚਨਾ ਦੇ ਕਰਤਾ ਨੇ ਸਾਰੀ ਰਚਨਾ ਵਿਚ ਕਿਤੇ ਵੀ ਸਿੱਧੇ ਤੌਰ ਤੇ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ।[17] ਹਾਂ, ਵੱਖ-ਵੱਖ ਸਾਖੀਆਂ ਨੂੰ ਗਹੁ ਨਾਲ ਪੜ੍ਹਨ ਤੋਂ ਖਾਲਸੇ ਦੀ ਸਾਜਨਾ ਦੇ ਕੁਝ ਇਕ ਕਾਰਨਾਂ, ਉਦੇਸ਼ਾਂ, ਰਹਿਤ-ਮਰਿਯਾਦਾ ਆਦਿ ਦਾ ਜ਼ਰੂਰ ਉਲੇਖ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਕਾਲ ਨਾਲ ਸੰਬੰਧਿਤ ਸਾਖੀਆਂ ਗੁਰੂ ਤੇਗ ਬਹਾਦਰ ਜੀ ਦੀ

ਸ਼ਹਾਦਤ ਦੀ ਖ਼ਬਰ ਅਨੰਦਪੁਰ ਪਹੁੰਚਣ ਨਾਲ ਸ਼ੁਰੂ ਹੁੰਦੀਆਂ ਹਨ। ਇਸ ਸ਼ੋਕਮਈ ਖ਼ਬਰ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ। ਫਲਸਰੂਪ ਸਿੱਖਾਂ ਵਿਚ ਗਮ ਤੇ ਗੁੱਸੇ ਦੀ ਲਹਿਰ ਦੌੜ ਪਈ, ਪਰ ਬਾਲ ਗੁਰੂ ਸਾਹਿਬ ਇਸ ਅਤਿ ਨਾਜ਼ਕ ਸਮੇਂ ਵੀ ਅਡੋਲ ਚਿੱਤ ਸਨ। ਇਸ ਅਤਿ ਦੁਖਦਾਈ ਘਟਨਾ ਤੇ ਸ਼ੋਕਗ੍ਰਸਤ ਹੋਣ ਦੀ ਬਜਾਏ ਉਹ ਇਸ ਦੇ ਕਾਰਨਾਂ ਅਤੇ ਸਿੱਖ ਲਹਿਰ ਨੂੰ ਸੰਭਾਵੀ ਖ਼ਤਰਿਆਂ ਤੋਂ ਬਚਾਉਣ ਵਾਸਤੇ ਵਿਚਾਰ-ਸ਼ੀਲ ਤੇ ਗੰਭੀਰ ਸਨ। ਗੁਰ-ਪਿਤਾ ਦੇ ਸੀਸ ਦਾ ਸਸਕਾਰ ਕਰਨ ਉਪਰੰਤ ਇਕੱਤਰ ਸੰਗਤ ਨੂੰ ਸੰਬੋਧਨ ਕਰਦਿਆਂ ਆਪਣੇ ਕਿਹਾ ਕਿ ਭਾਈ ਸਿੱਖੋ ਰੁਦਨ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਗੁਰੂ ਸਾਹਿਬ 'ਨਿਰੰਕਾਰ ਸਰੂਪ' ਸਨ। ਉਨ੍ਹਾਂ ਨੂੰ 'ਦੁਖ-ਸੁਖ', 'ਮਾਨ-ਅਪਮਾਨ', 'ਜੀਵਨ-ਮਰਨ' ਸਭ ਸਮਾਨ ਸੀ। ਸ਼ਹਾਦਤ ਉਪਰੰਤ 'ਜੋਤੀ ਮਹਿ ਜੋਤ' ਸਮਾਂ ਗਈ ਹੈ, ਪਰ ਇਹ ਘਟਨਾ ਅਭੁੱਲ ਹੈ ਕਿਉਂਕਿ ਉਨ੍ਹਾਂ ਨੇ ਮੁਗਲ ਸਰਕਾਰ ਦਾ ਕੋਈ ਇਲਾਕਾ ਨਹੀਂ ਸੀ ਖੋਇਆ ਅਤੇ ਨਾ ਹੀ ਕੋਈ ਖ਼ੂਨ ਖਰਾਬਾ ਕੀਤਾ ਸੀ। ਉਹ ਤਾਂ ਆਪਣੇ 'ਮਜ਼ਬ' ਦੇ ਪੱਖ ਦੀ ਗੱਲ ਕਰਦੇ ਸਨ। ਐਸੇ ਮਹਾਂਪੁਰਖਾਂ ਤੇ ਜ਼ੁਲਮ ਕਰਕੇ ਮੁਗ਼ਲ ਹਾਕਮਾਂ ਨੇ ਕੂੜ ਕਮਾਇਆ ਹੈ, ਮਹਾਨ ਰਾਜਨੀਤੀ ਕੀਤੀ ਹੈ। ਹੁਣ ਮੈਂ ਇਹਨਾਂ ਨੂੰ ਮਾਰਾਂਗਾਂ ਤੇ ਕੂੜ (ਜ਼ੁਲਮ) ਦਾ ਨਾਸ ਕਰਾਂਗਾ।[18]

ਇਹਨਾਂ ਟਿੱਪਣੀਆਂ ਤੋਂ ਸਾਫ਼ ਜ਼ਾਹਰ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦਾ ਫਲ ਸੀ। ਉਹ ਮਨੁੱਖੀ ਆਜ਼ਾਦੀ ਵਾਸਤੇ ਕੁਰਬਾਨ ਹੋਏ ਸਨ ਨਾ ਕਿ ਰਾਜਨੀਤਿਕ ਕਾਰਨਾਂ ਜਾਂ ਕੋਈ ਇਲਾਕਾ ਹਥਿਆਣ ਖ਼ਾਤਰ ਜਿਹਾ ਕਿ ਕੁਝ ਇਤਿਹਾਸਕਾਰ, ਮੁਸਲਮਾਨ ਇਤਿਹਾਸਕਾਰਾਂ ਦੇ ਹਵਾਲੇ ਨਾਲ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਖ਼ੈਰ, ਇਸ ਤੋਂ ਇਹ ਵੀ ਸਪਸ਼ਟ ਹੈ ਕਿ ਬਾਲ-ਗੁਰੂ ਨੇ ਸਿੱਖ ਲਹਿਰ ਬਾਰੇ ਆਪਣੀ ਦ੍ਰਿੜ੍ਹਤਾ ਤੇ ਵਚਨ-ਬੱਧਤਾ ਦਾ ਸਬੂਤ ਦਿੰਦੇ ਹੋਏ ਵਕਤ ਦੀ ਸ਼ਕਤੀਸ਼ਾਲੀ ਹਕੂਮਤ ਨਾਲ ਟੱਕਰ ਲੈਣ ਦਾ ਸੰਕਲਪ ਲਿਆ। ਇਸ ਸੰਕਲਪ ਦੀ ਪੂਰਤੀ ਹਿਤ ਆਪਣੀ ਕੌਮ ਨੂੰ ਸ਼ਕਤੀਸ਼ਾਲੀ ਤੇ ਸਵੈ-ਰੱਖਿਆ ਯੋਗ ਬਨਾਉਣ ਦਾ ਬੀੜਾ ਚੁੱਕਿਆ ਜਾਂ ਇਉਂ ਕਹਿ ਲਈਏ ਕਿ ਇਸ ਸੰਕਲਪ ਦੀ ਪੂਰਤੀ ਖਾਲਸੇ ਦੀ ਸਾਜਨਾ ਦੇ ਰੂਪ ਵਿਚ ਹੋਈ।

ਜ਼ੁਲਮ ਦਾ ਟਾਕਰਾ ਕਰਨ ਤੇ ਧਰਮ ਦੀ ਰੱਖਿਆ ਲਈ ਲੋੜ ਸੀ ਸਰੀਰਕ ਤੇ ਆਤਮਕ ਤੌਰ ਤੇ ਬਲਵਾਨ ਵਿਅਕਤੀਆਂ ਦੀ। ਪਰ ਜਿਸ ਆਤਮ-ਨਿਰਬਲਤਾ ਦਾ ਪ੍ਰਗਟਾਵਾ ਸਿੱਖਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਉਪਰੰਤ ਕੀਤਾ ਸੀ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਦੇ ਵਿਪਰੀਤ ਸੀ। ਸਿੱਖਾਂ ਦੀ ਮਾਨਸਿਕ ਨਿਰਬਲਤਾ ਨੂੰ ਪ੍ਰਗਟਾਉਂਦੀ ਇਕ ਸਾਖੀ ਸੰਖੇਪ ਵਿਚ ਇਸ ਤਰ੍ਹਾਂ ਹੈ। ਇਕ ਦਿਨ ਗੁਰੂ ਸਾਹਿਬ ਬੈਠੇ ਹੋਏ ਸਨ ਤਾਂ ਇਕ ਸਿੱਖ ਨੇ ਆ ਕੇ ਕਿਹਾ, 'ਸਚੇ ਪਾਤਸ਼ਾਹ ਸੰਗਤ ਆਵਦੀ ਸੀ, ਅਮਲੇ ਸੂਬੇਦਾਰ ਕੇ ਖੋਹ ਲੀਨੀ ਹੈ।[19] ਫੇਰ ਦੂਸਰੇ ਦਿਨ ਕਿਸੇ ਸਿੱਖ ਆ ਕਿਹਾ, ਸੱਚੇ ਪਾਤਸ਼ਾਹ ਸੰਗਤ ਆਵਦੀ ਸੀ ਦਰਸ਼ਨਾਂ ਨੂੰ ਤੇ ਅਮਕੇ ਸੂਬੇ ਨੇ ਖੋਹ ਲੀਨੀ ਹੈ। [20] ਤਾਂ ਗੁਰੂ ਸਾਹਿਬ ਨੇ ਕਿਹਾ, "ਇਉਂ ਕੋਈ ਨਹੀਂ ਕਰਦਾ ਜੋ ਸੂਬੇਦਾਰ ਕੋ ਸੰਗਤ ਖੋਹ ਲੀਨੀ ਹੈ, ਹਭੋ ਕੋਈ ਇਉਂ ਕਰਦਾ ਹੈ ਜੋ ਸੰਗਤ ਕੋ ਸੂਬੇਦਾਰ ਖੋਹ ਲੀਨੀ ਹੈ।"[21] ਫੇਰ ਹੁਕਮ ਹੋਇਆ 'ਭਾਈ ਸੰਗਤ ਸੱਚੀ ਹੈ। ਨਵਾਂ ਪਾਤਸ਼ਾਹੀਆਂ ਸੰਗਤ ਕੋ ਸਿਮਰਨੀਆਂ ਫੜਾਈਆਂ ਹਹਿ। ਅਬ ਮੈਂ ਸੰਗਤ ਕੋ ਭਗਾਉਤੀਆਂ ਫੜਾਵਾਂਗਾ। ਅਰ ਚਿੜੀਆਂ ਸੋ ਬਾਜ ਤੜਾਉਂਗਾ।'[22] ਉਪਰੰਤ ਡੱਲੇ ਬੈਰਾੜ ਨੂੰ ਬੁਲਾਇਆ ਅਤੇ ਸਿੱਖਾਂ ਨੂੰ ਸਵੈ-ਰੱਖਿਆ ਲਈ ਸ਼ਸਤਰ ਧਾਰੀ ਹੋਣ ਦਾ ਹੁਕਮ ਕੀਤਾ। ਡੱਲੇ ਬੈਰਾੜ ਦੀ ਅਗਵਾਈ ਵਿਚ ਸਿੱਖਾਂ ਨੂੰ ਦੋ ਟੋਲਿਆਂ ਵਿਚ ਵੰਡ ਕੇ ਯੁੱਧ-ਕਲਾ ਦੇ ਤੌਰ ਤਰੀਕੇ ਸਿਖਾਲਣੇ ਸ਼ੁਰੂ ਕੀਤੇ। ਇਸ ਸਾਖੀ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਸਿੱਖਾਂ ਨੂੰ ਲਾਜ਼ਮੀ ਸ਼ਸਤਰਧਾਰੀ ਹੋਣ ਅਤੇ ਸ਼ਸਤਰਾਂ ਦੀ ਵਰਤੋਂ ਕਰਨੀ ਸਿਖਾਲ ਕੇ, ਖਾਲਸੇ ਦੀ ਸਾਜਨਾ ਵਲ ਨੂੰ ਇਕ ਜ਼ਰੂਰੀ ਕਦਮ ਹੋਰ ਅਗਾਂਹ ਵਧ ਰਹੇ ਸਨ।[23]

ਆਪਣੇ ਮਿਸ਼ਨ ਦੀ ਸੰਪੂਰਨਤਾ ਲਈ ਗੁਰੂ ਸਾਹਿਬ ਨੂੰ ਜ਼ਰੂਰਤ ਸੀ ਜਾਂਬਾਜ ਸੁਹਿਰਦ ਮਨੁੱਖਾਂ ਦੀ ਜੋ ਸਿੱਧੇ ਤੌਰ ਤੇ ਉਨ੍ਹਾਂ ਦੇ ਸੰਪਰਕ ਵਿਚ ਹੋਣ, ਪਰ ਉਸ ਵਕਤ ਸਿੱਖ ਜਗਤ ਜ਼ਾਹਰਾ ਤੌਰ ਤੇ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। 'ਖਾਲਸਾ ਸੰਗਤ' ਤੇ 'ਸਹਿਲੰਗ'। ਪਹਿਲੀ ਸਿੱਧੇ ਤੌਰ ਤੇ ਗੁਰੂ ਸਾਹਿਬ ਦੇ ਸੰਪਰਕ ਵਿਚ ਸੀ ਤੇ ਦੂਸਰੀ ਮਸੰਦਾਂ ਰਾਹੀਂ। ਛੇ ਪੀੜ੍ਹੀਆਂ ਤੋਂ ਤੁਰੀ ਆਉਂਦੀ ਇਹ ਮਸੰਦ ਸੰਸਥਾ ਇਤਨੀ ਤਾਕਤਵਰ ਹੋ ਗਈ ਸੀ ਕਿ ਬਹੁਤ ਸਾਰੇ ਮਸੰਦ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਏ ਸਨ। ਭੇਟਾਵਾਂ

ਇਕੱਤਰ ਕਰਨ ਤੇ ਸੰਗਤ ਨੂੰ ਗੁਰੂ ਨਾਲ ਜੋੜਨ ਦੀ ਅਹਿਮ ਕੜੀ ਕਾਰਨ ਉਨ੍ਹਾਂ ਦੀ ਸੋਚ ਇਹ ਬਣ ਗਈ ਸੀ ਕਿ ਗੁਰੂ ਦੀ ਹੋਂਦ ਕੇਵਲ ਤੇ ਕੇਵਲ ਉਨ੍ਹਾਂ 'ਤੇ ਹੀ ਨਿਰਭਰ ਹੈ ਜਾਂ ਇਉਂ ਕਹਿ ਲਈਏ ਕਿ ਉਹ ਆਪਣੇ ਆਪ ਨੂੰ ਇਤਨਾ ਸਮਰੱਥ ਸਮਝਦੇ ਸਨ ਕਿ ਜਿਸ ਨੂੰ ਚਾਹੁਣ ਉਹ ਗੁਰੂ ਬਣਾ ਸਕਦੇ ਸਨ। ਮਸੰਦਾਂ ਦੀ ਤਾਕਤ ਦੀ ਗਰੂਰਤਾ ਅਤੇ ਜਿਸ ਆਸ਼ੇ ਵਾਸਤੇ ਇਹ ਸੰਸਥਾ ਹੋਂਦ ਵਿਚ ਆਈ ਸੀ ਉਸ ਦੀ ਵਿਪਰੀਤਤਾ ਨੂੰ ਉਜਾਗਰ ਕਰਦੀ ਇਕ ਸਾਖੀ ਸੰਖੇਪ ਵਿਚ ਇਉਂ ਹੈ।

ਇਕ ਵਾਰ ਮਾਤਾ (ਗੁਜਰੀ) ਜੀ ਨੇ ਮਸੰਦਾਂ ਨੂੰ ਕਿਹਾ ਕਿ ਤੁਸੀਂ ਸੰਗਤ ਪਾਸੋਂ ਮਾਇਆ ਬਹੁਤੀ ਲਿਆਵਦੇ ਹੋ ਪਰ ਗੁਰੂ ਦੇ ਖਜ਼ਾਨੇ ਘਟ ਪਾਉਂਦੇ ਹੋ। ਇਹ ਗੱਲ ਭਲੀ ਨਹੀਂ ਕਰਦੇ। ਤਾਂ ਮਸੰਦਾਂ ਕ੍ਰੋਧ ਵਿਚ ਆ ਕੇ ਕਿਹਾ, 'ਪਹਲੇ ਪੁਤ੍ਰ ਨੂੰ ਪੜਹਾਇ ਤੌਂ ਸਹੀ। ਜੋ ਪੁਤ੍ਰ ਤੇਰਾ ਪੜਿਆ ਤਾਂ ਸਾਡੇ ਨਾਲ ਲੇਖਾਂ ਸਮਝ ਲਵੇਗਾ, ਅਮਾਨ (ਆਮਦਨ) ਦਾ ਭੀ ਤੇ ਖਰਚ ਦਾ ਭੀ।' ਉਪਰੰਤ ਮਸੰਦ ਨਰਾਜ਼ ਹੋ ਕੇ ਚਲੇ ਗਏ। ਜਦ ਸਿੱਖ ਗੁਰੂ ਸਾਹਿਬ ਦੇ ਕਹਿਣ ਤੇ ਉਨ੍ਹਾਂ ਨੂੰ ਮਨਾਉਣਗੇ ਤਾਂ ਉਨ੍ਹਾਂ ਅੱਗੋਂ ਕਬੋਲ ਬੋਲੇ। ਕਹਣ, 'ਜੋ ਗੁਰੂ ਅਸਾਂ ਕੀਆ ਹੈ। ਅਸਾਡੇ ਬਿਨਾ ਗੁਰੂ ਕਾ ਕਿਆ ਕਦਰ ਹੈ। ਜੇ ਅਸੀਂ ਰੁਸਿ ਜਾਵੀਏ ਤਾਂ ਉਸੀ ਦਿਨ ਗੁਰੂ ਕੋ ਪਰਲੋਕ ਆਇ ਜਾਵੈ। ਪਰ ਅਸੀਂ ਭੀ ਭਉ ਕਰਨੇ ਹਾਂ। ਜੋ ਗੁਰੂ ਕੇ ਲਛਨ ਨਹੀਂ ਤਾਂ ਨਾਉ ਗੁਰੂ ਕਾ ਹੈ। ਕਿਉ ਨਾਉ ਦੇ ਪਿਛੇ ਪਏ ਝੁਕਨੇ ਹਾਂ।'[24] ਜਦ ਸਿੱਖਾਂ ਨੇ ਗੁਰੂ ਸਾਹਿਬ ਮਸੰਦਾਂ ਦੇ ਇਸ ਰਵੱਈਏ ਬਾਰੇ ਦਸਿਆ ਤਾਂ ਉਨ੍ਹਾਂ ਕਿਹਾ ਨਵਾਂ ਪਾਤਸ਼ਾਹੀਆਂ ਤਕ ਪੂਜਾ ਦਾ ਧਾਨ ਖਾ ਖਾ ਕੇ ਇਹਨਾਂ ਦੀ ਮਤ ਮਾਰੀ ਗਈ ਹੈ। ਇਹਨਾਂ ਦਾ 'ਤੁਖਮ' ਖੋਟਾ ਹੈ। ਇਹ ਸਜ਼ਾ ਦੇ ਲਾਇਕ ਹਨ।[25]

ਖੈਰ ਗੁਰੂ ਸਾਹਿਬ ਨੇ ਮਸੰਦਾਂ ਦੇ ਰਵੱਈਏ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਸ਼ੁਰੂ ਕੀਤਾ। ਇਕ ਦਿਨ ਜਦ ਗੁਰੂ ਸਾਹਿਬ ਇਸ ਸਮੱਸਿਆ ਬਾਰੇ ਸੋਚ ਹੀ ਰਹੇ ਸਨ ਤਾਂ ਅਚਾਨਕ ਸਾਂਗੀਆਂ ਨੇ ਗੁਰੂ ਸਾਹਿਬ ਸਨਮੁਖ ਹੋ ਕੇ ਕੋਈ ਸਾਂਗ ਪੇਸ਼ ਕਰਨ ਦੀ ਇਜਾਜ਼ਤ ਮੰਗੀ। ਗੁਰੂ ਸਾਹਿਬ ਨੇ ਆਗਿਆ ਦਿੰਦਿਆਂ ਕਿਹਾ, 'ਸਾਂਗ ਲਿਆਵਹੁ ਪਰ ਮਸੰਦਾਂ ਦਾ, ਭਉ ਨਾ ਕਰਨਾ।' ਉਪਰੰਤ ਸਾਂਗੀਆਂ ਸਾਂਗ ਰਚਿਆ। ਇਕ ਮਸੰਦ ਘੋੜੇ ਤੇ ਚੜਿਆ ਤੇ ਉਸ ਦੇ ਦੋਹੇਂ ਪਾਸੀਂ ਰਾਮ ਜਨਣੀਆਂ ਤੁਰਨ ਲੱਗ ਪਈਆਂ ਤੇ ਪਿੱਛੇ ਇਕ ਆਦਮੀ ਮਦ ਦਾ ਪਿਆਲਾ ਭਰ ਕੇ ਦੇਣ ਵਾਲਾ। ਇਹ ਮਸੰਦ ਇਸ ਤਰ੍ਹਾਂ ਕਿਸੇ ਨਿਰਧਨ ਸਿੱਖ ਦੇ ਘਰ ਗੁਰੂ ਭੇਟ ਲੈਣ ਜਾਂਦਾ ਹੈ। ਜਦ ਮਸੰਦ ਸਿੱਖ ਦੇ ਘਰ ਜਾਂਦਾ ਹੈ ਤਾਂ ਸਿੱਖ ਨੇ ਉਸ ਨੂੰ ਲੰਗਰ ਛਕਣ ਦੀ ਬੇਨਤੀ ਕੀਤੀ। ਪਰ ਦਾਲ ਪ੍ਰਸਾਦੇ ਵੇਖ ਕੇ ਮਸੰਦ ਅੱਗ-ਬਬੂਲਾ ਹੋ ਗਿਆ ਤੇ ਸਿੱਖ ਤੇ ਉਸ ਦੀ ਸਿੰਘਣੀ ਨੂੰ ਕਬੋਲ ਬੋਲਣ ਲੱਗ ਪਿਆ '........ ਦਾਲ ਪ੍ਰਸਾਦੀ ਦੇਖ ਕਰ ਪ੍ਰਸਾਦੀ ਪਕਾਵਣ ਵਾਲੀ ਦੇ ਮੂੰਹ ਉਪਰਿ ਮਾਰੀਆਂ ਅਤੇ ਦਾਲ ਵਿਚ ਸੁਆਹ ਦੀ ਮੁਠ ਭਰ ਪਾਈ ਤੇ ਬਾਹਰਿ ਨਿਕਲ ਆਇਆਂ।" ਸਿੱਖ ਵਲੋਂ ਪਰਸ਼ਾਦ ਨਾ ਪਾਉਣ ਦਾ ਕਾਰਨ ਪੁੱਛਣ ਤੇ ਮਸੰਦ ਨੇ ਕਿਹਾ' ਹਤਿਆਰਿਆਂ ਤੇਰੇ ਘਰ ਗੁਰੂ ਆਇਆਂ ਹੈ ਅਤੇ ਤੇ ਇਹ ਪ੍ਰਸਾਦਿ ਕੀਤਾ ਹੈ। ਏਹ ਪ੍ਰਸ਼ਾਦ ਸਾਡੇ ਕੁੱਤੇ ਭੀ ਨਹੀਂ ਖਾਂਵਦੇ, ਜੋ ਅਸਾਡੇ ਲਾਇਕ ਦਾ ਪ੍ਰਸਾਦਿ ਕਰਰਿ ਤਾਂ ਅਸੀਂ ਖਾਵਹਿ ਕਿਉਂ ਨਾਂ। ਸਿੱਖ ਦੇ ਪੁੱਛਣ ਤੇ ਕਿ ਆਪ ਕੇਹਾ ਪ੍ਰਸਾਦਿ ਪਸੰਦ ਕਰਦੇ ਹੋ ਤਾਂ ਮਸੰਦ ਨੇ ਕਿਹਾ, 'ਖੰਡ ਦਾ ਕੜਾਹ ਕਰ ਅਤੇ ਲੁਚੀਆਂ ਤਲਿਆਂ ਤੇ ਸਲੂਣਾਂ ਮਹਾਂ ਪ੍ਰਸਾਦਿ ਕਰਿ'। ਸਿੱਖ ਗਰੀਬੀ ਦਾ ਭੰਨਿਆ ਸੀ। ਖੈਰ ਉਸ ਦੀ ਸਿੰਘਣੀ ਨੇ ਕੋਈ ਘਰੇਲੂ ਵਸਤੂ ਵੇਚ ਕੇ ਜਿਹਾ ਪ੍ਰਸਾਦਿ ਮਸੰਦ ਨੇ ਕਿਹਾ ਸੀ, ਤਿਆਰ ਕੀਤਾ। ਜਦ ਮਸੰਦ ਤੇ ਉਸ ਦੇ ਸਾਥੀਆਂ ਨੇ ਮਨ ਚਾਹਿਆ ਭੋਜਨ ਕਰ ਲਿਆ ਤਾਂ ਉਸ ਨੇ ਭੇਟ ਮੰਗੀ। ਸਿੱਖ ਨੇ ਲੇਫ ਗਿਰਵੀ ਰੱਖਕੇ ਇਕ ਰੁਪੀਆ ਮਸੰਦ ਨੂੰ ਭੇਟਾਂ ਕੀਤਾ ਤੇ ਮੱਥਾ ਟੇਕਿਆ। ਪਰ ਮਸੰਦ ਨੇ ਰੁਪੀਆ ਰਾਮ ਜਨਣੀਆਂ ਵੱਲ ਵਗਾਹ ਮਾਰਿਆ ਤੇ ਸਿੱਖ ਦੇ ਚਾਰ ਪੰਜ ਲੱਤਾਂ ਕੱਢ ਮਾਰੀਆਂ ਤੇ ਕਿਹਾ, 'ਗੁਰੁ ਕਾ ਮਾਰਿਆ ਭੇਟ ਥੋੜ੍ਹੀ ਲਿਆਇਆ ਹੈ।' ਉਪਰੰਤ, ਜਦ ਗੁਰੂ ਸਾਹਿਬ ਨੇ ਸਾਂਗੀਆਂ ਨੂੰ ਪੁੱਛਿਆ ਕਿ ਕੀ ਮਸੰਦ ਮੇਰੇ ਸਿੱਖਾਂ ਨੂੰ ਏਨਾ ਦੁੱਖ ਦੇਂਦੇ ਹਨ ਤਾਂ ਉੱਤਰ ਸੀ, 'ਸੱਚੇ ਪਾਤਸ਼ਾਹ ਇਸ ਥੀ ਭੀ ਮਸੰਦ ਵਧ ਦੁਖ ਦੇਵਦੇ ਫਿਰਦੇ ਹਨ। ਅਸਾਂ ਥੋੜ੍ਹਾ ਕਹਿਆ ਹੈ।'[26]

ਉਪਰੋਕਤ ਸਾਖੀ ਤੋਂ ਸਪਸ਼ਟ ਹੈ ਕਿ ਕਿਸ ਤਰ੍ਹਾਂ ਮਸੰਦ ਆਪਣੇ ਰੁਤਬੇ ਦਾ ਗ਼ਲਤ ਇਸਤੇਮਾਲ ਕਰ ਰਹੇ ਹਨ। ਇਸ ਤਰ੍ਹਾਂ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਵਾਰਸ ਨੂੰ ਕਦਾਚਿਤ ਪ੍ਰਵਾਨ ਨਹੀਂ ਸੀ। ਸੋ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਣ ਕੀਤਾ ਕਿ ਮਸੰਦਾਂ ਦੀ ਵਿਚੋਲਗੀ ਨੂੰ ਸਦਾ ਲਈ ਖ਼ਤਮ ਕਰਕੇ ਸਿੱਖ ਜਗਤ ਨੂੰ ਇਕ ਝੰਡੇ ਥੱਲੇ ਲਿਆਂਦਾ ਜਾਵੇ। 1699 ਈ. ਦੀ ਵਿਸਾਖੀ ਵਾਲੇ ਦਿਨ ਇਸ

ਪ੍ਰਣ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਨਾ ਕੀਤੀ ਅਤੇ ਮਸੰਦਾਂ ਅਰਥਾਤ ਸ਼ਖਸ਼ੀ ਵਿਚੋਲਗੀ ਨੂੰ ਸਦਾ ਲਈ ਖ਼ਤਮ ਕਰਕੇ ਖਾਲਸੇ ਨੂੰ ਸਿੱਧਾ ਅਕਾਲ ਪੁਰਖ ਨਾਲ ਜੋੜ ਦਿੱਤਾ।[27]

ਖਾਲਸੇ ਨੂੰ ਹਦਾਇਤ ਕੀਤੀ ਗਈ ਕਿ ਮਸੰਦਾਂ ਨਾਲ ਕਿਸੇ ਕਿਸਮ ਦਾ ਸਮਾਜਕ ਮੇਲ ਜੋਲ ਨਾ ਰੱਖਿਆ ਜਾਵੇ। ਇੱਥੋਂ ਤੱਕ ਕਿ ਐਸੇ ਮਲੀਨ ਮੱਤ ਦੇ ਆਦਮੀਆਂ (ਮਸੰਦਾਂ) ਦੇ ਮੱਥੇ ਲੱਗਣ ਨੂੰ ਗੁਰੂ ਸਾਹਿਬ ਨੇ ਗਊ ਹੱਤਿਆ ਨਾਲੋਂ ਵੀ ਵੱਡਾ ਦੋਸ਼ ਕਰਾਰ ਦਿੱਤਾ। ਖ਼ਾਲਸੇ ਨੂੰ ਕੇਸਾਧਾਰੀ ਤੇ ਸ਼ਸਤਰ ਧਾਰੀ ਹੋਣ ਦਾ ਹੁਕਮ ਕੀਤਾ ਕਿਉਂਕਿ ਗੁਰੂ ਸਾਹਿਬ ਖ਼ਾਲਸੇ ਨੂੰ ਸੰਪੂਰਨ ਮਨੁੱਖ ਬਨਾਉਣ ਦਾ ਸੰਕਲਪ ਲੈ ਚੁੱਕੇ ਸਨ, ਪਰ ਕੇਸਾਂ ਤੇ ਸ਼ਸਤਰਾਂ ਬਿਨਾ ਮਨੁੱਖ ਅਧੂਰਾ ਹੈ। ਨਾ ਕੇਵਲ ਸ਼ਸਤਰ ਭੇਟਾਂ ਨੂੰ ਹੀ ਉਤਮ ਭੇਟਾਂ ਕਰਾਰ ਦਿੱਤਾ, ਸਗੋਂ ਸ਼ਸਤਰ ਪੂਜਾ ਨੂੰ ਵੀ ਜਾਇਜ਼ ਠਹਿਰਾਇਆ। ਪਰ ਨਿਰਾ ਸ਼ਸਤਰਧਾਰੀ ਹੋਣਾ ਵੀ ਜ਼ਰੂਰੀ ਨਹੀਂ ਸੀ, ਸਗੋਂ ਸ਼ਸਤਰਾਂ ਦੀ ਵਰਤੋਂ ਅਰਥਾਤ ਯੁੱਧ ਕਲਾ ਵਿਚ ਪ੍ਰਬੀਨ ਹੋਣਾ ਖਾਲਸੇ ਦਾ ਇਕ ਜ਼ਰੂਰੀ ਕਰਤੱਵ ਦੱਸਿਆ। ਜ਼ੁਲਮ ਤੇ ਜ਼ਾਲਮ ਦੇ ਵਿਰੁੱਧ ਸ਼ਸਤਰਾਂ ਦੀ ਵਰਤੋਂ ਨੂੰ ਜਾਇਜ਼ ਕਰਾਰ ਦਿੱਤਾ। ਖ਼ਾਲਸੇ ਨੂੰ ਵਹਿਮਾਂ ਭਰਮਾਂ ਤੋਂ ਉੱਪਰ ਉਠਣ, ਮੜ੍ਹੀਆਂ ਮਸਾਣਾਂ ਨੂੰ ਨਾ ਪੂਜਣ, ਲੁੱਟ ਖਸੁੱਟ ਦੇ ਨਿਜ਼ਾਮ ਵਿਚ ਨਿਰਲੇਪ ਰਹਿਣ ਤੇ ਪਰ ਇਸਤਰੀ ਨਾਲ ਸੰਗ ਨਾ ਕਰਨ ਦੀ ਹਦਾਇਤ ਕੀਤੀ। ਪੂਜਾ ਦਾ ਧਾਨ ਖਾਣ ਨੂੰ ਜ਼ਹਿਰ ਖਾਣ ਦੇ ਤੁਲ ਦੱਸਿਆ।[28]

ਗੁਰੂ ਸਾਹਿਬ ਨੇ ਖਾਲਸੇ ਵਿਚ ਧਰਮ ਰੱਖਿਆ ਤੇ ਜ਼ੁਲਮ ਦੇ ਵਿਰੁੱਧ ਜਾਨ ਕੁਰਬਾਨ ਕਰਨ ਦੀ ਅਦੁੱਤੀ ਮਨਸ਼ਾ ਪੈਦਾ ਕਰ ਦਿੱਤੀ ਅਤੇ ਇਹ ਸਾਬਤ ਕਰ ਦਿੱਤਾ ਕਿ ਨਿਰਭੈਤਾ ਤੇ ਦਲੇਰੀ ਹੀ ਅਸਲ ਜ਼ਿੰਦਗੀ ਹੈ। ਬੁਜ਼ਦਿਲੀ ਤੇ ਡਰਾਕਲਤਾ ਹੀਜੜੇਪਨ ਤੇ ਮੌਤ ਦੀ ਨਿਸ਼ਾਨੀ ਹੈ। ਪਹਾੜੀ ਰਾਜਿਆਂ ਤੇ ਮੁਗ਼ਲ ਹਾਕਮਾਂ ਵਿਰੁੱਧ ਲੜਾਈਆਂ ਦੌਰਾਨ ਇਹ ਸਾਬਤ ਕਰ ਦਿੱਤਾ ਕਿ ਜਾਨ ਹਥੇਲੀ ਤੇ ਰੱਖ ਕੇ ਲੜਨ ਵਾਲੇ ਥੋੜ੍ਹੇ ਵਿਅਕਤੀ ਵੀ ਭਾੜੇ ਦੇ ਟੱਟੂਆਂ ਤੇ ਡਰਾਕਲ ਟਿੱਡੀ ਦਲ ਦੀ ਨਿਆਈ ਲਸ਼ਕਰ ਤੇ ਭਾਰੂ ਹੋ ਸਕਦੇ ਹਨ। ਪਰ ਯੁੱਧ ਨੂੰ ਗੁਰੂ ਸਾਹਿਬ ਇਕ ਖੇਲ ਤਮਾਸ਼ਾ ਹੀ ਸਮਝਦੇ ਸਨ। ਜਿੱਤ ਹਾਰ ਅਕਾਲ ਪੁਰਖ ਦੀ ਇੱਛਾ ਤੇ ਨਿਰਭਰ ਹੈ ਕਿਉਂਕਿ ਸਾਰੀ ਸ਼ਕਤੀ ਤੇ ਸਫੁਰਤੀ ਦਾ ਮਾਲਕ ਉਹ ਆਪ ਹੈ। ਸਾਰੇ ਕਾਰਜ ਖ਼ੁਦ ਕਰਦੇ ਹੋਏ ਵੀ ਗੁਰੂ ਸਾਹਿਬ ਆਪਣੇ ਆਪ ਨੂੰ ਇਕ ਸਾਧਨ ਮਾਤਰ ਹੀ ਸਮਝਦੇ ਹਨ। ਦੂਜੇ ਲਫਜ਼ਾਂ ਵਿਚ ਅਹੰਕਾਰ ਜ਼ਰਾ ਨਹੀਂ ਕਰਦੇ ਕਿਉਂਕਿ ਇਹ ਈਸ਼ਵਰ ਨਾਮ ਦਾ ਵਿਰੋਧੀ ਹੈ। ਭੇਜੇ ਜਾਂਦੇ ਵੈਰੀ ਤੇ ਵਾਰ ਕਰਨਾ ਤੇ ਅਕਾਰਨ ਮਨੁੱਖੀ ਜਾਨਾਂ ਕੁਰਬਾਨ ਕਰਨ ਨੂੰ ਗੁਰੂ ਸਾਹਿਬ ਨੇ ਜਾਇਜ਼ ਕਰਾਰ ਨਹੀਂ ਦਿੱਤਾ। ਯੁੱਧ ਵਿਚ ਮਾਰਧਾੜ ਨੂੰ ਹਾਲਾਤ ਦੀ ਮਜਬੂਰੀ ਦੱਸਿਆ ਹੈ ਨਾ ਕਿ ਲੜਾਈ ਦੇ ਜ਼ਰੂਰੀ ਨਿਯਮ। ਤਾਕਤ ਨੂੰ ਜ਼ੁਲਮ ਲਈ ਵਰਤਣਾ ਵੀ ਗੁਰੂ ਸਾਹਿਬ ਦਾ ਆਸ਼ਾ ਨਹੀਂ ਸੀ ਕਿਉਂਕਿ ਇਸ ਤਰ੍ਹਾਂ ਖ਼ਾਲਸੇ (ਦਇਆ ਤੇ ਹਿੰਮਤ ਦਾ ਪ੍ਰਤੀਕ) ਵਿਚ ਤੇ ਜ਼ਾਲਮ ਵਿਚ ਫ਼ਰਕ ਨਹੀਂ ਰਹਿੰਦਾ।[29]

ਕੁਝ ਸਾਖੀਆਂ ਨੂੰ ਪੜ੍ਹਨ ਤੇ ਗੁਰੂ ਸਾਹਿਬ ਦੇ ਗੁਰਬਾਣੀ ਪੜ੍ਹਨ ਤੇ ਗਾਇਨ ਕਰਨ ਸੰਬੰਧੀ ਵਿਚਾਰ ਵੀ ਉਜਾਗਰ ਹੁੰਦੇ ਹਨ। ਕੀਰਤਨ ਤੇ ਕਥਾ ਦੀ ਉਤਮਤਾ ਨੂੰ ਸਵੀਕਾਰਦਿਆਂ ਆਪ ਨੇ ਗੁਰਬਾਣੀ ਦੇ ਸ਼ੁੱਧ ਉਚਾਰਣ ਤੇ ਜ਼ੋਰ ਦਿੱਤਾ। ਆਪ ਨੇ ਕੀਰਤਨੀਆ ਨੂੰ ਕਥਨੀ ਤੇ ਕਰਨੀ ਦੇ ਧਾਰਣੀ ਹੋਣ ਦੀ ਵੀ ਹਦਾਇਤ ਕੀਤੀ। ਗੁਰੂ ਸਾਹਿਬ ਅਨੁਸਾਰ ਜੋ ਕੀਰਤਨੀਏ, ਕੀਰਤਨ ਤੇ ਵਿਖਿਆਨ ਦੁਆਰਾ ਸੰਗਤਾਂ ਨੂੰ ਗੁਰਮਤ ਦੇ ਰਾਹ ਦੇ ਪਾਂਧੀ ਹੋਣ ਦੀ ਨਸੀਹਤ ਕਰਦੇ ਹਨ ਪਰ ਆਪ ਸਿੱਖ ਸਿੱਧਾਤਾਂ ਤੇ ਅਮਲ ਨਹੀਂ ਕਰਦੇ ਉਹ ਅਸਲ ਵਿਚ ਦੰਭੀ ਹਨ। ਕਥਾ ਕੀਰਤਨ ਸਿੱਖ ਸਿਧਾਤਾਂ ਦੇ ਪ੍ਰਚਾਰ ਹਿੱਤ ਨਹੀਂ, ਸਗੋਂ ਮਾਇਆ ਮਾਇਆ ਦੀ ਹੁਟਕ ਕਰਕੇ ਕਰਦੇ ਹਨ।[30]

ਮਹਿਮਾ ਪ੍ਰਕਾਸ਼ ਵਾਰਤਕ ਵਿਚ ਦਰਜ ਸਾਖੀਆਂ ਨੂੰ ਗੁਰੂ ਨਾਲ ਵਾਚਣ ਤੇ ਇਹ ਸਾਫ਼ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਣਾ ਕਰਕੇ ਉਸ ਨੂੰ ਸਿੱਧਾ ਅਕਾਲ ਪੁਰਖ ਨਾਲ ਜੋੜਿਆ। ਸੰਗਤ ਦੀ ਸਰਵਉੱਚਤਾ ਨੂੰ ਕਬੂਲਦਿਆਂ, ਗੁਰੂ (ਅਕਾਲ ਪੁਰਖ) ਅਭੁੱਲ ਹੈ ਦਾ ਸਿਧਾਂਤ ਦਰਿੜ੍ਹ ਕਰਵਾਇਆ। ਆਦਿ ਗ੍ਰੰਥ ਨੂੰ ਗੁਰੂ ਦੀ ਪੈਰਵੀ ਦੇ ਕੇ ਖਾਲਸੇ ਨੂੰ ਰਹਿਤ ਬਹਿਤ ਦੇ ਧਾਰਨੀ ਹੋਣ ਦੀ ਹਦਾਇਤ ਕੀਤੀ ਅਤੇ ਆਪਣੇ ਜੀਵਨ ਕਾਲ ਵਿਚ ਹੀ ਸਿੱਖ ਸਿੱਧਾਤਾਂ ਤੇ ਪਹਿਰਾ ਨਾ ਦੇਣ ਵਾਲਿਆਂ ਨੂੰ ਸਜ਼ਾ ਦੇਣ ਦੀ ਜਾਚ ਵੀ ਦੱਸੀ। ਗੁਰੂ ਸਾਹਿਬ ਖ਼ੁਦ ਦਇਆ, ਦਲੇਰੀ, ਹਿੰਮਤ, ਸੂਰਬੀਰਤਾ ਤੇ ਤਿਆਗ ਦੀ ਅਦੁੱਤੀ ਮੂਰਤ ਸਨ।

ਜ਼ੁਲਮ ਦਾ ਨਾਸ਼ ਕਰਨ ਲਈ ਏਸ਼ੀਆ ਮਹਾਂਦੀਪ ਦੀ ਉਸ ਵਕਤ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤ ਨਾਲ ਟੱਕਰ ਲੈਣ ਦਾ ਹੀਆਂ ਤੇ ਉਹ ਵੀ ਨਿਗੂਣੇ ਸਾਧਨਾਂ (ਪਰ ਪ੍ਰਮਾਤਮਾ ਦੀ ਅਥਾਹ ਸ਼ਕਤੀ ਵਿਚ ਅਟੁੱਟ ਵਿਸ਼ਵਾਸ ਸਦਕਾ) ਨਾਲ, ਸਿਰਫ਼ ਤੇ ਸਿਰਫ਼ ਗੁਰੂ ਗੋਬਿੰਦ ਸਿੰਘ ਜੈਸੇ ਮਹਾਂਬਲੀ ਦੇ ਹਿੱਸੇ ਆਇਆ। ਜ਼ੁਲਮ ਦੇ ਖਿਲਾਫ ਤਾਕਤ ਦੀ ਵਰਤੋਂ ਨੂੰ ਜਾਇਜ਼ ਠਹਿਰਾ ਕੇ ਆਪ ਨੇ ਸਾਰੀ ਲੋਕਾਈ ਨੂੰ ਹੱਕ ਤੇ ਸੱਚ ਤੇ ਪਹਿਰਾ ਦੇਣ ਦੀ ਜਾਚ ਸਿਖਾਈ।[31]

ਹਵਾਲੇ ਅਤੇ ਟਿੱਪਣੀਆਂ

1. ਪ੍ਰੋ. ਡਬਲਯੂ. ਐਚ. ਮੈਕਲਾਉਡ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲੈ ਕੇ ਸਿੰਘ ਸਭਾ ਲਹਿਰ ਅਧੀਨ ਰਚੇ ਗਏ ਗੁਰਮੁਖੀ ਸਾਹਿਤ ਨੂੰ ਅੱਠ ਚਰਣਾਂ ਵਿਚ ਵੰਡਿਆ ਹੈ। ਇਸ ਪੜਾਅਵਾਰ ਦਰਜਾ ਬੰਦੀ ਅਨੁਸਾਰ ਮਹਿਮਾ ਪ੍ਰਕਾਸ਼ (ਵਾਰਤਕ) ਨੂੰ ਚੌਥੇ ਪੜਾਅ ਅਰਥਾਤ ਪਿਛਲੇਰੀ ਜਨਮਸਾਖੀ ਪ੍ਰੰਪਰਾ ਅਧੀਨ ਲਿਖੇ ਗਏ ਸਾਹਿਤ ਵਿਚ ਰੱਖਿਆ ਗਿਆ ਹੈ। ਇਹ ਦਰਜਾਬੰਦੀ ਇਸ ਤਰ੍ਹਾਂ ਹੈ : 1. ਆਦਿ ਗੁਰੂ ਗ੍ਰੰਥ 2. ਦਸਮ ਗ੍ਰੰਥ 3. ਭਾਈ ਗੁਰਦਾਸ ਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ 4. ਜਨਮ ਸਾਖੀ ਪ੍ਰੰਪਰਾ 5. ਰਹਿਤਨਾਮੇ 6. ਗੁਰਬਿਲਾਸ ਪ੍ਰੰਪਰਾ ਤੇ ਇਸ ਤੋਂ ਪਿਛਲੀਆਂ ਇਤਿਹਾਸਕ ਰਚਨਾਵਾਂ 7. ਨਿਰੰਕਾਰੀ ਤੇ ਨਾਮਧਾਰੀ ਸਾਹਿਤ 8. ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਲਿਖਿਆ ਗਿਆ ਸਾਹਿਤ ਦੇ ਇਤਿਹਾਸ : ਟੈਕਸਚੁਅਲ ਸੋਰਸਿਜ਼ ਫ਼ਾਰ ਦਾ ਸਟੱਡੀ ਆਫ਼ ਸਿਖਇਜ਼ਮ, ਮਾਨਚੈਸਟਰ ਯੂਨੀਵਰਸਿਟੀ ਪ੍ਰੈਸ, ਯੂ.ਕੇ. 1984, ਪੰਨੇ 1-8.
2. ਭਾਈ ਸਾਹਿਬ ਨੇ ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ ਬਾਰੇ ਟਿੱਪਣੀ ਕਰਦਿਆਂ ਕੇਵਲ ਇਤਨਾ ਹੀ ਲਿਖਿਆ ਹੈ ਕਿ 'ਬਾਵਾ ਕ੍ਰਿਪਾਲ ਸਿੰਘ ਭੱਲਾ ਦਾ ਲਿਖਿਆ ਮਹਿਮਾ ਪ੍ਰਕਾਸ਼ ਇਸ ਤੋਂ ਵੱਖਰਾ ਹੈ। ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990 (ਸੰਕਰਣ ਪੰਜਵਾਂ), ਪੰਨਾ 936
3. ਖਾਲਸਾ ਕਾਲਜ ਵਾਲੀ ਕਾਪੀ ਦੇ ਸ਼ੁਰੂ ਵਿਚ ਕੇਵਲ ਇਤਨਾ ਹੀ ਲਿਖਿਆ ਹੈ ਕਿ 'ਭਾਈ ਵੀਰ ਸਿੰਘ ਅਨੁਸਾਰ ਇਸ ਦਾ ਕਰਤਾ ਬਾਵਾ ਕ੍ਰਿਪਾਲ ਸਿੰਘ ਹੈ।' ਮਹਿਮਾ ਪ੍ਰਕਾਸ਼ ਵਾਰਤਕ, ਸਿੱਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ, ਖਰੜਾ ਨੰਬਰ 2308.
4. ਪ੍ਰੋ. ਕਿਰਪਾਲ ਸਿੰਘ ਲਿਖਦੇ ਹਨ ਕਿ, "According to Bhai Vir Singh, its author was Bawa Kirpal Singh" ਏ ਕੈਟ ਲਾਗ ਆਫ ਪੰਜਾਬੀ ਐਂਡ ਉਰਦੂ ਮੈਨੂਸਕਰਿਪਟਸ, ਸਿੱਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, 1963, ਪੰਨਾ 18.
5. ਗੰਡਾ ਸਿੰਘ, ਏ ਬਿਬਲੀਉਗ੍ਰਾਫੀ ਆਫ਼ ਦਾ ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966 ਪੰਨਾ 208.
6. ਗੰਡਾ ਸਿੰਘ, ਦਾ ਪੰਜਾਬ ਪਾਸਟ ਐਂਡ ਪ੍ਰੈਜ਼ੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਜਿਲਦ ਦੂਜੀ, ਪੰਨਾ 9.
7. ਡਬਲਯੂ.ਐਚ. ਮੈਕਲਾਉਡ, ਸਿੱਖਸ ਐਂਡ ਸਿੱਖਇਜ਼ਮ ਆਕ ਸਫੋਰਡ, 1999, ਪੰਨਾ 28.
8. ਕੁਲਵਿੰਦਰ ਸਿੰਘ ਬਾਜਵਾ (ਸੰ.) ਮਹਿਮਾ ਪ੍ਰਕਾਸ਼ (ਵਾਰਤਕ) ਸਿੰਘ ਬ੍ਰਦਰਜ਼, ਅੰਮ੍ਰਿਤਸਰ 2004, ਪੰਨਾ 17
9. ਮਦਨਜੀਤ ਕੌਰ, "ਦੇਵੀ ਵਰਸ਼ਿਪ ਸਟੋਰੀ - ਏ ਕ੍ਰੀਟੀਕ", ਫੰਡਾਮੈਂਟਲ ਇਸ਼ੂਜ ਇਨ ਸਿੱਖ ਸਟੱਡੀਜ਼, (ਸੰ.), ਖੜਕ ਸਿੰਘ, ਜੀ. ਐਸ. ਮਨਸੁਖਾਨੀ ਤੇ ਜਸਬੀਰ ਸਿੰਘ ਮਾਨ, ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼, ਚੰਡੀਗੜ੍ਹ, 1992, ਪੰਨਾ 173.
10. ਇਹ ਪੁਰਾਤੱਤਵ ਵਿਭਾਗ, ਪੰਜਾਬ, ਪਟਿਆਲਾ ਵਿਖੇ ਹੱਥ ਲਿਖਤ ਪੋਥੀ 792/ਐਮ ਵਿਚ ਦਰਜ ਹੈ। ਇਸ ਦੀ ਲਿਪੀ ਗੁਰਮੁਖੀ ਪਰ ਭਾਸ਼ਾ ਉਰਦੂ ਹੈ। ਇਸ ਦਾ ਵਿਸ਼ਾ-ਵਸਤੂ ਉਸ ਵੇਲੇ ਦੇ ਸਿੱਖਾਂ ਦੀ ਵੀਰਤਾ/ਚੜ੍ਹਤ ਨੂੰ ਦਰਸਾਉਂਦਾ ਹੈ। ਉਤਮ ਸਿੰਘ ਭਾਟੀਆ (ਸੰ:) ਗੁਰੂ ਨਾਨਕ ਮਹਿਮਾ, ਸਰੂਪ ਦਾਸ ਭੱਲਾ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1999, ਪੰਨ 6 - 7.
11. ਮਹਿਮਾ ਪ੍ਰਕਾਸ਼ ਵਾਰਤਕ, ਸਿੱਖ ਇਤਿਹਾਸ ਖੋਜ ਵਿਭਾਗ, ਹੱਥ-ਲਿਖਤ ਨੰ. 2308.
12. ਉਹੀ
13. ਹਰਬੰਸ ਸਿੰਘ (ਸੰ:) ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1969, (ਚਾਰ ਜਿਲਦਾਂ) ਜਿਲਦ ਦੂਜੀ, ਪੰਨਾ 139, ਹੋਰ ਵੇਖੋ : ਹਰਜਿੰਦਰ ਸਿੰਘ ਦਿਲਗੀਰ, ਸਿੱਖ

ਰੈਫਰੈਂਸ ਬੁੱਕ, ਦਾ ਸਿੱਖ ਐਜੂਕੇਸ਼ਨਲ ਟਰੱਸਟ, ਐਡਮੰਨਟਨ ਕਨੈਡਾ, 1997, ਪੰਨੇ 404-05.

14. ਭਾਗ ਨਗਰ ਕਿਸ ਇਲਾਕੇ ਵਿਚ ਸਥਿਤ ਹੈ ਜਾਂ ਸੀ, ਬਾਰੇ ਕੋਈ ਇਤਿਹਾਸਕ ਸੂਚਨਾ ਨਹੀਂ ਮਿਲਦੀ। ਹਾਂ ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਹਾਰਨਪੁਰ ਨੂੰ ਜਿੱਤਿਆ ਸੀ ਤਦ ਉਸ ਨੇ ਇਸ ਦਾ ਨਾਂ ਬਦਲ ਕੇ 'ਭਾਗ ਨਗਰ' ਰੱਖਿਆ ਸੀ, ਪਰ ਦਾਹਵੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹ ਰਚਨਾ ਇਸ ਭਾਗ ਨਗਰ ਵਿਖੇ ਹੀ ਹੋਈ ਸੀ।
15. ਰਚਨਾਕਾਲ ਬਾਰੇ ਵਿਸਤ੍ਰਿਤ ਚਰਚਾ ਲਈ ਵੇਖੋ ਮਹਿਮਾ ਪ੍ਰਕਾਸ਼ (ਵਾਰਤਕ) (ਸੰ:) ਕੁਲਵਿੰਦਰ ਸਿੰਘ ਬਾਜਵਾ, ਪੰਨ 19-21.
16. ਉੱਤਮ ਸਿੰਘ ਭਾਟੀਆ (ਸੰ:) ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1999(ਭਾਗ II, ਖੰਡ I), ਪੰਨਾ 41.
17. ਤੀਸਰੀ ਸਾਖੀ ਵਿਚ ਰਚਨਾਕਾਰ ਨੇ ਸਿਰਫ਼ ਇਹ ਹਵਾਲਾ ਦਿੱਤਾ ਹੈ ਕਿ 'ਏਕ ਬੇਰ ਗੁਰੂ ਜੀ ਕਾਸ਼ੀ ਕੇ ਪਾਂਡੇ ਬੁਲਾਏ। ਤਿਨ ਸੋ ਹੋਮ ਕਰਾਇਆਂ। ਖ਼ਾਲਸੇ ਕਾ ਪੰਥ ਚਲਾਇਆ।' ਇਹ ਲਾਈਨਾਂ ਹੂ-ਬ-ਹੂ ਪਰਚੀਆਂ ਸੇਵਾ ਦਾਸ ਵਿਚੋਂ ਲਈਆਂ ਗਈਆਂ। ਲੇਖਕ ਨੇ ਆਪਣੇ ਵਲੋਂ ਇਸ ਘਟਨਾ ਬਾਰੇ ਕੁਝ ਨਹੀਂ ਕਿਹਾ। ਵਿਸਤਾਰ ਲਈ ਵੇਖੋ, ਕੁਲਵਿੰਦਰ ਸਿੰਘ ਬਾਜਵਾ, ਉਹੀ, ਪੰਨੇ 182-83; ਪਰਚੀਆਂ ਸੇਵਾ ਦਾਸ, (ਸੰ:) ਹਰੀ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ (1962, ਦੂਜੀ ਵੇਰ 1978) ਪੰਨਾ 106.
18. ਕ.ਸ. ਬਾਜਵਾ, ਉਹੀ ਪੰਨਾ 177.
19. ਉਹੀ, ਪੰਨਾ 185.
20. ਉਹੀ; ਇਕ ਸੋਮੇ ਅਨੁਸਾਰ ਇਹ ਘਟਨਾ ਲਾਹੌਰ ਦੇ ਸੂਬੇਦਾਰ ਜ਼ਬਰਦਸਤ ਖਾਂ ਵਲੋਂ ਸਿੱਖ ਸੰਗਤਾਂ ਨੂੰ ਲੁੱਟਣ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਵਲੋਂ ਸਿੱਖ ਸੰਗਤਾਂ ਨੂੰ ਤੰਗ, ਪ੍ਰੇਸ਼ਾਨ ਕਰਨ ਨਾਲ ਸੰਬੰਧਿਤ ਹੈ।
21. ਉਹੀ
22. ਉਹੀ
23. ਉਹੀ, ਪੰਨੇ 185-86.
24. ਉਹੀ ਪੰਨਾ 187.
25. ਉਹੀ, ਪੰਨੇ 187-88.
26. ਉਹੀ ਪੰਨਾ, 188.
27. ਉਹੀ, ਪੰਨੇ 203, 210, 214, 215.
28. ਉਹੀ ਪੰਨੇ 185, 186, 189, 197.
29. ਉਹੀ ਪੰਨੇ 194, 195, 196.
30. ਉਹੀ, ਪੰਨੇ 193, 201, 202, 203
31. ਉਹੀ, ਪੰਨੇ 181, 183, 191, 193-94, 96, 97, 203, 204, 206, 210, 214, 215.

ਗੁਰੂ ਗੋਬਿੰਦ ਸਿੰਘ ਜੀ
ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦੀ ਦ੍ਰਿਸ਼ਟੀ ਵਿਚ

*ਗਿਆਨੀ ਬਲਵੰਤ ਸਿੰਘ ਕੋਠਾਗੁਰੂ**

ਕਟਿ ਸੋ ਪਟ ਤੇਗ ਨਿਖੰਗ ਕਸੇ, ਮੁਖ ਮੰਦ ਹਸੇ ਦਮਕੈ ਕਿ ਛਟਾਹੀ।
ਮੁਕਤਾਸਰ ਮਾਲ ਬਿਸਾਲ ਬਨੀ ਸਮਝਾਨਨ ਸਯਾਮ ਭਲੀ ਉਪਮਾਹੀ।
ਹਿਤ ਸੋ ਤਮ ਸੋਮ ਕਿ ਪਾਸ ਬਸਯੋ, ਮੁਖ ਪੰਜਕ ਪੈ ਮਧੁ ਪੁੰਜ ਸੁਰਾਹੀ।
ਅਬ ਆਨ ਕੀ ਆਸ ਨਿਰਾਸ ਭਈ, ਕਲਗੀਧਰ ਬਾਸ ਕੀਓ ਪ੍ਰੰਨ ਮਾਹੀ।੩੦।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਿਚ ਅਗਾਧ ਸ਼ਰਧਾ ਰੱਖਣ ਵਾਲਾ ਅਨਨਯ ਸਿੱਖ ਚੂੜਾਮਣਿ ਮਹਾਂਕਵੀ ਭਾਈ ਸੰਤੋਖ ਸਿੰਘ ਜੀ (੧੮੪੫-੧੯੦੦ ਬਿ:) ਆਕਾਸ਼ ਮੰਡਲ ਵਿਚ ਸੂਰਜ ਬਣ ਕੇ ਅਜੇਹਾ ਚਮਕਿਆ ਹੁਣ ਤਕ 'ਸੂਰਜ ਪ੍ਰਕਾਸ਼' ਬਣ ਕੇ ਅਖੰਡ ਪ੍ਰਕਾਸ਼ ਕਰ ਰਿਹਾ ਹੈ। ਆਪ ਪ੍ਰਤਿਭਾ ਬੁੱਧੀ ਦੇ ਸੁਾਮੀ ਜਮਾਂਦਰੂ ਕਵੀ ਸਨ। ਧੁਰੰਧਰ ਵਿਦਵਾਨ, ਮਹਾਨ ਖੋਜੀ, ਕੋਸ਼ਕਾਰ, ਇਹਿਤਾਸਕਾਰ, ਟੀਕਾਕਾਰ, ਸਾਹਿਤਯਕਾਰ, ਵੇਦਾਂਤ, ਨਯਾਯ ਆਦਿ ਸਰਬ ਸ਼ਾਸਤ੍ਰਾਂ ਵਿਚ ਪ੍ਰਵੀਨ ਸਨ। ਸੰਸਕ੍ਰਿਤ, ਬ੍ਰਜ ਭਾਸ਼ਾ, ਹਿੰਦੀ, ਪਹਾੜੀ, ਫਾਰਸੀ, ਉਰਦੂ, ਲਹਿੰਦੀ ਪੋਠੋਹਾਰੀ ਅਤੇ ਪੰਜਾਬੀ ਦੇ ਗਿਆਤਾ ਸਨ। ਗੁਰਮਤਿ ਗੁਰਬਾਣੀ ਦੇ ਮਹਾਨ ਗਿਆਨੀ ਗੁਰ ਸਿੱਖੀ ਜੀਵਨ ਵਾਲੇ, ਬਾਣੀ ਦੇ ਨਿੱਤਨੇਮੀ, ਨਾਮ ਸਿਮਰਨ ਵਾਲੇ, ਸ਼ਬਦ ਦੇ ਅਭਿਆਸੀ, ਗੁਰੂ ਨਾਨਕ ਦੇ ਘਰ ਦੇ ਅਨਨਯ ਸਿੱਖ ਕਲਗੀਧਰ ਸੁਾਮੀ ਦੇ ਪਰਮ ਭਗਤ ਸਨ।

ਬ੍ਰਜ ਭਾਸ਼ਾ ਦੇ ਕਾਵਯ ਗਗਨ ਵਿਚ ਅਜੇਹੀਆਂ ਉਡਾਰੀਆਂ ਲਾਈਆਂ ਹਨ, ਜਿਨ੍ਹਾਂ ਅੱਗੇ ਸਾਹਿਤਯ ਦੇ ਪੰਡਿਤ ਨਤਮਸਿਰ ਹੁੰਦੇ ਹਨ। ਆਪ ਜੀ ਛੰਦ ਸ਼ਾਸਤਰ ਦੇ ਅਦੁੱਤੀ ਵਿਦਵਾਨ ਕਾਵਯ ਦੇ ਸਾਰੇ ਪੱਖਾਂ ਨੂੰ ਬਰੀਕੀ ਨਾਲ ਵਰਨਣ ਕਰਨ ਦੀ ਸਮਰੱਥਾ ਰੱਖਦੇ ਸਨ। ਆਪ ਜੀ ਨੇ ਸਾਰੇ ਛੰਦਾਂ ਨੂੰ ਛੰਦ ਸ਼ਾਸਤਰ (ਪਿੰਗਲ) ਦੇ ਅਨੁਸਾਰ ਮਨੋਹਰ ਸ਼ੈਲੀ ਵਿਚ ਅੰਕਿਤ ਕੀਤਾ ਹੈ। ਸਰਬ ਅਲੰਕਾਰ ਕੇਵਲ ਵਰਤੇ ਹੀ ਨਹੀਂ 'ਜਪੁਜੀ ਸਟੀਕ' ਦੁਆਰਾ ਪਾਠਕਾਂ ਨੂੰ ਪੜ੍ਹਾ/ਸਮਝਾ ਵੀ ਦਿੱਤੇ ਹਨ। ਪ੍ਰਸੰਗ ਅਨੁਸਾਰ ਨੌ ਰਸਾਂ ਦਾ ਵਿਦਵਤਾ ਨਾਲ ਪ੍ਰਯੋਗ ਕੀਤਾ ਹੈ। ਰਿਤੂ ਵਰਨਣ ਆਦਿ ਕਾਵਯ ਦੇ ਸਾਰੇ ਗੁਣਾਂ ਵਿਚ ਪੂਰਨ ਸਨ। ਵਾਸਤਵ ਵਿਚ ਆਪ ਜੀ ਈਸੁਰੀਯ ਕਵੀ ਸਨ। ਕਵਿਤਾ ਦੀ ਦਾਤ ਆਪ ਜੀ ਨੂੰ ਧੁਰ ਦਰਗਾਹੋਂ ਪ੍ਰਾਪਤ ਹੋਈ ਸੀ, ਇਸ ਕਰਕੇ ਕਵਿਤਾ ਸੁਭਾਵਿਕ ਹੀ ਸਫੁਰਣ ਹੁੰਦੀ ਸੀ।

ਭਾਈ ਸੰਤੋਖ ਸਿੰਘ ਜੀ ਦਾ ਜਨਮ ਪਿਤਾ ਸ੍ਰ. ਦੇਵਾ ਸਿੰਘ – ਮਾਤਾ ਰਾਮਦੇਈ ਦੇ ਘਰ ਪਿੰਡ ਨੂਰ ਦੀ ਸਰ੍ਹਾਂ ਜ਼ਿਲ੍ਹਾ ਤਰਨਤਾਰਨ ਵਿਖੇ ੧੭੮੭ ਈ. ਨੂੰ ਹੋਇਆ। ਬਚਪਨ ਵਿਚ ਪਿਤਾ ਨੇ ਘਰ ਵਿਚ ਹੀ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਈ ਫਿਰ ਉੱਚੀ ਵਿੱਦਿਆ ਵਾਸਤੇ ਗਿਆਨੀ ਸੰਤ ਸਿੰਘ ਜੀ ਕੋਲ ਸ੍ਰੀ ਅੰਮ੍ਰਿਤਸਰ ਆ ਗਏ। ਗਿਆਨੀ ਜੀ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਸ੍ਰੀ ਹਰਿਮੰਦਰ ਜੀ / ਦਰਬਾਰ ਸਾਹਿਬ ਦੇ ਮੁੱਖ ਪ੍ਰਬੰਧਕ, ਪ੍ਰਭਾਵਸ਼ਾਲੀ ਮਹਾਂਪੁਰਖ ਸਨ। ਅਜੇਹੇ ਮਹਾਨ ਵਿਦਵਾਨ / ਮਹਾਂਪੁਰਖਾਂ ਕੋਲੋਂ ਭਾਈ ਸੰਤੋਖ ਸਿੰਘ ਜੀ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੋਇਆ। ਗੁਰਬਾਣੀ ਦਾ ਅਰਥ ਬੋਧ, ਭਾਈ ਗੁਰਦਾਸ ਜੀ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਅਧਿਐਨ, ਪ੍ਰਾਪਤ ਕਰਕੇ ਭਾਸ਼ਾ ਸਾਹਿਤਯ ਦੇ ਗ੍ਰੰਥ ਕਵਯ ਪ੍ਰਯਾਯ, ਰਸਿਕ ਪ੍ਰਯਾਯ, ਸਭਾ ਪ੍ਰਕਾਸ਼, ਅਲੰਕਾਰ ਸੁਧਾ ਸਾਗਰ, ਜਗਤ ਵਿਨੋਦ, ਕ੍ਰਿਸ਼ਨ ਸਾਹਿਤਯ ਸਿੰਧੂ ਸਭਾ ਮੰਡਨ, ਫਾਜਲਅਲੀ ਪ੍ਰਕਾਸ਼, ਸੁੰਦਰ ਸ਼ਿੰਗਾਰ, ਰਸ ਪ੍ਰਬੋਧ, ਰਸ ਰਾਜ, ਚਿਤ੍ਰ ਬਿਲਾਸ, ਛੰਦ ਦਰਪਨ ਆਦਿਕ ਗ੍ਰੰਥ ਵਿਚਾਰ ਪੂਰਬਕ ਪੜ੍ਹੇ, ਗਿਆਨੀ ਜੀ ਤੋਂ ਹੀ ਸੰਸਕ੍ਰਿਤ ਪੜ੍ਹੀ ਸਾਰਸੁਤ ਵਿਆਕਰਣ, ਲਘੂ ਕੌਮਦੀ ਅਤੇ ਅਮਰ ਕੋਸ਼ ਦਾ ਅਧਿਐਨ ਕੀਤਾ, ਵਿਦਿਆ ਪ੍ਰਾਪਤੀ ਤੋਂ ਉਪਰੰਤ ਕੁਝ ਸਮਾਂ ਪਟਿਆਲੇ ਅਤੇ

---

*ਪਿੰਡ ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ

ਬੂੜੀਆ ਰਾਜ ਵਿਚ ਰਹੇ। ਪ੍ਰੋ. ਪਿਆਰਾ ਸਿੰਘ ਜੀ 'ਪਦਮ' ਦੇ ਕਥਨ ਅਨੁਸਾਰ ਕਵੀ ਜੀ ਸਰੀਰ ਦੇ ਜਰਾ ਮਧਰੇ ਗੌਰ ਵਰਨ ਸਨ, ਮੁੱਖ (ਚੇਹਰਾ) ਪ੍ਰਭਾਵਸ਼ਾਲੀ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮਕਾਲੀ ਸਨ।

ਕਵੀ ਜੀ ਨੇ ੧੮੧੩ ਈ. ਵਿਚ ਸੰਸਕ੍ਰਿਤ ਦੇ 'ਅਮਰ ਕੋਸ਼' ਦਾ ਬ੍ਰਜ ਭਾਸ਼ਾ ਵਿਚ 'ਨਾਮ ਕੋਸ਼' ਦੇ ਨਾਮ ਹੇਠ ਅਨੁਵਾਦ ਕੀਤਾ। ਇਸ ਤੋਂ ਬਾਅਦ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ੧੮੨੧ ਈ. ਵਿਚ ਆਰੰਭ ਕਰਕੇ ੧੮੨੩ ਈ. ਵਿਚ ਸਮਾਪਤ ਕੀਤਾ। ਇਹ ਬ੍ਰਜ ਭਾਸ਼ਾ ਸਾਹਿਤਯ ਦਾ ਅਪੂਰਬ ਮਹਾਂ ਕਾਵ੍ਯ ਹੈ। ਇਸ ਗ੍ਰੰਥ ਦੇ ਪੂਰਬਾਰਧ ਅਤੇ ਉਤਰਾਰਧ ਦੋ ਭਾਗ ਹਨ। ਪੂਰਬਾਰਧ ਵਿਚ ੭੩ ਅਧਯਾਯ ਅਤੇ ਉਤਰਾਰਧ ਵਿਚ ੫੭ ਅਧਯਾਯ ਹਨ। ਦੋਨੋਂ ਮਿਲ ਕੇ ੧੩੦ ਅਧਯਾਯ / ਅਧਿਆਇ ਹਨ।

ਇਸ ਤੋਂ ਉਪਰੰਤ ਕਵੀ ਜੀ ਸਿੱਖਾਂ ਦੀ ਧਾਰਮਿਕ ਰਿਆਸਤ ਕੈਥਲ ਵਿਚ ਆ ਰਹੇ। ਕੈਥਲ ਰਾਜ ਦਾ ਨੌਜਵਾਨ ਰਾਜਾ ਭਾਈ ਉਦੇ ਸਿੰਘ, ਵਿਦਵਾਨਾਂ ਦਾ ਪ੍ਰਸ਼ੰਸਕ ਸੀ। ਕਵੀ ਜੀ ਦੀ ਸਰਬ ਪੱਖੀ ਵਿਦਵਤਾ, ਪ੍ਰਤਿਭਾ ਅਤੇ ਮਨੋਹਰ ਕਾਵ੍ਯ ਨੂੰ ਵੇਖ, ਸੁਣ ਕੇ ਕਵੀ ਜੀ ਦਾ ਪ੍ਰਸੰਸਕ ਹੀ ਨਹੀਂ ਸ਼ਰਧਾਲੂ ਬਣ ਗਿਆ। ਰਾਜ ਕਵੀ ਦੀ ਪਦਵੀ ਤੇ ਵਿਭੂਸ਼ਤ ਕਰਕੇ, ਧਾਰਮਿਕ ਵਿਚਾਰ ਵਿਮਰਸ਼ ਲਈ ਸਲਾਹਕਾਰ ਵੀ ਥਾਪ ਦਿੱਤਾ।

ਕਵੀ ਜੀ ਕਲਗੀਧਰ ਪਿਤਾ ਦੇ ਉਪਾਸਕ ਹੋਣ ਕਰਕੇ, ਪਹਿਲਾਂ ਤੋਂ ਹੀ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਵ੍ਰਿਤੀ ਦੇ ਧਾਰਨੀ ਸਨ। (ਫਿਰ) ਰਾਜ ਕਵੀ ਹੋਣ ਕਰਕੇ ਸਮੇਂ ਦੇ ਰਿਵਾਜ ਅਨੁਸਾਰ, ਕੰਨਾਂ ਵਿਚ ਕੁੰਡਲ, ਗਲ ਵਿਚ ਮੋਤੀਆਂ ਦੀ ਮਾਲ਼ਾ ਪਹਿਨਦੇ ਸਨ। ਕਮਰ ਨਾਲ ਗਾਤ੍ਰੇ ਤਿੰਨ ਫੁੱਟੀ ਸ੍ਰੀ ਸਾਹਿਬ (ਕ੍ਰਿਪਾਨ) ਸਜਾ ਕੇ ਰੱਖਦੇ ਸਨ। ਕਵੀ ਜੀ ਦੇ ਪਰਿਵਾਰਕ ਚਿਤ੍ਰ ਵਿਚ ਇਸੀ ਤਰ੍ਹਾਂ ਦਾ ਚਿਤ੍ਰ ਚਿਤ੍ਰਤ ਕੀਤਾ ਮਿਲਦਾ ਹੈ। ਕਵੀ ਜੀ ਦੀ ਸ਼ਾਹੀ ਸਜ ਧਜ ਬਾਰੇ ਇਕ ਸਮਕਾਲੀ ਕਵੀ ਇਸ ਤਰ੍ਹਾਂ ਲਿਖਦਾ ਹੈ :-

ਕੁੰਡਲ ਕਪੋਲ ਪਰ ਲੋਲ ਕਰੈਂ ਲਹਿ ਲਹਿ,
ਮਾਨੋ ਤਿਗਮੰਸ ਸੋਮ ਰਹੀ ਛਬਿ ਛਾਇਕੈ।
ਕਟਿ ਕਰਵਾਰ ਕਰਿ ਵਾਰ ਦਰੈ ਕਰੀ ਸਿਰ,
ਧਰ ਪਰ ਗਿਰਾ ਧਰ ਧੀਰ ਨਹੀਂ ਕਾਇਕੈ।
ਦਾਮਨ ਦਮਕ ਦਸੈ ਦਿਗ ਦਗੈ ਦਿਲ ਬੀਚ,
ਮਤ ਸਮ ਸ਼ੇਰ ਸਮਸ਼ੇਰ ਮਾਰੈਂ ਆਇ ਕੈ।
ਐਸੇ ਹੈਂ ਕੁਖੇਯਸ ਸੰਤੋਖ ਸਿੰਘ ਇਰ ਬਾਇ,
ਉਪਮਾ ਨਾ ਬਨੈ, ਉਪਮੇਯ ਕਵੀ ਗਾਇਕੈ।

ਕਵੀ ਜੀ ਸਰਬ ਸ਼ਾਸਤਰਾਂ ਦੇ ਗਿਆਤਾ ਸਨ, ਕਾਵ੍ਯ ਦੀ ਦਾਤ ਵਿਚ ਹਰ ਤਰ੍ਹਾਂ ਪ੍ਰਵੀਨ ਸਨ। ਉੱਚੇ ਜੀਵਨ ਵਾਲੇ ਨਾਮ, ਅਭਿਆਸੀ, ਗੁਰਬਾਣੀ ਦੇ ਨਿੱਤਨੇਮੀ, ਸਿੱਖੀ, ਸ਼ਰਧਾ, ਭਗਤੀ, ਪ੍ਰੇਮ ਉਨ੍ਹਾਂ ਦੇ ਹਿਰਦੇ ਵਿਚ ਕੁਟ-ਕੁਟ ਕੇ ਭਰਿਆ ਹੋਇਆ ਸੀ, ਨਿਮ੍ਰਤਾ, ਨਿਰਮਾਣਤਾ ਦੀ ਮੂਰਤੀ ਸਨ।

ਮੇਰਾ ਵਿਸ਼ਵਾਸ ਹੈ ਭਾਈ ਸੰਤੋਖ ਸਿੰਘ ਅਤੇ ਭਾਈ ਉਦੈ ਸਿੰਘ ਜੀ ਦਾ ਆਵਰਭਾਵ ਕੇਵਲ ਗੁਰਜਸ ਲਿਖਣ ਵਾਸਤੇ ਹੋਇਆ ਸੀ ਭਾਈ ਉਦੈ ਸਿੰਘ ਜੀ ਗੁਰਜਸ ਦੀ ਪੂਰਤੀ ਵਾਸਤੇ ਸਰਬ ਕਾਰਜਾਂ ਵਿਚ ਸਹਾਇਕ ਰਹੇ ਅਤੇ ਕਵੀ ਜੀ ਨਿਸ਼ਚਿਤ ਦਸਾਂ ਗੁਰੂਆਂ ਦੇ ਜਸ ਨੂੰ ਅੰਕਿਤ ਕਰਦੇ ਰਹੇ। ਗੁਰੂ ਕਾ ਜਸ ਪੂਰਨ ਹੋਣ ਦੇ ਨਾਲ ਹੀ ੧੯੦੦ ਬਿ: / ੧੮੪੩ ਈ. ਨੂੰ ਦੋਨੋਂ ਮਹਾਨਭਾਵ (ਭਾਈ ਸੰਤੋਖ ਸਿੰਘ ਜੀ ਅਤੇ ਭਾਈ ਉਦੈ ਸਿੰਘ ਜੀ) ਸੱਚਖੰਡ ਨੂੰ ਚਲੇ ਗਏ। ਕਵੀ ਜੀ ਦੇ ਆਲੌਕਿਕ ਕਾਰਨਾਮੇ, ਗੁਰਜਸ ਦੀ ਮਹਾਨ ਘਾਲਣਾ, ਅਦੁੱਤੀ ਪੰਥਕ ਸੇਵਾ ਦੇ ਕਾਰਣ ਕੈਥਲ ਦਾ ਛੋਟਾ ਜਿਹਾ ਰਾਜ ਇਤਿਹਾਸ ਵਿਚ ਸਰਵੋਪਰੀ ਬਣ ਗਿਆ। ਗੁਰਜਸ ਲਿਖਣ ਦਾ ਕੇਂਦਰ ਹੋਣ ਕਰਕੇ ਭਵਿਸ਼ਯ ਵਿਚ ਵੀ ਕੈਥਲ ਇਤਿਹਾਸ ਵਿਚ ਸੂਰਜ ਦੀ ਤਰ੍ਹਾਂ ਚਮਕਦਾ ਰਹੇਗਾ। ਕਵੀ ਜੀ ਸ੍ਵਯੰ ਲਿਖਦੇ ਹਨ :-

ਤੀਰ ਤੀਰ ਤੀਰਥ ਕੀ ਭੀਰ ਬਡ ਪੀਰ ਹਰਿ,
ਨੀਰ ਭਰੇ ਸੁੰਦਰ ਸੁਹਾਵਤਿ ਸੁਪਾਨ ਕੀ,
ਸੰਤ ਹੈਂ ਮਹੰਤ ਭਗਵੰਤ ਭਗਤਿ ਵੰਤਿ,
ਅੰਤਕ ਕੇ ਅੰਤ ਕੋ ਨ ਪਾਇਂ ਪੀਰਪ੍ਰਾਨ ਕੀ,

ਪਰਮ ਪਵਿੱਤ੍ਰ ਹੈਂ ਬਚਿੱਤ੍ਰ ਦੇਵਤਾਨਿ ਥਾਨ।
ਜੱਤ੍ਰ ਤੱਤ੍ਰ ਚਿੱਤ੍ਰ ਚਿੱਤ੍ਰ ਦੇਤਿ ਮਤਿ ਸਯਾਨ ਕੀ।
ਉਪਮਾ ਮਹਾਨ ਕੀ ਨ ਆਨ ਮੈਂ ਸਮਾਨ ਕੀ,
ਪੁਰਾਨ ਮੈਂ ਪ੍ਰਮਾਨ ਕੀ ਸੁ ਕੈਥਲ ਸਥਾਨ ਕੀ।

ਕੈਥਲ ਵਿਚ ਕਵੀ ਜੀ ਨੇ ਤਿੰਨ ਗ੍ਰੰਥਾਂ ਦੀ ਰਚਨਾ ਕੀਤੀ ਹੈ।

ਗਰਬ ਗੰਜਨੀ ਜਪੁਜੀ ਸਟੀਕ

ਗੁਰਮਤਿ ਸਿਧਾਂਤ ਦੇ ਵਿਪਰੀਤ ੧੭੯੫ ਵਿਚ ਸਾਧੂ ਅਨੰਦ ਘਨ ਨੇ ਜਪੁਜੀ ਦਾ ਟੀਕਾ ਕੀਤਾ। ਜਿਸ ਵਿਚ ਮਨ ਮਤਿ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ, ਗੁਰੂ ਨਾਨਕ ਦੇਵ ਜੀ ਦੇ ਛੇ ਗੁਰੂ ਲਿਖ ਕੇ, ਗੁਰਬਾਣੀ ਅਤੇ ਗੁਰੂ ਸਾਹਿਬਾਨ ਦੇ ਅਪਮਾਨ ਵਿਚ ਘਟੀਆ ਸ਼ਬਦਾਂ ਦੀ ਵਰਤੋਂ ਕੀਤੀ। ਇਸ ਟੀਕੇ ਨੂੰ ਭਾਈ ਉਦੈ ਸਿੰਘ ਜੀ ਨੇ ਪੜ੍ਹ ਕੇ ਅਪ੍ਰਸੰਨਤਾ ਪ੍ਰਗਟ ਕੀਤੀ ਅਤੇ ਕਵੀ ਜੀ ਨੂੰ ਅਨੰਦਘਨ ਦੇ ਟੀਕੇ ਦਾ ਖੰਡਨ ਕਰਨ ਦੀ ਪ੍ਰੇਰਨ ਦਿੱਤੀ ਅਤੇ ਫੁਰਮਾਇਆ 'ਇਸ ਅਹੰਕਾਰੀ ਦਾ ਖੰਡਨ ਕਰਕੇ ਗੁਰਮਤਿ ਦੀ ਪ੍ਰੋੜ੍ਹਤਾ ਵਿਚ ਅਲੰਕਾਰ ਸੰਯੁਕਤ ਟੀਕਾ ਕੀਤਾ ਜਾਵੇ।' ਕਵੀ ਜੀ ਸ੍ਰੈਯ ਲਿਖਦੇ ਹਨ :-

ਅਲੰਕਾਰ ਯੁਤ ਟੀਕਾ ਰਚੀਏ। ਨਿਰਨੈ ਅਰਥ ਕਰਹੁ ਮਤ ਖਚੀਏ।
ਹੋਤ ਅਸ਼ੰਕਾ ਯਾ ਮਹਿਂ ਜੇਤੀ। ਬੁਧ ਬਲ ਕਰਹੁ ਹਰਹੁ ਅਬ ਤੇਤੀ।
ਸੁਨ ਕਰ ਬਚਨ ਨ੍ਰਿਪਤ ਕੋ ਨੀਕਾ। ਕਵੀ ਨੇ ਰੁਚਿਰ ਰਚਯੋ ਜਪੁ ਟੀਕਾ।

੧੮੨੯ ਨੂੰ ਸਾਧੂ ਅਨੰਦ ਘਨ ਦਾ ਅਹੰਕਾਰ ਤੋੜਨ ਵਾਸਤੇ ਵਿਦਵਤਾ ਭਰੀ ਸ਼ਾਸਤਰੀ ਸ਼ੈਲੀ ਵਿਚ ਅਨੰਦ ਯਨ ਦੇ ਟੀਕੇ ਦਾ ਯਥਾਰਥ ਖੰਡਨ ਕੀਤਾ। ਅਨੰਦ ਘਨ ਦੀ ਹਉਮੈ ਅਹੰਕਾਰ ਤੋੜਨ ਕਰਕੇ ਜਪੁਜੀ ਦੇ ਟੀਕੇ ਦਾ ਨਾਮ 'ਗਰਬ ਗੰਜਨੀ ਟੀਕਾ' ਰਖਿਆ ਗਿਆ। ਕਵੀ ਜੀ ਨੇ ਇਸ ਟੀਕੇ ਵਿਚ ਗੁਰਮਤਿ ਦੀ ਗੌਰਵਤਾ/ਵਿਆਖਿਆ ਵਿਦਵਤਾ ਨਾਲ ਵਰਣਨ ਕੀਤੀ ਹੈ। ਆਪ ਜੀ ਲਿਖਦੇ ਹਨ :-

ਸਤਿਗੁਰੂ ਕੇ ਉਪਦੇਸ ਹੈ ਜਿਸ ਗੀਤ ਕੋ ਸੋ ਤੇ ਸਿੰਘਨ ਕੀ ਗੈਤਿ ਸੋ
ਗਰਜਤਿ ਹੈ ਦੇਸਨ ਪਰਦੇਸਨ ਮੈ: ਭਾਣਾ ਮਾਨਣੋ, ਹਉਮੈ ਕੋ ਤਜਣੋ,
ਸਤਿਨਾਮ ਕੋ ਸਿਮਰਨ ਸ੍ਰਰੂਪ ਕੀ ਪ੍ਰਾਪਤਿ, ਇਹ ਮਤ ਸਤਿਗੁਰਨ ਕੋ, ਜੈਬੁਕ
ਜੈਸੇ ਅਪਰ ਮਤ ਜੋ ਹੈਂ ਤਿਨੋਂ ਮੈਂ ਕੈਸੇ ਮਿਲਤ ਹੈਂ। ਹੈਰੰਨ ਗਰਭ ਭੀ ਬ੍ਰਹਮਾ
ਕੇ ਸੇਵਕਨ ਕੋ ਮਤ, ਸੈਵੀਨ ਸਿਵ ਕੇ ਉਪਾਸਕੀ ਤਿਣ ਕੋ ਮਤ, ਤੀਨ
ਦੇਵਨ ਕੇ ਮਤ ਆਦ ਔਰ ਅਨੇਕ ਹੈਂ, ਪਰਸਪਰ ਬਿਰੋਧੀ ਏਕ ਦੂਸਰੇ ਕੋ
ਖੰਡਨ ਕਰਤਿ ਹੈਂ, ਤਿਨ ਕੋ ਔਰ ਖੰਡਤਿ ਹੈਂ। ਅਪਨੇ ਪਖ ਬਾਦ ਕੇ ਹੇਤ
ਅਨੇਕਾਨ ਅਨੇਕ ਤਰਕ ਉਠਾਵਤਿ ਹੈਂ। ਜਿਨ੍ਹੋਂ ਨੇ ਇਹ ਸਮਝੀ ਰਾਖੀ ਬਹੁਤ
ਸਤਿਗੁਰ ਕੋ ਉਪਦੇਸ ਕਮਾਵਤ ਹੈ, ਤਿਨ ਕੋ ਮੁਕਤਿ ਪ੍ਰਾਪਤਿ ਸੁਖੈਨ ਹੀ
ਹੁਇ ਆਵਤਿ ਹੈਂ। ਔਰ ਜੋ ਸ਼ਾਸਤਰਨ ਮੈਂ ਹੋ ਕਰ ਪਖਬਾਦ ਕੋ ਉਠਾਵਤ ਹੈਂ
ਬਹੁਰ ਸਤਿਗੁਰ ਕੇ ਮਤ ਬੋ ਰਲਾਯੋ ਚਾਹਤ ਹੈਂ ਸੋ ਅਨਜਾਨ ਜਾਨਯੋ
ਜਾਇਗੋ, ਨਿਸ਼ਚੇਵਾਰੇ ਜੋ ਸਿਖ ਹੈਂ ਸੋ ਤੋ ਸੁਪਨ ਮਾਤ੍ਰ ਬੀ ਭਿਨ ਕੋ ਕਹਨੋ ਨਹੀਂ ਮਾਨੈਗੇ।

ਗੁਰੂ ਕਲਗੀਧਰ ਪਿਤਾ ਦੀ ਉਸਤਤੀ ਵਿਚ ਲਿਖਦੇ ਹਨ।

ਦੋਹਰਾ - ਧਨਖ ਪਾਨ ਉਰ ਗਜਾਨਘਨ ਕਟ ਸੌਂ ਤੇਰਾ ਨਿਖੰਗ।
ਮੁਕਤਾ ਮਾਲ ਬਿਸਾਲ ਗਰ, ਕਲਗੀ ਸੀਸ ਉਤੇਗਾ। ੫।

(ਜਪੁਜੀ - ਮੰਗਲ)

ਬਾਲਮੀਕੀ ਰਾਮਾਯਣ

ਰਿਸ਼ੀ ਬਾਲਮੀਕ ਜੀ ਰਚਿਤ ਰਾਮਾਯਣ ਦਾ ਸੰਸਕ੍ਰਿਤ ਤੋਂ ੧੮੩੩ ਈ. ਨੂੰ ਬ੍ਰਜ ਭਾਸ਼ਾ ਕਾਵਯ ਵਿਚ ਅਨੁਵਾਦ ਕੀਤਾ। ਅਨੁਵਾਦ ਤੋਂ ਪਤਾ ਲੱਗਦਾ ਹੈ ਕਿ ਬਾਲਮੀਕੀ ਰਾਮਾਯਣ ਦਾ ਆਪ ਜੀ ਨੇ ਗੰਭੀਰਤਾ ਅਤੇ ਪੜਚੋਲਵੀਂ ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਬਾਲਮੀਕੀ ਰਾਮਾਯਣ ਦੇ ਮੂਲ ਸ਼ੁੱਧ ਸ਼ਲੋਕ ਅਤੇ ਅਖਸ਼ੇਪਕਾ ਦਾ ਕਵੀ ਜੀ ਨੂੰ ਪੂਰਨ ਗਿਆਨ ਸੀ। ਅਨੁਵਾਦ ਸਮੇਂ ਜਿੱਥੇ ਵੀ ਅਖਸ਼ੇਪਕ ਆਉਂਦਾ ਸੀ ਆਪ

ਜੀ ਪਾਠਕਾਂ ਨੂੰ ਅਖਸ਼ੇਪਕ ਤੋਂ ਸਾਵਧਾਨ ਵੀ ਕਰਦੇ ਰਹੇ ਨਾਲ ਹੀ ਅਖਸ਼ੇਪਕ ਦਾ ਅਨੁਵਾਦ ਵੀ ਕਰਦੇ ਰਹੇ ਹਨ। ਬਾਲਮੀਕੀ ਰਾਮਾਯਣ ਦਾ ਅਨੁਵਾਦ ਪੌਣੇ ਦੋ ਸਾਲ ਵਿਚ ਪੂਰਨ ਹੋਇਆ। ਕਵੀ ਜੀ ਦੇ ਕਹਿਣ, ਅਨੁਸਾਰ ਇਕ ਇਕ ਸਰਗ (ਅਧਿਆਏ) ਦਾ ਪ੍ਰਤਿਦਿਨ ਅਨੁਵਾਦ ਕਰਦੇ ਸਨ।

ਇਕ ਇਕ ਦਿਨ ਮਹਿ ਧਰਮ ਇਕ ਕਰਯੋ ਸੁ ਛੰਦਨ ਮਾਂਹਿ।
ਯਾਤੇ ਬਨਯੋ ਸਤਾਬ ਯਹੁ ਬਿਤੇ ਬਰਖ ਦੁਇ ਨਾਹਿ।

ਇਹ ਅਨੁਵਾਦ ਇੰਨੀ ਨਿਰਪੱਖਤਾ ਨਾਲ ਕੀਤਾ ਹੈ, ਆਪਣੀ ਕਲਪਣਾ / ਵਿਦਵਤਾ ਨੂੰ ਕੋਈ ਸਥਾਨ ਨਹੀਂ ਦਿੱਤਾ। ਕੇਵਲ ਬਾਲਮੀਕ ਜੀ ਦੇ ਕਥਨ ਦਾ ਅਨੁਵਾਦ ਕੀਤਾ ਹੈ। ਕਵੀ ਜੀ ਆਪਣੀ ਨਿਰਪੱਖਤਾ ਨੂੰ ਵਰਣਨ ਕਰਦੇ ਹੋਏ ਲਿਖਦੇ ਹਨ :-

ਬਾਲਮੀਕ ਮੁਨਿ ਕੀ ਕ੍ਰਿਤ, ਸਰਬ ਯਥਾਰਥ ਜਾਨ।
ਜਯੋਂ ਬੀਤੀ ਬਰਨੀ ਤਥਾ, ਬਾਧ ਨ ਘਾਟ ਪਛਾਨ। ੧੪।
ਮਨ ਕੀ ਉਕਤਿ ਬਨਾਇਕੈ ਨਹਿਂ ਕੀਨੋਂ ਇਤਿਹਾਸ।
ਬੋਲਨਾਦਿ ਤੇ ਜਿਮ ਕ੍ਰਿਯਾ ਜਥਾ ਜੋਗ ਪਰਕਾਸ਼। ੧੫।

(ਅਰੰਨ ਕਾਂਡ, ਸਰਗ ੭੨)

ਮੁਨਿ ਕੋ ਕਹਯੋ ਨ ਛੋਰਿਓ, ਔਰ ਨਹੀ ਵਧਿ ਪਾਇ।
ਸਰਬ ਯਥਾਰਥ ਜਾਨੀਏ ਸਾਚ ਭਈ ਜਿਸ ਭਾਇ। ੧੮।

(ਬਾਲ ਕਾਂਡ, ਸਰਗ ੭੭)

ਕਵੀ ਜੀ ਭਾਵੇਂ ਰਾਮਾਯਣ ਦਾ ਅਨੁਵਾਦ ਕਰਦੇ ਰਹੇ ਹਨ, ਪਰ ਮਨ ਵਿਚ ਸਤਿਗੁਰਾਂ ਵਾਸਤੇ ਅਥਾਹ ਸ਼ਰਧਾ ਸਮਾਈ ਹੋਈ ਹੈ। ਰਾਮਾਯਣ ਦੇ ਹਰ ਕਾਂਡ ਦੇ ਆਰੰਭ ਅਤੇ ਸਮਾਪਤੀ ਸਮੇਂ ਸਤਿਗੁਰੂਆਂ ਦੇ ਉਪਕਾਰਾਂ ਦਾ ਵਰਣਨ ਕਰਨਾ ਨਹੀਂ ਭੁੱਲਦੇ, ਵਿਸੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਬਾਰੇ, ਰਾਮਾਯਣ ਵਿਚ ਮੰਗਲ ਕਰਦੇ ਹੋਏ ਅਤਿ ਸ਼ਰਧਾ ਨਾਲ ਲਿਖਦੇ ਹਨ। ਹਿੰਦੂਆਂ ਲਈ ਸਤਿਗੁਰਾਂ ਦੇ ਉਪਕਾਰਾਂ ਦਾ ਪ੍ਰਚਾਰ ਕਰਨ ਦੀ ਅੰਤਰੀਵ ਭਾਵਨਾ ਵੀ ਮਨ ਵਿਚ ਹੈ। ਰਾਮਾਯਣ ਵਿਚੋਂ ਕਲਗੀਧਰ ਪਿਤਾ ਬਾਰੇ ਇਕ ਦੋ ਛੰਦ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੇ ਹਾਂ।

ਬਾਲਮੀਕੀ ਰਾਮਾਯਣ ਦੇ ਕਿਸ਼ਕਿੰਧਾ ਕਾਂਡ ਦੇ ੬੭ਵੇਂ ਸਰਗ ਦੇ ਛੰਦ ਵਿਚ ਕਵੀ ਜੀ ਨੇ ਸ਼ਤ੍ਰੂ ਨਾਲ ਦਸਮ ਗੁਰੂ ਜੀ ਦੇ ਵਟਾਂਦਰਾ ਕਰਨ ਦਾ ਦ੍ਰਿਸ਼ਯ ਅੰਕਿਤ ਕੀਤਾ ਹੈ। ਗੁਰੂ ਜੀ ਵੈਰੀ ਨੂੰ ਕੀ ਦਿੰਦੇ ਹਨ ? ਅਤੇ ਆਪ ਕੀ ਲੈਂਦੇ ਹਨ ? ਗੁਰੂ ਜੀ ਵੈਰੀ ਨਾਲ ਇਸ ਤਰ੍ਹਾਂ ਲੈਣ ਦੇਣ ਕਰ ਰਹੇ ਹਨ ਜਿਵੇਂ ਮੰਡੀ / ਬਾਜ਼ਾਰ ਵਿਚ ਹਾਣ ਲਾਭ ਵੇਖ ਕੇ ਵਪਾਰ ਕਰ ਰਹੇ ਹੋਣ।

ਰਿਪੁਨਕੋਤਾਪ ਦੇਤਿ, ਲੇਤਿ ਹੈਂ ਪ੍ਰਤਾਪ ਪੁੰਜ,
ਕਾਇਰਤਾ ਦੇਤਿ, ਜਬਿ ਲੇਤਿ ਪ੍ਰਾਨ ਜੋਧ ਕੋ।
ਧੀਰਜ ਕੋ ਲੇਤਿ ਹੈ, ਅਧੀਰਜ ਕੋ ਦੇਤਿ ਉਰ,
ਬੁੱਧਿ ਬੋਧ ਲੇਤਿ, ਆਪ ਦੇਤਿ ਹੈਂ ਅਬੋਧ ਕੋ,
ਲੇਤਿ ਬਿਜੈ ਲਛਮੀ, ਪਰਾਜੈ ਅਰਿ ਦੇਤਿ ਜਬ,
ਤੀਰਨ ਕੀ ਚੋਟ ਦੇਤਿ, ਲੇਤਿ ਪ੍ਰਾਨ ਜੋਧ ਕੋ।
ਸ੍ਰੀ ਗੋਬਿੰਦ ਸਿੰਘ ਜੁੱਧ ਰਚਯੋ ਹੈ ਬਜਾਰ ਕਿਧੋਂ,
ਕਰਤਿ ਬਨਜ ਲਾਭ ਵਾਰੋ ਸੋਧ ਸੋਧਿ ਕੋ।

ਅਯੋਧਿਆ ਕਾਂਡ ਦੇ ਪਹਿਲੇ ਸਰਗ ਵਿਚ ਗੁਰੂ ਕਲਗੀਧਰ ਸੁਆਮੀ ਦਾ ਫੌਜੀ ਰੂਪ ਮੂਰਤੀਮਾਨ ਕਰਦੇ ਹਨ। ਘੋੜ ਸਵਾਰ ਸਤਿਗੁਰੂ ਜੀ ਦੇ ਦਰਸ਼ਨ ਦਾ ਦ੍ਰਿਸ਼ਯ ਅੱਖਾਂ ਅੱਗੇ ਆ ਜਾਂਦਾ ਹੈ। ਧਨੁਸ਼ ਕ੍ਰਿਪਾਨ ਆਦਿ ਸ਼ਸਤ੍ਰ ਧਾਰਨ ਕੀਤੇ ਹਨ ਹੱਥ ਤੇ ਬਾਜ਼ ਹੈ। ਸ਼ਿਕਾਰ ਨੂੰ ਜਾ ਰਹੇ ਹਨ। ਚਾਦਰ ਦਾ ਲੜ / ਪੱਲਾ ਉੱਡਦਾ ਜਾ ਰਿਹਾ ਹੈ। ਤੇਜਸ੍ਵੀ ਰੂਪ ਹੈ। ਸੀਸ ਤੇ ਜਿਗਾ ਕਲਗੀ ਸੁਭਾਇਮਾਨ ਹੋ ਰਹੀ ਹੈ। ਘੋੜੇ ਦੀ ਬਾਗ ਖਿਚ ਕੇ, ਮਿਰਗ ਦੀ ਤਰ੍ਹਾਂ ਘੋੜੇ ਨੂੰ ਭਜਾਉਂਦੇ ਹੋਏ ਆ ਰਹੇ ਹਨ। ਆਓ ਦਰਸ਼ਨ ਕਰੀਏ !

ਹਾਥ ਪੈ ਬਿਰਾਜਿਯੋ ਬਾਜ, ਸਾਜਿਓ ਅਖੇਰ ਸਾਜ,

ਰਾਜੈ ਮਹਾਂਰਾਜ ਦੁਤਿ ਲਾਜਤਿ ਅਨੰਗ ਕੋ।
ਕੰਧੇ ਪੈ ਕਮਾਨ ਏਕ ਪਾਨ ਗਹੀ ਬਾਗ ਤਾਨ,
ਕਟ ਸੋ ਕ੍ਰਿਪਾਨ ਕਸਜੋ ਸੁੰਦਰ ਨਿਖੰਗ ਕੋ।
ਦਿਪੇ ਮੁਖ ਮੰਡਲ, ਸੁਹਾਇੰ ਕਾਨ ਕੁੰਡਲ,
ਅਖੰਡਲ ਕੇ ਨਾਥ ਹੋਤਿ ਅੰਚਲ ਉਤੰਗ ਕੋ।
ਕਲਗੀ ਸੁਹਾਵਤਿ ਪ੍ਰਮੋਦ ਕੋ ਬਢਾਵਤਿ ਹੈਂ,
ਆਵਤਿ ਕੁਦਾਵਤਿ ਕੁਰੰਗ ਜਸੋਂ ਤੁਰੰਗ ਕੋ।੪।

ਹਿੰਦੂ ਹੋ ਕੇ ਜੋ ਸਤਿਗੁਰਾਂ ਦੇ ਉਪਕਾਰਾਂ ਨੂੰ ਨਹੀਂ ਮੰਨਦਾ ਉਸ ਨੂੰ ਕਵੀ ਜੀ ਕ੍ਰਿਤਘਨ ਮੰਨਦੇ ਹਨ :-

ਹਿੰਦੂ ਧਰਮ ਹੁਇ ਜੌਨ, ਗੁਰ ਉਪਕਾਰ ਨ ਲਖਿ ਭਜੈ।
ਅਧਮ ਕ੍ਰਿਤਘਨੀ ਕੌਨ, ਤਿਸ ਤੇ ਪਰੇ ਬਿਚਾਰੀਏ ?

(ਲੰਕਾ ਕਾਂਡ ਸਰਗ ੧)

ਰਾਮਾਯਣ ਤੋਂ ਬਾਅਦ ਕਵੀ ਜੀ ਨੇ 'ਆਤਮ ਪੁਰਾਨ' ਦਾ ਵਾਰਤਕ ਅਨੁਵਾਦ ਕੀਤਾ। ਇਸ ਗ੍ਰੰਥ ਦੇ ਗੁੰਮ ਹੋ ਜਾਣ ਦੇ ਕਾਰਣ, ਇਸ ਬਾਰੇ ਵਿਸਤਾਰ ਨਾਲ ਨਹੀਂ ਲਿਖਿਆ ਜਾ ਸਕਦਾ।

ਇਨ੍ਹਾਂ ਉਪਰੋਕਤ ਗ੍ਰੰਥਾਂ ਤੋਂ ਕਵੀ ਜੀ ਪ੍ਰਤਿਭਾ ਵਿਦਵਤਾ ਦੇ ਕਈ ਪੱਖ ਸਪਸ਼ਟ ਹੁੰਦੇ ਹਨ। ਕਵੀ ਜੀ ਗਦ ਅਤੇ ਪਦ ਰਚਨਾ ਕਰਨ ਵਿਚ ਇਕੋ ਜੇਹੀ ਯੋਗਤਾ ਰੱਖਦੇ ਸਨ। ਅਨੁਵਾਦ ਈਮਾਨਦਾਰੀ ਨਾਲ ਆਪਣੀ ਉਕਤੀ ਯੁਕਤੀ ਤਿਆਗ ਕੇ ਯਥਾਰਥ ਕਰਦੇ ਸਨ। ਵਿਪਖਸ਼ੀਆਂ ਦਾ ਸ਼ਾਸਤ੍ ਅਨੁਸਾਰ (ਪ੍ਰਮਾਣਾਂ ਦ੍ਰਿਸ਼ਟਾਂਤਾਂ ਨਾਲ) ਖੰਡਨ ਕਰਦੇ ਸਨ। ਸੰਸਕ੍ਰਿਤ ਭਾਸ਼ਾ ਉੱਪਰ ਆਪ ਜੀ ਦਾ ਪੂਰਨ ਅਧਿਕਾਰ ਸੀ। ਬੋਲਣ ਅਤੇ ਲਿਖਣ ਵਿਚ ਇਕੋ ਜੇਹੀ ਯੋਗਤਾ ਰੱਖਦੇ ਸਨ। ਇਸ ਦਾ ਪ੍ਰਮਾਣ ਅਮਰ ਕੋਸ਼, ਬਾਲਮੀਕੀ ਰਾਮਾਯਣ ਅਤੇ ਆਤਮ ਪੁਰਾਨ ਦੇ ਅਨੁਵਾਦ ਹਨ।

ਕਵੀ ਜੀ ਅਮਰ ਰਚਨਾ 'ਸ੍ਰੀ ਗੁਰੂ ਪ੍ਰਤਾਪ ਸੂਰਜ' ਹੈ। ਇਹ ਸੱਚਮੁੱਚ ਸਤਿਗੁਰਾਂ ਦੇ ਤਪ ਤੇਜ ਪ੍ਰਤਾਪ ਦਾ ਸੂਰਜ ਹੈ। ਇਹ ਆਕਾਰ (ਅਲੌਕਿਕ) ਗ੍ਰੰਥ ੧੯੩੪ ਵਿਚ ਲਿਖਣਾ ਆਰੰਭ ਕੀਤਾ ਅਤੇ (ਸਾਵਨ ੧੯੦੦ ਬਿ:) ੧੯੪੩ ਈ. ਵਿਚ ਸੰਪੰਨ ਹੋਇਆ। ਭਾਵੇਂ ਕਵੀ ਜੀ ਨੇ ਇਸ ਗ੍ਰੰਥ ਦਾ ਨਾਮ 'ਸ੍ਰੀ ਗੁਰੂ ਪ੍ਰਤਾਪ ਸੂਰਜ' ਰਖਿਆ ਹੈ, ਪਰ ਵਿਦਵਾਨਾਂ ਅਤੇ ਪੰਥ ਵਿਚ ਇਸ ਗ੍ਰੰਥ ਨੂੰ "ਸੂਰਜ ਪ੍ਰਕਾਸ਼" ਕਿਹਾ ਜਾਂਦਾ ਹੈ। ਅਸੀਂ ਇਸ ਲੇਖ ਵਿਚ ਅੱਗੇ ਨੂੰ 'ਸੂਰਜ ਪ੍ਰਕਾਸ਼' ਦੇ ਨਾਮ ਨਾਲ ਹੀ ਲਿਖਾਂਗੇ। ਭਾਈ ਸੰਤੋਖ ਸਿੰਘ ਜੀ ਨੇ ਸੂਰਜ ਸ਼ਬਦ ਨੂੰ ਸਾਰਥਕ ਕਰਨ ਵਾਸਤੇ ਇਹ ਗ੍ਰੰਥ ੧੨ ਰਾਸਾਂ, ਛੇ ਰੁੱਤਾਂ, ਦੋ ਐਨ, ਭਾਵ ਕੁਲ 20 ਵੱਡੇ ਭਾਗਾਂ ਵਿਚ ਵੰਡਿਆ ਹੈ। ਅਧਿਆਵਾਂ ਨੂੰ 'ਅੰਸੂ' ਦਾ ਨਾਮ ਦਿੱਤਾ ਹੈ। ਅੰਸੂ ਸੂਰਜ ਦੀਆਂ ਕਿਰਣਾਂ ਨੂੰ ਕਿਹਾ ਜਾਂਦਾ ਹੈ। ਸੂਰਜ ਪ੍ਰਕਾਸ਼ ਵਿਚ ੧੧੫੦ ਅੰਸੂ ਹਨ। ਸੂਰਜ ਪ੍ਰਕਾਸ਼ ਗਿਆਨ, ਵਿਗਿਅਨ, ਸਾਹਿਤਯ, ਕਾਵਯ, ਇਤਿਹਾਸ ਦਾ ਸਰਵੋਪਰੀ ਕੋਸ਼ ਹੈ।

ਸੂਰਜ ਪ੍ਰਕਾਸ਼ ਦੀ ਰਚਨਾ (੧੯੪੩ ਈ.) ਤੋਂ ਪਹਿਲਾਂ ੧੬ ਵੀਂ ਅਤੇ ੧੭ ਵੀਂ ਸਦੀ ਵਿਚ ਭਗਤੀ-ਪ੍ਰਧਾਨ ਕਵਿਤਾ ਪ੍ਰਚੱਲਤ ਸੀ। ਇਸ ਸਮੇਂ ਦੋ ਪ੍ਰਸਿੱਧ ਭਗਤ ਕਵੀ ਸੂਰਦਾਸ (੧੪੭੩-੧੫੬੨) ਅਤੇ ਤੁਲਸੀ ਦਾਸ (੧੫੩੨-੧੬੨੩ ਵਿਚ) ਹੋਏ ਹਨ। ਤੁਲਸੀ ਦਾਸ ਨੇ ਅਵਧੀ ਭਾਸ਼ਾ ਵਿਚ ਰਾਮ ਕਥਾ ਅੰਕਿਤ ਕੀਤੀ ਅਤੇ ਸੂਰਦਾਸ ਨੇ ਸੂਰ ਸਾਗਰ ਵਿਚ ਕ੍ਰਿਸ਼ਨ ਭਗਤੀ ਨੂੰ ਕਥਨ ਕੀਤਾ ਹੈ। ਦੋਨ੍ਹਾਂ ਦੀ ਆਪਣੇ ਆਪਣੇ ਇਸ਼ਟ ਵਿਚ ਅਥਾਹ ਸ਼ਰਧਾ ਸੀ। ਦੋਨਾਂ ਦੀ ਕਵਿਤਾ ਵਿਚ ਜਿੱਥੇ ਪ੍ਰੇਮਾ ਭਗਤੀ ਸ਼ਰਧਾ ਭਗਤੀ ਠਾਠਾਂ ਮਾਰਦੀ ਹੈ। ਉਥੇ ਵਿਦਵਤਾ ਸਾਹਿਤਯ, ਕਾਵਯ ਦੇ ਚਮਤਕਾਰ ਬਹੁਤ ਘੱਟ ਵਿਖਾਈ ਦਿੰਦੇ ਹਨ। ਭਗਤੀ ਲਹਿਰ ਦੇ ਸਮੇਂ ਵਿਚ ਮਲਿਕ ਮੁਹੰਮਦ ਜਾਇਸੀ ਨੇ ਅਵਧੀ ਭਾਸ਼ਾ ਵਿਚ ਪਦਮਾਵਤੀ (ਕਾਵਯ) ਲਿਖ ਕੇ ਪ੍ਰੇਮ ਕਹਾਣੀ ਦਾ ਵਰਣਨ ਕੀਤਾ ਹੈ। ਕੇਸਵ ਦਾਸ ਨੇ (੧੫੫੫-੧੬੩੭) ਰਸਿਕ ਪ੍ਰਿਯਾ, ਕਵਿ ਪ੍ਰਿਯਾ ਅਤੇ ਰਾਮ ਚੰਦ੍ਰਕਾ ਲਿਖ ਕੇ ਸਿੰਗਾਰ ਰਸ ਦਾ ਖੁਲ੍ਹ ਕੇ ਵਰਣਨ ਕੀਤਾ ਹੈ। ਇਸ ਕਵੀ ਦੀ ਰਚਨਾ ਵਿਚ ਕੋਮਲਤਾ, ਜਜ਼ਬੇ ਅਤੇ ਵਲਵਲੇ ਦਾ ਅਭਾਵ ਹੈ। ਕਵਿਤਾ ਸੰਸਕ੍ਰਿਤ ਸ਼ਬਦਾਂ ਦੇ ਬੋਝ ਹੇਠ ਦੱਬੀ ਹੋਈ ਹੈ।

ਜੇਕਰ ਸੂਰਦਾਸ ਵਾਲੀ ਮਧੁਰਤਾ, ਤੁਲਸੀ ਵਾਲੀ ਸਰਲਤਾ, ਜਾਇਸ ਵਾਲੀ ਕੋਮਲਤਾ, ਕੇਸਵ ਵਾਲੀ ਰਸਕਤਾ ਇਕੋ ਥਾਂ ਤੇ ਵੇਖਣੀ ਹੋਵੇ ਤਾਂ ਭਾਈ ਸੰਤੋਖ ਸਿੰਘ ਜੀ ਦੀ ਰਚਨਾ ਵਿਚ ਸੁਭਾਵਿਕ ਹੀ

ਵੇਖੀ ਜਾ ਸਕਦੀ ਹੈ। ਤੁਲਸੀ ਦੇ ਅਰਾਧ ਰਾਮਚੰਦ੍ਰ, ਸੂਰ ਦਾਸ ਦਾ ਉਪਾਸ਼ਯ ਕ੍ਰਿਸ਼ਨ ਸੀ। ਭਾਈ ਸੰਤੋਖ ਸਿੰਘ ਜੀ ਦੇ ਇਸ਼ਟ/ਨਾਇਕ ਗੁਰੂ ਨਾਨਕ ਦੇਵ – ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ। ਸੂਰਦਾਸ, ਤੁਲਸੀਦਾਸ, ਜਾਇਸੀ ਕੇਸ਼ਵਦਾਸ ਆਦਿ ਕਵੀਆਂ ਦੀ ਰਚਨਾ ਵਿਚ ਕਿਸੇ ਵੀ ਵੈਰਾਗ, ਕਿਸੇ ਵਿਚ ਕਰਣਾ ਅਤੇ ਕਿਸੇ ਵਿਚ ਸ਼ਿੰਗਾਰ ਰਸ ਪ੍ਰਧਾਨ ਹੈ।

ਤੁਲਸੀ ਦਾਸ ਚੌਪਈਆਂ, ਸੂਰਦਾਸ ਪਦੇ, ਕੇਸ਼ਵਦਾਸ ਕਬਿੱਤ ਸਵੈਯੇ ਲਿਖਣ ਤਕ ਸੀਮਤ ਰਹੇ ਹਨ। ਭਾਈ ਸੰਤੋਖ ਸਿੰਘ ਜੀ ਨੇ ਛੰਦ ਸ਼ਾਸਤ੍ਰ ਦੇ ਗਣਕ, ਵਰਣਕ, ਮਾਤ੍ਰਿਕ ਅਤੇ ਵਿਖਮ ਸਰਬ ਛੰਦਾਂ ਨੂੰ ਛੰਦ ਸ਼ਾਸਤ੍ਰ ਦੇ ਅਨੁਸਾਰ ਉਚਾਰ ਕੇ ਲਿਖਿਆ ਹੈ। ਕਿਸੇ ਛੰਦ, ਅਲੰਕਾਰ, ਰਸ, ਗੁਣ ਵਿਚ ਪਤਲਾਪਨ ਨਹੀਂ ਹੈ। ਸਭ ਤਰ੍ਹਾਂ ਦੇ

ਅਨੁਸ੍ਰਪ, ਅਨੰਗ ਸ਼ੇਖਰ, ਅੰਮ੍ਰਿਤ ਧੁਨਿ, ਅੜਿਲ, ਸ਼ਸ਼ਿ ਬਦਨਾ, ਸਾਬਾਸ,
ਸਵੈਯਾ, ਸਿਰਖੰਡੀ, ਸੋਰਠਾ, ਸ਼ੰਕਰ, ਸੰਖਨਾਰੀ, ਹਰਗੀਤਕਾ, ਹਾਕਲ,
ਹਰਿਬੋਲਮਨਾ, ਹੰਸਕ, ਕਬਿੱਤ, ਕੁੰਡਲੀਆਂ, ਚਾਚਰੀ, ਚੌਪਈ ਚਿਤ੍ਰਪਦਾ,
ਚੁਲਕਾ, ਚੰਚਲ, ਚੰਪਕਮਾਲਾ, ਛਪਯ, ਤੋਟਕ, ਤੋਮਰ, ਤ੍ਰਿਭੰਗੀ, ਦੁਵੈਯਾ,
ਦੋਹਰਾ, ਦੋਧਕ, ਨਰਾਜ, ਨਵਨਾਮਕ, ਨਿਸਪਾਲਕ, ਨਿਸ਼ਾਨੀ, ਪਾਧੜੀ,
ਪ੍ਰਮਾਣਕਾ, ਬੈਂਤ, ਭੁਯੰਗ ਪ੍ਰਯਾਤ, ਮਤਦੁਮਿਲਾ ਮਨਹਰੀ, ਰਸਾਵਲ,
ਰੁਣਝੁਣਾ, ਲਲਤਪਦ ਆਦਿਕ ਅਨੇਕ ਛੰਦ ਤੇ ਕਲਮ ਚਲਦੀ ਰਹੀ।

ਅਸੀਂ ਕਵੀ ਜੀ ਦੇ ਕੁਝ ਛੰਦ ਚਮਤਕਾਰ ਪ੍ਰਤਿਭਾ ਬੁੱਧੀ ਸ਼ਬਦ ਭੰਡਾਰ, ਭਾਸ਼ਾ ਸਰਲਤਾ, ਅੰਕਿਤ ਕਰਦੇ ਹਾਂ। ਕਵੀ ਜੀ ਸ਼ਬਦਾਂ ਲੰਕਾਰ, ਅਰਥਾ ਲੰਕਾਰ, ਸਿੰਘਾ ਵਿਲੋਕਨ ਰੇਖਾ ਚਿਤ੍ਰ ਅੰਕਿਤ ਕਰਨ ਵਿਚ ਸਿਧ ਹਸਤ ਹਨ, ਐਸਾ ਰੇਖਾ ਚਿਤ੍ਰ ਖਿੱਚਦੇ ਹਨ ਦ੍ਰਿਸ਼ਯ ਮੂਰਤਿਮਾਨ ਹੋ ਕੇ ਅੱਖਾਂ ਅਗੇ ਆ ਜਾਂਦਾ ਹੈ, ਕਈ ਸ਼ਬਦਾਂ ਦੀਆਂ ਵਿਉਂਤਪਤੀਆ ਕੱਢ ਕੇ ਪਾਠਕਾਂ ਦੇ ਗਿਆਨ ਵਿਚ ਵਾਧਾ ਕੀਤਾ ਹੈ। 'ਨਾਨਕ' ਸ਼ਬਦ ਦੀ ਵਿਉਂਤਪਤੀ ਵੇਖੋ :

ਪ੍ਰਾਕ ਨ ਨਕਾਰ ਨ ਪ੍ਰਮਾਨ ਅਬਿਧਾਨ ਜਾਨ,
ਤਾਹੂ ਤੇ ਅਕਾਰ ਲੇ 'ਅਨਕ' ਪੁਨ ਤੀਨ ਹੈ।
ਦੂਸਰੇ ਨਕਾਰ ਤੇ ਨਿਕਾਰ ਕੈ ਅਕਾਰ ਕਰ,
ਭਯੋ 'ਅਨ' 'ਅਕ' ਚਾਰ ਬਰਨ ਸੁ ਕੀਨ ਹੈ।
'ਅਕ' ਨਾਮ ਦੁਖ ਕੋ ਬਿਦਤ ਹੈ ਜਗਤ ਮੱਧ,
ਜਾ ਨਰ ਕੋ ਨਹੀਂ ਦੁਖ ਸਦਾ ਸੁਖ ਲੀਨ ਹੈ
ਐਸੇ ਇਹ ਨਾਨਕ ਕੇ ਨਾਮ ਕੋ ਅਰਥ ਚੀਨ,
ਸਤਿ ਚਿਦਾਨੰਦ ਨਿਤਭਗਤ ਅਧੀਨ ਹੈ। ੫੭॥ *(ਨਾਨਕ ਪ੍ਰਕਾਸ਼ ਅਧਿਆਏ ੪)*

ਵਾਹਿਗੁਰੂ ਸ਼ਬਦ ਦੀ ਵਿਉਂਤਪਤੀ ਕੱਢ ਕੇ ਮਹਾਤਮ ਵਰਣਨ ਕਰਦੇ ਹਨ।

ਦੋਹਰਾ –

ਨਿਰਗੁਣ ਸਰਗੁਣ ਨਾਮ ਜੋ ਵਾਹਿਗੁਰੂ ਤਿਨ ਮੇਰ।
ਸਭ ਤੇ ਊਚਾ ਜਾਨੀਐ, ਲੇਤਿ ਨ ਕੀਜੈ ਤੇਰ।
ਨਿਰਗੁਣ ਨਾਮਨ ਤੇ ਵਧ ਐਸੇ। ਸੋ ਕਰਿ ਅਰਥ ਬਖਾਨੋ ਜੈਸੇ।

ਚੌਪਈ

'ਵਾਹਿ' ਨਾਮ ਅਚਰਜ ਕੋ ਹੋਈ, ਅਚਰਯ ਤੇ ਪਰ ਉਕਤਿ ਨ ਕੋਈ।੬੨।
'ਮੋ' ਤਮ ਨਾਮ ਅਗਯਾਨ ਅਨਿਤ।'ਰੋ' ਪ੍ਰਕਾਸ਼ ਕਿਯੋ ਜਿਨ ਚਿਤ
ਇਵ ਸ੍ਰੀ ਨਾਨਕ ਨਾਮ ਬਨਾਯੋ। ਸਭ ਸ੍ਰਤਿ ਸੰਤਨ ਚਿਤ ਸੁਖ ਪਾਯੋ। ੬੩।
ਅਖਰ ਮਧੁਰ ਮਨੋਹਰ ਚਾਰੁ। ਚਾਰ ਬੇਦ ਕੋ ਜਾਨਹੁ ਸਾਰ।
ਚਾਰ ਵਰਨ ਕੇ ਹਰਨ ਬਿਕਾਰ। ਚਾਰ ਜੁ ਆਸ੍ਰਮ ਸੁਖਦ ਅਚਾਰ। ੬੪।

(ਨਾਨਕ ਪ੍ਰਕਾਸ਼ ਅਧਿਆਏ ੧)

ਰੀਤੀ ਕਾਲ ਦੇ ਕਵੀ ਸ਼ਬਦ ਚਮਤਕਾਰ ਵਿਚ ਵਿਸ਼ੇਸ਼ ਮਹਾਨਤਾ ਰੱਖਦੇ ਸਨ। ਇਕ ਸ਼ਬਦ ਨੂੰ ਭਿੰਨ ਭਿੰਨ ਅਰਥਾਂ ਵਿਚ ਵਰਤਣਾ ਕਵੀਆਂ ਦੀ ਵਿਦਵਤਾ ਦਾ ਵਿਸ਼ੇਸ਼ ਗੁਣ ਮੰਨਿਆ ਜਾਂਦਾ ਸੀ। ਅਜੇਹੀ ਪ੍ਰਾਪਤੀ ਪ੍ਰਪੱਕ ਅਭਿਆਸ ਨਾਲ ਹੁੰਦੀ ਸੀ। ਕਵੀ ਵੀ ਅਜੇਹਾ ਅੱਖਰ / ਸ਼ਬਦ ਸਮਾਨਤਾ ਵਰਣਨ ਕਰਨ ਵਿਚ ਅਦੁੱਤੀ ਯੋਗਤਾ ਰੱਖਦੇ ਸਨ। ਆਪ ਜੀ ਦੇ ਸ਼ਬਦ ਚਮਤਕਾਰ ਦੇ ਇਕ ਦੋ ਪ੍ਰਮਾਣ ਅੰਕਿਤ ਕਰਦੇ ਹਾਂ। ਹੇਠ ਲਿਖੇ ਦੋਹਰੇ ਵਿਚ ਇਕੋ ਸ਼ਬਦ 'ਬੇਰੀ' ਨੂੰ ਭਿੰਨ-ਭਿੰਨ ਅਰਥਾਂ ਵਿਚ ਲਿਖਦੇ ਹਨ –

ਸਤਿਗੁਰ ਮਮ ਬੇਰੀ ਕਟੋ, ਨਿਜੀ ਬੇਰੀ ਪਰ ਚਾਰ।
ਇਹ ਬੇਰੀ ਹੋਏ ਭਵ ਸਫ਼ਲ, ਬਿਨ ਬੇਰੀ ਕਰ ਪਾਰ।

(ਗੁ.ਪ੍ਰ.ਸੂ. ਐਨ ੨, ਅੰਸੂ ੩੬)

'ਸਾਰੰਗ' ਸ਼ਬਦ ਜਿਸ ਨੂੰ ੧੬ ਵਾਰ ਭਿੰਨ-ਭਿੰਨ ਅਰਥਾਂ ਵਿਚ ਲਿਖਿਆ ਹੈ।

ਸਾਰੰਗ ਪੈ ਕਬਿ ਸਾਰੰਗ ਪੈ ਚਢਿ, ਸਾਰੰਗ ਸ਼ੱਤ੍ਰਨਿ ਕੋ ਬਲਿ ਸਾਰੰਗ।
ਸਾਰੰਗ ਜਸੋ ਜਗ ਮੈ ਕੁਲ ਸਾਰੰਗ, ਸਾਰੰਗ ਗਜਾਨ ਪ੍ਰਕਾਸ਼ਨਿ ਸਾਰੰਗ।
ਸਾਰੰਗ ਦਾਸਨਿ ਕੋ ਪ੍ਰਿਯ ਸਾਰੰਗ, ਸਾਰੰਗ ਦੋਸ਼ਨਿ ਕੋ ਸਮ ਸਾਰੰਗ।
ਸਾਰੰਗ ਪਾਨ ਭਯੋ ਨਰ ਸਾਰੰਗ, ਸਾਰੰਗ ਸ੍ਰੀ ਹਰਿਗੋਬਿੰਦ ਸਾਰੰਗ।

(ਐਨ ੨ ਅੰਸੂ ੩੬)

ਕਵੀ ਜੀ ਦੇ ਲਿਖੇ ਇਕੋ ਦੋ ਨਮੂਨੇ ਸਿੰਘਾਂ ਵਿਲੋਕਨ ਛੰਦਾਂ ਦੇ ਵੀ ਪਾਠਕਾਂ ਦੀ ਭੇਟਾ ਕਰਦੇ ਹਾਂ। ਸਿੰਘਾਂ ਵਿਲੋਕਨ (ਸ਼ਬਦ) ਦਾ ਅਰਥ ਹੈ ਜਦ ਸਿੰਘ (ਸ਼ੇਰ) ਸ਼ਿਕਾਰ ਲਈ ਨਿਕਲਦਾ ਹੈ ਤਾਂ ਮੁੜ ਮੁੜ ਕੇ ਅੱਗੇ ਅਤੇ ਪਿੱਛੇ ਵਲ ਵੇਖਦਾ ਹੈ। ਸ਼ੇਰ ਦੀ ਇਸ ਕ੍ਰਿਆ ਨੂੰ 'ਸਿੰਘਾ ਵਿਲੋਕਨ ਨਯਾਯ' ਕਿਹਾ ਜਾਂਦਾ ਹੈ। ਸਿੰਘਾਂ ਵਿਲੋਕਨ ਦੇ ਅੰਤ ਦੇ ਸ਼ਬਦ ਨੂੰ ਦੂਸਰੀ ਪੰਕਤੀ ਦੇ ਆਰੰਭ ਵਿਚ ਰੱਖ ਕੇ ਪੰਕਤੀ ਬਣਾਈ ਜਾਂਦੀ ਹੈ। ਸਾਰੀਆਂ ਪੰਕਤੀਆਂ ਵਿਚ 'ਅੰਤ-ਆਦਿ' ਇਕੋ ਸ਼ਬਦ ਰੱਖਿਆ ਜਾਂਦਾ ਹੈ। ਇਕੋ ਸ਼ਬਦ ਹੋਣ ਦੇ ਨਾਲ ਹੀ ਅਰਥ ਬਦਲਦਾ ਜਾਂਦਾ ਹੈ। ਸਿੰਘਾਂ ਵਿਲੋਕਨ ਦੀ ਰਚਨਾ ਵੱਡੇ-ਵੱਡੇ ਬ੍ਰਜ ਭਾਸ਼ਾ ਦੇ ਕਵੀਆਂ ਦੇ ਗ੍ਰੰਥਾਂ ਵਿਚ ਬਹੁਤ ਘੱਟ ਵੇਖਣ ਵਿਚ ਆਈ ਹੈ। ਕਵੀ ਜੀ ਨੇ ਆਪਣੇ ਸ਼ਬਦ ਚਮਤਕਾਰ ਨੂੰ ਵਾਰ-ਵਾਰ ਵਿਖਾਉਂਦਿਆਂ ਹੋਇਆਂ ਅਨੇਕ ਸਿੰਘਾਂ ਵਿਲੋਕਨ ਛੰਦਾਂ ਦੀ ਰਚਨਾ ਕੀਤੀ ਹੈ। ਬਲਕੇ ਦੂਹਰੇ-ਦੂਹਰੇ ਸਿੰਘਾਂ ਵਿਲੋਕਨ ਛੰਦ ਰਚੇ ਹਨ। ਆਦਿ ਮੱਧ ਅਤੇ ਅੰਤ ਵਿਚ ਇਕੋ ਸ਼ਬਦ ਰੱਖਿਆ ਹੈ। ਪਰ ਸ਼ਬਦ ਦਾ ਅਰਥ ਹਰ ਵਾਰ ਬਦਲ ਜਾਂਦਾ ਹੈ। ਪਾਠਕ ਇਹ ਵੀ ਯਾਦ ਰੱਖਣ ਕਵੀ ਸ੍ਵੈ ਇੱਛਾ ਨਾਲ ਕਿਸੇ ਵੀ ਛੰਦ ਨੂੰ ਸਿੰਘਾ ਵਿਲੋਕਨ ਬਣਾ ਸਕਦਾ ਹੈ। ਅਸੀਂ ਅੱਗੇ ਕਵੀ ਜੀ ਦਾ ਸਵੈਯਾ ਅੰਕਿਤ ਕਰਦੇ ਹਾਂ, ਜਿਸ ਵਿਚ 'ਕਰਤਾਰਨ' ਸ਼ਬਦ ਨੂੰ ਕਿੰਨੀ ਸੁੰਦਰਤਾ ਨਾਲ ਨਿਭਾਇਆ ਹੈ।

ਕਰਤਾਰਨ ਸੇ ਸ਼ੁਭ ਬਾਕ ਬਿਲਾਸ, ਬਿਹੰਗ ਬਿਕਾਰਨ ਕੋ ਕਰ ਤਾਰਨ।
ਕਰਤਾਰ ਨਹੀਂ ਮਨ ਜਾਨਤ ਜੇ, ਤਿਨ ਕੇ ਹਿਤ ਕੋ ਸਿਫਤੀ ਕਰ ਤਾਰਨ।
ਕਰ ਤਾਰਨ ਪਾਪ ਉਤਾਰਨ ਕੋ ਗਨ ਦੰਭ ਛਪੇ ਸਵਿਤਾ ਕਰ ਤਾਰਨ।
ਕਰਤਾਰ ਨਿਹਾਰ ਗੁਰੂ ਬਰ ਨਾਨਕ ਦਾਸ ਉਧਾਰਨ ਜਿਉਂਕਰ ਤਾਰਨ। ੮।

(ਗੁ.ਪ.ਸੂ. ਰਾਸ ੧ ਅੰ. ੧)

ਅਗਲੇ ਸਵੈਯੇ ਵਿਚ 'ਬਾਰੀ' ਸ਼ਬਦ ਨੂੰ ਉਸੀ ਤਰ੍ਹਾਂ ਨਿਭਾਇਆ ਹੈ।

ਬਾਰੀ ਬਡੀ ਤਰੁ ਝੂਲ ਰਹੇ ਅਨੁਕੂਲ ਬਹੇ ਨਿਤ ਮੂਲਨ ਬਾਰੀ।
ਬਰੀਕ ਪਾਇ ਬਿਹੰਗਮ ਬੋਲਤ, ਨੰਦਨ ਕੀ ਸੁਖਪਾ ਸ਼ੁਭ ਬਾਰੀ।
ਬਾਰੀ ਅਧੂਮ ਮਨੋ ਅਗਨੀ, ਅਸ ਲਾਲ ਮਹਾਂ ਫਲ ਫੂਲਨ ਬਾਰੀ।
ਬਾਰੀਜ ਰੰਗ ਅਨੇਕਨ ਕੇ ਮਨ ਭੋਰ ਗੁੰਜਾਰ ਤਿਨ੍ਹੋਪਰ ਬਾਰੀ। ੨੦।

(ਗੁ.ਪ੍ਰ.ਸ.ਰਾ: ੧੧ ਅੰ. ੪੯)

ਦੂਹਰੇ ਸਿੰਘਾਂ ਵਿਲੋਕਨ ਵਾਲਾ ਸੁਵੈਯਾ ਜਿਸ ਦੇ ਆਰੰਭ ਵਿਚ, ਮੱਧ ਵਿਚ ਅਤੇ ਅੰਤ ਵਿਚ ਸਿੰਘਾਵਿਲੋਕਨ ਨਯਾਯ ਨੂੰ ਅਤਿਅੰਤ ਸੁੰਦਰਤਾ ਨਾਲ ਵਰਣਨ ਕਰਕੇ ਨਿਭਾਇਆ ਹੈ।

ਤਰਨੀ ਵਿਘਨਾ ਬਲਿਤਾ ਪਤਿ ਕੀ, ਪਤਿ ਕੀ ਅਤਿ ਰਖਯਕ ਸ੍ਰੀ ਬਰਨੀ।

ਬਰਨੀ ਸੁਖਦਾ ਸ਼ਰਨਾਗਤ ਕੀ, ਗਤਿ ਕੀ ਸਮਤਾ ਗਾਜ ਕੀ ਕਰਨੀ।
ਕਰ ਨੀਰਜ ਓਟ ਸੁਧਾ ਰਤਿ ਕੀ, ਰਤਿ ਕੀ ਪ੍ਰਭੁਤਾ ਸਗਰੀ ਹਰਨੀ।
ਹਰਨੀ ਸਮ ਆਂਖ ਸੁ ਸ੍ਰੀ ਮਤਿ ਕੀ, ਕਰਤਾ ਸੁਖ ਕੀ ਤਨਵੈ ਤਰਨੀ।

(ਗੁ. ਪ੍ਰ. ਸੂ. ਰਾ. ੧ ਅੰ. ੧)

ਅੰਮ੍ਰਿਤ ਧੁਨਿ ਛੰਦ

ਇਸ ਛੰਦ ਦੇ ਕੁਲ ਛੇ ਚਰਨ, ਪਹਿਲੇ ਦੋਹਰਾ, ਦੋਹਰੇ ਦੀ ਦੂਸਰੀ ਪੰਕਤੀ ਦਾ ਅੰਤਿਮ ਭਾਗ ਸਿੰਘ ਵਿਲੋਨ ਨਯਾਯ ਕਰਕੇ ਤੀਸਰੀ ਪੰਕਤੀ ਦੇ ਆਰੰਭ ਵਿਚ ਰੱਖਿਆ ਜਾਂਦਾ ਹੈ। ਇਸ ਛੰਦ ਦੇ ਆਰੰਭ ਦਾ ਪਹਿਲਾ ਸ਼ਬਦ ਛੇਵੀਂ ਪੰਕਤੀ ਦੇ ਅੰਤ ਵਿਚ ਰੱਖਿਆ ਜਾਂਦਾ ਹੈ। ਜਿਵੇਂ 'ਥਲਥਲ' ਸ਼ਬਦ ਨਾਲ ਇਹ ਛੰਦ ਆਰੰਭ ਹੁੰਦਾ ਹੈ ਅਤੇ ਅੰਤ ਵਿਚ 'ਥਲ ਥਲ' ਸ਼ਬਦ ਨਾਲ ਹੀ ਸਮਾਪਤ ਹੋਇਆ ਹੈ। ਇਹ ਜੁਧ ਦਾ ਛੰਦ ਹੈ ਵੱਡੇ-ਵੱਡੇ ਕਵੀ ਵੀ ਇਸ ਛੰਦ ਨੂੰ ਬਣਾਉਣ ਤੋਂ ਅਸਮਰਥ ਰਹੇ ਹਨ। ਬ੍ਰਜ ਭਾਸ਼ਾ ਸਾਹਿਤਯ ਵਿਚ ਇਹ ਛੰਦ ਬਹੁਤ ਘੱਟ ਵੇਖਣ ਵਿਚ ਆਇਆ ਹੈ। ਕਵੀ ਜੀ ਨੇ ਛੰਦ ਸ਼ਾਸਤ੍ਰ ਦੇ ਨਿਯਮਾਂ/ਲਕਸ਼ਣਾਂ ਸਹਿਤ ਇਸ ਛੰਦ ਦੀ ਰਚਨਾ ਕੀਤੀ ਹੈ। ਇਸ ਛੰਦ ਨੂੰ ਇਕੋ 'ਸਾਹ' ਵਿਚ ਉਚਾਰਨ ਕਰਨਾ ਅਤੇ ਅਰਥ ਸਮਝਣੇ ਕਠਿਨ ਹਨ। ਕੋਈ ਵਿਰਲਾ ਵਿਦਵਾਨ ਧਿਆਨ ਪੂਰਬਕ ਸਮਝ ਕੇ ਇਸ ਦਾ ਉਚਾਰਨ ਕਰਦਾ ਹੈ। ਛੰਦ ਸ਼ਾਸਤ੍ਰ ਦੇ ਆਚਾਰਯ ਇਸ ਛੰਦ ਦੇ ਬਣਾਉਣ ਦੇ ਲਕਸ਼ਣ ਦੱਸ ਕੇ ਉਦਾਹਰਨ ਦੇਣ ਵਿਚ ਅਸਮਰਥ ਰਹੇ ਹਨ। ਬਾਵਾ ਰਾਮਦਾਸ ਜੀ ਪਟਿਆਲੇ ਵਾਲਿਆਂ ਨੇ ਆਪਣੇ (ਪਿੰਗਲ) 'ਮਨ ਪ੍ਰਸਤਾਰ ਪ੍ਰਕਾਸ਼' ਵਿਚ 'ਅੰਮ੍ਰਿਤ ਧੁਨਿ ਛੰਦ' ਲਕਸ਼ਣਾਂ ਸਹਿਤ ਲਿਖ ਕੇ ਵਿਖਾਏ ਹਨ, ਪਰ ਕਵੀ ਜੀ ਦਾ ਲਿਖਿਆ 'ਅੰਮ੍ਰਿਤ ਧੁਨਿ ਛੰਦ' 'ਮਨ ਪ੍ਰਸਤਾਰ ਪ੍ਰਕਾਸ਼' ਨਾਲੋਂ ਵੀ ਨਿਯਮਵੱਧ, ਸਰਲ ਅਤੇ ਸਪਸ਼ਟ ਹੈ।

ਥਲ ਥਲ ਦਲ ਖਲ ਭਲ ਪਰਯੋ, ਲੋਥ ਉਲੱਥ ਪਲੱਥ
ਜਸਵਾਰੀ ਕੋ ਫਿਰਤ ਹੈ, ਹਾਥੀ ਹੱਥ ਪ੍ਰਮੱਥ।
ਹਾਥੀ ਹੱਥ ਪ੍ਰਮੱਥਥ ਥਕਿਤ ਨ ਪੁੱਥਥ ਥਿਤ ਜੰਹਿ ਜੁੱਥਥ।
ਥਲ ਥਲ ਗੁੱਥਥ ਥਿਰਤ ਨ ਸੱਥਥ ਥਰ ਥਰ ਗੁੱਥਥ।
ਥਕਤ ਨ ਕਿੱਥਥ, ਥਿਰ ਥਿਰ ਚਿੱਥਥ, ਬਪੁ ਉਪਲੱਥਥ।
ਥਰਿਯਨ ਮੱਥਥ, ਥਕਤ ਪਰੱਥਥ, ਮਲ ਦਲ ਥਲ ਥਲ।

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦਾ ਇਹ ਵੀ ਵੱਡਪਣ ਹੈ, ਆਪ ਜੀ ਨੇ ਕਿਸੇ ਰਾਜੇ ਮਹਾਰਾਜੇ ਦੀ ਉਸਤਤੀ ਦੀ ਬਿਜਾਏ ਦਸ ਗੁਰੂਆਂ ਦੇ ਉਪਕਾਰੀ ਚਰਿਤ੍ਰ ਕਾਰਨਾਮੇ ਵਰਣਨ ਕੀਤੇ ਹਨ। ਤੁਲਸੀ ਦਾਸ ਸੂਰਦਾਸ ਅਤੇ ਕੇਸਵ ਦਾਸ ਨੇ ਇਕ-ਇਕ ਮਿਥਿਹਾਸਕ ਵਿਅਕਤੀ ਦਾ ਜੀਵਨ ਲਿਖਿਆ ਹੈ। ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ (ਸੰਨ ੧੪੬੯ ਈ.) ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ (ਸੰਨ ੧੭੦੮ ਈ.) ਅਤੇ ਕੁਝ ਇਸ ਤੋਂ ਵੀ ਅੱਗੇ ਤਕ ਦਾ, ਸਿੱਖੀ ਦੀ ਕ੍ਰਾਂਤੀਕਾਰੀ, ਅਗਰਗਾਮੀ ਇਤਿਹਾਸਕ ਲਹਿਰ ਦਾ ਦੋ ਸੌ ਵਰਸ ਦਾ ਵਿਸਤਾਰ ਪੂਰਬਕ ਇਤਿਹਾਸ ਅੰਕਿਤ ਕੀਤਾ ਹੈ। ਭਾਈ ਸੰਤੋਖ ਸਿੰਘ ਜੀ ਪ੍ਰਮਾਣਕ ਸਿੱਖ ਇਤਿਹਾਸ ਲਿਖਣ ਵਾਲਾ, ਪਹਿਲਾ ਮੋਢੀ ਇਤਿਹਾਸਕਾਰ ਹੈ। ਗੁਰਮਤਿ ਵਿਚਾਰਧਾਰਾ ਦੇ ਦੋ ਸੌ ਸਾਲਾਂ ਦੇ ਅੰਦੋਲਨ ਨੂੰ ਗੁੰਥਨ ਕਰਦਿਆਂ ਨੇ ਮਰਯਾਦਾ ਅਤੇ ਸਿਧਾਂਤਾਂ ਵਿਚ ਕਿਤੇ ਵੀ ਇਤਿਹਾਸ, ਸਾਹਿਤਯ ਅਤੇ ਛੰਦ ਸ਼ਾਸਤ੍ਰ ਦੇ ਵਿਪ੍ਰੀਤ ਇਕ ਸ਼ਬਦ ਤਕ ਨਹੀਂ ਲਿਖਿਆ। ਆਰੰਭ ਤੋਂ ਲੈ ਕੇ ਕਾਵਯ ਵਿਚ ਕਿਤੇ ਪਤਲਾ ਪਨ ਨਹੀਂ ਹੈ। ਕਾਵਯ ਦੀ ਧਾਰਾ ਇਕ ਰਸ ਵਹਿ ਰਹੀ ਹੈ।

ਹਿੰਦੀ ਸਾਹਿਤਯ ਵਿਚ ਸੂਰਦਾਸ ਦੇ ਪਦਿਆਂ ਨੂੰ ਸਵਾ ਲੱਖ ਮੰਨਿਆ ਜਾਂਦਾ ਹੈ, ਪਰ ਸੂਰਦਾਸ ਦੇ ਪਦੇ ੫-੬ ਹਜ਼ਾਰ ਤੋਂ ਵੱਧ ਦ੍ਰਿਸ਼ਟੀਗੋਚਰ ਨਹੀਂ ਹੁੰਦੇ।

ਮਹਾਂਭਾਰਤ ਨੂੰ ਸੰਸਾਰ ਦਾ ਵੱਡਾ ਗ੍ਰੰਥ ਮੰਨਿਆ ਜਾਂਦਾ ਹੈ, ਪਰ ਅਨੇਕ ਵਿਦਵਾਨਾਂ ਨੇ ਮਹਾਂਭਾਰਤ ਦੀ ਰਚਨਾ 'ਤੇ ਸ਼ੰਕਾ ਪ੍ਰਗਟ ਕੀਤੀ ਹੈ ਅਤੇ ਪ੍ਰਮਾਣਾਂ ਸਹਿਤ ਦੱਸਿਆ ਹੈ ਕਿ ਮਹਾਂਭਾਰਤ ਇਕ ਵਿਅਕਤੀ ਦੀ ਰਚਨਾ ਨਹੀਂ ਹੈ। ਇਹ ਕਈ ਸਦੀਆਂ ਦੀਆਂ ਕਲਮਾਂ ਦਾ ਯਤਨ ਹੈ। ਅਖਸ਼ੇਪਕਾਂ (ਮਿਲਾਵਟਾਂ) ਦਾ ਭੰਡਾਰ ਹੈ। ਸ੍ਵਾਮੀ ਦੈਯਾ ਨੰਦ ਜੀ ਨੇ 'ਸਤਯਾਰਥ ਪ੍ਰਕਾਸ਼' ਦੇ ਪੰਨਾ ੧੯੩ ਸੰਮਤ ੧੯੯੦ ਬਿ. ਦੇ ੨੩ਵੇਂ ਸੰਸਕਰਣ ਵਿਚ ਲਿਖਿਆ ਹੈ ਕਿ ਪਹਿਲਾਂ ਮਹਾਂਭਾਰਤ ਦੇ ੪੪੦੦ ਸਲੋਕ ਹਨ। ਫਿਰ ਅਨਯ ਲੇਖਕਾਂ ਵੱਲੋਂ

੫੬੦੦ ਸਲੋਕ ਹੋਰ ਸ਼ਾਮਲ ਕੀਤੇ ਗਏ। ਇਸ ਤਰ੍ਹਾਂ ੧੦,੦੦੦ ਸਲੋਕ ਹੋ ਗਏ। ਮਹਾਰਾਜਾ ਵਿਕ੍ਰਮਾਦਿਤਯ ਦੇ ਸਮੇਂ ੧੦,੦੦੦ ਤੋਂ ੨੦,੦੦੦ ਸਲੋਕ ਬਣ ਗਏ। ਸ੍ਵਾਮੀ ਦੇਯਾ ਨੰਦ ਜੀ ਨੇ ਰਾਜਾ ਭੋਜ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ 'ਸੰਜੀਵਨੀ' ਨਾਮ ਦੇ ਗ੍ਰੰਥ ਵਿਚ ਭੋਜ ਨੇ ਆਪਣੀ ਕਲਮ ਨਾਲ ਲਿਖਿਆ ਹੈ, ਕਿ ਮੇਰੇ ਪਿਤਾ ਦੇ ਸਮੇਂ ਵਿਚ ਮਹਾਂਭਾਰਤ ਦੇ ੨੫੦੦੦ ਸਲੋਕ ਸਨ ਅਤੇ ਹੁਣ ੩੦,੦੦੦ ਹਜ਼ਾਰ ਸਲੋਕਾਂ ਵਾਲਾ ਗ੍ਰੰਥ ਮੈਂ ਵੇਖ ਰਿਹਾ ਹਾਂ। ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਮਹਾਂਭਾਰਤ ਇਕ ਉਠ ਦਾ ਭਾਰ ਬਣ ਜਾਵੇਗਾ। ਨਿਰਵਿਵਾਦ ਸਪਸ਼ਟ ਹੈ ੭੦,੦੦੦ ਹਜ਼ਾਰ ਸਲੋਕ ਰਾਜਾ ਭੋਜ ਤੋਂ ਬਾਅਦ ਮਹਾਂਭਾਰਤ ਵਿਚ ਮਿਲਾਏ ਗਏ। ਇਸ ਉਪਰੋਕਤ ਕਥਨ ਤੋਂ ਪਤਾ ਲੱਗਦਾ ਹੈ ਕਿ ਮਹਾਂਭਾਰਤ ਅਨੰਤ ਕਵੀਆਂ ਉਪਖਿਆਨਾਂ (ਕਥਾਵਾਂ) ਅਤੇ ਅਖਸ਼ੇਪਕਾਂ ਨਾਲ ਭਰ ਕੇ ਆਪਣਾ ਅਕਾਰ ਵਧਾਉਂਦਾ ਰਿਹਾ ਹੈ।

ਫਾਰਸੀ ਵਿਚ ਫਿਰਦੌਸੀ ਦਾ ਸ਼ਾਹਨਾਮਾ, ਨਿਜ਼ਾਮੀ ਦਾ ਸਕੰਦਰ ਨਾਮਾ, ਮਨਸਵੀ ਮੌਲਾਨਾ ਰੂਮੀ ਆਦਿਕ ਵੱਡ-ਅਕਾਰੀ ਗ੍ਰੰਥ ਹਨ। ਸੰਸਕ੍ਰਿਤ ਦੇ ਸਲੋਕਾਂ ਅਤੇ ਫ਼ਾਰਸੀ ਦੇ ਸ਼ਿਅਰਾਂ ਦੀਆਂ ਅਕਾਰ ਵਿਚ ਛੋਟੀਆਂ-ਛੋਟੀਆਂ ਦੋ-ਦੋ ਪੰਕਤੀਆਂ ਹੁੰਦੀਆਂ ਹਨ। ਭਾਈ ਸੰਤੋਖ ਸਿੰਘ ਜੀ ਦੇ ਕਬਿੱਤ, ਸਵੈਯੇ, ਛਪੈ, ਕੁੰਡਲੀਏ, ਸਿਰਖੰਡੀ ਅਤੇ ਅੰਮ੍ਰਿਤ ਧੁਨਿ ਆਦਿਕ ਚਾਰ, ਚਾਰ, ਛੇ, ਛੇ, ਵੱਡ ਅਕਾਰੀ ਪੰਕਤੀਆਂ ਦੇ ਛੰਦ ਹਨ। ਜਿਨ੍ਹਾਂ ਦੀਆਂ ਢਾਈ ਲੱਖ ਪੰਕਤੀਆਂ ਬਣਦੀਆਂ ਹਨ। ਕਵੀ ਦੇ ਇਕ ਕਬਿੱਤ ਜਿੰਨੇ ਅਕਾਰ ਵਿਚ ਸੰਸਕ੍ਰਿਤ ਅਤੇ ਫਾਰਸੀ ਦੇ ਛੇ-ਛੇ, ਅੱਠ-ਅੱਠ, ਸਲੋਕ ਅਤੇ ਸ਼ਿਆਰ ਬਣ ਜਾਂਦੇ ਹਨ। ਗਿਣਤੀ ਵਿਚ ਫਿਰ ਵੀ ਕਵੀ ਜੀ ਦਾ ਮੁਕਾਬਲਾ ਕਰਨ ਤੋਂ ਸੰਸਾਰ ਦੇ ਕਵੀ ਅਸਮਰਥ ਹਨ।

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੀ ਰਚਨਾ ਦੇ ਇਕ ਲਖ ਤੋਂ ਉੱਪਰ ਛੰਦ ਹਨ ਜੋ ਲਿਖਤੀ ਰੂਪ ਵਿਚ ਸਾਡੇ ਕੋਲ ਵਿਦਮਾਨਯ ਹਨ। ਇਹ ਦੋ ਸੌ ਵਰਸ ਦੀ ਅਗਰਗਾਮੀ ਸੰਗ੍ਰਾਮੀ ਲਹਿਰ ਦਾ ਪ੍ਰਮਣੀਕ ਸਰਵੋਪਰੀ ਗ੍ਰੰਥ ਹੈ। ਜੋ ਅਕਾਰ, ਸਾਹਿਤਯ, ਰਸ, ਕਾਵਯ, ਅਲੰਕਾਰ, ਧਰਮ, ਦਰਸ਼ਨ, ਸੰਯੁਕਤ ਸੰਸਾਰ ਦਾ ਸਭ ਤੋ ਵੱਡਾ ਗ੍ਰੰਥ ਹੈ। ਇਨ੍ਹਾਂ ਵੱਡ ਅਕਾਰੀ ਗ੍ਰੰਥ ਸੰਸਕ੍ਰਿਤ, ਬ੍ਰਜ ਭਾਸ਼ਾ, ਹਿੰਦੀ, ਅੰਗ੍ਰੇਜ਼ੀ, ਫਾਰਸੀ ਅਤੇ ਅਰਬੀ ਆਦਿ ਸੰਸਾਰ ਦੀ ਕਿਸੇ ਭਾਸ਼ਾ ਵਿਚ ਵੀ ਨਹੀਂ ਹੈ।

ਵਿਸ਼ਵ ਦਾ ਇਹ ਮਹਾਨ ਪ੍ਰਬੰਧ ਕਾਵਯ ਗੁਰਮੁਖੀ ਲਿਪੀ ਵਿਚ ਹੋਣ ਦੇ ਕਾਰਣ ਪ੍ਰਸਿੱਧਤਾ ਨੂੰ ਪ੍ਰਾਪਤ ਨਹੀਂ ਕਰ ਸਕਿਆ। ਭਵਿਸ਼ਯ ਵਿਚ 'ਸੂਰਜ ਪ੍ਰਕਾਸ਼' ਸਾਰੇ ਸੰਸਾਰ ਵਿਚ ਪ੍ਰਕਾਸ਼ ਕਰਕੇ ਸਰਵੋਪਰੀ ਗ੍ਰੰਥ ਹੋਣ ਦਾ ਮਾਣ ਪ੍ਰਾਪਤ ਕਰੇਗਾ।

ਇਕ ਸਮਕਾਲੀ ਕਵੀ ਮਹਾਂ ਕਵੀ ਜੀ ਦੇ ਸਰਬ ਪੱਖੀ ਗਿਆਨ, ਸਾਹਿਤਯ, ਮਨੋਹਰ, ਕਾਵਯ ਬਾਰੇ ਆਪਣੀ ਸ਼ਰਧਾ ਦੇ ਸੁਮਨ ਸਮਰਪਣ ਕਰਦਾ ਹੈ।

ਕਬਿੱਤ =

ਕਵਿਤਾ ਅਪਾਰ ਹੈ, ਕਿ ਗੁਣ ਕੋ ਪਹਾਰ ਹੈ,
ਕਿ ਮਾਧੁਰੀ ਅਗਾਰ ਹੈ, ਕਿ ਭਾਵ ਕਾਵਿ ਕੋਸ਼ ਹੈ।
ਭੂਖਨ ਹੈਂ ਕਵਿ ਕੇ, ਕਿ ਦੂਖਨ ਹਾ ਕਵਿ ਕੇ,
ਬਿਦੂਖਨ ਕੇ ਬੀਚ, ਭੀ ਪ੍ਰਸਿਧ ਹਰਿਦੋਸ਼ ਹੈ।
ਬਾਨੀ ਹੀ ਉਤੰਗ ਸੁ, ਅੰਕ ਹੀਉ ਰੰਗ ਹੈ।
ਅਨੰਗ ਅੰਗ ਭੰਗ ਕੇ, ਬਿਸੁਤ੍ਰਨ ਨਿਸ਼ੋਸ ਹੈ।
ਨਾਨਕ ਅਰਥ ਜੋਊ, ਕੀਨੋ ਕਲੀ ਕਾਲ ਸੋਊ,
ਨਾਮ ਤੋ ਸੰਤੋਖ ਸਿੰਘ, ਧੀਯਵਰ ਕੋਸ਼ ਹੈ।

ਕਵੀ ਜੀ ਗੁਰਮਤਿ ਦੇ ਮਹਾਨ ਗਿਆਤਾ, ਗੁਰਮੁਖੀ ਜੀਵਨ ਵਾਲੇ, ਗੁਰਬਾਣੀ ਦੇ ਨਿੱਤਨੇਮੀ, ਨਾਮ ਅਭਿਆਸੀ, ਪੂਰਨ ਗੁਰਸਿਖ ਸਨ। ਗੁਰਬਾਣੀ ਵਿਚ ਆਪ ਜੀ ਦੀ ਅਥਾਹ ਸ਼ਰਧਾ ਸੀ। ਗੁਰਮਤਿ ਸਿਧਾਂਤ ਨੂੰ ਆਪ ਜੀ ਨੇ ਵਿਆਖਿਆ ਪੂਰਵਕ ਨਿਰੂਪਣ ਕੀਤਾ ਹੈ। ਦਸ਼ਾਂ ਗੁਰੂਆਂ ਵਿਚ ਅਨਨਯ ਸ਼ਰਧਾ ਸੀ। ਦਸਾਂ ਗੁਰੂਆਂ ਨੂੰ ਈਸ਼ਵਰ ਦਾ ਰੂਪ ਅਤੇ ਇਕ ਜੋਤਿ ਮੰਨਦੇ ਸਨ। ਕਵੀ ਜੀ ਦੇ ਵਿਚਾਰ ਅਨੁਸਾਰ ਕਲਗੀਧਰ ਸ੍ਵਾਮੀ ਸੁਖਾਂ ਦੇ ਸਾਗਰ ਹਨ। ਸੁੰਦਰ ਸਰੂਪ ਵਾਲੇ, ਕਲੇਸ਼ਾਂ, ਦੁੱਖਾਂ ਨੂੰ ਮਿਟਾਉਣ ਵਾਲੇ ਹਨ।

ਕਲਗੀਧਰ ਪਾਤਸ਼ਾਹ ਅਮੀਰੀ, ਫ਼ਕੀਰੀ, ਦੁੱਖ, ਸੁੱਖ, ਜਿੱਤ-ਹਾਰ, ਇਕ ਸਮਾਨ ਸਮਝਦੇ ਹਨ। ਗੁਰੂ

ਜੀ ਚੜ੍ਹਦੀ ਕਲਾ ਦੇ ਅਵਤਾਰ ਹਨ। ਉਨ੍ਹਾਂ ਦਾ ਸੰਗ੍ਰਾਮ ਸਦਾ ਅਤਿਆਚਾਰ ਹੰਕਾਰ-ਹੈਂਕੜ ਦੇ ਖਿਲਾਫ ਰਿਹਾ ਜਿਸ ਸਮੇਂ ਔਰੰਗਜ਼ੇਬ ਨੇ ਅਤਿਆਚਾਰ ਦੀ ਅਤਿ ਕਰ ਦਿੱਤੀ, ਗੁਰੂ ਜੀ ਧਰਮ, ਸਰਲਤਾ, ਸਤਯ, ਅਡੋਲਤਾ, ਅਣਖ, ਗਰਭ, ਸ੍ਵੈਮਾਨ, ਆਤਮ-ਵਿਸ਼ਵਾਸ, ਦਾ ਸਰੂਪ ਧਾਰ ਕੇ ਪ੍ਰਗਟ ਹੋਏ। ਲਤਾੜੀ ਮਧੋਲੀ ਜਾ ਰਹੀ ਭਾਰਤੀ ਜਨਤਾ ਨੂੰ, ਦਲੇਰੀ ਉਤਸ਼ਾਹ ਸੂਰਬੀਰਤਾ ਦਾ ਪਾਠ ਪੜ੍ਹਾ ਕੇ ਜ਼ੁਲਮ ਦੇ ਵਿਰੁੱਧ ਖੜ੍ਹੇ ਹੋਣ ਦੀ ਸ਼ਕਤੀ ਬਖਸ਼ੀ। ਮੁਗਲਾਂ ਦੀ ਜ਼ੁਲਮੀ ਹਕੂਮਤ ਨਾਲ ਲੋਹਾ ਲੈ ਕੇ ਕੇਵਲ ਪੰਜਾਬ ਨਹੀਂ ਭਾਰਤੀ ਇਤਿਹਾਸ ਦੇ ਪੰਨੇ ਬਦਲ ਦਿੱਤੇ। ਇਸ ਅਕਾਲੀ ਨਾਇਕ ਨੇ ਗਿੱਦੜਾਂ ਤੋਂ ਸ਼ੇਰ ਬਣਾਏ। ਚਿੜੀਆਂ ਤੋਂ ਬਾਜ ਤੁੜਾਏ, ਸਵਾ ਸਵਾ ਲੱਖ ਨਾਲ ਇਕ ਇਕ ਸਿੰਘ ਨੂੰ ਲੜਾਇਆ, ਹਾਥੀਆਂ ਦੇ ਮੱਥਿਆਂ ਨੂੰ ਬਿੰਨ ਦੇਣ ਵਾਲੇ ਸੂਰਬੀਰ ਪੈਦਾ ਕੀਤੇ। ਮਾਤਾ ਪਿਤਾ, ਪੁੱਤ੍ਰ, ਦੇਸ਼ ਤੋਂ ਵਾਰ ਕੇ ਸੱਤ ਸੌ ਵਰਸ ਤੋਂ ਜੰਮੇ ਇਸਲਾਮੀ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੱਟੀਆਂ ਅਤੇ ਦੇਸ਼ ਵਾਸੀਆਂ ਨੂੰ ਧਰਮ ਦਾ ਰਾਜ ਸਥਾਪਨ ਕਰਨ ਦੀ ਸੇਧ ਦਿੱਤੀ, ਮੀਰੀ ਪੀਰੀ ਦੇ ਸ੍ਵਾਮੀ ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਕ-ਇਕ ਵਾਕ, ਇਕ ਇਕ ਕਾਰਨਾਮਾ, ਚਰਿਤ੍ਰ, ਅਲੌਕਿਕ, ਅਦਭੁਤ ਹੈ। ਅਕਾਲ ਪੁਰਖ ਦੇ ਸਪੁੱਤਰ, ਅਕਾਲ ਪੁਰਖ ਦੀ ਆਗਿਆ ਨਾਲ ਜਗਤ ਤਮਾਸ਼ਾ ਵੇਖਣ ਵਾਲੇ, ਕ੍ਰਿਪਾਨ ਪਾਨੀ ਧਨੁਸ਼ ਧਾਰੀ, ਤੀਰਾਂ ਦੇ ਖਿਡਾਰੀ, ਨੀਲੇ ਦੇ ਸਵਾਰ, ਚਿੱਟੇ ਬਾਜਾਂ ਵਾਲੇ ਸਰਬ ਲੋਹ ਦੇ ਕਵੀ ਕਵੀਆਂ ਦੇ ਸਮਰਾਟ ਤੌਂ ਭਾਈ ਸੰਤੋਖ ਸਿੰਘ ਜੀ ਬਲਿਹਾਰ-ਬਲਿਹਾਰ ਜਾਂਦੇ ਆਪਣੇ ਕਵੀ ਪਿਤਾ ਨੂੰ ਆਪਣੇ ਕਾਵਯ ਦਵਾਰਾ ਸ਼ਰਧਾ ਦੇ ਪੁਸ਼ਪ ਭੇਟ ਕਰਦੇ ਹੋਏ, ਮਧੁਰ ਭਾਸ਼ਾ ਵਿਚ ਭਾਵ ਚਿੱਤ੍ਰ, ਰੇਖਾ ਚਿੱਤ੍ਰ, ਬਣਾ ਕੇ, ਦ੍ਰਿਸ਼ਯ ਮੂਰਤੀਮਾਨ ਕਰ ਦਿੰਦੇ ਹਨ ਅਤੇ ਦਸਮ ਗੁਰੂ ਜੀ ਦੇ ਪਰਤੱਖ ਦਰਸ਼ਨ ਕਰਾ ਦਿੰਦੇ ਹਨ। ਆਓ ! ਕਲਗੀਧਰ ਸ੍ਵਾਮੀ, ਕ੍ਰਿਪਾਨ ਪਾਨੀ, ਧਨੁਸ਼ਧਾਰੀ, ਗੁਰੂ ਗੋਬਿੰਦ ਸਿੰਘ ਜੀ ਪਿਤਾ ਦੇ ਦਰਸ਼ਨ ਕਰੀਏ।

ਕਵੀ ਜੀ ਰੇਖਾ ਚਿੱਤਰ ਖਿੱਚ ਕੇ ਐਸਾ ਦ੍ਰਿਸ਼ਯ ਅੰਕਿਤ ਕਰਦੇ ਹਨ, ਕਲਗੀਧਰ ਸ੍ਵਾਮੀ ਦੇ ਬੀਰ ਰਸ ਔਜ ਪੂਰਨ ਰੂਪ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ। ਕਵੀ ਜੀ ਦ੍ਰਿਸ਼ਯ ਅੰਕਿਤ ਕਰਦੇ ਹਨ।

ਛਾਪਾਂ ਦੀ ਛਬ, ਛਲਿਆਂ ਦੀ ਸੁੰਦਰਤਾ ਵੇਖਣ ਵਾਲੇ ਨੂੰ ਅਸਚਰਜਤਾ (ਵਿਸਮਾਦ) ਵਿਚ ਪਾ ਦਿੰਦੀ ਹੈ। ਕਮਰ (ਲੱਕ) ਉਤੇ ਕਛਾਹਿਰਾ ਬੰਨਿਆ ਹੋਇਆ ਹੈ। ਹੀਰਿਆ ਸੰਯੁਕਤ ਸੋਨੇ ਦੇ ਕੜੇ ਹੱਥਾਂ ਵਿਚ ਪਹਿਨੇ ਹੋਏ ਹਨ। ਦੇਖਣ ਵਾਲਿਆਂ ਦੀਆਂ ਅੱਖਾਂ ਅੱਗੇ ਹੀਰਿਆਂ ਦੀ ਚਮਕ (ਦਮਕ) ਇਸ ਤਰ੍ਹਾਂ ਚੰਚਲ ਹੈ ਜਿਸ ਤਰ੍ਹਾਂ ਪਾਣੀ ਵਿਚ ਮੱਛੀ ਦੇ ਨੇਤ੍ਰ ਚੰਚਲ ਹੁੰਦੇ ਹਨ। ਪਹਿਨਿਆ ਹੋਇਆ ਨੀਵਾਂ ਚੋਗਾ ਮਨ ਨੂੰ ਪ੍ਰਸੰਨਤਾ ਦੇ ਰਿਹਾ ਹੈ ਅਤੇ ਕਿਤਨਾ ਸੋਹਣਾ ਫਬ ਰਿਹਾ ਹੈ। ਸੋਹਣੇ-ਸੋਹਣੇ ਵਸਤਰਾਂ ਦੀ ਬਣੀ ਹੋਈ ਪੋਸ਼ਾਕ ਪਹਿਨੀ ਹੋਈ ਹੈ। ਪ੍ਰਸੰਨਤਾ ਵਿਚ ਤਿੱਖਾ ਤੀਰ ਹੱਥ ਵਿਚ ਲੈ ਕੇ ਘੁਮਾਉਂਦੇ ਹੋਏ ਪ੍ਰਸੰਨਤਾ ਪੂਰਬਕ ਵੇਖ ਰਹੇ ਹਨ। ਵਾਸਤਵ ਵਿਚ ਪਰਿ ਪੂਰਨ ਦ੍ਰਿਸ਼ਟਾ ਪਾਰਬ੍ਰਹਮ ਨੇ ਮਨੁੱਖ ਸਰੀਰ ਧਾਰਨ ਕੀਤਾ ਹੋਇਆ ਹੈ।

ਸਵੈਯਾ =

ਛਬਿ ਛਾਪ ਛਲਾਯਨ ਚਾਰੁ ਛਕੀ, ਕਟ ਤੇ ਤਟ ਕਾਛ ਕਛੀ ਬਿਧਿਆਛੀ।
ਕਰ ਕੰਕਨ ਕੰਚਨ ਹੀਰ ਮਚੇ, ਬਿਧ ਚੰਚਲ ਲੋਚਨ ਜਿਉਂ ਜਲ ਮਾਛੀ।
ਗਰ ਪ੍ਰਾਬਿਤ ਨੀਵ ਮਨੋਗ ਬਨਯੋ, ਬਰ ਚੀਰਨ ਕੀ ਕਰਿ ਪੋਸ਼ਿਸ਼ ਕਾਛੀ।
ਖਰ ਤੀਰ ਧਰੇ ਕਰ ਫੇਰਤਿ ਹੇਰਤਿ, ਦੇਹਿ ਧਰੇ ਨਰ ਪੂਰਨ ਸਾਛੀ।੨੯।

(ਨਾ. ਪ੍ਰ. ਅਧ. ਪਹਿਲਾ)

ਕਲਗੀਧਰ ਸਵਾਮੀ ਦੇ ਅਦੁਭੁਤ (ਅਨੁਪਮ) ਸਰੂਪ ਦਾ ਵਰਨਣ ਕਰਦੇ ਹਨ।

ਗੁਰੂ ਜੀ ਦੇ ਹੱਥ ਵਿਚ ਧਨੁਸ਼ ਸੋਭਾ ਪਾ ਰਿਹਾ ਹੈ। ਘੋੜੇ ਉੱਪਰ ਸਵਾਰ ਹਨ, ਕਮਲਾ ਵਰਗੇ ਸੁੰਦਰ ਨੇਤ੍ਰ, ਦਇਆ ਦਾ ਘਰ ਹਨ, ਜਿਸ ਪਾਸੇ ਵੀ ਦ੍ਰਿਸ਼ਟੀ ਕਰਦੇ ਹਨ, ਦਿਆਲਤਾ (ਪ੍ਰੇਮ) ਦੀ ਬਖਸ਼ਸ਼ ਕਰਦੇ ਹਨ। ਜੋ ਜੋ ਦਰਸ਼ਨ ਕਰਦੇ ਹਨ ਸ਼ੋਕ ਤੋਂ ਰਹਿਤ ਹੋ ਜਾਂਦੇ ਹਨ। ਸਭ ਦੀ ਚਿੰਤਾ ਨੂੰ ਮਿਟਾਉਣ ਵਾਲੇ ਹਨ। ਦਰਸ਼ਨ ਕਰਨ ਨਾਲ ਬੁਰਿਆਈਆਂ ਮਿਟ ਜਾਂਦੀਆਂ ਹਨ। ਨਵਾਂ ਪੰਥ (ਖਾਲਸਾ) ਸਾਜਨ ਵਾਲੇ ਕਲਗੀਧਰ ਸ੍ਵਾਮੀ ਦੇ, ਮੈਂ ਅੰਗ-ਅੰਗ ਤੋਂ ਬਲਿਹਾਰ ਜਾਂਦਾ ਹਾਂ। ਜਿਨ੍ਹਾਂ ਦੇ ਪਵਿੱਤਰ ਸੀਸ ਤੇ ਦਸਤਾਰ ਸਜੀ ਹੋਈ ਹੈ। ਦਸਤਾਰ ਉੱਤੇ ਰਤਨ ਜੜ੍ਹਤ ਜਿਗ੍ਹਾ ਸਜ ਰਹੀ ਹੈ, ਜਿਸ ਉੱਤੇ ਕਲਗੀ ਸੁਭਾਏਮਾਨ ਹੈ। ਮੈਂ ਕਲਗੀਧਰ ਦੀ ਕਲਗੀ ਤੋਂ ਆਪਣਾ (ਤਨ) ਮਨ ਵਾਰ ਰਿਹਾ ਹਾਂ। ਗੁਰੂ ਕਲਗੀਧਰ ਸ੍ਵਾਮੀ ਆਪਣੇ ਸੇਵਕਾਂ ਨੂੰ ਜਮ੍ਹਾਂ ਦੀ

ਫਾਹੀ ਤੋਂ ਬਚਾਉਣ ਵਾਲੇ ਹਨ।

ਕਬਿੱਤ

ਅੰਤਕ ਕੀ ਪਾਸ਼ਨ ਬਚਾਇ ਨਿਜ ਦਾਸਨ ਕੋ,
ਹਾਥ ਮੈਂ ਸਰਾਸਰ ਆਰੂਢਤਿ ਤੁਰੰਗ ਕੇ।
ਕਮਲ ਬਿਸ਼ਾਲ ਦਲ ਲੋਚਨ ਦਯਾਲੁ ਕਲਿ,
ਲੋਕਨ ਬਿਲੋਕ ਕੈ, ਅਸ਼ੋਕ ਕਰੇ ਸੰਗ ਕੇ।
ਸੋਚਨ ਬਿਮੋਚਨ ਕੇ ਪੋਚਨ ਸੰਕੋਚੇ ਜਗ,
ਨਯੋ ਪੰਥ ਸਾਰੀ ਬਲਿਹਾਰੀ ਅੰਗ ਅੰਗ ਕੇ।
ਪਾਗ ਜਿਗਾ ਸੰਗ ਖਚੇ ਮਾਣਕ ਸੁਰੰਗ ਰੰਗ,
ਵਾਰੋਂ ਮੈਂ ਉਮੰਗ ਮਨ ਕਲਗੀ ਉਤੰਗ ਕੇ।

ਕਵੀ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ, ਨਿਰਮਲਤਾ, ਪਵਿੱਤ੍ਰਤਾ ਵਰਣਨ ਕਰਦੇ ਹੋਏ ਲਿਖਦੇ ਹਨ।

ਜਿਵੇਂ ਸਰੋਵਰ ਵਿਚ ਕੋਮਲ ਚੌੜੇ ਪੱਤਿਆਂ ਵਾਲਾ ਲਾਲ ਕਮਲ (ਫੁੱਲ) ਪ੍ਰਫੁਲਤ ਹੁੰਦਾ ਹੈ। ਇਸੀ ਤਰ੍ਹਾਂ ਗੁਰੂ ਜੀ ਦੇ ਚਰਨ ਕਮਲ ਸੁੰਦਰਤਾ ਰੂਪੀ ਸਰੋਵਰ ਵਿਚ ਸੋਭਾ ਪਾ ਰਹੇ ਹਨ। ਕਮਲਾਂ ਦੀ ਕੋਮਲਤਾ ਦੀ ਤਰ੍ਹਾਂ ਚਰਨ-ਕਮਲ ਕੋਮਲ ਹਨ। ਕਮਲਾਂ ਦੀ ਲਾਲੀ ਦੀ ਤਰ੍ਹਾਂ ਚਰਨਾਂ ਦੀ ਲਾਲੀ ਹੈ। ਜਿਵੇਂ ਪਰਾਗ ਦਾ ਰਸ ਲੈਣ ਲਈ ਸਰੋਵਰ ਉੱਤੇ ਹੰਸਾਂ ਦੀ ਪੰਕਤੀ (ਡਾਰ) ਵਿਰਾਜਮਾਨ ਰਹਿੰਦੀ ਹੈ, ਤਿਵੇਂ ਗੁਰੂ ਜੀ ਦੇ ਚਰਨ ਕਮਲਾ ਦੀ ਧੂੜੀ ਖਾਤ੍ (ਹਜ਼ੂਰੀ ਵਿਚ) ਸੰਤ ਸਮਾਜ ਦਿਨ-ਰਾਤ ਸੋਭਾ ਪਾ ਰਿਹਾ ਹੈ। ਜਿਵੇਂ ਕਮਲਾਂ ਉੱਤੇ ਭੌਰੇ ਸੁਗੰਧੀ ਵਾਸਤੇ ਗੁੰਜਾਰ ਕਰਦੇ ਹਨ, ਇਸੀ ਤਰ੍ਹਾਂ ਗੁਰੂ ਜੀ ਦੇ ਚਰਨਾਂ ਦੇ ਚੌਫੇਰੇ ਸਿੱਖ ਪ੍ਰਸੰਨਤਾ (ਅਨੰਦ) ਪ੍ਰਾਪਤ ਕਰਦੇ ਹਨ। ਇਕ ਪਲ ਵੀ ਗੁਰੂ ਜੀ ਤੋਂ ਪਾਸੇ ਨਹੀਂ ਹੁੰਦੇ। ਗੁਰੂ ਦਸਮ ਪਿਤਾ ਜੀ ਦੇ ਚਰਨ ਕਮਲ ਅਜਿਹੇ ਹਨ ਜਿਨ੍ਹਾਂ ਨੂੰ ਨਾ ਤਾਂ ਕਰਮ (ਰੂਪੀ) ਜਲ ਛੋਹ ਸਕਦਾ ਹੈ, ਨਾ ਹੀ ਭ੍ਰਮ (ਰੂਪੀ) ਚਿੱਕੜ ਸਪਰਸ ਕਰ ਸਕਦਾ ਹੈ :

ਕਬਿੱਤ

ਕਾਂਤਿ ਕਾਲਿ ਤਾਲ ਮੈਂ ਪ੍ਰਫੁਤਲ ਬਿਸਾਲ ਦਲ,
ਮ੍ਰਿਦੁਲ ਮ੍ਰਿਦੁਲ ਤੁਲ ਲਾਲ ਲਾਲ ਮਾਨੀਯੇ।
ਰਾਜਤਿ ਮਰਾਲ ਰਾਜ ਸੰਤਨ ਸਮਾਜ ਪਾਸ,
ਪਾਸੁ ਹੈ ਪਰਾਗ ਦਿਨ ਰੈਣ ਮੈਂ ਸੁਹਾਨੀਯੇ,
ਸ਼ਿਲੀਮੁਖ ਸਿਖ ਮਨ ਸੌਰਭ ਅਨੰਦ ਹੇਤ,
ਛੋਰਤਿ ਨ ਆਸ ਪਾਸ ਸਦਾ ਸੋ ਭ੍ਰਮਾਨੀਯੇ,
ਉਦਕ ਕਰਮ ਛੁਇ ਸਕੈ ਨ ਭਰਮ ਮਲ,
ਐਸੇ ਸ੍ਰੀ ਗੋਬਿੰਦ ਸਿੰਘ ਪਦ ਕੰਜ ਜਾਨੀਯੈ।

ਮਹਾਨ ਗੁਣਾਂ ਵਾਲ ਪਰਉਪਕਾਰੀ ਕਲਗੀਧਰ ਪਿਤਾ ਦੀ ਉਲੇਖਨੀਯ ਸੋਭਾ ਨੂੰ ਕਵੀ ਜੀ ਵਰਣਨ ਕਰਦੇ ਹਨ।

ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ, ਜੋ ਪ੍ਰਸੰਨਤਾ / ਆਨੰਦ ਰੂਪੀ ਫਲ ਦੇਣ ਵਾਲੇ ਹਨ। ਪਾਪਾਂ ਦਾ ਨਾਸ਼ ਕਰਨ ਵਾਲੇ ਹਨ। ਬੁਰਿਆਈਆਂ ਨੂੰ ਖ਼ਤਮ ਕਰਨ ਵਾਲੇ ਹਨ। ਜਿਨ੍ਹਾਂ ਨੇ ਸੰਸਾਰ ਨੂੰ ਮੁਕਤਿ ਦਾ ਪੰਥ ਦਿੱਤਾ। ਪੰਥ ਅਨਾਥਾਂ, ਗਰੀਬਾਂ ਨੂੰ ਗੁਲਾਮੀ ਵਿੱਚੋਂ ਕੱਢ ਕੇ ਸੁਤੰਤਰਤਾ ਲਈ ਜੂਝ ਰਿਹਾ ਹੈ। ਜਿਨ੍ਹਾਂ ਨੇ ਮਛਰ ਤੋਂ ਗਰੜ, ਕਾਵਾਂ ਤੋਂ ਹੰਸ, ਰੰਕਾਂ ਤੋਂ (ਚਕ੍ਰਵ੍ਰਤੀ) ਸਮਰਾਟ ਬਣਾ ਦਿੱਤੇ। ਗੁਰੂ ਜੀ ਦਾ ਪਵਿੱਤਰ ਮੁੱਖ ਕਮਲ (ਫੁੱਲ) ਦੀ ਤਰ੍ਹਾਂ ਸੋਭਾ ਪਾ ਰਿਹਾ ਹੈ। ਜੇਕਰ ਕਿਤੇ ਚੰਦ੍ਰਮਾ ਨੂੰ ਕਲੰਕ ਨਾ ਲੱਗਿਆ ਹੁੰਦਾ ਤਾਂ ਚੰਦ ਦੇ ਬਰਾਬਰ ਦਾ ਉਪਮਾਨ ਦਿੱਤਾ ਜਾ ਸਕਦਾ ਸੀ। ਪਰ ਹੁਣ ਚੰਦ੍ਰਮਾ ਸਮਾਨ ਮੁਖ ਕਹਿਣਾ ਗੁਰੂ ਜੀ ਦੀ ਉਪਮਾ ਦੇ ਯੋਗ ਨਹੀਂ, ਗੁਰੂ ਜੀ ਦਾ ਪਾਵਨ ਮੁਖ ਪਰਮ ਸੁਖਦਾਇਕ ਆਤਮਿਕ ਸੁੱਖ ਦੇਣ ਵਾਲਾ ਹੈ। ਅਜਿਹੇ ਆਨੰਦ ਦੇ ਘਰ ਸੁੱਖ ਦਾਤੇ ਕਲਗੀਧਰ ਪਿਤਾ ਜੀ ਨੂੰ

ਵਾਰ-ਵਾਰ ਨਮਸਕਾਰ ਹੈ।

ਕਬਿੱਤ :-

ਦੋਊ ਕਰ ਬੰਦ ਕਰਿ ਬੰਦਤਿ ਗੋਬਿੰਦ ਸਿੰਘ,
ਦੇਤ ਹੈਂ ਅਨੰਦ ਸੁਖਕੰਦ ਅਘਮੰਦ ਹੀ।
ਸਯਾਲ ਤੇ ਮ੍ਰਿਗਿੰਦ ਪਟਬੀਜਨ ਦਿਨਿੰਦ ਕਰੇ,
ਕੀਟ ਤੇ ਗਜਿੰਦ ਪੰਥ ਦਯੋ ਗਤਿ ਵੰਦ ਹੀ।
ਮਸ਼ਕਾ ਖਗਿੰਦ ਜਿਨ ਕਾਕ ਤੇ ਮਗਲ ਬ੍ਰਿੰਦ,
ਰੰਕ ਤੇ ਨਰਿੰਦ ਕਰੇ, ਬੰਦਤਿ ਮੁਕੰਦ ਹੀ।
ਸੁੰਦਰ ਮੁਖਾਰਬਿੰਦ ਸੋਹਤ ਸੰਤੋਖ ਸਿੰਘ,
ਹੀਨ ਜੋ ਕਲੰਕ ਤੇ ਸਮਾਨ ਹੋਤ ਚੰਦ ਹੀ।੨੬।

ਕਵੀ ਜੀ ਨਿਮ੍ਰਤਾ ਪੂਰਵਕ ਕਲਗੀਧਰ ਸਵਾਮੀ ਦੇ ਚਰਨਾਂ ਵਿਚ ਪ੍ਰਾਰਥਨਾ ਕਰਦੇ ਹਨ।

ਹੇ ਕਲਗੀਧਰ ਪਿਤਾ! ਆਪ ਜੀ ਜੇਹਾ ਮਹਾਨ ਦਾਤਾ ਕੋਈ ਨਹੀਂ ਹੈ, ਮੇਰੇ ਵਰਗਾ ਮੰਗਤਾ ਕੋਈ ਨਹੀਂ। ਤੇਰੇ ਵਰਗਾ ਕੋਈ ਦਿਆਲੂ ਨਹੀਂ ਹੈ, ਮੇਰੇ ਵਰਗਾ ਕੋਈ ਦੁਖੀ ਨਹੀਂ ਹੈ। ਮੇਰੇ ਵਰਗਾ ਕੋਈ ਕ੍ਰਿਤਘਨ ਨਹੀਂ ਹੈ, ਤੇਰੇ ਵਰਗਾ ਕੋਈ ਉਪਕਾਰੀ ਨਹੀਂ ਹੈ, ਮੇਰੇ ਵਰਗਾ ਕੋਈ ਅਨਾਥ ਨਹੀਂ ਹੈ, ਤੇਰੇ ਵਰਗਾ ਨਾਥ, ਸੁਆਮੀ / ਮਾਲਿਕ ਨਹੀਂ ਹੈ, ਤੇਰੇ ਵਰਗਾ ਕੋਈ ਗੁਣਵਾਨ ਨਹੀਂ ਹੈ, ਮੇਰੇ ਵਰਗਾ ਕੋਈ ਗੁਣ ਹੀਨ ਨਹੀਂ ਹੈ, ਮੇਰੇ ਵਿਚ ਕੋਈ ਜਪੁ, ਤਪੁ, ਵ੍ਰਤ, ਸ੍ਰੇਸ਼ਟ ਕਰਮ (ਧਰਮ) ਸ਼ੁਭ ਗੁਣ ਨਹੀਂ ਹੈ। ਮੈਂ ਤਾਂ ਕੇਵਲ ਆਪ ਜੀ ਦੀ ਸ਼ਰਣ ਵਿਚ ਆਇਆ ਹਾ। ਦੌੜ/ਭੱਜ ਕੇ ਆਪ ਜੀ ਦੇ ਚਰਨ ਫੜੇ ਹਨ। ਸਰਬ ਸੰਸਾਰ ਨੂੰ ਤਾਰਨ ਵਾਲੇ ਕਲਗੀਧਰ ਪਿਤਾ ਆਪਣਾ ਦਾਸ ਜਾਣ ਕੇ ਮੈਨੂੰ ਵੀ ਭਵ ਸਾਗਰ ਤੋਂ ਪਾਰ ਕਰੋ।

ਕਬਿੱਤ =

ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਭਿਖਾਰੀ ਦੀਨ,
ਤੋ ਸੋ ਨ ਦਯਾਲੁ ਦੁਖੀ ਮੋ ਸੋ ਨ ਅਲਾਈਏ।
ਮੋ ਸੋ ਨਹੀਂ ਕ੍ਰਿਤਘਨ, ਤੋ ਸੋ ਉਪਕਾਰੀ ਨਾਂਹਿ,
ਮੋ ਸੋ ਨ ਅਨਾਥ, ਨਾਥ ਤੋ ਸੋ ਨ ਬਤਾਈਏ।
ਔਗੁਨੀ ਨ ਮੋਸੋ ਕੋਊ, ਮੁਨਵਾਨ ਤੋ ਸੋ ਨਹੀਂ,
ਜਪ ਤਪ ਬ੍ਰਤ ਮੋ ਮੈਂ, ਏਕ ਨਾਹਿ ਪਾਈਏ।
ਕਵਿ ਆਯੋ ਹੈ ਸ਼ਰਨ, ਗਹੇ ਧਾਇ ਕੈ ਚਰਨ,
ਗੁਰੂ ਤਾਰਨ ਤਰਨ ਨਿਜ ਹਾਥ ਦੈ ਬਚਾਈਏ।੨੭।

ਜਿਨ੍ਹਾਂ ਦੇ ਪਵਿੱਤ੍ਰ ਸੀਸ ਉੱਤੇ ਜਿਗ੍ਹਾਂ ਕਲਗੀ ਸੁਭਾਇਮਾਨ ਹੈ, ਹਾਸ ਬਿਲਾਸ ਕਰਦੇ ਹੋਏ ਯਮਾ ਦੇ ਤ੍ਰਾਸ ਤੋਂ, ਸਮੂੰਹ ਦੁੱਖਾਂ ਕਲੇਸਾਂ ਤੋਂ ਮੁਕਤਿ ਕਰਨ ਵਾਲੇ ਹਨ, ਬਿਲਾਸ ਸਾਹਿਤ ਸ੍ਰੀ ਮੁਖ ਵਾਕ ਤੋਂ ਉਚਾਰਨ ਕਰਕੇ, ਦਰਸ਼ਨ ਬਖਸ਼ ਕੇ, ਬਿਨਾਂ ਸਾਧਨ / ਯਤਨ ਮੁਕਤਿ ਦਾਨ ਦੇ ਕੇ ਨਿਹਾਲ ਕਰ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਚਰਨਾਂ ਵਿਚ (ਵਾਰ-ਵਾਰ) ਨਮਸਕਾਰ ਹੈ, ਜੋ ਆਪਣੇ ਸੇਵਕਾਂ ਦੇ ਦੁੱਖ (ਤਿੰਨ ਤਾਪ) ਮਿਟਾ ਕੇ ਭੋਗ-ਮੋਖ ਰਾਜ ਜੋਗ ਭਗਤੀ ਸ਼ਕਤੀ ਬਖਸ਼ ਕੇ ਨਿਹਾਲ ਕਰ ਦਿੰਦੇ ਹਨ।

ਸਵੈਯਾ =

"ਕਲਗੀ ਛਬਿ ਚਾਰੁ ਛਕੀ ਸਿਰਪੈ ਧਰੀਆ ਕਰ ਤੀਰ ਸਰਾਸਨ ਕੇ।
ਪ੍ਰਿਦ ਹਾਸ ਕਟਾਖ, ਅਵਾਸ ਕ੍ਰਿਪਾ, ਦੁਖ ਰਾਸ ਹਰੈਂ ਜਮ ਵਾਸਨ ਕੇ।
ਮੁਖ ਵਾਕ ਪ੍ਰਕਾਸ਼ ਕਰੈਂ ਸਬਿਲਾਸ ਬਿਖੇਦ ਹੀ ਮੋਖ ਪ੍ਰਯਾਸਨ ਕੇ,
ਗੁਰੂ ਗੋਬਿੰਦ ਸਿੰਘ ਨਮੋ ਪਦ ਪੰਕਜ ਤ੍ਰਾਸ ਬਿਨਾਸ਼ਨ ਦਾਸਨ ਕੇ।੪।"

(ਗੁ.ਪ੍ਰ.ਸੂ. ਦੀ ਪ੍ਰਸਤਾਵਨਾ ਪੰਨਾ ੨੫੦)

ਦਸਮ ਗੁਰੂ ਜੀ ਤੇ ਅਨਨਯ ਸ਼ਰਧਾ ਪ੍ਰਗਟ ਕਰਦੇ ਹੋਏ ਕਵੀ ਜੀ ਕਹਿੰਦੇ ਹਨ।

ਮੇਰੇ ਮੁਕਤਿ ਦਾਤੇ ਗੁਰੂ ਗੋਬਿੰਦ ਸਿੰਘ ਜੀ ਹਨ, ਮੈਨੂੰ ਹੋਰ ਕਿਸੇ ਦੀ ਰਤੀ / ਰਾਈ ਭਰ ਆਸ਼ਾ ਨਹੀਂ,

ਮੇਰਾ ਚਿੱਤ / ਮਨ ਚਾਤ੍ਰਿਕ ਦੀ ਤਰਾ ਵਾਰ-ਵਾਰ ਰਟ ਰਿਹਾ ਹੈ ਕਿ ਸ੍ਵਾਂਤਿ ਬੂੰਦ ਦਾ ਦਰਸ਼ਨ ਕਦੋਂ ਮਿਲੇਗਾ। ਮੇਰਾ ਦਿਲ / ਮਨ ਪ੍ਰੇਮ ਦੀ ਡੋਰ ਨਾਲ ਬੰਨ੍ਹਿਆ ਹੋਇਆ ਡੋਲ ਰਿਹਾ ਹੈ। ਮੇਰੇ ਮਨ ਨੂੰ ਆਪਣੇ ਨਾਲ ਮਿਲਾ ਲਉ ਸੰਸਾਰ ਸਮੁੰਦਰ ਦੇ ਬੜਵਾ ਨਲ ਤੋਂ ਕ੍ਰਿਪਾ ਕਰਕੇ ਮੈਨੂੰ ਬਚਾ ਲਉ। ਮੈਨੂੰ ਕੇਵਲ ਆਪ ਜੀ ਦੇ ਚਰਨ ਕਮਲਾਂ ਦਾ ਹੀ ਆਸਰਾ ਹੈ।

ਸਵੈਯਾ =

ਗੋਬਿੰਦ ਸਿੰਘ ਗੁਰੂ ਮਤਿ ਦਾਯਕ, ਆਨ ਕੀ ਆਸ ਨਹੀਂ ਮਨ ਗਈ।
ਚਾਤ੍ਰਿਕ ਚੀਤ ਮਹੁਰਮਹੁ ਰਟ, ਸ੍ਵਾਂਤਿ ਦਿਦਾਰ ਕਬਹਿ ਇਹ ਪਾਈ।
ਜੀਉ ਪਤੰਗ ਸਨੇਹ ਕੀ ਡੋਰ, ਬੰਧਾ ਡਗ ਡੋਲ ਸੁ ਲੇਹੁ ਮਿਲਾਈ।
ਸਿੰਧ ਹੁਤਾਸਨ ਹੈ ਭਵ ਕੀ ਗਤਿ, ਮੋਹਿ ਮਯਾ ਕਹਿ ਲੇਹੁ ਬਚਾਈ।੨੫।

ਅਗੇ ਕਵੀ ਜੀ ਕਲਗੀਧਰ ਪਾਤਸ਼ਾਹ ਦੇ ਤਪ-ਤੇਜ, ਸੂਰਬੀਰਤਾ ਦਾ ਵਰਣਨ ਕਰਦੇ ਹਨ।

ਸਭ ਤਰ੍ਹਾਂ ਦੁੱਖਾਂ ਕਲੇਸਾਂ (ਤਾਪਾਂ) ਨੂੰ ਨਾਸ ਕਰਨ ਵਾਲੇ, ਅਨੰਦ ਦੇ ਘਰ, ਮੁਕਤਿ ਦੇ ਦਾਤੇ, ਜਿਨ੍ਹਾਂ ਨੇ ਹਿੰਦੂਆਂ ਦਾ ਸਿਰ ਉੱਚਾ ਕਰਕੇ ਆਤਮਬਲ, ਸ੍ਵੈ-ਵਿਸ਼ਵਾਸ ਬਖਸ਼ਿਆ, ਜੋ ਮੁਸਲਮਾਨਾਂ ਦਾ ਚੰਦ੍ਰਮਾ ਦੀ ਤਰ੍ਹਾਂ ਤਪ-ਤੇਜ ਸੀ, (ਭਾਵ ਗੁਰੂ ਜੀ ਦੀ ਸ਼ਕਤੀ ਨਾਲੋਂ ਘਟ ਪ੍ਰਭਾਵ ਸੀ)। ਗੁਰੂ ਗਬਿੰਦ ਸਿੰਘ ਜੀ ਜ਼ੁਲਮੀ ਇਸਲਾਮੀ ਰਾਜ ਨੂੰ ਸੂਰਜ ਬਣ ਕੇ ਟਕਰੇ। ਇਸ ਗੱਲ ਨੂੰ ਸੰਸਾਰ ਚੰਗੀ ਤਰ੍ਹਾਂ ਜਾਣਦਾ ਹੈ ਕਿ ਸੱਪਾਂ ਵਰਗੇ ਪਹਾੜੀ ਰਾਜਿਆਂ ਵਾਸਤੇ ਗਰੜ ਬਣ ਗਏ। ਉਹ ਸੂਰਬੀਰ ਜੋਧੇ ਇੰਦ੍ਰ ਤੋਂ ਵੀ ਬਲਵਾਨ, ਇੰਦ੍ਰ ਦੇ ਵੀ ਇੰਦ੍ਰ ਸ਼ਕਤੀ ਵਾਲੇ ਹਨ। ਇਸ ਤਰ੍ਹਾਂ ਤਪ-ਤੇਜ ਪ੍ਰਤਾਪ ਵਾਲੇ, ਸੂਰਜ ਦੇ ਸਮਾਨ ਪ੍ਰਕਾਸ਼ ਵਾਲੇ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤ੍ਰੇ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ, ਜਿਨ੍ਹਾਂ ਨੂੰ ਮੈਂ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ।

ਸਵੈਯਾ =

"ਹਰਿ ਗੋਬਿੰਦ ਨੰਦਨ ਨੰਦਨ ਕੋ ਅਭਿਬੰਦਨ ਕੈ ਪਦ ਜੇ ਅਰਬਿੰਦੂ।
ਦੁਖ ਦੁਦ ਨਿਕੰਦਨ ਆਨੰਦ ਕੰਦ, ਮੁਕੰਦ ਬੁਲੰਦ ਕਰੇ ਜਿਨ ਹਿੰਦੂ।
ਤਰਕਿੰਦ ਉਡਿੰਦ ਦਿਨਿੰਦ ਤਿਨੈਂ, ਗੁਰ ਗੋਬਿੰਦ ਸਿੰਘ ਸਭੈ ਜਗ ਬਿੰਦੂ।
ਸਰਪਿੰਦ ਗਿਰਿੰਦ ਖਗਿੰਦ ਤੁਲੇ, ਬਲਵੰਡ ਅਖੰਡ ਸੁਰਿੰਦਹਿ ਇੰਦੂ।੨੩।"

ਅਨੰਦਪੁਰ ਵਿਚ ਕਲਗੀਧਰ ਪਾਤਿਸ਼ਾਹ 'ਬੀਰ ਆਸਨ' ਹੋ ਕੇ ਕਿਵੇਂ ਵੈਰੀ ਤੇ ਬਾਣਾਂ ਦੀ ਵਰਖਾ ਕਰਦੇ ਹਨ।

ਬੀਰ ਆਸਨ ਹੋ ਕੇ (ਬੈਠ ਕੇ) ਧਨੁਸ਼ ਬਾਣਾ ਦੁਆਰਾ ਕ੍ਰੋਧ ਨਾਲ ਸ਼ਤ੍ਰੂ ਨੂੰ ਵੇਖ ਕੇ, ਧਨੁਸ਼ ਨੂੰ ਕੰਨਾਂ ਤਕ ਖਿੱਚ ਕੇ, ਬਾਣਾਂ ਨੂੰ ਚਲਾ ਰਹੇ ਹਨ। ਜਿਵੇਂ ਸ੍ਵਯੰ ਬੀਰ ਰਸ ਦਾ ਰੂਪ ਹੋਣ। ਸ਼ਤ੍ਰੂ ਨੂੰ ਪ੍ਰਾਣ ਬਚਾਉਣ ਲਈ ਥਾਂ ਨਹੀਂ ਮਿਲ ਰਹੀ, ਧੀਰਜ ਤਿਆਗ ਕੇ ਅਧੀਰਜ ਹੋਇਆ ਵੈਰੀ ਇੱਧਰ-ਉੱਧਰ ਭੱਜ ਰਿਹਾ ਹੈ, ਅਨੰਦ ਦੇ ਘਰ ਅਨੰਦ ਪੁਰ ਵਿਚ ਬਾਣਾਂ ਨਾਲ ਵੈਰੀ ਦਾ ਪ੍ਰਹਾਰ (ਖਾਤਮਾ) ਕਰ ਰਹੇ ਹਨ।

ਕਬਿੱਤ =

ਬੈਠਿਕੈ ਬੀਰਾਸਨ, ਸਰਾਸਨ ਕੋ ਪਾਨ ਗਹੇ।
ਬਾਨ ਕੋ ਨਿਕਾਬਨ, ਨਿਖੰਗ ਤੇ ਸੁਧਾਰ ਹੀਂ।
ਬੈਰਨ ਕੋ ਦੇਖਰਸ, ਬੀਰ ਬਨੇ ਬੇਖ ਧਾਰੇ,
ਕ੍ਰੋਧ ਕੋ ਵਿਸੇਖ, ਸੁ ਪ੍ਰਤੰਚਾ ਮੈਂ ਸੰਚਾਰ ਹੀਂ
ਤਾਨ ਤਾਨ ਕਾਨ ਲਮ, ਮੋਚਤਿ ਹੈਂ ਤਾਕ ਤਾਕ,
ਭਾਜ ਭਾਜ ਜਾਂਇ ਰਿਪੁ ਧੀਰਜ ਨ ਧਾਰਿ ਹੀਂ।
ਅਨੰਦ ਕੇ ਕੰਦ ਸ੍ਰੀ ਗੋਬਿੰਦ ਸਿੰਘ ਦੰਦੁ ਹਰਿ,
ਸੋਭਤਿ ਆਨੰਦਪੁਰ ਤੀਰਨ ਪ੍ਰਹਾਰ ਹੀਂ।੬

(ਪ੍ਰਸਤਾਵਨਾ ਭਾਈ ਵੀਰ ਸਿੰਘ ਜੀ)

ਕਵੀ ਜੀ ਨੇ ਆਪਣੀ ਪ੍ਰਤਿਭਾ ਬੁੱਧੀ ਦਵਾਰਾ ਗੁਰੂ ਕਲਗੀਧਰ ਪਿਤਾ ਦੇ ਸੂਰਬੀਰਤਾ ਦੇ ਅਨੇਕ ਦ੍ਰਿਸ਼ਯ/ਰੂਪ ਵਰਣਨ ਕੀਤੇ ਹਨ 'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।' ਨੂੰ ਭਾਵ ਚਿਤ੍ਰਾਂ ਦਵਾਰਾ

ਮੂਰਤੀਮਾਨ ਕੀਤਾ ਹੈ। ਜਿਸ ਨਾਲ ਦ੍ਰਿਸ਼ਯ ਅੱਖਾਂ ਅੱਗੇ ਆ ਜਾਂਦਾ ਹੈ। ਹੁਣ ਅਸੀਂ ਕਵੀ ਜੀ ਦਾ ਚੌਪਈ ਵਿਚ ਵਿਸਤਾਰ ਪੂਰਵਕ ਅੰਕਿਤ ਕੀਤਾ ਰੇਖਾ ਚਿੱਤ੍ਰ ਪਾਠਕਾਂ ਦੇ ਸਮੁੱਖ ਰੱਖਦੇ ਹਾਂ। ਕਵੀ ਜੀ ਨੇ ਰੇਖਾ ਚਿੱਤ੍ਰ ਅਜੇਹਾ ਖਿਚਿਆ ਹੈ, ਜਿਸ ਨਾਲ ਕਲਗੀਧਰ ਸ੍ਵਾਮੀ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ।

ਸੋਹਤਿ ਸੁਠ ਸੋਢੀ ਕੁਲ ਟੀਕਾ। ਦਰਸਨ ਕਰਹਿਂ ਭਾਵ ਧਰਿ ਜੀਕਾ।
ਜੁਗਲ ਚਰਨ ਅੰਬੁਜ ਅਰੁਨਾਰੇ। ਨਖ ਪਿਖ ਸਸਿ ਟੁਕਰਾ ਦੁਤਿ ਹਾਰੇ। ੨੦ ।
ਮ੍ਰਿਦੁਲ ਅਧਿਕ ਰੇਖਾ ਜੁਤ ਤਰਣਾ। ਸੋ ਦੁਤਿ ਜਾਨਹਿ ਜਿਨਹਿ ਨਿਹਰਿਵਾ।
ਜੁਗਲ ਜੰਘ ਕਦਲੀ ਇਕ ਸਾਰੀ। ਕਟ ਮਹਿਂ ਕਾਛ ਕਛੀ ਛਬਿ ਨਯਾਰੀ। ੨੧।
ਕੁੰਭੀ ਡਿੰਭੁ ਸੁੰਡ ਭੁਜ ਦੰਡੇ। ਕੰਚਨ ਅੰਗਦ ਮੰਡਨ ਮੰਡੇ।
ਕਟ ਮਹਿਂ ਜਟਤਿ ਤੁਨੀਰ ਸੁਹਾਯੋ। ਚੰਦ੍ਰਹਾਸੁ ਇਕ ਦਿਸਿ ਛਬਿ ਪਾਯੋ। ੨੨।
ਧਨੁਸ ਕਠੋਰ ਸ਼ਿਕੰਧੇ ਧਾਰਾ। ਕੋਸਨ ਲਗ ਜਿਸ ਕੀ ਹੈ ਮਾਰਾ।
ਪੰਕਜ ਪਾਨ ਬਾਨ ਇਕ ਲੀਨੇ। ਕਬਿ ਕਬਿ ਫੇਰ ਪਿਖਹਿਂ ਦ੍ਰਿਗ ਦੀਨੇ। ੨੩।
ਅੰਸ ਉਤੰਗ ਸਿੰਘ ਕੀ ਨਯਾਈ। ਜਾਮਾ ਗਰੇ ਬਿਮੋਲ ਸੁਹਾਈ।
ਉਰ ਬਿਸਤਾਰ ਮੋਤੀਅਨਿ ਮਾਲਾ। ਝੁਲਤਿ ਝਮਕ ਦੁਤਿ ਹੋਤਿ ਉਜਾਲਾ। ੨੪।
ਸਮਸ ਬਦਨ ਪਰ ਸੁੰਦਰ ਸੋਹੀ। ਮਧੁਪਾਵਲਿ ਪੰਕਜ ਪਰ ਹੋਹੀ।
ਕੁੰਡਲ ਚੰਚਲ ਕਾਨਨਿ ਮਾਹੀਂ। ਮੁਖ ਮੰਡਲ ਪਰ ਸ਼ੋਭਤਿ ਛਾਹੀ। ੨੫।
ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਚਿਤਵਨ ਤਿਰਛੇ ਛਕਤਿ ਛਬੀਲੇ।
ਬਿਨ ਮੁਨ ਧਨੁਖ ਕੁਟਿਲ ਅਸ ਭੋਹੈਂ। ਭਾਲ ਭਾਗ ਭਰਿ ਹੁਇ ਸਭ ਸੋਹੈਂ। ੨੬।
ਚਿਕਨੇ ਕੇਸ ਪਾਸ ਸਰਸਾਏ। ਜਨੁ ਪੰਨਗ ਛੋਨਾ ਸਮੁਦਾਏ।
ਸੀਸ ਬੰਧੀ ਉਸਨੀਕ ਸੁਹਾਈ। ਊਪਰ ਜਿਗਾ ਅਧਿਕ ਛਬਿ ਛਾਈ। ੨੭।
ਕਲਗੀ ਝੂਲਤਿ ਉਤੰਗ ਸੁਰੰਗਾ। ਜਟਤਿ ਜਵਾਹਰਿ ਜੇ ਬਹੁ ਰੰਗਾ।
ਪੁਸਟ ਦੰਡ ਜਟਤੀ ਬਹੁ ਜਾਂਹੀ। ਢੁਰਤਿ ਚੌਰ ਚਾਰਹੁ ਦਿਸ ਮਾਂਹੀ। ੨੮।
ਜਗਮਗ ਭੂਖਨ ਕਰਤਿ ਸਰੀਰਾ। ਬੈਠੇ ਬਿਕਸਤਿ ਮੁਖ ਬਰ ਬੀਰਾ।
ਹਿੰਦੁ ਧਰਮ ਰੱਛਕ ਮੁਨ ਸਾਗਰ। ਤੁਰਕ ਤਰਨ ਤੋਰਨ ਗਜ ਨਾਗਰ। ੨੯।
ਜੇ ਅਸ ਧਯਾਨ ਰਿਦੇ ਮਹੁੰ ਧਰਿਹੀਂ। ਬਿਨ ਪ੍ਰਯਾਸ ਜਗ ਸਾਗਰ ਤਰਿਹੀਂ।

(ਗੁ.ਪ੍ਰ.ਸੂ.ਰੁ.੩, ਅੰ. ੧੭)

ਕਵੀ ਜੀ ਇਤਿਹਾਸਕ ਸੱਚ ਵਰਨਣ ਕਰਦੇ ਹੋਏ ਲਿਖਦੇ ਹਨ ਕਿ ਜੇਕਰ ਕਲਗੀਧਰ ਸ੍ਵਾਮੀ ਦਾ ਅਵਤਾਰ ਨਾ ਹੁੰਦਾ ਤਾਂ ਭਵਿਸ਼ਯ ਕਿਸ ਤਰ੍ਹਾਂ ਦਾ ਹੁੰਦਾ। ਸਮਾਜ, ਧਰਮ, ਵਿਦਿਆ, ਸਭਿਆਚਾਰ, ਦੇਵੀ, ਦੇਵਤੇ, ਮੰਦਿਰ, ਪੂਜਾ-ਪਾਠ, ਵੇਦ, ਪੁਰਾਨ, ਸ਼ਾਸਤ੍ਰ, ਮਿਟ ਜਾਂਦੇ। ਭਾਰਤੀਯ ਸੰਸਕ੍ਰਿਤੀ ਮਰਯਾਦਾ ਰੀਤੀ ਰਿਵਾਜ਼ ਖਤਮ ਹੋ ਜਾਂਦੇ। ਪੁਰਾਤਨ ਸਭਿਆਚਾਰ, ਹਿੰਦੂ ਧਰਮ, ਗੁਰੂ ਕਲਗੀਧਰ ਪਿਤਾ ਦੀ ਕ੍ਰਿਪਾ ਕਰਕੇ ਕਾਇਮ ਰਿਹਾ ਹੈ। ਵਰਨਾ ਇਸਲਾਮੀ ਤਲਵਾਰ ਅਗੇ ਹਿੰਦੂ ਧਰਮ ਖਿੜਕ ਗਿਆ ਸੀ। ਇਤਿਹਾਸ ਪੂਰਬ ਤੋਂ ਪੱਛਮ ਵਲ ਮੁੜ ਚੱਲਿਆ ਸੀ। ਗੁਰੂ ਕਲਗੀਧਰ ਸ੍ਵਾਮੀ ਨੇ ਪੂਰਬੀ ਸਭਿਯਾਚਾਰ ਸੰਸਕ੍ਰਿਤੀ ਨੂੰ ਡੋਲਨ ਤੋਂ ਰੋਕ ਕੇ ਇਤਿਹਾਸ ਨੂੰ ਪੁੱਠਾ ਮੋੜ ਦਿੱਤਾ।

ਛਾਈ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ, ਕਿਤਾਬਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ,
ਬਰਨ ਗ਼ਰਕ ਜਾਤੇ, ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤਿ ਮਿਟ ਜਾਤੀ, ਸਭ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ
ਮੂਰਤ ਨ ਹੋਤੀ ਜਉ ਪੈ, ਕਰੁਣਾ ਨਿਧਾਨ ਕੀ। *(ਗੁ.ਪ੍ਰ.ਸੂ; ਰੁ. ੫. ਅੰ. ੫੨)*

ਕਵੀ ਜੀ ਦੇ ਕਥਨ ਅਨੁਸਾਰ ਕਲਗੀਧਰ ਪਿਤਾ ਨਾਲ ਪ੍ਰੇਮ ਕਰਨਾ ਸਭ ਤੋਂ ਉੱਤਮ ਹੈ। ਗੁਰੂ ਜੀ ਦੇ ਪ੍ਰੇਮ ਤੋਂ ਬਿਨ੍ਹਾਂ ਸੰਸਾਰ ਦੇ ਸਰਬ ਪਦਾਰਥ ਬੇ-ਅਰਥ ਹਨ।

ਸਵੈਯਾ =

ਕੋਟਨਿ ਕੋਟ ਸੋਂ ਕੋਸ ਪਰੇ, ਸਭ ਰੰਗ ਕੁਰੰਗ ਸੇ ਸੰਗ ਤੁਰੰਗੇ।
ਕੰਚਨ ਪੈਰ ਜੰਜ਼ੀਰ ਬੰਧੇ, ਦਰ ਝੂਲੇਂ ਅੰਬਾਰੀ ਉਤੰਗ ਮਤੁੰਗੇ।
ਅੰਗਨਾ ਅੰਗ ਅਨੰਗ ਬੇ ਸੁੰਦਰ, ਦੇਖਤਿ ਜਾਂਹਿ ਅਨੰਦ ਉਮੰਗੇ।
ਏਤੇ ਭਏ ਗਏ ਬਾਦ ਜੋ ਪੈ, ਗੁਰੂ ਗੋਬਿੰਦ ਸਿੰਘ ਕੇ ਰੰਗ ਨ ਰੰਗੇ।

(ਪ੍ਰਸਤਾਵਨਾ ਭਾਈ ਵੀਰ ਸਿੰਘ ਜੀ)

ਪ੍ਰਤੀਤ ਹੁੰਦਾ ਹੈ ਕਵੀ ਜੀ ਨੇ ਪੰਡਿਤ ਗੁਲਾਬ ਸਿੰਘ ਜੀ ਦੇ ਗ੍ਰੰਥਾਂ ਦਾ ਵੀ ਵਿਚਾਰ ਪੂਰਬਕ ਅਧਿਐਨ ਕੀਤਾ ਹੋਵੇਗਾ। ਉਪਰੋਕਤ ਸਵੈਯੇ ਨਾਲ 'ਭਾਵਰਸਾਮ੍ਰਿਤ' ਦੇ ਇਨ੍ਹਾਂ ਸਵੈਯਆਂ ਦਾ ਮਿਲਾਨ ਕਰੋ।

ਜਾਨੁ ਭੁਜਾ ਕਟਿ ਕੇਹਰ ਕੇ ਸਮ, ਕੰਜ ਪ੍ਰਭਾਦ੍ਰਿਗ ਹੈ ਮਦ ਮਾਤੇ।
ਕੋਟ ਸੁਰਾਂਗਨ ਨਾਚਤ ਹੈਂ, ਅਰ ਗੰਧ੍ਰਬ ਆਇ ਸਭੇ ਪੁਰ ਮਾਤੇ।
ਭੌਨ ਭੰਡਾਰ ਅਪਾਰ ਭਰੇ ਧਨ, ਯਾ ਬਿਧ ਆਪ ਰਚੀਸ ਬਿਧਾਤੇ
ਜੌਂ ਬਿਧ ਯਾਹਿ ਭਈ ਤੁ ਕਹਾਂ, ਜਬ ਜਾਨਕੀ ਨਾਥ ਕੇ ਰੰਗ ਨ ਰਾਤੇ। ੧੩।

....

ਹੇਮ ਗਲੇ ਅਰੁ ਸੀਸ ਉਤੰਗ, ਉਠਾਹਿ ਸੁ ਪਾਦ ਮਹਾਂ ਹਿਨਨਾਤੇ।
ਕੋਟ ਤੁਰੰਗ ਕਰੰਗ ਸੇ ਕੂਦਤ, ਦੌਰ ਪ੍ਰਭੰਜਨ ਕੋ ਜਿਣ ਜਾਤੇ।
ਦਿੱਗਜ ਮੇਂ ਗਜ ਭੌਨ ਦੁਆਰ, ਸੋ ਝੂਲਤ ਹੈਂ ਮਦਰਾਮਦ ਮਾਤੇ।
ਜੌਂ ਬਿਧਿ ਯਾਹਿ ਭਈ ਤੁ ਕਹਾਂ। ਜਬ ਜਾਨਕੀ ਨਾਥ ਕੇ ਰੰਗਨ ਰਾਤੇ। ੧੪।"

ਕਵੀ ਜੀ ਕਲਗੀਧਰ ਸੁਆਮੀ ਦੇ ਜੀਵਨ ਚਰਿਤ੍ਰ ਦੇ ਪਠਨ ਪਾਠਨ ਪਰਉਪਕਾਰਾਂ ਦਾ ਵਰਣਨ ਕਰਦੇ ਹੋਏ ਕਥਾ ਦਾ ਮਹਾਤਮ ਵਰਣਨ ਕਰਦੇ ਹਨ।

ਕਿ ਗੁਰੂ ਜੀ ਦੀ ਕਥਾ ਮਨ ਨੂੰ ਟਿਕਾਉਣ ਵਾਲੀ ਹੈ, ਨਿੱਤ ਨਾਮ-ਧਨ ਬਖਸ਼ਣ ਵਾਲੀ ਹੈ, ਅਨੇਕਾਂ ਦਾ ਭਲਾ ਕਰਨ ਵਾਲੀ ਹੈ, ਹਉਮੈ ਨੂੰ ਮਿਟਾਉਂਦੀ ਹੈ, ਕਲਗੀਧਰ ਸੁਆਮੀ ਵਿਚ ਸ਼ਰਧਾ ਪੈਦਾ ਕਰਦੀ ਹੈ। ਤਿੰਨਾਂ ਤਾਪਾਂ ਦੀ ਨਿਵ੍ਰਿਤੀ ਕਰਦੀ ਹੈ, ਮਨ ਨੂੰ ਨਿਰਮਲ ਬਣਾਉਂਦੀ ਹੈ, ਸੁੱਖਾਂ ਦੀ ਬੂਟੀ ਹੈ, ਇਸ ਕਥਾ ਵਿਚ ਗੁਰੂ ਜੀ ਦੇ ਉਪਕਾਰਾਂ ਦਾ ਤੱਤਸਾਰ ਕੱਢਿਆ ਹੈ, ਜਿਵੇਂ ਦੁੱਧ ਵਿਚੋਂ ਮੱਖਣ / ਘਿਉ ਕਢੀਦਾ ਹੈ। ਇਸ ਤਰ੍ਹਾਂ ਇਹ ਕਥਾ ਜਰ ਨੂੰ ਜਰਨਾ ਸਿਖਾਉਂਦੀ ਹੈ, ਇਹ ਗੁਰੂ ਜੀ ਦੇ ਸਮੂਹ ਗੁਣਾਂ / ਉਪਕਾਰਾਂ ਨਾਲ ਸ਼ਿੰਗਾਰੀ ਹੋਈ ਹੈ, ਇਸ ਦੇ ਪੜ੍ਹਨ ਨਾਲ ਸਿੱਖੀ ਸਿਮਰਨ ਅਤੇ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ।

ਸਵੈਯਾ =

ਥਿਤਿ ਦਾ ਚਿਤ ਕੀ, ਨਿਤ ਦਾ ਬਿਤ ਕੀ, ਹਿਤ ਦਾ ਕਿਤਕੀ, ਸੁਣ ਹੰਤ ਜਰੀ,
ਸ਼ਰਧਾ ਗੁਰ ਕੀ, ਸੁਧਿਦਾ ਉਰ ਕੀ, ਹਰਤਾ ਜੁਰ ਕੀ, ਸੁਖ ਪੁੰਜ ਜਰੀ।
ਸਭਿ ਸਾਰ ਮਥਾ, ਘ੍ਰਿਤ ਲੀਨ ਜਥਾ, ਇਹ ਚਾਰੁ ਕਥਾ, ਅਰਜਾਨ ਜਰੀ।
ਗੁਨ ਬ੍ਰਿੰਦ, ਗੁਬਿੰਦ ਮ੍ਰਿਗਿੰਦ, ਮੁਕੰਦ ਅਨੰਦਕ, ਚਾਰੁ ਜੁਗਉ ਜਰੀ।

(ਗੁ.ਪ੍ਰ.ਸੂ.ਰੁ ੧)

ਕਵੀ ਜੀ ਉਪਰੋਕਤ ਛੰਦ ਵਿਚ ਕਥਾ ਦਾ ਮਹਾਤਮ ਦਸ ਕੇ ਇਸ ਛੰਦ ਵਿਚ ਗੁਰੂ ਜੀ ਦੀ ਵਿਲਕਸ਼ਣਤਾ ਕ੍ਰਿਪਾ ਦ੍ਰਿਸ਼ਟੀ ਦਾ ਵਰਣਨ ਕਰਦੇ ਹਨ।

ਗੁਰੂ ਜੀ ਬੀਰਤਾ ਭਰਪੂਰ ਦਾਸਾਂ/ਸੇਵਕਾਂ ਨੂੰ ਧੀਰਜ ਦੇਣ ਵਾਲੇ, ਦੁੱਖਾਂ ਕਲੇਸਾਂ ਦੀ ਪੀੜਾ ਹਰਨ ਵਾਲੇ, ਸੁੱਖਾਂ ਦਾ ਸੋਮਾ, ਪਾਪ ਮਿਟਾਉਣ ਵਾਲੇ, ਵੈਰੀਆਂ ਨੂੰ ਦੁੱਖ, ਹਿਤੈਸ਼ੀਆਂ ਨੂੰ ਸੁੱਖ ਦੇਣ ਵਾਲੇ, ਸਰਬਤ ਦਾ ਭਲਾ ਚਾਹੁੰਣ ਵਾਲੇ, ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਸਪੁੱਤਰ, ਗੁਰੂ ਗੋਬਿੰਦ ਸਿੰਘ ਜੀ ਦੇ ਕਾਰਨਾਮੇ, ਚਰਿਤ੍ਰ, ਪਵਿੱਤ੍ਰ, ਬਚਿਤ੍ਰ ਵਿਲਕਸ਼ਣ ਹਨ।

ਸਵੈਯਾ =

ਰਸ ਬੀਰ ਭਰੇ, ਜਨ ਧੀਰ ਕਰੇ, ਬਹੁ ਪੀਰ ਹਰੇ, ਭਵ ਫੰਧਨ ਕੇ।
ਸੁਖ ਮੂਲ ਭਲੇ, ਅਨਕੂਲ ਚਲੇ, ਰਿਪੁ ਸੂਲ ਮਿਲੇ, ਅਘ ਕੰਦਨ ਕੇ।
ਸਿਖ ਪਾਠ ਹਿਲੇ, ਦੁਖ ਦੋਖ ਦਲੇ, ਕਰ ਕਾਜ ਚਲੇ, ਸੁ ਅਨੰਦਨ ਕੇ।
ਅਤਿ ਮਿਤ੍ਰ ਪਵਿਤ੍ਰ ਬਚਿਤ੍ਰ ਚਰਿਤ੍ਰਤਿ ਤੇਗ ਬਹਾਦਰ ਨੰਦਨ ਕੇ।

ਕਵੀ ਜੀ ਦੀ ਦ੍ਰਿਸ਼ਟੀ ਵਿਚ ਗੁਰੂ ਗੋਬਿੰਦ ਸਿੰਘ ਜੀ ਗੁਣਾਂ ਦੇ ਸਾਗਰ ਹਨ। ਗੁਰੂ ਜੀ ਦਾ ਪਾਵਨ ਮੁਖ ਇਕ ਰਸ ਪਰਿਪੂਰਨ ਅਨੰਦ ਰੂਪ ਹੈ। ਦਰਸ਼ਨ ਕਰਨ ਵਾਲੇ ਨਦਰੀ ਨਦਰ ਨਿਹਾਲ ਹੋ ਜਾਂਦੇ ਹਨ। ਗੁਰੂ ਜੀ ਦਾ ਕਿਤਨਾ ਸੁੰਦਰ ਮਨੋਹਰ ਸਰੂਪ ਹੈ ? ਮੁਖ ਤੇ ਕਾਲਾ ਦਾਹੜਾ ਸੁਭਾਇਮਾਨ ਹੋ ਰਿਹਾ ਹੈ। ਸੀਸ ਉਪਰ ਜਿਗ੍ਹਾ ਕਲਗ਼ੀ ਸੋਭਾ ਦੇ ਰਹੀ ਹੈ ਕਮਰ ਵਿਚ (ਗਾਤ੍ਰੇ), ਕ੍ਰਿਪਾਨ, ਕੰਧੇ ਧਨੁਸ਼ ਹੈ। ਘੋੜ ਸਵਾਰ ਹੋ ਕੇ ਘੋੜਾ ਦੁਹੜਾ ਕੇ, ਬਾਂਗ ਖਿੱਚਦੇ ਹੋਏ ਸ਼ਿਕਾਰ ਨੂੰ ਜਾ ਰਹੇ ਹਨ ਜਾਂ ਸਿੰਘਾਸਨ ਤੇ ਬੈਠੇ ਹੋਏ ਹੱਥ ਵਿਚ ਤਿਖਾ ਤੀਰ ਫੜ ਕੇ ਕੌਤੂਹਲ (ਪ੍ਰਸੰਨਤਾ) ਨਾਲ ਉਂਗਲਾਂ ਵਿਚ ਘੁਮਾ ਰਹੇ ਹਨ। ਮਹਾਂ ਕਵੀ ਜੀ ਕਲਗੀਧਰ ਦੇ ਅਜੇਹੇ ਸੂਰਬੀਰ ਸਰੂਪ ਦੀ ਜੀਵਨ ਭਰ ਅਰਾਧਨਾ ਕਰਦੇ ਰਹੇ। ਸੂਰਬੀਰ ਗੁਰੂ ਜੀ ਦੇ ਆਪ ਦਰਸ਼ਨ ਕਰਦੇ ਰਹੇ ਅਤੇ ਸੰਗਤ ਨੂੰ ਦਰਸ਼ਨ ਕਰਵਾਉਂਦੇ ਰਹੇ।

ਕਵੀ ਜੀ ਦਾ ਇਹ ਵੀ ਵਿਸ਼ਵਾਸ ਹੈ ਕਿ ਕਲਗੀਧਰ ਦੇ ਤਿੱਖੇ ਤੀਰਾਂ ਨੇ ਜ਼ੁਲਮੀ ਇਸਲਾਮੀ ਹਕੂਮਤ ਦੀਆਂ ਜੜ੍ਹਾਂ ਪਟ ਦਿੱਤੀਆਂ। ਭਾਰਤੀਯ ਸਭਿਆਚਾਰ ਹਿੰਦੂ ਸੰਸਕ੍ਰਿਤੀ ਨੂੰ ਬਚਾਉਣ ਲਈ ਮਾਤਾ, ਪਿਤਾ, ਪੁੱਤ੍ਰ (ਸਰਬੰਸ) ਅਤੇ ਹਜ਼ਾਰਾਂ ਸਿੰਘਾਂ ਨੂੰ ਵਾਰ ਦਿੱਤਾ। ਕਵੀ ਜੀ ਕਹਿੰਦੇ ਹਨ ਭਾਰਤ ਵਾਸੀਆਂ ਨੂੰ ਗੁਰੂ ਜੀ ਦੇ ਉਪਕਾਰਾਂ ਦਾ ਰਿਣੀ ਹੋਣਾ ਚਾਹੀਦਾ ਹੈ।

ਕਵੀ ਜੀ ਦੀ ਦ੍ਰਿਸ਼ਟੀ ਵਿਚ ਸ਼ਕਤੀ-ਪਗਤੀ, ਦੇਗ-ਤੇਗ, ਭੋਗ-ਮੋਖ ਦੇ ਦਾਤਾ ਕੇਵਲ ਕਲਗੀਧਰ ਸੁਆਮੀ ਹਨ। ਇਸ ਵਾਸਤੇ ਗੁਰੂ ਕਲਗੀਧਰ ਨੂੰ ਕੋਟਿ-ਕੋਟਿ ਨਮਸਕਾਰ ਹੈ।

ਗੁਰੂ ਗੋਬਿੰਦ ਸਿੰਘ ਸਿਮਰਨਿੱਤ, ਅਪਰਨ ਜਾਹਿ ਸਮਾਨ।
ਜੀਯਤ ਰਾਜ ਸੁਖ ਸਰਬਦਾ, ਮਰਤ ਮੁਕਤਿ ਦੇ ਦਾਨ।

(ਨਾ ਪ੍ਰ. ਅਧਿ. ੪੧)

ਭਾਈ ਵੀਰ ਸਿੰਘ ਰਚਿਤ 'ਸ੍ਰੀ ਕਲਗੀਧਰ ਚਮਤਕਾਰ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ

*ਸੰਨਦੀਪ ਮੋਂਗਾ**

ਭਾਈ ਵੀਰ ਸਿੰਘ ਦੀ ਰਚਨ ਪ੍ਰਕ੍ਰਿਆ ਦੀ ਮੂਲ ਸੰਵੇਦਨਾ ਹਮੇਸ਼ਾ ਹੀ ਸਿੱਖੀ ਨਾਲ ਜੋੜੀ ਜਾਂਦੀ ਰਹੀ ਹੈ। ਉਹਨਾਂ ਦੀ ਵਿਚਾਰਧਾਰਾ ਦਾ ਧੁਰਾ ਗੁਰਮਤਿ ਸਿਧਾਂਤ ਅਤੇ ਗੁਰੂ-ਜੀਵਨੀਆਂ ਰਹੀਆਂ ਹਨ। ਇੱਥੋਂ ਤਕ ਕਿ ਵੱਖੋ ਵੱਖਰੇ ਪੰਜਾਬੀ ਦੇ ਸਾਹਿਤ ਰੂਪਾਂ ਜਿਵੇਂ ਨਾਵਲ, ਕਵਿਤਾ, ਨਾਟਕ ਵਿਚ ਵੀ ਸਿੱਖ ਧਰਮ ਦਰਸ਼ਨ ਅਤੇ ਅਭਿਆਸ, ਗੁਰੂਆਂ ਦੁਆਰਾ ਸਿਖਾਈ ਜੀਵਨ ਜਾਚ ਦੇ ਭਰਪੂਰ ਵੇਰਵੇ ਉਪਲਬਧ ਹਨ। ਜਿਥੇ ਉਹ ਆਪ ਗੁਰਮਤਿ ਦੇ ਪੱਕੇ ਧਾਰਨੀ ਸਨ, ਉੱਥੇ ਉਹਨਾਂ ਦੀ ਲਗਨ ਪਰਿਪੱਕ, ਗੁਰਸਿੱਖ ਵਾਂਗ ਦੂਸਰਿਆਂ ਨੂੰ ਗੁਰੂ ਦੇ ਲੜ ਲਾਉਣ ਵਾਲੀ ਸੀ, ਇਸ ਲਈ ਉਹਨਾਂ ਦੀ ਸਾਹਿਤ ਰਚਨਾ ਵਿਚ ਇਕ ਪ੍ਰੇਰਣਾਦਾਇਕ ਵਤੀਰਾ ਸਾਹਮਣੇ ਆਉਂਦਾ ਹੈ, ਜੋ ਕਿ ਪਾਠਕ ਤੱਕ ਸਿੱਧਾ ਸੰਵਾਦ ਰਚਾਉਂਦਾ ਹੈ। ਇਵੇਂ ਹੀ ਗੁਰੂ ਸਾਹਿਬਾਨਾਂ ਦੇ ਜੀਵਨ ਕਾਲ ਨੂੰ ਉਹਨਾਂ ਚਮਤਕਾਰਾਂ ਵਾਂਗ ਦ੍ਰਿਸ਼ਟੀਮਾਨ ਕੀਤਾ। 'ਸ੍ਰੀ ਕਲਗੀਧਰ ਚਮਤਕਾਰ' ਪੜ੍ਹਦਿਆਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਉਹ ਦਸਮ ਪਾਤਸ਼ਾਹ ਦੇ ਜੀਵਨ ਦਾ ਨਮੂਨਾ ਹੂ-ਬ-ਹੂ ਪਾਠਕਾਂ ਅੱਗੇ ਪ੍ਰਸਤੁਤ ਕਰ ਰਹੇ ਹਨ ਅਤੇ ਬੜ੍ਹੇ ਹੀ ਯਕੀਨ ਨਾਲ ਸਿੱਖਾਂ ਦਾ ਦ੍ਰਿੜ ਵਿਸ਼ਵਾਸ ਵੀ ਉਸ ਰਚਨਾ ਵਿਚ ਸਿੱਧ ਕਰਨ ਦਾ ਯਤਨ ਕਰਦੇ ਹਨ।

'ਸ੍ਰੀ ਕਲਗੀਧਰ ਚਮਤਕਾਰ' ਵਿਚ ਉਹਨਾਂ ਦਸਮ ਪਾਤਸ਼ਾਹ ਨੂੰ ਇਕ ਆਦਰਸ਼ ਸ਼ਖ਼ਸੀਅਤ ਦੇ ਪ੍ਰਭਾਵਸ਼ਾਲੀ ਨਮੂਨੇ ਅਨੁਸਾਰੀ ਪੇਸ਼ ਕੀਤਾ, ਇਸ ਨੂੰ ਗੁਰੂ ਹੁਕਮ ਕਰਕੇ ਦ੍ਰਿੜ੍ਹਾਇਆ ਅਤੇ ਸਮਕਾਲੀ ਸਮਾਜ ਅੱਗੇ ਪ੍ਰੇਰਨਾ ਦੇ ਤੌਰ ਤੇ ਰੱਖਿਆ। ਰਚਨਾ ਦੇ ਸ਼ੁਰੂ ਵਿਚ ਹੀ ਭਾਈ ਵੀਰ ਸਿੰਘ ਨੇ ਆਦਰਸ਼ ਮਨੁੱਖ ਦਾ ਚਿੱਤਰ ਉਘਾੜਨ ਲਈ, ਪਹਿਲੇ ਆਦਰਸ਼ ਮਨੁੱਖ ਦੀ ਸੰਕਲਪਨਾ ਨੂੰ ਪਰਮਾਤਮਾ ਦੀ ਸਿਰਜਣ ਕ੍ਰਿਆ ਨਾਲ ਜੋੜਿਆ ਅਤੇ ਫਿਰ ਸਮਾਜਿਕਤਾ ਦੇ ਸੰਦਰਭ ਵਿਚ ਇਸ ਨੂੰ ਵਿਚਾਰਿਆ ਅਤੇ ਇਹੀ ਮਾਡਲ ਗੁਰੂ ਗੋਬਿੰਦ ਸਿੰਘ ਜੀ ਤੇ ਲਾਗੂ ਕੀਤਾ, ਜੋ ਦਸਾਂ ਪਾਤਸ਼ਾਹੀਆਂ ਦੀ ਵਿਚਾਰਧਾਰਾ ਦਾ ਇਤਿਹਾਸਕ ਪਰਿਪੇਖ ਸਿਰਜਦਾ ਹੈ। ਭਾਈ ਸਾਹਿਬ ਲਿਖਦੇ ਹਨ। ਭੈ ਦੇਣ ਵਾਲਾ ਸੱਚ ਨੂੰ 'ਰੋਕੇ' ਪਾਉਂਦਾ ਹੈ, ਭੈ ਖਾਣ ਵਾਲਾ ਸੱਚ ਨੂੰ ਛੱਡ ਦਿੰਦਾ ਹੈ। ਨਮੂਨੇ ਦਾ ਮਰਦ ਉਹ ਹੈ ਜੋ ਨਾ ਭੈ ਖਾਵੇ', ਪਰੰਤੂ ਜਗਤ ਵਿਚ ਹੁਣ ਇਹ ਨਮੂਨਾ ਕਾਇਮ ਕਰਨਾ ਹੈ ਕਿ ਨਿਰਭੈ ਬੰਦਾ ਲੋੜ ਪਈ ਤੇ ਸ਼ਸਤ੍ਰ ਫੜ ਕੇ ਵੀ, ਮਰਕੇ ਤੇ ਮਾਰ ਕੇ ਵੀ ਅਭੈ ਪਦ ਤੇ ਖੜਾ ਰਹੇ ਤੇ ਭੇਦ ਇਹ ਹੈ ਕਿ ਅੰਦਰ ਤ੍ਰਿਸ਼ਨਾ ਨਾ ਹੋਵੇ .... ਜੋ ਰੱਬੀ ਰੌ ਗੁਰੂ ਨਾਨਕ ਜੀ ਨੇ ਹੁਕਮ ਵਿਚ ਚਲਾਈ ਹੈ ਸੋ ਕਮਾਲ ਹੈ, ਪਰ ਉਸ ਉੱਤੇ ਮੂਰਖ ਵਾਰ ਕਰ ਰਿਹਾ ਹੈ, ਉਸ ਦੀ ਰੱਖਿਆ ਤੇ ਪ੍ਰਚਾਰ ਲਈ ਇਨ੍ਹਾਂ ਨੇ ਜਾਣਾ ਹੈ ਤੇ ਗੁਰੂ ਨਾਨਕ ਵਾਲਾ ਕੰਮ ਵੀ ਸਾਰਾ ਉਵੇਂ ਹੀ ਕਰਨਾ ਹੈ।[1]

ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਮੁੱਢਲੇ ਪ੍ਰਸ਼ਨਾਂ ਦੇ ਜੀਵਨ ਸਾਰ ਵਜੋਂ 'ਹੁਕਮ' ਦੀ ਸੰਕਪਲਨਾ ਨੂੰ ਭਾਈ ਵੀਰ ਸਿੰਘ ਨੇ ਪਹਿਲਾਂ ਵਾਕਾਂ ਵਿਚ ਹੀ ਪਰਿਭਾਸ਼ਿਤ ਕੀਤਾ ਕਿ ਦਸਮ ਪਾਤਸ਼ਾਹ ਪਹਿਲੀ ਗੁਰੂ ਜੋਤ ਦੇ ਹੀ ਅੰਗਮੀ ਅਵਤਾਰ ਹਨ ਅਤੇ ਪਰਮਾਤਮ ਹੁਕਮ ਮਨ ਕੇ ਧਰਤ ਉੱਤੇ ਆਏ ਹਨ ਜੋ ਕਿ ਉਹਨਾਂ ਦੀ ਸਿਮਰਨ ਸਾਧਨਾ ਅਤੇ ਤਪੱਸਿਆ ਦੇ ਫਲਸਰੂਪ ਵਾਪਰਿਆ। 'ਹੁਕਮ' ਦੀ ਫਿਲਾਸਫੀ ਨੂੰ ਸਿੱਧ ਕਰਦਾ ਗੁਰੂ ਗੋਬਿੰਦ ਸਿੰਘ ਜੀ ਜੀਵਨ ਕਥਾ ਦਾ ਕਥਾ ਮਾਡਲ ਆਦਰਸ਼ ਮਨੁੱਖ ਦੀ ਘਾੜਤ ਦਾ ਵਿਸ਼ੇਸ਼ ਨਮੂਨਾ ਹੈ ਜੋ ਪਰਮਾਤਮਾ ਦੇ ਸ੍ਰਿਸ਼ਟੀ ਨਿਯਮਾਂ ਦੇ ਅਨੁਕੂਲ ਤੇ ਅਨੁਸਾਰੀ ਘੜਿਆ ਗਿਆ। ਜਿਵੇਂ ਕਿ ਰਚਨਾ ਵਿਚ ਦਰਜ ਹੈ। ਇਹ ਹੁਕਮ ਕਹਿ ਰਿਹਾ ਹੈ ਕਿ ਤੂੰ ਮਾਤ ਲੋਕ ਵਿਚ ਜਾਹ ਅਰ ਉਥੇ ਜਾ ਕੇ ਚੜ੍ਹਦੀ ਕਲਾ ਦਾ ਬੰਦਾ ਸਿਰੇ ਚਾੜ੍ਹ। ਆਪ ਹੋ ਕੇ ਦੱਸ, ਦੱਸ ਕੇ ਸਿਖਾ, ਸਿਖਾ ਕੇ ਮੁਕੰਮਲ ਕਰ 'ਖਾਲਸਾ',

---

*ਗੌਰਮਿੰਟ ਕਾਲਜ, ਰੋਪੜ

ਜੋ ਚੜ੍ਹਦੀ ਕਲਾ ਦੇ ਆਦਰਸ਼ ਦਾ ਨਮੂਨਾ ਹੋਵੇ।[2]

ਗੁਰੂ ਗੋਬਿੰਦ ਸਿੰਘ ਦਾ ਆਪ ਇਕ ਆਦਰਸ਼ਕ ਇਨਸਾਨ ਵਜੋਂ ਵਿਚਰਣਾ ਅਤੇ ਦੂਸਰਿਆਂ ਲਈ ਆਦਰਸ਼ ਸਿਰਜਣਾ ਇਸੇ ਹੁਕਮ ਪਾਲਣਾ ਤੇ ਜੀਵਨ ਮਨੋਰਥ ਦਾ ਸਿੱਟਾ ਹਨ। ਇਸ ਤਰ੍ਹਾਂ ਇਹ ਤਪੱਸਵੀ, ਦੁਸ਼ਟ ਦਮਨ, ਪਰਮ ਪੁਰਖ, ਅੰਗਮੀ ਮਰਦ, ਗੁਰੂ ਨਾਨਕ ਜੋਤਿ, ਬੀਰ, ਕਵੀ, ਵਿਦਵਾਨ, ਨੀਤੀਵੇਤਾ, ਸੈਨਾਪਤੀ, ਗ੍ਰਿਹਸਤੀ, ਸਾਧੂ, ਉਪਦੇਸ਼ਕਰਤਾ, ਰੂਹਾਨੀਆਂ ਦੇ ਸੁਲਤਾਨ, ਸੱਚੇ ਪਾਤਸ਼ਾਹ ਪਰਉਪਕਾਰੀਆਂ ਦੇ ਸਿਰਤਾਜ, ਹਾਜ਼ਰਾ ਹਜ਼ੂਰ ਕਲਗੀਧਰ ਦਾ ਜਨਮ ਭਾਈ ਵੀਰ ਸਿੰਘ ਇਸ ਪੁਸਤਕ ਵਿਚ ਪਟਨਾ ਸ਼ਹਿਰ ਵਿਖੇ ਮਾਤਾ ਗੁਜਰੀ ਜੀ ਦੀ ਪਾਵਨ ਕੁੱਖੋਂ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ ਵਿਖੇ ਸੰਮਤ ੧੭੨੩ ਪੋਹ ਦਾ ਲਿਖਦੇ ਹਨ, ਜੋ ਕਿ ਰਚਇਤਾ ਅਨੁਸਾਰ ਭਾਗ ਭਰੀ ਰੁੱਤ ਦਾ ਅਭਾਸ ਸੀ।

ਦਸਮ ਪਾਤਸ਼ਾਹ ਦੀ ਪੈਦਾਇਸ਼ ਵੇਲੇ ਸਮਾਜਿਕ ਪਰਿਸਥਿਤੀਆਂ ਮਨੁੱਖੀ ਵਤੀਰੇ ਦੇ ਮੱਦੇ ਨਜ਼ਰ ਸੁਖਾਵੀਆਂ ਨਹੀਂ ਸਨ। ਹਿੰਦੂ ਮੁਸਲਿਮ ਭਾਈਚਾਰੇ ਵਿਚ ਵੰਡੀਆਂ ਦਾ ਵਰਤਾਰਾ ਸੀ। ਕੁਲ ਮਨੁੱਖਤਾਈ ਅਲੱਗ ਮੱਤ ਤੇ ਆਪਸੀ ਵਿਤਕਰੇ ਦਾ ਸ਼ਿਕਾਰ ਸੀ। ਭਾਈ ਵੀਰ ਸਿੰਘ ਗੁਰੂ ਸਾਹਿਬ ਦੇ ਆਗਮਨ ਦਾ ਟੀਚਾ ਭੀਖਣ ਸ਼ਾਹ ਫਕੀਰ ਦੇ ਪ੍ਰਸੰਗ ਰਾਹੀਂ ਸਪਸ਼ਟ ਕਰ ਰਹੇ ਹਨ ਕਿ ਉਹਨਾਂ ਦੀ ਪ੍ਰੀਖਿਆ ਦਾ ਸ਼ੌਕ ਸੀ ਕਿ ਗੁਰੂ ਸਾਹਿਬ ਦੇ ਪੱਖ ਨੂੰ ਹਿੰਦੂ ਮੁਸਲਮ ਮਤਾਂ ਵਿਚ ਪਰਖ ਕੇ ਵੇਖਿਆ ਜਾਵੇ ਕਿ ਜੇ ਇਹ ਬਾਲਕ ਦੁੱਧ ਡੋਹਲੇਗਾ ਤਾਂ ਮੁਸਲਮਾਨ ਦਾ ਹੋਵੇਗਾ ਅਤੇ ਜੇ ਪਾਣੀ ਡੋਹਲੇਗਾ ਤਾਂ ਹਿੰਦੂ। ਉਹਨਾਂ ਦੋਵੇਂ ਕੁਜੀਆਂ ਬਾਲ ਗੁਰੂ ਅੱਗੇ ਕੀਤੀਆਂ ਤਾਂ ਉਹਨਾਂ ਪਾਣੀ ਅਤੇ ਦੁੱਧ ਦੋਵੇਂ ਡੋਲ ਦਿੱਤੇ ਜੋ ਰਲ ਕੇ ਇੱਕ ਮਿੱਕ ਹੋ ਗਏ। ਭਾਈ ਸਾਹਿਬ ਲਿਖਦੇ ਹਨ। ਪਰਤੱਖ ਉਪਦੇਸ਼ ਦੇ ਦਿੱਤਾ ਕਿ ਤਅੱਸਬ ਦੀ ਕੁੱਜੀ ਹਿੰਦੂਆਂ ਦੀ ਤੋੜ ਕੇ ਜਲ ਦੁੱਧ ਇਕ ਖਾਲਸਾ - ਕਰ ਦਿਆਂਗੇ, ਜਲ ਦੁੱਧ ਦੀ ਪ੍ਰੀਤ ਮਸ਼ਹੂਰ ਹੈ। ..... ਐਓਂ ਹਿੰਦੂ ਤੇ ਮੁਸਲਮਾਨ ਇਕ ਦੂਜੇ ਨਾਲ ਪਿਆਰ ਕਰਨ ਵਾਲੇ ਬਣਾਵਾਂਗਾ।[3]

ਭਾਈ ਸਾਹਿਬ ਕਲਗੀਧਰ ਜੀ ਦੀ ਬਾਲ ਲੀਲਾ ਦਾ ਵਰਣਨ ਕਰਕੇ ਐਨੇ ਭਾਵੁਕ ਤੇ ਮੋਹਮਈ ਹੋ ਜਾਂਦੇ ਹਨ ਕਿ ਇੰਝ ਲੱਗਦਾ ਹੈ ਕਿ ਉਹ ਬਾਲ ਗੋਬਿੰਦ ਤੇ ਆਪ ਹੀ ਨਿਹਾਲ ਹੋਈ ਜਾਂਦੇ ਹਨ, ਪਰੰਤੂ ਪਾਠਕਾਂ ਅੱਗੇ ਬਾਲ ਗੋਬਿੰਦ ਦੀ ਤਸਵੀਰ ਬੜ੍ਹੀ ਨਿਖਰਵੀਂ ਹੋ ਕੇ ਦ੍ਰਿਸ਼ਟੀਮਾਨ ਹੁੰਦੀ ਹੈ ਕਿ ਇਹ ਗੁਰਸਿੱਖੀ ਦਾ ਅੰਕੁਰ ਕਿਵੇਂ ਗੁਰਮਤਿ ਦੀ ਸਿੰਜ ਨਾਲ ਪਨਪਿਆ। ਭਾਈ ਸਾਹਿਬ ਗੋਬਿੰਦ ਬਾਲ ਪ੍ਰੀਤਮ ਦਾ ਬਖਿਆਨ ਫਤਿਹਚੰਦ ਮੈਣੀ ਰਾਜਾ ਤੇ ਉਸ ਦੀ ਰਾਣੀ ਮਣਿਆਣੀ ਨੂੰ ਪਰਮਾਤਮ ਖੇਡ ਦੁਆਰਾ ਨਿਹਾਲ ਕਰਨ ਨਾਲ ਕਰਦੇ ਹਨ ਕਿ ਜਿਵੇਂ ਮੈਣੀ ਅਤੇ ਮਣਿਆਦੀ, ਵਾਰਤਾ ਵਿਚ ਬਾਲ ਗੁਰੂ ਦਾ ਵਡੱਪਣ ਲੁਕਿਆ ਹੋਇਆ ਹੈ ਜੋ ਕਿ ਉਸ ਉਮਰ ਵੀ ਕਿਸੇ ਪਰ ਤੀਵੀਂ ਨੂੰ ਮਾਂ ਦਾ ਦਰਜਾ ਦੇਣ ਤੇ ਨਿੱਘ ਪਿਆਰ ਵੰਡਣ ਦੇ ਸਮਰੱਥ ਹਨ। ਇਥੋਂ ਤੱਕ ਕਿ ਉਹਨਾਂ ਦੇ ਮਨਪਸੰਦ ਭੋਜਨ ਤਲੇ ਹੋਏ ਚਨੇ ਤੇ ਦੋਧੀ ਪੂਰੀਆਂ ਦਾ ਬਿਆਨ ਦੇਗ ਤੇਗ ਫਤਿਹ ਦੇ ਸਿਧਾਂਤ ਨੂੰ ਦ੍ਰਿੜ ਕਰਵਾ ਰਿਹਾ ਤੇ ਕਿਸੇ ਵੱਡੇ ਕਾਰਜ ਵਲ ਸੰਕੇਤ ਕਰ ਰਿਹਾ ਹੈ। ਸਾਹਿਬਜ਼ਾਦੇ ਦੇ ਮਾਮਾ ਕ੍ਰਿਪਾਲ ਚੰਦ ਨੇ ਸਾਰੀ ਦਾਸਤਾਨ ਜਦੋਂ ਮਾਤਾ ਗੁਜਰੀ ਜੀ ਨੂੰ ਸੁਣਾਈ ਤਾਂ ਮਾਤਾ ਜੀ ਵੀ ਆਪਣੇ ਲਾਲ ਗੋਬਿੰਦ ਦੇ ਰੱਬੀ ਨੂਰ ਤੋਂ ਵਾਕਫ ਸਨ। ਬਾਲ ਵਰੇਸ ਤੋਂ ਹੀ ਇਹ ਸੰਤ ਸਿਪਾਹੀ ਪੂਰੀ ਸੈਨਾ ਬਣਾ ਕੇ ਚਹਲ ਕਦਮੀ ਕਰਿਆ ਕਰਦੇ ਸਨ। ਮਾਂ ਤੇ ਪੁੱਤ ਦੇ ਵਾਰਤਾਲਾਪ ਨੂੰ ਭਾਈ ਸਾਹਿਬ ਨੇ ਇੰਨੇ ਖੂਬਸੂਰਤ ਅੰਦਾਜ਼ ਵਿਚ ਵਰਣਿਤ ਕੀਤਾ ਹੈ ਕਿ ਜਿੱਥੇ ਇਹ ਮਮਤਾਮਈ ਅਹਿਸਾਸ ਉਜਾਗਰ ਕਰਦਾ ਹੈ, ਉਥੇ ਪੂਰੀ ਸਿੱਖੀ ਪਰੰਪਰਾ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਵਾਰਤਾਲਾਪ ਇੰਝ ਹੈ ਕਿ 'ਜੀਉ ! ਲਿਆਉ ਮਿਠਾਈ, ਰੋਟੀ ਫੌਜਾਂ ਨੂੰ ਖੁਆਈਏ।' ਮਾਂ ਨੇ ਉਠ ਕੇ ਗੱਲ ਨਾਲ ਲਾਯਾ ਮੱਥਾ ਚੁੰਮਿਆ, ਪਿਆਰ ਦਿੱਤਾ ਤੇ ਕਿਹਾ - ਲਾਲ ਜੀ ਲੰਗਰ ਤਿਆਰ ਹੈ, ਅੱਜ ਬੜਾ ਚਿਰ ਲਾਯਾ ?

ਸਾਹਿਬਜ਼ਾਦੇ - ਮਾਂ ਜੀ ! ਅੱਜ ਹੋਰ ਮਾਂ ਬਣਾਈ ਹੈ।

ਮਾਂ - ਦੋ ਮਾਵਾਂ ਦੇ ਇਕ ਪੁਤ੍ਰ ਕੀਕੂੰ ਬਣੋਗੇ ?

ਸਾਹਿਬ - ਜੀਕੂੰ ਦੋ ਅੱਖਾਂ ਵਿਚ ਇਕ ਨਜ਼ਰ।

ਮਾਂ - ਦੋ ਮਾਵਾਂ ਕੀਕੂੰ ਤਾਰੋਗੇ ?

ਸਾਹਿਬਜ਼ਾਦੇ :- ਨਾਮ ਪੁੱਤ ਸਭ ਮਾਵਾਂ ਦੀ ਗੋਦ ਖੇਲੇਗਾ ਗੁਰਬਾਣੀ ਧੀ ਸਭ ਮਾਵਾਂ ਦੀ ਗੋਦੀ ਖੇਲੇਗੀ। ਸਭ ਸਪੁੱਤੇ ਹੋ ਕੇ ਤਰਨਗੇ। ਨਾਮ ਪੁੱਤ ਨਾ ਮਰੇਗਾ, ਨਾ ਗੋਦ ਸੱਖਣੀ ਕਰੇਗਾ। ਨਾਲ ਰਹੇਗਾ ਤੇ

ਤਾਰੇਗਾ।

ਮਾਤਾ - ਲਾਲ ਜੀ ! ਕਿਸੇ ਦੀ ਨਜ਼ਰ ਨਾ ਲੱਗ ਜਾਏ, ਤੁਸੀਂ ਬੜੇ ਦੰਦ-ਕਥਾ ਵਿਚ ਆਉਂਦੇ ਜੇ।

ਸਾਹਿਬਜਾਦੇ :- ਮਾਂ ਜੀ, ਹਾਲੇ ਤਾਂ ਲੋਕਾਂ ਨੂੰ ਮੇਰੀ ਨਜ਼ਰ ਪਈ ਲੱਗਦੀ ਏ, ਜਿਹਨੂੰ ਲੱਗਦੀ ਏ ਪਿਆ 'ਗੁਰੂ ਨਾਨਕ' ਸਿਮਰਦਾ ਹੈ। ਗੁਰ ਨਾਨਕਦਿਆਂ ਪਰ ਕੌਣ ਬਲੀ ਹੈ ? ਬਾਬੇ ਦੇ ਸਭ ਤੋਂ ਉੱਚੇ ਸੁੱਚੇ ਹਨ।

ਮਾਤਾ - ਤੁਰਕ ਦਾ ਰਾਜ ਹੈ ਕੋਈ ਖੁਣਸ ਨਾ ਕਰੇ।

ਸਾਹਿਬਜਾਦੇ - ਤੁਰਕਰਾਜ ਜ਼ੁਲਮ ਦਾ ਹੈ, ਜ਼ੁਲਮ ਮੇਟ ਦਿਆਂਗੇ।

ਮਾਤਾ - ਕੀਕੂੰ।

ਸਾਹਿਬਜ਼ਾਦੇ - ਤਲਵਾਰ ਨਾਲ, ਸੀਸ ਨਾਲ।'[4]

ਇਸ ਪੁਸਤਕ ਵਿਚ ਭਾਈ ਸਾਹਿਬ ਨੇ ਉਸ ਵੇਲੇ ਦੀਆਂ ਸਮਾਜਿਕ ਪਰਿਸਥਿਤੀਆਂ ਨੂੰ ਬਾਲ ਗੁਰੂ ਦੀਆਂ ਯਾਤਰਾਵਾਂ ਰਾਹੀਂ ਬਿਆਨ ਕੀਤਾ ਜਿਸ ਵਿਚ ਛੋਟਾ ਮਿਰਜ਼ਾਪੁਰ, ਕਾਸ਼ੀ, ਪ੍ਰਯਾਗ, ਅਯੁੱਧਯਾ, ਗੁਰੂ ਨਾਨਕ ਮਤਾ ਪੀਲੀ ਭੀਤ / ਦੇਵ ਨਗਰ, ਲਖਨਊ, ਮਥਰਾ, ਰੋਪੜ, ਅਨੰਦਪੁਰ, ਜਿਸ ਤਰ੍ਹਾਂ ਕਾਸ਼ੀ ਵਿਖੇ ਆਪ ਜੀ ਦੀ ਸੰਸਥਾਪਕ ਪ੍ਰਣਾਲੀ ਤੇ ਕਿਸੇ ਨੇ ਚਤੁਰ ਪ੍ਰਸ਼ਨ ਰਾਹੀਂ ਟੋਕ ਲਾਈ ਤਾਂ ਆਪ ਨੇ ਸਿੱਖ ਕੌਮ ਦੀਆਂ ਬਰਕਤਾਂ ਨੂੰ ਤੱਤਕਾਲੀ ਸਮੇਂ ਦੇ ਨਾਪ ਤੋਲ ਵਿਚ ਮਿਣ ਦਿੱਤਾ, ਜਿਸ ਵਿਚ ਗੁਰੂ ਧਰਮ, ਪਰਉਪਕਾਰੀ ਕਾਰਜਾਂ, ਸੰਗਤ, ਲੰਗਰ, ਨਗਰ ਉਸਾਰੀ, ਜਨ-ਸੁਵਿਧਾਵਾਂ ਤੇ ਰੁਜ਼ਗਾਰ ਵਸੀਲੇ ਵਰਗੇ ਅਮਲੀ ਜਾਤ ਪਾਤ ਤੇ ਵਖਰੇਵਿਆਂ ਵਿਚ ਗ੍ਰੱਸੇ ਬ੍ਰਾਹਮਣਾਂ ਨੂੰ ਨਿਮਰਤਾ ਤੇ ਲੋਕ ਭਲਾਈ ਦੀ ਪ੍ਰੇਰਨਾ ਦਿੱਤੀ। ਭਾਈ ਸਾਹਿਬ ਨੇ ਇਹਨਾਂ ਯਾਤਰਾਵਾਂ ਰਾਹੀਂ ਗੁਰੂ ਜਸ ਤੇ ਮਹਿਮਾ ਦਾ ਗੁਣਗਾਨ ਕਰਦੇ ਗੁਰਸਿੱਖ ਭਗਤਾਂ ਦਾ ਵੀ ਬਿਆਨ ਕੀਤਾ ਨਾਲ ਨਾਲ ਸਥਾਨਕ ਵੇਰਵੇ ਦੇ ਕੇ ਰੋਚਕ ਤਰੀਕੇ ਨਾਲ ਗੁਰੂ ਭ੍ਰਮਣ ਦਾ ਮੰਤਵ ਦਰਸਾਇਆ ਜਿਵੇਂ ਲਖਨੌਰ ਦੇ ਨੇੜੇ ਸ਼ਾਹ ਭੀਖ ਨੇ ਪਟਣੇ ਦੇ ਸਾਹਿਬਜ਼ਾਦੇ ਦਾ ਦਰਸ਼ਨ ਕੀਤਾ ਤਾਂ ਉਸ ਦੇ ਚੇਲਿਆਂ ਦਾ ਤਰਕ ਸੀ ਕਿ ਹਿੰਦੂ ਬੱਚੇ ਨੂੰ ਕਿਉਂ ਸਜਦਾ ਕੀਤਾ ਤਾਂ ਉੱਤਰ ਸੀ ਕਿ 'ਇਹ ਅੱਲਾ ਦਾ ਮੁਕੱਰਬ ਘਲਿਆ ਆਇਆ ਹੈ, ਹਿੰਦੂ ਮੁਸਲਮਾਨ ਨੂੰ ਇਹ ਰਾਹ ਟੋਰੇਗਾ। ਇਹ ਦਰਗਾਹ ਦੇ ਮਾਲਕ ਦਾ ਆਪਣਾ ਨੂਰ ਹੈ ਜਦ ਏਹ ਆਏ ਸੇ ਤਾਂ ਮਰਾਕਬੇ ਵਿਚ ਜਲਵਾ ਡਿੱਠਾ ਤੇ ਦਰਸ਼ਨ ਨੂੰ ਗਿਆ ਸੀ।'[5] ਇਸੇ ਰਾਹ ਆਪ ਨੂੰ ਆਪਣੇ ਪਿਤਾ ਦੇ ਮੁਰੀਦ ਭਗਤ ਵੀ ਮਿਲੇ ਜੋ ਗੁਰਸਿੱਖੀ ਦੀ ਰਹੁ-ਰੀਤ ਤੇ ਆਪ ਦੀ ਪਰਿਵਾਰਕ ਪਰੰਪਰਾ ਤੋਂ ਵਾਕਫ ਸਨ। ਇਸ ਤਰ੍ਹਾਂ ੧੭੪੬ ਨੂੰ ਆਪ ਪਿਤਾ ਦੇ ਵੈਰਾਗ ਕਾਰਨ ਰਸਤੇ ਵਿਚ ਵੀ ਸੰਗੀ ਸਾਥੀਆਂ ਵਿਚ ਕੌਤਕ ਵੰਡਦੇ ਅਨੰਦਪੁਰ ਆ ਗਏ।

ਉਸ ਵੇਲੇ ਦੇ ਰਾਜਨੀਤਿਕ ਹਾਲਾਤ ਇਹੋ ਜਿਹੇ ਸਨ ਕਿ ਦਿੱਲੀ ਤਖਤ ਤੇ ਬੈਠੇ ਅਕਬਰ ਦੇ ਗੱਦੀ ਨਸ਼ੀਨ ਔਰੰਗਜ਼ੇਬ ਬਾਦਸ਼ਾਹ ਦਾ ਕਹਿਰ ਪੂਰੇ ਦੇਸ਼ ਵਿਚ ਫੈਲਿਆ ਹੋਇਆ ਸੀ। ਬਾਹਰੀ ਜਰਵਾਣੇ ਵੀ ਇਸ ਦਾ ਲਾਭ ਉਠਾ ਰਹੇ ਸੀ ਅਤੇ ਆਮ ਜਨਤਾ ਨਿਤਾਣੀ, ਨਿਮਾਣੀ ਹੋਈ ਫਿਰਦੀ ਸੀ, ਹਿੰਦੂ ਜੋ ਕਿ ਇਸ ਦੇਸ਼ ਦੀ ਸਦੀਆਂ ਤੋਂ ਵਸੋਂ ਸੀ ਕਾਇਰਤਾ ਕਾਰਨ ਜ਼ੁਲਮ ਦਾ ਟਾਕਰਾ ਕਰਨ ਦੇ ਅਸਮਰੱਥ ਸਨ, ਪਰੰਤੂ ਐਸੇ ਸਮੇਂ ਸਿੱਖੀ ਦਾ ਬੂਟਾ ਖਿੜਿਆ ਪਿਆ ਸੀ ਜਿਸ ਦਾ ਅਨੰਦ ਅਨੁਭਵ ਤੇ ਸੁਗੰਧੀ ਆਪ-ਮੁਹਾਰੇ ਫੈਲ ਗਈ ਸੀ ਪਰ ਜਨਤਾ ਦੀ ਰੁਚੀ ਨੂੰ ਸਹਿਜ ਜੋੜਨਾ ਅਤਿ ਕਠਿਨ ਕੰਮ ਸੀ । ਭਾਈ ਸਾਹਿਬ ਭਾਈ ਵੀਰ ਸਿੰਘ ਦਸਮ ਪਾਤਸ਼ਾਹ ਦੀ ਜੀਵਨ ਕਥਾ ਵਿਚਾਰਦਿਆਂ ਉਹਨਾਂ ਦੇ ਕਿਸ਼ੋਰ ਕੌਤਕ ਨੂੰ ਵਿਸਥਾਰਪੂਰਵਕ ਪਰਮ ਪਿਤਾ ਦੇ ਮਹਾਂਬਲੀਦਾਨ ਨਾਲ ਜੋੜਦੇ ਹਨ। ਕਸ਼ਮੀਰੀ ਪੰਡਤਾਂ ਦੀ ਅਰਜ਼ੋਈ ਸੁਣ ਕੇ ਗੁਰੂ ਤੇਗ ਬਹਾਦਰ ਜੀ ਇਸ ਰਾਜਨੀਤਿਕ ਸਮੱਸਿਆ ਵਿਚ ਉਲਝੇ ਹੀ ਪਏ ਸੀ ਕਿ ਗੋਬਿੰਦ ਜੀ ਨੇ ਕਿਹਾ ਪਿਤਾ ਜੀ ਆਪ ਤੋਂ ਵਡੇਰਾ ਕੌਣ ਹੈ ਜੋ ਇਹਨਾਂ ਦੁਖਿਆਰਾਂ ਲਈ ਮਹਾਂਬਲੀਦਾਨ ਦੇ ਸਕਦਾ ਹੈ ਅਤੇ ਔਰੰਗਜ਼ੇਬ ਤੱਕ ਗੁਰੂ ਘਰ ਦੀ ਮਹਾਨਤਾ ਤੇ ਨਿਮਰਤਾ ਦਾ ਸੰਦੇਸ਼ ਪੁਚਾ ਸਕਦਾ ਹੈ। ਭਾਈ ਸਾਹਿਬ ਲਿਖਦੇ ਹਨ ਕਿ ਜਿਸ ਵੇਲੇ (ਮੱਘਰ ਸੁਦੀ ਪੰਚਮੀ ਸੰਮਤ ੧੭੩੨ ਦੁਪਹਿਰ ਮਗਰੋਂ ਦਿੱਲੀ ਵਿਚ ਸ੍ਰੀ ਗੁਰੂ ਜੀ ਦਾ ਸੀਸ ਤਨ ਤੋਂ ਜੁਦਾ ਹੋ ਗਿਆ। ਉਸ ਵੇਲੇ ਭਾਈ ਜੈਤਾ ਨੇ ਸ੍ਰੀ ਗੁਰੂ ਦੇ ਸੀਸ ਨੂੰ ਸੰਭਾਲ ਕੇ ਗੁਰੂ ਘਰ ਦੇ ਹਵਾਲੇ ਕਰਨ ਦਾ ਉੱਦਮ ਕੀਤਾ, ਭਾਈ ਊਦਾ ਜੀ ਨਾਲ ਮਿਲ ਗਏ। ਲੱਖੀ ਵਣਜਾਰੇ ਨੇ ਸਹਾਇਤਾ ਕੀਤੀ, ਜਿਸ ਨੇ ਗੁਰੂ ਸਾਹਿਬ ਦੇ ਧੜ ਦਾ ਅੰਤਿਮ ਸਸਕਾਰ ਕਰਵਾਇਆ। ਨੌਵੇਂ ਗੁਰੂ ਜੀ ਦੀ ਸ਼ਹੀਦੀ ਕਸ਼ਟਦਾਈ ਤੇ ਅਸਹਿ ਸੀ, ਉਥੇ ਸੁੱਤੀਆਂ

ਕਲਾ ਜਗਾਉਣ ਵਾਲੀ ਵੀ ਸੀ। ਸੀਸ ਦਾ ਸਸਕਾਰ ਅਨੰਦਪੁਰ ਵਿਚ ਕੀਤਾ ਗਿਆ। ਭਾਈ ਸਾਹਿਬ ਲਿਖਦੇ ਹਨ। 'ਸਤਿਗੁਰੂ ਜੀ ਦੇ ਟਿਕਾਣੇ ਸ੍ਰੀ ਗੁਰੂ ਜੀ ਦੇ ਪਿਆਰੇ ਪੁੱਤ੍ਰ ਤੇ ਸਿੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋਏ।'[6] ਸੰਗਤਾਂ ਨੇ ਬੜੇ ਹੀ ਕਰਤੱਵ ਪਾਲਨਾ ਨਾਲ ਦਸਮ ਪਾਤਸ਼ਾਹ ਨੂੰ ਪੰਥਕ ਜ਼ਿੰਮੇਵਾਰੀ ਸੌਂਪੀਂ। ਪੂਰੀ ਅਣਖ ਵਾਲੀ ਰਸਮ ਦੁਆਰਾ ਠਾਠਾਂ ਬਾਠਾਂ ਨਾਲ ਸਿੱਖਾਂ ਨੇ ਇਹ ਸਮਾਗਮ ਰਚਿਆ ਤਾਂ ਕਿ ਔਰੰਗਜ਼ੇਬ ਦੀ ਗਲਤ ਸੋਚ ਤੇ ਡਰ ਕੇ ਹਰ ਕੋਈ ਮੁਸਲਮਾਨ ਧਰਮ ਅਪਣਾ ਲਏ, ਉੱਤੇ ਚੋਟ ਕੀਤੀ ਜਾ ਸਕੇ ਕਿ ਸਿੱਖਾਂ ਦੀ ਸਮਰੱਥਾ ਜ਼ੁਲਮ ਦੇ ਖਿਲਾਫ਼ ਖੜ੍ਹਨ ਦਾ ਹੌਸਲਾ ਰੱਖਦੀ ਹੈ।

ਦਸਮ ਪਾਤਸ਼ਾਹ ਭਾਵੇਂ ਕਿਸ਼ੋਰ ਅਵਸਥਾ ਵਿਚ ਵਿਚਰ ਰਹੇ ਸਨ, ਪਰ ਆਪਣੇ ਜੋਤਿ ਸਰੂਪ ਪ੍ਰਤਿ ਚੇਤੰਨ ਸਨ। ਪਿਤਾ ਦੇ ਵਿਛੋੜੇ ਸਮੇਂ ਵੀ ਅਡੋਲ ਸਨ ਅਤੇ ਗੁਰੂ ਸੋਭਾ ਵਧਾਉਣ ਲਈ ਸਖ਼ਸੀ ਗੁਣਾਂ ਦਾ ਅਭਿਆਸ ਤੇ ਨਿਤ ਦਿਨ ਤਿਆਰੀ ਕਰਦੇ। ਭਾਈ ਸਾਹਿਬ ਉਹਨਾਂ ਦੀ ਉੱਚ ਰਹਿਣੀ ਬਹਿਣੀ ਤੇ ਦੂਰਅੰਦੇਸ਼ੀ ਬਾਰੇ ਲਿਖਦੇ ਹਨ ਕਿ, 'ਇਸ ਅਵਸਥਾ ਵਿਚ ਵੀ ਸਤਿਗੁਰੂ ਜੀ ਨੂੰ ਘੋੜੇ ਦੀ ਅਸਵਾਰੀ ਤੇ ਧਨੁਖ ਬਾਣ ਦਾ ਬੜਾ ਸ਼ੌਂਕ ਸੀ। ਨਿੱਕੇ ਤੀਰ, ਨਿੱਕੇ ਕਮਾਨ, ਕਮਾਨਾਂ ਤੇ ਗੁਲੇਲਾਂ ਦੀਆਂ ਖੇਡਾਂ ਪਟਵੇ ਤੋਂ ਅਭਿਆਸ ਕਰਦੇ ਆਏ ਸੀ। ਘੋੜੇ ਤੇ ਚੜ੍ਹਨਾ ਭੀ ਪਿਤਾ ਜੀ ਦੇ ਵੇਲੇ ਸਿੱਖ ਚੁੱਕੇ ਸਨ। ਹੁਣ ਕੁਦਰਤ ਦਾ ਰੰਗ ਦੇਖੋ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਵਿਚ ਅਡੋਲ ਤੇ ਅਚੱਲ ਬੈਠਦੇ ਕਈ ਵੇਰ ਕੀਰਤਨ ਦੇ ਪ੍ਰਭਾਵ ਵਿਚ ਨੈਣ ਵੀ ਭਰ ਆਉਂਦੇ, ਭੋਗ ਪਏ ਤੇ ਸੰਗਤਾਂ ਨਾਲ ਗੱਲਬਾਤ ਸੁਹਣੀ ਕਰਦੇ, ਅਰਦਾਸ਼ਾਂ ਸੁਣ ਕੇ ਮਿਹਰਾਂ ਬੀ ਕਰਦੇ, ਉੱਠ ਕੇ ਘਰ ਜਾ ਪ੍ਰਸ਼ਾਦ ਛਕ ਦੁਪਹਿਰੇ ਧਨੁਖ ਬਾਣ ਦੇ ਰੰਗ ਵੇਖਦੇ, ਲਾਹੌਰ ਤੋਂ ਆਪਣੇ ਮੇਲ ਦੇ ਖਾਸ ਤੀਰ ਮੰਗਾਉਂਦੇ। ਦੁਪਹਿਰੇ ਇਨ੍ਹਾਂ ਦੇ ਅਭਿਆਸ ਵੇਖਦੇ, ਆਪ ਤੀਰ ਚਲਾਉਂਦੇ, ਦੂਰ ਦੂਰ ਨਿਸ਼ਾਨੇ ਫੁੰਡਦੇ, ਉਨ੍ਹਾਂ ਤੋਂ ਬੰਦੂਕਾਂ ਚਲਵਾ ਕੇ ਨਿਸ਼ਾਨੇ ਤੇ ਗੋਲੀ ਵੱਜਦੀ ਤੱਕ ਦੇ ਖੁਸ਼ ਹੁੰਦੇ। ਸ਼ਿਕਾਰ ਨੂੰ ਜਾਂਦੇ .... ਸਿੱਖ ਭੀ ਸੁਹਣੇਂ ਸੁਹਣੇ ਹਥਿਆਰ ਲਿਆਉਂਦੇ। ਸੰਧਿਆ ਹੋਈ ਤੇ ਸੋਦਰ ਰਹਿਰਾਸ ਦੇ ਦੀਵਾਨ ਵਿਚ ਜ਼ਰੂਰ ਪਹੁੰਚਦੇ ਅਰ ਪਾਠ ਬੜੇ ਅਡੋਲ ਹੋ ਕੇ ਸੁਣਦੇ .... ਪਰ ਕਦੇ ਐਸੇ ਵੈਰਾਗ ਵਿਚ ਆ ਕੇ ਕੋਈ ਸ਼ਬਦ ਗਾ ਉਠਦੇ ਕਿ ਸਾਰੇ ਜਗਤ ਤੇ ਉਪਰਾਮਤਾ ਦਾ ਪ੍ਰਭਾਵ ਛਾ ਜਾਂਦਾ।'[7]

ਸੰਨ ੧੭੩੪ ਦੇ ਹਾੜ ਦੇ ੨੩[8] ਪਰਵਿਸ਼ਟੇ ਨੂੰ ਸਤਿਗੁਰ ਜੀ ਦਾ ਲਾਹੌਰ ਦੇ ਪ੍ਰੇਮੀ ਖੱਤਰੀ ਭਿਖੀਏ ਦੀ ਕਾਕੀ ਜੀਤੋਂ ਜੀ ਨਾਲ ਵਿਵਾਹ ਹੋਇਆ। ਨਵਾਂ ਨਗਰ ਗੁਰੂ ਕਾ ਲਾਹੌਰ ਵਸਾਉਣ ਦਾ ਮਨੋਰਥ ਸਿਰਜਿਆ ਗਿਆ। ਨਾਲੋਂ ਨਾਲ ਦਸਮ ਪਾਤਸ਼ਾਹ ਨੇ ਗੁਰਗੱਦੀ ਦੀ ਕਮਾਨ ਸੰਭਾਲੀ। ਸਿੱਖ ਪੰਥ ਵਿਚ ਸ਼ਹੀਦੀ ਦੀ ਪਰੰਪਰਾ ਨੂੰ ਅੱਗੇ ਵਧਾਉਣ ਲਈ ਆਪ ਨੇ ਬਹਾਦਰੀ ਤੇ ਜੰਗ ਦੀ ਉਮੰਗ ਦੀ ਸੰਕਲਪਨਾ ਹਰ ਚਿਤ ਵਿਚ ਭਰਨ ਦਾ ਉੱਦਮ ਉਪਰਾਲਾ ਕੀਤਾ। ਹਰ ਕਾਇਰ ਅੰਦਰ ਜੋਸ਼ ਦਾ ਜਜ਼ਬਾ ਭਰਨ ਦਾ ਯਤਨ ਕੀਤਾ ਅਤੇ ਸਿੱਖ ਪੰਥ ਨੂੰ ਸਮੇਂ ਦੀ ਲੋੜ ਅਨੁਸਾਰ ਚਿੰਨ੍ਹਾਤਮਕ ਰੂਪ ਅਤੇ ਰਹਿਤ ਮਰਯਾਦਾ ਦਿੱਤੀ। ਪੰਜ ਪਿਆਰਿਆਂ ਦੀ ਚੋਣ ਪ੍ਰਕ੍ਰਿਆ ਦਾ ਕੌਤਕ ਰਚਿਆ ਅਤੇ ਸੰਗਤਾਂ ਨੂੰ ਨਵਾਂ ਜੀਵਨ ਮਨੋਰਥ ਦੇ ਕੇ ਪੰਥ ਨਾਲ ਜੋੜਿਆ। ਕੌਮ ਨੂੰ ਅੰਮ੍ਰਿਤਦਾਤ ਦੇ ਕੇ ਖਾਲਸਾ ਦਾ ਮਾਣ ਬਖਸ਼ਿਆ। ਹਰ ਔਰਤ ਮਰਦ ਨੂੰ ਕੌਰ, ਸਿੰਘ ਦੀ ਪਹਿਚਾਣ ਬਖਸ਼ੀ। ਕੌਮ ਨੂੰ ਸਮਰੱਥ ਬਣਾਉਣ ਲਈ ਕਿਲ੍ਹੇ ਬਣਵਾਏ। ਹਾਥੀ ਘੋੜਿਆਂ ਵਾਲੀ ਸੈਨਾ ਬਣਾਈ। ਸਿੱਖੀ ਦੇ ਆਦਰਸ਼ ਮਨੁੱਖ ਦੀ ਸੰਕਲਪਨਾ ਨੂੰ ਖਾਲਸ ਵਿਅਕਤੀ ਦੇ ਰੂਪ ਵਿਚ ਢਾਲਿਆ। ਗੁਰਮਤਿ ਵਿਚਾਰਧਾਰਾ ਨੂੰ ਨਵੀਨਤਮ ਵੇਗ ਦਿੱਤਾ। ਜਾਤ-ਪਾਤ, ਊਚ-ਨੀਚ ਤੇ ਕਾਇਰਤਾ ਵਰਗੀਆਂ ਬੁਰਾਈਆਂ ਤੇ ਕਰਾਰੀ ਚੋਟ ਕੀਤੀ।

ਭਾਈ ਸਾਹਿਬ ਗੁਰੂ ਫ਼ੁਰਮਾਨ ਨੂੰ ਬਿਆਨ ਕਰਦੇ ਲਿਖਦੇ ਹਨ, 'ਖਾਲਸੇ ਲਈ ਅਸਾਂ ਸਾਰੇ ਗਹਿਣੇ ਭੰਨ ਕੇ ਇਕ ਹੱਸ ਘੜਾ ਕੇ ਇਨ੍ਹਾਂ ਦੇ ਗਲੇ ਪਾ ਦਿੱਤਾ ਹੈ, ਉਹ ਇਕ ਅਕਾਲ ਪੁਰਖ ਦੀ ਟੇਕ ਦੇ ਕੇ ਉਸ ਉਤੇ ਪੂਰਨ ਭਰੋਸੇ ਤੇ ਉਸ ਨਾਲ ਪੂਰਨ ਪ੍ਰੇਮ ਦੀ ਜੁਗਤ-ਨਾਮ ਇਨ੍ਹਾਂ ਨੂੰ ਸਿਖਾ ਦਿੱਤੀ ਹੈ। ਖਾਲਸਾ ਇਸ ਧਾਰਨਾ ਦਾ ਧਾਰਨੀ ਹੋ ਕੇ ਨਾ ਗੋਰਾਂ, ਨਾ ਮੜ੍ਹੀਆਂ, ਨਾ ਮਠਾਂ ਮਠੌਲੀਆ ਨੂੰ ਆਸ ਪੁਜਾਵਨਹਾਰ ਜਾਣ ਕੇ ਉਨ੍ਹਾਂ ਦੀ ਕਾਣ ਕੱਢੇਗਾ, ਨਾ ਰੋਜ਼ੇ ਤੇ ਬੁੱਤ ਆਦਿ ਕਠਨ ਸਾਧਯ ਕਰਮਾਂ ਵਿਚ ਫਸੇਗਾ। ਇਸ ਦਾ ਬੁੱਤ ਇਕ ਅਕਾਲ ਪੁਰਖ ਤੇ ਭਰੋਸਾ, ਇਸ ਦੀ ਅਰਦਾਸ ਸੁਖਣਾ ਮੰਗ ਸਭ ਵਾਹਿਗੁਰੂ ਜੀ ਤੋਂ ਹੋਵੇਗੀ। ਇਸ ਦਾ ਤੀਰਥ ਵਾਹਿਗੁਰੂ ਜੀ ਦਾ ਨਾਮ ਹੋਵੇਗਾ। ਇਸ ਦਾ ਸੰਯਮ ਆਚਰਣ ਦੀ ਸ਼ੁੱਧਤਾ ਹੋਵੇਗਾ, ਇਸ ਦਾ ਤਪ ਕੀਰਤਨ ਹੋਵੇਗਾ। ਇਸ ਦੀ ਦਇਆ ਜੀਵ ਦਇਆ ਹੋਵੇਗੀ।'[9]

ਭਾਈ ਵੀਰ ਸਿੰਘ ਰਚਿਤ ਕਲਗੀਧਰ ਚਮਤਕਾਰ ਵਿਚ ਗੁਰੂ ਤੇਗ ਬਹਾਦਰ ਨੰਦਨ, ਨੂਰਾਂ ਦੇ ਨੂਰ, ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਛਵੀ ਨੂੰ ਇਤਿਹਾਸਕ ਸਥਾਨ ਅਤੇ ਸਿਆਸਤ, ਯੁੱਧ ਖੇਤਰ, ਧਰਮ ਖੇਤਰ ਅਤੇ ਅਕਾਦਮਿਕ ਖੇਤਰ ਵਿਚ ਨਿਸ਼ਚਿਤ ਕੀਤਾ ਜਾ ਸਕਦਾ ਹੈ।

ਇਤਿਹਾਸਕ ਤੌਰ ਤੇ ਗੁਰੂ ਗੋਬਿੰਦ ਸਿੰਘ ਸਿੱਖ ਧਰਮ ਦੇ ਦਸਵੇਂ ਗੁਰੂ ਰੂਪ ਸਨ। ਇਤਿਹਾਸਕ ਝਰੋਖੇ ਵਿਚ ਮੁਗਲ ਕਾਲ ਦਾ ਸਮਾਂ ਦੇਖਿਆ ਜਾਵੇ ਤਾਂ ਮੁਗਲਾਂ ਦੇ ਰਾਜ ਪ੍ਰਬੰਧ ਦੀ ਨੀਤੀ ਲੋਕ ਮਾਰੂ ਹੀ ਰਹੀ ਅਤੇ ਬਾਬਰ ਤੋਂ ਲੈ ਕੇ ਔਰੰਗਜ਼ੇਬ ਤਕ ਦਾ ਇਤਿਹਾਸਕ ਸਮਾਂ ਭਾਰਤ ਲਈ ਜ਼ੁਲਮ ਸਿਤਮ ਦੀ ਦਾਸਤਾਨ ਬਣਿਆ ਰਿਹਾ। ਇਸੇ ਤਰ੍ਹਾਂ ਸਿੱਖ ਪੰਥ ਦੇ ਸੰਦਰਭ ਵਿਚ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਜੱਦੋ ਜਹਿਦ ਲੋਕ ਕਲਿਆਣ ਅਤੇ ਜਾਗ੍ਰਿਤੀ ਪ੍ਰਤੀ ਬਣੀ ਰਹੀ। ਇਹਨਾਂ ਦੋ ਮਤਾਂ ਵਿਚ ਟੱਕਰ ਵੀ ਲਾਜ਼ਮੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿਲਸਿਲੇ ਨੂੰ ਨਵਾਂ ਵੇਗ ਦੇ ਕੇ ਇਹ ਕੰਮ ਆਮ ਲੋਕਾਂ ਦੇ ਸਪੁਰਦ ਕਰ ਦਿੱਤਾ ਅਤੇ ਰਹਿਨੁਮਾਈ 'ਸ਼ਬਦ ਗੁਰੂ' ਤੋਂ ਲੈਣ ਦੀ ਸਿੱਖਿਆ ਹੁਕਮ ਕਰਕੇ ਦਿੱਤੀ। ਔਰੰਗਜ਼ੇਬ ਵਰਗੇ ਬਾਦਸ਼ਾਹ ਨੂੰ ਜ਼ਫ਼ਰਨਾਮਾ ਵਰਗਾ ਖ਼ਿਜ਼ੇ ਪੱਤਰ ਭੇਜ ਕੇ ਇਕ ਚੰਗੇ ਸਿਆਸਤਦਾਨ ਦੀ ਭੂਮਿਕਾ ਅਦਾ ਕੀਤੀ। ਭਾਈ ਸਾਹਿਬ ਲਿਖਦੇ ਹਨ 'ਉਸ ਵੇਲੇ ਜਗਤ ਨੂੰ ਦਿੱਸਦਾ ਹੋਊ ਕਿ ਖਾਲਸੇ ਜੀ ਦੀ ਹਾਰ ਹੋਈ ਹੈ, ਪਰ ਨਹੀਂ, ਔਰੰਗਜ਼ੇਬ ਦੀ ਉਹ ਹਾਰ ਸੀ ਤੇ ਖਾਲਸਾ ਜੀ ਦੀ ਜਿੱਤ ਸੀ। ਹਾਰ ਜਿੱਤ ਦੇ ਉਸ ਵੇਲੇ ਅੰਗੂਰ ਫੁੱਟੇ ਸੇ, ਵਿਚ ਗੱਲ ਕੁਛ ਸਮੇਂ ਦੀ ਸੀ, ਸਮਾਂ ਪਾ ਕੇ ਉਹ ਹਾਰ ਜਿੱਤ ਫਲ ਦੀ ਸੂਰਤ ਵਿਚ ਮੂਰਤੀਮਾਨ ਹੋ ਗਈ; ਤੁਰਕ ਰਾਜ ਸਮਾਪਤ ਹੋ ਗਿਆ ਤੇ ਖਾਲਸੇ ਦਾ ਰਾਜ ਪੰਜਾਬ ਵਿਚ ਕਾਮਯਾਬ ਹੋ ਗਿਆ। ਕਈ ਵਾਰ ਹਾਰ ਜਿੱਤ ਨੂੰ ਸਮਝਣਾ ਮੁਸ਼ਕਿਲ ਹੋ ਜਾਂਦਾ ਹੈ, ਪਰ ਜਦੋਂ ਇਖ਼ਲਾਕੀ ਮੁੱਲ ਪਾਇਆ ਜਾਏ ਤਾਂ ਠੀਕ ਠੀਕ ਪਤਾ ਲੱਗਦਾ ਹੈ, ਬੇਸ਼ਕ ਝੂਠ, ਫਰੇਬ, ਦੰਗੇ, ਚਾਲਾਂ ਕਾਮਯਾਬ ਹੁੰਦੇ ਹਨ ਪਰ ਅੰਤ ਸੱਤਿ ਦੀ ਜੈ ਹੁੰਦੀ ਹੈ।'[10]

ਕਲਗੀਆਂ ਵਾਲੇ ਨੇ ਨਿਰੀ ਵਕਤ ਦੇ ਹਾਕਮਾਂ ਤੇ ਨੈਤਿਕ ਚੋਣ ਹੀ ਨਹੀਂ ਲਾਈ, ਸਗੋਂ ਜੰਗਾਂ ਯੁੱਧਾਂ ਜਿੱਤ ਕੇ ਇਹ ਸਾਬਤ ਕਰ ਦਿੱਤਾ ਕਿ ਗੁਰੂ ਗ੍ਰੰਥ ਵਰਗੇ ਮਹਾਨ ਸ਼ਾਸਤਰ ਨੂੰ ਪੜ੍ਹਨ ਵਾਲੇ ਸ਼ਸਤਰਾਂ ਦੀ ਤਾਕਤ ਨਾਲ ਵੀ ਲੜ ਸਕਦੇ ਹਨ ਜੇ ਜ਼ੁਲਮ ਅੱਗੇ ਵੀ ਹੋ ਸਕਦੇ ਹਨ। ਪਹਾੜੀ ਰਾਜਿਆਂ ਨੂੰ ਅਨੰਦਪੁਰ ਦੀ ਅਨੰਦ ਸ਼ਾਂਤੀ ਵਿਚ ਵਿਘਨ ਪਾਉਣ ਤੋਂ ਰੋਕਣ ਲਈ ਕਈ ਯੁੱਧ ਕੀਤੇ। ਇਹਨਾਂ ਵਿਚੋਂ ਭਾਈ ਵੀਰ ਸਿੰਘ ਜੀ ਨੇ ਜੁੱਧ ਭੰਗਾਣੀ, ਨਾਦੌਣ ਯੁੱਧ, ਹੁਸੈਨੀ ਯੁੱਧ ਖਾਨਜ਼ਦੇ ਦਾ ਹੱਲਾ ਤੇ ਭਾਜੜ ਬਨ ਯੁੱਧ ਆਦਿ ਦਾ ਵਿਵੇਚਨ ਕੀਤਾ ਹੈ। ਪਰ ਇਸ ਵਿਚ ਖ਼ੂਬਸੂਰਤੀ ਨਾਲ ਜਿਸ ਪ੍ਰਸੰਗ ਨੂੰ ਘੜਿਆ ਹੈ ਉਹ ਹੈ ਗੋਬਿੰਦ ਮਹਾਰਾਜ ਦਾ ਪਹਾੜੀ ਰਾਜਿਆਂ ਨੂੰ ਉਪਦੇਸ਼। ਜਿਸ ਵਿਚ ਉਹਨਾਂ ਖਾਲਸੇ ਦੀ ਸੋਭਾ ਨੂੰ ਠੇਸ ਪਹੁੰਚਾਉਂਦੇ ਰਾਜਿਆਂ ਨੂੰ ਸਮਝਾਇਆ ਕਿ ਅਸਲ ਵਿਚ ਖਾਲਸੇ ਦੀ ਪਰਿਭਾਸ਼ਾ ਕੀ ਹੈ, ਕਿਸ ਤਰ੍ਹਾਂ ਇਹ ਦੇਸ਼ ਕੌਮ ਨੂੰ ਸਮਰਪਿਤ ਭਾਵਨਾ ਅਤੇ ਉੱਚਤਮ ਜੀਵਨ ਜਾਚ ਹੈ।

ਗੁਰੂ ਪਾਤਸ਼ਾਹ ਦੀ ਜੀਵਨੀ ਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਧਰਮ ਖੇਤਰ ਵਿਚ ਵਿਚਰਦਿਆਂ ਉਹਨਾਂ ਗੁਰਮਤਿ ਦੀ ਮੂਲ ਵਿਚਾਰਧਾਰਾ ਨੂੰ ਸਦ੍ਰਿੜ ਕੀਤਾ, ਖਾਲਸੇ ਦਾ ਸਿਧਾਂਤ ਉਸ ਦੇ ਅਭਿਆਸ ਦਾ ਵਸੀਲਾ ਬਣਾਇਆ, ਪਰ ਆਪਣੇ ਆਪ ਨੂੰ ਨਿਮਰ ਸਥਾਨ ਤੇ ਆਪੇ ਗੁਰੂ ਚੇਲਾ ਕਰਕੇ ਰੱਖਿਆ। ਭਾਈ ਸਾਹਿਬ ਉਹਨਾਂ ਦੀ ਵਾਰਤਾਲਾਪ ਰਾਹੀਂ ਸਪਸ਼ਟ ਕਹਿੰਦੇ ਹਨ। ਮੈਂ ਜੋ ਖਾਲਸਾ ਰਚਿਆ ਹੈ, ਧਰਮ ਸਰੂਪ ਰਚਿਆ ਹੈ, ਸਾਬਤ ਸੂਰਤ ਦਿੱਤੀ ਹੈ, ਜੋ ਸਨਾਤਨ ਹੁੰਦੀ ਹੈ ਇਹ ਸੂਰਤ ਰੂਹਾਨੀ ਤਾਕਤ ਸਲਾਮਤ ਰੱਖਦੀ ਹੈ।[11] ਆਪ ਜਿਹੇ ਤੇਜਸਵੀ ਦੇ ਧਾਰਮਿਕ ਭਾਵਾਂ ਨੇ ਜਿੱਥੇ ਸਿਰੜ ਦੇ ਆਦਰਸ਼ ਸਿਰਜੇ ਉਥੇ ਨਾਲ ਹੀ ਇਸ ਸਰਬੰਸਦਾਨੀ ਨੇ ਤਿਆਗ, ਕੁਰਬਾਨੀ ਅਤੇ ਬਹਾਦਰੀ ਦੀ ਮਿਸਾਲ ਪੂਰੀ ਦੁਨੀਆ ਅੱਗੇ ਰੱਖੀ ਕਿ ਧਰਮ ਕਿਵੇਂ ਉਪਜਦਾ ਹੈ। ਧਰਮ ਨੂੰ ਕਿਵੇਂ ਜੀਵਿਆ ਜਾ ਸਕਦਾ ਹੈ ਅਤੇ ਧਰਮ ਲਈ ਕਿਵੇਂ ਮਰਿਆ ਜਾ ਸਕਦਾ ਹੈ। ਪਰਿਵਾਰ ਵਿਛੜਿਆ, ਪਿਤਾ ਧਰਮ ਲਈ ਸ਼ਹੀਦ ਹੋਇਆ, ਚਾਰੇ ਪੁੱਤਰ ਪਿਆਰੇ ਲਾਲਾ ਧਰਮ ਦੀ ਆਨ ਲਈ ਸ਼ਹੀਦ ਹੋਏ, ਮਾਤਾ ਜੀ ਨੇ ਸ਼ਹੀਦੀ ਪਾਈ। ਫਿਰ ਵੀ ਇਸ ਤਿਆਗਮੂਰਤੀ ਨੇ ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਸੁਣਾ ਕੇ ਭਾਣਾ ਮੰਨਿਆ ਤੇ ਇਹ ਮਹਾਤਮਾ ਮਾਛੀਵਾੜੇ ਦੇ ਬਿਖਮ ਜੰਗਲਾਂ ਵਿਚ ਵੀ ਕੌਤਕ ਰਚ ਗਿਆ। ਇਤਨੀ ਉੱਚੀ ਧਾਰਮਿਕ ਭਾਵਨਾ ਉਹਨਾਂ ਨੂੰ ਇਕ ਆਦਰਸ਼ਕ ਸ਼ਖਸੀਅਤ ਦੇ ਤੌਰ ਤੇ ਵਿਖਾ ਰਹੀ ਹੈ ਕਿ ਖਾਲਸ ਕਿਵੇਂ ਬਣਨਾ ਹੁੰਦਾ ਹੈ। ਭਾਈ ਵੀਰ ਸਿੰਘ ਇਸ ਦਸ਼ਾ ਨੂੰ

ਬਿਆਨ ਕਰਦੇ ਲਿਖਦੇ ਹਨ, ਉਹ ਮਹਾਂਪੁਰਖ ਜੋ ਅਰਸ਼ਾਂ ਤੋਂ ਰੱਬੀ ਰੰਗ ਰਮਾਉਣ ਆਯਾ ਹੈ, ਜਿਸ ਦੀ ਸੇਵਾ ਵਿਚ ਦੇਵਗਣ ਤੇ ਫਰਿਸ਼ਤੇ ਹਾਜ਼ਰ ਹਨ, ਉਹ ਜਿਸ ਦੇ ਟੁਰਨ ਲਈ ਮਖ਼ਮਲੀ ਫਰਸ਼ ਵਿਛਦੇ ਸਨ, ਜਿਸ ਦੇ ਆਰਾਮ ਲਈ ਜਗਤ ਆਪਾ ਵਾਰਦਾ ਸੀ, ਅੱਜ ਤੱਕਣਾ! ਟਿੰਡ ਸਿਰਹਾਣੇ ਰੱਖ ਭੁੰਞੇ ਪਿਆ ਹੈ, ਪੈਰੀਂ ਛਾਲੇ ਹਨ, ਸਰੀਰ ਥਕਤ ਹੈ, ਪਾਸ ਕੋਈ ਦਰਦੀ ਪਿਆਰਾ ਨਹੀਂ, ਪਰਿਵਾਰ ਵਿਛੋੜ ਆਏ ਹਨ, ਬੱਚੇ ਕੁਹਾ ਆਏ ਹਨ, ਆਂਦਰਾ ਦੇ ਸਨੇਹ ਪੁਰਜ਼ੇ-ਪੁਰਜ਼ੇ ਕਰਵਾ ਆਏ ਹਨ, ਪਯਾਰੇ-ਪਯਾਰਿਆਂ ਤੋਂ ਪਯਾਰੇ-ਬਲੀਦਾਨ ਦੇ ਆਏ ਹਨ, ਜੋ ਨਾਲ ਸਨ, ਉਹ ਬੀ ਖੁੰਝਾ ਆਏ ਹਨ, ਇਸ ਵੇਲੇ ਇਕੱਲੇ ਬਿਰਾਜ ਰਹੇ ਹਨ।[12] ਇਹ ਵਾਰਤਾ ਉਹਨਾਂ ਗੁਰਬਾਣੀ ਦੀ ਤੁਕ ਨਾਲ ਸਪਸ਼ਟ ਕੀਤੀ ਹੈ ਜਿਵੇਂ :-

ਧੰਨ ਧੰਨ ਗੁਰਦੇਵ ਜੁ ਸੁਖ ਦੁਖ ਬ੍ਰਿਤੀ ਸਮਾਨ
ਹਰਖ ਸ਼ੋਕ ਜਾਕੈ ਨਹੀਂ, ਰਾਗ ਦ੍ਵੈਸ਼ ਮਹਾਨ। ੨੩।[13]

ਗੁਰ. ਪ ਸ : ੬੪੨

ਇਹ ਮਹਾਂਪੁਰਖ ਸਿੱਖ ਧਰਮ ਵਿਚ ਇੰਨਾ ਪਰਿਪੱਕ ਸੀ ਕਿ ਕਿਸੇ ਨੂੰ ਜਬਰਨ ਇਸ ਵਿਚ ਦਾਖਲਾ ਕਰਨ ਦੇ ਸਖਤ ਖਿਲਾਫ ਸੀ ਜੋ ਟੱਕਰ ਵਿਚ ਮੁਗ਼ਲ ਹਾਕਮ ਕਰ ਰਹੇ ਸਨ, ਉਹ ਗੋਬਿੰਦ ਮਹਾਰਾਜ ਨੂੰ ਗਵਾਰਾ ਨਹੀਂ ਸੀ। ਭਾਈ ਨੰਦ ਲਾਲ ਵਰਗੇ ਮਹਾਂ ਵਿਦਵਾਨ ਨੂੰ ਬਿਨਾ ਮਾਨਸਿਕ ਏਸ ਇਕ ਗੁਰਸਿੱਖ ਪਰਮ ਪਿਆਰੇ ਵਜੋਂ ਮਾਣ ਬਖਸ਼ਿਆ। ਜਿਸ ਤਰ੍ਹਾਂ ਦੀ ਜ਼ਿਦ ਔਰੰਗਜ਼ੇਬ ਨੇ ਕੀਤੀ ਉਹਨਾਂ ਨੂੰ ਮੁਸਲਮਾਨ ਬਣਾਉਣ ਦੀ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਦਿਆਨਤਦਾਰੀ ਸਦਕਾ ਇੰਝ ਨਹੀਂ ਕੀਤਾ, ਸਿੱਖੀ ਗ੍ਰਹਿਣ ਕਰਨ ਤੇ ਜ਼ੋਰ ਦੇਣ ਦੀ ਬਜਾਏ ਉਹਨਾਂ ਦੀ ਵਿਦਵਤਾ ਨੂੰ ਸਿੱਖੀ ਦਰਬਾਰ ਦਾ ਮਾਣ ਬਣਾ ਦਿੱਤਾ। ਉਹਨਾਂ ਦਾ ਅਕਾਦਮਿਕ ਅਤੇ ਗਿਆਨ ਖੇਤਰ ਨਾਲ ਲਗਾਵ ਉਹਨਾਂ ਦੀ ਸ਼ਖ਼ਸੀਅਤ ਦਾ ਇਕ ਓਜਮਈ ਪਹਿਲੂ ਹੈ। ਬਚਿਤ੍ਰ ਨਾਟਕ, ਦਸਮ ਗ੍ਰੰਥ, ਚੌਪਈ, ਜਾਪ ਸਾਹਿਬ, ਬਾਣੀ ਰਚਨਾ ਕਰਕੇ ਆਪਣੇ ਆਪ ਨੂੰ ਇਕ ਸੁਹਿਰਦ ਹਿਰਦੇ ਵਾਲਾ ਕਵੀ ਸਵੀਕਾਰਿਆ ਗਿਆ।

ਸ੍ਰੀ ਕਲਗੀਧਰ ਚਮਤਕਾਰ ਰਚਨਾ ਵਿਚ ਭਾਈ ਵੀਰ ਸਿੰਘ ਜੀ ਨੇ ਅਸਲ ਵਿਚ ਗੁਰੂ ਗੋਬਿੰਦ ਜੀ ਦੀ ਸੁਹਿਰਦ ਛਵੀ ਨੂੰ ਹੀ ਜ਼ਿਆਦਾ ਉਘਾੜਿਆ ਹੈ ਕਿ ਕਿਸ ਤਰ੍ਹਾਂ ਉਹ ਬਚਪਨ ਤੋਂ ਲੈ ਕੇ ਅੰਤ ਸਮੇਂ ਤਕ ਵੱਖੋ ਵੱਖਰੇ ਲੋਕਾਂ ਦੇ ਸੰਪਰਕ ਵਿਚ ਆਉਂਦੇ ਹੋਏ ਤੇ ਉਹਨਾਂ ਨੂੰ ਜੀਵਨ ਛੋਹ ਦੇ ਜਾਂਦੇ ਹੈ। ਭਾਈ ਕਨ੍ਹੱਯਾ ਜੀ ਅਤੇ ਬੰਦਾ ਬਹਾਦਰ ਦੇ ਪ੍ਰਸੰਗ ਇਸ ਵਿਚ ਵਿਸ਼ੇਸ਼ ਤੌਰ ਤੇ ਉਲੇਖਨੀਯ ਹਨ। ਇੱਥੋਂ ਤਕ ਕਿ ਇਸ ਰਚਨਾ ਵਿਚ ਭਾਈ ਸਾਹਿਬ ਨੇ ਇਸਤਰੀ ਸਤਿਕਾਰ ਬਹਾਦਰੀ ਅਤੇ ਬਰਾਬਰੀ ਪ੍ਰਤਿ ਆਪ ਦੇ ਰਵੱਈਏ ਨੂੰ ਦ੍ਰਿਸ਼ਟੀਮਾਨ ਕਰਨ ਲਈ ਰਾਇਪੁਰ ਦੀ ਰਾਣੀ, ਬੀਬੀ ਰੰਗ ਕੰਵਰ, ਦੀਪ ਕੌਰ, ਬੀਬੀ ਸੁਘੜ ਬਾਈ, ਬੀਬੀ ਸ਼ਰਨ ਕੌਰ, ਬਸੰਤ ਲਤਾ, ਮਾਈ ਭਾਗੋ, ਬੀਬੀ ਦੇਸਾਂ ਆਦਿ ਦਾ ਵਿਸ਼ੇਸ਼ ਜ਼ਿਕਰ ਹੈ।

ਇਸ ਤਰ੍ਹਾਂ ਭਾਈ ਵੀਰ ਸਿੰਘ ਜੀ ਨੇ ਦਸਮ ਪਾਤਸ਼ਾਹ ਨੂੰ ਇਸ ਰਚਨਾ ਵਿਚ ਪਿਤਾ ਦੀ ਪ੍ਰੇਰਨਾ ਸ਼ਕਤੀ, ਮਾਤਾ ਦਾ ਮੋਹ ਕੌਮੀ ਸਿਰਜਕ, ਬਾਣੀ ਰਚੈਤਾ, ਤਿਆਗਮੂਰਤੀ, ਸਰਬੰਸਦਾਨੀ ਤੇ ਸੁਹਿਰਦ ਸ਼ਾਸਕ ਵਜੋਂ ਚਿਤਰਿਆ।

ਹਵਾਲੇ ਅਤੇ ਟਿੱਪਣੀਆਂ

1. ਭਾਈ ਵੀਰ ਸਿੰਘ, ਸ੍ਰੀ ਕਲਗੀਧਰ ਚਮਤਕਾਰ ਪੂਰਬਾਰਧ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1999, ਪੰਨਾ ੩
2. ਉਹੀ
3. ਸ੍ਰੀ ਕਲਗੀਧਰ ਚਮਤਕਾਰ ਪੂਰਬਾਰਧ, ਪੰਨਾ ੨੭
4. ਉਹੀ
5. ਉਹੀ, ਪੰਨਾ ੪੯
6. ਉਹੀ, ਪੰਨਾ ੬੩
7. ਉਹੀ, ਪੰਨਾ ੬੮
8. ਇਸ ਬਾਰੇ ਭਾਈ ਵੀਰ ਸਿੰਘ ਨੇ ਦੁਬਿਧਾ ਪ੍ਰਗਟ ਕੀਤੀ ਹੈ ਕਿ ਗੁਰੂ ਪ੍ਰਤਾਪ ਸੂਰਜ ਅਤੇ ਤਵਾਰੀਖ ਖਾਲਸਾ ਵਰਗੀਆਂ ਹਵਾਲਾ ਪੁਸਤਕਾਂ ਵਿਚ ਮਤਭੇਦ ਹਨ।

9. ਸ੍ਰੀ ਕਲਗੀਧਰ ਚਮਤਕਾਰ ਉਤ੍ਰਾਰਧ (ਦੂਜਾ ਅੱਧ), ਪੰਨਾ ੮੨
10. ਉਹੀ, ਪੰਨਾ ੧੭੨
11. ਉਹੀ, ਪੰਨਾ ੨੩੬
12. ਉਹੀ, ਪੰਨਾ ੧੦੪
13. ਉਹੀ –

ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ
ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਸ਼ਖਸੀਅਤ

*ਡਾ. ਅਮਨਜੋਤ ਕੌਰ**

ਪੰਥ ਪ੍ਰਕਾਸ਼ ਖਾਲਸਾ ਪੰਥ ਦੇ ਇਤਿਹਾਸ ਦੀ ਪ੍ਰਾਚੀਨ ਰਚਨਾ ਹੈ ਜਿਸਨੂੰ ਸਭ ਤੋਂ ਪਹਿਲਾਂ ਰਤਨ ਸਿੰਘ ਭੰਗੂ ਵਲੋਂ ਲਿਖਿਆ ਮੰਨਿਆ ਜਾਂਦਾ ਹੈ। ਇਸ ਦੀ ਰਚਨਾ ਬਾਰੇ ਮਹਾਨ ਕੋਸ਼ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਜਦੋਂ 1809 ਲੁਧਿਆਣੇ ਵਿਚ ਕਪਤਾਨ ਮੁਰੇ (Captain Murray) ਸਿੱਖ ਇਤਿਹਾਸ ਦੀ ਖੋਜ ਕਰ ਰਹੇ ਸਨ ਤਾਂ ਉਹਨਾਂ ਨੇ ਆਪਣੀ ਖੋਜ ਦੌਰਾਨ ਭਾਈ ਰਤਨ ਸਿੰਘ ਭੰਗੂ ਦੀ ਮਦਦ ਲਈ ਸੀ। ਰਤਨ ਸਿੰਘ ਭੰਗੂ ਜੋ ਇਤਿਹਾਸ ਉਸਨੂੰ ਸੁਣਾਉਂਦੇ ਸਨ, ਉਹੀ ਇਤਿਹਾਸ ਉਹ ਘਰ ਜਾ ਕੇ ਲਿਖ ਲੈਂਦੇ ਸਨ। ਉਹਨਾਂ ਦੀ ਇਹ ਲਿਖਤ ਪੰਥ ਪ੍ਰਕਾਸ਼ ਦਾ ਰੂਪ ਬਣੀ। ਬੇਸ਼ਕ ਰਤਨ ਸਿੰਘ ਭੰਗੂ ਦੀ ਇਹ ਰਚਨਾ ਪੰਥ ਪ੍ਰਕਾਸ਼ ਪ੍ਰਾਚੀਨ ਪੰਥ ਪ੍ਰਕਾਸ਼ ਹੈ ਪਰ ਗਿਆਨੀ ਗਿਆਨ ਸਿੰਘ ਇਸ ਰਚਨਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸਨ। ਉਹਨਾਂ ਨੇ ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼ ਪੜ੍ਹ ਕੇ ਇਹ ਮਹਿਸੂਸ ਕੀਤਾ ਕਿ ਜਿਤਨਾ ਗੁਰੂ ਦਾ ਪੰਥ ਸਰਬਰੰਗੀ ਹੈ ਉਤਨਾ ਵਧੀਆ ਉਸ ਪੰਥ ਦਾ ਇਤਿਹਾਸ ਨਹੀਂ ਲਿਖਿਆ ਗਿਆ ਤੇ ਉਹਨਾਂ ਇਹ ਅਨੁਭਵ ਕੀਤਾ ਕਿ ਸਿੱਖ ਇਤਿਹਾਸ ਮੁੜ ਨਵੇਂ ਸਿਰਿਓਂ ਲਿਖਣ ਦੀ ਲੋੜ ਹੈ। ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਦੇ ਆਰੰਭ ਵਿਚ ਲਿਖਦੇ ਹਨ :

ਗੁਰੂ ਪੰਥ ਪ੍ਰਕਾਸ਼ ਸੁਹਾਵਨਾ। ਰਤਨ ਸਿੰਘ ਜੋ ਕੀਨ ਬਖਾਵਨਾ।
ਢੀਲੀ ਤਾਹਿ ਅਧਿਕ ਕਵਿਤਾਈ। ਮਤਲਬ ਥੋਰਾ ਬਹੁਤ ਫੈਲਾਈ।
ਹੁਤੋ ਸਿੰਘ ਵਹਿ ਸੂਧਾ ਸਾਧਾ। ਕਵਿਤਾ ਕੀ ਨ ਲਖਤ ਮਰਯਾਦਾ।
ਜੈਸਾ ਗੁਰੂ ਕਾ ਪੰਥ ਰੰਗੀਲਾ। ਬੀਰ ਬਾਂਕਰੈ ਛੈਲ ਛਬੀਲਾ।
ਚਹੀਏ ਗਾਥ ਤਾਹਿ ਕੀ ਤੈਸੀ। ਦੇਵ ਅਨੁਰੂਪ ਬਲੀ ਦੈਵ ਜੈਸੀ[1]

'ਸ੍ਰੀ ਗੁਰੂ ਪੰਥ ਪ੍ਰਕਾਸ਼' ਗਿਆਨੀ ਗਿਆਨ ਸਿੰਘ ਜੀ ਦੀ ਪਹਿਲੀ ਸੁੰਦਰ ਕਾਵਿ-ਰਚਨਾ ਹੈ। ਆਪ ਪ੍ਰਸਿੱਧ ਸਿੱਖ ਇਤਿਹਾਸਕਾਰ ਤੇ ਬ੍ਰਿਜ ਭਾਸ਼ਾ ਕਾਵਿ ਦੇ ਮਹਾਂਕਵੀ ਸਨ। ਇਹਨਾਂ ਦੀਆਂ ਦੋ ਪੁਸਤਕਾਂ 'ਸ੍ਰੀ ਗੁਰੂ ਪੰਥ ਪ੍ਰਕਾਸ਼ (ਬ੍ਰਿਜ ਭਾਸ਼ਾ ਕਾਵਿ) ਅਤੇ ਤਵਾਰੀਖ ਗੁਰੂ ਖਾਲਸਾ (ਪੰਜਾਬੀ ਵਾਰਤਕ) ਸਿੱਖ ਇਤਿਹਾਸ ਦੀਆਂ ਅਮਰ ਰਚਨਾਵਾਂ ਹਨ। ਆਪ ਨੇ ਇਤਿਹਾਸਕ ਸਮੱਗਰੀ ਨੂੰ ਯਾਤਰਾਵਾਂ ਦੌਰਾਨ ਇਕੱਠਾ ਕੀਤਾ ਤੇ 1867 ਈ. ਵਿਚ ਪੂਰਾ ਤਿਆਰ ਕਰ ਲਿਆ ਤੇ 1880 ਈ. ਵਿਚ ਪਹਿਲੀ ਵਾਰ ਇਹ ਦਿੱਲੀ ਵਿਚ ਪੱਥਰ ਦੇ ਛਾਪੇ ਦੇ ਰੂਪ ਵਿਚ ਪ੍ਰਕਾਸ਼ਿਤ ਹੋਇਆ। ਗਿਆਨੀ ਜੀ ਨੇ ਆਪਣੀ ਇਸ ਲੇਖਣੀ ਵਿਚ ਆਪਣੇ ਸਮੇਂ ਤਕ ਦੇ ਇਤਿਹਾਸ ਨੂੰ ਬਿਆਨ ਕਰਨ ਦਾ ਸਫਲ ਯਤਨ ਕੀਤਾ ਹੈ।

'ਗਿਆਨੀ ਗਿਆਨ ਸਿੰਘ ਦੀ ਕ੍ਰਿਤ' ਸ੍ਰੀ ਗੁਰੂ ਪੰਥ ਪ੍ਰਕਾਸ਼' ਖਾਲਸਾ ਪੰਥ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਸਮਝਣ ਲਈ ਅਠਾਰਵੀਂ ਸਦੀ ਦਾ ਇਕ ਮਹੱਤਵਪੂਰਣ ਸ੍ਰੋਤ ਹੈ। ਇਹਨਾਂ ਦੀਆਂ ਰਚਨਾਵਾਂ ਸੰਬੰਧੀ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵੀਚਾਰ ਹਨ। ਪ੍ਰੋ. ਸੁਖਦਿਆਲ ਸਿੰਘ ਅਨੁਸਾਰ ਗਿਆਨੀ ਜੀ ਨੇ 18 ਪੁਸਤਕਾਂ ਲਿਖਣ ਦੀ ਤਜ਼ਵੀਜ ਉਲੀਕੀ ਸੀ। ਜਿਨ੍ਹਾਂ ਵਿਚੋਂ ਕੇਵਲ 11 ਪੁਸਤਕਾਂ ਹੀ ਪ੍ਰਕਾਸ਼ਿਤ ਕਰਵਾ ਸਕੇ।[2]

ਬੇਸ਼ੱਕ ਉਹਨਾਂ ਦੀਆਂ ਸਾਰੀਆਂ ਰਚਨਾਵਾਂ ਪ੍ਰਕਾਸ਼ਿਤ ਨਹੀਂ ਹੋ ਸਕੀਆਂ ਤੇ ਕੁਝ ਹੱਥ ਲਿਖਤਾਂ ਤਾਂ ਅਲੋਪ ਹੀ ਹੋ ਗਈਆਂ ਪਰ ਉਹਨਾਂ ਦੀਆਂ ਦੋ ਰਚਨਾਵਾਂ 'ਸ੍ਰੀ ਗੁਰੂ ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖਾਲਸਾ' ਇਤਿਹਾਸਕ ਦ੍ਰਿਸ਼ਟੀ ਤੋਂ ਵਿਸ਼ੇਸ਼ ਕਰਕੇ ਪ੍ਰਸਿੱਧ ਹਨ। ਗਿਆਨੀ ਜੀ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼

*ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਚਨਾ ਦਾ ਅਰੰਭ ਆਪਣੇ ਵਿਦਿਅਕ ਗੁਰੂ ਪੰਡਿਤ ਤਾਰਾ ਸਿੰਘ ਨਰੋਤਮ ਦੇ ਕਹਿਣ ਅਨੁਸਾਰ ਕੀਤਾ। ਉਹਨਾਂ ਨੇ ਆਪਣੇ ਇਸ ਕਾਵਿ-ਗ੍ਰੰਥ ਵਿਚ ਦਸ ਗੁਰੂਆਂ ਦਾ ਜੀਵਨ, ਖਾਲਸੇ ਦੀਆਂ ਬਹੁਮੁੱਲੀਆਂ ਕੁਰਬਾਨੀਆਂ, ਮਿਸਲਾਂ ਦੀ ਸਥਾਪਨਾ ਅਤੇ ਉਹਨਾਂ ਦੇ ਰਾਜ-ਭਾਗ ਤੇ ਉਹਨਾਂ ਦੇ ਆਪਸੀ ਸੰਬੰਧਾਂ ਦਾ ਵਰਨਣ ਬਾਖੂਬੀ ਕੀਤਾ ਹੈ। ਗਿਆਨੀ ਜੀ ਨੇ ਬੇਸ਼ਕ ਸਿੱਖਾਂ ਦੀ ਬੀਰਤਾ ਨੂੰ ਵਧੇਰੇ ਉਘਾੜਿਆ ਹੈ ਪਰ ਦੂਸਰੀ ਧਿਰ ਵਾਲਿਆਂ ਦੀ ਬਹਾਦਰੀ ਨੂੰ ਵੀ ਅਣਗੌਲਿਆਂ ਨਹੀਂ ਕਰਦੇ। ਕਈ ਘਟਨਾਵਾਂ ਨੂੰ ਬੜੀ ਹੀ ਸੁਘੜਤਾ ਨਾਲ ਰੋਚਕ ਬਣਾ ਕੇ ਪੇਸ਼ ਕੀਤਾ ਹੈ।

ਮੇਰੇ ਇਸ ਖੋਜ ਪੇਪਰ ਦਾ ਮਨੋਰਥ ਗਿਆਨੀ ਗਿਆਨ ਸਿੰਘ ਵਲੋਂ ਰਚਿਤ ਬਹੁਪੱਖੀ ਰਚਨਾ 'ਪੰਥ ਪ੍ਰਕਾਸ਼' ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਜੀਵਨ ਸਖਸ਼ੀਅਤ ਨੂੰ ਪੇਸ਼ ਕਰਨ ਦਾ ਯਤਨ ਹੋਵੇਗਾ। ਇਸ ਰਚਨਾ ਵਿਚ ਗੁਰੂ ਸਾਹਿਬ ਦਾ ਜੀਵਨ, ਸੁਭਾਅ, ਕਰਤੱਵ, ਸੱਚੇ ਸੁੱਚੇ ਆਚਰਣ ਬਾਰੇ, ਸਿੱਖਾਂ ਦਾ ਵਰਤਾਰਾ ਅਤੇ ਵਿਰੋਧੀ ਦਲਾਂ ਦੀਆਂ ਚਾਲਾਂ, ਇਤਿਹਾਸਕ ਘਟਨਾਵਾਂ ਦੀ ਭਰਪੂਰ ਜਾਣਕਾਰੀ ਦਾ ਬਿਓਰੇਵਾਰ ਵਰਨਣ ਪ੍ਰਾਪਤ ਹੁੰਦਾ ਹੈ ਜਿਸ ਨਾਲ ਗੁਰੂ ਸਾਹਿਬ ਦੀ ਸਮੁੱਚੀ ਸ਼ਖਸੀਅਤ ਸਾਹਮਣੇ ਆਉਂਦੀ ਹੈ। ਕਵੀ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਉਹਨਾਂ ਨਾਲ ਸੰਬੰਧਿਤ ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਬੜੇ ਹੀ ਸਲੀਕੇ ਨਾਲ ਪੇਸ਼ ਕੀਤਾ ਹੈ। ਉਹਨਾਂ ਨੇ ਇਤਿਹਾਸਕ ਹਵਾਲਿਆਂ ਦੇ ਨਾਲ-ਨਾਲ ਇਤਿਹਾਸਕ ਤਰੀਖਾਂ ਦਾ ਵੀ ਜ਼ਿਕਰ ਕੀਤਾ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਲਿਖਦੇ ਹਨ :

ਤੇਗ ਬਹਾਦੁਰ ਪਿਤਾ ਕੋ ਘਰ ਸ੍ਰੀ ਗੁਜਰੀ ਮਾਤ।
ਸੱਤ੍ਰਾਂ ਸੈ ਤੇਈ ਸੁਦੀ ਸਤੇ ਪੋਖ ਬਖ਼ਯਾਤ।2॥
ਪਟਨੇ ਮੈ ਪਰਗਟ ਭਏ ਗੁਰ ਗੋਬਿੰਦ ਮਿਰਗਿੰਦ।
ਪੰਥ ਖਾਲਸਾ ਰਚਯੋ ਜਿਨ ਰੱਖਕ ਹਿੰਦੁਨਜਿੰਦੁ।3॥[3]

ਇਸੀ ਤਰ੍ਹਾਂ ਉਨ੍ਹਾਂ ਦੇ ਬਚਪਨ ਦੀ ਇਤਿਹਾਸਕ ਘਟਨਾ ਜਦੋਂ ਇਸਤਰੀਆਂ ਇਕੱਠੀਆਂ ਹੋ ਕੇ ਖੂਹ ਤੋਂ ਪਾਣੀ ਭਰਨ ਆਉਂਦੀਆਂ ਹਨ, ਬਾਲ ਗੋਬਿੰਦ ਰਾਇ ਵਲੋਂ ਗੁਲੇਲ ਮਾਰ ਕੇ ਘੜੇ ਤੋੜ ਦੇਣਾ, ਤੀਵੀਆਂ ਵਲੋਂ ਉਲਾਂਭੇਂ ਦੇਣਾ ਅਤੇ ਕਈ ਝਗੜੇ ਖੜੇ ਹੋ ਜਾਣੇ, ਗੁੱਸੇ ਵਿਚ ਮਾਤਾ ਨੇ ਖੂਹ ਦੇ ਪਾਣੀ ਨੂੰ ਖਾਰੇ ਹੋਣ ਦਾ ਸਰਾਪ ਦੇਣ ਆਦਿ ਘਟਨਾਵਾਂ ਨੂੰ ਬੜੇ ਰੋਚਕ ਢੰਗ ਨਾਲ ਪੇਸ਼ ਕੀਤਾ ਹੈ।

ਦਸਮ ਗੁਰੂ ਬਾਲਕਪਨ ਹੀ ਮੇ ਲਗੇ ਗੁਲੇਲ ਚਲਾਨੇ।
ਜੋ ਤ੍ਰੀਮਤ ਜਨ ਭਰਨੇ ਆਵੈ ਕਰ ਹੈ ਘੜੇ ਨਿਸ਼ਾਨੇ।
ਗੁਰ ਕੇ ਬਰ ਸਰਾਫ ਤੈ ਡਰਤੀ ਇਨਕੋ ਕਿਛੁ ਨਾ ਕੈਹੈਂ।
ਮਾਤਾ ਪਾਸ ਪੁਕਾਰੈਂ ਨਾਰੈਂ ਨਿੱਤ ਉਲਾਂਭੇ ਦੈਹੈਂ।
ਮਾਤਾ ਘੜੇ ਮੰਗਾ ਬਹੁ ਰਾਖੇ ਇਸੀ ਹੇਤ ਤੈ ਅਗਦੀ।
ਕਿਸ ਹੀ ਘੜਾ ਕਿਸੀ ਕੋ ਬਸਤ੍ਰ ਕਾਹੂ ਦੈ ਕੁਛ ਨਕਦੀ।
ਟਾਰਤ ਰਹਿਤ ਕਹਿਤ ਕਛੁ ਨਾਹੈ ਸਾਹਿਬਜਾਦੇ ਤਾਂਈ।
ਕਯੋਂ ਕੇ ਟਾਰੇ ਟਰਤ ਨਹੀ ਥੇ ਕਰਤੇ ਥੇ ਮਨ ਭਾਈ।
ਇਕ ਦਿਨ ਇਕ ਤੁਰਕਾਨੀ ਕੇ ਥਾ ਸਿਰਮੇ ਲਗਾ ਗੁਲੇਲਾ।
ਥੀ ਵਹ ਬਡੇ ਬਾਪ ਕੀ ਬੇਟੀ ਇਸ ਤੈ ਪਰਯੋ ਝੰਬੇਲਾ।
ਮਾਤਾ ਦੇ ਪੁਸ਼ਾਕ ਬਹੁ ਨਕਦੀ ਕਿਵੇਂ ਕਿਵੇਂ ਸੋ ਟਾਰਾ।
ਪਰ ਗੁਸੇ ਵਿਚ ਮਾਤਾ ਜੀਨੈ ਐਸੇ ਬਚਨ ਉਚਾਰਾ।
ਹੇ ਗੁਰੂ ਨਾਨਕ ਇਸ ਕੂਏਂ ਦਾ ਪਾਣੀ ਹੋਵੈ ਖਾਰਾ।
ਜਿਸਤੈ ਕੋਈ ਆਇ ਨ ਭਰਨੈ ਮਿਟ ਹੈ ਝੰਜਟ ਸਾਰਾ।
ਬਚਨ ਮਾਤ ਕੇ ਸਾਥ ਕੂਪ ਜਲ ਭਯੋ ਕਟੁ ਹੈ ਅਬਲੌਂ।[4]

ਲੇਖਕ ਨੇ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨੂੰ ਕਈ ਪ੍ਰਤੀਕਾਂ ਨਾਲ ਸੰਬੋਧਨ ਕੀਤਾ ਹੈ ਉੱਥੇ ਗੁਰੂ ਦੇ ਸਿੱਖਾਂ ਲਈ ਵੀ ਕਈ ਪ੍ਰਤੀਕ ਵਰਤੇ ਹਨ ਜਿਵੇਂ ਦੁਸ਼ਮਣ ਦੀ ਫੌਜ ਨੂੰ ਵੇਖ ਕੇ ਸਿੰਘਾਂ ਦੀ ਮਨੋਦਸ਼ਾ ਦਾ ਵਰਨਣ ਬੜੀ ਖੂਬਸੂਰਤੀ ਨਾਲ ਵਰਨਣ ਕਰਦੇ ਹੋਏ ਕਹਿੰਦੇ ਹਨ :

ਗਜ ਝੁੰਡਨ ਕੋ ਪਿਖ ਸੇਰ ਦਬੈ ਕਿਮ
ਕੂੰਜਨ ਕੋ ਪਿਖ ਕੈ ਬਹਿਗੀ॥
ਮਧ ਗੋਲ ਸੁ ਢੋਲ ਅਮੋਲ ਬਜੇ
ਕਿਮ ਅੱਡੀ ਨਚਾਰ ਰਹੇ ਠਹਿਗੀ।[6]

ਭਾਵ ਹਾਥੀਆਂ ਦੇ ਝੁੰਡ ਨੂੰ ਦੇਖ ਕੇ ਸ਼ੇਰ ਚੁੱਪ ਨਹੀਂ ਬੈਠਾ ਰਹਿ ਸਕਦਾ, ਬਹੁਤੀਆਂ ਕੂੰਜਾਂ ਨੂੰ ਦੇਖ ਕੇ ਸ਼ਿਕਾਰੀ ਪੰਛੀ ਡਰ ਨਹੀਂ ਸਕਦਾ ਉਸੇ ਤਰ੍ਹਾਂ ਬਿਜਲੀ ਦੀ ਅੱਗ ਵਾਂਗੂੰ ਤੇਜ਼ ਗਰਜਣ ਵਾਲੇ ਬਹਾਦਰ ਸਿੱਖਾਂ ਦਾ ਨਾਇਕ ਗੁਰੂ ਗੋਬਿੰਦ ਸਿੰਘ ਹੈ। ਜਿਨ੍ਹਾਂ ਦੀ ਸਰਬ ਕਲਾ ਸ਼ਖਸੀਅਤ ਦਾ ਅੰਦਾਜ਼ਾ ਭਲੀ ਪ੍ਰਕਾਰ ਲਗਾਇਆ ਜਾ ਸਕਦਾ ਹੈ।

ਲੇਖਕ ਨੇ ਪੰਥ ਪ੍ਰਕਾਸ਼ ਵਿਚ ਖਾਲਸੇ ਨੂੰ ਆਈਆਂ ਅਥਾਹ ਮੁਸ਼ਕਲਾਂ, ਮੁਸੀਬਤਾਂ, ਦਿਲ ਕੰਬਾ ਦੇਣ ਵਾਲੇ ਤਸੀਹੇ, ਸ਼ਹੀਦੀਆਂ ਅਤੇ ਪੰਥ ਦੇ ਦ੍ਰਿੜ ਇਰਾਦੇ ਦਾ ਪ੍ਰਗਟਾਉ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੀਤਾ ਹੈ। ਸਿੱਖਾਂ ਦੀ ਸਿੱਖੀ ਪ੍ਰਤੀ ਪ੍ਰਤੀਬੱਧਤਾ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਦਾ ਝਲਕਾਰਾ ਪ੍ਰਤੱਖ ਦਿੱਸਦਾ ਹੈ। ਪੰਥ ਪ੍ਰਕਾਸ਼ ਦਾ ਅਧਿਐਨ ਕਰਦਿਆਂ ਗੁਰੂ ਸਾਹਿਬ ਦੀ ਸਮੁੱਚੀ ਸ਼ਖਸੀਅਤ ਦਾ ਅੰਦਾਜ਼ਾ ਇਸ ਪ੍ਰਕਾਰ ਲਗਾਇਆ ਜਾ ਸਕਦਾ ਹੈ।

ਇਲਾਹੀ ਤੇ ਅਗੰਮੀ ਸੂਰਤ

ਪੰਥ ਪ੍ਰਕਾਸ਼ ਦਾ ਅਧਿਐਨ ਕਰਦਿਆਂ ਸਹਿਜੇ ਕਿਹਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਵਿਚ ਅਧਿਆਤਮਕ ਗੁਰੂ, ਇਕ ਸਫਲ ਪ੍ਰਬੰਧਕ, ਚੜ੍ਹਦੀਕਲਾ ਵਿਚ ਵਿਚਰਨ ਵਾਲੇ, ਬਲਵਾਨ ਯੋਧੇ, ਉੱਚ ਕੋਟੀ ਦੇ ਕਵੀ, ਸਾਹਿਤਕਾਰ ਤੇ ਸਫਲ ਨੀਤੀਵਾਨ ਵਾਲੇ ਸਾਰੇ ਗੁਣ ਮੌਜੂਦ ਸਨ। ਨਿਡਰ ਸੈਨਾਪਤੀ ਦੇ ਨਾਲ-ਨਾਲ ਮਾਨਵਤਾਵਾਦੀ ਸਿਧਾਂਤਾਂ ਤੇ ਪਹਿਰਾ ਦੇਣ ਵਾਲੇ ਤੇ ਊਚ-ਨੀਚ ਦੇ ਭਿੰਨ ਭੇਦ ਨੂੰ ਨਕਾਰਨ ਵਾਲੇ ਇਲਾਹੀ ਤੇ ਅਗੰਮੀ ਸੂਰਤ ਸਨ। ਗਿਆਨੀ ਗਿਆਨ ਸਿੰਘ ਆਪਣੀ ਇਸ ਰਚਨਾ ਵਿਚ ਗੁਰੂ ਸਾਹਿਬ ਦੇ ਜਨਮ ਬਾਰੇ ਲਿਖਦੇ ਹਨ ਕਿ ਜਦੋਂ ਅਗਿਆਨ ਦਾ ਹਨੇਰਾ ਦੂਰ ਕਰਨ ਹਿਤ ਸੰਨ 1666 ਵਿਚ ਸੂਰਮਈ ਜਲਾਲ ਅਤੇ ਇਲਾਹੀ ਨੂਰ ਨਾਲ ਭਰਪੂਰ ਗੁਰੂ ਗੋਬਿੰਦ ਸਿੰਘ ਰੂਪੀ ਸੂਰਜ ਪ੍ਰਗਟ ਹੋਇਆ ਤਾਂ ਗੁਰੂ ਸਾਹਿਬ ਦੇ ਆਗਮਨ ਦੀ ਖੁਸ਼ੀ ਵਿਚ ਮਾਤਾ ਗੁਜਰੀ ਜੀ ਨੇ ਬਹੁਤ ਧਨ ਦੌਲਤ ਵੰਡੀ ਇਥੋਂ ਤਕ ਕਿ ਗਰੀਬਾਂ ਦੀ ਗਰੀਬੀ ਹੀ ਦੂਰ ਕਰ ਦਿੱਤੀ। ਉਹਨਾਂ ਦੇ ਦਰਸ਼ਨ ਕਰਨ ਆ ਰਹੀ ਸੰਗਤ, ਜੋ ਵੀ ਮਨ ਵਿਚ ਇੱਛਾ ਰੱਖਦੀ ਉਹ ਪੂਰੀ ਹੁੰਦੀ ਸੀ।

ਲੋਗ ਦਰਸ ਹਿਤ ਗੁਰ ਢਿਗ ਆਵੈਂ॥ ਬਾਂਛਤ ਪਾਇ ਧਾਮ ਨਿਜ ਜਾਵੈਂ।[6]

ਕਵੀ ਨੇ ਆਪਣੀ ਕਾਵਿ ਰਚਨਾ ਵਿਚ ਗੁਰੂ ਸਾਹਿਬ ਦੇ ਜਨਮ ਤੋਂ ਲੈ ਕੇ ਬਾਲ ਅਵਸਥਾ, ਜਵਾਨੀ ਦੀ ਅਵਸਥਾ ਤੇ ਉਹਨਾਂ ਦੇ ਜੀਵਨ ਕਾਲ ਵਿਚ ਵਾਪਰੀਆਂ ਅਲੌਕਿਕ ਘਟਨਾਵਾਂ ਤੇ ਲਏ ਅਹਿਮ ਫੈਸਲਿਆਂ ਦਾ ਵਰਨਣ ਅਲੰਕਾਰਿਕ ਸ਼ੈਲੀ ਵਰਤਦੇ ਹੋਏ ਬਾਖੂਬੀ ਪੇਸ਼ ਕੀਤਾ ਹੈ।

